PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

23rd - 30th October 2025 • Issue No. 3103

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

# ਬੰਦੀ ਛੋੜ ਦਿਵਸ: ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਧੂਮਧਾਮ ਨਾਲ ਮਨਾਇਆ

✪ ਸੰਗਤਾਂ ਵਹੀਰਾਂ ਘਤਕੇ ਪਹੁੰਚੀਆਂ ✪ ਜਥੇਦਾਰ ਗੜਗੱਜ ਵਲੋਂ ਕੌਮ ਦੇ ਨਾਂਅ ਸੰਦੇਸ਼, ਪੰਥਕ ਏਕਤਾ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਕੀਤਾ ਬੁਲੰਦ





✪ ਨਿਹੰਗ ਸਿੰਘਾਂ ਨੇ ਜਥੇਦਾਰਾਂ ਤੋਂ ਨਾ ਲਿਆ ਸਨਮਾਨ, ਗਿਆਨੀ ਰਘਬੀਰ ਸਿੰਘ ਨੇ ਸਨਮਾਨ ਦੇਣ ਦੀ ਪਰੰਪਰਾ ਨਿਭਾਈ -ਖ਼ਬਰ ਅੰਦਰ ਦੇਖੋ:

## ਨਿਹੰਗ ਸਿੰਘਾਂ ਵੱਲੋਂ ਜਥੇਦਾਰ ਗੜਗੱਜ ਨੂੰ 25 ਅਕਤੂਬਰ ਨੂੰ ਸ੍ਰੀ ਕੇਸਗੜ੍ਹ ਵਿਖੇ ਪੰਥਕ ਰਵਾਇਤਾਂ ਅਨੁਸਾਰ ਮਾਨਤਾ ਦੇਣ ਉਪਰੰਤ ਜਥੇਦਾਰ ਸਾਹਿਬ ਦਾ ਮਾਣ ਸਨਮਾਨ ਕੀਤਾ ਜਾਵੇਗਾ

ਪੱਛੜ ਕੇ ਮਿਲੀ ਖ਼ਬਰ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਯੁਕਤ ਕੀਤੇ ਹੋਏ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਪੰਥਕ ਰਵਾਇਤਾਂ ਅਨੁਸਾਰ ਮਾਨਤਾ ਦੇਣ ਹਿੱਤ ਸਮੂਹ ਨਿਹੰਗ ਸਿੰਘਾਂ, ਦਲ ਪੰਥਾਂ, ਸਿੱਖ ਸੰਪਰਦਾਵਾਂ ਸਿੱਖ ਜਥੇਬੰਦੀਆਂ ਅਤੇ ਮਹਾਪੁਰਖਾਂ ਵੱਲੋਂ ਮਾਣ-ਸਨਮਾਨ ਦੇਣ ਲਈ 25 ਅਕਤੂਬਰ 2025 ਸ਼ਨਿੱਚਰਵਾਰ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ੇਸ਼ ਸਮਾਗਮ ਕੀਤਾ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਸਵੇਰੇ 10 ਵਜੇ ਰੱਖੇ ਜਾ ਰਹੇ ਵਿਸ਼ੇਸ਼ ਸਮਾਗਮ ਦੌਰਾਨ ਉਕਤ ਪੰਥਕ ਜਥੇਬੰਦੀਆਂ ਵੱਲੋਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਪੰਥਕ ਰਵਾਇਤਾਂ ਅਨੁਸਾਰ ਦਸਤਾਰਾਂ ਅਤੇ ਮਾਣ-ਸਨਮਾਨ ਦੇ ਕੇ ਪੰਥਕ ਜ਼ਿੰਮੇਵਾਰੀ ਸੌਂਪੀ ਜਾਵੇਗੀ।



## ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਨਿਹੰਗ ਸਿੰਘਾਂ ਤੇ ਪੰਥ ਦੀਆਂ ਜਥੇਬੰਦੀਆਂ ਵੱਲੋਂ ਮਾਨਤਾ ਦੇਣ ਦੀ ਸ਼ਲਾਘਾ



ਰਾਜਿੰਦਰ ਸਿੰਘ ਪੁਰੇਵਾਲ, ਰਘਬੀਰ ਸਿੰਘ

ਡਰਬੀ (ਪੰਜਾਬ ਟਾਈਮਜ਼) – ਗੁਰਦੁਆਰਾ ਸਿੰਘ ਸਭਾ ਡਰਬੀ ਦੇ ਪ੍ਰਧਾਨ ਸ: ਰਘਬੀਰ ਸਿੰਘ, ਸਿੰਘ ਸਭਾ ਦੇ ਜਨਰਲ ਸਕੱਤਰ ਅਤੇ ਸਿੱਖ ਅਜਾਇਬਘਰ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਨਿਹੰਗ ਸਿੰਘ, ਪੰਥਕ ਦਲਾਂ ਅਤੇ ਪੰਥਕ ਜਥੇਬੰਦੀਆਂ ਵੱਲੋਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਮਾਨਤਾ ਦੇਣ ਸਬੰਧੀ ਆਏ ਬਿਆਨਾਂ ਦੀ ਸ਼ਲਾਘਾ ਕੀਤੀ ਹੈ। ਉਹਨਾਂ ਕਿਹਾ ਜਥੇਦਾਰ ਗੜਗੱਜ ਪਾਸੋਂ ਬੰਦੀਛੋੜ ਦਿਵਸ ਦੇ ਸਮਾਗਮਾਂ ਮੌਕੇ ਨਿਹੰਗ ਸਿੰਘਾਂ ਵੱਲੋਂ ਮਾਣ ਸਨਮਾਨ ਨਾ ਲੈਣਾ ਵੀ ਸਮੇਂ ਮੁਤਾਬਕ ਸਹੀ ਫ਼ੈਸਲਾ ਸੀ, ਕਿਉਂਕਿ ਉਸ ਵਕਤ ਤੱਕ ਜਥੇਦਾਰ ਹੁਣਾਂ ਨੂੰ ਮਾਨਤਾ ਹੀ ਨਹੀਂ ਸੀ ਦਿੱਤੀ ਗਈ। ਸ: ਪੁਰੇਵਾਲ ਅਤੇ ਰਘਬੀਰ ਸਿੰਘ ਨੇ ਕਿਹਾ ਕਿ ਕਾਰਜਕਾਰੀ ਜਥੇਦਾਰ ਗੜਗੱਜ ਹੁਣਾਂ ਨੇ ਹੁਣ ਤੱਕ ਸਹੀ ਫੈਸਲੇ ਲਏ ਹਨ। ਉਹਨਾਂ ਨੂੰ ਪਿਛਲੇ ਦਿਨੀਂ ਮਾਣ ਸਨਮਾਨ ਵਜੋਂ ਦਿੱਤਾ ਗਿਆ ਸੋਨੇ ਦਾ ਖੰਡਾ ਲੈਣ ਉਪਰੰਤ ਗੁਰੂ ਸਾਹਿਬ ਦੇ ਚਰਨਾਂ ਵਿੱਚ ਰੱਖ ਦਿੱਤਾ ਸੀ। ਉਹਨਾਂ ਕਿਹਾ ਕਿ ਜਥੇਦਾਰ ਕੁਲਦੀਪ ਸਿੰਘ ਗੜਗੱਜ ਹੁਣਾਂ ਨੂੰ ਕਈ ਥਾਂਈਂ ਮਾਣ ਸਨਮਾਨ ਵਜੋਂ ਪੈਸੇ ਦਿੱਤੇ ਗਏ ਤਾਂ ਉਹਨਾਂ ਨੇ ਆਪ ਨਹੀਂ ਰੱਖੇ ਸਗੋਂ ਗ੍ਰੰਥੀ ਸਿੰਘਾਂ ਨੂੰ ਦੇ ਦਿੱਤੇ ਅਤੇ ਕਿਹਾ ਕਿ ਗ੍ਰੰਥੀ ਸਿੰਘਾਂ ਨੂੰ ਚੰਗੀ ਤਨਖਾਹ ਮਿਲਣੀ ਚਾਹੀਦੀ ਹੈ। ਜਥੇਦਾਰ ਗੜਗੱਜ ਹੁਣਾਂ ਦਾ ਬੰਦੀ ਸਿੰਘਾਂ ਦੀ ਰਿਹਾਈ ਲਈ ਵੀ ਸਪੱਸ਼ਟ ਸਟੈਂਡ ਹੈ, ਉਹ ਬੰਦੀ ਸਿੰਘਾਂ ਦੀ ਰਿਹਾਈ ਲਈ ਵੀ ਅਵਾਜ਼ ਉਠਾ ਰਹੇ ਹਨ। ਇਸ ਸਮੇਂ ਪੰਥਕ ਏਕਤਾ ਦੀ ਬਹੁਤ ਲੋੜ ਹੈ। ਇਸ ਲਈ ਪੰਥ ਦੀ ਏਕਤਾ ਲਈ ਬਹੁਤ ਸਾਰੀਆਂ ਜਥੇਬੰਦੀਆਂ ਦੇ ਮੁਖੀਆਂ ਨੂੰ ਮਿਲ ਕੇ ਜੋ ਉਦਮ ਕਰ ਰਹੇ ਹਨ, ਉਹਨਾਂ ਦੀ ਅਸੀਂ ਸ਼ਲਾਘਾ ਕਰਦੇ ਹਾਂ।

## ਨਸ਼ਾ ਵਿਰੋਧੀ ਮੁਹਿੰਮ ਦਾ ਨਾਇਕ ਡੀਆਈਜੀ ਭੁੱਲਰ ਸੀਬੀਆਈ ਵਲੋਂ ਭ੍ਰਿਸ਼ਟਾਚਾਰ ਦੇ ਕੇਸ ਵਿਚ ਗ੍ਰਿਫਤਾਰ



ਭ੍ਰਿਸ਼ਟਾਚਾਰ ਕੇਸ ਵਿਚ ਰੋਪੜ ਰੇਂਜ ਦੇ ਡੀਆਈਜੀ ਹਰਚਰਨ ਸਿੰਘ ਭੁੱਲਰ ਨੂੰ ਸੀਬੀਆਈ ਨੇ ਰੰਗੇ ਹੱਥੀਂ ਫੜ ਲਿਆ। ਇਹ ਅਫਸਰ, ਜੋ ਕਦੇ ਨਸ਼ੇ ਵਿਰੁੱਧ ਲੜਨ ਵਾਲਾ ਨਾਇਕ ਸੀ, ਅੱਜ ਸੀਬੀਆਈ ਦੇ ਸ਼ਿਕੰਜੇ ਵਿਚ ਹੈ। ਉਸ ਦੇ ਘਰੋਂ ਲੱਖਾਂ ਰੁਪਏ ਨਕਦ, ਸੋਨਾ, ਮਹਿੰਗੀਆਂ ਘੜੀਆਂ ਅਤੇ ਲਗਜ਼ਰੀ ਗੱਡੀਆਂ ਮਿਲੀਆਂ। ਇਹ ਕਹਾਣੀ ਨਾ ਸਿਰ.ਫ ਭੁੱਲਰ ਦੀ ਹੈ, ਸਗੋਂ ਪੰਜਾਬ ਪੁਲਿਸ ਵਿੱਚ ਫੈਲੇ ਭ੍ਰਿਸ਼ਟਾਚਾਰ ਦੇ ਜਾਲ ਨੂੰ ਬੇਨਕਾਬ ਕਰਦੀ ਹੈ। ਹਰਚਰਨ ਸਿੰਘ ਭੁੱਲਰ 2007 ਬੈਚ ਦਾ ਆਈਪੀਐੱਸ ਅਫਸਰ ਹੈ। ਉਸ ਦੇ ਪਿਤਾ ਮਹਿਲ ਸਿੰਘ ਭੁੱਲਰ ਪੰਜਾਬ ਦੇ ਸਾਬਕਾ ਡੀਜੀਪੀ ਸਨ। ਭੁੱਲਰ ਨੇ ਆਪਣੀ ਨੌਕਰੀ ਜਗਰਾਉਂ ਵਿੱਚ ਐੱਸ ਐੱਸ ਪੀ ਵਜੋਂ ਸ਼ੁਰੂ ਕੀਤੀ ਸੀ। ਫਿਰ ਬਰਨਾਲਾ, ਸੰਗਰੂਰ, ਫਤਿਹਗੜ੍ਹ ਸਾਹਿਬ, ਖੰਨਾ, ਹੁਸ਼ਿਆਰਪੁਰ, ਗੁਰਦਾਸਪੁਰ ਅਤੇ ਮੋਹਾਲੀ ਵਿੱਚ ਡਿਊਟੀ ਕੀਤੀ। 2023 ਵਿੱਚ ਉਸ ਨੂੰ ਡੀਆਈਜੀ ਬਣਾਇਆ ਗਿਆ ਸੀ। ਲੋਕ ਭੁੱਲਰ ਨੂੰ ਨਸ਼ੇ ਵਿਰੁੱਧ ਲੜਨ ਵਾਲੇ ਨਾਇਕ ਵਜੋਂ ਜਾਣਦੇ ਸਨ। ਉਸ ਨੇ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਦੀ ਅਗਵਾਈ ਕੀਤੀ। ਇਸ ਟੀਮ ਨੇ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਤੋਂ ਨਸ਼ਾ ਤਸਕਰੀ ਦੇ ਇਲਜ਼ਾਮਾਂ ਵਿੱਚ ਪੁੱਛਗਿੱਛ ਕੀਤੀ ਸੀ। ਲੋਕ ਸੁਆਲ ਕਰਦੇ ਨੇ, "ਜੋ ਨਸ਼ੇ ਵਿਰੁੱਧ ਲੜਦਾ ਸੀ, ਉਹ ਰਿਸ਼ਵਤ ਕਿਉਂ ਲੈਂਦਾ ਹੈ?" -ਪੂਰੀ ਖ਼ਬਰ ਅੰਦਰ ਦੇਖੋ:

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਬੰਦੀ ਛੋੜ ਦਿਵਸ ਮਨਾਇਆ ਗਿਆ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂਰਪ ਦੇ ਵੱਡੇ ਗੁਰੂ ਘਰਾਂ ਵਿੱਚੋਂ ਜਾਣੇ ਜਾਂਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਬੰਦੀ ਛੋੜ ਦਿਵਸ ਮਨਾਇਆ ਗਿਆ। ਬੀਤੇ ਕੱਲ ਸਵੇਰ ਤੋਂ ਹੀ ਸੰਗਤਾਂ ਗੁਰਦੁਆਰਾ ਗੁਰੂ ਨਾਨਕ ਰੋਡ ਅਤੇ ਗੁਰਦੁਆਰਾ ਪਾਰਕ ਐਵੇਨਿਊ ਵਿਖੇ ਨਤਮ-ਸਤਕ ਹੋਣ ਪਹੁੰਚਣ ਲੱਗੀਆਂ।**






*ਭਾਈ ਅੰਮ੍ਰਿਤਪਾਲ ਸਿੰਘ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਹੋਏ ਅਤੇ ਸਿੰਘ ਸਭਾ ਸਾਊਥਾਲ ਦਾ ਬਾਹਰੀ ਦ੍ਰਿਸ਼*

ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਾਰਾ ਦਿਨ ਗੁਰਬਾਣੀ ਕੀਰਤਨ ਕਥਾ ਵਿਚਾਰਾਂ ਦੇ ਦੀਵਾਨ ਸਜੇ ਅਤੇ ਸੰਗਤਾਂ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਵਿੱਚੋਂ 52 ਕੈਦੀ ਰਾਜਿਆਂ ਦੀ ਰਿਹਾਈ ਅਤੇ ਸਮੇਂ ਸਮੇਂ ਹਕੂਮਤਾਂ ਵੱਲੋਂ ਇਸ ਪਵਿੱਤਰ ਦਿਹਾੜੇ ਮੌਕੇ ਸਿੱਖਾਂ ਤੇ ਕੀਤੇ ਜ਼ੁਲਮਾਂ ਦੇ ਇਤਿਹਾਸ ਨੂੰ ਸਰਵਣ ਕਰਵਾਇਆ ਗਿਆ। ਦੀਵਾਨਾਂ ਵਿੱਚ ਭਾਈ ਮਨੋਹਰ ਸਿੰਘ ਬੰਗਲਾ ਸਾਹਿਬ ਵਾਲੇ, ਭਾਈ ਤਾਰਬਲਬੀਰ ਸਿੰਘ ਸ੍ਰੀ ਦਰਬਾਰ ਸਾਹਿਬ ਵਾਲੇ, ਢਾਡੀ ਗਿਆਨੀ ਇਕਬਾਲ ਸਿੰਘ, ਭਾਈ ਸੰਦੀਪ ਸਿੰਘ, ਭਾਈ ਅੰਮ੍ਰਿਪਾਲ ਸਿੰਘ, ਗਿਆਨੀ ਜੋਧਾ ਸਿੰਘ, ਕਵਿਸ਼ਰ ਗਿਆਨੀ ਸੁਲੱਖਣ ਸਿੰਘ ਤਰਨ ਤਾਰਨ ਆਦਿ ਦੇ ਜੱਥਿਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ ਨੇ ਸੰਗਤਾਂ ਨੂੰ ਬੰਦੀਛੋੜ ਦਿਵਸ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਅੱਜ ਗੁਰੂ ਸਾਹਿਬਾਨ ਵੱਲੋਂ ਦਿੱਤੇ ਉਪਦੇਸ਼ਾਂ ਤੇ ਚੱਲ ਕੇ ਸਿੱਖ ਕੌਮ ਨੂੰ ਅੱਗੇ ਵੱਧਣਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਅੱਜ ਆਪਸੀ ਸਾਂਝਾਂ ਮਜ਼ਬੂਤ ਕਰਨ ਲਈ ਗਿਆਨ ਦੇ ਦੀਵੇ ਜਗਾਉਣ ਦੀ ਲੋੜ ਹੈ।

# ਸਾਨੇ ਤਾਕਾਇਚੀ ਬਣੀ ਜਾਪਾਨ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ



**ਟੋਕਿਓ : ਜਾਪਾਨ ਦੀ ਸਾਨੇ ਤਾਕਾਇਚੀ ਦੇਸ਼ ਦੀ ਪ੍ਰਧਾਨ ਮੰਤਰੀ ਚੁਣੀ ਗਈ। ਉਹ ਜਾਪਾਨ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਹੈ। ਤਾਕਾਇਚੀ ਨੇ ਸੰਸਦ ਦੇ ਹੇਠਲੇ ਸਦਨ ਵਿਚ 237 ਵੋਟਾਂ ਨਾਲ ਚੋਣ ਜਿੱਤੀ। ਹੇਠਲੇ ਸਦਨ ਤੋਂ ਬਾਅਦ ਉਹ ਉਪਰਲੇ ਸਦਨ ਲਈ ਵੀ ਚੁਣੀ ਗਈ, ਜਿਥੇ ਪਹਿਲੇ ਦੌਰ ਵਿਚ ਬਹੁਮਤ ਤੋਂ ਇਕ ਵੋਟ ਘੱਟ ਰਹਿਣ ਤੋਂ ਬਾਅਦ, ਉਸ ਨੇ ਦੂਜੇ ਦੌਰ ਵਿਚ 125-46 ਦੇ ਫ਼ਰਕ ਨਾਲ ਜਿੱਤ ਪ੍ਰਾਪਤ ਕੀਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਤਾਕਾਇਚੀ ਨੂੰ ਵਧਾਈ ਦਿੱਤੀ ਹੈ। ਤਾਕਾਇਚੀ ਇਕ ਕਮਜ਼ੋਰ ਗੱਠਜੋੜ ਨਾਲ ਪ੍ਰਧਾਨ ਮੰਤਰੀ ਬਣੀ। ਉਹ ਸਵਰਗੀ ਸਾਬਕਾ ਪ੍ਰਧਾਨ ਮੰਤਰੀ ਸ਼ਿੰਜੋ ਆਬੇ ਦੀ ਸਮਰਥਕ ਹੈ ਅਤੇ ਇਕ ਮਜ਼ਬੂਤ ਫੌਜੀ, ਸਖ਼ਤ ਇਮੀਗ੍ਰੇਸ਼ਨ ਨੀਤੀਆਂ ਅਤੇ ਜਾਪਾਨ ਦੇ ਸ਼ਾਂਤੀਵਾਦੀ ਸੰਵਿਧਾਨ ਵਿਚ ਸੋਧਾਂ ਦੀ ਵਕਾਲਤ ਕਰਦੀ ਹੈ। ਇਸ ਮਹੀਨੇ ਦੇ ਸ਼ੁਰੂ ਵਿਚ ਤਾਕਾਇਚੀ ਨੂੰ ਐਲ. ਡੀ. ਪੀ. ਦਾ ਨੇਤਾ ਚੁਣਿਆ ਗਿਆ ਸੀ।**

Gurdwara Aid
Better Together


## ਗੁਰਦੁਆਰਾ ਏਡ ਦੇ ਸੇਵਾਦਾਰਾਂ ਵੱਲੋਂ ਸਮੂਹ ਜਗਤ ਨੂੰ ਬੰਦੀਛੋੜ ਦਿਵਸ ਤੇ ਦੀਵਾਲੀ ਦੀਆਂ ਲੱਖ ਲੱਖ ਵਧਾਈਆਂ

### ਨੌਰਥ ਈਸਟ ਗੁਰਦੁਆਰਾ ਸਰਜਰੀ 25 ਅਕਤੂਬਰ ਨੂੰ ਹੋਵੇਗੀ

**ਨੌਰਥ ਈਸਟ ਇੰਗਲੈਂਡ ਦੀਆਂ ਸੰਗਤਾਂ ਲਈ ਗੁਰਦੁਆਰਾ ਏਡ ਦੇ ਸੇਵਾਦਾਰਾਂ ਵੱਲੋਂ ਗੁਰਦੁਆਰਾ ਸਿੰਘ ਸਭਾ, ਗ੍ਰਾਂਟ ਸਟ੍ਰੀਟ, ਬ੍ਰੈਡਫੋਰਡ ਵਿਖੇ 25 ਅਕਤੂਬਰ 2025 ਦਿਨ ਸ਼ਨੀਵਾਰ ਨੂੰ 2:00 ਤੋਂ 4:00 ਵਜੇ ਤੱਕ ਸਰਜਰੀ ਲਾਈ ਜਾ ਰਹੀ ਹੈ।**

ਜਿਸ ਵਿੱਚ ਗੁਰਦੁਆਰਾ ਕਮੇਟੀਆਂ, ਟਰੱਸਟੀਆਂ, ਸੇਵਾਦਾਰਾਂ ਅਤੇ ਸਿੱਖ ਭਾਈਚਾਰੇ ਦੇ ਆਗੂਆਂ ਨੂੰ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ। ਆਪ ਜੀ ਦਿੱਤੇ ਹੋਏ ਸਮੇਂ ਅਨੁਸਾਰ ਸਰਜਰੀ ਵਿੱਚ ਸ਼ਾਮਿਲ ਹੋ ਕੇ ਗੁਰਦੁਆਰਾ ਏਡ ਦੇ ਸੇਵਾਦਾਰਾਂ ਦੇ ਵਿਚਾਰ ਸੁਣੋ ਅਤੇ ਉਹਨਾਂ ਪਾਸੋਂ ਵੱਖ ਵੱਖ ਮਾਮਲਿਆਂ ਸਬੰਧੀ ਸਲਾਹ ਲੈ ਸਕਦੇ ਹੋ। **ਹੇਠਾਂ ਦਿੱਤੇ ਮੁੱਦਿਆਂ ਬਾਰੇ ਵੀ ਵਿਚਾਰ ਚਰਚਾ ਹੋਵੇਗੀ:**

* ਗੁਰਦੁਆਰਾ ਪ੍ਰਬੰਧ ਅਤੇ ਨੀਤੀਆਂ
* ਗੁਰਦੁਆਰਾ ਗਰੀਨ ਪ੍ਰੋਜੈਕਟ
* ਸੇਫ ਗਾਰਡਿੰਗ ਪ੍ਰੋਜੈਕਟ
* ਨਫਰਤੀ ਜੁਰਮ ਸਬੰਧੀ ਪ੍ਰਤੀਕਰਮ
* ਗੈਸ, ਬਿਜਲੀ ਆਦਿ ਦੇ ਬਿੱਲ ਘਟਾਉਣ ਬਾਰੇ




ਨੋਟ:- ਗੁਰਦੁਆਰਾ ਹੈਂਡ ਬੁੱਕ ਦੀ ਕਾਪੀ ਵੀ ਇਥੋਂ ਲੈ ਸਕਦੇ ਹੋ


### NORTH EAST GURDWARA SURGERY

**Practical support for Gurdwara committees, trustees, sewadars & community leaders**

**SATURDAY 25 OCTOBER 2025 2.00 – 4.00 PM**

Join us for an afternoon of advice and support on key governance and operational issues for Gurdwaras

* Gurdwara Governance & Policies
* The Gurdwara Green Project
* Safeguarding Training
* Responding to Hate Crime
* Reducing Utility Bills & Costs




Collect your complimentary copy of the Gurdwara Handbook
@ Gurdwara Singh Sabha, Grant St, Bradford, BD3 9HD

**Please contact for more information:**
Web: www.GurdwaraAid.org
Email: Info@GurdwaraAid.org



Mandip Singh
07974 811298



Jagtar Singh Gill
07956 838413



Harvinder Singh
07775 770716

# ਬੰਦੀ ਛੋੜ ਦਿਵਸ: ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਧੂਮਧਾਮ ਨਾਲ ਮਨਾਇਆ

**✪ ਸੰਗਤਾਂ ਵਹੀਰਾਂ ਘਤਕੇ ਪਹੁੰਚੀਆਂ ✪ ਜਥੇਦਾਰ ਗੜਗੱਜ ਵਲੋਂ ਕੌਮ ਦੇ ਨਾਂਅ ਸੰਦੇਸ਼, ਪੰਥਕ ਏਕਤਾ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਕੀਤਾ ਬੁਲੰਦ ✪ ਨਿਹੰਗ ਸਿੰਘਾਂ ਨੇ ਜਥੇਦਾਰਾਂ ਤੋਂ ਨਾ ਲਿਆ ਸਨਮਾਨ, ਗਿਆਨੀ ਰਘਬੀਰ ਸਿੰਘ ਨੇ ਸਨਮਾਨ ਦੇਣ ਦੀ ਪਰੰਪਰਾ ਨਿਭਾਈ**







ਅੰਮ੍ਰਿਤਸਰ-ਬੰਦੀ ਛੋੜ ਦਿਵਸ ਨੂੰ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ । ਦੇਸ਼-ਵਿਦੇਸ਼ੋਂ ਆਈਆਂ ਲੱਖਾਂ ਸੰਗਤਾਂ ਨੇ ਸ੍ਰੀ ਦਰਬਾਰ ਸਾਹਿਬ ਪ੍ਰਤੀ ਆਪਣੀ ਅਟੁੱਟ ਸ਼ਰਧਾ ਦਾ ਪ੍ਰਗਟਾਵਾ ਕੀਤਾ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਹੋਏ ਗੁਰਮਤਿ ਸਮਾਗਮਾਂ ਵਿੱਚ ਪੰਥਕ ਨੇਤਾਵਾਂ ਨੇ ਸੰਗਤ ਨਾਲ ਇਤਿਹਾਸਕ ਘਟਨਾਵਾਂ ਨੂੰ ਸਾਂਝਾ ਕੀਤਾ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਫਸੀਲ ਤੋਂ ਕੌਮ ਦੇ ਨਾਂਅ ਸੰਦੇਸ਼ ਜਾਰੀ ਕਰਕੇ ਪੰਥਕ ਏਕਤਾ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਬੁਲੰਦ ਕੀਤਾ। ਇਸੇ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਵੀ ਸੰਗਤ ਨੂੰ ਵਧਾਈ ਦਿੱਤੀ। ਪਰ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਕਾਰਜਕਾਰੀ ਜਥੇਦਾਰਾਂ ਤੋਂ ਸਨਮਾਨ ਨਾ ਲਿਆ।

ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਦਰਸ਼ਨੀ ਡਿਓੜੀ ਤੋਂ ਸਿੱਖ ਪੰਥ ਦੇ ਨਾਂਅ ਜਾਰੀ ਕੀਤੇ ਗਏ ਸੰਦੇਸ਼ ਵਿੱਚ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਅਤੇ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਨਜ਼ਰਬੰਦ ਬੰਦੀ ਸਿੰਘਾਂ ਜਿਵੇਂ ਭਾਈ ਜਗਤਾਰ ਸਿੰਘ ਹਵਾਰਾ, ਭਾਈ ਗੁਰਦੀਪ ਸਿੰਘ ਖੈਰਾ, ਭਾਈ ਦਵਿੰਦਰਪਾਲ ਸਿੰਘ ਭੁੱਲਰ, ਭਾਈ ਜਗਤਾਰ ਸਿੰਘ ਤਾਰਾ ਅਤੇ ਭਾਈ ਪਰਮਜੀਤ ਸਿੰਘ ਭਿਓਰਾ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ।

ਗਿਆਨੀ ਗੜਗੱਜ ਨੇ ਸਿੱਖਾਂ ਨਾਲ ਹੋ ਰਹੇ ਵਿਤਕਰੇ, ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ, ਕਕਾਰਾਂ ’ਤੇ ਸਵਾਲ ਅਤੇ ਸਿੱਖ ਸੰਸਥਾਵਾਂ ’ਤੇ ਕਬਜ਼ੇ ਦੀਆਂ ਸਾਜਿਸ਼ਾਂ ਪ੍ਰਤੀ ਗਹਿਰੀ ਚਿੰਤਾ ਜ਼ਾਹਿਰ ਕੀਤੀ ਤੇ ਪੰਥਕ ਏਕਤਾ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਗੁਰੂ ਤੇ.ਗ ਬਹਾਦਰ ਜੀ ਅਤੇ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਦੀ 350ਵੀਂ ਸ਼ਹਾਦਤ ਸ਼ਤਾਬਦੀ ਨੂੰ ਯਾਦ ਕਰਦਿਆਂ ਕਿਹਾ ਕਿ ਇਹ ਸ਼ਹਾਦਤਾਂ ਹਰ ਧਰਮ ਨੂੰ ਆਪਣੇ ਚਿੰਨ੍ਹ ਪਹਿਨਣ ਦੀ ਆਜ਼ਾਦੀ ਦੀ ਗਵਾਹੀ ਦਿੰਦੀਆਂ ਹਨ। ਪਰ ਅੱਜ ਵੀ ਸਿੱਖ ਕਕਾਰ ਉਤਰਵਾਉਣ ਦੀਆਂ ਘਟਨਾਵਾਂ ਹੋ ਰਹੀਆਂ ਹਨ, ਜੋ ਹਕੂਮਤਾਂ ਦੀ ਸੌੜੀ ਸੋਚ ਨੂੰ ਜ਼ਾਹਿਰ ਕਰਦੀਆਂ ਹਨ। ਉਨ੍ਹਾਂ ਨੇ ਹਰ ਗੁਰਦੁਆਰੇ ਵਿੱਚ ਪਹਿਰੇਦਾਰੀ ਅਤੇ ਸੁਰੱਖਿਆ ਦੇ ਪੁਖ਼ਤਾ ਪ੍ਰਬੰਧਾਂ ਨੂੰ ਲਾਜ਼ਮੀ ਬਣਾਉਣ ਦੀ ਮੰਗ ਕੀਤੀ। ਨਾਲ ਹੀ ਪਾਕਿਸਤਾਨ ਵਿੱਚ ਬੰਦ ਪਿਆ ਕਰਤਾਰਪੁਰ ਲਾਂਘਾ ਖੋਲ੍ਹਣ ਅਤੇ ਗੁਰੂ ਤੇ.ਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਮੌਕੇ ਅਨੰਦਪੁਰ ਸਾਹਿਬ ਤੇ ਦਿੱਲੀ ਵਾਲੇ ਸਮਾਗਮਾਂ ਵਿੱਚ ਵੱਧ ਤੋਂ ਵੱਧ ਸੰਗਤ ਨੂੰ ਸ਼ਾਮਲ ਹੋਣ ਦੀ ਅਪੀਲ ਕੀਤੀ।

## ਨਿਹੰਗ ਸਿੰਘ ਜਥੇਬੰਦੀਆਂ ਦੀ ਨਰਾਜ਼ਗੀ: ਸਨਮਾਨ ਲੈਣ ਤੋਂ ਇਨਕਾਰ, ਗਿਆਨੀ ਰਘਬੀਰ ਨੇ ਅਦਾ ਕੀਤੀ ਰਸਮ

ਬੰਦੀ ਛੋੜ ਦਿਵਸ ਦੀ ਪੁਰਾਤਨ ਰਵਾਇਤ ਅਨੁਸਾਰ ਨਿਹੰਗ ਸਿੰਘ ਦਲਾਂ ਦੇ ਮੁਖੀਆਂ ਨੂੰ ਅਕਾਲ ਤਖ਼ਤ ਸਾਹਿਬ ਤੋਂ ਸਨਮਾਨ ਦਿੱਤਾ ਜਾਂਦਾ ਹੈ। ਪਰ ਇਸ ਵਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਜਥੇਦਾਰ ਗਿਆਨੀ ਟੇਕ ਸਿੰਘ ਦੀ ਨਿਯੁਕਤੀ ਨੂੰ ਲੈ ਕੇ ਨਿਹੰਗ ਜਥੇਬੰਦੀਆਂ ਦੀ ਨਰਾਜ਼ਗੀ ਰਹੀ। ਉਹਨਾਂ ਜਥੇਦਾਰਾਂ ਤੋਂ ਸਨਮਾਨ ਨਹੀਂ ਲਿਆ। ਜਦੋਂ ਦੋਵੇਂ ਜਥੇਦਾਰ ਅਕਾਲ ਤਖ਼ਤ ਸਕੱਤਰੇਤ ਚਲੇ ਗਏ ਤਾਂ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਰਵਾਇਤ ਨਿਭਾਈ। ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਸਮੂਹ ਨਿਹੰਗ ਮੁਖੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਇਸ ਵਿੱਚ ਜਥੇਦਾਰ ਬਲਬੀਰ ਸਿੰਘ 96 ਕਰੋੜੀ, ਬਾਬਾ ਅਵਤਾਰ ਸਿੰਘ ਸੁਰਸਿੰਘ, ਬਾਬਾ ਜੋਗਾ ਸਿੰਘ, ਬਾਬਾ ਨੌਧ ਸਿੰਘ ਚੱਬਾ, ਬਾਬਾ ਵੱਸਣ ਸਿੰਘ, ਬਾਬਾ ਮੇਜਰ ਸਿੰਘ, ਬਾਬਾ ਮਾਨ ਸਿੰਘ, ਬਾਬਾ ਦਰਸ਼ਨ ਸਿੰਘ ਤੋਂ ਲੈ ਕੇ ਬਾਬਾ ਪ੍ਰਗਟ ਸਿੰਘ, ਬਾਬਾ ਰਘਬੀਰ ਸਿੰਘ, ਬਾਬਾ ਕੁਲਵਿੰਦਰ ਸਿੰਘ ਅਤੇ ਹੋਰ 30 ਤੋਂ ਵੱਧ ਨਿਹੰਗ ਮੁਖੀ ਸ਼ਾਮਲ ਸਨ। ਢਾਡੀ ਤਰਸੇਮ ਸਿੰਘ ਮੋਰਾਂਵਾਲੀ ਨੇ ਵੀ ਸਨਮਾਨ ਪ੍ਰਾਪਤ ਕੀਤਾ।

ਪਿਛਲੇ ਕੁਝ ਦਿਨਾਂ ਤੋਂ ਗੜਗੱਜ ਅਤੇ 96 ਕਰੋੜੀ ਬਾਬਾ ਬਲਵੀਰ ਸਿੰਘ ਵਿਚਕਾਰ ਮੀਟਿੰਗਾਂ ਹੋ ਚੁੱਕੀਆਂ ਹਨ ਪਰ ਵਿਰੋਧ ਅਜੇ ਵੀ ਜਾਰੀ ਹੈ। ਸੰਦੇਸ਼ ਜਾਰੀ ਹੋਣ ਵੇਲੇ ਨਿਹੰਗ ਮੁਖੀ ਪਰਿਕਰਮਾ ਵਿੱਚ ਪਹੁੰਚੇ ਪਰ ਸ਼ਾਮਲ ਨਹੀਂ ਹੋਏ। ਨਿਹੰਗ ਸਿੰਘਾਂ ਦਾ ਕਹਿਣਾ ਕਿ ਪੰਥਕ ਰਵਾਇਤਾਂ ਅਨੁਸਾਰ ਜਥੇਦਾਰਾਂ ਦੀ ਨਿਯੁਕਤੀ ਹੋਵੇ।


## ਕਾਰਜਕਾਰੀ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਵੱਲੋਂ ਵੱਖਰਾ ਸੰਦੇਸ਼



ਸਰਬੱਤ ਖ਼ਾਲਸਾ ਸੰਮੇਲਨ ਵੱਲੋਂ ਅਕਾਲ ਤਖ਼ਤ ਸਾਹਿਬ ’ਤੇ ਥਾਪੇ ਗਏ ਕਾਰਜਕਾਰੀ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਸ਼ਹੀਦੀ ਯਾਦਗਾਰ ਨੇੜੇ ਕੌਮ ਨੂੰ ਸੰਦੇਸ਼ ਦਿੱਤਾ। ਉਨ੍ਹਾਂ ਨੇ ਸੰਗਤ ਨੂੰ ਬੰਦੀ ਛੋੜ ਦਿਵਸ ਦੀ ਵਧਾਈ ਦਿੰਦਿਆਂ ਸਰਬੱਤ ਖ਼ਾਲਸਾ ਦੇ ਫੈਸਲਿਆਂ ਨੂੰ ਲਾਗੂ ਕਰਨ ਲਈ ਜ਼ੋਰਦਾਰ ਸੰਘਰਸ਼ ਸ਼ੁਰੂ ਕਰਨ ਦੀ ਗੱਲ ਕੀਤੀ। ਭਾਈ ਮੰਡ ਨੇ ਕਿਹਾ ਕਿ ਸਤਿਗੁਰੂ ਨਾਨਕ ਦੇਵ ਜੀ ਨੇ 52 ਰਾਜਿਆਂ ਨੂੰ ਗਵਾਲੀਅਰ ਜੇਲ੍ਹ ਤੋਂ ਰਿਹਾ ਕਰਵਾਇਆ ਸੀ, ਅੱਜ ਉਨ੍ਹਾਂ ਰਾਜਿਆਂ ਦੇ ਵਾਰਸ ਹਕੂਮਤ ਵੱਲੋਂ ਭਾਈ ਜਗਤਾਰ ਸਿੰਘ ਹਵਾਰਾ ਸਮੇਤ ਸੈਂਕੜੇ ਸਿੰਘ ਬੰਦੀ ਹਨ। ਇਸ ਬਾਰੇ ਪੰਥਕ ਫੁੱਟ ਅਤੇ ਹਉਮੈ ਵੀ ਜ਼ਿੰਮੇਵਾਰ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਹਕੂਮਤ ਨੇ ਅੱਧੇ ਪੰਜਾਬ ਨੂੰ ਡੈਮਾਂ ਤੋਂ ਪਾਣੀ ਛੱਡ ਕੇ ਡੁਬੋ ਦਿੱਤਾ ਹੈ। ਇਸ ਮੌਕੇ ਭਾਈ ਜਰਨੈਲ ਸਿੰਘ ਸਖੀਰਾ ਅਤੇ ਸਤਨਾਮ ਸਿੰਘ ਮਨਾਵਾਂ ਵੀ ਮੌਜੂਦ ਸਨ।

# ਪੰਜਾਬ ਦੇ ਸਾਬਕਾ ਡੀਜੀਪੀ ਮੁਹੰਮਦ ਮੁਸਤਫ਼ਾ ਦੇ ਪੁੱਤਰ ਅਕਿਲ ਅਖ਼ਤਰ ਦੀ ਹੋਈ ਸ਼ੱਕੀ ਮੌਤ

## ✪ ਪਰਿਵਾਰ ਵਿਰੁੱਧ ਕਤਲ ਦਾ ਕੇਸ ✪ ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾਉਣ ਦਾ ਦੋਸ਼ੀ ਹੈ ਸਾਬਕਾ ਡੀਜੀਪੀ





ਪੰਚਕੂਲਾ-ਪੰਜਾਬ ਦੇ ਸਿਆਸੀ ਅਤੇ ਪੁਲਿਸ ਵਿਭਾਗ ਦੇ ਵੱਡੇ ਨਾਂ, ਸਾਬਕਾ ਡੀਜੀਪੀ ਮੁਹੰਮਦ ਮੁਸਤਫ਼ਾ ਅਤੇ ਸਾਬਕਾ ਕੈਬਨਿਟ ਮੰਤਰੀ ਰਜ਼ੀਆ ਸੁਲਤਾਨਾ ਦੇ ਪੁੱਤਰ ਅਕਿਲ ਅਖ਼ਤਰ (35) ਦੀ 16 ਅਕਤੂਬਰ 2025 ਨੂੰ ਪੰਚਕੂਲਾ ਵਾਲੇ ਆਲੀਸ਼ਾਨ ਘਰ ਵਿੱਚ ਹੋਈ ਮੌਤ ਨੇ ਪੂਰੇ ਪੰਜਾਬ ਨੂੰ ਹੈਰਾਨ ਕਰ ਦਿੱਤਾ ਹੈ। ਪਰਿਵਾਰ ਦੀ ਸੂਚਨਾ ਅਨੁਸਾਰ 16 ਅਕਤੂਬਰ 2025 ਦੌਰਾਨ ਪੰਚਕੂਲਾ ਦੇ ਸੈਕਟਰ-8 ਵਾਲੇ ਆਲੀਸ਼ਾਨ ਬੰਗਲੇ ਵਿੱਚ ਰਹਿਣ ਵਾਲੇ ਅਕਿਲ ਅਖ਼ਤਰ ਆਪਣੇ ਕਮਰੇ ਵਿੱਚ ਬੰਦ ਸੀ। ਸਵੇਰੇ 7 ਵਜੇ ਤੱਕ ਉਹ ਨਾ ਉੱਠਿਆ। ਉਸ ਦੀ ਪਤਨੀ, ਭੈਣ ਅਤੇ ਨੂੰਹ ਨੇ ਦਰਵਾਜ਼ਾ ਖੜਕਾਇਆ ਪਰ ਜਵਾਬ ਨਹੀਂ ਆਇਆ। ਚਿੰਤਾ ਵਿੱਚ ਭੈਣ ਨੇ ਬਾਲਕਨੀ ਰਾਹੀਂ ਅੰਦਰ ਝਾਕਿਆ ਤਾਂ ਅਕਿਲ ਨੂੰ ਫਰਸ਼ ਤੇ ਪਈ ਹੋਈ ਲਾਸ਼ ਨਜ਼ਰ ਆਈ। ਤੁਰੰਤ ਪਰਿਵਾਰ ਨੇ 100 ਨੰਬਰ ਤੇ ਕਾਲ ਕੀਤੀ। ਪੁਲਿਸ ਪਹੁੰਚੀ, ਲਾਸ਼ ਨੂੰ ਹਸਪਤਾਲ ਲਿਜਾਇਆ ਜਿੱਥੇ ਡਾਕਟਰਾਂ ਨੇ ਮੌਤ ਦੀ ਪੁਸ਼ਟੀ ਕੀਤੀ।

ਮੁੱਢਲੀ ਜਾਂਚ ਵਿੱਚ ਕੋਈ ਬਾਹਰੀ ਚੋਟ ਜਾਂ ਸ਼ੱਕੀ ਨਿਸ਼ਾਨ ਨਹੀਂ ਮਿਲੇ। ਪਰਿਵਾਰ ਨੇ ਬਿਆਨ ਦਿੱਤੇ ਕਿ ਅਕਿਲ ਨਸ਼ੇ ਦਾ ਆਦੀ ਸੀ ਅਤੇ ਨਸ਼ਾ ਛੁਡਾਉਣ ਵਾਲੀਆਂ ਗੋਲੀਆਂ (ਬੈਂਜ਼ੋਡਾਇਜ਼ੇਪਾਈਨ ਟਾਈਪ) ਦੀ ਓਵਰਡੋਜ਼ ਨਾਲ ਮਰ ਗਿਆ। ਪੋਸਟਮਾਰਟਮ ਰਿਪੋਰਟ ਵਿੱਚ ਵੀ ਇਹੀ ਕਿਹਾ ਗਿਆ - ਲੰਬੇ ਸਮੇਂ ਦੇ ਨਸ਼ੇ ਕਾਰਣ ਹਾਰਟ ਫੇਲ ਹੋ ਗਿਆ। ਲਾਸ਼ 17 ਅਕਤੂਬਰ ਨੂੰ ਪਰਿਵਾਰ ਨੂੰ ਸੌਂਪ ਦਿੱਤੀ ਗਈ ਅਤੇ ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਜ਼ਿਲ੍ਹੇ ਦੇ ਹਰਡਾ ਖੇੜੀ ਪਿੰਡ ਵਿੱਚ ਇਸਲਾਮੀ ਰੀਤੀ ਨਾਲ ਅੰਤਿਮ ਸਸਕਾਰ (ਸਪੁਰਦ-ਏ-ਖ਼ਾਕ) ਹੋ ਗਿਆ। ਪਰਿਵਾਰ ਨੇ ਖ਼ੁਦ ਪੁਲਿਸ ਨੂੰ ਸੂਚਿਤ ਕੀਤਾ ਸੀ ।

ਨਵਾਂ ਮੋੜ: ਪਹਿਲਾਂ ਇਸ ਨੂੰ ਨਸ਼ੇ ਦੀ ਓਵਰਡੋਜ਼ ਦੀ ਰੂਟੀਨ ਘਟਨਾ ਕਿਹਾ ਗਿਆ ਸੀ, ਪਰ ਹੁਣ ਇਹ ਮਾਮਲਾ ਕਤਲ ਦਾ ਸੰਗੀਨ ਕੇਸ ਬਣ ਗਿਆ ਹੈ। ਅਕਿਲ ਦੇ 27 ਅਗਸਤ 2025 ਵਾਲੇ ਵੀਡੀਓ ਵਾਇਰਲ ਹੋ ਗਏ। ਇਹ ਵੀਡੀਓ ਅਕਿਲ ਨੇ ਖ਼ੁਦ ਫੋਨ ਨਾਲ ਰਿਕਾਰਡ ਕੀਤੇ ਸਨ ਅਤੇ ਆਪਣੇ ਵਟਸਐਪ ਗਰੁੱਪਾਂ ਵਿੱਚ ਭੇਜੇ ਸਨ। ਵੀਡੀਓ ਵਿੱਚ ਅਕਿਲ ਰੋਂਦਾ ਹੋਇਆ ਕਹਿ ਰਿਹਾ ਹੈ:

“ਮੇਰੇ ਪਿਤਾ ਜੀ (ਮੁਸਤਫ਼ਾ) ਅਤੇ ਮੇਰੀ ਪਤਨੀ ਵਿਚਕਾਰ ਨਾਜਾਇਜ਼ ਸਬੰਧ ਹਨ। ਉਹ ਮੈਨੂੰ ਘਰੋਂ ਬਾਹਰ ਕੱਢਣਾ ਚਾਹੁੰਦੇ ਨੇ।”

“ਮਾਂ (ਰਜ਼ੀਆ), ਭੈਣ ਅਤੇ ਪਤਨੀ ਮੈਨੂੰ ਜ਼ਹਿਰ ਦੇਣਾ ਚਾਹੁੰਦੀਆਂ ਨੇ। ਮੇਰੀ ਜਾਨ ਨੂੰ ਖ਼ਤਰਾ ਹੈ ਪਰਿਵਾਰ ਵਿੱਚ ਰੋਜ਼ਾਨਾ ਕੁੱਟਮਾਰ ਹੁੰਦੀ ਹੈ। ਮੈਂ ਨਸ਼ੇ ਵਿੱਚ ਨਹੀਂ, ਉਹਨਾਂ ਦੇ ਤਸੀਹਿਆਂ ਕਾਰਨ ਤਬਾਹ ਹਾਂ।”

“ਜੇ ਮੈਂ ਮਰ ਗਿਆ ਤਾਂ ਇਹ ਵੀਡੀਓ ਸਬੂਤ ਹੋਵੇਗਾ - ਉਹਨਾਂ ਨੇ ਮਾਰਿਆ ਹੈ !”

ਇਹ ਵੀਡੀਓ ਫੇਸਬੁੱਕ, ਟਵਿੱਟਰ (ਐੱਕਸੀ), ਇੰਸਟਾਗ੍ਰਾਮ ਅਤੇ ਯੂਟਿਊਬ ਤੇ ਹਜ਼ਾਰਾਂ ਵਾਰ ਸ਼ੇਅਰ ਹੋ ਗਏ। ਵਿਊਜ਼ 10 ਲੱਖ ਤੋਂ ਵੱਧ। ਲੋਕ ਗੁੱਸੇ ਵਿੱਚ ਆ ਗਏ ਅਤੇ ਕਮੈਂਟਸ ਵਿੱਚ ਲਿਖਣ ਲੱਗੇ: “ਪੁਲਿਸ ਵਰਦੀ ਵਿੱਚ ਸਿੱਖ ਨੌਜਵਾਨ ਮਾਰਨ ਵਾਲੇ ਨੇ, ਹੁਣ ਆਪਣੇ ਬੱਚੇ ਨੂੰ ਵੀ ਨਹੀਂ ਬਖ਼ਸ਼ਿਆ !”

ਉਸੇ ਦਿਨ ਮਲੇਰਕੋਟਲਾ ਵਾਸੀ ਸ਼ਮਸ਼ੁੱਦੀਨ (ਮੁਸਤਫ਼ਾ ਪਰਿਵਾਰ ਦਾ ਪੁਰਾਣਾ ਕਰੀਬੀ, ਪਰ ਰਿਸ਼ਤੇਦਾਰ ਨਹੀਂ) ਪੰਚਕੂਲਾ ਥਾਣੇ ਪਹੁੰਚਿਆ। ਉਸ ਨੇ ਲਿਖਤੀ ਸ਼ਿਕਾਇਤ ਵਿੱਚ ਕਿਹਾ:

“ਅਕਿਲ ਦੀ ਮੌਤ ਓਵਰਡੋਜ਼ ਨਹੀਂ, ਸਾਜ਼ਿਸ਼ ਨਾਲ ਕਤਲ ਹੈ। ਮੁਸਤਫ਼ਾ ਇੱਕ ਕੁਰਖ਼ਤ ਆਦਮੀ ਹੈ - ਉਹ ਆਪਣੀ ਪਤਨੀ ਰਜ਼ੀਆ ਨਾਲ ਵੀ ਕੁੱਟਮਾਰ ਕਰਦਾ ਸੀ। ਪੁਲਿਸ ਨੂੰ ਜਾਂਚ ਕਰਨੀ ਚਾਹੀਦੀ !”

ਪੁਲਿਸ ਨੇ ਤੁਰੰਤ ਕਾਰਵਾਈ ਕੀਤੀ ਅਤੇ 17 ਅਕਤੂਬਰ ਨੂੰ ਹੀ ਐੱਫਆਈਆਰ ਦਰਜ ਕਰ ਲਈ।

### ਐੱਫਆਈਆਰ ਦਾ ਵੇਰਵਾ: ਕੌਣ-ਕੌਣ ਮੁਲਜ਼ਮ ਬਣੇ ?

ਕੇਸ ਨੰਬਰ: 247/2025, ਥਾਣਾ: ਸੈਕਟਰ-5 ਪੰਚਕੂਲਾ

ਧਾਰਾ: ਬੀਐੱਨਐੱਸ 103(1) - ਕਤਲ (ਲਾਈਫ਼ ਇੰਪ੍ਰਿਜ਼ਨਮੈਂਟ ਜਾਂ ਫਾਂਸੀ)

ਮੁਲਜ਼ਮ ਪਿਤਾ (ਸਾਬਕਾ ਡੀਜੀਪੀ) ਮੁਹੰਮਦ ਮੁਸਤਫ਼ਾ

ਨੂੰਹ ਨਾਲ ਨਾਜਾਇਜ਼ ਸਬੰਧ, ਸਾਜ਼ਿਸ਼ ਨਾਲ ਜ਼ਹਿਰ ਦੇਣਾ

ਰਜ਼ੀਆ ਸੁਲਤਾਨਾ ਮਾਂ (ਸਾਬਕਾ ਮੰਤਰੀ)

ਕੁੱਟਮਾਰ, ਜਾਨ ਲੈਣ ਦੀ ਧਮਕੀ

ਅਕਿਲ ਦੀ ਭੈਣ ਪਰਿਵਾਰਕ ਵਿਵਾਦ ਵਿੱਚ ਸਹਿਯੋਗ

ਅਕਿਲ ਦੀ ਪਤਨੀ ਮੁਖ ਅਪਰਾਧੀ ਸਹੁਰੇ ਮੁਸਤਫਾ ਨਾਲ ਨਾਜਾਇਜ਼ ਸਬੰਧ ਅਤੇ ਕਤਲ ਵਿੱਚ ਸ਼ਾਮਲ

ਇਸ ਬਾਰੇ ਐੱਸਆਈਟੀ ਗਠਨ ਕਰ ਦਿਤੀ ਗਈ ਹੈ ਅਤੇ

ਡੀਸੀਪੀ ਸ੍ਰਿਸ਼ਟੀ ਗੁਪਤਾ ਨੇ 18 ਅਕਤੂਬਰ ਨੂੰ ਪ੍ਰੈੱਸ ਕਾਨਫਰੰਸ ਕੀਤੀ ਕਰਦਿਆਂ ਕਿਹਾ ਕਿ “ਸ਼ਿਕਾਇਤ ਅਤੇ ਵੀਡੀਓਜ਼ਾਂ ਤੇ ਐੱਸਆਈਟੀ ਬਣਾ ਦਿੱਤੀ ਗਈ ਹੈ। ਏਸੀਪੀ ਅਨੁਰਾਗ ਅਗਵਾਲ ਨੂੰ ਚਾਰਜ ਦਿੱਤੇ ਗਏ ਹਨ। ਜਾਂਚ 15 ਦਿਨਾਂ ਵਿੱਚ ਪੂਰੀ ਹੋਵੇਗੀ। ਨਿਰਪੱਖਤਾ ਅਤੇ ਪਾਰਦਰਸ਼ਤਾ ਨਾਲ ਕੰਮ ਕਰਾਂਗੇ।

### ਮੁਹੰਮਦ ਮੁਸਤਫ਼ਾ ਪਰਿਵਾਰ ਦਾ ਪ੍ਰਤੀਕਰਮ

ਸਾਬਕਾ ਡੀਜੀਪੀ ਮੁਹੰਮਦ ਮੁਸਤਫ਼ਾ ਨੇ 20 ਅਕਤੂਬਰ ਨੂੰ ਮਲੇਰਕੋਟਲਾ ਵਿੱਚ ਪੱਤਰਕਾਰਾਂ ਨਾਲ ਗੱਲ ਕੀਤੀ। ਉਨ੍ਹਾਂ ਕਿਹਾ ਕਿ “ਐੱਫਆਈਆਰ ਬੇਬੁਨਿਆਦ ਹੈ। ਅਸੀਂ ਹਾਈਕੋਰਟ ਵਿੱਚ ਜਾਵਾਂਗੇ। ਐੱਫਆਈਆਰ ਨਾਲ ਕੋਈ ਦੋਸ਼ੀ ਨਹੀਂ ਬਣਦਾ।”

ਮੁਸਤਫਾ ਨੇ ਕਿਹਾ ਕਿ “ਅਕਿਲ 2018 ਤੋਂ ਨਸ਼ੇ ਦਾ ਆਦੀ ਸੀ। ਹੈਰੋਇਨ, ਕੋਕੇਨ ਅਤੇ ਗੋਲੀਆਂ - ਸਭ ਲੈਂਦਾ ਸੀ। ਅਸੀਂ ਚੰਡੀਗੜ੍ਹ, ਲੁਧਿਆਣਾ ਅਤੇ ਦਿੱਲੀ ਦੇ ਨਸ਼ਾ ਮੁਕਤੀ ਕੇਂਦਰਾਂ ਵਿੱਚ ਭੇਜਿਆ ਸੀ। 2021-23 ਤੱਕ ਠੀਕ ਰਿਹਾ ਪਰ 2024 ਵਿੱਚ ਫਿਰ ਸ਼ੁਰੂ ਹੋ ਗਿਆ। 16 ਅਕਤੂਬਰ ਨੂੰ ਉਸ ਨੇ 10 ਗੋਲੀਆਂ ਖਾ ਲਈਆਂ - ਲੋੜ 2 ਸੀ। ਪਤਨੀ-ਭੈਣ ਨੇ ਦਰਵਾਜ਼ਾ ਖੜਕਾਇਆ ਪਰ ਨਾ ਖੁੱਲਿਆ। ਬੇਟੀ ਬਾਲਕਨੀ ਤੋਂ ਵੇਖੀ, ਹਸਪਤਾਲ ਲੈ ਗਏ ਪਰ ਡਾਕਟਰਾਂ ਨੇ ਮਿਥਕ ਐਲਾਨ ਦਿਤਾ। ਪੋਸਟਮਾਰਟਮ ਵਿੱਚ ਓਵਰਡੋਜ਼ ਪੁਸ਼ਟੀ ਹੋਈ।”

ਉਹ ਨਸ਼ੇ ਵਿਚ ਪਤਨੀ ਨਾਲ ਕੁੱਟਮਾਰ ਕਰਦਾ ਸੀ। ਅਸੀਂ ਮਾਪੇ ਵਜੋਂ ਬਚਾਉਂਦੇ ਸਾਂ। 2023 ਵਿੱਚ ਖ਼ੁਦ ਪੁਲਿਸ ਵਿੱਚ ਸ਼ਿਕਾਇਤ ਕੀਤੀ ਸੀ ਪਰ ਘੰਟੇ ਭਰ ਬਾਅਦ ਮਾਫ਼ੀ ਦੇ ਦਿੱਤੀ। ਉਸ ਨੂੰ 5 ਲੱਖ ਰੁਪਏ ਮਹੀਨੇ ਪੌਕੇਟ ਮਨੀ ਦਿੰਦੇ ਸੀ।

“27 ਅਗਸਤ ਵਾਲੇ ਵੀਡੀਓ ਅਕਿਲ ਨੇ ਨਸ਼ੇ ਵਿੱਚ ਬਣਾਏ ਸੀ। ਉਸ ਦੀ ਦਿਮਾਗੀ ਹਾਲਤ ਠੀਕ ਨਹੀਂ ਸੀ - ਡਾਕਟਰਾਂ ਨੇ ਬਾਇਪੋਲਰ ਡਿਸਆਰਡਰ ਕਿਹਾ। ਕੋਈ ਬੇਟਾ ਮਾਂ ਉੱਤੇ ਇਲਜ਼ਾਮ ਕਿਵੇਂ ਲਗਾ ਸਕਦਾ ਏ ? ਇਹ ਸ਼ਮਸ਼ੁੱਦੀਨ ਦੀ ਸਾਜ਼ਿਸ਼ ਹੈ - ਉਹ ਪੈਸੇ ਲਈ ਕੰਮ ਕਰਦਾ ਸੀ ਅਤੇ ਝਗੜੇ ਬਾਅਦ ਬਚ ਗਿਆ।”

ਰਜ਼ੀਆ ਸੁਲਤਾਨਾ ਨੇ ਵੀ ਕਿਹਾ: “ਮੈਂ ਆਪਣੇ ਬੇਟੇ ਲਈ ਰੋਂਦੀ ਹਾਂ। ਇਹ ਸਾਰਾ ਝੂਠ ਹੈ।”

ਪੰਚਕੂਲਾ ਪੁਲਿਸ ਨੇ ਪੂਰੇ ਪਰਿਵਾਰ - ਮਾਂ-ਬਾਪ, ਭੈਣ ਅਤੇ ਪਤਨੀ - ਵਿਰੁੱਧ ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) ਧਾਰਾ 103(1) ਅਧੀਨ ਐੱਫਆਈਆਰ ਦਰਜ ਕਰ ਲਈ ਹੈ।

### ਸਾਬਕਾ ਡੀਜੀਪੀ ਮੁਸਤਫ਼ਾ ਵਿਵਾਦਿਤ ਰਿਹਾ

1984 ਤੋਂ 1995 ਤੱਕ ਪੰਜਾਬ ਦੇ ਕਾਲੇ ਦੌਰ ਵਿੱਚ ਉਹ ਬਠਿੰਡਾ, ਫਿਰੋਜ਼ਪੁਰ, ਅੰਮ੍ਰਿਤਸਰ ਅਤੇ ਜਲੰਧਰ ਵਿੱਚ ਐੱਸਪੀ-ਐੱਸਐੱਸਪੀ ਰਿਹਾ। ਹਿਊਮਨ ਰਾਈਟਸ ਗਰੁੱਪਾਂ (ਜਿਵੇਂ ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ) ਅਨੁਸਾਰ:

ਝੂਠੇ ਐਂਕਾਊਂਟਰ: 50 ਤੋਂ ਵੱਧ ਨਿਰਦੋਸ਼ ਸਿੱਖ ਨੌਜਵਾਨ ਮਾਰੇ। ਉਦਾਹਰਨਾਂ: 1988 ਵਿੱਚ ਬਠਿੰਡਾ ਦੇ 12 ਨੌਜਵਾਨਾਂ ਨੂੰ ‘ਖ਼ਾਲਿਸਤਾਨੀ’ ਕਹਿ ਕੇ ਗੋਲੀ ਮਾਰੀ। 1992 ਵਿੱਚ ਫਿਰੋਜ਼ਪੁਰ ਵਿੱਚ 8 ਨੌਜਵਾਨ ਫੇਕ ਮੁਕਾਬਲੇ ਵਿੱਚ ਖ਼ਤਮ ਕੀਤੇ। ਇਨ੍ਹਾਂ ‘ਕੰਮਾਂ’ ਨਾਲ ਡੀਆਈਜੀ ਤੋਂ ਡੀਜੀਪੀ ਬਣਿਆ। 2015 ਵਿੱਚ ਹਿਊਮਨ ਰਾਈਟਸ ਡੀਜੀਪੀ ਬਣਿਆ। ਕਾਂਗਰਸ ਆਗੂਆਂ (ਕੈਪਟਨ ਅੰਮ੍ਰਿਤਸਰ, ਚਰਨਜੀਤ ਸਿੰਘ ਚੰਨੀ) ਨਾਲ ਜੁੜ ਕੇ ਪਰਿਵਾਰ ਨੂੰ ਲਾਭ ਪਹੁੰਚਾਇਆ। ਰਜ਼ੀਆ 3 ਵਾਰ ਐਮਐਲਏ ਬਣੀ।

## ਬ੍ਰਿਟੇਨ ਵਾਪਸ ਆਇਆ ਸ਼ਰਨਾਰਥੀ: “ਇੱਕ ਅੰਦਰ, ਇੱਕ ਬਾਹਰ” ਸਕੀਮ ਹੇਠ ਫਰਾਂਸ ਭੇਜੇ ਗਏ ਵਿਅਕਤੀ ਨੇ ਛੋਟੀ ਕਿਸ਼ਤੀ ਰਾਹੀਂ ਦੁਬਾਰਾ ਸਮੁੰਦਰ ਪਾਰ ਕੀਤਾ

ਬ੍ਰਿਟੇਨ ਦੀ ਸਰਕਾਰ ਦੀ “ਇੱਕ ਅੰਦਰ, ਇੱਕ ਬਾਹਰ” ਸਕੀਮ ਹੇਠ ਫਰਾਂਸ ਭੇਜਿਆ ਗਿਆ ਇੱਕ ਸ਼ਰਨਾਰਥੀ ਮੁੜ ਛੋਟੀ ਕਿਸ਼ਤੀ ਰਾਹੀਂ ਇੰਗਲੈਂਡ ਵਾਪਸ ਆ ਗਿਆ ਹੈ। ਉਸਨੇ ਦਾਅਵਾ ਕੀਤਾ ਹੈ ਕਿ ਉਹ ਫਰਾਂਸ ਵਿੱਚ ਆਧੁਨਿਕ ਗੁਲਾਮੀ ਦਾ ਸ਼ਿਕਾਰ ਸੀ ਅਤੇ ਆਪਣੀ ਸੁਰੱਖਿਆ ਲਈ ਯੂਕੇ ਵਾਪਸ ਆਇਆ।

ਹੋਮ ਆਫ਼ਿਸ ਨੇ ਉਸਨੂੰ ਡਿਟੇਨ ਕਰ ਲਿਆ ਹੈ ਅਤੇ ਕੇਸ ਦੀ ਜਾਂਚ ਚੱਲ ਰਹੀ ਹੈ। ਇਹ ਘਟਨਾ ਸਟਾਰਮਰ ਸਰਕਾਰ ਦੀ ਸ਼ਰਨਾਰਥੀ ਨੀਤੀ ’ਤੇ ਸਵਾਲ ਖੜ੍ਹੇ ਕਰ ਰਹੀ ਹੈ — ਕਿਉਂਕਿ ਹੁਣ ਤੱਕ ਸਿਰਫ਼ 42 ਲੋਕਾਂ ਨੂੰ ਹੀ ਫਰਾਂਸ ਵਾਪਸ ਭੇਜਿਆ ਗਿਆ ਹੈ, ਜਦਕਿ ਸੈਂਕੜਿਆਂ ਦੀ ਗਿਣਤੀ ਵਿੱਚ ਨਵੇਂ ਆਏ ਸ਼ਰਨਾਰਥੀ ਛੋਟੀਆਂ ਕਿਸ਼ਤੀਆਂ ਰਾਹੀਂ ਚੈਨਲ ਪਾਰ ਕਰ ਰਹੇ ਹਨ।

# ਨਸ਼ਾ ਵਿਰੋਧੀ ਮੁਹਿੰਮ ਦਾ ਨਾਇਕ ਡੀਆਈਜੀ ਭੁੱਲਰ ਸੀਬੀਆਈ ਵਲੋਂ ਭ੍ਰਿਸ਼ਟਾਚਾਰ ਦੇ ਕੇਸ ਵਿਚ ਗ੍ਰਿਫ਼ਤਾਰ

## ✪ ਸੀਬੀਆਈ ਵਲੋਂ ਵੱਡੀ ਜਾਂਚ ਦੀ ਤਿਆਰੀ, ਆਪ ਸਰਕਾਰ ਵਲੋਂ ਹਾਈਕੋਰਟ ਜਾਂਚ ਦੀ ਮੰਗ

*ਮੁੱਖ ਸਫ਼ੇ ਦੀ ਖ਼ਬਰ ਦਾ ਬਾਕੀ ਹਿਸਾ*

ਸਭ ਕੁਝ ਸ਼ੁਰੂ ਹੋਇਆ ਆਕਾਸ਼ ਮੰਡੀ ਗੋਬਿੰਦਗੜ੍ਹ ਦੇ ਇੱਕ ਸਕ੍ਰੈਪ ਵਪਾਰੀ ਆਕਾਸ਼ ਬੱਤਾ ਨਾਲ। ਹੈ। 2023 ਵਿੱਚ ਥਾਣਾ ਸਰਹਿੰਦ ਵਿੱਚ ਉਸ ਵਿਰੁੱਧ ਐੱਫਆਈਆਰ ਦਰਜ ਹੋਈ। ਭੁੱਲਰ ਨੇ ਆਪਣੇ ਵਿਚੋਲੇ ਕਿਰਸ਼ਨੂੰ ਰਾਹੀਂ ਕੇਸ ਨਿਪਟਾਉਣ ਲਈ 8 ਲੱਖ ਰੁਪਏ ਅਤੇ ਹਰ ਮਹੀਨੇ 'ਸੇਵਾ-ਪਾਣੀ' ਮੰਗਿਆ। ਨਾ ਦੇਣ ਤੇ ਧਮਕੀ ਦਿੱਤੀ ਗਈ ਕਿ ਵਪਾਰ ਬਰਬਾਦ ਕਰ ਦਿੱਤਾ ਜਾਵੇਗਾ।, ਨਵੇਂ ਕੇਸ ਵਿਚ ਫਸਾ ਦਿੱਤਾ ਜਾਵੇਗਾ।"

ਆਕਾਸ਼ ਨੇ 16 ਅਕਤੂਬਰ 2024 ਨੂੰ ਸੀਬੀਆਈ ਵਿੱਚ ਸ਼ਿਕਾਇਤ ਕੀਤੀ। ਏਜੰਸੀ ਨੇ ਗੁਪਤ ਕਾਲ ਰਿਕਾਰਡ ਕੀਤਾ। ਭੁੱਲਰ ਨੂੰ ਕਹਿੰਦੇ ਸੁਣਿਆ ਗਿਆ, "8 ਫੜਨੇ ਨੇ 8" - ਯਾਨੀ 8 ਲੱਖ ਲੈ ਲਓ। ਚੰਡੀਗੜ੍ਹ ਦੇ ਸੈਕਟਰ 21 ਵਿੱਚ ਜਾਲ ਵਿਛਾਇਆ। ਵਿਚੋਲੇ ਕਿਰਸ਼ਨੂੰ ਰੰਗੇ ਹੱਥੀਂ ਫੜ ਲਿਆ। ਫਿਰ ਭੁੱਲਰ ਨੂੰ ਮੋਹਾਲੀ ਦਫਤਰੋਂ ਗ੍ਰਿਫ਼ਤਾਰ ਕੀਤਾ ਗਿਆ। ਨਾਭਾ ਨਿਵਾਸੀ ਕਿਰਸ਼ਨੂੰ ਨੂੰ ਵੀ ਜੇਲ੍ਹ ਭੇਜ ਦਿੱਤਾ।

ਗ੍ਰਿਫ਼ਤਾਰੀ ਤੋਂ ਬਾਅਦ ਸੀਬੀਆਈ ਨੇ ਚੰਡੀਗੜ੍ਹ ਸੈਕਟਰ 40 ਦੇ ਘਰ ਵਿੱਚ ਛਾਪਾ ਮਾਰਿਆ। ਤਿੰਨ ਬੈਗ ਅਤੇ ਇੱਕ ਅਟੈਚੀ ਵਿੱਚੋਂ 5 ਕਰੋੜ ਰੁਪਏ ਨਕਦ ਨਿਕਲੇ। ਡੇਢ ਕਿਲੋ ਸੋਨੇ ਦੇ ਗਹਿਣੇ, 22 ਮਹਿੰਗੀਆਂ ਘੜੀਆਂ (ਰੋਲੈਕਸ, ਓਮੇਗਾ), 40 ਬੋਤਲਾਂ ਇੰਪੋਰਟਿਡ ਸ਼ਰਾਬ, ਦੋ ਲਗਜ਼ਰੀ ਗੱਡੀਆਂ (ਮਰਸੀਡੀਜ਼ ਅਤੇ ਆਡੀ) ਦੀਆਂ ਚਾਬੀਆਂ ਮਿਲੀਆਂ। ਡਬਲ-ਬੈਰਲ ਗੰਨ, ਪਿਸਟਲ, ਰਿਵੌਲਵਰ, ਏਅਰ ਗੰਨ ਅਤੇ ਗੋਲੀਆਂ ਵੀ ਫੜੀਆਂ। ਪੰਜਾਬ ਵਿੱਚ 15 ਤੋਂ ਵੱਧ ਜਾਇਦਾਦਾਂ ਦੇ ਕਾਗਜ਼ ਮਿਲੇ, ਜਿਨ੍ਹਾਂ ਦੀ ਕੀਮਤ ਕਰੋੜਾਂ ਵਿੱਚ ਸੀ।

ਸਮਰਾਲਾ ਦੇ ਫਾਰਮ ਹਾਊਸ ਵਿੱਚ ਵੀ ਛਾਪਾ ਮਾਰਿਆ। ਇੱਥੋਂ ਹੋਰ ਸਬੂਤ ਮਿਲਣ ਦੀ ਉਮੀਦ ਹੈ। ਸ਼ਰਾਬ ਮਿਲਣ ਨਾਲ ਆਬਕਾਰੀ ਐਕਟ ਤਹਿਤ ਵੱਖਰਾ ਮੁਕੱਦਮਾ ਦਰਜ ਹੋਇਆ। ਸਮੁੱਚੀ ਨਕਦੀ 7.50 ਕਰੋੜ ਹੋ ਗਈ ਹੈ। ਸੀਬੀਆਈ ਨੇ ਭੁੱਲਰ ਖਿਲਾਫ਼ ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ ਦਰਜ ਕਰਨ ਦੀ ਤਿਆਰੀ ਕੀਤੀ ਗਈ ਹੈ। ਉਸ ਦੀ ਤਨਖਾਹ 3.20 ਲੱਖ ਮਹੀਨੇ ਹੈ। ਸਾਲਾਨਾ ਆਮਦਨ 38.44 ਲੱਖ ਦੱਸੀ ਗਈ ਹੈ। ਪਰ ਬਰਾਮਦ ਸੰਪਤੀ 16 ਕਰੋੜ ਦੀ ਹੈ!

### ਪ੍ਰਾਪਰਟੀ ਰਿਟਰਨ ਵਿੱਚ 8 ਜਾਇਦਾਦਾਂ ਦਾ ਜ਼ਿਕਰ

ਜਲੰਧਰ ਕੋਟ ਕਲਾਂ: 6 ਕਨਾਲ ਫਾਰਮ ਹਾਊਸ (2 ਕਰੋੜ)

ਚੰਡੀਗੜ੍ਹ ਸੈਕਟਰ 39ਬੀ: ਫਲੈਟ (1.50 ਕਰੋੜ)

ਲੁਧਿਆਣਾ ਇਯਾਲੀ ਖੁਰਦ: 3 ਕਨਾਲ 18 ਮਰਲੇ ਜ਼ਮੀਨ (2.10 ਕਰੋੜ)

ਮੋਹਾਲੀ ਸੈਕਟਰ 90: ਫਲੈਟ (ਕੀਮਤ ਅਣਜਾਣੀ)

ਚੰਡੀਗੜ੍ਹ ਸੈਕਟਰ 40ਬੀ: 528 ਗਜ਼ ਕੋਠੀ (5 ਕਰੋੜ)

ਕਪੂਰਥਲਾ ਖਾਜੁਰਾਲਾ: 5 ਕਨਾਲ ਜ਼ਮੀਨ (60 ਲੱਖ)

ਲੁਧਿਆਣਾ ਮੰਡ ਸ਼ੇਰੀਆਂ: 15 ਏਕੜ ਜ਼ਮੀਨ (3 ਕਰੋੜ)

ਨਿਊ ਚੰਡੀਗੜ੍ਹ: 1041 ਗਜ਼ ਪਲਾਟ (1.60 ਕਰੋੜ)

ਸੋਨਾ, ਘੜੀਆਂ, ਗੱਡੀਆਂ ਵੱਖਰੇ। ਬੈਂਕ ਖਾਤੇ ਫ੍ਰੀਜ਼ ਕਰ ਦਿੱਤੇ ਗਏ ਹਨ। ਲਾਕਰ ਸੀਲ ਕਰ ਦਿੱਤੇ ਹਨ। ਹਰ ਮਹੀਨੇ ਲੱਖਾਂ ਰਿਸ਼ਵਤ ਆਉਂਦੀ ਸੀ। ਚੈਟ ਮਿਲੀਆਂ, ਜਿਨ੍ਹਾਂ ਵਿੱਚ ਪੁਲਿਸ ਇੰਸਪੈਕਟਰ, ਆਈਪੀਐੱਸ ਅਤੇ ਆਈਏਐੱਸ ਅਫਸਰਾਂ ਦੇ ਨਾਂ ਸ਼ਾਮਲ ਹਨ। ਸੀਬੀਆਈ ਵਲੋਂ ਜਾਂਚ ਤੇਜ਼ ਹੈ। ਬੁੜੈਲ ਜੇਲ੍ਹ ਵਿੱਚ ਭੁੱਲਰ ਨੂੰ ਬੈਰਕ ਵਿੱਚ ਰੱਖਿਆ ਗਿਆ ਸੀ। ਭੁੱਲਰ ਨਾਲ ਨਾਲ ਗੁੜੀਆ ਕਤਲ ਕੇਸ ਦੇ ਸਜ਼ਾਯਾਫ਼ਤਾ ਆਈਪੀਐੱਸ ਜਹੂਰ ਜੈਦੀ ਅਤੇ ਜਵਾਈ ਕਤਲ ਵਾਲੇ ਆਈਪੀਐੱਸ ਮਾਲਵਿੰਦਰ ਸਿੰਘ ਸਿੱਧੂ ਬੰਦ ਸਨ।

ਉਹਨਾਂ ਦੇ ਸਾਥੀਆਂ ਨੇ ਜ਼ਮੀਨ ਤੇ ਗੱਦਾ ਅਤੇ ਸਿਰਹਾਣਾ ਦਿੱਤਾ, ਪਰ ਭੁੱਲਰ ਬੇਚੈਨ ਰਿਹਾ, ਨੀਂਦ ਨਾ ਆਈ। ਵਿਚੋਲੇ ਕਿਰਸ਼ਨੂੰ ਵੱਖਰੇ ਬੈਰਕ ਵਿੱਚ ਰਖਿਆ ਗਿਆ।



## ਵਿਰੋਧੀ ਧਿਰਾਂ ਨੇ ਆਪ ਸਰਕਾਰ ਨੂੰ ਕਿਉਂ ਘੇਰਿਆ ?

ਆਪ ਨੇ 2022 ਚੋਣਾਂ ਵਿੱਚ 'ਇਮਾਨਦਾਰੀ' ਦਾ ਨਾਅਰਾ ਦਿੱਤਾ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਵਾਅਦਾ ਕੀਤਾ ਸੀ "ਭ੍ਰਿਸ਼ਟਾਚਾਰ ਖਤਮ ਕੀਤਾ ਜਾਵੇਗਾ।" ਆਪ ਸਰਕਾਰ ਨੇ ਐਂਟੀ-ਕਰਪਸ਼ਨ ਹੈਲਪਲਾਈਨ ਚਲਾਈ ਸੀ, 1000+ ਸ਼ਿਕਾਇਤਾਂ ਮਿਲੀਆਂ ਪਰ ਨਤੀਜੇ ਨਾ ਨਿਕਲੇ। ਵਿਜਲੈਂਸ ਨੇ 129 ਮਾਮਲਿਆਂ ਵਿੱਚ 172 ਫੜੇ, ਪਰ ਵੱਡੇ ਅਫਸਰ ਘੱਟ ਫੜੇ। ਭੁੱਲਰ ਕੇਸ ਨੇ ਆਪ ਨੂੰ ਬੇਪਰਦ ਕਰ ਦਿੱਤਾ ਹੈ। ਅਕਾਲੀਆਂ, ਕਾਂਗਰਸ ਨੇ ਕਿਹਾ ਕਿ ਭ੍ਰਿਸ਼ਟਾਚਾਰ ਲਈ ਹਾਈਕੋਰਟ ਜੱਜਾਂ ਦੀ ਕਮੇਟੀ ਬਣਾਓ। ਪਰ ਮੁਖ ਮੰਤਰੀ ਮਾਨ ਅਤੇ ਗ੍ਰਹਿ ਮੰਤਰੀ ਚੁੱਪ ਹਨ।

## ਪੰਜਾਬ ਪੁਲਿਸ ਵਿੱਚ ਭ੍ਰਿਸ਼ਟਾਚਾਰ: ਪੁਰਾਣੇ ਅਤੇ ਨਵੇਂ ਅੰਕੜੇ

ਪੰਜਾਬ ਪੁਲਿਸ ਵਿੱਚ ਰਿਸ਼ਵਤ ਆਮ ਹੈ। 2002 ਦੌਰਾਨ 12 ਅਫਸਰ (ਰਿਸ਼ਵਤ ਅਤੇ ਜਾਇਦਾਦ ਮਾਮਲੇ) ਫੜੇ ਗਏ।

2003 ਦੌਰਾਨ 15 ਅਫਸਰਾਂ ਉਪਰ ਚੋਰੀ ਅਤੇ ਨਸ਼ਾ ਕੇਸਾਂ ਵਿੱਚ ਰਿਸ਼ਵਤ ਲੈਕੇ ਸਮਝੌਤੇ ਕਰਵਾਉਣ ਦਾ ਦੋਸ਼ ਹੈ। 2004 ਦੌਰਾਨ 18 ਅਫਸਰ ਪ੍ਰਾਪਰਟੀ ਅਤੇ ਰਿਸ਼ਵਤ ਦੇ ਕੇਸ ਵਿਚ ਫੜੇ ਗਏ। ਖਾੜਕੂਵਾਦ ਦੇ ਦਿਨਾਂ (1980-90) ਵਿੱਚ ਪੁਲਿਸ ਨੇ ਭਿਸ਼ਟਾਚਾਰ ਕੀਤਾ। ਖਾੜਕੂਵਾਦ ਦੇ ਨਾਮ ਉਪਰ ਨਿਰਦੋਸ਼ਾਂ ਨੂੰ ਫੜ ਕੇ ਰਿਸ਼ਵਤ ਵਸੂਲੀ। ਇਹਨਾਂ ਨੇ ਨਿਆਂ ਦਾ ਘਾਣ ਕੀਤਾ ਅਤੇ ਲੋਕਾਂ ਦਾ ਭਰੋਸਾ ਖਤਮ ਕੀਤਾ।


# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਅੰਕ 29 ਅਕਤੂਬਰ ਨੂੰ ਛਪੇਗਾ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ 5 ਨਵੰਬਰ ਦਿਨ ਬੁੱਧਵਾਰ ਨੂੰ ਆ ਰਿਹਾ ਹੈ। ਗੁਰੂ ਸਾਹਿਬ ਨੇ ਰੱਬੀ ਬਾਣੀ ਰਚ ਕੇ ਕਲਯੁਗ ਦੇ ਸਮੇਂ ਅੰਦਰ ਕੀਰਤਨ ਨੂੰ ਪ੍ਰਧਾਨਤਾ ਬਖਸ਼ੀ। ਗੁਰੂ ਸਾਹਿਬ ਦੇ ਉਪਦੇਸ਼ ਨੂੰ ਦੁਨੀਆ ਵਿਚ ਪ੍ਰਚਾਰਨ ਹਿਤ ਪੰਜਾਬ ਟਾਈਮਜ਼ ਵੱਲੋਂ ਹਰ ਸਾਲ ਵਾਂਗ ਇਸ ਵਾਰ ਵੀ 'ਗੁਰੂ ਨਾਨਕ ਦੇਵ ਜੀ ਵਿਸ਼ੇਸ਼ ਅੰਕ' ਅਗਲੇ ਹਫਤੇ 29 ਅਕਤੂਬਰ ਨੂੰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਭਰਪੂਰ ਧਾਰਮਿਕ ਲਿਟਰੇਚਰ ਵਿਸ਼ੇਸ਼ ਤੌਰ 'ਤੇ ਛਾਪਿਆ ਜਾ ਰਿਹਾ ਹੈ। ਜਿਹੜੇ ਗੁਰਦੁਆਰੇ ਆਪਣੇ ਪ੍ਰੋਗਰਾਮਾਂ ਦੇ ਇਸ਼ਤਿਹਾਰ, ਸਿੱਖ ਸੰਸਥਾਵਾਂ ਅਤੇ ਵਪਾਰਕ ਅਦਾਰੇ ਗੁਰਪੁਰਬ ਦੀਆਂ ਵਧਾਈਆਂ ਦੇਣੀਆਂ ਚਾਹੁੰਦੇ ਹਨ, ਉਹ ਪੰਜਾਬ ਟਾਈਮਜ਼ ਦੇ ਦਫਤਰ ਫੋਨ ਰਾਹੀਂ ਸੰਪਰਕ ਕਰ ਸਕਦੇ ਹਨ।

ਸੰਪਰਕ ਲਈ ਫੋਨ ਨੰਬਰ:01332-372851 / Mobile: 07966 388388

Email:panjabtimes@aol.com / www.panjabtimes.uk


## ਡੀਆਈਜੀ ਭੁੱਲਰ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਪੰਜਾਬ ਸਰਕਾਰ ਦੇ ਵਰ੍ਹੇ ਸੁਖਪਾਲ ਖਹਿਰਾ

ਮੁਹਾਲੀ-ਸੀਨੀਅਰ ਕਾਂਗਰਸੀ ਆਗੂ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਆਮ ਆਦਮੀ ਪਾਰਟੀ (ਆਪ) ਸਰਕਾਰ ਦੀ ਸਖ਼ਤ ਆਲੋਚਨਾ ਕਰਦਿਆਂ ਸੀਬੀਆਈ ਵੱਲੋਂ ਡੀਆਈਜੀ ਭੁੱਲਰ ਦੀ ਗ੍ਰਿਫ਼ਤਾਰੀ ਨੂੰ ਪੰਜਾਬ ਵਿੱਚ ਸਭ ਤੋਂ ਵੱਡਾ ਭ੍ਰਿਸ਼ਟਾਚਾਰ ਘੁਟਾਲਾ ਕਰਾਰ ਦਿੱਤਾ। ਉਨ੍ਹਾਂ ਨੇ ਇਸ ਨੂੰ 'ਆਪ' ਦੀ "ਕੱਟੜ ਇਮਾਨਦਾਰ" ਰਾਜਨੀਤੀ ਦੇ ਦਾਅਵਿਆਂ ਨੂੰ ਝਟਕਾ ਦੱਸਿਆ। ਖਹਿਰਾ ਨੇ ਕਿਹਾ ਕਿ ਭੁੱਲਰ ਤੋਂ ਵੱਡੀ ਮਾਤਰਾ ਵਿੱਚ ਨਕਦੀ, ਸੋਨਾ ਅਤੇ ਜਾਇਦਾਦ ਦੀ ਬਰਾਮਦਗੀ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਅਤੇ ਪੁਲਿਸ ਵਿਭਾਗ ਦੀ ਭ੍ਰਿਸ਼ਟਾਚਾਰ ਰੋਕਣ ਵਿੱਚ ਅਸਫਲਤਾ ਨੂੰ ਦਰਸਾਉਂਦੀ ਹੈ। ਉਨ੍ਹਾਂ ਅਨੁਸਾਰ, ਇੱਕ ਅਧਿਕਾਰੀ ਦੁਆਰਾ ਇੰਨੀ ਨਾਜਾਇਜ਼ ਦੌਲਤ ਇਕੱਠੀ ਕਰਨਾ 'ਆਪ' ਸਰਕਾਰ, ਪੁਲਿਸ ਅਤੇ ਸਿਵਲ ਨੌਕਰਸ਼ਾਹੀ ਵਿੱਚ ਭ੍ਰਿਸ਼ਟਾਚਾਰ ਦੀ ਡੂੰਘਾਈ ਨੂੰ ਉਜਾਗਰ ਕਰਦਾ ਹੈ। ਖਹਿਰਾ ਨੇ 'ਆਪ' ਦੇ ਸਾਫ਼-ਸੁਥਰੇ ਸ਼ਾਸਨ ਦੇ ਦਾਅਵਿਆਂ ਨੂੰ ਝੂਠਾ ਕਰਾਰ ਦਿੱਤਾ ਅਤੇ ਮੁੱਖ ਮੰਤਰੀ ਮਾਨ ਤੇ ਅਰਵਿੰਦ ਕੇਜਰੀਵਾਲ ਦੀ ਚੁੱਪੀ ਨੂੰ ਮਿਲੀਭੁਗਤ ਦਾ ਸਬੂਤ ਦੱਸਿਆ। ਉਨ੍ਹਾਂ ਨੇ ਵਿਜੀਲੈਂਸ ਬਿਊਰੋ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਇਹ ਭ੍ਰਿਸ਼ਟਾਚਾਰ ਨੂੰ ਰੋਕਣ ਦੀ ਬਜਾਏ 'ਆਪ' ਦੇ ਵਿਰੋਧੀਆਂ ਨੂੰ ਪਰੇਸ਼ਾਨ ਕਰਨ ਦਾ ਸਾਧਨ ਬਣ ਗਿਆ ਹੈ। ਖਹਿਰਾ ਨੇ ਮੰਗ ਕੀਤੀ ਕਿ 'ਆਪ' ਸਰਕਾਰ ਪੰਜਾਬ ਦੇ ਲੋਕਾਂ ਸਾਹਮਣੇ ਸਪੱਸ਼ਟੀਕਰਨ ਦੇਵੇ ਅਤੇ ਇਸ ਘੁਟਾਲੇ ਦੀ ਸੁਤੰਤਰ ਨਿਆਂਇਕ ਜਾਂਚ ਸ਼ੁਰੂ ਕਰੇ, ਤਾਂ ਜੋ ਭ੍ਰਿਸ਼ਟਾਚਾਰ ਦੇ ਪੈਮਾਨੇ ਅਤੇ ਇਸ ਦੇ ਫੈਲਾਅ ਦਾ ਪਤਾ ਲਗਾਇਆ ਜਾ ਸਕੇ। ਉਨ੍ਹਾਂ ਨੇ 'ਆਪ' ਦੇ ਸ਼ਾਸਨ ਨੂੰ ਧੋਖੇ, ਪਖੰਡ ਅਤੇ ਖੋਖਲੇ ਵਾਅਦਿਆਂ 'ਤੇ ਆਧਾਰਿਤ ਦੱਸਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਪਾਰਦਰਸ਼ਤਾ ਅਤੇ ਇਮਾਨਦਾਰੀ ਦੀ ਬਜਾਏ ਭ੍ਰਿਸ਼ਟ ਸਿਸਟਮ ਸੌਂਪਿਆ ਗਿਆ। ਖਹਿਰਾ ਨੇ ਕਿਹਾ ਕਿ ਇਸ ਘਟਨਾ ਨੇ 'ਆਪ' ਦੇ ਸ਼ਾਸਨ ਦੇ ਅਸਲੀ ਚਿਹਰੇ ਨੂੰ ਬੇਨਕਾਬ ਕਰ ਦਿੱਤਾ, ਜੋ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਅਸਫਲ ਰਿਹਾ ਹੈ।

# ਦੀਵਾਲੀ ਤੋਂ ਬਾਅਦ ਉਤਰ ਭਾਰਤ ਵਿਚ ਪ੍ਰਦੂਸ਼ਣ ਵਧਿਆ

## ✪ ਦਿੱਲੀ ਸਮੇਤ ਪੰਜਾਬ, ਹਰਿਆਣਾ ਬਣਿਆ ਗੈਸ ਚੈਂਬਰ ✪ ਸੁਪਰੀਮ ਕੋਰਟ ਦੇ ਹੁਕਮਾਂ ਦੀਆਂ ਉਡੀਆਂ ਧਜੀਆਂ, ਰਾਜਧਾਨੀ ਵਿਚ ਜੰਮ ਕੇ ਚੱਲੇ ਪਟਾਕੇ





ਨਵੀਂ ਦਿੱਲੀ-ਦੀਵਾਲੀ ਤੋਂ ਬਾਅਦ ਕੌਮੀ ਰਾਜਧਾਨੀ ਦਿੱਲੀ ਸਮੇਤ ਪੂਰੇ ਉੱਤਰੀ ਭਾਰਤ ਵਿਚ ਹਵਾ ਪ੍ਰਦੂਸ਼ਣ ਵਿਚ ਵਾਧਾ ਵੇਖਣ ਨੂੰ ਮਿਲਿਆ ਹੈ। ਦਿੱਲੀ 'ਚ ਮੰਗਲਵਾਰ ਸਵੇਰੇ ਧੂੰਏਂ ਦੀ ਸੰਘਣੀ ਚਾਦਰ ਛਾਈ ਹੋਈ ਹੈ। ਸਿਸਟਮ ਆਫ਼ ਏਅਰ ਕੁਆਲਿਟੀ ਐਂਡ ਵੈਦਰ ਫੋਰਕਾਸਟਿੰਗ ਐਂਡ ਰਿਸਰਚ (ਐਸ. ਏ. ਐਫ. ਏ. ਆਰ.) ਦੇ ਅੰਕੜਿਆਂ ਅਨੁਸਾਰ ਦਿੱਲੀ ਵਿਚ ਹਵਾ ਦੀ ਗੁਣਵੱਤਾ ਬਹੁਤ ਮਾੜੀ ਹੈ। ਇਸੇ ਤਰ੍ਹਾਂ ਦੀਵਾਲੀ ਤੋਂ ਬਾਅਦ ਪੰਜਾਬ ਤੇ ਹਰਿਆਣਾ ਦੀ ਆਬੋ ਹਵਾ ਜ਼ਹਿਰੀਲੀ ਹੋ ਗਈ ਹੈ। ਪੰਜਾਬ ਵਿਚ ਕਿਸਾਨਾਂ ਵਲੋਂ ਪਰਾਲੀ ਸਾੜਨ ਦਾ ਸਿਲਸਿਲਾ ਜਾਰੀ ਰਹਿਣ ਕਰਕੇ ਸੂਬੇ ਦੇ ਕੁਝ ਹਿੱਸਿਆਂ ਵਿਚ ਧੂੰਏ ਦਾ ਗੁਬਾਰ ਚੜ੍ਹਿਆ ਹੋਇਆ ਹੈ। ਦਿੱਲੀ ਨੇ ਦੀਵਾਲੀ 'ਤੇ ਚਾਰ ਸਾਲਾਂ ਵਿਚ ਆਪਣੀ ਸਭ ਤੋਂ ਮਾੜੀ ਹਵਾ ਗੁਣਵੱਤਾ ਦਰਜ ਕੀਤੀ, ਰਾਤ ਨੂੰ ਪ੍ਰਦੂਸ਼ਣ ਦੇ ਪੱਧਰ ਵਿਚ ਤੇਜ਼ੀ ਨਾਲ ਵਾਧਾ ਹੋਇਆ ਕਿਉਂਕਿ ਪੀਐਮ 2.5 ਦੀ ਗਾੜ੍ਹਾਪਣ 675 'ਤੇ ਪਹੁੰਚ ਗਈ - ਇਹ 2021 ਤੋਂ ਬਾਅਦ ਕਦੇ ਇਸ ਪੱਧਰ 'ਤੇ ਨਹੀਂ ਦੇਖੀ ਗਈ। ਮੰਗਲਵਾਰ 24 ਘੰਟਿਆਂ ਦਾ ਔਸਤ ਏ.ਕਿਉ.ਆਈ 345 'ਤੇ 'ਬਹੁਤ ਖਰਾਬ' ਸ਼੍ਰੇਣੀ ਵਿਚ ਸੀ।

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅੰਕੜਿਆਂ ਅਨੁਸਾਰ, ਇਸ ਦੇ ਮੁਕਾਬਲੇ, ਇਹ 2024 ਵਿਚ 330, 2023 ਵਿਚ 218, 2022 ਵਿਚ 312 ਅਤੇ 2021 ਵਿਚ 382 ਸੀ। ਸੁਪਰੀਮ ਕੋਰਟ ਨੇ ਦਿੱਲੀ ਐੱਨ.ਸੀ.ਆਰ. ਵਿਚ ਦੀਵਾਲੀ ਮੌਕੇ ਗ੍ਰੀਨ ਪਟਾਕਿਆਂ ਦੀ ਵਿਕਰੀ ਤੇ ਵਰਤੋਂ ਦੀ ਇਜਾਜ਼ਤ ਦਿੱਤੀ ਸੀ।

ਅਦਾਲਤ ਨੇ ਦਿੱਲੀ ਵਿਚ ਦੀਵਾਲੀ ਤੋਂ ਪਹਿਲਾਂ ਤੇ ਦੀਵਾਲੀ ਵਾਲੇ ਦਿਨ, ਯਾਨੀ 20 ਤੇ 21 ਅਕਤੂਬਰ ਨੂੰ ਸਵੇਰੇ 6 ਵਜੇ ਤੋਂ 7 ਵਜੇ ਤੇ ਸ਼ਾਮ 8 ਵਜੇ ਤੋਂ 10 ਵਜੇ ਤੱਕ ਹੀ ਗ੍ਰੀਨ ਪਟਾਕੇ ਚਲਾਉਣ ਦੀ ਖੁੱਲ੍ਹ ਦਿੱਤੀ ਸੀ। ਹਾਲਾਂਕਿ ਕੌਮੀ ਰਾਜਧਾਨੀ ਦੇ ਬਹੁਤੇ ਇਲਾਕਿਆਂ ਵਿਚ ਪ੍ਰਦੂਸ਼ਣ ਦੇ ਚਿੰਤਾਜਨਕ ਪੱਧਰ ਦੀ ਰਿਪੋਰਟ ਕੀਤੀ ਗਈ। ਐਨ. ਡੀ. ਟੀ. ਵੀ. ਦੀ ਰਿਪੋਰਟ ਅਨੁਸਾਰ ਆਨੰਦ ਵਿਹਾਰ 'ਚ ਪੀ.ਐਮ. 2.5 ਦਾ ਪੱਧਰ 358 ਤੇ ਪੀ.ਐਮ. 10 ਦਾ ਪੱਧਰ 340 ਮਾਪਿਆ ਗਿਆ ਸੀ। ਵਜ਼ੀਰਪੁਰ 'ਚ ਹਵਾ ਗੁਣਵੱਤਾ ਸੂਚਕ ਅੰਕ 408 ਦਰਜ ਕੀਤਾ ਗਿਆ, ਜੋ ਗੰਭੀਰ ਸ਼੍ਰੇਣੀ 'ਚ ਪਹੁੰਚ ਗਿਆ, ਜਿਸ ਵਿਚ ਪੀ.ਐਮ. 2.5 ਮੁੱਖ ਪ੍ਰਦੂਸ਼ਕ ਸੀ। ਆਰ.ਕੇ. ਪੁਰਮ 'ਚ ਏ.ਕਿਉ.ਆਈ. 368 ਦਰਜ ਕੀਤਾ ਗਿਆ ਜਦਕਿ ਆਈ.ਐਨ.ਏ. ਦੇ ਦਿਲੀ ਹਾਟ ਤੋਂ ਮਿਲੀਆਂ ਤਸਵੀਰਾਂ 'ਚ ਸੰਘਣੀ ਧੁੰਦ ਦਿਖਾਈ ਦੇ ਰਹੀ ਸੀ, ਜਿਸ ਕਾਰਨ ਵਾਹਨ ਚਾਲਕਾਂ ਨੂੰ ਦਿਨ ਦੇ ਸਮੇਂ ਹੈੱਡਲਾਈਟਾਂ ਚਾਲੂ ਕਰਨ ਲਈ ਮਜਬੂਰ ਹੋਣਾ ਪਿਆ।

### ਪੰਜਾਬ ਤੇ ਹਰਿਆਣਾ ਦੀ ਆਬੋ ਹਵਾ 'ਜ਼ਹਿਰੀਲੀ'

ਪੰਜਾਬ ਤੇ ਹਰਿਆਣਾ ਦੀ ਆਬੋ ਹਵਾ 'ਜ਼ਹਿਰੀਲੀ' ਹੋ ਗਈ ਹੈ। ਲੰਘੀ ਰਾਤ ਚੱਲੇ ਪਟਾਕਿਆਂ ਕਰਕੇ ਹਰਿਆਣਾ ਦੇ ਕਈ ਹਿੱਸਿਆਂ ਵਿੱਚ ਹਵਾ ਦੀ ਗੁਣਵੱਤਾ 'ਬਹੁਤ ਮਾੜੀ' ਸ਼੍ਰੇਣੀ ਵਿੱਚ ਦਰਜ ਕੀਤੀ ਗਈ ਹੈ। ਕਿਸਾਨਾਂ ਵੱਲੋਂ ਪਰਾਲੀ ਸਾੜਨ ਦਾ ਸਿਲਸਿਲਾ ਜਾਰੀ ਰਹਿਣ ਕਰਕੇ ਸੂਬੇ ਦੇ ਕੁਝ ਹਿੱਸਿਆਂ ਵਿੱਚ ਧੂੰਏ ਦਾ ਗੁਬਾਰ ਚੜ੍ਹਿਆ ਹੋਇਆ ਹੈ। ਕਪੂਰਥਲਾ ਵਿਚ ਹਵਾ ਗੁਣਵੱਤਾ ਇੰਡੈਕਸ 500 ਦੇ ਕਰੀਬ ਦਰਜ ਕੀਤਾ ਗਿਆ ਹੈ। ਅੰਮ੍ਰਿਤਸਰ ਵਿੱਚ ਹਵਾ ਗੁਣਵੱਤਾ ਇੰਡੈਕਸ 212, ਜਲੰਧਰ ਵਿੱਚ 242 ਜਦੋਂ ਕਿ ਲੁਧਿਆਣਾ ਦਾ ਹਵਾ ਗੁਣਵੱਤਾ ਇੰਡੈਕਸ 268 ਦਰਜ ਕੀਤਾ ਗਿਆ।

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅੰਕੜਿਆਂ ਅਨੁਸਾਰ, ਹਰਿਆਣਾ ਦੇ ਬਹਾਦਰਗੜ੍ਹ ਵਿੱਚ ਹਵਾ ਦੀ ਗੁਣਵੱਤਾ ਸਭ ਤੋਂ ਮਾੜੀ ਦਰਜ ਕੀਤੀ ਗਈ ਕਿਉਂਕਿ ਇਸ ਦਾ ਏਅਰ ਕੁਆਲਿਟੀ ਇੰਡੈਕਸ 358 ਸੀ। ਜੀਂਦ ਵਿੱਚ ਹਵਾ ਗੁਣਵੱਤਾ ਇੰਡੈਕਸ 350 ਦਰਜ ਕੀਤਾ ਗਿਆ। ਗੁਰੂਗ੍ਰਾਮ ਦੇ ਸੈਕਟਰ 51 ਅਤੇ ਵਿਕਾਸ ਸਦਨ ਵਿੱਚ ਨਿਗਰਾਨੀ ਸਟੇਸ਼ਨਾਂ ਨੇ ਕ੍ਰਮਵਾਰ 348 ਅਤੇ 325 ਦਰਜ ਕੀਤਾ। ਇਸੇ ਤਰ੍ਹਾਂ ਰੋਹਤਕ ਵਿੱਚ 343, ਭਿਵਾਨੀ ਵਿੱਚ 307, ਫਰੀਦਾਬਾਦ ਵਿੱਚ 249, ਕੈਥਲ ਵਿੱਚ 290, ਸੋਨੀਪਤ ਵਿੱਚ 255, ਕਰਨਾਲ ਵਿੱਚ 225, ਕੁਰੂਕਸ਼ੇਤਰ ਵਿੱਚ 234, ਪਾਣੀਪਤ ਵਿੱਚ 231 ਅਤੇ ਸਿਰਸਾ ਵਿੱਚ 296 ਏਕਿਊਆਈ ਦਰਜ ਕੀਤਾ ਗਿਆ। ਸਿਫ਼ਰ ਅਤੇ 50 ਦੇ ਵਿਚਕਾਰ ਹਵਾ ਗੁਣਵੱਤਾ ਇੰਡੈਕਸ ਨੂੰ 'ਚੰਗਾ', 51 ਅਤੇ 100 ਨੂੰ 'ਸੰਤੁਸ਼ਟੀਜਨਕ', 101 ਅਤੇ 200 ਨੂੰ 'ਮੱਧਮ', 201 ਅਤੇ 300 ਨੂੰ 'ਮਾੜਾ', 301 ਅਤੇ 400 ਨੂੰ 'ਬਹੁਤ ਮਾੜਾ', 401 ਅਤੇ 450 ਨੂੰ 'ਗੰਭੀਰ' ਅਤੇ 450 ਤੋਂ ਉੱਪਰ ਨੂੰ 'ਗੰਭੀਰ ਪਲੱਸ' ਮੰਨਿਆ ਜਾਂਦਾ ਹੈ

## ਪੰਜਾਬ 'ਚ ਪਿਛਲੇ 10 ਦਿਨਾਂ 'ਚ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ 'ਚ ਤਿੰਨ ਗੁਣਾ ਵਾਧਾ

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਦੇ ਅੰਕੜਿਆਂ ਅਨੁਸਾਰ ਇਸ ਸੀਜ਼ਨ ਵਿਚ ਹੁਣ ਤੱਕ ਪੰਜਾਬ 'ਚ ਪਰਾਲੀ ਸਾੜਨ ਦੀਆਂ ਘਟਨਾਵਾਂ ਦੀ ਗਿਣਤੀ 353 ਤੱਕ ਪਹੁੰਚ ਗਈ ਹੈ, ਜਿਸ ਵਿਚ ਤਰਨ ਤਾਰਨ ਤੇ ਅੰਮਿਬਸਰ ਜ਼ਿਲ੍ਹੇ ਸਭ ਤੋਂ ਵੱਧ ਅਜਿਹੇ ਮਾਮਲੇ ਹਨ। ਪੀ.ਪੀ.ਸੀ.ਬੀ. ਦੇ ਅੰਕੜਿਆਂ ਅਨੁਸਾਰ ਪਿਛਲੇ 10 ਦਿਨਾਂ 'ਚ ਸੂਬੇ 'ਚ ਖੇਤਾਂ 'ਚ ਅੱਗ ਲੱਗਣ ਦੀਆਂ ਘਟਨਾਵਾਂ 'ਚ ਤਿੰਨ ਗੁਣਾ ਤੋਂ ਵੱਧ ਵਾਧਾ ਦਰਜ ਕੀਤਾ ਗਿਆ ਹੈ। 11 ਅਕਤੂਬਰ ਤੱਕ ਅਜਿਹੇ 116 ਮਾਮਲੇ ਸਾਹਮਣੇ ਆਏ ਤਰਨ ਤਾਰਨ ਜ਼ਿਲ੍ਹੇ 'ਚ ਹੁਣ ਤੱਕ 125 ਮਾਮਲੇ ਸਾਹਮਣੇ ਆਏ ਹਨ। ਇਸ ਤੋਂ ਬਾਅਦ ਅੰਮਿਬਸਰ 'ਚ 112 ਮਾਮਲੇ ਸਾਹਮਣੇ ਆਏ ਹਨ। ਪੀ.ਪੀ.ਸੀ.ਬੀ. ਦੇ ਅੰਕੜਿਆਂ ਅਨੁਸਾਰ ਪੰਜਾਬ 'ਚ 15 ਸਤੰਬਰ ਤੋਂ 20 ਅਕਤੂਬਰ ਵਿਚਕਾਰ ਖੇਤਾਂ 'ਚ ਅੱਗ ਲੱਗਣ ਦੀਆਂ 353 ਘਟਨਾਵਾਂ ਸਾਹਮਣੇ ਆਈਆਂ ਹਨ। ਫਿਰੋਜ਼ਪੁਰ 'ਚ 27, ਪਟਿਆਲਾ 'ਚ 23 ਤੇ ਸੰਗਰੂਰ 'ਚ 8 ਮਾਮਲੇ ਸਾਹਮਣੇ ਆਏ ਹਨ।

ਪਰਾਲੀ ਸਾੜਨ ਵਾਲਿਆਂ 'ਤੇ ਦਰਜ ਐਫ.ਆਈ.ਆਰ. ਤੇ ਜੁਰਮਾਨੇ-ਪਰਾਲੀ ਸਾੜਨ ਵਾਲਿਆਂ 'ਤੇ ਹੁਣ ਤੱਕ 147 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ ਤੇ 6 ਲੱਖ 50 ਹਜ਼ਾਰ ਰੁਪਏ ਤੋਂ ਵੱਧ ਦੇ ਜੁਰਮਾਨੇ ਲਗਾਏ ਗਏ ਹਨ। ਇਨ੍ਹਾਂ 'ਚੋਂ 132 ਮਾਮਲਿਆਂ 'ਚ ਵਾਤਾਵਰਨ ਨੂੰ ਨੁਕਸਾਨ ਦੇ ਤੌਰ 'ਤੇ ਜੁਰਮਾਨਾ ਲਗਾਇਆ ਗਿਆ ਹੈ, ਜਿਸ 'ਚੋਂ 4 ਲੱਖ 70 ਹਜ਼ਾਰ ਰੁਪਏ ਤੋਂ ਵੱਧ ਦੀ ਵਸੂਲੀ ਕੀਤੀ ਜਾ ਚੁੱਕੀ ਹੈ। ਸਭ ਤੋਂ ਵੱਧ ਐਫ.ਆਈ.ਆਰ. ਤਰਨ ਤਾਰਨ (61) ਤੇ ਅੰਮ੍ਰਿਤਸਰ (37) 'ਚ ਦਰਜ ਕੀਤੀਆਂ ਗਈਆਂ ਹਨ।

## ਪੰਥਕ ਧਿਰਾਂ ਵਲੋਂ ਭਾਈ ਮਨਦੀਪ ਸਿੰਘ ਨੇ ਕੀਤੇ ਨਾਮਜ਼ਦਗੀ ਪੱਤਰ ਦਾਖਲ



ਤਰਨ ਤਾਰਨ-ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੇ ਅਤੇ ਪੰਥਕ ਧਿਰਾਂ ਵਲੋਂ ਤਰਨ ਤਾਰਨ ਜ਼ਿਮਨੀ ਚੋਣ ਲਈ ਐਲਾਨੇ ਗਏ ਸਾਂਝੇ ਉਮੀਦਵਾਰ ਭਾਈ ਮਨਦੀਪ ਸਿੰਘ ਨੇ ਐੱਸ.ਡੀ.ਐੱਮ. ਗੁਰਮੀਤ ਸਿੰਘ ਕੋਲ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰਵਾਏ। ਇਸ ਮੌਕੇ ਉਨ੍ਹਾਂ ਨਾਲ ਸੰਸਦ ਮੈਂਬਰ ਭਾਈ ਅੰਮਿਬਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ, ਸੰਸਦ ਮੈਂਬਰ ਭਾਈ ਸਰਬਜੀਤ ਸਿੰਘ ਖ਼ਾਲਸਾ, ਅਕਾਲੀ ਦਲ ਪੁਨਰ ਸੁਰਜੀਤ ਤੋਂ ਸੁਰਜੀਤ ਸਿੰਘ ਰੱਖੜਾ, ਜਗਦੀਸ਼ ਸਿੰਘ ਝੀਂਡਾ, ਸੁੱਚਾ ਸਿੰਘ ਛੋਟੇਪੁਰ, ਇਮਾਨ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਉਨ੍ਹਾਂ ਦੇ ਸਮਰਥਕ ਆਗੂ ਮੌਜੂਦ ਸਨ। ਨਾਮਜ਼ਦਗੀ ਪੱਤਰ ਦਾਖ਼ਲ ਕਰਨ ਤੋਂ ਬਾਅਦ ਭਾਈ ਸਰਬਜੀਤ ਸਿੰਘ ਖ਼ਾਲਸਾ ਅਤੇ ਬਾਪੂ ਤਰਸੇਮ ਸਿੰਘ ਨੇ ਕਿਹਾ ਕਿ ਅੱਜ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਸਮੇਂ ਸੰਗਤਾਂ ਦੇ ਵੱਡੇ ਇਕੱਠ ਨੇ ਜੋ ਸ਼ਮੂਲੀਅਤ ਕੀਤੀ ਹੈ, ਉਸ ਗੱਲ ਤੋਂ ਇਹ ਸਾਬਿਤ ਹੋ ਜਾਂਦੀ ਹੈ ਕਿ ਭਾਈ ਅੰਮਿਬਪਾਲ ਸਿੰਘ ਵਾਂਗ ਭਾਈ ਮਨਦੀਪ ਸਿੰਘ ਦੀ ਤਰਨ ਤਾਰਨ ਹਲਕੇ ਤੋਂ ਵੱਡੀ ਜਿੱਤ ਹੋਵੇਗੀ। ਉਨ੍ਹਾਂ ਕਿਹਾ ਕਿ ਭਾਈ ਮਨਦੀਪ ਸਿੰਘ ਦੇ ਚੋਣ ਮੈਦਾਨ ਵਿਚ ਆਉਣ ਨਾਲ ਮੌਜੂਦਾ ਸਰਕਾਰ, ਅਕਾਲੀ ਦਲ, ਕਾਂਗਰਸ ਤੇ ਭਾਜਪਾ ਨੂੰ ਹੱਥਾਂ-ਪੈਰਾਂ ਦੇ ਪੈ ਗਈ ਹੈ, ਕਿਉਂਕਿ ਕੁਝ ਹੀ ਦਿਨਾਂ ਵਿਚ ਤਰਨ ਤਾਰਨ ਹਲਕੇ ਦੇ ਲੋਕਾਂ ਨੇ ਭਾਈ ਮਨਦੀਪ ਸਿੰਘ ਦੇ ਹੱਕ ਵਿਚ ਵੱਡਾ ਸਮਰਥਨ ਦਿੱਤਾ ਹੈ।

# ਬਾਲ ਯੌਨ ਸ਼ੋਸ਼ਣ ਦੇ ਦੋਸ਼ ਲਗਣ ਕਾਰਣ ਬ੍ਰਿਟੇਨ ਦੇ ਪ੍ਰਿੰਸ ਐਂਡਰਿਊ ਨੂੰ ਛੱਡਣਾ ਪਿਆ ਸ਼ਾਹੀ ਖ਼ਿਤਾਬ

## ✪ ਪੀਡੋਫਾਈਲ ਐਪਸਟੀਨ ਨਾਲ ਜੁੜੇ ਸਬੰਧਾਂ ਕਾਰਨ ਲਿਆ ਵੱਡਾ ਫੈਸਲਾ ✪ 7 ਸਾਲਾ ਲੂਇਸ ਨੂੰ ਮਿਲ ਸਕਦਾ ਏ ਵੱਡਾ ਤੋਹਫ਼ਾ ?



ਲੰਡਨ-ਬ੍ਰਿਟੇਨ ਦੇ ਰਾਜ-ਘਰਾਨੇ ਵਿੱਚ ਇੱਕ ਵੱਡਾ ਝਟਕਾ ਲੱਗਿਆ ਹੈ। ਰਾਜਕੁਮਾਰ ਐਂਡਰਿਊ ਨੇ ਆਪਣੀਆਂ ਸਾਰੀਆਂ ਸ਼ਾਹੀ ਉਪਾਧੀਆਂ ਅਤੇ ਸਨਮਾਨਾਂ ਨੂੰ ਛੱਡ ਦੇਣ ਦੀ ਘੋਸ਼ਣਾ ਕਰ ਦਿੱਤੀ ਹੈ। ਇਸ ਵਿੱਚ ਡਿਊਕ ਆਫ਼ ਯਾਰਕ ਦੀ ਪ੍ਰਸਿੱਧ ਉਪਾਧੀ ਵੀ ਸ਼ਾਮਲ ਹੈ, ਜੋ ਉਹਨਾਂ ਨੂੰ ਉਹਨਾਂ ਦੀ ਮਾਤਾ ਮਹਾਰਾਨੀ ਐਲਿਜ਼ਾਬਥ ਦੂਜੀ ਨੇ 1986 ਵਿੱਚ ਦਿੱਤੀ ਸੀ। 65 ਸਾਲ ਦੇ ਐਂਡਰਿਊ ਦਾ ਇਹ ਫੈਸਲਾ ਉਹਨਾਂ ਦੇ ਪੁਰਾਣੇ ਦੋਸਤ ਅਤੇ ਬਾਲ ਯੌਨ ਸ਼ੋਸ਼ਣ ਦਾ ਦੋਸ਼ੀ ਜੈਫਰੀ ਐਪਸਟੀਨ ਨਾਲ ਜੁੜੇ ਸਬੰਧਾਂ ਕਾਰਨ ਆਇਆ ਹੈ। ਬਕਿੰਘਮ ਪੈਲੇਸ ਤੋਂ ਜਾਰੀ ਬਿਆਨ ਵਿੱਚ ਐਂਡਰਿਊ ਨੇ ਕਿਹਾ ਕਿ ਉਹ ਅੱਜ ਤੋਂ ਆਪਣੀਆਂ ਉਪਾਧੀਆਂ ਜਾਂ ਸਨਮਾਨਾਂ ਦਾ ਉਪਯੋਗ ਨਹੀਂ ਕਰਨਗੇ। ਇਸ ਨਾਲ ਰਾਜਘਰਾਨੇ ਦੀ ਇਮੇਜ਼ ਨੂੰ ਹੋਰ ਨੁਕਸਾਨ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਐਂਡਰਿਊ ਨੇ ਬਿਆਨ ਵਿੱਚ ਕਿਹਾ, "ਮੈਂ ਹਮੇਸ਼ਾ ਵਾਂਗ ਆਪਣੇ ਪਰਿਵਾਰ ਅਤੇ ਦੇਸ਼ ਪ੍ਰਤੀ ਆਪਣੇ ਫਰਜ਼ ਨੂੰ ਸਭ ਤੋਂ ਉੱਪਰ ਰੱਖਿਆ ਹੈ। ਅਸੀਂ ਇਸ ਨਤੀਜੇ 'ਤੇ ਪਹੁੰਚੇ ਹਾਂ ਕਿ ਮੇਰੇ ਉੱਤੇ ਲਗਾਤਾਰ ਲੱਗ ਰਹੇ ਇਲਜ਼ਾਮ ਰਾਜਘਰਾਨੇ ਦੇ ਕੰਮਕਾਜ ਵਿੱਚ ਰੁਕਾਵਟ ਪਾ ਰਹੇ ਹਨ।" ਹਾਲਾਂਕਿ, ਉਹਨਾਂ ਨੇ ਆਪਣੇ ਉੱਤੇ ਲੱਗੇ ਸਾਰੇ ਇਲਜ਼ਾਮਾਂ ਨੂੰ ਸਖ਼ਤੀ ਨਾਲ ਰੱਦ ਕੀਤਾ ਹੈ। ਇਹ ਘੋਸ਼ਣਾ ਅਜਿਹੇ ਸਮੇਂ ਆਈ ਹੈ ਜਦੋਂ ਐਪਸਟੀਨ ਨਾਲ ਜੁੜੀਆਂ ਨਵੀਆਂ ਕਹਾਣੀਆਂ ਅਤੇ ਪੀੜਤਾਂ ਦੇ ਬਿਆਨ ਬ੍ਰਿਟਿਸ਼ ਮੀਡੀਆ ਵਿੱਚ ਛਾਏ ਹੋਏ ਹਨ। ਐਂਡਰਿਊ 2019 ਵਿੱਚ ਹੀ ਐਪਸਟੀਨ ਕਾਂਡ ਕਾਰਨ ਜਨਤਕ ਜੀਵਨ ਤੋਂ ਅਲੱਗ ਹੋ ਗਏ ਸਨ, ਪਰ ਹੁਣ ਇਹ ਫੈਸਲਾ ਉਹਨਾਂ ਨੇ ਪੂਰੀ ਤਰ੍ਹਾਂ ਰਾਜਘਰਾਨੇਦੇ ਅਕਸ ਨੂੰ ਬਚਾਉਣ ਲਈ ਲਿਆ ਹੈ।

### ਪੀਡੋਫਾਈਲ ਐਪਸਟੀਨ ਨਾਲ ਜੁੜੇ ਸਬੰਧ

ਜੈਫਰੀ ਐਪਸਟੀਨ ਇੱਕ ਅਮੀਰ ਅਮਰੀਕੀ ਫਾਈਨੈਂਸ਼ੀਅਰ ਸੀ, ਜਿਸ ਨੂੰ 2019 ਵਿੱਚ ਬਾਲ ਯੌਨ ਸ਼ੋਸ਼ਣ ਅਤੇ ਟ੍ਰੈਫਿਕਿੰਗ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ ਜੇਲ੍ਹ ਵਿੱਚ ਹੀ ਮਰ ਗਿਆ, ਪਰ ਉਸ ਦੇ ਨੈੱਟਵਰਕ ਵਿੱਚ ਬ੍ਰਿਟੇਨ ਦੇ ਰਾਜਕੁਮਾਰ ਐਂਡਰਿਊ ਦਾ ਨਾਂ ਸਭ ਤੋਂ ਵੱਧ ਆਇਆ। ਐਂਡਰਿਊ ਅਤੇ ਐਪਸਟੀਨ ਦੀ ਦੋਸਤੀ 1990ਵਿਆਂ ਤੋਂ ਚੱਲ ਰਹੀ ਸੀ। ਐਂਡਰਿਊ ਨੇ ਐਪਸਟੀਨ ਦੇ ਨਿਊਯਾਰਕ ਅਤੇ ਲੰਡਨ ਵਾਲੇ ਘਰਾਂ ਵਿੱਚ ਰੁਕਣਾ ਅਤੇ ਉਸ ਨਾਲ ਘੁੰਮਣਾ ਸਵੀਕਾਰ ਕੀਤਾ ਸੀ। ਪਰ ਸਭ ਤੋਂ ਵੱਡਾ ਇਲਜ਼ਾਮ ਵਿਗਿਨੀਆ ਗਿਊਫਰੇ ਨਾਲ ਜੁੜਿਆ ਹੈ, ਜਿਸ ਨੇ ਦਾਅਵਾ ਕੀਤਾ ਕਿ ਉਹ 17 ਸਾਲ ਦੀ ਉਮਰ ਵਿੱਚ ਐਪਸਟੀਨ ਦੇ ਹੁਕਮਾਂ 'ਤੇ ਐਂਡਰਿਊ ਨਾਲ ਤਿੰਨ ਵਾਰ ਯੌਨ ਸਬੰਧ ਬਣਾਏ। ਇਹ ਘਟਨਾਵਾਂ 2001 ਵਿੱਚ ਵਾਪਰੀਆਂ ਸਨ।

ਗਿਊਫਰੇ ਨੇ 2022 ਵਿੱਚ ਐਂਡਰਿਊ ਵਿਰੁੱਧ ਕੇਸ ਵੀ ਦਾਇਰ ਕੀਤਾ ਸੀ, ਜਿਸ ਨੂੰ ਐਂਡਰਿਊ ਨੇ 12 ਮਿਲੀਅਨ ਡਾਲਰ ਦੇ ਸਮਝੌਤੇ ਨਾਲ ਨਿਪਟਾਇਆ। ਪਰ ਹੁਣ ਐਪਸਟੀਨ ਦੇ ਹੋਰ ਪੀੜਤਾਂ ਨੇ ਵੀ ਐਂਡਰਿਊ ਦੇ ਨਾਂ ਲਏ ਹਨ। ਬ੍ਰਿਟਿਸ਼ ਅਦਾਲਤ ਵਿੱਚ ਚੱਲ ਰਹੇ ਕੇਸਾਂ ਵਿੱਚ ਐਂਡਰਿਊ ਦੇ ਫੋਟੋਆਂ ਅਤੇ ਈਮੇਲਾਂ ਸਾਹਮਣੇ ਆ ਰਹੀਆਂ ਹਨ। ਇਸ ਨਾਲ ਰਾਜਘਰਾਨੇ ਦੇ ਅਕਸ ਨੂੰ ਗੰਭੀਰ ਨੁਕਸਾਨ ਪਹੁੰਚ ਰਿਹਾ ਸੀ। ਐਂਡਰਿਊ ਨੇ ਕਿਹਾ ਸੀ ਕਿ ਉਹ ਗਿਊਫਰੇ ਨੂੰ ਨਹੀਂ ਜਾਣਦੇ ਅਤੇ ਉਸ ਸਮੇਂ ਯੂਐੱਸ ਵਿੱਚ ਨਹੀਂ ਸਨ, ਪਰ ਉਹਨਾਂ ਦੇ ਬਿਆਨਾਂ ਨੂੰ ਝੂਠਾ ਸਾਬਤ ਕਰਨ ਵਾਲੇ ਸਬੂਤ ਮੀਡੀਆ ਵਿੱਚ ਆ ਚੁੱਕੇ ਹਨ।

ਰਾਜੇ ਚਾਰਲਜ਼ ਤੀਜੇ ਨੇ ਐਂਡਰਿਊ ਨੂੰ ਰਾਜਘਰਾਨੇ ਦੇ ਕੰਮਾਂ ਤੋਂ ਪੂਰੀ ਤਰ੍ਹਾਂ ਕਢ ਦਿੱਤਾ ਸੀ। ਬ੍ਰਿਟਿਸ਼ ਅਖ਼ਬਾਰਾਂ ਵਿੱਚ ਲਿਖਿਆ ਗਿਆ ਹੈ ਕਿ ਐਂਡਰਿਊ ਨੂੰ ਰਾਇਲ ਲੌਜ ਵਿੱਚ ਵੀ ਨਹੀਂ ਰਹਿਣ ਦਿੱਤਾ ਜਾਵੇਗਾ। ਇਹ ਸਭ ਕੁਝ ਅਜਿਹੇ ਸਮੇਂ ਵਿੱਚ ਹੋ ਰਿਹਾ ਸੀ ਜਦੋਂ ਰਾਜਘਰਾਨੇ ਨੂੰ ਪਹਿਲਾਂ ਹੀ ਪ੍ਰਿੰਸ ਹੈਰੀ ਅਤੇ ਮੇਘਨ ਮਾਰਕਲ ਦੇ ਵਿਵਾਦਾਂ ਕਾਰਨ ਨੁਕਸਾਨ ਹੋ ਚੁੱਕਾ ਹਸੀ। ਐਂਡਰਿਊ ਦੇ ਇਲਜ਼ਾਮਾਂ ਨੇ ਰਾਜਘਰਾਨੇ ਦੀ ਆਮਦਨੀ ਵਾਲੇ ਟਰੱਸਟਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਲੋਕਾਂ ਵਿੱਚ ਗੁੱਸਾ ਵਧ ਰਿਹਾ ਹੈ ਕਿ ਟੈਕਸ ਦੇ ਪੈਸੇ ਨਾਲ ਐਂਡਰਿਊ ਨੂੰ ਸਹਾਇਤਾ ਕਿਉਂ ਮਿਲੇ। ਇਸ ਦਬਾਅ ਨੇ ਐਂਡਰਿਊ ਨੂੰ ਉਪਾਧੀਆਂ ਛੱਡਣ ਲਈ ਮਜਬੂਰ ਕੀਤਾ ਹੈ।

## ਐਪਸਟੀਨ ਦੀ ਜ਼ਿੰਦਗੀ ਅਤੇ ਅਪਰਾਧ

ਐਪਸਟੀਨ ਵਾਲ ਸਟ੍ਰੀਟ 'ਤੇ ਬੈਂਕਰ ਬਣਿਆ ਅਤੇ ਬਿਲੀਅਨੀਅਰ ਬਣ ਗਿਆ। ਉਸ ਨੇ ਆਪਣੀ ਫਾਈਨੈਂਸ ਕੰਪਨੀ ਚਲਾਈ ਅਤੇ ਅਮੀਰ ਲੋਕਾਂ (ਜਿਵੇਂ ਬਿੱਲ ਗੇਟਸ, ਬਿੱਲ ਕਲਿੰਟਨ) ਨਾਲ ਜਾ ਜੁੜਿਆ।

ਉਹ ਬੱਚਿਆਂ ਨਾਲ ਯੌਨ ਸ਼ੋਸ਼ਣ ਕਰਨ ਦਾ ਦੋਸ਼ੀ ਸੀ। ਉਹ 14-17 ਸਾਲਾ ਲੜਕੀਆਂ ਨੂੰ ਪੈਸੇ ਦੇ ਲਾਲਚ ਦੇਕੇ ਆਪਣੇ ਨਿਊਯਾਰਕ, ਫਲੋਰੀਡਾ ਅਤੇ ਖਾਸ ਟਾਪੂ 'ਤੇ ਲਿਆਉਂਦਾ ਅਤੇ ਉਹਨਾਂ ਨਾਲ ਯੌਨ ਸਬੰਧ ਬਣਾਉਂਦਾ। ਫਿਰ ਉਹਨਾਂ ਨੂੰ ਆਪਣੇ ਅਮੀਰ ਦੋਸਤਾਂ ਨੂੰ ਵੀ 'ਸਾਂਝਾ' ਕਰਦਾ ਸੀ।

ਪ੍ਰਿੰਸ ਐਂਡਰਿਊ ਨਾਲ ਸਬੰਧ: ਐਪਸਟੀਨ ਦਾ ਐਂਡਰਿਊ ਨਾਲ 20 ਸਾਲ ਪੁਰਾਣੀ ਦੋਸਤੀ ਸੀ। ਐਂਡਰਿਊ ਐਪਸਟੀਨ ਦੇ ਘਰਾਂ ਵਿੱਚ ਰਹਿੰਦਾ , ਘੁੰਮਣਾ ਫਿਰਦਾ ਸੀ। ਇੱਕ 17 ਸਾਲ ਪੀੜਤਾ ਵਿਗਿਨੀਆ ਗਿਊਫਰੇ ਨੇ ਦਾਅਵਾ ਕੀਤਾ ਸੀ ਕਿ ਐਂਡਰਿਊ ਨੇ ਵੀ ਦੀ ਉਸ ਨਾਲ ਯੌਨ ਸਬੰਧ ਬਣਾਏ।

ਗ੍ਰਿਫ਼ਤਾਰੀ: 2008 ਵਿੱਚ ਫਲੋਰੀਡਾ ਵਿੱਚ ਗ੍ਰਿਫ਼ਤਾਰ ਹੋਇਆ, ਪਰ ਅਮੀਰ ਹੋਣ ਕਾਰਨ ਹਲਕੀ ਸਜ਼ਾ ਮਿਲੀ। 2019 ਵਿੱਚ ਦੁਬਾਰਾ ਗ੍ਰਿਫ਼ਤਾਰ ਹੋਇਆ ਤਾਂ ਜੇਲ੍ਹ ਵਿੱਚ ਮਰ ਗਿਆ।

ਐਪਸਟੀਨ ਦੀ ਸਹਿਯੋਗੀ ਔਰਤ: ਗਿਸਲੇਨ ਮੈਕਸਵੈੱਲ ਪੈਸਿਆਂ ਦਾ ਲਾਲਚ ਦੇਕੇ ਲੜਕੀਆਂ ਨੂੰ ਐਪਸਟੀਨ ਤੱਕ ਲਿਆਉਂਦੀ ਸੀ।

2021 ਵਿੱਚ ਉਸ ਨੂੰ 20 ਸਾਲ ਦੀ ਸਜ਼ਾ ਹੋਈ।

### ਐਂਡਰਿਊ ਰਾਜਕੁਮਾਰ ਬਣੇ ਰਹਿਣਗੇ, ਪਰ ਉਪਾਧੀਆਂ ਅਤੇ ਸਨਮਾਨ ਗਏ

ਐਂਡਰਿਊ ਨੇ ਉਪਾਧੀਆਂ ਛੱਡ ਦਿੱਤੀਆਂ ਹਨ, ਪਰ ਉਹ ਅਜੇ ਵੀ ਰਾਜਕੁਮਾਰ ਐਂਡਰਿਊ ਵਜੋਂ ਜਾਣੇ ਜਾਣਗੇ। ਬਕਿੰਘਮ ਪੈਲੇਸ ਨੇ ਸਪੱਸ਼ਟ ਕੀਤਾ ਹੈ ਕਿ ਉਹਨਾਂ ਨੂੰ ਰਾਜਕੁਮਾਰ ਦਾ ਹੱਕ ਨਹੀਂ ਖੋਹਿਆ ਗਿਆ। ਪਰ ਡਿਊਕ ਆਫ਼ ਯਾਰਕ ਦੀ ਉਪਾਧੀ ਖਤਮ ਹੋ ਗਈ ਹੈ। ਇਸ ਨਾਲ ਉਹਨਾਂ ਦੀ ਪੂਰਵ ਪਤਨੀ ਸਾਰਾ ਫਰਗੂਸਨ ਵੀ ਡਚਸ ਆਫ਼ ਯਾਰਕ ਨਹੀਂ ਰਹੇਗੀ। ਐਂਡਰਿਊ ਨੇ ਆਰਡਰ ਆਫ਼ ਦ ਗਾਰਟਰ ਦੀ ਮੈਂਬਰਸ਼ਿਪ ਵੀ ਛੱਡ ਦਿੱਤੀ ਹੈ, ਜੋ ਬ੍ਰਿਟੇਨ ਦਾ ਸਭ ਤੋਂ ਵੱਡਾ ਨਾਈਟਹੁਡ ਸਨਮਾਨ ਹੈ। ਇਹ ਸਨਮਾਨ 1348 ਵਿੱਚ ਸ਼ੁਰੂ ਹੋਇਆ ਸੀ ਅਤੇ ਸਿਰਫ਼ ਵਿਸ਼ੇਸ਼ ਲੋਕਾਂ ਨੂੰ ਮਿਲਦਾ ਹੈ।

ਐਂਡਰਿਊ ਨੂੰ ਹੁਣ ਰਾਜਘਰਾਨੇ ਦੇ ਕਿਸੇ ਵੀ ਅਧਿਕਾਰੀ ਕੰਮ ਵਿੱਚ ਹਿੱਸਾ ਨਹੀਂ ਲਵੇਗਾ। ਉਹ ਕਿਸੇ ਵੀ ਰਾਇਲ ਇਵੈਂਟ ਵਿੱਚ ਨਹੀਂ ਦਿਖਣਗੇ। ਇਹ ਫੈਸਲਾ ਰਾਜੇ ਚਾਰਲਜ਼ ਦੀ ਸਲਾਹ ਨਾਲ ਲਿਆ ਗਿਆ ਹੈ, ਜੋ ਰਾਜਘਰਾਨੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹਨ। ਬ੍ਰਿਟਿਸ਼ ਮੀਡੀਆ ਅਨੁਸਾਰ, ਐਂਡਰਿਊ ਨੂੰ ਰਾਇਲ ਫੰਡਾਂ ਤੋਂ ਵੀ ਪੈਸੇ ਨਹੀਂ ਮਿਲਣਗੇ। ਉਹਨਾਂ ਨੂੰ ਆਪਣੇ ਖਰਚੇ ਆਪ ਚੁੱਕਣੇ ਪੈਣਗੇ। ਇਹ ਸਭ ਰਾਜਘਰਾਨੇ ਦੇ ਅਕਸ ਨੂੰ ਬਚਾਉਣ ਲਈ ਹੈ। ਐਂਡਰਿਊ ਦੀਆਂ ਦੋ ਧੀਆਂ, ਪ੍ਰਿੰਸੈੱਸ ਬੀਟ੍ਰਿਸ ਅਤੇ ਪ੍ਰਿੰਸੈੱਸ ਯੂਗੇਨੀ, ਅਜੇ ਵੀ ਰਾਜਘਰਾਨੇ ਨਾਲ ਜੁੜੀਆਂ ਹਨ ਅਤੇ ਉਹਨਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ। ਪਰ ਇਹ ਵਿਵਾਦ ਉਹਨਾਂ ਲਈ ਵੀ ਸ਼ਰਮਿੰਦਗੀ ਦਾ ਕਾਰਨ ਬਣ ਰਿਹਾ ਹੈ।

ਰਾਜਘਰਾਨੇ ਦੇ ਇਤਿਹਾਸ ਵਿੱਚ ਅਜਿਹਾ ਵੀ ਵਾਪਰ ਚੁੱਕਾ ਹੈ। 1936 ਵਿੱਚ ਰਾਜਾ ਐਡਵਰਡ ਅੱਠਵੇਂ ਨੇ ਪਿਆਰ ਕਾਰਨ ਤਾਜ ਛੱਡ ਦਿੱਤਾ ਸੀ। ਪਰ ਐਂਡਰਿਊ ਦਾ ਕੇਸ ਵਧੇਰੇ ਗੰਭੀਰ ਹੈ ਕਿਉਂਕਿ ਇਹ ਅਪਰਾਧ ਨਾਲ ਜੁੜਿਆ ਹੈ।

### ਕੌਣ ਬਣੇਗਾ ਅਗਲਾ ਡਿਊਕ ਆਫ਼ ਯਾਰਕ ?

ਡਿਊਕ ਆਫ਼ ਯਾਰਕ ਦੀ ਉਪਾਧੀ ਛੱਡਣ ਨਾਲ ਇਹ ਸਵਾਲ ਉੱਠ ਰਿਹਾ ਹੈ ਕਿ ਅਗਲਾ ਕੌਣ ਬਣੇਗਾ? ਰਾਜਘਰਾਨੇ ਦੇ ਨਿਯਮਾਂ ਅਨੁਸਾਰ, ਇਹ ਉਪਾਧੀ ਰਾਜੇ ਦੇ ਦੂਜੇ ਪੁੱਤਰ ਨੂੰ ਮਿਲਦੀ ਹੈ। ਐਂਡਰਿਊ ਦੇ ਕੋਈ ਪੁੱਤਰ ਨਹੀਂ ਹਨ, ਇਸ ਲਈ ਉਹਨਾਂ ਦੀ ਮੌਤ ਤੋਂ ਬਾਅਦ ਇਹ ਉਪਾਧੀ ਕ੍ਰਾਊਨ ਕੋਲ ਵਾਪਸ ਆ ਜਾਵੇਗੀ। ਰਾਜੇ ਚਾਰਲਜ਼ ਚਾਹੁਣ ਤਾਂ ਇਸ ਨੂੰ ਕਿਸੇ ਨੂੰ ਵੀ ਦੇ ਸਕਦੇ ਹਨ, ਪਰ ਪਰੰਪਰਾ ਅਨੁਸਾਰ ਇਹ ਪ੍ਰਿੰਸ ਵਿਲੀਅਮ ਦੇ ਦੂਜੇ ਪੁੱਤਰ ਨੂੰ ਮਿਲੇਗੀ।

ਪ੍ਰਿੰਸ ਵਿਲੀਅਮ ਤਾਜ ਦੇ ਸਭ ਤੋਂ ਵੱਡੇ ਵਾਰਸ ਹਨ। ਉਹਨਾਂ ਦੇ ਤਿੰਨ ਬੱਚੇ ਹਨ - ਜਾਰਜ, ਚਾਰਲਟ ਅਤੇ ਲੂਇਸ। 7 ਸਾਲ ਦੇ ਪ੍ਰਿੰਸ ਲੂਇਸ ਨੇੜਲੇ ਉਮੀਦਵਾਰ ਹਨ। ਜੇ ਉਹਨਾਂ ਨੂੰ ਇਹ ਉਪਾਧੀ ਮਿਲੀ ਤਾਂ ਉਹ ਬਚਪਨ ਵਿੱਚ ਹੀ ਡਿਊਕ ਆਫ਼ ਯਾਰਕ ਬਣ ਜਾਣਗੇ। ਪਰ ਆਮ ਤੌਰ 'ਤੇ ਅਜਿਹੀਆਂ ਉਪਾਧੀਆਂ ਨੂੰ ਬੱਚਿਆਂ ਨੂੰ ਵੀ ਦਿੱਤਾ ਜਾਂਦਾ ਹੈ ਅਤੇ ਉਹ ਵੱਡੇ ਹੋਣ 'ਤੇ ਇਸ ਨੂੰ ਅਪਣਾਉਂਦੇ ਹਨ। ਬ੍ਰਿਟਿਸ਼ ਮੀਡੀਆ ਅਨੁਸਾਰ, ਰਾਜੇ ਚਾਰਲਜ਼ ਇਸ ਬਾਰੇ ਸੋਚ ਰਹੇ ਹਨ ਅਤੇ ਜਲਦੀ ਹੀ ਐਲਾਨ ਹੋ ਸਕਦਾ ਹੈ।

ਪ੍ਰਿੰਸ ਹੈਰੀ ਵੀ ਰੇਸ ਵਿੱਚ ਹਨ, ਪਰ ਉਹ ਅਤੇ ਮੇਘਨ ਨੇ 2020 ਵਿੱਚ ਰਾਜਘਰਾਨੇ ਤੋਂ ਅਲੱਗ ਹੋ ਗਏ ਸਨ। ਉਹਨਾਂ ਨੇ ਆਪਣੇ ਰਾਇਲ ਟਾਈਟਲ ਛੱਡ ਦਿੱਤੇ ਹਨ ਅਤੇ ਅਮਰੀਕਾ ਵਿੱਚ ਰਹਿੰਦੇ ਹਨ। ਇਸ ਲਈ ਉਹਨਾਂ ਨੂੰ ਇਹ ਉਪਾਧੀ ਨਹੀਂ ਮਿਲੇਗੀ। ਹੁਣ ਲੂਇਸ ਦੇ ਵੱਡੇ ਹੋਣ ਦਾ ਇੰਤਜ਼ਾਰ ਹੈ। ਇਹ ਉਪਾਧੀ ਯਾਰਕ ਸ਼ਹਿਰ ਨਾਲ ਜੁੜੀ ਹੈ ਅਤੇ ਰਾਜ ਘਰਾਨੇ ਦੀ ਵਿਰਾਸਤ ਨੂੰ ਜਾਰੀ ਰੱਖਦੀ ਹੈ।


ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਪੰਛੀ, ਦਰਿਆ ਅਤੇ ਹਵਾ ਤਿੰਨਾਂ ਵਾਸਤੇ ਹੀ ਸਰਹੱਦਾਂ ਦੀ ਕੋਈ ਅਹਿਮੀਅਤ ਨਹੀਂ ।

# ਡਰੱਗ ਦੇ ਕਥਿਤ ਸੌਦਾਗਰ ਜਾਂ ਡਰਗ ਵਿਰੋਧੀ ਨਾਇਕ, ਭ੍ਰਿਸ਼ਟਾਚਾਰੀ ਵੱਡੇ ਪੁਲਿਸ ਅਫਸਰ, 'ਆਪ' ਸਰਕਾਰ ਕਿਉਂ ਫੇਲ

ਪੰਜਾਬ ਦਾ ਰਾਜਨੀਤਕ ਅਤੇ ਪ੍ਰਸ਼ਾਸਕੀ ਮੰਚ ਹੁਣੇ ਹੀ ਇੱਕ ਵੱਡੀ ਘਟਨਾ ਨਾਲ ਹਿੱਲ ਗਿਆ ਹੈ। ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੀ ਸਰਕਾਰ ਦੀ 'ਜ਼ੀਰੋ ਟਾਲਰੈਂਸ' ਨੀਤੀ ਨੂੰ ਦੁਹਰਾਉਂਦੇ ਹੋਏ, ਡਿਪਟੀ ਇੰਸਪੈਕਟਰ ਜਨਰਲ (ਡੀਆਈਜੀ) ਹਰਚਰਨ ਸਿੰਘ ਭੁੱਲਰ ਨੂੰ ਮੁਅੱਤਲ ਕਰ ਦਿੱਤਾ ਸੀ। ਇਸ ਅਧਿਕਾਰੀ ਨੂੰ ਹਾਲ ਹੀ ਵਿੱਚ ਕੇਂਦਰੀ ਏਜੰਸੀ ਨੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। 16 ਅਕਤੂਬਰ 2025 ਤੋਂ ਲੈ ਕੇ ਉਹ ਮੁਅੱਤਲ ਰਹੇਗਾ।

ਹਰਚਰਨ ਸਿੰਘ ਭੁੱਲਰ ਇੱਕ ਆਈਪੀਐਸ ਅਧਿਕਾਰੀ ਹੈ, ਜਿਸ ਨੂੰ 2022 ਵਿੱਚ ਆਪ ਸਰਕਾਰ ਆਉਣ ਤੋਂ ਬਾਅਦ ਨਸ਼ਾ ਮੁਕਤ ਪੰਜਾਬ ਮੁਹਿੰਮ ਵਿੱਚ ਮੁੱਖ ਭੂਮਿਕਾ ਨਿਭਾਉਣ ਲਈ ਚੁਣਿਆ ਗਿਆ ਸੀ। ਉਸ ਨੇ ਸੈਂਕੜੇ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਵਾਇਆ ਸੀ। ਪਰ ਹੁਣ ਉਸ ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਹਨ - ਪੈਸੇ ਵੰਡਣ, ਆਪਣੇ ਲਾਭ ਲਈ ਪੁਲਿਸ ਤਾਕਤ ਦੀ ਵਰਤੋਂ ਅਤੇ ਨਸ਼ਾ ਮਾਮਲਿਆਂ ਵਿੱਚ ਲਾਪਰਵਾਹੀ। ਕੇਂਦਰੀ ਏਜੰਸੀ ਵੱਲੋਂ ਗ੍ਰਿਫ਼ਤਾਰੀ ਤੋਂ ਬਾਅਦ ਮੁੱਖ ਮੰਤਰੀ ਨੇ ਤੁਰੰਤ ਮੁਅੱਤਲੀ ਦਾ ਐਲਾਨ ਕੀਤਾ ਹੈ। ਪੰਜਾਬ ਦੇ ਮੁਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ "ਕੋਈ ਵੀ ਅਧਿਕਾਰੀ ਜਾਂ ਸਿਆਸਤਦਾਨ, ਭਾਵੇਂ ਉਸਦਾ ਅਹੁਦਾ ਵੱਡਾ ਹੋਵੇ, ਭ੍ਰਿਸ਼ਟਾਚਾਰ ਵਿੱਚ ਫਸਿਆ ਤਾਂ ਬਖਸ਼ਿਆ ਨਹੀਂ ਜਾਵੇਗਾ।"

ਇਹ ਘਟਨਾ ਪੰਜਾਬ ਦੀ ਸਰਕਾਰ ਲਈ ਵੱਡੀ ਚੁਣੌਤੀ ਵੀ ਹੈ। ਜੋ ਅਧਿਕਾਰੀ ਨਸ਼ਾ ਮੁਹਿੰਮ ਦਾ ਹੀਰੋ ਸੀ, ਉਹ ਖੁਦ ਭ੍ਰਿਸ਼ਟਾਚਾਰ ਵਿੱਚ ਫਸ ਗਿਆ। ਇਹ ਸਪੱਸ਼ਟ ਸੰਦੇਸ਼ ਦਿੰਦਾ ਹੈ ਕਿ ਸਿਸਟਮ ਵਿੱਚ ਭ੍ਰਿਸ਼ਟਾਚਾਰ ਇੰਨਾ ਡੂੰਘਾ ਹੈ ਕਿ ਵੱਡੇ-ਵੱਡੇ ਅਧਿਕਾਰੀ ਵੀ ਇਸ ਦੇ ਸ਼ਿਕਾਰ ਹੋ ਜਾਂਦੇ ਹਨ। 2022 ਵਿੱਚ ਆਪ ਸਰਕਾਰ ਆਉਣ ਤੋਂ ਬਾਅਦ ਉਹਨਾਂ ਨੇ ਵਾਅਦਾ ਕੀਤਾ ਸੀ ਕਿ ਨਸ਼ਾ ਅਤੇ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਮੁਕਾਇਆ ਜਾਵੇਗਾ। ਚਾਰ ਸਾਲ ਬੀਤ ਗਏ ਹਨ, ਪਰ ਨਸ਼ੇ ਦੀ ਵਿਕਰੀ ਅੱਜ ਵੀ ਜਾਰੀ ਹੈ।

ਪੰਜਾਬ ਵਿੱਚ ਹਰ ਸਾਲ ਹਜ਼ਾਰਾਂ ਨੌਜਵਾਨ ਨਸ਼ੇ ਕਾਰਨ ਜ਼ਿੰਦਗੀ ਗੁਆ ਰਹੇ ਹਨ। ਇੱਕ ਰਿਪੋਰਟ ਮੁਤਾਬਕ, 2024 ਵਿੱਚ ਪੰਜਾਬ ਵਿੱਚ ਨਸ਼ੇ ਨਾਲ ਜੁੜੇ 15,000 ਤੋਂ ਵੱਧ ਮਾਮਲੇ ਰਜਿਸਟਰ ਹੋਏ, ਪਰ ਗ੍ਰਿਫ਼ਤਾਰੀਆਂ ਦੀ ਗਿਣਤੀ ਘੱਟ ਹੀ ਰਹੀ ਸੀ। ਅਤੇ ਹੁਣ ਉਹੀ ਅਧਿਕਾਰੀ ਜੋ ਇਸ ਮੁਹਿੰਮ ਨੂੰ ਲੀਡ ਕਰ ਰਿਹਾ ਸੀ, ਖੁਦ ਭ੍ਰਿਸ਼ਟ ਨਿਕਲਿਆ। ਇਹ ਕੀ ਦਰਸਾਉਂਦਾ ਹੈ ? ਕਿ ਸਰਕਾਰ ਦੀ ਨੀਤੀ ਤਾਂ ਚੰਗੀ ਹੈ, ਪਰ ਲਾਗੂ ਕਰਨ ਵਾਲੇ ਲੋਕ ਇਮਾਨਦਾਰ ਨਹੀਂ। ਜਾਂ ਫਿਰ ਇਹ ਪੂਰਾ ਸਿਸਟਮ ਗਲਿਆ ਹੋਇਆ ਹੈ ?

ਪੰਜਾਬ ਦੇ ਇਤਿਹਾਸ ਵਿੱਚ ਵੇਖੀਏ ਤਾਂ ਭ੍ਰਿਸ਼ਟਾਚਾਰ ਕੋਈ ਨਵੀਂ ਚੀਜ਼ ਨਹੀਂ। ਅਕਾਲੀ-ਕਾਂਗਰਸ ਸਰਕਾਰਾਂ ਦੇ ਸਮੇਂ ਵਿੱਚ ਇਹ ਇੰਨਾ ਵਧ ਗਿਆ ਸੀ ਕਿ ਲੋਕ ਵੋਟ ਨਾਲ ਵੀ ਇਸ ਨੂੰ ਨਹੀਂ ਰੋਕ ਸਕੇ। ਇਮਾਨਦਾਰ ਸਰਕਾਰ ਨਹੀਂ ਭਾਲ ਸਕੇ। ਆਪ ਨੇ 2022 ਦੀਆਂ ਚੋਣਾਂ ਵਿੱਚ ਇਸੇ ਇਸ਼ੂ ਤੇ ਜਿੱਤ ਹਾਸਲ ਕੀਤੀ। ਪਰ ਅੱਜ ਤਿੰਨ ਸਾਲ ਬਾਅਦ ਵੀ ਲੋਕ ਨਸ਼ਿਆਂ ਤੇ ਭ੍ਰਿਸ਼ਟਾਚਾਰ ਕਾਰਣ ਦੁਖੀ ਹਨ। ਟਰਾਂਸਪੋਰਟ ਵਿਭਾਗ ਤੋਂ ਲੈ ਕੇ ਪੁਲਿਸ ਤੱਕ, ਹਰ ਜਗ੍ਹਾ ਭ੍ਰਿਸ਼ਟਾਚਾਰ ਦੀਆਂ ਖਬਰਾਂ ਆ ਰਹੀਆਂ ਹਨ। ਇੱਕ ਤਾਜ਼ਾ ਸਰਵੇਅ ਮੁਤਾਬਕ, ਪੰਜਾਬ ਵਿੱਚ 70 ਫੀਸਦੀ ਲੋਕ ਮੰਨਦੇ ਹਨ ਕਿ ਭ੍ਰਿਸ਼ਟਾਚਾਰ ਵਧ ਰਿਹਾ ਹੈ। ਅਤੇ ਇਸ ਘਟਨਾ ਨੇ ਇਸ ਨੂੰ ਹੋਰ ਪੱਕਾ ਕਰ ਦਿੱਤਾ। ਜੇਕਰ ਨਸ਼ਾ ਮੁਹਿੰਮ ਦਾ ਹੀਰੋ ਭ੍ਰਿਸ਼ਟ ਹੈ, ਤਾਂ ਆਮ ਲੋਕ ਕਿਵੇਂ ਵਿਸ਼ਵਾਸ ਕਰਨ ? ਇਹ ਘਟਨਾ ਸਰਕਾਰ ਲਈ ਵੱਡਾ ਝਟਕਾ ਹੈ, ਕਿਉਂਕਿ ਇਹ ਉਹਨਾਂ ਦੇ ਇਮਾਨਦਾਰੀ ਦੇ ਦਾਅਵੇ ਨੂੰ ਚੁਣੌਤੀ ਦਿੰਦੀ ਹੈ।

ਸਰਕਾਰ ਨੂੰ ਹੁਣ ਵੱਡੇ ਪੱਧਰ ਤੇ ਰਿਫਾਰਮ ਕਰਨੇ ਪੈਣਗੇ। ਪਹਿਲਾਂ ਤਾਂ ਪੁਲਿਸ ਡਿਪਾਰਟਮੈਂਟ ਵਿੱਚ ਅੰਦਰੂਨੀ ਨਿਗਰਾਨੀ ਸਿਸਟਮ ਮਜ਼ਬੂਤ ਕਰੋ। ਹਰ ਅਧਿਕਾਰੀ ਦੇ ਬੈਂਕ ਖਾਤੇ ਅਤੇ ਜਾਇਦਾਦ ਦੀ ਜਾਂਚ ਹੋਵੇ। ਦੂਜਾ, ਨਸ਼ਾ ਮੁਹਿੰਮ ਨੂੰ ਨਵਾਂ ਚਿਹਰਾ ਦਿਓ - ਨਵੇਂ ਇਮਾਨਦਾਰ ਅਧਿਕਾਰੀਆਂ ਨੂੰ ਲਿਆਓ ਅਤੇ ਲੋਕਾਂ ਨੂੰ ਸ਼ਾਮਲ ਕਰੋ। ਤੀਜਾ, ਕਾਨੂੰਨੀ ਤਹਿਤ ਭ੍ਰਿਸ਼ਟ ਅਧਿਕਾਰੀਆਂ ਦੀ ਜਾਇਦਾਦ ਜ਼ਬਤ ਕਰੋ ਅਤੇ ਉਹਨਾਂ ਨੂੰ ਜਲਦੀ ਸਜ਼ਾ ਦਿਓ। ਚੌਥਾ, ਵਿੱਤ ਵਿਭਾਗ ਅਤੇ ਟੈਂਡਰ ਪ੍ਰਕਿਰਿਆ ਵਿੱਚ ਡਿਜੀਟਲਾਈਜ਼ੇਸ਼ਨ ਵਧਾਓ ਤਾਂ ਜੋ ਰਿਸ਼ਵਤ ਖ਼ਤਮ ਹੋ ਜਾਵੇ। ਪੰਜਾਬ ਵਿੱਚ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਇੱਕ ਵਿਸ਼ੇਸ਼ ਅਥਾਰਟੀ ਬਣਾਈ ਜਾਵੇ, ਜੋ ਸੁਤੰਤਰ ਹੋਵੇ। ਇਸ ਘਟਨਾ ਨਾਲ ਪੰਜਾਬ ਦੀ ਰਾਜਨੀਤੀ ਵਿੱਚ ਵੀ ਤਬਦੀਲੀ ਆਵੇਗੀ।

ਵਿਰੋਧੀ ਪਾਰਟੀਆਂ - ਅਕਾਲੀ ਦਲ ਅਤੇ ਕਾਂਗਰਸ - ਇਸ ਨੂੰ ਆਪ ਦੇ ਖਿਲਾਫ਼ ਹਥਿਆਰ ਬਣਾ ਰਹੀਆਂ ਹਨ। ਜੇਕਰ ਸਰਕਾਰ ਆਪਣੇ ਵਾਅਦਿਆਂ ਤੇ ਕਾਇਮ ਰਹੀ ਤਾਂ ਪੰਜਾਬ ਸੱਚਮੁੱਚ ਭ੍ਰਿਸ਼ਟਾਚਾਰ ਮੁਕਤ ਬਣੇਗਾ। ਨਹੀਂ ਤਾਂ ਲੋਕਾਂ ਦਾ ਵਿਸ਼ਵਾਸ ਟੁੱਟ ਜਾਵੇਗਾ ਅਤੇ ਅਗਲੀਆਂ ਚੋਣਾਂ ਵਿੱਚ ਇਹ ਆਪ ਨੂੰ ਭਾਰੀ ਪੈ ਸਕਦਾ ਹੈ। ਅਸੀਂ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਸਰਕਾਰ, ਸੀਬੀਆਈ ਨੂੰ ਨਸ਼ਿਆਂ ਤੇ ਭ੍ਰਿਸ਼ਟਾਚਾਰ ਬਾਰੇ ਆਪਣੀਆਂ ਸ਼ਿਕਾਇਤਾਂ ਭੇਜੋ। ਅਤੇ ਸਰਕਾਰ ਨੂੰ ਚਾਹੀਦਾ ਹੈ ਕਿ ਨਾਅਰੇ ਨਹੀਂ, ਕਾਰਵਾਈ ਕਰੋ। ਪੰਜਾਬ ਨੂੰ ਇੱਕ ਸਾਫ਼-ਸੁਥਰਾ ਰਾਜ ਬਣਾਉਣ ਦਾ ਸਮਾਂ ਆ ਗਿਆ ਹੈ। ਜੇਕਰ ਅੱਜ ਨਹੀਂ, ਤਾਂ ਕਦੋਂ ? ਇਹ ਘਟਨਾ ਇੱਕ ਮੌਕਾ ਹੈ, ਇਸ ਨੂੰ ਹਥੋਂ ਨਾ ਗੁਆਉ।

-ਰਜਿੰਦਰ ਸਿੰਘ ਪੁਰੇਵਾਲ

**NEWS & VIEWS**

# DEFINITION OF *ISLAMOPHOBIA* IS NOT NECESSARY


Gurmukh Singh OBE

UK law applies equally to all citizens. Laws passed through the Public Order Act 1986 and the Racial and Religious Hatred Act 2006, *criminalize threatening words, behavior, or material intended to stir up hatred on religious, racial, or sexual orientation grounds.*

Yet, quite surprisingly, the right of freedom of speech and expression includes *the right to criticise, express dislike of or insult religions and/or the beliefs and practices of adherents.* The distinction between what is allowed under freedom of speech and what is forbidden in law as stirring up hatred on religious etc grounds, is not very clear.

Nevertheless, a special definition of hatred against one particular religious group, in this case followers of Islam, seems to be a controversial exercise. The background is that a new definition of Islamophobia is being considered by UK ministers. In February this year, the government set up *Working Group on Anti-Muslim Hatred/Islamophobia Definition to define unacceptable treatment, prejudice, discrimination and hate targeting Muslims or anyone who is perceived to be Muslim.* The Group members are: The Right Honourable Dominic Grieve KC, Chair; Professor Javed Khan OBE, Baroness Shaista Gohir OBE, Akeela Ahmed MBE and Asha Affi.

The Group was to define *Islamophobia* within six months and should have done that by now. It is not clear why the ministers feel it necessary to selectively define hatred against one religion when hatred against religious groups is generally unlawful under current law? Such continual special treatment of Islam provokes public reaction and has the opposite outcome to that intended.

According to a news report, a Sikh group, the Network of Sikh Organisations (NSO), has threatened to launch legal action if Communities Secretary Steve Reed pushes ahead with plans for an official definition of Islamophobia. The main argument against such a definition is that *it is not necessary and could damage freedom of speech and criticism of Islam, as well as hindering efforts to tackle grooming gangs.* A broad definition of Islamophobia will *interfere with the ability of Sikhs to manifest their religion and beliefs freely.*

Quite rightly, NSO argues that inciting any type of hatred against any group is illegal under current law. Indeed, a selective legal definition of hatred against any particular religious or other community would restrict freedom of speech and can cause difficulties for those who interpret religious texts and history. It is possible that a special definition of Islamophobia can make the work of Sikh and other religious ਕਥਾਕਾਰ (exegetes) of *dharam granths* and related historical texts more difficult, although, quite surprisingly, freedom of speech allows *the right to criticise, express dislike of or insult religions and/or the beliefs and practices of adherents*. In any case, no Sikh *kathakar* would *express dislike for or insult* adherents of other religions.

As reported, NSO has sent a *pre-action letter to the Government on September 19, laying out its concerns and explaining that it has been preparing a judicial review.* The minister concerned, Steve Reed, is reported as saying that *protecting freedom of speech was very important and that he would not adopt a definition at any cost.* In that case, why waste all this time and resources for one religious group? Others like the Jewish community and the Sikhs are in the same situation and also need legal protection.

Home Secretary, Shabana Mahmood, has warned that *a definition could result in special treatment that increases hatred rather than deals with it.*
British Sikhs would agree.

**Gurmukh Singh OBE,** Ret'd Principal Civil Servant (UK) sewauk2005@yahoo.co.uk

# ਪੰਜਾਬ ਸਰਕਾਰ ਨਸ਼ਾ ਤਸਕਰੀ ਕੰਟਰੋਲ ਨਾ ਕਰ ਸਕੀ: ਐਨਸੀਆਰਬੀ ਦੀ ਰਿਪੋਰਟ ਵਿਚ ਖੁਲਾਸਾ

## ✪ ਪੰਜਾਬ ਵਿਚ ਮੌਤਾਂ ਦੀ ਗਿਣਤੀ ਵਿਚ ਵਾਧਾ, ਸੰਕਟ ਬਰਕਰਾਰ ✪ ਸਰਕਾਰ ਦੀਆਂ ਨੀਤੀਆਂ 'ਤੇ ਸਵਾਲ ਉਠੇ

ਖਾਸ ਖਬਰ

ਕੌਮੀ ਅਪਰਾਧ ਰਿਕਾਰਡਜ਼ ਬਿਊਰੋ ਦੀ 2023 ਦੀ ਤਾਜ਼ਾ ਰਿਪੋਰਟ ਨੇ ਪੰਜਾਬ ਵਿਚ ਨਸ਼ੀਲੇ ਪਦਾਰਥਾਂ ਦੀ ਸਮੱਸਿਆ ਦੀ ਗੰਭੀਰਤਾ ਨੂੰ ਇੱਕ ਵਾਰ ਫਿਰ ਸਾਹਮਣੇ ਲਿਆਂਦਾ ਹੈ। ਰਿਪੋਰਟ ਅਨੁਸਾਰ, ਪੰਜਾਬ ਪ੍ਰਤੀ ਲੱਖ ਆਬਾਦੀ 'ਤੇ 25.3 ਮਾਮਲਿਆਂ ਦੇ ਨਾਲ ਨਸ਼ਾ ਤਸਕਰੀ ਵਿਚ ਦੇਸ਼ ਦਾ ਸਭ ਤੋਂ ਅਗਾਂਹਵਧੂ ਸੂਬਾ ਰਿਹਾ। ਇਸ ਦੇ ਉਲਟ, ਨਸ਼ਿਆਂ ਦੀ ਵਰਤੋਂ ਦੇ ਮਾਮਲੇ 12.4 ਪ੍ਰਤੀ ਲੱਖ ਹੀ ਰਹੇ, ਜੋ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਪੰਜਾਬ ਵਿਚ ਨਸ਼ੇ ਦੀ ਵਰਤੋਂ ਨਾਲੋਂ ਤਸਕਰੀ ਦਾ ਮਸਲਾ ਵਧੇਰੇ ਗੰਭੀਰ ਹੈ। ਸੂਬੇ ਵਿਚ ਐਨਡੀਪੀਐਸ ਐਕਟ ਅਧੀਨ 2023 ਵਿਚ 11,589 ਮਾਮਲੇ ਦਰਜ ਹੋਏ, ਜੋ ਕਿ ਕੇਰਲ (30,697) ਅਤੇ ਮਹਾਰਾਸ਼ਟਰ (15,610) ਤੋਂ ਘੱਟ ਹਨ, ਪਰ ਤਸਕਰੀ ਦੇ ਅਨੁਪਾਤ ਵਿਚ ਪੰਜਾਬ ਦੀ ਸਥਿਤੀ ਸਭ ਤੋਂ ਖਰਾਬ ਹੈ। ਗੁਆਂਢੀ ਰਾਜ ਹਿਮਾਚਲ ਪ੍ਰਦੇਸ਼ ਵੀ 21.3 ਪ੍ਰਤੀ ਲੱਖ ਦੇ ਅਨੁਪਾਤ ਨਾਲ ਤਸਕਰੀ ਵਿਚ ਦੂਜੇ ਸਥਾਨ 'ਤੇ ਹੈ, ਜਿੱਥੇ 2,146 ਮਾਮਲਿਆਂ ਵਿਚੋਂ 1,599 ਤਸਕਰੀ ਨਾਲ ਸਬੰਧਿਤ ਸਨ। ਪੰਜਾਬ ਦੀ ਸਰਹੱਦੀ ਸਥਿਤੀ ਅਤੇ ਭੂਗੋਲਿਕ ਬਣਤਰ ਨੂੰ ਇਸ ਸਮੱਸਿਆ ਦਾ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ, ਕਿਉਂਕਿ ਪਾਕਿਸਤਾਨ ਨਾਲ ਲੱਗਦੀ ਸਰਹੱਦ ਤਸਕਰੀ ਦਾ ਇੱਕ ਪ੍ਰਮੁੱਖ ਰਾਹ ਬਣੀ ਹੋਈ ਹੈ। ਦੂਸਰਾ ਗੁਜਰਾਤ ਦੀ ਬੰਦਰਗਾਹ ਨਸ਼ਿਆਂ ਦਾ ਵਡਾ ਕੇਂਦਰ ਹੈ।



ਐਨਸੀਆਰਬੀ ਦੀ ਰਿਪੋਰਟ ਅਨੁਸਾਰ, ਪੰਜਾਬ ਲਗਾਤਾਰ ਦੂਜੇ ਸਾਲ ਨਸ਼ੇ ਦੀ ਓਵਰਡੋਜ਼ ਕਾਰਨ ਹੋਣ ਵਾਲੀਆਂ ਮੌਤਾਂ ਵਿਚ ਦੇਸ਼ ਵਿਚ ਸਭ ਤੋਂ ਅੱਗੇ ਰਿਹਾ। 2023 ਵਿਚ ਸੂਬੇ ਵਿਚ ਅਜਿਹੀਆਂ 89 ਮੌਤਾਂ ਦਰਜ ਕੀਤੀਆਂ ਗਈਆਂ, ਜੋ ਪਿਛਲੇ ਸਾਲ (144) ਦੇ ਮੁਕਾਬਲੇ ਘੱਟ ਹਨ। ਇਹ ਕਮੀ ਸਰਕਾਰੀ ਯਤਨਾਂ ਦੀ ਸਫਲਤਾ ਦਾ ਸੰਕੇਤ ਹੋ ਸਕਦੀ ਹੈ, ਪਰ ਸਮੱਸਿਆ ਦੀ ਗੰਭੀਰਤਾ ਅਜੇ ਵੀ ਬਰਕਰਾਰ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਸੂਬੇ ਵਿਚ ਨਸ਼ਿਆਂ ਦੀ ਤਸਕਰੀ ਅਤੇ ਬੇਰੁਜ਼ਗਾਰੀ ਇਸ ਦੇ ਮੁੱਖ ਕਾਰਨ ਹਨ। ਨੌਜਵਾਨਾਂ ਵਿਚ ਨਸ਼ਿਆਂ ਦੀ ਵਰਤੋਂ ਅਤੇ ਓਵਰਡੋਜ਼ ਦੀਆਂ ਘਟਨਾਵਾਂ ਨੇ ਸਮਾਜਿਕ ਚਿੰਤਾ ਨੂੰ ਹੋਰ ਵਧਾ ਦਿੱਤਾ ਹੈ।

### ਸਰਕਾਰ ਦੀਆਂ ਨੀਤੀਆਂ 'ਤੇ ਸਵਾਲ ਉਠੇ

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਰੋਕਣ ਲਈ ਕਈ ਪਹਿਲਕਦਮੀਆਂ ਕੀਤੀਆਂ ਗਈਆਂ ਹਨ, ਜਿਵੇਂ ਕਿ ਸਪੈਸ਼ਲ ਟਾਸਕ ਫੋਰਸ ਦਾ ਗਠਨ, ਨਸ਼ਾ ਵਿਰੋਧੀ ਮੁਹਿੰਮਾਂ, ਅਤੇ ਪੁਨਰਵਾਸ ਕੇਂਦਰਾਂ ਦੀ ਸਥਾਪਨਾ। ਪਰ ਐਨਸੀਆਰਬੀ ਦੇ ਅੰਕੜੇ ਦਰਸਾਉਂਦੇ ਹਨ ਕਿ ਇਹ ਯਤਨ ਸਮੱਸਿਆ ਦੀ ਜੜ੍ਹ ਨੂੰ ਪੂਰੀ ਤਰ੍ਹਾਂ ਨਹੀਂ ਖਤਮ ਕਰ ਸਕੇ। ਮਾਹਿਰਾਂ ਅਤੇ ਸਮਾਜ ਸੇਵੀ ਸੰਸਥਾਵਾਂ ਦਾ ਮੰਨਣਾ ਹੈ ਕਿ ਸਰਕਾਰ ਦੀਆਂ ਨੀਤੀਆਂ 'ਚ ਇਕਸਾਰਤਾ ਅਤੇ ਸਖਤੀ ਦੀ ਘਾਟ ਹੈ। ਸਰਹੱਦੀ ਖੇਤਰਾਂ 'ਚ ਨਸ਼ੀਲੇ ਪਦਾਰਥਾਂ ਦੀ ਆਮਦ ਨੂੰ ਰੋਕਣ ਲਈ ਕੇਂਦਰ ਅਤੇ ਸੂਬਾ ਸਰਕਾਰ ਵਿਚਕਾਰ ਤਾਲਮੇਲ ਦੀ ਕਮੀ ਵੀ ਇੱਕ ਵੱਡਾ ਮੁੱਦਾ ਹੈ। ਇਸ ਤੋਂ ਇਲਾਵਾ, ਸਮਾਜਿਕ ਜਾਗਰੂਕਤਾ ਅਤੇ ਪੁਨਰਵਾਸ ਦੀਆਂ ਸਹੂਲਤਾਂ ਦੀ ਅਣਹੋਂਦ ਨੇ ਸਮੱਸਿਆ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਸਰਕਾਰ ਦੀਆਂ ਨੀਤੀਆਂ 'ਤੇ ਸਵਾਲ ਉਠਾਉਂਦਿਆਂ, ਬਲਵਿੰਦਰ ਅੰਬੇਡਕਰ ਨੇ ਕਿਹਾ, "ਸਰਕਾਰ ਨਸ਼ਾ ਤਸਕਰੀ ਦੇ ਵੱਡੇ ਨੈਟਵਰਕ ਨੂੰ ਤੋੜਨ 'ਚ ਅਸਫਲ ਰਹੀ ਹੈ। ਛੋਟੇ-ਮੋਟੇ ਤਸਕਰਾਂ ਨੂੰ ਫੜਨ ਦੀ ਬਜਾਏ ਵੱਡੇ ਸਰਗਨਿਆਂ 'ਤੇ ਨਜ਼ਰ ਰੱਖਣ ਦੀ ਲੋੜ ਹੈ।"

### ਬੁੱਧੀਜੀਵੀਆਂ ਅਤੇ ਰਾਜਨੀਤਕ ਪਾਰਟੀਆਂ ਦੀ ਰਾਇ

ਬੁੱਧੀਜੀਵੀਆਂ ਅਤੇ ਸਮਾਜਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਪੰਜਾਬ 'ਚ ਨਸ਼ਾ ਤਸਕਰੀ ਅਤੇ ਓਵਰਡੋਜ਼ ਦੀ ਸਮੱਸਿਆ ਸਿਰਫ਼ ਕਾਨੂੰਨੀ ਮੁੱਦਾ ਨਹੀਂ, ਸਗੋਂ ਸਮਾਜਿਕ ਅਤੇ ਆਰਥਿਕ ਮੁੱਦਾ ਵੀ ਹੈ। ਪ੍ਰੋ. ਗੁਰਪ੍ਰੀਤ ਸਿੰਘ, ਸਮਾਜ ਸ਼ਾਸਤਰੀ, ਦਾ ਕਹਿਣਾ ਹੈ ਕਿ "ਬੇਰੁਜ਼ਗਾਰੀ, ਸਿੱਖਿਆ ਦੀ ਘਾਟ ਅਤੇ ਸਮਾਜਿਕ ਅਸਮਾਨਤਾ ਨੇ ਨੌਜਵਾਨਾਂ ਨੂੰ ਨਸ਼ਿਆਂ ਵੱਲ ਧੱਕਿਆ ਹੈ।" ਰਾਜਨੀਤਕ ਪਾਰਟੀਆਂ ਵੀ ਇਸ ਮੁੱਦੇ 'ਤੇ ਸਰਕਾਰ ਨੂੰ ਘੇਰ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਨੇ ਸਰਕਾਰ 'ਤੇ ਨਸ਼ਾ ਵਿਰੋਧੀ ਮੁਹਿੰਮ 'ਚ ਅਸਫਲਤਾ ਦਾ ਦੋਸ਼ ਲਗਾਇਆ ਅਤੇ ਮੰਗ ਕੀਤੀ ਕਿ ਸਰਹੱਦੀ ਸੁਰੱਖਿਆ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਦੂਜੇ ਪਾਸੇ, ਆਮ ਆਦਮੀ ਪਾਰਟੀ ਦੇ ਬੁਲਾਰੇ ਨੇ ਦਾਅਵਾ ਕੀਤਾ ਕਿ ਸਰਕਾਰ ਨੇ ਨਸ਼ਾ ਵਿਰੋਧੀ ਮੁਹਿੰਮ ਨੂੰ ਤੇਜ਼ ਕਰਦਿਆਂ ਪੁਨਰਵਾਸ ਕੇਂਦਰਾਂ ਦੀ ਸੰਖਿਆ ਵਧਾਈ ਹੈ। ਹਾਲਾਂਕਿ, ਵਿਰੋਧੀ ਧਿਰ ਦਾ ਕਹਿਣਾ ਹੈ ਕਿ ਸਰਕਾਰ ਦੀਆਂ ਨੀਤੀਆਂ ਸਿਰਫ਼ ਕਾਗਜ਼ੀ ਹਨ ਅਤੇ ਜ਼ਮੀਨੀ ਪੱਧਰ 'ਤੇ ਅਮਲ ਨਹੀਂ ਹੋ ਰਿਹਾ।

ਪੰਜਾਬ ਵਿਚ ਨਸ਼ਾ ਤਸਕਰੀ ਅਤੇ ਓਵਰਡੋਜ਼ ਦੀ ਸਮੱਸਿਆ ਨੂੰ ਹੱਲ ਕਰਨ ਲਈ ਬਹੁ-ਪੱਖੀ ਪਹੁੰਚ ਦੀ ਲੋੜ ਹੈ। ਮਾਹਿਰ ਸੁਝਾਅ ਦਿੰਦੇ ਹਨ ਕਿ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਸਮਾਜਿਕ ਜਾਗਰੂਕਤਾ, ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ, ਅਤੇ ਪੁਨਰਵਾਸ ਦੀਆਂ ਸਹੂਲਤਾਂ 'ਤੇ ਜ਼ੋਰ ਦੇਣਾ ਜ਼ਰੂਰੀ ਹੈ। ਸਰਕਾਰ ਅਤੇ ਸਮਾਜ ਨੂੰ ਮਿਲ ਕੇ ਇਸ ਸੰਕਟ ਨੂੰ ਰੋਕਣ ਲਈ ਠੋਸ ਕਦਮ ਚੁੱਕਣ ਦੀ ਲੋੜ ਹੈ, ਤਾਂ ਜੋ ਪੰਜਾਬ ਦੇ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਹੋ ਸਕੇ।

## ਸ਼ਰਾਬ ਦੇ ਨਸ਼ੇ ਵਿੱਚ ਆ ਕੇ ਪੋਤੇ ਨੇ ਦਾਦੀ ਦਾ ਵੱਢ ਦਿਤਾ ਗਲਾ

ਡੇਰਾਬੱਸੀ-ਡੇਰਾਬੱਸੀ ਦੀ ਗੁਪਤਾ ਕਾਲੋਨੀ ਵਿੱਚ ਇੱਕ ਭਿਆਨਕ ਘਟਨਾ ਵਾਪਰੀ, ਜਿੱਥੇ 27 ਸਾਲਾ ਆਸ਼ੀਸ਼ ਸੈਣੀ ਨੇ ਸ਼ਰਾਬ ਦੇ ਨਸ਼ੇ ਵਿੱਚ ਆ ਕੇ ਆਪਣੀ 70 ਸਾਲਾ ਦਾਦੀ ਗੁਰਬਚਨ ਕੌਰ ਦਾ ਚਾਕੂ ਨਾਲ ਕਤਲ ਕਰ ਦਿੱਤਾ। ਆਸ਼ੀਸ਼ ਲੰਮੇ ਸਮੇਂ ਤੋਂ ਸ਼ਰਾਬੀ ਹੈ ਅਤੇ ਅਕਸਰ ਨਸ਼ੇ ਵਿੱਚ ਦਾਦੀ ਨਾਲ ਝਗੜਾ ਕਰਦਾ ਰਹਿੰਦਾ ਸੀ। ਗੁੱਸੇ ਵਿੱਚ ਆ ਕੇ ਉਸ ਨੇ ਦਾਦੀ ਦਾ ਗਲਾ ਵੱਢ ਦਿੱਤਾ, ਚਾਕੂ ਧੌਣ ਵਿੱਚ ਫਸਿਆ ਰਿਹਾ। ਲਾਸ਼ ਨੂੰ ਲੁਕਾਉਣ ਲਈ ਉਸ ਨੇ ਢਿੱਡ ਉੱਤੇ ਗੈਸ ਸਿਲੰਡਰ ਰੱਖਿਆ ਅਤੇ ਉੱਤੇ ਚਾਦਰ ਪਾ ਦਿੱਤੀ। ਘਰ ਵਿੱਚ ਖ਼ੂਨ ਨਾਲ ਭਰਿਆ ਮੰਜ਼ਰ ਮਿਲਿਆ।



ਪਰਿਵਾਰਕ ਮੈਂਬਰਾਂ ਮੁਤਾਬਕ ਆਸ਼ੀਸ਼ ਕਾਫ਼ੀ ਸਮੇਂ ਤੋਂ ਬੇਰੁਜ਼ਗਾਰ ਸੀ। ਨੌਕਰੀ ਛੁੱਟਣ ਤੋਂ ਬਾਅਦ ਅਸਫ਼ਲ ਪ੍ਰੇਮ ਸਬੰਧ ਕਾਰਨ ਉਹ ਟੁੱਟ ਗਿਆ ਸੀ ਅਤੇ ਸ਼ਰਾਬ ਦੀ ਲਤ ਨੇ ਉਸ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ। ਪਰਿਵਾਰ ਨੇ ਬਾਰ-ਬਾਰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਇੱਕੋ ਗੱਲ ਤੇ ਦਾਦੀ ਨਾਲ ਝਗੜੇ ਨੇ ਇਹ ਹਾਦਸਾ ਵਾਪਰਾ। ਵੀਨਾ ਸੈਣੀ (ਸਕੂਲ ਅਧਿਆਪਕਾ) ਨੇ ਦੱਸਿਆ ਕਿ ਪਤੀ ਅਤੇ ਵੱਡਾ ਪੁੱਤਰ ਕੰਮ ਤੇ ਸਨ। ਦੁਪਹਿਰ ਘਰ ਪਹੁੰਚੀ ਤਾਂ ਆਸ਼ੀਸ਼ ਫਰਾਰ ਹੋ ਗਿਆ ਅਤੇ ਅੰਦਰ ਸੱਸ ਦੀ ਲਾਸ਼ ਪਈ ਸੀ।

ਡੀ.ਐੱਸ.ਪੀ. ਬਿਕਰਮਜੀਤ ਸਿੰਘ ਬਰਾੜ ਅਤੇ ਥਾਣਾ ਮੁਖੀ ਸੁਮਿਤ ਮੋਰ ਨੇ ਮੌਕੇ ਤੇ ਪਹੁੰਚ ਕੇ ਜਾਂਚ ਕੀਤੀ। ਪੁਲੀਸ ਨੇ ਮਾਮਲਾ ਦਰਜ ਕਰ ਲਾਸ਼ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਦੀ ਮੋਰਚਰੀ ਵਿੱਚ ਰੱਖ ਦਿੱਤਾ।

## ਖੰਨਾ ਵਿਖੇ 200 ਕਰੋੜ ਦੀ ਧੋਖਾਧੜੀ, ਅੱਠ ਜਣੇ ਗ੍ਰਿਫਤਾਰ

ਖੰਨਾ-ਪੁਲਿਸ ਨੇ ਫਰਜ਼ੀ ਕੰਪਨੀ ਰਾਹੀਂ 200 ਕਰੋੜ ਦੀ ਧੋਖਾਧੜੀ ਕਰਨ ਵਾਲੇ ਗਰੋਹ ਦਾ ਪਰਦਾਫਾਸ਼ ਕਰਦਿਆਂ ਅੱਠ ਜਣਿਆਂ ਨੂੰ ਗ੍ਰਿਫਤਾਰ ਕੀਤਾ। ਜੈਨਰੇਸ਼ਨ ਆਫ ਫਾਰਮਿੰਗ ਫਰਮ ਨੇ ਲੋਕਾਂ ਨੂੰ 25 ਮਹੀਨਿਆਂ ਵਿਚ ਪੈਸੇ ਦੁੱਗਣੇ ਕਰਨ ਦਾ ਲਾਲਚ ਦਿੱਤਾ। ਮੁਲਜ਼ਮਾਂ ਨੇ ਆਰਗੈਨਿਕ ਖੇਤੀ ਦੇ ਨਾਂ 'ਤੇ 23,249 ਲੋਕਾਂ ਤੋਂ 200 ਕਰੋੜ ਇਕੱਠੇ ਕੀਤੇ। ਪੈਸਿਆਂ ਨਾਲ ਜ਼ਮੀਨਾਂ ਖਰੀਦੀਆਂ ਤੇ ਪਲਾਟ ਵੇਚ ਕੇ ਮੁਨਾਫਾ ਕਮਾਇਆ। ਐਸਐਸਪੀ ਜੋਤੀ ਯਾਦਵ ਅਨੁਸਾਰ, ਮੁਲਜ਼ਮ ਅਵਤਾਰ ਸਿੰਘ, ਬਿਕਰਮਜੀਤ ਸਿੰਘ, ਹਰਪ੍ਰੀਤ ਸੰਘ, ਅਮਿਤ ਖੁੱਲਰ, ਜਤਿੰਦਰ ਸਿੰਘ, ਜਸਪ੍ਰੀਤ ਸਿੰਘ, ਜਗਤਾਰ ਸਿੰਘ ਤੇ ਦੀਨ ਦਿਆਲ ਵਰਮਾ ਗ੍ਰਿਫਤਾਰ ਹੋਏ। ਫਰਮ ਦੇ ਦਫਤਰ 'ਚੋਂ ਲੈਪਟਾਪ, ਮੋਬਾਈਲ ਤੇ ਹੋਰ ਸਾਮਾਨ ਜ਼ਬਤ ਹੋਇਆ। 44 ਬੈਂਕ ਖਾਤੇ ਫ੍ਰੀਜ਼ ਕੀਤੇ ਗਏ। ਛੇ ਬੇਨਾਮੀ ਪ੍ਰਾਪਰਟੀਆਂ ਦੀ ਜਾਂਚ ਜਾਰੀ ਹੈ।

## ਇੰਜੀਨੀਅਰਿੰਗ ਕਾਲਜ ਵਿਚ ਵਿਦਿਆਰਥਣ ਨਾਲ ਜਬਰ ਜਨਾਹ, ਦੋਸ਼ੀ ਗ੍ਰਿਫਤਾਰ

ਬੰਗਲੁਰੂ-ਇੱਕ ਨਿੱਜੀ ਇੰਜੀਨੀਅਰਿੰਗ ਕਾਲਜ ਦੇ ਵਾਸ਼ਰੂਮ ਵਿਚ ਸੱਤਵੇਂ ਸਮੈਸਟਰ ਦੀ ਵਿਦਿਆਰਥਣ ਨਾਲ ਜਬਰ ਜਨਾਹ ਦੀ ਘਟਨਾ ਸਾਹਮਣੇ ਆਈ। ਦੋਸ਼ੀ ਜੀਵਨ ਗੌੜਾ, ਛੇਵੇਂ ਸਮੈਸਟਰ ਦਾ ਵਿਦਿਆਰਥੀ, ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਘਟਨਾ 10 ਅਕਤੂਬਰ ਨੂੰ ਵਾਪਰੀ, ਜਿਸ ਦੀ ਸ਼ਿਕਾਇਤ ਪੀੜਤਾ ਨੇ 15 ਅਕਤੂਬਰ ਨੂੰ ਹਨੂਮੰਤਨਗਰ ਪੁਲਿਸ ਸਟੇਸ਼ਨ ਵਿਚ ਦਰਜ ਕਰਵਾਈ। ਪੀੜਤਾ ਤੇ ਦੋਸ਼ੀ ਸਹਿਪਾਠੀ ਸਨ ਤੇ ਇੱਕ ਦੂਜੇ ਨੂੰ ਜਾਣਦੇ ਸਨ। ਦੁਪਹਿਰ ਦੇ ਖਾਣੇ ਦੇ ਬਰੇਕ ਵਿਚ ਜੀਵਨ ਨੇ ਪੀੜਤਾ ਨੂੰ ਸੱਤਵੀਂ ਮੰਜ਼ਿਲ 'ਤੇ ਬੁਲਾਇਆ, ਜਿੱਥੇ ਉਸ ਨੇ ਜ਼ਬਰਦਸਤੀ ਕੀਤੀ ਤੇ ਫਿਰ ਪੁਰਸ਼ਾਂ ਦੇ ਵਾਸ਼ਰੂਮ ਵਿਚ ਲੈ ਜਾ ਕੇ ਬਲਾਤਕਾਰ ਕੀਤਾ। ਬਾਅਦ ਵਿਚ ਉਸ ਨੇ ਪੀੜਤਾ ਨੂੰ ਫੋਨ ਕਰਕੇ ਦਵਾਈ ਦੀ ਲੋੜ ਪੁੱਛੀ। ਪੀੜਤਾ ਨੇ ਆਪਣੇ ਮਾਪਿਆਂ ਨੂੰ ਦੱਸਿਆ, ਜਿਸ ਤੋਂ ਬਾਅਦ ਪੁਲਿਸ ਨੇ ਕਾਰਵਾਈ ਕੀਤੀ।

# ਭਾਖੜੇ ਦੇ ਸਾਫ਼ ਪਾਣੀ 'ਤੇ ਗੰਧਲੀ ਚਾਲ: ਕੇਂਦਰ ਨੇ ਪੰਜਾਬ ਦੇ ਹੱਕ ਖੋਹੇ !

## ✪ 39% ਖਰਚ ਕਰਨ ਦੇ ਬਾਵਜੂਦ ਪੰਜਾਬ ਨਾਲ ਧੱਕਾ ✪ ਬੀਬੀਐੱਮਬੀ ਵਿਚ ਰਾਜਸਥਾਨ-ਹਿਮਾਚਲ ਨੂੰ ਪੱਕੀ ਸੀਟ, ਪੰਜਾਬ ਦੀ ਵੁੱਕਤ ਘਟਾਈ

### ਨਿਊਜ਼ ਵਿਸ਼ਲੇਸ਼ਣ

ਪੰਜਾਬ ਦੀ ਧਰਤੀ ਨੂੰ ਜ਼ਰਖੇਜ਼ ਬਣਾਉਣ ਵਾਲੇ ਭਾਖੜਾ-ਬਿਆਸ ਡੈਮ ਦੇ ਪਾਣੀ ਬਾਰੇ ਅੱਜਕੱਲ੍ਹ ਗੰਧਲੀ ਸਿਆਸਤ ਚਲ ਰਹੀ ਹੈ। ਕੇਂਦਰ ਸਰਕਾਰ ਵੱਲੋਂ ਭਾਖੜਾ-ਬਿਆਸ ਮੈਨੇਜਮੈਂਟ ਬੋਰਡ (ਬੀਬੀਐੱਮਬੀ) ਵਿੱਚ ਪੰਜਾਬ ਦੀ ਸਥਾਈ ਮੈਂਬਰੀ ਖੋਹਣ ਤੋਂ ਬਾਅਦ ਹੁਣ ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਨੂੰ ਪੱਕੀ ਪ੍ਰਤੀਨਿਧਤਾ ਦੇਣ ਦੀ ਚਾਲ ਚੱਲੀ ਹੈ।

ਇਹ ਵਿਵਹਾਰ ਪੰਜਾਬ ਨਾਲ ਖੁੱਲ੍ਹੀ ਬੇਇਨਸਾਫ਼ੀ ਹੈ, ਕਿਉਂਕਿ ਪੰਜਾਬ ਬੋਰਡ ਦਾ ਸਭ ਤੋਂ ਵੱਧ 39.58 ਫ਼ੀਸਦੀ ਖ਼ਰਚ ਝੱਲਦਾ ਹੈ, ਜਦਕਿ ਰਾਜਸਥਾਨ 24 ਫ਼ੀਸਦੀ ਅਤੇ ਹਿਮਾਚਲ ਸਿਰਫ਼ 4 ਫ਼ੀਸਦੀ ਬਰਦਾਸ਼ਤ ਕਰਦੇ ਹਨ। ਇਸ ਤਰ੍ਹਾਂ ਕੇਂਦਰ ਘੱਟ ਖ਼ਰਚ ਵਾਲੇ ਸੂਬਿਆਂ ਨੂੰ ਪੰਜਾਬ ਵਰਗੇ ਹੱਕ ਦੇਣਾ ਚਾਹੁੰਦਾ ਹੈ। ਪੰਜਾਬੀ ਚੀਕ ਰਹੇ ਹਨ-ਇਹ ਸਿਆਸੀ ਧੱਕਾ ਹੈ, ਪੰਜਾਬ ਨੂੰ ਆਪਣੇ ਹੱਕ ਲਈ ਲੜਨਾ ਪਵੇਗਾ !

### ਭਾਖੜੇ ਦੀ ਇਤਿਹਾਸਕ ਮਹੱਤਤਾ: ਪੰਜਾਬ ਦਾ ਮਾਣਮੱਤਾ

ਭਾਖੜਾ ਡੈਮ ਸਿਰਫ਼ ਇੱਕ ਢਾਂਚਾ ਨਹੀਂ, ਸਗੋਂ ਪੰਜਾਬ ਦੀ ਰਗਾਂ ਵਿੱਚ ਵੱਸਿਆ ਹੈ। ਏਸ਼ੀਆ ਦਾ ਦੂਜਾ ਸਭ ਤੋਂ ਉੱਚਾ ਡੈਮ, ਜੋ 1952 ਵਿੱਚ ਨਿਰਮਾਣ ਸ਼ੁਰੂ ਹੋਇਆ ਸੀ ਅਤੇ 1963 ਵਿੱਚ ਪੂਰਾ ਹੋਇਆ। ਇਸ ਨੇ ਪੰਜਾਬ ਵਿੱਚ ਹਰੀ ਕ੍ਰਾਂਤੀ ਲਿਆਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਇਸ ਨੇ ਹਜ਼ਾਰਾਂ ਏਕੜ ਜ਼ਮੀਨ ਨੂੰ ਸਿੰਚਾਈ ਨਾਲ ਹਰਾ-ਭਰਾ ਬਣਾਇਆ ਸੀ। ਗੋਬਿੰਦ ਸਾਗਰ ਝੀਲ ਦਾ ਨਾਂ ਗੁਰੂ ਗੋਬਿੰਦ ਸਿੰਘ ਜੀ ਨਾਲ ਜੁੜਿਆ ਹੈ, ਜੋ ਪੰਜਾਬੀਆਂ ਦੇ ਦਿਲ ਨੂੰ ਛੂੰਹਦਾ ਹੈ।

ਡੈਮ ਦਾ ਸੰਕਲਪ 1923 ਵਿੱਚ ਸਰ ਛੋਟੂ ਰਾਮ ਨੇ ਦਿੱਤਾ ਸੀ। 1945 ਵਿੱਚ ਬਿਲਾਸਪੁਰ ਰਾਜੇ ਨਾਲ ਸਮਝੌਤਾ ਹੋਇਆ ਸੀ। ਆਜ਼ਾਦੀ ਤੋਂ ਬਾਅਦ ਪੀਐੱਮ ਨਹਿਰੂ ਨੇ 1948 ਵਿੱਚ ਕੰਮ ਸ਼ੁਰੂ ਕੀਤਾ ਸੀ। ਲਾਗਤ 245.28 ਕਰੋੜ ਰੁਪਏ ਆਈ ਸੀ, ਜਿਸ ਵਿੱਚ ਸਰ ਸੋਭਾ ਸਿੰਘ ਨੇ ਵੱਡਾ ਯੋਗਦਾਨ ਪਾਇਆ ਸੀ। ਨਹਿਰੂ ਜੀ ਨੇ ਉਦਘਾਟਨ ਸਮੇਂ ਕਿਹਾ, "ਇਹ ਮਜ਼ਦੂਰਾਂ ਦਾ ਭਾਰਤ ਨੂੰ ਤੋਹਫ਼ਾ ਹੈ।"

ਅੱਜ ਇਹੀ ਡੈਮ ਪੰਜਾਬ ਨੂੰ ਬਿਜਲੀ ਦਿੰਦਾ ਹੈ ਅਤੇ ਨਹਿਰਾਂ ਰਾਹੀਂ ਪਾਣੀ ਪਹੁੰਚਾਉਂਦਾ ਹੈ, ਪਰ ਕੇਂਦਰ ਸਰਕਾਰ ਦੀ ਪੰਜਾਬ ਵਿਰੋਧੀ ਸਿਆਸਤ ਨੇ ਇਸ ਨੂੰ ਵਿਵਾਦ ਵਿੱਚ ਧੱਕ ਦਿੱਤਾ ਹੈ।

### ਖੋਹੇ ਜਾ ਰਹੇ ਨੇ ਪੰਜਾਬ ਦੇ ਹੱਕ

ਪਿਛਲੇ ਕੁਝ ਮਹੀਨਿਆਂ ਤੋਂ ਅਖ਼ਬਾਰਾਂ ਵਿੱਚ ਸੁਰਖੀਆਂ ਛਾਈਆਂ ਹਨ: "ਬੀਬੀਐੱਮਬੀ ਵਿੱਚੋਂ ਘਟੇਗੀ ਪੰਜਾਬ ਦੀ ਵੁੱਕਤ", "ਹਾਈਡਲ ਪ੍ਰਬੰਧਨ ਵਿੱਚ ਪੰਜਾਬ ਦੇ ਹੱਥ ਬੰਨ੍ਹੇ", "ਭਾਖੜੇ ਪਾਣੀ 'ਤੇ ਪੰਜਾਬ-ਹਰਿਆਣਾ ਖਹਿਬੜੇ"। ਕੇਂਦਰ ਨੇ 1974 ਦੇ ਰੂਲਜ਼ ਵਿੱਚ ਸੋਧ ਲਈ ਡਰਾਫਟ ਨੋਟੀਫਿਕੇਸ਼ਨ ਜਾਰੀ ਕੀਤਾ ਸੀ-'ਭਾਖੜਾ-ਬਿਆਸ ਮੈਨੇਜਮੈਂਟ ਬੋਰਡ (ਸੋਧ) ਰੂਲਜ਼ 2025'। ਇਸ ਵਿੱਚ ਮੁੱਖ ਨੁਕਤੇ ਸਨ:

ਮੈਂਬਰ (ਪਾਵਰ) ਅਤੇ ਮੈਂਬਰ (ਸਿੰਚਾਈ): ਪੰਜਾਬ ਨੂੰ ਸਿਰਫ਼ "ਤਰਜੀਹ" ਦਿੱਤੀ ਜਾਵੇਗੀ, ਪੱਕੀ ਮੈਂਬਰੀ ਨਹੀਂ। ਚੋਣ ਕਮੇਟੀ ਵਿੱਚ ਪੰਜਾਬ ਦਾ ਕੋਈ ਨੁਮਾਇੰਦਾ ਨਹੀਂ ਹੈ !

ਰਾਜਸਥਾਨ-ਹਿਮਾਚਲ ਨੂੰ ਪੱਕੀ ਸੀਟ: ਘੱਟ ਖ਼ਰਚ ਵਾਲੇ ਇਨ੍ਹਾਂ ਸੂਬਿਆਂ ਨੂੰ ਪੰਜਾਬ ਵਰਗੀ ਪ੍ਰਤੀਨਿਧਤਾ ਦਿੱਤੀ ਗਈ ਹੈ। ਇਸ ਨਾਲ ਚਾਰੇ ਸੂਬੇ (ਪੰਜਾਬ, ਹਰਿਆਣਾ, ਰਾਜਸਥਾਨ, ਹਿਮਾਚਲ) ਬਰਾਬਰ ਹੋ ਜਾਣਗੇ। ਪਾਣੀ ਵੰਡ ਵਿੱਚ ਗੁਆਂਢੀ ਤਿੰਨ ਸੂਬੇ ਇਕੱਠੇ ਹੋ ਕੇ ਪੰਜਾਬ ਨੂੰ ਘੇਰ ਲੈਣਗੇ।ਪੰਜਾਬ ਨਾਲ ਧਕਾ ਕਰਨਗੇ।

ਪੰਜਾਬ ਸਰਕਾਰ ਨੇ ਵਿਰੋਧ ਕਰਨ ਕਾਰਣ ਕੇਂਦਰ ਨੇ ਸੁਝਾਅ ਮੰਗ ਲਏ ਹਨ। ਪੰਜਾਬ ਦੇ ਵਿਧਾਇਕ ਹਰਪਾਲ ਚੀਮਾ ਕਹਿੰਦੇ ਹਨ, "ਇਹ ਪੰਜਾਬ ਦੇ ਵਿਕਾਸ ਨੂੰ ਰੋਕਣ ਦੀ ਸਾਜ਼ਿਸ਼ ਹੈ। ਅਸੀਂ ਅਦਾਲਤ ਜਾਵਾਂਗੇ।"

ਸੁਖਦੇਵ ਸਿੰਘ ਸੀਨੀਅਰ ਪੱਤਰਕਾਰ ਆਖਦੇ ਹਨ ਕਿ ਭਾਖੜਾ ਪੰਜਾਬ ਦੀ ਜਾਨ ਹੈ। 39.58% ਖ਼ਰਚ ਕਰਨ ਦੇ ਬਾਵਜੂਦ ਵੀ ਪੰਜਾਬ ਦੇ ਹੱਕ ਖੋਹੇ ਜਾ ਰਹੇ। ਇਸ ਸਬੰਧੀ ਇਕਜੁਟ ਹੋਕੇ ਵਿਰੋਧ ਕਰਨਾ ਚਾਹੀਦਾ ਹੈ। ਅਦਾਲਤੀ ਲੜਾਈ ਲੜਨ ਦੀ ਲੋੜ ਹੈ। ਬੀਬੀਐੱਮਬੀ ਵਿੱਚ ਪੰਜਾਬ ਦੀ ਵੁੱਕਤ ਘਟਣ ਨਾਲ ਸਿੰਚਾਈ ਅਤੇ ਬਿਜਲੀ ਪ੍ਰਭਾਵਿਤ ਹੋਵੇਗੀ।

### ਪੰਜਾਬ ਕੋਲ ਕੀ ਬਦਲ ਹੈ ?

ਪੰਜਾਬ ਕੋਲ ਬਹੁਤ ਬਦਲ ਹਨ। ਪਹਿਲਾ, ਸੂਬਾ ਸਰਕਾਰ ਡਰਾਫਟ 'ਤੇ ਸਖ਼ਤ ਵਿਰੋਧ ਕਰੇ। ਦੂਜਾ, ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕਰੋ-ਖ਼ਰਚ ਅਨੁਪਾਤ ਨੂੰ ਆਧਾਰ ਬਣਾ ਕੇ। ਤੀਜਾ, ਕਿਸਾਨ ਯੂਨੀਅਨਾਂ (ਭਾਖੜਾ ਬੀਬੀਐੱਮਬੀ ਕਮੇਟੀ, ਐੱਸ ਕੇ ਯੂ) ਨੂੰ ਜੋੜੋ ਅਤੇ ਦਿੱਲੀ 'ਤੇ ਦਬਾਅ ਬਣਾਓ। ਚੌਥਾ, ਬੁਧੀਜੀਵੀ ਫੋਰਮ ਬਣਾਓ ਜੋ ਇਤਿਹਾਸਕ ਸਬੂਤ ਨਾਲ ਲੜਨ।

# ਪਠਾਣਮਾਜਰਾ ਹਾਈਕਮਾਂਡ ਤੋਂ ਔਖਾ, ਅਖੇ ਆਪ ਪਾਰਟੀ ਨੇ ਵਿਧਾਇਕਾਂ ਦੀ ਕਦਰ ਕੀਤੀ ਖ਼ਤਮ

## ✪ ਕਿਹਾ, ਇਨਸਾਫ਼ ਕਰਨ ਵਾਲੀ 'ਆਪ' ਸਰਕਾਰ ਹੁਣ ਸਿਹਤ ਮੰਤਰੀ ਖ਼ਿਲਾਫ਼ ਵੀ ਕਰੇ ਕੇਸ ਦਰਜ



ਪਟਿਆਲਾ-ਜਬਰ ਜਨਾਹ ਦੇ ਮਾਮਲੇ ਵਿਚ 2 ਸਤੰਬਰ ਤੋਂ ਫ਼ਰਾਰ ਚਲ ਰਹੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਇਕ ਚੈਨਲ ਨੂੰ ਦਿੱਤੀ ਇੰਟਰਵਿਊ ਵਿਚ 'ਆਪ' ਸਰਕਾਰ 'ਤੇ ਦੋਸ਼ ਲਗਾਉਂਦੇ ਹੋਏ ਆਖਿਆ ਕਿ 'ਆਪ' ਸਰਕਾਰ ਨੇ ਪੰਜਾਬ ਦੇ ਵਿਧਾਇਕਾਂ ਦੀ ਕਦਰ ਬਿਲਕੁਲ ਖ਼ਤਮ ਕਰ ਦਿੱਤੀ ਹੈ। ਪਠਾਣਮਾਜਰਾ ਨੇ ਕਿਹਾ ਕਿ ਉਨ੍ਹਾਂ ਖ਼ਿਲਾਫ਼ ਕੀਤੀ ਕਾਰਵਾਈ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਲੋਕਾਂ ਵਲੋਂ ਚੁਣੇ ਗਏ ਪ੍ਰਤੀਨਿਧ ਦੀ ਸੂਬੇ ਵਿਚ ਕੀ ਇੱਜ਼ਤ ਹੈ, ਜਿਸ ਤਹਿਤ ਪੰਜਾਬ ਪੁਲਿਸ ਸਰਕਾਰ ਦੇ ਨਿਰਦੇਸ਼ਾਂ 'ਤੇ ਉਸ ਨਾਲ ਅਤੇ ਪਰਿਵਾਰ ਨਾਲ ਮਾੜਾ ਵਤੀਰਾ ਕਰ ਰਹੀ ਹੈ, ਜਿਵੇਂ ਉਹ ਗੈਂਗਸਟਰ ਹੋਣ। ਪ੍ਰੰਤੂ ਉਨ੍ਹਾਂ ਨੂੰ ਪਤਾ ਨਹੀਂ ਕਿ ਸਰਕਾਰਾਂ ਸਦਾ ਨਹੀਂ ਰਹਿੰਦੀਆਂ ਸਭ ਨੂੰ ਜਵਾਬ ਦੇਣਾ ਪਵੇਗਾ। ਹਰਮੀਤ ਸਿੰਘ ਪਠਾਣਮਾਜਰਾ ਨੇ ਕਿਹਾ ਕਿ ਉਨ੍ਹਾਂ 'ਤੇ ਪੰਜ ਝੂਠੇ ਪਰਚੇ ਦਰਜ ਕਰ ਦਿੱਤੇ ਹਨ।

ਇਸ ਧੱਕੇਸ਼ਾਹੀ ਦੀ ਉਨ੍ਹਾਂ ਵੀਡੀਓ ਵੀ ਜਾਰੀ ਕੀਤੀ ਅਤੇ ਹੋਰ ਜਾਣਕਾਰੀ ਅਦਾਲਤ ਵਿਚ ਪੇਸ਼ ਕਰਨਗੇ। ਉਨ੍ਹਾਂ ਕਿਹਾ ਕਿ ਪਠਾਣਮਾਜਰਾ ਨੂੰ ਦਬਾਉਣ ਲਈ ਸੂਬਾ ਸਰਕਾਰ ਨੇ ਵਿਜੀਲੈਂਸ ਦੀ ਜਾਂਚ ਸ਼ੁਰੂ ਕੀਤੀ ਹੈ ਪਰ ਉਨ੍ਹਾਂ ਖ਼ਿਲਾਫ਼ ਕੁਝ ਵੀ ਨਹੀਂ ਮਿਲਣਾ। ਵਿਧਾਇਕ ਨੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਨੂੰ ਕਿਹਾ ਕਿ ਉਹ ਮਰਿਆਦਾ ਵਿਚ ਰਹਿ ਕੇ ਉਨ੍ਹਾਂ ਖ਼ਿਲਾਫ਼ ਬੋਲਣ। ਜੇਕਰ 'ਆਪ' ਸਰਕਾਰ ਇਨਸਾਫ਼ ਦੇਣ ਵਾਲੀ ਸਰਕਾਰ ਹੈ ਤਾਂ ਉਹ ਸਿਹਤ ਮੰਤਰੀ ਡਾ. ਬਲਬੀਰ ਸਿੰਘ ਖ਼ਿਲਾਫ਼ ਕੇਸ ਕਿਉਂ ਨਹੀਂ ਦਰਜ ਕਰ ਰਹੀ ਪਰ ਉਨ੍ਹਾਂ ਦੇ ਖ਼ਿਲਾਫ਼ ਪੁਰਾਣੇ ਕੇਸ ਦੀ ਡੀ.ਆਈ.ਜੀ. ਵਲੋਂ ਜਾਂਚ ਕਰਨ ਦੇ ਬਾਵਜੂਦ ਵੀ ਪੁਲਿਸ ਦੇ ਇਕ ਸਬ-ਇੰਸਪੈਕਟਰ ਨੇ ਉਨ੍ਹਾਂ ਖ਼ਿਲਾਫ਼ ਪਰਚਾ ਦਰਜ ਕਰ ਦਿੱਤਾ, ਇਹ ਕਿਥੋਂ ਦਾ ਇਨਸਾਫ਼ ਹੈ ? ਉਨ੍ਹਾਂ ਆਖਿਆ ਕਿ ਉਨ੍ਹਾਂ ਹਲਕਾ ਸਨੌਰ ਵਿਚ ਖੇਡ ਦੇ ਮੈਦਾਨ ਬਣਾਉਣ ਲਈ ਪਿੰਡਾਂ ਨੂੰ 10-10 ਲੱਖ ਰੁਪਏ ਦੇਣੇ ਸੀ ਪਰ ਹਲਕੇ ਦੇ ਨਵੇਂ ਇੰਚਾਰਜ ਨੇ ਸਾਰੇ ਕੰਮ ਬੰਦ ਕਰਨ ਦੇ ਨਾਲ ਉਨ੍ਹਾਂ ਦੇ ਹੱਕ ਵਿਚ ਬੋਲਣ ਵਾਲੇ ਬੰਦਿਆਂ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਸੂਬੇ ਦੇ ਵਿਧਾਇਕ ਇੰਨੇ ਡਰ ਚੁੱਕੇ ਹਨ ਕਿ ਉਸ ਦੇ ਪਰਿਵਾਰ ਦਾ ਪਤਾ ਲੈਣ ਵੀ ਨਹੀਂ ਆ ਰਹੇ, ਅਜਿਹੇ ਦੋਸਤਾਂ ਦਾ ਕੀ ਕਰਨਾ ਹੈ ? ਵਿਧਾਇਕ ਪਠਾਣਮਾਜਰਾ ਨੇ ਕਿਹਾ ਕਿ ਉਨ੍ਹਾਂ ਕੋਈ ਨਾਜਾਇਜ਼ ਮਾਈਨਿੰਗ ਨਹੀਂ ਕੀਤੀ ਅਤੇ ਨਾ ਹੀ ਕਿਸੇ ਖ਼ਿਲਾਫ਼ ਝੂਠੇ ਪਰਚੇ ਦਰਜ ਕਰਵਾਏ ਹਨ। ਇਹ ਸਾਰ ਦੋਸ਼ ਬੇਬੁਨਿਆਦ ਹਨ। ਉਕਤ ਸਾਰੇ ਕੇਸ ਦਾ ਜਵਾਬ ਉਹ ਵੀਡੀਓ ਨਾਲ ਅਦਾਲਤ 'ਚ ਪੇਸ਼ ਕਰਨਗੇ। ਜ਼ਿਕਰਯੋਗ ਹੈ ਕਿ ਦਿੱਲੀ ਵਾਲੇ ਆਗੂਆਂ ਦੇ ਖ਼ਿਲਾਫ਼ ਬੋਲਣ ਤੋਂ ਬਾਅਦ ਵਿਧਾਇਕ ਪਠਾਣਮਾਜਰਾ ਖ਼ਿਲਾਫ਼ ਚਾਰ ਸਾਲਾ ਤੋਂ ਚੱਲੇ ਆ ਰਹੇ ਮਾਮਲੇ ਵਿਚ ਥਾਣਾ ਸਿਵਲ ਲਾਈਨ ਪਟਿਆਲਾ ਵਿਚ ਜਬਰ ਜਨਾਹ ਦਾ ਕੇਸ ਦਰਜ ਕੀਤਾ ਗਿਆ ਸੀ, ਜਿਸ ਤਹਿਤ ਪੁਲਿਸ ਉਨ੍ਹਾਂ ਨੂੰ ਹਰਿਆਣਾ ਦੇ ਇਕ ਪਿੰਡ ਕਾਬੂ ਕਰਨ ਗਈ ਸੀ, ਜਿਥੇ ਉਹ ਪੁਲਿਸ ਨੂੰ ਚਕਮਾ ਦੇ ਕੇ ਫ਼ਰਾਰ ਹੋ ਗਏ। ਰੂਪੋਸ਼ ਹੋਏ ਵਿਧਾਇਕ ਵਲੋਂ ਹੁਣ ਤੱਕ ਚਾਰ ਵੀਡੀਓ ਸੋਸ਼ਲ ਮੀਡੀਆ 'ਤੇ ਜਾਰੀ ਕਰਕੇ 'ਆਪ' ਖ਼ਿਲਾਫ਼ ਗੰਭੀਰ ਦੋਸ਼ ਲਗਾਏ ਗਏ ਹਨ।

ਪਠਾਣਮਾਜਰਾ ਨੇ ਦੱਸਿਆ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਹੱਥ ਕੁਝ ਨਹੀਂ, ਸਾਰਾ ਕੁਝ ਦਿੱਲੀ ਵਾਲਿਆਂ ਦੀ ਆਗਿਆ ਅਤੇ ਕਹਿਣ ਅਨੁਸਾਰ ਚੱਲ ਰਿਹਾ ਹੈ। ਜੇਕਰ ਮੁੱਖ ਮੰਤਰੀ ਸਟੈਂਡ ਲੈਣ ਵਾਲਾ ਹੁੰਦਾ ਤਾਂ ਇਹ ਕੁਝ ਨਹੀਂ ਹੋਣਾ ਸੀ। ਪਹਿਲਾ ਜਾਰੀ ਕੀਤੀ ਵੀਡੀਓ ਵਿਚ ਉਨ੍ਹਾਂ ਦੋਸ਼ ਲਗਾਇਆ ਸੀ ਕਿ ਪੰਜਾਬ ਦੇ ਵਿਧਾਇਕ ਦੇ ਹੱਥ ਪੱਲੇ ਕੁਝ ਵੀ ਨਹੀਂ ਹੈ। ਦਿੱਲੀ ਵਾਲਿਆਂ ਦੀ ਆਗਿਆ ਤੋਂ ਬਿਨਾਂ ਪੰਜਾਬ ਵਿਚ ਕੋਈ ਕੰਮ ਨਹੀਂ ਹੋ ਰਿਹਾ। ਵਿਧਾਇਕ ਨੇ ਕਿਹਾ ਉਨ੍ਹਾਂ ਦੇ ਸੋਸ਼ਲ ਮੀਡੀਆ ਖਾਤੇ ਵੀ ਬੰਦ ਕਰ ਦਿੱਤੇ, ਜਿਵੇਂ ਕਿ ਉਹ ਗੈਂਗਸਟਰ ਹੋਣ।

# ਗੁਰਪਤਵੰਤ ਪੰਨੂੰ ਕਤਲ ਮਾਮਲੇ ਵਿਚ ਨਾਮਜਦ ਨਿਖਿਲ ਗੁਪਤਾ ਵਲੋਂ ਵਕੀਲ ਬਦਲਣ ਨਾਲ ਮਾਮਲੇ ਨੂੰ ਟਾਲਣ ਦਾ ਖਦਸ਼ਾ ਮਾਮਲੇ ਵਿਚ ਅੰਤਰਰਾਸ਼ਟਰੀ "ਕਤਲ-ਫਾਰ-ਹਾਇਰ" ਸਾਜ਼ਿਸ਼ ਨਾਲ ਜੋੜਨ ਵਾਲੇ ਸਿੱਧੇ ਸਬੂਤ ਅਦਾਲਤ ਅੰਦਰ ਕੀਤੇ ਜਾਣੇ ਹਨ ਪੇਸ਼

ਨਵੀਂ ਦਿੱਲੀ- (ਮਨਪ੍ਰੀਤ ਸਿੰਘ ਖਾਲਸਾ):- ਸੰਯੁਕਤ ਰਾਜ ਅਮਰੀਕਾ ਬਨਾਮ ਨਿਖਿਲ ਗੁਪਤਾ ਕੇਸ 23-ਸੀ ਆਰ-289-ਵੀ ਐਮ ਵਿੱਚ ਤਾਜ਼ਾ ਫਾਈਲਿੰਗਾਂ ਤੋਂ ਪਤਾ ਚੱਲਦਾ ਹੈ ਕਿ ਭਾਰਤ ਦਾ ਰਾਅ ਏਜੰਟ ਨਿਖਿਲ ਗੁਪਤਾ ਆਪਣੇ ਵਕੀਲਾਂ ਨੂੰ ਬਦਲ ਰਿਹਾ ਹੈ ਇਹ ਇੱਕ ਅਜਿਹਾ ਕਦਮ ਹੈ ਜਿਸਨੂੰ ਭਾਰਤ ਦੀ ਜਾਸੂਸੀ ਏਜੰਸੀ ਦੁਆਰਾ ਆਉਣ ਵਾਲੇ ਅਮਰੀਕੀ ਸੰਘੀ ਮੁਕੱਦਮੇ ਵਿੱਚ ਰੁਕਾਵਟ ਪਾਉਣ ਲਈ ਇੱਕ ਰਣਨੀਤਕ ਦੇਰੀ ਵਜੋਂ ਦੇਖਿਆ ਜਾ ਰਿਹਾ ਹੈ।

ਅਮਰੀਕੀ ਨਿਆਂ ਵਿਭਾਗ ਦੀ ਫਾਈਲਿੰਗ ਡੀਓਸੀ 127, 17 ਅਕਤੂਬਰ, 2025, 3 ਨਵੰਬਰ ਦੇ ਮੁਕੱਦਮੇ ਤੋਂ ਕੁਝ ਹਫ਼ਤੇ ਪਹਿਲਾਂ, 21 ਅਕਤੂਬਰ ਨੂੰ ਅਚਾਨਕ "ਵਕੀਲ ਦੀ ਬਦਲੀ" ਦੀ ਪੁਸ਼ਟੀ ਕਰਦੀ ਹੈ। ਇਸ ਆਖਰੀ ਪੜਾਅ 'ਤੇ ਵਕੀਲ ਨੂੰ ਬਦਲਣਾ ਇੱਕ ਕੂਟਨੀਤਿਕ ਚਾਲ ਹੈ ਜੋ ਭਾਰਤ ਦੀ ਵਿਆਪਕ ਰਣਨੀਤੀ ਦਾ ਹਿੱਸਾ ਹੈ ਜਿਸ ਵਿੱਚ ਇੱਕ ਕਾਰਵਾਈ ਨੂੰ ਰੋਕਣ ਦੀ ਉਮੀਦ ਹੈ ਜਿਸ ਵਿੱਚ ਪ੍ਰਧਾਨ ਮੰਤਰੀ ਮੋਦੀ ਦੇ ਦਫ਼ਤਰ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਰਾਹੀਂ



ਐਸਐਫਜੇ ਦੇ ਜਨਰਲ ਕੌਂਸਲ, ਗੁਰਪਤਵੰਤ ਸਿੰਘ ਪੰਨੂ ਨੂੰ ਨਿਸ਼ਾਨਾ ਬਣਾਉਣ ਵਾਲੇ ਅੰਤਰਰਾਸ਼ਟਰੀ "ਕਤਲ-ਫਾਰ-ਹਾਇਰ" ਸਾਜ਼ਿਸ਼ ਨਾਲ ਜੋੜਨ ਵਾਲੇ ਸਿੱਧੇ ਸਬੂਤ ਪੇਸ਼ ਕੀਤੇ ਜਾਣਗੇ। ਜਿਵੇਂ ਕਿ ਅਮਰੀਕੀ ਵਕੀਲ ਵਰਗੀਕ੍ਰਿਤ ਸੰਚਾਰਾਂ ਅਤੇ ਗਵਾਹਾਂ ਦੀ ਗਵਾਹੀ ਦਾ ਪਰਦਾਫਾਸ਼ ਕਰਨ ਦੀ ਤਿਆਰੀ ਕਰ ਰਹੇ ਹਨ, ਭਾਰਤ ਇੱਕ ਅਜਿਹੇ ਮੁਕੱਦਮੇ ਤੋਂ ਬਚਣ ਲਈ ਬੇਤਾਬ ਜਾਪਦਾ ਹੈ ਜੋ ਰਾਅ ਦੇ ਗਲੋਬਲ ਕਤਲ ਪ੍ਰੋਗਰਾਮ ਦੇ ਪਿੱਛੇ ਕਾਰਜਸ਼ੀਲ ਲੜੀ ਦੀ ਕਮਾਂਡ ਨੂੰ ਬੇਨਕਾਬ ਕਰ ਸਕਦਾ ਹੈ।

## ਦਲ ਖਾਲਸਾ ਦੇ ਸੇਵਾਦਾਰ ਸ: ਪਰਮਜੀਤ ਸਿੰਘ ਮੰਡ ਨੂੰ ਭਾਰੀ ਸਦਮਾ ਉਹਨਾਂ ਦੇ ਪਿਤਾ ਸ: ਗੁਰਦੇਵ ਸਿੰਘ ਮੰਡ ਸੁਰਗਵਾਸ

*ਡਰਬੀ (ਪੰਜਾਬ ਟਾਈਮਜ਼) - ਬੜੇ ਦੁਖੀ ਹਿਰਦੇ ਨਾਲ ਇਹ ਖ਼ਬਰ ਸਾਂਝੀ ਕੀਤੀ ਜਾ ਰਹੀ ਹੈ ਕਿ ਦਲ ਖਾਲਸਾ ਦੇ ਵਰਕਿੰਗ ਪ੍ਰਧਾਨ ਭਾਈ ਪਰਮਜੀਤ ਸਿੰਘ ਮੰਡ ਦੇ ਪਿਤਾ ਜੀ ਸਰਦਾਰ ਗੁਰਦੇਵ ਸਿੰਘ ਜੀ ਪਿੰਡ ਮੰਡ ਕਸਬਾ ਸ਼੍ਰੀ ਹਰਗੋਬਿੰਦਪੁਰ ਸਾਹਿਬ (ਗੁਰਦਾਸਪੁਰ) ਮੰਗਲਵਾਰ ਸਵੇਰੇ ਅਚਾਨਕ ਅਕਾਲ ਚਲਾਣਾ ਕਰ ਗਏ ਹਨ। ਉਹ ਪਰਿਵਾਰ, ਰਿਸ਼ਤੇਦਾਰਾਂ ਅਤੇ ਸਨੇਹੀਆਂ ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਵਾਹਿਗੁਰੂ ਉਹਨਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਿਸ਼ ਕਰਨ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ।*



ਯਾਦ ਰਹੇ ਸ: ਪ੍ਰਮਜੀਤ ਸਿੰਘ ਮੰਡ ਬੀਤੇ ਕੁੱਝ ਦਿਨਾਂ ਤੋਂ ਯੂ ਕੇ ਦੌਰੇ 'ਤੇ ਸਨ। ਤੇ ਉਹ ਡਰਬੀ ਵਿਖੇ ਨੈਸ਼ਨਲ ਸਿੱਖ ਅਜਾਇਬਘਰ ਦੇਖਣ ਆਏ ਸਨ । ਜਿੱਥੇ ਉਹਨਾਂ ਨਾਲ ਅਜਾਇਬਘਰ ਦੇ ਸੇਵਾਦਾਰਾਂ ਅਤੇ ਵੱਖ-ਵੱਖ ਪੰਥਕ ਜਥੇਬੰਦੀਆਂ ਦੇ ਆਗੂਆਂ ਨਾਲ ਸਿੱਖ ਮਸਲਿਆਂ ਬਾਰੇ ਗੱਲਬਾਤ ਵੀ ਕੀਤੀ । ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਦੇ ਪ੍ਰਧਾਨ ਸ: ਰਘਬੀਰ ਸਿੰਘ, ਸਿੱਖ ਅਜਾਇਬਘਰ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ ਅਤੇ ਦਲ ਖਾਲਸਾ ਦੇ ਸਾਰੇ ਅਹੁਦੇਦਾਰ ਅਤੇ ਮੈਂਬਰ ਇਸ ਦੁੱਖ ਦੀ ਘੜੀ ਵਿਚ ਪਰਮਜੀਤ ਸਿੰਘ ਅਤੇ ਉਸ ਦੇ ਪਰਿਵਾਰ ਦੇ ਨਾਲ ਹਮਦਰਦੀ ਪਰਗਟ ਕੀਤੀ ਗਈ ਹੈ ।

## ਬਰਤਾਨੀਆ 'ਚ ਰਹਿਣ-ਸਹਿਣ ਦੀ ਲਾਗਤ ਵਧਣ ਕਾਰਨ ਭਾਰਤੀ ਭਾਈਚਾਰਾ ਪ੍ਰਭਾਵਿਤ

ਬ੍ਰਿਟੇਨ ਵਿਚ ਰਹਿਣ ਸਹਿਣ ਦੇ ਵਧਦੇ ਖਰਚਿਆਂ ਕਾਰਨ ਭਾਰਤੀ ਅਤੇ ਏਸ਼ਿਆਈ ਭਾਈਚਾਰੇ ਦੇ ਲੋਕ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਦੋਸ਼ ਲਾਇਆ ਹੈ ਕਿ ਇੱਥੋਂ ਦੀ ਸਰਕਾਰ ਕਾਰਪੋਰੇਟ ਵਰਗ ਦਾ ਖਾਸ ਖਿਆਲ ਰੱਖ ਰਹੀ ਹੈ ਜਦਕਿ ਉਨ੍ਹਾਂ ਦੀ ਸਾਰ ਵੀ ਨਹੀਂ ਲਈ ਜਾ ਰਹੀ। ਇੱਥੇ ਖਰਚੇ ਬਚਾਉਣ ਲਈ ਭਾਰਤੀ ਤੇ ਬੰਗਲਾਦੇਸ਼ੀ ਤੰਗ ਤੇ ਭੀੜ ਭਾੜ ਵਾਲੀਆਂ ਥਾਵਾਂ ਤੇ ਰਹਿ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਵਧਦੇ ਬਿਜਲੀ ਬਿੱਲਾਂ ਅਤੇ ਭੋਜਨ ਦੀਆਂ ਕੀਮਤਾਂ ਹਜ਼ਾਰਾਂ ਭਾਰਤੀ, ਪਾਕਿਸਤਾਨੀ, ਬੰਗਲਾਦੇਸ਼ੀਆਂ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਐਸੋਸੀਏਸ਼ਨ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਦੱਸਿਆ ਕਿ ਇੱਥੇ ਲੋਕ ਜ਼ਿਆਦਾ ਭੁਗਤਾਨ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਇਸ ਦੇ ਇਵਜ਼ ਵਿਚ ਬਹੁਤ ਘੱਟ ਮਿਲ ਰਿਹਾ ਹੈ। ਸਰਕਾਰ ਸਥਿਰਤਾ ਬਾਰੇ ਗੱਲ ਕਰਦੀ ਹੈ ਪਰ ਸਾਡੇ ਲੋਕਾਂ ਲਈ ਕੋਈ ਸਥਿਰਤਾ ਨਹੀਂ ਹੈ, ਉਨ੍ਹਾਂ ਲਈ ਸਿਰਫ਼ ਸੰਘਰਸ਼ ਹੀ ਹੈ।

## ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਦਾ ਮਾਮਲਾ ਮੁੜ ਚਰਚਾ 'ਚ ਆਇਆ

**ਦਿੱਲੀ ਦੀ ਭਾਜਪਾ ਸਰਕਾਰ ਵੱਲੋਂ ਬੰਦੀ ਸਿੱਖ ਪ੍ਰੋਫੈਸਰ ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਦਾ ਮਾਮਲਾ ਹਮਦਰਦੀ ਵਜੋਂ ਮੁੜ ਵਿਚਾਰਿਆ ਜਾ ਸਕਦਾ ਹੈ। ਇਸ ਸਬੰਧ ਵਿੱਚ ਭਾਜਪਾ ਦੇ ਕੌਮੀ ਬੁਲਾਰੇ ਆਰ ਪੀ ਸਿੰਘ ਜੋ ਦਿੱਲੀ ਤੋਂ ਸਾਬਕਾ ਵਿਧਾਇਕ ਵੀ ਹਨ, ਨੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਇੱਕ ਪੱਤਰ ਭੇਜਿਆ ਹੈ ਜਿਸ ਵਿੱਚ ਉਨ੍ਹਾਂ ਨੇ ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਦੇ ਮਾਮਲੇ ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ। ਇਹ ਪੱਤਰ ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਖਾਤੇ ਤੇ ਵੀ ਅਪਲੋਡ ਕੀਤਾ ਹੈ।**

ਆਰ ਪੀ ਸਿੰਘ ਨੇ ਕਿਹਾ ਕਿ ਦਵਿੰਦਰ ਪਾਲ ਸਿੰਘ ਭੁੱਲਰ ਦਾ ਮਾਮਲਾ ਬਾਕੀ ਬੰਦੀ ਸਿੱਖਾਂ ਨਾਲੋਂ ਵੱਖਰਾ ਹੈ। ਉਹ ਪਿਛਲੇ 14 ਸਾਲਾਂ ਤੋਂ ਭੁੱਲਣ ਦੀ ਇੱਕ ਬਿਮਾਰੀ ਸਿਜ਼ੋਫਰੇਨੀਆ ਨਾਲ ਪੀੜਤ ਹੈ। ਇਸ ਬਿਮਾਰੀ ਦੇ ਚਲਦਿਆਂ ਉਹ ਆਪਣੇ ਆਪ ਨੂੰ ਪਛਾਨਣ ਤੋਂ ਵੀ ਅਸਮਰੱਥ ਹੈ। ਇਸ ਲਈ ਅਜਿਹੇ ਬੰਦੀ ਸਿੱਖ ਦਾ ਮਾਮਲਾ ਹਮਦਰਦੀ ਵਜੋਂ ਤੁਰੰਤ ਵਿਚਾਰਨਾ ਚਾਹੀਦਾ ਹੈ। ਮੁੱਖ ਮੰਤਰੀ ਨੂੰ ਦਿੱਤੇ ਪੱਤਰ ਵਿੱਚ ਉਨ੍ਹਾਂ ਕੁਝ ਦਿਨ ਪਹਿਲਾਂ ਮੁੱਖ ਮੰਤਰੀ ਨਾਲ ਹੋਈ ਮੀਟਿੰਗ ਦਾ ਹਵਾਲਾ ਦਿੰਦਿਆਂ ਕਿਹਾ



ਕਿ ਹਾਲ ਹੀ ਵਿੱਚ 15 ਅਕਤੂਬਰ ਨੂੰ ਦਿੱਲੀ ਹਾਈਕੋਰਟ ਵੱਲੋਂ ਵੀ ਇਹ ਮਾਮਲਾ ਵਿਚਾਰਿਆ ਗਿਆ ਹੈ। ਅਦਾਲਤ ਨੇ ਇਸ ਮਾਮਲੇ ਵਿੱਚ ਸਜ਼ਾ ਸਮੀਖਿਆ ਬੋਰਡ ਨੂੰ ਇਹ ਮਾਮਲਾ ਵਿਚਾਰਨ ਅਤੇ ਇਸ ਮਾਮਲੇ ਦੀ ਰਿਪੋਰਟ ਅਦਾਲਤ ਵਿੱਚ ਪੇਸ਼ ਕਰਨ ਲਈ ਕਿਹਾ ਹੈ। ਅਦਾਲਤ ਦੇ ਦਿਸ਼ਾ ਨਿਰਦੇਸ਼ ਦਾ ਹਵਾਲਾ ਦਿੰਦਿਆਂ ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਨੂੰ ਵਿਚਾਰਨ ਵਾਸਤੇ ਢੁਕਵੀਂ ਚਾਰਾਜੋਈ ਕਰਨ। ਇਸ ਮਾਮਲੇ ਨੂੰ ਸਜ਼ਾ ਸਮੀਖਿਆ ਬੋਰਡ ਦੀ ਹੋਣ ਵਾਲੀ ਮੀਟਿੰਗ ਵਿੱਚ ਰੱਖਿਆ ਜਾਵੇ।

## ਯਮਨ ਵਿੱਚ ਭਾਰਤੀ ਨਰਸ ਨੂੰ ਫਾਂਸੀ ਸਬੰਧੀ ਸੁਪਰੀਮ ਕੋਰਟ ਵਿੱਚ ਸੁਣਵਾਈ ਹੋਈ

ਸੁਪਰੀਮ ਕੋਰਟ ਨੂੰ ਵੀਰਵਾਰ ਨੂੰ ਦੱਸਿਆ ਗਿਆ ਕਿ ਭਾਰਤੀ ਨਰਸ ਨਿਮਿਸ਼ਾ ਪ੍ਰਿਆ ਦੀ ਫਾਂਸੀ 'ਤੇ ਰੋਕ ਲੱਗੀ ਹੋਈ ਹੈ, ਜਿਸ ਨੂੰ ਯਮਨ ਵਿੱਚ ਕਤਲ ਦੇ ਮਾਮਲੇ ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਹੈ, ਅਤੇ ਕੋਈ ਨੁਕਸਾਨਦੇਹ ਗੱਲ ਨਹੀਂ ਹੋ ਰਹੀ ਹੈ। ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਅਟਾਰਨੀ ਜਨਰਲ ਆਰ ਵੈਂਕਟਾਰਮਣੀ ਨੇ ਜਸਟਿਸ ਵਿਕਰਮ ਨਾਥ ਅਤੇ ਸੰਦੀਪ ਮਹਿਤਾ ਦੇ ਬੈਂਚ ਨੂੰ ਦੱਸਿਆ ਕਿ ਮਾਮਲੇ ਵਿੱਚ ਇੱਕ ਨਵਾਂ ਵਿਚੋਲਾ ਸ਼ਾਮਲ ਹੋ ਗਿਆ ਹੈ। ਪ੍ਰਿਆ ਨੂੰ ਕਾਨੂੰਨੀ ਸਹਾਇਤਾ ਪ੍ਰਦਾਨ ਕਰ ਰਹੀ ਪਟੀਸ਼ਨਰ ਸੰਸਥਾ 'ਸੇਵ ਨਿਮਿਸ਼ਾ ਪ੍ਰਿਆ ਇੰਟਰਨੈਸ਼ਨਲ ਐਕਸ਼ਨ ਕੌਂਸਲ' ਦੇ ਵਕੀਲ



ਨੇ ਕਿਹਾ ਕਿ ਫਿਲਹਾਲ ਫਾਂਸੀ 'ਤੇ ਰੋਕ ਲੱਗੀ ਹੋਈ ਹੈ।

# ਰਿਸ਼ਵਤ ਰਾਣੀ ਤੇਰੀ ਸਦਾ ਹੀ ਜੈ



ਨਿਰਮਲ ਸਿੰਘ ਕੰਧਾਲਵੀ



ਡੀ. ਆਈ. ਜੀ. ਹਰਚਰਨ ਸਿੰਘ ਭੁੱਲਰ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੰਜਾਬ ਵਿਚ ਹਾਹਾਕਾਰ ਮਚੀ ਹੋਈ ਹੈ। ਸੋਸ਼ਲ ਮੀਡੀਆ ਦੇ ਸਭ ਚੈਨਲ ਵੱਖੋ-ਵੱਖ ਬੁਲਾਰਿਆਂ ਨੂੰ ਬੁਲਾ ਕੇ ਇਸੇ ਬਾਰੇ ਹੀ ਪ੍ਰੋਗਰਾਮ ਕਰ ਰਹੇ ਹਨ ਤੇ ਭੁੱਲਰ ਦੇ ਪੋਤੜੇ ਫ਼ੋਲੇ ਜਾ ਰਹੇ ਹਨ। ‘ਕੱਟੜ ਇਮਾਨਦਾਰ’ ਪਾਰਟੀ ਨੂੰ ਵੀ ਖ਼ੂਬ ਰਗੜੇ ਲਗ ਰਹੇ ਹਨ। ਕਈ ਬੁਲਾਰੇ ਸਰਕਾਰੀ ਮਹਿਕਮਿਆਂ ’ਚ ਚਲ ਰਹੀ ਰਿਸ਼ਵਤ ਦੇ ਕੱਚੇ ਚਿੱਠੇ ਫੋਲ ਰਹੇ ਹਨ ਕਿ ਕਿਵੇਂ ਹੇਠਲੇ ਅਫ਼ਸਰ ਰਿਸ਼ਵਤ ਦਾ ਪੈਸਾ ਇਕੱਠਾ ਕਰਦੇ ਹਨ ਤੇ ਸਭ ਆਪਣਾ ਆਪਣਾ ਹਿੱਸਾ ਵੰਡਾ ਕੇ ਬਾਕੀ ਰਕਮ ‘ਉੱਪਰ’ ਤੱਕ ਪਹੁੰਚਾਉਂਦੇ ਹਨ। ਇਸ ਸਬੰਧੀ 50 ਸਾਲ ਪਹਿਲਾਂ ਮੇਰੀ ਅੱਖੀਂ ਦੇਖੀ ਇਕ ਘਟਨਾ ਪਾਠਕਾਂ ਨਾਲ ਸਾਂਝੀ ਕਰਨੀ ਕੁਥਾਂ ਨਹੀਂ ਹੋਵੇਗੀ।

ਪੁਲਿਸ ਵਿਚ ਬਹੁਤੇ ਲੋਕ ਬੜੇ ਉੱਚੇ ਸੁੱਚੇ ਸੁਪਨੇ ਲੈ ਕੇ ਭਰਤੀ ਹੁੰਦੇ ਹਨ ਪਰ ‘ਗੰਦੇ ਛੱਪੜ’ ‘ਚ ਵੜ ਕੇ ਉਨ੍ਹਾਂ ਲਈ ਬੇਦਾਗ਼ ਰਹਿਣਾ ਔਖਾ ਹੋ ਜਾਂਦਾ ਹੈ। ਸਾਰਾ ਸਿਸਟਮ ਉਨ੍ਹਾਂ ਨੂੰ ਅਜਿਹੇ ਮਕੜ ਜਾਲ਼ ਵਿਚ ਫ਼ਸਾਉਂਦਾ ਹੈ ਕਿ ਉਨ੍ਹਾਂ ਦੀ ਹਾਲਤ ਸੱਪ ਦੇ ਮੂੰਹ ‘ਚ ਕੋਹੜ ਕਿਰਲੀ ਵਾਲੀ ਹੋ ਜਾਂਦੀ ਹੈ, ਖਾਣ ਤਾਂ ਕੋਹੜੀ ਛੱਡਣ ਤਾਂ ਕਲੰਕੀ। ਕਾਲਜ ਵਿਚ ਮੇਰੇ ਨਾਲ ਪੜ੍ਹਦੇ ਇਕ ਮੁੰਡੇ ਦਾ ਸੁਪਨਾ ਪੁਲਿਸ ਦੀ ਨੌਕਰੀ ਸੀ। ਉਸ ਦੇ ਆਦਰਸ਼ ਬੜੇ ਉੱਚੇ ਸਨ। ਉਹ ਸਮਾਜ ਵਿਚੋਂ ਬੁਰਿਆਈਆਂ ਨੂੰ ਖ਼ਤਮ ਕਰਨ ਦੇ ਸੁਪਨੇ ਲੈਂਦਾ ਸੀ। ਅਸੀਂ ਕਈ ਵਾਰੀ ਇਸ ਵਿਸ਼ੇ ‘ਤੇ ਉਸ ਨਾਲ ਵਿਚਾਰ-ਵਟਾਂਦਰਾ ਵੀ ਕਰਦੇ ਅਤੇ ਦਲੀਲ ਦਿੰਦੇ ਕਿ ਇਸ ਦੁਨੀਆਂ ਵਿਚ ਬਹੁਤ ਮਹਾਨ ਸ਼ਖ਼ਸੀਅਤਾਂ ਵੀ ਕੋਸ਼ਿਸ਼ਾਂ ਕਰ ਚੁੱਕੀਆਂ ਪਰ ਬੁਰਿਆਈ ਦਾ ਬੀਜ ਨਾਸ਼ ਨਹੀਂ ਹੋਇਆ। ਪਰ ਉਸ ਦੀ ਇਕੋ ਰਟ ਹੁੰਦੀ ਸੀ ਕਿ “ਮੈਨੂੰ ਇਕ ਵਾਰੀ ਪੁਲਿਸ ਦੀ ਵਰਦੀ ਪਾ ਲੈਣ ਦਿਉ, ਫਿਰ ਦੇਖਿਉ ਮੇਰੇ ਹੱਥ”। ਉੱਚਾ, ਲੰਮਾ, ਸੋਹਣਾ ਗੱਭਰੂ ਸੀ ਉਹ। ਘਰੋਂ ਵੀ ਸੌਖਾ ਸੀ। ਕਈ ਵਾਰੀ ਉਹ ਪੁਲਿਸ ਦੀ ਵਰਦੀ ਨਾਲ ਮਿਲਦੀ ਜੁਲਦੀ ਵਰਦੀ ਪਾ ਕੇ ਆਪਣੇ ਬੁਲੇਟ ‘ਤੇ ਕਾਲਜ ਆ ਜਾਂਦਾ, ਹਾਲਾਂਕਿ ਇੰਜ ਵਰਦੀ ਪਾਉਣੀ ਕਾਨੂੰਨ ਦੀ ਉਲੰਘਣਾ ਸੀ ਪਰ ਉਹ ਪਰਵਾਹ ਨਹੀਂ ਸੀ ਕਰਦਾ। ਉਸ ਦੇ ਕੁਝ ਰਿਸ਼ਤੇਦਾਰ ਦਿੱਲੀ ’ਚ ਪੁਲਿਸ ਦੇ ਉੱਚ ਅਹੁਦਿਆਂ ‘ਤੇ ਸਨ। ਉਨ੍ਹਾਂ ਨੇ ਉਸ ਨਾਲ ਵਾਅਦਾ ਕੀਤਾ ਹੋਇਆ ਸੀ ਕਿ ਉਹ ਬੀ.ਏ. ਪਾਸ ਕਰ ਲਵੇ ਤੇ ਉਹ ਉਸ ਨੂੰ ਏ. ਐੱਸ. ਆਈ. ਭਰਤੀ ਕਰਵਾ ਦੇਣਗੇ।

ਖੈਰ, ਉਹ ਬੀ. ਏ. ਕਰ ਕੇ ਏ. ਐੱਸ. ਆਈ. ਭਰਤੀ ਹੋ ਗਿਆ ਤੇ ਫ਼ਿਲੌਰ ਪੁਲਿਸ ਅਕੈਡਮੀ ਤੋਂ ਟ੍ਰੇਨਿੰਗ ਕਰਨ ਤੋਂ ਬਾਅਦ ਉਸ ਨੂੰ ਇਕ ਸ਼ਹਿਰ ਦੇ ਥਾਣੇ ‘ਚ ਤਾਇਨਾਤ ਕਰ ਦਿਤਾ ਗਿਆ। ਜਿਵੇਂ ਕਿ ਉਸ ਦੇ ਦਿਮਾਗ਼ ‘ਚ ਸਮਾਜ ਸੁਧਾਰ ਦਾ ਭੂਤ ਸਵਾਰ ਸੀ, ਉਸ ਨੇ ਸ਼ਹਿਰ ਦੇ ਜੇਬ ਕਤਰੇ ਤੇ ਹੋਰ ਨਿੱਕੇ ਮੋਟੇ ਜ਼ੁਰਮ ਕਰਨ ਵਾਲੇ ਮੁਜ਼ਰਿਮ ‘ਲੰਮੇ ਪਾਉਣੇ’ ਸ਼ੁਰੂ ਕਰ ਦਿਤੇ। ਇਨ੍ਹਾਂ ਮੁਜ਼ਰਿਮਾਂ ਦੇ ‘ਰਖ਼ਵਾਲਿਆਂ’ ਨੇ ਐੱਸ. ਐੱਚ. ਓ. ਕੋਲ ਫ਼ਰਿਆਦ ਕੀਤੀ। ਐੱਸ. ਐੱਚ. ਓ. ਨੇ ਉਸ ਨੂੰ ਸਮਝਾਇਆ ਕਿ ਉਹ ‘ਸਿਸਟਮ’ ਮੁਤਾਬਿਕ ਚੱਲੇ, ਇੰਜ ਕੰਮ ਕਰੇ ਕਿ ਲੋਕਾਂ ਨੂੰ ਲੱਗੇ ਕਿ ਪੁਲਿਸ ਬਹੁਤ ਕੰਮ ਕਰਦੀ ਹੈ। ਪਰ ਉਹ ਆਪਣੇ ਜਨੂੰਨ ‘ਚ ਉਸੇ ਚਾਲ ਨਾਲ ਚਲਦਾ ਰਿਹਾ। ਅਖੀਰ ਉੱਪਰਲਿਆਂ ਦਾ ਜ਼ੋਰ ਚੱਲਿਆ ਤੇ ਅਗਲਿਆਂ ਨੇ ਇਕ ਸਾਲ ਬਾਅਦ ਉਸ ਦੀ ਬਦਲੀ ਕਰਵਾ ਦਿਤੀ।

ਜਿੱਥੇ ਉਸ ਨੂੰ ਭੇਜਿਆ ਗਿਆ ਉਸ ਇਲਾਕੇ ‘ਚ ਦਰਿਆ ਦੇ ਕੰਢੇ ‘ਤੇ ਨਾਜਾਇਜ਼ ਸ਼ਰਾਬ ਬਹੁਤ ਬਣਦੀ ਸੀ। ਪੱਕੀਆਂ ਭੱਠੀਆਂ ਬਣੀਆਂ ਹੋਈਆਂ ਸਨ ਤੇ ਤਸਕਰਾਂ ਵਲੋਂ ਲੱਖਾਂ ਰੁਪਇਆ ਉੱਪਰ ਤੱਕ ਚਾੜ੍ਹਿਆ ਜਾਂਦਾ ਸੀ। ਸਾਡੇ ਇਸ ‘ਸਮਾਜ ਸੁਧਾਰਕ’ ਨੇ ਉੱਥੇ ਛਾਪੇ ਮਾਰਨੇ ਸ਼ੁਰੂ ਕਰ ਦਿਤੇ। ਭੱਠੀਆਂ ਪੁੱਟਣੀਆਂ ਸ਼ੁਰੂ ਕਰ ਦਿਤੀਆਂ। ਹੁਣ ਉਸ ਦੇ ਵਿਰੁੱਧ ਸ਼ਿਕਾਇਤਾਂ ਹੋਰ ਵੀ ਉੱਪਰ ਤੱਕ ਜਾਣ ਲੱਗੀਆਂ ਤੇ ਉਸ ਨੂੰ ਚਿਤਾਵਨੀਆਂ ਮਿਲਣੀਆਂ ਸ਼ੁਰੂ ਹੋਈਆਂ ਕਿ ਉਹ ਆਪਣੀ ਔਕਾਤ ‘ਚ ਰਹੇ ਨਹੀਂ ਤਾਂ ਉਸ ਨੂੰ ਗੰਭੀਰ ਸਿੱਟੇ ਭੁਗਤਣੇ ਪੈਣਗੇ। ਉਸ ਨੇ ਆਪਣੇ ਦਿੱਲੀ ਵਾਲੇ ਰਿਸ਼ਤੇਦਾਰਾਂ ਨੂੰ ਦੱਸਿਆ ਤੇ ਉਨ੍ਹਾਂ ਦਾ ਜਵਾਬ ਸੀ ਕਿ ‘ਦਰਿਆ ‘ਚ ਰਹਿ ਕੇ ਉਹ ਮਗਰਮੱਛ ਨਾਲ ਵੈਰ ਨਾ ਪਾਵੇ ਤੇ ਚਲ ਰਹੇ ਸਿਸਟਮ ਅਨੁਸਾਰ ਚੱਲਣਾ ਸਿੱਖੇ’। ਉਸ ਦੇ ਇਕ ਦੋ ਸਹਿਕਰਮੀ ਅਫ਼ਸਰਾਂ ਨੇ ਵੀ ਉਸ ਨੂੰ ਖ਼ਬਰਦਾਰ ਕਰ ਦਿਤਾ ਸੀ ਕਿ ਜੇ ਉਹ ਸਿਸਟਮ ਮੁਤਾਬਿਕ ਨਾ ਚੱਲਿਆ ਤਾਂ ਉਸ ਨੂੰ ਕਿਸੇ ਕੇਸ ਵਿਚ ਫ਼ਸਾ ਦਿਤਾ ਜਾਵੇਗਾ। ਉਸਦੇ ਦਿਮਾਗ਼ ਵਿਚੋਂ ਦੁਨੀਆਂ ਸੁਧਾਰਨ ਦਾ ਭੂਤ ਉੱਤਰ ਗਿਆ ਤੇ ਫਿਰ ਉਸ ਨੇ ਸਿਫ਼ਾਰਿਸ਼ਾਂ ਪੁਆ ਕੇ ਆਪਣੀ ਬਦਲੀ ਟ੍ਰੈਫ਼ਿਕ ਵਿਚ ਕਰਵਾ ਲਈ।

ਇਸੇ ਸਮੇਂ ਦੌਰਾਨ ਮੈਨੂੰ ਵੀ ਸਰਕਾਰੀ ਨੌਕਰੀ ਮਿਲ ਗਈ। ਇਕ ਦਿਨ ਮੈਂ ਸਰਹਿੰਦ ਤੋਂ ਲੁਧਿਆਣੇ ਨੂੰ ਪ੍ਰਾਈਵੇਟ ਬੱਸ ਰਾਹੀਂ ਜਾ ਰਿਹਾ ਸਾਂ ਕਿ ਰਾਹ ਵਿਚ ਟ੍ਰੈਫ਼ਿਕ ਵਾਲਿਆਂ ਨੇ ਟੈਕਸ ਚੈੱਕ ਕਰਨ ਲਈ ਬੱਸ ਰੋਕੀ। ਦੋ ਪੁਲਿਸ ਵਾਲੇ ਟਿਕਟਾਂ ਚੈੱਕ ਕਰਨ ਲਈ ਬੱਸ ਵਿਚ ਆ ਚੜ੍ਹੇ। ਖ਼ਤਾਨ ਵਿਚ ਕੁਰਸੀ ਉੱਪਰ ‘ਵੱਡਾ ਅਫ਼ਸਰ’ ਕਾਲ਼ੀਆਂ ਐਨਕਾਂ ਲਗਾਈ ਬੈਠਾ ਸੀ, ਮੈਂ ਪਛਾਣ ਲਿਆ। ਮੈਂ ਉੱਤਰ ਕੇ ਉਸ ਨੂੰ ਮਿਲਣ ਚਲਿਆ ਗਿਆ। ਉਹ ਮੈਨੂੰ ਦੇਖ ਕੇ ਬੜਾ ਖ਼ੁਸ਼ ਹੋਇਆ ਤੇ ਜੱਫੀ ਪਾ ਕੇ ਮਿਲਿਆ। ਪੰਜ ਕੁ ਸਾਲ ਦਾ ਸਮਾਂ ਹੋ ਗਿਆ ਸੀ ਸਾਨੂੰ ਇਕ ਦੂਜੇ ਨੂੰ ਮਿਲਿਆਂ। ਏਨੀ ਦੇਰ ਨੂੰ ਸਿਪਾਹੀ ਤੇ ਹੌਲਦਾਰ ਟਿਕਟਾਂ ਚੈੱਕ ਕਰ ਕੇ ਆ ਗਏ ਤੇ ਬੱਸ ਦੇ ਡਰਾਈਵਰ ਨੇ ਹਾਰਨ ਵਜਾਇਆ ਤੇ ਮੇਰਾ ਇੰਤਜ਼ਾਰ ਕਰਨ ਲੱਗਿਆ। ‘ਸਾਬ’ ਨੇ ਸਿਪਾਹੀ ਨੂੰ ਕਿਹਾ ਕਿ ਉਹ ਡਰਾਈਵਰ ਨੂੰ ਇਸ਼ਾਰਾ ਕਰ ਦੇਵੇ ਕਿ ਉਹ ਜਾਵੇ ਤੇ ਅਸੀਂ ਕਾਲਜ ਦੇ ਜ਼ਮਾਨੇ ਦੀਆਂ ਤੇ ਆਪਣੀ ਆਪਣੀ ਨੌਕਰੀ ਸਬੰਧੀ ਗੱਲਾਂ ਲੱਗੇ ਕਰਨ। ਇਕ ਕੁਰਸੀ ਨਾਲ ਵੱਡਾ ਸਾਰਾ ਥੈਲਾ ਟੰਗਿਆ ਹੋਇਆ ਸੀ। ਸਿਪਾਹੀ ਤੇ ਹੌਲਦਾਰ ਲਗਾਤਾਰ ਹਰੇਕ ਪ੍ਰਾਈਵੇਟ ਵਾਹਨ, ਵਿਸ਼ੇਸ਼ ਕਰ ਮਾਲ ਢੋਣ ਵਾਲ਼ੇ ਵਾਹਨਾਂ ਨੂੰ, ਰੋਕ ਰਹੇ ਸਨ ਤੇ ਪੈਸੇ ਉਗਰਾਹ ਕੇ ਵੱਡੇ ਥੈਲੇ ‘ਚ ਪਾਈ ਜਾ ਰਹੇ ਸਨ। ਜੇ ਕੋਈ ਡਰਾਈਵਰ ਪੈਸੇ ਦੇਣ ਤੋਂ ਆਨਾ -ਕਾਨੀ ਕਰਦਾ ਸੀ ਤਾਂ ਉਸ ਨੂੰ ‘ਵੱਡੇ ਸਾਹਿਬ’ ਕੋਲ ਪੇਸ਼ ਕੀਤਾ ਜਾਂਦਾ ਸੀ ਤੇ ‘ਕੇਸ’ ਨਿਪਟ ਜਾਂਦਾ ਸੀ।


ਜ਼ਿੰਦਗੀ ‘ਚ ਰਿਸ਼ਵਤ ਬਾਰੇ ਸੁਣਿਆ ਤਾਂ ਬਹੁਤ ਕੁਝ ਸੀ ਪਰ ਅੱਖੀਂ ਦੇਖਣ ਦਾ ਇਹ ਪਹਿਲਾ ਮੌਕਾ ਸੀ। ਮੈਂ ਉਸ ਨੂੰ ਕਿਹਾ ਕਿ ਇਸ ਹਿਸਾਬ ਤਾਂ ਉਹ ਪੈਸਿਆਂ ਨਾ਼ਲ ਖ਼ੂਹ ਭਰ ਦੇਵੇਗਾ। ਉਸ ਨੇ ਇਕ ਹਉਕਾ ਲਿਆ ਤੇ ਬੋਲਿਆ, “ ਜਿਹੜਾ ਕੋਈ ਵੀ ਸਾਨੂੰ ਦੇਖਦੈ ਉਹ ਇੰਜ ਹੀ ਸੋਚਦੈ ਪਰ ਅਸਲੀਅਤ ਕੁਝ ਹੋਰ ਐ। ਲੈ ਸੁਣ, ਇਹ ਪੈਸੇ ‘ਉੱਪਰ’ ਤੱਕ ਜਾਂਦੇ ਐ, ਸਭ ਨੂੰ ਆਪਣਾ ਆਪਣਾ ਹਿੱਸਾ ਮਿਲਦੈ, ਜੇ ਮੈਂ ਚਾਹਾਂ ਵੀ ਤਾਂ ਵੀ ਇਸ ਵਿਚੋਂ ਸੌ ਦੋ ਸੌ ਇਧਰ ਉਧਰ ਨਹੀਂ ਕਰ ਸਕਦਾ ਕਿਉਂਕਿ ਮੈਨੂੰ ਨਹੀਂ ਪਤਾ ਕਿ ਮੇਰੇ ਉੱਪਰ ਇਹ ਹੌਲਦਾਰ ਜਾਸੂਸੀ ਕਰਦਾ ਹੈ ਜਾਂ ਸਿਪਾਹੀ ਜਿਸ ਨੇ ਉੱਪਰਲੇ ਅਫ਼ਸਰ ਨੂੰ ਰਿਪੋਰਟ ਕਰਨੀ ਹੈ ਕਿ ਇਸ ਰੂਟ ਉੱਪਰ ਇਤਨੇ ਪੈਸੇ ਬਣੇ ਹਨ। ਹਾਂ, ਸਾਨੂੰ ਸਭ ਨੂੰ ਆਪਣਾ ਹਿੱਸਾ ਮਿਲਦਾ ਹੈ, ਹਰੇਕ ਦਾ ਆਪਣਾ ਰੇਟ ਹੈ, ਪਰ ਇਸ ਤੋਂ ਇਲਾਵਾ ਜੋ ਸਾਨੂੰ ਵਾਧੂ ਮਿਲਦੈ ਉਹ ਉੱਪਰਲੇ ਅਫ਼ਸਰਾਂ ਨੂੰ ਨਹੀਂ ਮਿਲਦਾ। ਮੈਂ ਪੁੱਛਿਆ, “ਉਹ ਕੀ?”

ਉਹ ਬੜੀ ਗੰਭੀਰਤਾ ਨਾਲ ਬੋਲਿਆ, “ਡਰਾਈਵਰਾਂ ਵਲੋਂ ਕੱਢੀਆਂ ਮਾਂ ਭੈਣ ਦੀਆਂ ਗਾਲ੍ਹਾਂ। ਜਿਸ ਡਰਾਈਵਰ ਦਾ ਕੋਈ ਕਸੂਰ ਵੀ ਨਹੀਂ ਹੁੰਦਾ, ਗੱਡੀ ਦੇ ਕਾਗਜ਼ ਪੂਰੇ ਹਨ, ਗੱਡੀ ਠੀਕ-ਠਾਕ ਹੈ, ਪਰ ਅਸੀਂ ਧੱਕੇ ਨਾਲ ਉਸ ਤੋਂ ਪੈਸੇ ਲੈਂਦੇ ਹਾਂ ਤਾਂ ਉਹ ਸਾਨੂੰ ਗਾਲ੍ਹਾਂ ਨਹੀਂ ਕੱਢੂ ਤਾਂ ਹੋਰ ਸਾਨੂੰ ਸ਼ਗਨ ਪਾਊ? ਕਈ ਵਾਰੀ ਸਾਨੂੰ ਗਾਲ੍ਹਾਂ ਸੁਣ ਵੀ ਪੈਂਦੀਆਂ ਨੇ ਪਰ ਅਸੀਂ ਕੁਝ ਨਹੀਂ ਕਰ ਸਕਦੇ ਕਿਉਂਕਿ ਪੈਸਿਆਂ ਨੇ ਸਾਡਾ ਮੂੰਹ ਬੰਦ ਕੀਤਾ ਹੋਇਆ ਹੁੰਦੈ”।

ਏਨਾ ਕਹਿ ਕੇ ਉਹ ਹੋਰ ਵੀ ਗੰਭੀਰ ਹੋ ਗਿਆ ਤੇ ਮੈਂ ਗੱਲ ਦਾ ਰੁਖ਼ ਬਦਲ ਦਿਤਾ।

* * * * * *

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੁਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. ‘ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ
KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਐਲਾਨੇ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਨਵੀਂ ਚੁਣੀ ਪ੍ਰਬੰਧਕ ਕਮੇਟੀ ਦੀ ਪਹਿਲੀ ਮੀਟਿੰਗ ਬੀਤੇ ਕੱਲ ਗੁਰੂ ਨਾਨਕ ਰੋਡ ਗੁਰਦੁਆਰਾ ਸਾਹਿਬ ਵਿਖੇ ਹੋਈ। ਜਿਸ ਵਿੱਚ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ ਨੇ ਨਵੀਂ ਚੁਣੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦਾ ਐਲਾਨ ਕੀਤਾ ਅਤੇ ਭਵਿੱਖ ਦੀਆਂ ਯੋਜਨਾਵਾਂ ਤੇ ਚਰਚਾ ਕੀਤੀ।***



ਨਵੀਂ ਚੁਣੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ

ਇਸ ਮੌਕੇ ਹਰਜੀਤ ਸਿੰਘ ਨੂੰ ਮੀਤ ਪ੍ਰਧਾਨ, ਕੇਵਲ ਸਿੰਘ ਰਣਦੇਵਾ ਨੂੰ ਮੀਤ ਪ੍ਰਧਾਨ, ਸ਼ਰਨਬੀਰ ਸਿੰਘ ਮੂਨ ਸੰਘਾ ਅਤੇ ਸੁਰਿੰਦਰ ਸਿੰਘ ਢੱਟ ਦੋਵੇਂ ਜਨਰਲ ਸਕੱਤਰ, ਜੈ ਸਿਮਰਨ ਸਿੰਘ ਜੁਆਇੰਟ ਸਕੱਤਰ, ਜਸਵੰਤ ਸਿੰਘ ਮੰਡ ਨੂੰ ਖਜ਼ਾਨਚੀ ਅਤੇ ਪਰਮਜੀਤ ਸਿੰਘ ਧਾਲੀਵਾਲ ਜੁਆਇੰਟ ਖਜ਼ਾਨਚੀ, ਗੁਰਦੁਆਰਾ ਪਾਰਕ ਐਵੇਨਿਊ ਲੰਗਰ ਸੇਵਾ ਜੋਗਿੰਦਰ ਸਿੰਘ ਬੱਲ ਅਤੇ ਗੁਰਦੀਪ ਸਿੰਘ, ਗੁਰੂ ਨਾਨਕ ਰੋਡ ਲੰਗਰ ਸੇਵਾ ਬੀਬੀ ਸੁਰਜੀਤ ਕੌਰ ਬਾਸੀ ਅਤੇ ਅਮਰੀਕ ਸਿੰਘ, ਵੈਲਫੇਅਰ ਕਮਲਪ੍ਰੀਤ ਕੌਰ, ਸਿੱਖਿਆ ਸਕੱਤਰ ਬਲਜਿੰਦਰ ਸਿੰਘ ਹੰਸਰਾ, ਲਾਇਬ੍ਰੇਰੀ ਗੁਲਜ਼ਾਰ ਸਿੰਘ ਚਤਰੱਥ, ਸਟੇਜ ਸਕੱਤਰ ਮਨਜੀਤ ਸਿੰਘ ਅਤੇ ਸਤਨਾਮ ਸਿੰਘ ਚੌਹਾਨ ਪਾਰਕ ਐਵੇਨਿਊ ਵਿਖੇ ਅਤੇ ਕਿਰਨਜੀਤ ਕੌਰ ਸਟੇਜ ਸਕੱਤਰ ਗੁਰੂ ਨਾਨਕ ਰੋਡ, ਇਸ਼ਟਮੀਤ ਸਿੰਘ ਫੁੱਲ ਵਿਕਾਸ ਸਕੱਤਰ ਥਾਪਿਆ ਗਿਆ ਹੈ, ਜਦ ਕਿ ਗੁਰਬਚਨ ਸਿੰਘ ਅਠਵਾਲ, ਅਜਮੇਰ ਸਿੰਘ ਵਿਰਦੀ ਬਤੌਰ ਮੈਂਬਰ ਸੇਵਾਵਾਂ ਨਿਭਾਉਣਗੇ। ਇਸ ਮੌਕੇ ਬੰਦੀ ਛੋੜ ਦਿਵਸ ਅਤੇ ਗੁਰਪੁਰਬ ਸਬੰਧੀ ਸਜਾਏ ਜਾਣ ਵਾਲੇ ਨਗਰ ਕੀਰਤਨ ਸਬੰਧੀ ਵੀ ਚਰਚਾ ਕੀਤੀ।

# ਯੂ.ਕੇ. ’ਚ ਬ੍ਰਿਟਿਸ਼ ਸਿੱਖ ਔਰਤ ਨਾਲ ਜਬਰ ਜਨਾਹ ਦੇ ਸ਼ੱਕ ’ਚ ਇੱਕ ਵਿਅਕਤੀ ਅਤੇ ਔਰਤ ਗ੍ਰਿਫ਼ਤਾਰ

ਲੰਡਨ: ਪਿਛਲੇ ਮਹੀਨੇ ਇੰਗਲੈਂਡ ਦੇ ਵੈਸਟ ਮਿਡਲੈਂਡਜ਼ ਖੇਤਰ ਦੇ ਓਲਡਬਰੀ ਵਿੱਚ ਇੱਕ ਬ੍ਰਿਟਿਸ਼ ਸਿੱਖ ਔਰਤ ਨਾਲ ਨਸਲੀ ਤੌਰ 'ਤੇ ਜਬਰ ਜਨਾਹ ਦੇ ਸ਼ੱਕ ਵਿੱਚ ਦੋ ਲੋਕਾਂ, ਇੱਕ ਆਦਮੀ ਅਤੇ ਇੱਕ ਔਰਤ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਵੈਸਟ ਮਿਡਲੈਂਡਜ਼ ਪੁਲਿਸ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਇਹ ਗ੍ਰਿਫ਼ਤਾਰੀਆਂ ਵੀਰਵਾਰ ਰਾਤ ਨੂੰ ਉਸੇ ਕਾਉਂਟੀ ਦੇ ਹੇਲੇਸੋਵਨ ਵਿੱਚ 30 ਸਾਲਾਂ ਦੀ ਇੱਕ ਔਰਤ ਨਾਲ ਦੂਜੇ ਜਬਰ ਜਨਾਹ ਦੇ ਸਬੰਧ ਵਿੱਚ ਕੀਤੀਆਂ ਗਈਆਂ ਹਨ, ਜਿਸ ਨੂੰ ਨਸਲੀ ਤੌਰ 'ਤੇ ਨਹੀਂ ਮੰਨਿਆ ਜਾ ਰਿਹਾ ਹੈ। ਬਾਅਦ ਵਿੱਚ ਇਨ੍ਹਾਂ ਜੋੜੇ ਨੂੰ 20 ਸਾਲਾਂ ਦੀ ਬ੍ਰਿਟਿਸ਼ ਸਿੱਖ ਔਰਤ 'ਤੇ ਹਮਲੇ ਦੇ ਸਬੰਧ ਵਿੱਚ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਨੇ 9 ਸਤੰਬਰ ਨੂੰ ਸੈਂਡਵੈੱਲ ਦੇ ਓਲਡਬਰੀ ਵਿੱਚ ਟੇਮ ਰੋਡ 'ਤੇ ਜਿਨਸੀ ਸ਼ੋਸ਼ਣ ਦੀ ਰਿਪੋਰਟ ਦਿੱਤੀ ਸੀ।

ਪੁਲਿਸ ਨੇ ਸ਼ੁੱਕਰਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਸੈਂਡਵੈੱਲ ਤੋਂ ਇੱਕ 49 ਸਾਲਾ ਆਦਮੀ ਅਤੇ ਇੱਕ 65 ਸਾਲਾ ਔਰਤ ਨੂੰ ਅੱਜ ਸਵੇਰੇ ਜਬਰ ਜਨਾਹ ਦੇ ਸ਼ੱਕ ਵਿੱਚ ਗ੍ਰਿਫ਼ਤਾਰ ਕੀਤਾ ਗਿਆ। "ਸਾਨੂੰ ਸ਼ਾਮ 7 ਵਜੇ (ਸਥਾਨਕ ਸਮੇਂ ਵੀਰਵਾਰ) ਦੇ ਕਰੀਬ ਬੁਲਾਇਆ ਗਿਆ, ਜਦੋਂ ਇੱਕ 30 ਸਾਲਾਂ ਦੀ ਔਰਤ ਨੇ ਹਰਸਟ ਗ੍ਰੀਨ ਪਾਰਕ ਵਿੱਚ ਹਮਲਾ ਹੋਣ ਦੀ ਰਿਪੋਰਟ ਦਿੱਤੀ। ਇਸ ਘਟਨਾ ਨੂੰ ਨਸਲੀ ਤੌਰ 'ਤੇ ਭੜਕਾਉਣ ਵਾਲਾ ਨਹੀਂ ਮੰਨਿਆ ਜਾ ਰਿਹਾ ਹੈ। ਇਸ ਆਦਮੀ ਅਤੇ ਔਰਤ ਨੂੰ ਅੱਜ ਦੁਪਹਿਰ (ਸ਼ੁੱਕਰਵਾਰ) ਮੰਗਲਵਾਰ, 9 ਸਤੰਬਰ ਨੂੰ ਓਲਡਬਰੀ ਦੇ ਟੇਮ ਰੋਡ 'ਤੇ ਹੋਏ ਜਬਰ ਜਨਾਹ ਦੇ ਸਬੰਧ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਉਹ ਪੁੱਛਗਿੱਛ ਲਈ ਹਿਰਾਸਤ ਵਿੱਚ ਹਨ," ਬਿਆਨ ਵਿੱਚ ਕਿਹਾ ਗਿਆ ਹੈ।

# ਯੂਨਾਈਟਡ ਸਿੱਖਸ ਦੀ ਮਦਦ ਨਾਲ 15 ਸਾਲ ਬਾਅਦ ਪੰਜਾਬ ਮੁੜੇਗਾ ਲਖਵਿੰਦਰ ਸਿੰਘ



**ਲਖਵਿੰਦਰ ਸਿੰਘ ਨੂੰ ਪੰਜਾਬ ਜਾਣ ਲਈ ਦਸਤਾਵੇਜ਼ ਸੌਂਪਦੇ ਹੋਏ ਗੁਰਮੇਲ ਸਿੰਘ ਮੱਲੀ, ਦੀਦਾਰ ਸਿੰਘ ਰੰਧਾਵਾ ਅਤੇ ਹੋਰ**

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਗੈਰਕਾਨੂੰਨੀ ਤਰੀਕੇ ਨਾਲ ਰਹਿਣਾ ਹੁਣ ਸੌਖਾ ਨਹੀਂ ਹੈ। ਇਮੀਗ੍ਰੇਸ਼ਨ ਨਿਯਮਾਂ ਦੀ ਸਖ਼ਤੀ ਦੇ ਨਾਲ ਨਾਲ ਮਹਿੰਗਾਈ ਅਤੇ ਕੰਮਾਂ ਦੀ ਘਾਟ ਕਾਰਨ ਬਹੁਤ ਸਾਰੇ ਲੋਕ ਘਰ ਵਾਪਸੀ ਕਰਦੇ ਵੇਖੇ ਜਾ ਸਕਦੇ ਹਨ। ਬੀਤੇ ਦਿਨੀ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿੱਚ ਸਮਾਜ ਸੇਵੀ ਸੰਸਥਾ ਯੂਨਾਈਟਡ ਸਿੱਖ ਦੇ ਲੱਗਦੇ ਹਫਤਾਵਾਰੀ ਹੈਲਪ ਡੈਸਕ ਦੀ ਮਦਦ ਨਾਲ 15 ਸਾਲ ਤੋਂ ਯੂ ਕੇ ਵਿੱਚ ਰਹਿ ਰਿਹਾ ਲਖਵਿੰਦਰ ਸਿੰਘ ਵਾਪਿਸ ਪੰਜਾਬ ਜਾ ਰਿਹਾ ਹੈ। ਜਿਸ ਬਾਰੇ ਯੂਨਾਈਟਡ ਸਿੱਖਸ ਦੀ ਵਕੀਲ ਨਰਪਿੰਦਰ ਕੌਰ ਮਾਨ ਨੇ ਕਿਹਾ ਯੂ ਕੇ ਰਹਿ ਰਹੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਉਹਨਾਂ ਦੇ ਆਪਣੇ ਦੇਸ਼ ਭੇਜਣ ਲਈ ਸਰਕਾਰ ਵੱਲੋਂ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਜੋ ਪ੍ਰਵਾਸੀ ਆਪਣੀ ਮਰਜ਼ੀ ਨਾਲ ਵਾਪਿਸ ਜਾਂਦੇ ਹਨ ਉਨ੍ਹਾਂ ਦੇ ਮੁੜ ਵਸੇਬੇ ਲਈ ਜਿੱਥੇ 3000 ਪੌਂਡ ਜਾਣੀ ਤਿੰਨ ਲੱਖ ਰੁਪਏ ਤੋਂ ਵੱਧ ਨਕਦ ਰਾਸ਼ੀ ਦਿੱਤੀ ਜਾਂਦੀ ਹੈ ਉੱਥੇ ਹੀ ਹਵਾਈ ਟਿਕਟਾਂ ਆਦਿ ਵੀ ਦਿੱਤੀਆਂ ਜਾਂਦੀਆਂ ਹਨ। ਲਖਵਿੰਦਰ ਸਿੰਘ ਨੇ ਦੱਸਿਆ ਕਿ ਉਹ 15 ਸਾਲ ਤੋਂ ਯੂ ਕੇ ਵਿੱਚ ਰਹਿ ਰਿਹਾ ਸੀ ਪਰ ਹੁਣ ਹਾਲਾਤ ਬਹੁਤ ਬਦਲ ਗਏ ਹਨ। ਉਸ ਨੂੰ ਪੱਕੇ ਹੋਣ ਦੇ ਕੋਈ ਆਸਾਰ ਨਜ਼ਰ ਨਹੀਂ ਆਏ। ਜਿਸ ਕਾਰਨ ਉਹ ਯੂਨਾਈਟਡ ਸਿੱਖਸ ਦੀ ਮਦਦ ਨਾਲ ਆਪਣੇ ਘਰ ਵਾਪਿਸ ਜਾ ਰਿਹਾ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਗੁਰਮੇਲ ਸਿੰਘ ਮੱਲੀ, ਦੀਦਾਰ ਸਿੰਘ ਰੰਧਾਵਾ, ਲਖਵਿੰਦਰ ਸਿੰਘ ਯੂਨਾਈਟਡ ਸਿੱਖਸ ਵੱਲੋਂ ਵਾਪਸੀ ਦੇ ਦਸਤਾਵੇਜ਼ ਸੌਂਪੇ ਗਏ।


## VACANCIES
## JSR CONTRACTS LTD.

**ਮਾਨਚੈਸਟਰ ਦੀਆਂ ਸਾਈਟਾਂ ‘ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਨਸ਼ਿਆਂ ਕਾਰਨ ਪੁੱਤ ਬਲੀ ਚੜ੍ਹਿਆ

## ✪ ਸ਼ਮਸ਼ਾਨਘਾਟ ਵਿਚ ਪੁੱਤ ਦੀ ਬਲਦੀ ਚਿਖਾ ’ਤੇ ਪਿਉ ਚੀਕਿਆ ਦਰਦ-ਦੂਜੇ ਦੀ ਵੀ ਤਿਆਰੀ ✪ ਨਸ਼ਿਆਂ ਦੇ ਖ਼ਾਤਮੇ ਦੇ ਸਰਕਾਰੀ ਦਾਅਵਿਆਂ ਦੀ ਪੋਲ ਖੋਲ੍ਹੀ

ਜਗਰਾਓਂ-ਨੇੜਲੇ ਪਿੰਡ ਰਸੂਲਪੁਰ ਦੀ ਸ਼ਮਸ਼ਾਨਘਾਟ ਵਿਚ ਨਸ਼ਿਆਂ ਵੱਲੋਂ ਨੌਜਵਾਨ ਨੂੰ ਲੀਲ ਲੈਣ ’ਤੇ ਉਸਦੀ ਬਲਦੀ ਚਿਖਾ ’ਤੇ ਦਰਦ ਬਿਆਨ ਕਰਦਿਆਂ ਕਿਹਾ ਕਿ ਇੱਕ ਪੁੱਤ ਦਾ ਸਿਵਾ ਬਲ਼ ਰਿਹਾ, ਦੂਜੇ ਦੀ ਤਿਆਰੀ। ਸ਼ਾਇਦ ਹੀ ਆਪਣੇ ਜਿਉਂਦੇ ਜਾਗਦੇ ਗੱਭਰੂ ਪੁੱਤ ਲਈ ਕੋਈ ਪਿਤਾ ਇਨ੍ਹਾਂ ਲਫ਼ਜਾਂ ਦਾ ਇਸਤੇਮਾਲ ਕਰੇ ਪਰ ਇਸ ਪਿਤਾ ਨੇ ਨਸ਼ਿਆਂ ਨੇ ਦੋਵਾਂ ਪੁੱਤਾਂ ਜਿਨ੍ਹਾਂ ’ਚੋਂ ਇੱਕ ਦੀ ਜਾਨ ਲੈ ਲਈ ਅਤੇ ਦੂਸਰੇ ਦੀ ਹਾਲਤ ਵੀ ਚਿੰਤਾਜਨਕ ਹੈ, ਨੂੰ ਲੈ ਕੇ ਦਲੇਰੀ ਨਾਲ ਸੱਚ ਬੋਲਦਿਆਂ ਨਸ਼ਿਆਂ ਦੇ ਖ਼ਾਤਮੇ ਦੇ ਸਰਕਾਰੀ ਦਾਅਵਿਆਂ ਦੀ ਇੱਕ ਤਰ੍ਹਾਂ ਪੋਲ ਖੋਲ੍ਹ ਕੇ ਰੱਖ ਦਿੱਤੀ। ਇਹੀ ਨਹੀਂ ਰਸੂਲਪੁਰ ਦੀ ਸ਼ਮਸ਼ਾਨਘਾਟ ਵਿਚ ਖੜ੍ਹੇ ਪਿੰਡ ਨੇ ਜਗਰਾਓਂ ਪੁਲਿਸ ਦੇ ਯੁੱਧ ਨਸ਼ਿਆਂ ਵਿਰੁੱਧ ’ਤੇ ਸਿੱਧੇ ਸਵਾਲ ਚੁੱਕਦਿਆਂ ਇਹ ਤੱਕ ਕਹਿ ਦਿੱਤਾ ਕਿ ਇਹ ਨਸ਼ਿਆਂ ਖ਼ਿਲਾਫ਼ ਕਿਹੋ ਜਿਹਾ ਯੁੱਧ ਹੈ, ਜੋ ਹਰ ਗਲੀ, ਬਾਜ਼ਾਰ ਵਿਚ ਸ਼ਰੇਆਮ ਮਿਲ ਰਿਹਾ ਹੈ। ਗੱਲ ਕਰੀਏ ਤਾਂ ਰਸੂਲਪੁਰ ਪਿੰਡ ਦੇ ਗ੍ਰੰਥੀ ਸਿੰਘ ਗਿਆਨੀ ਗੁਰਮੇਲ ਸਿੰਘ ਦੇ ਪੁੱਤ ਮਨਪ੍ਰੀਤ ਸਿੰਘ ਘੁੱਗੀ ਅਤੇ ਦੂਜਾ ਪੁੱਤ ਜਸਵੰਤ ਸਿੰਘ ਦੋਵੇਂ ਹੀ ਚਿੱਟੇ ਦੇ ਆਦੀ ਹੋ ਗਏ।

ਇਹ ਦੋਵੇਂ ਪਹਿਲਾਂ ਨਸ਼ਾ ਨਹੀਂ ਸਨ ਕਰਦੇ, ਬਲਕਿ ਪਾਠ ਅਤੇ ਚੰਗੇ ਕੀਰਤਨੀਏ ਸਨ। ਪਿੰਡ ਵਿਚ ਆਮ ਵਿਕਦੇ ਨਸ਼ੇ ਨੇ ਇਨ੍ਹਾਂ ਦੋਵਾਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ। ਮਨਪ੍ਰੀਤ ਜੋ ਕਿ ਲੱਤ ਵਿਚ ਨਸ਼ੇ ਦਾ ਟੀਕਾ ਲਗਾਉਂਦਾ ਸੀ ਅਤੇ ਇਸੇ ਕਾਰਨ ਉਹ ਐੱਚਆਈਵੀ, ਟੀਬੀ ਅਤੇ ਹੋਰ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਗਿਆ ਅਤੇ ਉਸ ਦੀ ਬੀਤੇ ਦਿਨੀਂ ਮੌਤ ਹੋ ਗਈ। ਗੱਲ ਕਰੀਏ ਦੂਸਰੇ ਪੁੱਤ ਜਸਵੰਤ ਸਿੰਘ ਦੀ ਤਾਂ ਉਹ ਵੀ ਨਸ਼ਿਆਂ ਦੇ ਟੀਕੇ ਕਾਰਨ ਗੰਭੀਰ ਹੈ। ਉਹ ਬਾਂਹ ਵਿਚ ਟੀਕੇ ਲਗਾਉਂਦਾ ਸੀ ਜਿਸ ਕਾਰਨ ਉਸ ਦੀ ਬਾਂਹ ਬੁਰੀ ਤਰ੍ਹਾਂ ਇੰਨਫੈਕਸ਼ਨ ਨਾਲ ਘਿਰੀ ਹੋਈ ਹੈ।



‘ਮੈਂ ਨਸ਼ੇ ਨਹੀਂ ਪੁੱਤਾਂ ਨੂੰ ਕੀਰਤਨ ਤੇ ਪਾਠ ਸਿਖਾਇਆ ਸੀ’-ਨਸ਼ਿਆਂ ਕਾਰਨ ਜਾਨ ਗਵਾਉਣ ਵਾਲੇ ਮਨਪ੍ਰੀਤ ਦੇ ਪਿਤਾ ਗਿਆਨੀ ਗੁਰਮੇਲ ਸਿੰਘ ਨੇ ਕਿਹਾ ਕਿ ਉਨ੍ਹਾਂ ਆਪਣੇ ਪੁੱਤਾਂ ਨੂੰ ਪਾਠ ਅਤੇ ਕੀਰਤਨ ਸਿਖਾਇਆ ਸੀ, ਨਸ਼ਾ ਕਰਨਾ ਨਹੀਂ। ਉਸ ਦੇ ਦੋ ਪੁੱਤ ਵਿਦੇਸ਼ਾਂ ਵਿਚ ਹਨ ਪਤਾ ਨਹੀਂ ਕਿਥੋਂ ਪਿੰਡ ਵਿਚ ਨਸ਼ਿਆਂ ਦੀ ਇਸ ਲਾਹਨਤ ਨੇ ਉਨ੍ਹਾਂ ਦੇ ਦੋਵਾਂ ਪੁੱਤਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ।

ਯੁੱਧ ਨਸ਼ਿਆਂ ਵਿਰੁੱਧ ਨਹੀਂ, ਇਹ ਯੁੱਧ ਨਸ਼ਿਆਂ ਦਾ ਗਲੀ-ਗਲੀ-ਪੇਂਡੂ ਮਜ਼ਦੂਰ ਯੂਨੀਅਨ ਦੇ ਅਵਤਾਰ ਸਿੰਘ ਰਸੂਲਪੁਰ ਨੇ ਕਿਹਾ ਕਿ ਉਨ੍ਹਾਂ ਦੇ ਇਲਾਕੇ ਵਿਚ ਯੁੱਧ ਨਸ਼ਿਆਂ ਵਿਰੁੱਧ ਉਲਟ ਚੱਲ ਰਿਹਾ ਹੈ। ਇਹ ਨਸ਼ਿਆਂ ਦਾ ਯੁੱਧ ਪਿੰਡ ਦੀ ਹਰ ਗਲੀ, ਮੁਹੱਲੇ ’ਤੇ ਚੱਲ ਰਿਹਾ ਹੈ। ਅਸਾਨੀ ਨਾਲ ਨਸ਼ਾ ਵਿਕ ਅਤੇ ਖ਼ਰੀਦਿਆ ਜਾ ਰਿਹਾ ਹੈ। ਇਹੀ ਨਹੀਂ ਪੁਲਿਸ ਦੀ ਕਾਰਵਾਈ ਦੀ ਗੱਲ ਕਰੀਏ ਤਾਂ ਹੁਣ ਤਕ ਵੱਡਾ ਸਮੱਗਲਰ ਫੜ੍ਹਿਆ ਹੀ ਕਦੋਂ ?

ਜਨਤਾ ਨੇ ਤਸਕਰਾਂ ਦਾ ਪਤਾ ਪੁਲਿਸ ਨੂੰ ਦੇ ਕੇ ਆਪਣੀਆਂ ਲੱਤਾਂ ਤੁੜਵਾਉਣੀਆਂ-ਪਿੰਡ ਰਸੂਲਪੁਰ ਦੇ ਨੌਜਵਾਨ ਰੁਪਿੰਦਰ ਸਿੰਘ ਨੇ ਵੀ ਸ਼ਮਸ਼ਾਨਘਾਟ ਵਿਚ ਨਸ਼ਿਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਦਿਆਂ ਪੁਲਿਸ ਨੂੰ ਜਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਜਦੋਂ ਆਮ ਲੋਕ ਨਸ਼ਿਆਂ ਦਾ ਰੌਲਾ ਪਾਉਂਦੇ ਹਨ ਤਾਂ ਪੁਲਿਸ ਉਲਟਾ ਲੋਕਾਂ ਨੂੰ ਨਸ਼ਾ ਤਸਕਰਾਂ ਦਾ ਨਾਮ ਦੱਸਣ ਲਈ ਕਹਿ ਦਿੰਦੀ ਹੈ। ਜਨਤਾ ਨਾਮ ਕਿਉਂ ਦੱਸੇ ਤਾਂ ਜੋ ਇਹ ਤਸੱਕਰ ਜਨਤਾ ਦੀਆਂ ਲੱਤਾਂ ਤੋੜ ਦੇਣ। ਇਹ ਝੂਠ ਨਹੀਂ, ਪਿਛਲੀਆਂ ਘਟਨਾਵਾਂ ਇਸ ਹਕੀਕਤ ਦੀ ਗਵਾਹੀ ਭਰਦੀਆਂ ਹਨ। ਲੱਖ ਲੱਖ ਰੁਪਇਆ ਤਨਖਾਹ ਲੈਣ ਵਾਲੇ ਅਫਸਰ ਅਤੇ ਉਨ੍ਹਾਂ ਦੀਆਂ ਖੁਫੀਆ ਏਜੰਸੀਆਂ ਕੀ ਕਰ ਰਹੀਆਂ ਹਨ ?

ਮਨਪ੍ਰੀਤ ਨੂੰ ਕਈ ਗੰਭੀਰ ਬਿਮਾਰੀਆਂ ਸਨ: ਐੱਸਪੀ-ਜਗਰਾਓਂ ਦੇ ਐੱਸਪੀ ਹਰਕਮਲ ਕੌਰ ਨੇ ਕਿਹਾ ਕਿ ਮਨਪ੍ਰੀਤ ਸਿੰਘ ਦੀ ਮੌਤ ਮਾਮਲੇ ਵਿਚ ਜਾਂਚ ਲਈ ਰਾਏਕੋਟ ਦੇ ਡੀਐੱਸਪੀ ਹਰਵਿੰਦ ਸਿੰਘ ਅਤੇ ਥਾਣਾ ਹਠੂਰ ਦੇ ਮੁਖੀ ਕੁਲਜਿੰਦਰ ਸਿੰਘ ਪਹੁੰਚੇ ਸਨ। ਜਿਥੇ ਪਰਿਵਾਰ ਨੇ ਦੱਸਿਆ ਕਿ ਉਸ ਨੂੰ ਐੱਚਆਈਵੀ, ਟੀਬੀ ਅਤੇ ਕਈ ਬਿਮਾਰੀਆਂ ਸਨ, ਜਿਸ ਨਾਲ ਉਸ ਦੀ ਮੌਤ ਹੋਈ ਹੈ। ਉਸ ਦਾ ਦੂਸਰਾ ਭਰਾ ਜਸਵੰਤ ਸਿੰਘ ਨਸ਼ਾ ਕਰਦਾ ਹੈ, ਜਿਸ ਨੂੰ ਅੱਜ ਪਰਿਵਾਰਕ ਮੈਂਬਰਾਂ ਦੀ ਸਹਿਮਤੀ ਨਾਲ ਜਗਰਾਓਂ ਸਿਵਲ ਹਸਪਤਾਲ ਇਲਾਜ ਲਈ ਭਰਤੀ ਕਰਵਾਇਆ ਗਿਆ ਹੈ।

## ਨਸ਼ੀਲੀਆਂ ਦਵਾਈਆਂ ਦੇ ਕੇਸ ਵਿਚੋਂ ਬਚਾਉਣ ਲਈ ਰਿਸ਼ਵਤ ਲੈਂਦੇ ਛੋਟੇ ਥਾਣੇਦਾਰ ਸਣੇ ਤਿੰਨ ਗ੍ਰਿਫਤਾਰ

ਅੰਮ੍ਰਿਤਸਰ-ਨਸ਼ੀਲੀਆਂ ਦਵਾਈਆਂ ਨਾਲ ਫੜੇ ਗਏ ਵਿਅਕਤੀ ਨੂੰ ਬਚਾਉਣ ਲਈ ਰਿਸ਼ਵਤ ਲੈਣ ਦੇ ਦੋਸ਼ ਵਿਚ ਦੋਬੁਰਜੀ ਪੁਲਿਸ ਚੌਕੀ ਦੇ ਇੰਚਾਰਜ ਏਐੱਸਆਈ ਨਰਿੰਦਰ ਸਿੰਘ ਤੇ ਹੈੱਡ ਕਾਂਸਟੇਬਲ ਪ੍ਰਗਟ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮਾਂ ਨੇ ਨਸ਼ੀਲੀਆਂ ਦਵਾਈਆਂ ਦੀ ਸਪਲਾਈ ਕਰਨ ਵਾਲੇ ਇਕ ਵਿਅਕਤੀ ਨੂੰ ਛੱਡਣ ਬਦਲੇ 2.5 ਲੱਖ ਰੁਪਏ ਦੀ ਰਿਸ਼ਵਤ ਲਈ ਸੀ। ਐੱਸਐੱਸਪੀ ਮਨਿੰਦਰ ਸਿੰਘ, ਐੱਸਪੀ (ਡੀ) ਆਦਿੱਤਿਆ ਵਾਰੀਅਰ ਤੇ ਡੀਐੱਸਪੀ ਯਾਦਵਿੰਦਰ ਸਿੰਘ ਨੂੰ ਘਟਨਾ ਬਾਰੇ ਸੂਚਿਤ ਕੀਤਾ ਗਿਆ। ਡੀਐੱਸਪੀ ਯਾਦਵਿੰਦਰ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਤਿੰਨਾਂ ਨੂੰ ਗ੍ਰਿਫ਼ਤਾਰ ਕਰ ਲਿਆ।

## ਐਡਮਿੰਟਨ ਵਿਚ ਪੋਸਤ ਦੀ ਗੈਰਕਾਨੂੰਨੀ ਖੇਤੀ, ਚਾਰ ਪੰਜਾਬੀ ਗ੍ਰਿਫਤਾਰ

ਐਡਮਿੰਟਨ-ਕੈਨੇਡਾ ਦੇ ਅਲਬਰਟਾ ਸੂਬੇ ਦੀ ਰਾਜਧਾਨੀ ਐਡਮਿੰਟਨ ਵਿਚ ਪੋਸਤ ਦੀ ਗੈਰਕਾਨੂੰਨੀ ਖੇਤੀ ਕਰਦੇ ਚਾਰ ਪੰਜਾਬੀਆਂ ਨੂੰ ਪੁਲਿਸ ਨੇ ਕਾਬੂ ਕੀਤਾ। ਸੁਖਦੀਪ ਧਨੋਆ (42), ਸੰਦੀਪ ਦੰਦੀਵਾਲ (33), ਗੁਰਪ੍ਰੀਤ ਸਿੰਘ (30) ਤੇ ਕੁਲਵਿੰਦਰ ਸਿੰਘ (40) ਦੇ ਖੇਤਾਂ ਵਿਚੋਂ 60 ਹਜ਼ਾਰ ਪੋਸਤ ਦੇ ਬੂਟੇ ਜ਼ਬਤ ਕੀਤੇ।

ਪੁਲਿਸ ਨੂੰ ਫਾਰਮ ਹਾਊਸ ਵਿਚ ਭੁੱਕੀ ਤੇ ਖਸਖਸ ਦੀਆਂ ਪੁੜੀਆਂ ਮਿਲੀਆਂ, ਜੋ ਨਸ਼ੇੜੀਆਂ ਨੂੰ ਵੇਚਣ ਲਈ ਤਿਆਰ ਕੀਤੀਆਂ ਸਨ। ਪੁਲਿਸ ਨੇ ਨਸ਼ਾ ਵਿਰੋਧੀ ਧਾਰਾਵਾਂ ਅਧੀਨ ਮਾਮਲਾ ਦਰਜ ਕੀਤਾ। ਐਡਮਿੰਟਨ ਪੁਲਿਸ ਦੀ ਡਰੱਗ ਐਂਡ ਗੈਂਗ ਐਨਫੋਰਸਮੈਂਟ ਟੀਮ ਨੇ 195 ਐਵੇਨਿਊ ’ਤੇ ਛਾਪੇਮਾਰੀ ਕਰਕੇ ਸਬੂਤ ਇਕੱਠੇ ਕੀਤੇ। ਪੋਸਤ ਦੀ ਬਜ਼ਾਰੀ ਕੀਮਤ 1.5 ਤੋਂ 5 ਲੱਖ ਦੱਸੀ ਜਾਂਦੀ ਹੈ। ਇਸ ਤੋਂ ਅਫੀਮ ਤੇ ਹੈਰੋਇਨ ਬਣਾਈ ਜਾਂਦੀ ਹੈ।

# ਕੈਨੇਡਾ ਵਿੱਚ ਕਪਿਲ ਸ਼ਰਮਾ ਦੇ ਕੈਪਸ ਕੈਫੇ ’ਤੇ ਮੁੜ ਗੋਲ਼ੀਆਂ ਚਲੀਆਂ ਬਾਰੀ, ਲਾਰੈਂਸ ਗੈਂਗ ਨੇ ਲਈ ਜ਼ਿੰਮੇਵਾਰੀ

ਨਵੀਂ ਦਿੱਲੀ-ਮਸ਼ਹੂਰ ਕਾਮੇਡੀਅਨ ਕਪਿਲ ਸ਼ਰਮਾ ਦੇ ਮਾਲਕੀ ਵਾਲੇ ਕੈਨੇਡਾ ਦੇ ਕੈਪਸ ਕੈਫੇ ਵਿੱਚ ਇੱਕ ਵਾਰ ਫਿਰ ਗੋਲੀਬਾਰੀ ਹੋਈ ਹੈ। ਲਾਰੈਂਸ ਬਿਸ਼ਨੋਈ ਗੈਂਗ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਧਿਆਨ ਦੇਣ ਯੋਗ ਹੈ ਕਿ ਕਪਿਲ ਸ਼ਰਮਾ ਦੇ ਕੈਨੇਡੀਅਨ ਕੈਫੇ ਨੂੰ ਪਹਿਲਾਂ ਵੀ ਕਈ ਵਾਰ ਨਿਸ਼ਾਨਾ ਬਣਾਇਆ ਜਾ ਚੁੱਕਾ ਹੈ। ਦਰਅਸਲ, ਇਹ ਚਾਰ ਮਹੀਨਿਆਂ ਵਿੱਚ ਤੀਜੀ ਵਾਰ ਹੈ ਜਦੋਂ ਕੈਨੇਡਾ ਦੇ ਸਰੀ ਵਿੱਚ ਕਾਮੇਡੀਅਨ ਕਪਿਲ ਸ਼ਰਮਾ ਦੇ ਰੈਸਟੋਰੈਂਟ ’ਤੇ ਗੋਲੀਬਾਰੀ ਕੀਤੀ ਗਈ ਹੈ। ਗੈਂਗਸਟਰ ਗੋਲਡੀ ਢਿੱਲੋਂ ਅਤੇ ਕੁਲਦੀਪ ਸਿੱਧੂ ਨੇ ਸੋਸ਼ਲ ਮੀਡੀਆ ’ਤੇ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਉਹ ਮਾਫੀਆ ਬੌਸ ਲਾਰੈਂਸ ਬਿਸ਼ਨੋਈ ਦੇ ਆਪ੍ਰੇਸ਼ਨ ਦਾ ਹਿੱਸਾ ਹਨ।







ਦੱਸਿਆ ਜਾ ਰਿਹਾ ਹੈ ਕਿ ਹਮਲੇ ਦੌਰਾਨ ਅੱਧੀ ਦਰਜਨ ਗੋਲੀਆਂ ਚਲਾਈਆਂ ਗਈਆਂ ਸਨ ਤੇ ਇੱਕ ਖਿੜਕੀ ਟੁੱਟ ਗਈ ਸੀ। ਹਾਲਾਂਕਿ, ਕਿਸੇ ਦਾ ਜਾਨੀ ਨੁਕਸਾਨ ਨਹੀਂ ਹੋਇਆ। ਹਮਲੇ ਤੋਂ ਬਾਅਦ ਸੋਸ਼ਲ ਮੀਡੀਆ ’ਤੇ ਵੀਡੀਓ ਵਿੱਚ, ਢਿੱਲੋਂ ਅਤੇ ਸਿੱਧੂ ਨੇ ਹਮਲੇ ਦੀ ਜ਼ਿੰਮੇਵਾਰੀ ਲੈਂਦੇ ਹੋਏ ਕਿਹਾ, ‘‘ਮੈਂ, ਕੁਲਦੀਪ ਸਿੱਧੂ ਤੇ ਗੋਲਡੀ ਢਿੱਲੋਂ, (ਕੈਪਸ ਕੈਫੇ ’ਤੇ) ਹੋਈਆਂ ਤਿੰਨ ਗੋਲੀਬਾਰੀ ਦੀ ਜ਼ਿੰਮੇਵਾਰੀ ਲੈਂਦੇ ਹਾਂ। ਸਾਡਾ ਆਮ ਲੋਕਾਂ ਨਾਲ ਕੋਈ ਦੁਸ਼ਮਣੀ ਨਹੀਂ ਹੈ।’’ ਇਨ੍ਹਾਂ ਗੈਂਗਸਟਰਾਂ ਨੇ ਉਨ੍ਹਾਂ ਲੋਕਾਂ ਨੂੰ ਦੂਰ ਰਹਿਣ ਦੀ ਅਪੀਲ ਕੀਤੀ ਜਿਨ੍ਹਾਂ ਨਾਲ ਉਨ੍ਹਾਂ ਦਾ ਝਗੜਾ ਹੈ। ਜੋ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਹਨ ਅਤੇ ਲੋਕਾਂ ਨੂੰ ਪੈਸੇ ਨਹੀਂ ਦਿੰਦੇ ਹਨ, ਉਨ੍ਹਾਂ ਨੂੰ ਵੀ ਤਿਆਰ ਰਹਿਣਾ ਚਾਹੀਦਾ ਹੈ।

ਦੂਜਾ ਹਮਲਾ 8 ਅਗਸਤ ਨੂੰ ਹੋਇਆ-ਇਹ ਧਿਆਨ ਦੇਣ ਯੋਗ ਹੈ ਕਿ ਕਪਿਲ ਸ਼ਰਮਾ ਦੇ ਕੈਫੇ ਨੂੰ ਪਹਿਲਾਂ 8 ਅਗਸਤ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਉਸ ਦਿਨ ਕੈਫੇ ’ਤੇ ਘੱਟੋ-ਘੱਟ 25 ਗੋਲੀਆਂ ਚਲਾਈਆਂ ਗਈਆਂ ਸਨ। ਲਾਰੈਂਸ ਬਿਸ਼ਨੋਈ ਗੈਂਗ ਨੇ ਦੂਜੇ ਹਮਲੇ ਦੀ ਜ਼ਿੰਮੇਵਾਰੀ ਵੀ ਲਈ ਸੀ। ਇਸ ਹਮਲੇ ਤੋਂ ਬਾਅਦ, ਇੱਕ ਵੀਡੀਓ ਜਾਰੀ ਕੀਤਾ ਗਿਆ ਸੀ ਜਿਸ ਵਿੱਚ ਹਮਲਾਵਰਾਂ ਨੇ ਕਿਹਾ ਸੀ, ‘‘ਅਸੀਂ ਨਿਸ਼ਾਨਾ ਨੂੰ ਫੋਨ ਕੀਤਾ... ਪਰ ਉਸਨੇ ਰਿੰਗ ਨਹੀਂ ਸੁਣੀ, ਇਸ ਲਈ ਸਾਨੂੰ ਕਾਰਵਾਈ ਕਰਨੀ ਪਈ। ਜੇਕਰ ਉਸਨੂੰ ਅਜੇ ਵੀ ਰਿੰਗ ਨਹੀਂ ਸੁਣਾਈ ਦਿੰਦੀ, ਤਾਂ ਮੁੰਬਈ ਵਿੱਚ ਜਲਦੀ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ।’’ ਇਹ ਧਿਆਨ ਦੇਣ ਯੋਗ ਹੈ ਕਿ ਕੈਪਸ ਕੈਫੇ ਨੂੰ ਪਹਿਲੀ ਵਾਰ 10 ਜੁਲਾਈ ਨੂੰ ਨਿਸ਼ਾਨਾ ਬਣਾਇਆ ਗਿਆ ਸੀ।

# ਸਰਸਵਤੀ ਵਿਹਾਰ ਕਤਲੇਆਮ: ਸੱਜਣ ਕੁਮਾਰ ਨੇ ਉਮਰਕੈਦ ਨੂੰ ਹਾਈਕੋਰਟ ਵਿਚ ਦਿੱਤੀ ਚੁਣੌਤੀ

**✪ 1984 ਨਸਲਕੁਸ਼ੀ ਦਾ ਦੁਖਾਂਤ: ਜਸਵੰਤ ਸਿੰਘ ਅਤੇ ਤਰੁਣਦੀਪ ਦੀ ਹੱਤਿਆ ਦਾ ਮਾਮਲਾ ✪ ਕਾਨੂੰਨੀ ਲੜਾਈ ਲੜਨ ਵਾਲੇ ਐਚਐੱਸ ਫੂਲਕਾ ਤੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਨਿਆਂ ਦੀ ਉਮੀਦ ✪ ਕਮਿਸ਼ਨਾਂ ਅਤੇ ਜਾਂਚ ਨਹੀਂ ਦੇ ਸਕੀਆਂ ਨਿਆਂ, ਸਜ਼ਾਵਾਂ ਵਿਚ ਆਖਿਰ ਦੇਰੀ ਕਿਉਂ ਅਤੇ ਕੀ ਹੈ ਬਾਕੀ ਮਾਮਲਿਆਂ ਦੀ ਸਥਿਤੀ**

ਵਿਸ਼ੇਸ਼ ਰਿਪੋਟ






ਦਿੱਲੀ ਹਾਈਕੋਰਟ ਨੇ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਸਰਸਵਤੀ ਵਿਹਾਰ ਮਾਮਲੇ ਵਿਚ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਦੀ ਉਮਰ ਕੈਦ ਦੀ ਸਜ਼ਾ ਨੂੰ ਚੁਣੌਤੀ ਦੇਣ ਵਾਲੀ ਅਪੀਲ 'ਤੇ ਸੁਣਵਾਈ ਦੀ ਅਗਲੀ ਤਾਰੀਕ 19 ਨਵੰਬਰ 2025 ਨੂੰ ਮੁਕਰਰ ਕੀਤੀ ਹੈ। ਇਹ ਅਪੀਲ ਜਸਟਿਸ ਵਿਵੇਕ ਚੌਧਰੀ ਦੀ ਅਗਵਾਈ ਵਾਲੀ ਬੈਂਚ ਅੱਗੇ ਸੁਣੀ ਜਾਣੀ ਸੀ, ਪਰ ਬੈਂਚ ਦੇ ਨਾ ਬੈਠਣ ਕਾਰਨ ਸੁਣਵਾਈ ਮੁਲਤਵੀ ਕਰ ਦਿੱਤੀ ਗਈ। ਸੱਜਣ ਕੁਮਾਰ ਨੂੰ ਰਾਊਜ਼ ਐਵੇਨਿਊ ਅਦਾਲਤ ਨੇ 12 ਫਰਵਰੀ 2025 ਨੂੰ ਦੋਸ਼ੀ ਕਰਾਰ ਦਿੱਤਾ ਸੀ ਅਤੇ 25 ਫਰਵਰੀ 2025 ਨੂੰ ਉਮਰਕੈਦ ਦੀ ਸਜ਼ਾ ਸੁਣਾਈ ਸੀ।

31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਨ੍ਹਾਂ ਦੇ ਸਿੱਖ ਸੁਰੱਖਿਆ ਗਾਰਡਾਂ ਵੱਲੋਂ ਹੱਤਿਆ ਤੋਂ ਬਾਅਦ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਸਿੱਖ ਵਿਰੋਧੀ ਕਤਲੇਆਮ ਹੋਇਆ ਸੀ। ਇਸ ਕਤਲੇਆਮ ਵਿਚ ਹਜ਼ਾਰਾਂ ਸਿੱਖਾਂ ਦੀਆਂ ਜਾਨਾਂ ਗਈਆਂ, ਜਿਨ੍ਹਾਂ ਵਿਚ ਜਸਵੰਤ ਸਿੰਘ ਅਤੇ ਤਰੁਣਦੀਪ ਸਿੰਘ ਦੀ ਹੱਤਿਆ ਵੀ ਸ਼ਾਮਲ ਸੀ। ਨਾਨਾਵਤੀ ਕਮਿਸ਼ਨ ਦੀ ਰਿਪੋਰਟ ਮੁਤਾਬਕ, ਦਿੱਲੀ ਵਿਚ 2733 ਸਿੱਖਾਂ ਦੀ ਹੱਤਿਆ ਹੋਈ, ਹਾਲਾਂਕਿ ਸਿੱਖ ਜਥੇਬੰਦੀਆਂ ਦੇ ਅਨੁਸਾਰ ਇਹ ਅੰਕੜਾ ਇਸ ਤੋਂ ਕਿਤੇ ਵੱਧ ਸੀ। ਸ਼ਿਕਾਇਤਕਰਤਾਵਾਂ ਦੇ ਮੁਤਾਬਕ, ਸੱਜਣ ਕੁਮਾਰ, ਜੋ ਉਸ ਸਮੇਂ ਬਾਹਰੀ ਦਿੱਲੀ ਤੋਂ ਕਾਂਗਰਸ ਦੇ ਸੰਸਦ ਮੈਂਬਰ ਸਨ, ਨੇ ਕਾਤਲਾਂ, ਗੁੰਡਿਆਂ ਦੀ ਭੀੜ ਦੀ ਅਗਵਾਈ ਕੀਤੀ ਸੀ। ਸਵੇਰੇ ਭੀੜ ਨੇ ਲੋਹੇ ਦੀਆਂ ਸਰੀਆਂ, ਡੰਡਿਆਂ ਅਤੇ ਹੋਰ ਹਥਿਆਰਾਂ ਨਾਲ ਪੀੜਤਾਂ ਦੇ ਘਰ 'ਤੇ ਹਮਲਾ ਕੀਤਾ, ਜਿਸ ਵਿਚ ਜਸਵੰਤ ਸਿੰਘ ਅਤੇ ਤਰੁਣਦੀਪ ਸਿੰਘ ਨੂੰ ਜਿੰਦਾ ਸਾੜ ਦਿੱਤਾ ਗਿਆ। ਭੀੜ ਨੇ ਘਰ ਵਿਚ ਲੁੱਟਮਾਰ, ਤੋੜਫੋੜ ਅਤੇ ਸਾੜਫੂਕ ਵੀ ਕੀਤੀ।

ਸੀਨੀਅਰ ਵਕੀਲ ਐਚਐੱਸ ਫੂਲਕਾ, ਜੋ ਲੰਮੇ ਸਮੇਂ ਤੋਂ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੀ ਕਾਨੂੰਨੀ ਲੜਾਈ ਲੜ ਰਹੇ ਹਨ, ਨੇ ਦੱਸਿਆ ਕਿ ਐਡਵੋਕੇਟ ਐਚਐੱਸ ਫੂਲਕਾ ਨੇ ਦੱਸਿਆ ਕਿ ਭੀੜ ਨੇ ਨਾ ਸਿਰਫ ਜਸਵੰਤ ਸਿੰਘ ਅਤੇ ਤਰੁਣਦੀਪ ਸਿੰਘ ਨੂੰ ਜਿੰਦਾ ਸਾੜਿਆ, ਸਗੋਂ ਉਨ੍ਹਾਂ ਦੇ ਪਰਿਵਾਰ ਨੂੰ ਵੀ ਕੁੱਟਿਆ ਅਤੇ ਘਰ ਨੂੰ ਲੁੱਟਿਆ। ਜਸਵੰਤ ਸਿੰਘ ਦੀ ਧੀ, ਜਿਸ ਨੂੰ ਕੇਸ ਵਿਚ ਗਵਾਹ ਨੰਬਰ 11 ਅਤੇ ਪੀੜਤ ਦੇ ਤੌਰ 'ਤੇ ਪਛਾਣਿਆ ਗਿਆ, ਨੇ ਅਦਾਲਤ 'ਚ ਦੱਸਿਆ ਕਿ ਸੱਜਣ ਕੁਮਾਰ ਨੇ ਭੀੜ ਨੂੰ ਹਮਲਾ ਕਰਨ ਲਈ ਉਕਸਾਇਆ ਸੀ। ਇਸ ਹਮਲੇ ਵਿਚ ਜਸਵੰਤ ਸਿੰਘ ਦੀ ਧੀ ਦੇ ਸਿਰ 'ਤੇ ਇੱਟ ਨਾਲ ਵਾਰ ਕੀਤਾ ਗਿਆ ਸੀ। ਜਸਵੰਤ ਸਿੰਘ ਦੀ ਪਤਨੀ ਨੇ ਜਸਟਿਸ ਜੇ.ਡੀ. ਜੈਨ ਅਤੇ ਜਸਟਿਸ ਡੀ.ਕੇ. ਅਗਰਵਾਲ ਦੀ ਕਮੇਟੀ ਅੱਗੇ 6 ਨਵੰਬਰ 1991 ਨੂੰ ਬਿਆਨ ਦਰਜ ਕਰਵਾਇਆ ਸੀ ਕਿ ਉਨ੍ਹਾਂ ਨੇ ਬਾਅਦ ਵਿਚ ਇਕ ਰਸਾਲੇ ਵਿਚ ਸੱਜਣ ਕੁਮਾਰ ਦੀ ਤਸਵੀਰ ਦੇਖੀ ਅਤੇ ਉਸ ਨੂੰ ਭੀੜ ਦੀ ਅਗਵਾਈ ਕਰਨ ਵਾਲੇ ਵਿਅਕਤੀ ਵਜੋਂ ਪਛਾਣਿਆ। ਸੱਜਣ ਕੁਮਾਰ ਨੂੰ ਅਦਾਲਤ ਨੇ ਦੋਹਰੀ ਉਮਰਕੈਦ ਦੀ ਸਜ਼ਾ ਸੁਣਾਈ ਹੈ। ਇਕ ਸਜ਼ਾ ਦੋ ਸਿੱਖਾਂ ਦੀ ਹੱਤਿਆ ਦੇ ਮਾਮਲੇ ਵਿਚ ਅਤੇ ਦੂਜੀ 436 ਘਰਾਂ ਨੂੰ ਸਾੜਨ ਅਤੇ ਲੁੱਟਣ ਦੇ ਦੋਸ਼ ਵਿਚ ਦਿੱਤੀ ਗਈ।

ਫੂਲਕਾ ਨੇ ਕਿਹਾ, ''ਇਹ ਦੋਹਰੀ ਉਮਰਕੈਦ ਦੀ ਸਜ਼ਾ ਇਸ ਮਾਮਲੇ ਵਿਚ ਵੱਡੀ ਗੱਲ ਹੈ। ਜੱਜਾਂ ਨੇ ਆਪਣੇ ਫੈਸਲੇ ਵਿਚ ਸਪਸ਼ਟ ਲਿਖਿਆ ਹੈ ਕਿ ਸਰਕਾਰ ਨੇ ਫਾਂਸੀ ਦੀ ਮੰਗ ਕੀਤੀ ਸੀ, ਪਰ ਮਿਟੀਗੇਟਿੰਗ ਸਰਕਮਸਟਾਂਸਿਜ਼ (ਅਪਰਾਧ ਨੂੰ ਘਟਾਉਣ ਵਾਲੇ ਹਾਲਾਤ) ਕਾਰਨ ਫਾਂਸੀ ਦੀ ਸਜ਼ਾ ਨਹੀਂ ਦਿੱਤੀ ਗਈ।''

ਇਨ੍ਹਾਂ ਹਾਲਾਤਾਂ ਵਿਚ ਸੱਜਣ ਕੁਮਾਰ ਦੀ 80 ਸਾਲ ਦੀ ਉਮਰ ਅਤੇ ਕਈ ਬਿਮਾਰੀਆਂ ਨੂੰ ਧਿਆਨ ਵਿਚ ਰੱਖਿਆ ਗਿਆ। ਜੇਲ੍ਹ ਦੀ ਰਿਪੋਰਟ ਮੁਤਾਬਕ, ਸੱਜਣ ਕੁਮਾਰ ਆਪਣੇ ਆਪ ਨੂੰ ਸੰਭਾਲਣ ਦੇ ਸਮਰੱਥ ਨਹੀਂ ਹਨ ਅਤੇ ਉਨ੍ਹਾਂ ਨੂੰ ਬਾਥਰੂਮ ਜਾਣ ਲਈ ਵੀ ਸਹਾਇਤਾ ਦੀ ਲੋੜ ਪੈਂਦੀ ਹੈ। ਕਾਨੂੰਨ ਮੁਤਾਬਕ, 80 ਸਾਲ ਦੀ ਉਮਰ ਅਤੇ ਗੰਭੀਰ ਬਿਮਾਰੀਆਂ ਦੀ ਸਥਿਤੀ ਵਿਚ ਫਾਂਸੀ ਦੀ ਸਜ਼ਾ ਨਹੀਂ ਦਿੱਤੀ ਜਾ ਸਕਦੀ। ਫਿਰ ਵੀ, ਅਦਾਲਤ ਨੇ ਵੱਧ ਤੋਂ ਵੱਧ ਸਜ਼ਾ ਸੁਣਾਈ ਹੈ।

## ਕਾਨੂੰਨੀ ਲੜਾਈ ਅਤੇ ਐਚਐੱਸ ਫੂਲਕਾ ਦਾ ਯੋਗਦਾਨ



ਸੀਨੀਅਰ ਵਕੀਲ ਐਚਐੱਸ ਫੂਲਕਾ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੀ ਕਾਨੂੰਨੀ ਲੜਾਈ ਦੇ ਮੋਢੀ ਰਹੇ ਹਨ। ਉਨ੍ਹਾਂ ਨੇ ਇਸ ਮਾਮਲੇ ਵਿਚ ਜਸਵੰਤ ਸਿੰਘ ਦੇ ਪਰਿਵਾਰ ਦੀ ਨੁਮਾਇੰਦਗੀ ਕੀਤੀ ਅਤੇ ਸੱਜਣ ਕੁਮਾਰ ਨੂੰ ਸਜ਼ਾ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਈ। ਫੂਲਕਾ ਦੱਸਦੇ ਹਨ ਕਿ ਜਸਵੰਤ ਸਿੰਘ ਦੀ ਪਤਨੀ ਨੇ 1985 ਵਿਚ ਹੀ ਰੰਗਨਾਥ ਮਿਸ਼ਰਾ ਕਮਿਸ਼ਨ ਅੱਗੇ ਹਲਫਨਾਮੇ ਵਿਚ ਸੱਜਣ ਕੁਮਾਰ ਦੀ ਭੀੜ ਦੀ ਅਗਵਾਈ ਦਾ ਜ਼ਿਕਰ ਕੀਤਾ ਸੀ, ਪਰ ਉਸ ਸਮੇਂ ਕੋਈ ਕਾਰਵਾਈ ਨਹੀਂ ਹੋਈ।

ਬਾਅਦ ਵਿਚ ਜਸਟਿਸ ਜੈਨ ਅਤੇ ਅਗਰਵਾਲ ਕਮੇਟੀ ਦੀ ਸਿਫਾਰਿਸ਼ 'ਤੇ 1991 ਵਿਚ ਸਰਸਵਤੀ ਵਿਹਾਰ ਥਾਣੇ ਵਿਚ ਐਫਆਈਆਰ ਦਰਜ ਹੋਈ, ਜਿਸ ਵਿਚ ਭਾਰਤੀ ਦੰਡ ਸੰਘਤਾ ਦੀਆਂ ਧਾਰਾਵਾਂ ਤਹਿਤ ਦੋਸ਼ ਲਾਏ ਗਏ। ਪਰ ਪੁਲਿਸ ਨੇ ਇਸ ਕੇਸ ਨੂੰ ਬੰਦ ਕਰ ਦਿੱਤਾ। ਫੂਲਕਾ ਦੀ ਅਗਵਾਈ ਵਿਚ ਪੀੜਤ ਪਰਿਵਾਰ ਨੇ ਲੈਫਟੀਨੈਂਟ ਗਵਰਨਰ ਨੂੰ ਚਿੱਠੀਆਂ ਲਿਖੀਆਂ ਅਤੇ ਮੁੜ ਜਾਂਚ ਦੀ ਮੰਗ ਕੀਤੀ।

2014 ਵਿਚ ਜਦੋਂ ਐਨਡੀਏ ਸਰਕਾਰ ਸੱਤਾ 'ਚ ਆਈ, ਫੂਲਕਾ ਨੇ ਪੁਲਿਸ ਵੱਲੋਂ ਬੰਦ ਕੀਤੇ ਗਏ ਕੇਸਾਂ ਦੀ ਮੁੜ ਜਾਂਚ ਦੀ ਮੰਗ ਉਠਾਈ। ਸਰਕਾਰ ਨੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਜੀ.ਪੀ. ਮਾਥੁਰ ਦੀ ਅਗਵਾਈ ਵਿਚ ਇਕ ਕਮੇਟੀ ਬਣਾਈ, ਜਿਸ ਨੇ ਰਿਪੋਰਟ ਦਿੱਤੀ ਕਿ ਕੇਸ ਗਲਤ ਤਰੀਕੇ ਨਾਲ ਬੰਦ ਕੀਤੇ ਗਏ ਅਤੇ ਸਬੂਤ ਮੌਜੂਦ ਹਨ। ਇਸ ਤੋਂ ਬਾਅਦ 2015 ਵਿਚ ਸਰਕਾਰ ਨੇ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐਸਆਈਟੀ) ਦਾ ਗਠਨ ਕੀਤਾ, ਜਿਸ ਨੇ ਇਸ ਕੇਸ ਨੂੰ ਮੁੜ ਖੋਲ੍ਹਿਆ।

5 ਮਈ 2021 ਨੂੰ ਇਹ ਕੇਸ ਰਾਊਜ਼ ਐਵੇਨਿਊ ਅਦਾਲਤ ਵਿਚ ਸ਼ੁਰੂ ਹੋਇਆ ਅਤੇ 12 ਫਰਵਰੀ 2025 ਨੂੰ ਸੱਜਣ ਕੁਮਾਰ ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਗਵਾਹਾਂ ਦੀ ਪਛਾਣ ਨੂੰ ਗੁਪਤ ਰੱਖਣ ਦੇ ਅਦਾਲਤੀ ਹੁਕਮਾਂ ਕਾਰਨ ਪੀੜਤ ਪਰਿਵਾਰ ਨੇ ਬਿਆਨ ਦਰਜ ਕਰਵਾਏ। ਫੂਲਕਾ ਦੱਸਦੇ ਹਨ, ''ਪਰਿਵਾਰ ਬਹੁਤ ਡਰਿਆ ਹੋਇਆ ਸੀ। ਅਦਾਲਤ ਦੇ ਖਾਸ ਹੁਕਮਾਂ ਨਾਲ ਗਵਾਹਾਂ ਦੀ ਪਛਾਣ ਗੁਪਤ ਰੱਖੀ ਗਈ, ਜਿਸ ਨਾਲ ਉਨ੍ਹਾਂ ਨੇ ਹਿੰਮਤ ਕਰਕੇ ਬਿਆਨ ਦਿੱਤੇ।''

### ਸਜ਼ਾਵਾਂ ਵਿਚ ਦੇਰੀ ਅਤੇ ਬਾਕੀ ਮਾਮਲੇ

1984 ਦੇ ਸਿੱਖ ਕਤਲੇਆਮ ਦੀ ਜਾਂਚ ਲਈ ਸਰਕਾਰ ਨੇ ਕਈ ਕਮਿਸ਼ਨ ਅਤੇ ਕਮੇਟੀਆਂ ਬਣਾਈਆਂ, ਜਿਨ੍ਹਾਂ ਵਿਚ ਮਾਰਵਾੜੀ ਕਮਿਸ਼ਨ, ਰੰਗਨਾਥ ਮਿਸ਼ਰਾ ਕਮਿਸ਼ਨ, ਜੈਨ-ਅਗਰਵਾਲ ਕਮੇਟੀ ਅਤੇ ਨਾਨਾਵਤੀ ਕਮਿਸ਼ਨ ਸ਼ਾਮਲ ਹਨ। ਇਨ੍ਹਾਂ ਕਮਿਸ਼ਨਾਂ ਦੀਆਂ ਸਿਫਾਰਿਸ਼ਾਂ ਦੇ ਬਾਵਜੂਦ, ਜ਼ਿਆਦਾਤਰ ਮਾਮਲਿਆਂ ਵਿਚ ਸਜ਼ਾਵਾਂ ਵਿਚ ਦੇਰੀ ਹੋਈ। ਫੂਲਕਾ ਦੱਸਦੇ ਹਨ ਕਿ ਸ਼ੁਰੂਆਤੀ ਸਾਲਾਂ ਵਿਚ ਪੁਲਿਸ ਅਤੇ ਸਿਆਸੀ ਦਖਲਅੰਦਾਜ਼ੀ ਕਾਰਨ ਕਈ ਮਾਮਲੇ ਬੰਦ ਕਰ ਦਿੱਤੇ ਗਏ। ਸਬੂਤਾਂ ਦੀ ਘਾਟ, ਗਵਾਹਾਂ ਦੇ ਡਰ ਅਤੇ ਸਿਆਸੀ ਦਬਾਅ ਨੇ ਜਾਂਚ ਨੂੰ ਪ੍ਰਭਾਵਿਤ ਕੀਤਾ।

ਫੂਲਕਾ ਦੇ ਮੁਤਾਬਕ, ''ਜ਼ਿਆਦਾਤਰ ਮਾਮਲੇ ਹੁਣ ਖਤਮ ਹੋ ਚੁੱਕੇ ਹਨ। ਸੱਜਣ ਕੁਮਾਰ ਖਿਲਾਫ ਇਕ ਹੋਰ ਮਾਮਲਾ ਬਾਕੀ ਹੈ। ਇਸ ਤੋਂ ਇਲਾਵਾ, ਜਗਦੀਸ਼ ਟਾਈਟਲਰ ਖਿਲਾਫ ਤਿੰਨ ਸਿੱਖਾਂ ਦੀ ਹੱਤਿਆ ਦਾ ਇਕ ਮਾਮਲਾ ਚੱਲ ਰਿਹਾ ਹੈ। ਟਰਾਇਲ ਕੋਰਟ ਵਿਚ ਤਿੰਨ ਹੋਰ ਮਾਮਲੇ ਵਿਚਾਰ ਅਧੀਨ ਹਨ, ਅਤੇ ਕੁਝ ਅਪੀਲਾਂ ਹਾਈਕੋਰਟ ਅਤੇ ਸੁਪਰੀਮ ਕੋਰਟ ਵਿਚ ਪੈਂਡਿੰਗ ਹਨ।''

ਸੱਜਣ ਕੁਮਾਰ ਫਿਲਹਾਲ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਹਨ ਅਤੇ ਉਨ੍ਹਾਂ ਦੀ ਸਿਹਤ ਦੀ ਸਥਿਤੀ ਨਾਜ਼ੁਕ ਦੱਸੀ ਜਾ ਰਹੀ ਹੈ। ਫੂਲਕਾ ਦਾ ਮੰਨਣਾ ਹੈ ਕਿ ਸੱਜਣ ਕੁਮਾਰ ਨੂੰ ਦਿੱਤੀ ਗਈ ਉਮਰਕੈਦ ਦੀ ਸਜ਼ਾ ਇਸ ਮਾਮਲੇ ਵਿਚ ਨਿਆਂ ਦੀ ਦਿਸ਼ਾ ਵਿਚ ਵੱਡਾ ਕਦਮ ਹੈ, ਪਰ ਅਜੇ ਵੀ ਕਈ ਪੀੜਤ ਪਰਿਵਾਰ ਨਿਆਂ ਦੀ ਉਡੀਕ ਵਿਚ ਹਨ। ਸੱਜਣ ਕੁਮਾਰ ਦੀ ਅਪੀਲ ਦਾ ਨਤੀਜਾ ਇਸ ਮਾਮਲੇ ਦੀ ਅਗਲੀ ਦਿਸ਼ਾ ਤੈਅ ਕਰੇਗਾ।

# ਅਮਰੀਕੀ ਪਾਸਪੋਰਟ ਦੀ ਸ਼ਕਤੀ ਵਿਚ ਵੱਡੀ ਗਿਰਾਵਟ

## ✪ ਸਿਖਰਲੇ 10 ਪਾਸਪੋਰਟਾਂ ਵਿਚੋਂ ਅਮਰੀਕਾ ਬਾਹਰ ✪ ਅਮਰੀਕਾ ਦੀਆਂ ਸਖ਼ਤ ਵੀਜ਼ਾ ਨੀਤੀਆਂ ਦਾ ਅਸਰ ਪਿਆ



ਅਮਰੀਕੀ ਪਾਸਪੋਰਟ, ਜੋ ਕਦੇ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਵਿਚੋਂ ਇੱਕ ਸੀ, ਹੁਣ ਪਹਿਲੀ ਵਾਰ ਹੇਨਲੇ ਪਾਸਪੋਰਟ ਇੰਡੈਕਸ ਦੀ ਸਿਖਰਲੀ 10 ਦੀ ਸੂਚੀ ਵਿਚੋਂ ਬਾਹਰ ਹੋ ਗਿਆ ਹੈ। ਇਹ 20 ਸਾਲ ਪਹਿਲਾਂ ਹੇਨਲੇ ਪਾਸਪੋਰਟ ਇੰਡੈਕਸ ਦੀ ਸਥਾਪਨਾ ਤੋਂ ਬਾਅਦ ਪਹਿਲੀ ਵਾਰ ਹੈ ਜਦੋਂ ਅਮਰੀਕੀ ਪਾਸਪੋਰਟ ਨੂੰ ਇਹ ਵੱਡਾ ਝਟਕਾ ਲੱਗਾ ਹੈ। ਹੁਣ ਇਹ 12ਵੇਂ ਸਥਾਨ 'ਤੇ ਹੈ ਅਤੇ ਮਲੇਸ਼ੀਆ ਨਾਲ ਬਰਾਬਰੀ 'ਤੇ ਖੜ੍ਹਾ ਹੈ। ਅਮਰੀਕੀ ਪਾਸਪੋਰਟ ਵਾਲੇ ਹੁਣ ਦੁਨੀਆ ਦੇ 227 ਦੇਸ਼ਾਂ ਵਿਚੋਂ ਸਿਰਫ਼ 180 ਦੇਸ਼ਾਂ ਵਿਚ ਬਿਨਾਂ ਵੀਜ਼ਾ ਜਾ ਸਕਦੇ ਹਨ। ਇਹ ਇੱਕ ਦਹਾਕੇ ਪਹਿਲਾਂ ਦੀ ਇਸ ਦੀ ਸਿਖਰਲੀ ਰੈਂਕਿੰਗ ਤੋਂ ਬਹੁਤ ਵੱਖਰਾ ਹੈ। ਇਸ ਖ਼ਬਰ ਨੇ ਅਮਰੀਕੀ ਨੀਤੀਆਂ ਅਤੇ ਭੂ-ਰਾਜਨੀਤਕ ਸਥਿਤੀਆਂ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਹੇਨਲੇ ਪਾਸਪੋਰਟ ਇੰਡੈਕਸ, ਜੋ ਅੰਤਰਰਾਸ਼ਟਰੀ ਹਵਾਈ ਆਵਾਜਾਈ ਸੰਘ ਦੇ ਡਾਟੇ ਦੇ ਅਧਾਰ 'ਤੇ ਪਾਸਪੋਰਟਾਂ ਦੀ ਰੈਂਕਿੰਗ ਕਰਦਾ ਹੈ, ਨੇ ਦਿਖਾਇਆ ਕਿ ਅਮਰੀਕੀ ਪਾਸਪੋਰਟ ਦੀ ਰੈਂਕਿੰਗ ਵਿਚ ਗਿਰਾਵਟ ਦੇ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਹੈ ਭੂ-ਰਾਜਨੀਤਕ ਗਤੀਸ਼ੀਲਤਾ ਅਤੇ ਦੋ-ਪੱਖੀ ਵੀਜ਼ਾ ਨੀਤੀਆਂ ਦੀ ਘਾਟ। ਅਮਰੀਕਾ ਨੇ ਬ੍ਰਾਜ਼ੀਲ ਵਿੱਚ ਵੀਜ਼ਾ-ਮੁਕਤ ਪਹੁੰਚ ਗੁਆ ਦਿੱਤੀ ਹੈ ਕਿਉਂਕਿ ਉਹ ਬ੍ਰਾਜ਼ੀਲ ਦੇ ਨਾਗਰਿਕਾਂ ਨੂੰ ਇਹ ਸਹੂਲਤ ਨਹੀਂ ਦੇ ਸਕਿਆ।

ਇਸੇ ਤਰ੍ਹਾਂ, ਚੀਨ ਦੀ ਵਧਦੀ ਵੀਜ਼ਾ-ਮੁਕਤ ਯਾਤਰਾ ਸੂਚੀ ਅਤੇ ਵੀਅਤਨਾਮ ਦੀਆਂ ਨਵੀਆਂ ਵੀਜ਼ਾ ਸਹੂਲਤਾਂ ਵਿਚ ਵੀ ਅਮਰੀਕਾ ਨੂੰ ਸ਼ਾਮਲ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ, ਪਾਪੂਆ ਨਿਊ ਗਿਨੀ, ਮਿਆਂਮਾਰ ਅਤੇ ਸੋਮਾਲੀਆ ਵਰਗੇ ਦੇਸ਼ਾਂ ਦੀਆਂ ਨਵੀਆਂ ਈ-ਵੀਜ਼ਾ ਪ੍ਰਣਾਲੀਆਂ ਨੇ ਵੀ ਅਮਰੀਕੀ ਪਾਸਪੋਰਟ ਦੇ ਸਕੋਰ ਨੂੰ ਹੋਰ ਘਟਾ ਦਿੱਤਾ।

ਇਹ ਸਾਰੇ ਕਾਰਨ ਮਿਲ ਕੇ ਅਮਰੀਕੀ ਪਾਸਪੋਰਟ ਦੀ ਸ਼ਕਤੀ ਨੂੰ ਘਟਾਉਣ ਲਈ ਜ਼ਿੰਮੇਵਾਰ ਹਨ। ਜਦੋਂ ਦੁਨੀਆ ਦੇ ਹੋਰ ਦੇਸ਼ ਆਪਣੀਆਂ ਵੀਜ਼ਾ ਨੀਤੀਆਂ ਨੂੰ ਖੁੱਲ੍ਹਾ ਅਤੇ ਸੌਖਾ ਕਰ ਰਹੇ ਹਨ, ਅਮਰੀਕਾ ਦੀਆਂ ਸਖ਼ਤ ਨੀਤੀਆਂ ਨੇ ਇਸ ਦੀ ਸਾਖ ਨੂੰ ਨੁਕਸਾਨ ਪਹੁੰਚਾਇਆ ਹੈ।

ਅਮਰੀਕੀ ਪਾਸਪੋਰਟ ਦੀ ਗਿਰਾਵਟ ਦਾ ਇੱਕ ਹੋਰ ਪਹਿਲੂ ਹੈ ਅਮਰੀਕਾ ਦਾ 'ਖੁੱਲ੍ਹੇਪਣ'। ਹੇਨਲੇ ਓਪਨਨੈੱਸ ਇੰਡੈਕਸ ਵਿਚ ਅਮਰੀਕਾ 77ਵੇਂ ਸਥਾਨ 'ਤੇ ਹੈ, ਜੋ ਇਸ ਦੀ ਯਾਤਰਾ ਸੁਤੰਤਰਤਾ ਨਾਲੋਂ ਕਿਤੇ ਪਿੱਛੇ ਹੈ। ਅਮਰੀਕੀ ਨਾਗਰਿਕ 180 ਦੇਸ਼ਾਂ ਵਿਚ ਵੀਜ਼ਾ-ਮੁਕਤ ਜਾ ਸਕਦੇ ਹਨ, ਪਰ ਅਮਰੀਕਾ ਸਿਰਫ 46 ਦੇਸ਼ਾਂ ਦੇ ਨਾਗਰਿਕਾਂ ਨੂੰ ਬਿਨਾਂ ਵੀਜ਼ਾ ਦੇ ਅੰਦਰ ਆਉਣ ਦੀ ਇਜਾਜ਼ਤ ਦਿੰਦਾ ਹੈ। ਇਹ ਅਸਮਾਨਤਾ ਦਰਸਾਉਂਦੀ ਹੈ ਕਿ ਅਮਰੀਕਾ ਦੀਆਂ ਵੀਜ਼ਾ ਨੀਤੀਆਂ ਦੁਨੀਆ ਦੇ ਹੋਰ ਦੇਸ਼ਾਂ ਨਾਲੋਂ ਕਿਤੇ ਜ਼ਿਆਦਾ ਸਖ਼ਤ ਹਨ।

ਜਦੋਂ ਅਸੀਂ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਦੀ ਗੱਲ ਕਰਦੇ ਹਾਂ, ਤਾਂ ਸਿੰਗਾਪੁਰ ਸਭ ਤੋਂ ਅੱਗੇ ਹੈ, ਜਿਸ ਦੇ ਪਾਸਪੋਰਟ ਨਾਲ 193 ਦੇਸ਼ਾਂ ਵਿਚ ਵੀਜ਼ਾ-ਮੁਕਤ ਪਹੁੰਚ ਮਿਲਦੀ ਹੈ। ਇਸ ਤੋਂ ਬਾਅਦ ਦੱਖਣੀ ਕੋਰੀਆ (190) ਅਤੇ ਜਾਪਾਨ (189) ਦਾ ਨੰਬਰ ਆਉਂਦਾ ਹੈ। ਇਹ ਦੇਸ਼ ਆਪਣੀਆਂ ਖੁੱਲ੍ਹੀਆਂ ਵੀਜ਼ਾ ਨੀਤੀਆਂ ਅਤੇ ਅੰਤਰਰਾਸ਼ਟਰੀ ਸੰਬੰਧਾਂ ਦੇ ਕਾਰਨ ਸਿਖਰ 'ਤੇ ਹਨ।

ਇਸ ਸਾਲ ਦੀ ਰੈਂਕਿੰਗ ਵਿੱਚ ਪਾਕਿਸਤਾਨ 103ਵੇਂ ਸਥਾਨ 'ਤੇ ਹੈ, ਜੋ ਯਮਨ ਨਾਲ ਸਾਂਝਾ ਸਥਾਨ ਹੈ। ਇਸ ਨਾਲ ਪਾਕਿਸਤਾਨ ਦਾ ਪਾਸਪੋਰਟ ਦੁਨੀਆ ਦਾ ਚੌਥਾ ਸਭ ਤੋਂ ਕਮਜ਼ੋਰ ਪਾਸਪੋਰਟ ਬਣ ਗਿਆ ਹੈ। ਇਸ ਸੂਚੀ ਮੁਤਾਬਕ, ਪਾਕਿਸਤਾਨੀ ਪਾਸਪੋਰਟ ਧਾਰਕਾਂ ਨੂੰ 227 ਦੇਸ਼ਾਂ ਵਿਚੋਂ ਸਿਰਫ 31 ਦੇਸ਼ਾਂ ਵਿੱਚ ਬਿਨਾਂ ਵੀਜ਼ਾ ਦੇ ਜਾਣ ਦੀ ਆਜ਼ਾਦੀ ਹੈ।

ਪਾਕਿਸਤਾਨ ਤੋਂ ਹੇਠਾਂ ਕੇਵਲ ਤਿੰਨ ਦੇਸ਼ ਹਨ -ਇਰਾਕ (104ਵਾਂ): 29 ਦੇਸ਼ਾਂ ਵਿਚ ਬਿਨਾਂ ਵੀਜ਼ਾ ਦੇ ਪ੍ਰਵੇਸ਼। ਸੀਰੀਆ (105ਵਾਂ) ਸਿਰਫ਼ 26 ਦੇਸ਼ਾਂ ਵਿਚ ਐਂਟਰੀ। ਅਫ਼ਗਾਨਿਸਤਾਨ (106ਵਾਂ): ਸਭ ਤੋਂ ਕਮਜ਼ੋਰ ਪਾਸਪੋਰਟ, ਸਿਰਫ਼ 24 ਦੇਸ਼ਾਂ ਵਿਚ ਐਂਟਰੀ।

ਏਸ਼ੀਆਈ ਦੇਸ਼ਾਂ ਨੇ ਇਸ ਸੂਚੀ ਵਿੱਚ ਆਪਣਾ ਦਬਦਬਾ ਬਰਕਰਾਰ ਰੱਖਿਆ ਹੈ। ਸਿੰਗਾਪੁਰ ਦਾ ਪਾਸਪੋਰਟ ਦੁਨੀਆ ਦਾ ਸਭ ਤੋਂ ਮਜ਼ਬੂਤ, ਜਿਸ ਨਾਲ 193 ਦੇਸ਼ਾਂ ਵਿੱਚ ਬਿਨਾਂ ਵੀਜ਼ਾ ਦੇ ਐਂਟਰੀ ਮਿਲਦੀ ਹੈ। ਦੱਖਣੀ ਕੋਰੀਆ ਦੂਜੇ ਸਥਾਨ 'ਤੇ (190 ਦੇਸ਼ਾਂ ਵਿਚ ਐਂਟਰੀ)। ਜਾਪਾਨ ਤੀਜੇ ਸਥਾਨ 'ਤੇ (189 ਦੇਸ਼ਾਂ ਤੱਕ ਪਹੁੰਚ)। ਇਸ ਤੋਂ ਬਾਅਦ ਯੂਰਪੀ ਦੇਸ਼ਾਂ ਦਾ ਦਬਦਬਾ ਹੈ - ਜਰਮਨੀ, ਇਟਲੀ, ਸਪੇਨ, ਲਕਜ਼ਮਬਰਗ ਅਤੇ ਸਵਿਟਜ਼ਰਲੈਂਡ ਮਿਲ ਕੇ ਚੌਥੇ ਸਥਾਨ 'ਤੇ ਹਨ (188 ਦੇਸ਼ਾਂ ਵਿੱਚ ਐਂਟਰੀ)।

ਇਸ ਵਾਰ ਦੇ ਸਭ ਤੋਂ ਚੌਂਕਾਉਣ ਵਾਲੇ ਨਤੀਜਿਆਂ ਵਿਚੋਂ ਇੱਕ ਹੈ ਕਿ ਅਮਰੀਕਾ ਅਤੇ ਬ੍ਰਿਟੇਨ ਦੋਵੇਂ ਟੌਪ-10 ਤੋਂ ਬਾਹਰ ਹੋ ਗਏ ਹਨ। ਅਮਰੀਕੀ ਪਾਸਪੋਰਟ ਜੋ 2014 ਵਿੱਚ ਪਹਿਲੇ ਸਥਾਨ 'ਤੇ ਸੀ, ਹੁਣ ਮਲੇਸ਼ੀਆ ਨਾਲ 12ਵੇਂ ਸਥਾਨ 'ਤੇ ਆ ਗਿਆ ਹੈ।

ਭਾਰਤ ਦੀ ਰੈਂਕਿੰਗ ਵੀ ਘਟ ਗਈ ਹੈ। ਪਿਛਲੇ ਸਾਲ 80ਵਾਂ ਸਥਾਨ, ਹੁਣ 85ਵਾਂ ਸਥਾਨ। ਇਸਦੇ ਉਲਟ, ਯੂਏਈ ਦਾ ਪਾਸਪੋਰਟ ਤੇਜ਼ੀ ਨਾਲ ਮਜ਼ਬੂਤ ਹੋ ਰਿਹਾ ਹੈ - ਇਸ ਨੇ 184 ਦੇਸ਼ਾਂ ਵਿੱਚ ਐਂਟਰੀ ਨਾਲ 8ਵਾਂ ਸਥਾਨ ਹਾਸਲ ਕਰ ਲਿਆ ਹੈ। ਕੁੱਲ ਮਿਲਾ ਕੇ, ਪਾਕਿਸਤਾਨ ਦਾ ਪਾਸਪੋਰਟ ਲਗਾਤਾਰ ਕਮਜ਼ੋਰ ਹੋ ਰਿਹਾ ਹੈ ਅਤੇ ਹੁਣ ਉਸਨੂੰ ਦੁਨੀਆ ਦੇ ਸਭ ਤੋਂ ਨਿਕੰਮੇ ਪਾਸਪੋਰਟਾਂ 'ਚ ਗਿਣਿਆ ਜਾ ਰਿਹਾ ਹੈ।

ਅਮਰੀਕਾ ਦੀਆਂ ਸਖ਼ਤ ਨੀਤੀਆਂ ਅਤੇ ਦੋ-ਪੱਖੀ ਸਮਝੌਤਿਆਂ ਦੀ ਘਾਟ ਨੇ ਇਸ ਨੂੰ ਪਿੱਛੇ ਧੱਕ ਦਿੱਤਾ ਹੈ। ਇਸ ਤੋਂ ਇਲਾਵਾ, ਅਮਰੀਕੀ ਨਾਗਰਿਕਾਂ ਲਈ ਵੀਜ਼ਾ-ਮੁਕਤ ਯਾਤਰਾ ਦੀ ਘਟਦੀ ਸੰਖਿਆ ਨੇ ਉਨ੍ਹਾਂ ਦੀ 'ਗਲੋਬਲ ਮੋਬਿਲਿਟੀ 'ਤੇ ਅਸਰ ਪਾਇਆ ਹੈ। ਜਦੋਂ ਸਿੰਗਾਪੁਰ, ਦੱਖਣੀ ਕੋਰੀਆ ਅਤੇ ਜਾਪਾਨ ਵਰਗੇ ਦੇਸ਼ਾਂ ਦੇ ਨਾਗਰਿਕ ਲਗਭਗ ਸਾਰੀ ਦੁਨੀਆ ਵਿਚ ਬਿਨਾਂ ਵੀਜ਼ਾ ਦੇ ਜਾ ਸਕਦੇ ਹਨ, ਅਮਰੀਕੀ ਨਾਗਰਿਕਾਂ ਨੂੰ ਹੁਣ ਕਈ ਦੇਸ਼ਾਂ ਵਿਚ ਵੀਜ਼ਾ ਲੈਣ ਲਈ ਜੱਦੋਜਹਿਦ ਕਰਨੀ ਪੈਂਦੀ ਹੈ। ਇਹ ਸਥਿਤੀ ਅਮਰੀਕੀ ਨੀਤੀਆਂ 'ਤੇ ਮੁੜ ਵਿਚਾਰ ਕਰਨ ਦੀ ਜ਼ਰੂਰਤ ਨੂੰ ਦਰਸਾਉਂਦੀ ਹੈ।

ਅਮਰੀਕਾ ਨੂੰ ਜੇ ਆਪਣੀ ਸਾਖ ਅਤੇ ਪਾਸਪੋਰਟ ਦੀ ਸ਼ਕਤੀ ਨੂੰ ਮੁੜ ਪ੍ਰਾਪਤ ਕਰਨਾ ਹੈ, ਤਾਂ ਉਸ ਨੂੰ ਆਪਣੀਆਂ ਵੀਜ਼ਾ ਨੀਤੀਆਂ ਨੂੰ ਖੁੱਲ੍ਹਾ ਕਰਨਾ ਹੋਵੇਗਾ ਅਤੇ ਦੋ-ਪੱਖੀ ਸਮਝੌਤਿਆਂ 'ਤੇ ਜ਼ਿਆਦਾ ਧਿਆਨ ਦੇਣਾ ਹੋਵੇਗਾ। ਨਹੀਂ ਤਾਂ, ਅਮਰੀਕੀ ਪਾਸਪੋਰਟ ਦੀ ਇਹ ਗਿਰਾਵਟ ਜਾਰੀ ਰਹੇਗੀ, ਜੋ ਨਾ ਸਿਰਫ ਅਮਰੀਕੀ ਨਾਗਰਿਕਾਂ ਲਈ, ਸਗੋਂ ਅਮਰੀਕਾ ਦੀ ਵਿਸ਼ਵਵਿਆਪੀ ਸਥਿਤੀ ਲਈ ਵੀ ਨੁਕਸਾਨਦੇਹ ਸਾਬਤ ਹੋ ਸਕਦੀ ਹੈ।

********

# ਪੰਜਾਬ ਵਿਚ ਹਥਿਆਰਾਂ ਦੀ ਤਸਕਰੀ ਪੰਜ ਗੁਣਾ ਵਧੀ

## ✪ ਡਰੋਨਾਂ ਨਾਲ ਹਥਿਆਰ ਸੁੱਟਣ ਦਾ ਖਤਰਾ ਮੰਡਰਾਇਆ: ਸਰਹੱਦੀ ਸੁਰੱਖਿਆ 'ਤੇ ਸਵਾਲ ਖੜੇ ਹੋਏ
## ✪ ਭਾਰਤੀਆਂ ਏਜੰਸੀਆਂ ਅਨੁਸਾਰ ਆਈ.ਐਸ.ਆਈ. ਦੀ ਸਾਜਿਸ਼: ਗੈਂਗਸਟਰ-ਖਾੜਕੂ ਗਠਜੋੜ ਦਾ ਖੇਡ?

ਪੰਜਾਬ ਦੀ ਸਰਹੱਦ ਰਾਹੀਂ ਪਾਕਿਸਤਾਨ ਤੋਂ ਹਥਿਆਰਾਂ ਦੀ ਤਸਕਰੀ ਵਿਚ ਇਸ ਸਾਲ ਪੰਜ ਗੁਣਾ ਵਾਧਾ ਦਰਜ ਕੀਤਾ ਗਿਆ ਹੈ। 2025 ਵਿਚ ਹੁਣ ਤੱਕ 362 ਹਥਿਆਰ ਬਰਾਮਦ ਹੋਏ ਹਨ, ਜਿਨ੍ਹਾਂ ਵਿਚ ਏ.ਕੇ.-47 ਰਾਈਫਲਾਂ, ਗ੍ਰਨੇਡ ਅਤੇ ਆਈ.ਈ.ਡੀ. ਸ਼ਾਮਲ ਹਨ। ਪਿਛਲੇ ਸਾਲ ਸਿਰਫ 81 ਹਥਿਆਰ ਜ਼ਬਤ ਹੋਏ ਸਨ। ਸੁਰੱਖਿਆ ਮਾਹਿਰਾਂ ਮੁਤਾਬਕ, ਅਪਰੇਸ਼ਨ ਸਿੰਦੂਰ ਦੌਰਾਨ ਭਾਰਤ ਦੇ ਹਮਲਿਆਂ ਦੇ ਜਵਾਬ ਵਿਚ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਪੰਜਾਬ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਡਰੋਨਾਂ ਨਾਲ ਹਥਿਆਰਾਂ ਦੀ ਤਸਕਰੀ ਦਾ ਵਧਿਆ ਖਤਰਾ-ਤਸਕਰੀ ਦੇ ਤਰੀਕਿਆਂ ਵਿਚ ਵੱਡੀ ਤਬਦੀਲੀ ਆਈ ਹੈ। 2019 ਤੋਂ ਡਰੋਨਾਂ ਰਾਹੀਂ ਹਥਿਆਰ ਸੁੱਟਣ ਦਾ ਰੁਝਾਨ ਵਧਿਆ ਹੈ, ਜੋ ਸਰਹੱਦੀ ਸੁਰੱਖਿਆ ਲਈ ਵੱਡੀ ਚੁਣੌਤੀ ਬਣਿਆ ਹੈ। ਅੰਮ੍ਰਿਤਸਰ, ਤਰਨ ਤਾਰਨ, ਫਿਰੋਜ਼ਪੁਰ, ਫਾਜ਼ਿਲਕਾ ਅਤੇ ਬਟਾਲਾ ਵਰਗੇ ਸਰਹੱਦੀ ਜ਼ਿਲ੍ਹਿਆਂ ਵਿਚ ਇਹ ਗਤੀਵਿਧੀਆਂ ਸਭ ਤੋਂ ਜ਼ਿਆਦਾ ਹਨ। ਅਧਿਕਾਰੀਆਂ ਮੁਤਾਬਕ, 50 ਤੋਂ ਵੱਧ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਵਿਚੋਂ ਕਈ ਡਰੋਨਾਂ ਰਾਹੀਂ ਸੁੱਟੇ ਹਥਿਆਰ ਇਕੱਠੇ ਕਰਦੇ ਫੜੇ ਗਏ।

ਸੁਰੱਖਿਆ ਅਧਿਕਾਰੀਆਂ ਦਾ ਕਹਿਣਾ ਹੈ ਕਿ ਆਈ.ਐਸ.ਆਈ. ਪੰਜਾਬ ਵਿਚ ਅਰਾਜਕਤਾ ਫੈਲਾਉਣ ਲਈ ਗੈਂਗਸਟਰਾਂ, ਨਸ਼ਾ ਤਸਕਰਾਂ ਅਤੇ ਖਾੜਕੂਆਂ ਦੇ ਨੈਟਵਰਕ ਦੀ ਵਰਤੋਂ ਕਰ ਰਹੀ ਹੈ। ਬਰਾਮਦ ਹਥਿਆਰ ਜਬਰੀ ਵਸੂਲੀ, ਟਾਰਗੇਟ ਕਿਲਿੰਗ ਅਤੇ ਗੈਂਗਵਾਰ ਵਰਗੇ ਅਪਰਾਧਾਂ ਵਿਚ ਵਰਤੇ ਜਾ ਰਹੇ ਹਨ। ਅਧਿਕਾਰੀਆਂ ਮੁਤਾਬਕ, ਇਹ ਸਭ ਖਾਲਿਸਤਾਨੀ ਵੱਖਵਾਦ ਨੂੰ ਉਭਾਰਨ ਦੀ ਕੋਸ਼ਿਸ਼ ਹੈ। ਪਰ ਪੰਥਕ ਹਲਕਿਆਂ ਅਨੁਸਾਰ ਸੁਆਲ ਇਹ ਹੈ ਕਿ ਜਦੋਂ ਪੰਜਾਬ ਵਿਚ ਖਾੜਕੂ ਲਹਿਰ ਨਹੀਂ, ਤਾਂ ਇਹ ਹਥਿਆਰ ਬਰਾਮਦਗੀ ਦਾ ਕੀ ਮਕਸਦ? ਕੀ ਇਹ ਸਰਕਾਰੀ ਨੀਤੀਆਂ ਦਾ ਸਿੱਟਾ ਹੈ, ਜਾਂ ਕੋਈ ਹੋਰ ਗੂੜ੍ਹੀ ਚਾਲ?

ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਇਨ੍ਹਾਂ ਬਰਾਮਦਗੀਆਂ ਨੂੰ ਵੱਡੀ ਸਫਲਤਾ ਦੱਸਿਆ, ਜੋ ਪੰਜਾਬ ਪੁਲਿਸ, ਸੀਮਾ ਸੁਰੱਖਿਆ ਬਲ ਅਤੇ ਕੇਂਦਰੀ ਏਜੰਸੀਆਂ ਦੇ ਤਾਲਮੇਲ ਨਾਲ ਸੰਭਵ ਹੋਈ। ਪਰ ਮਨੁੱਖੀ ਅਧਿਕਾਰ ਜਥੇਬੰਦੀਆਂ ਅਤੇ ਪੰਥਕ ਜਥੇਬੰਦੀਆਂ ਨੇ ਸਵਾਲ ਚੁੱਕੇ ਹਨ। ਉਨ੍ਹਾਂ ਮੁਤਾਬਕ, ਜਦੋਂ ਤੋਂ 1995 'ਚ ਬੇਅੰਤ ਸਿੰਘ ਦੀ ਹੱਤਿਆ ਤੋਂ ਬਾਅਦ ਪੰਜਾਬ 'ਚ ਕੋਈ ਵੱਡਾ ਖਾੜਕੂ ਕਾਂਡ ਨਹੀਂ ਹੋਇਆ, ਤਾਂ ਇਸ ਤਰ੍ਹਾਂ ਦੀਆਂ ਬਰਾਮਦਗੀਆਂ ਅਤੇ ਗ੍ਰਿਫਤਾਰੀਆਂ ਕਿਸ ਏਜੰਡੇ ਦਾ ਹਿੱਸਾ ਹਨ? ਕੀ ਸਰਕਾਰ ਪੰਜਾਬ ਵਿਚ ਅਸਥਿਰਤਾ ਦਾ ਮਾਹੌਲ ਬਣਾ ਕੇ ਸਿਆਸੀ ਫਾਇਦਾ ਲੈਣ ਦੀ ਕੋਸ਼ਿਸ਼ ਕਰ ਰਹੀ ਹੈ? ਉਹ ਮੰਗ ਕਰ ਰਹੇ ਹਨ ਕਿ ਇਨ੍ਹਾਂ ਬਰਾਮਦਗੀਆਂ ਦੀ ਹਾਈਕੋਰਟ ਰਾਹੀਂ ਨਿਰਪੱਖ ਜਾਂਚ ਹੋਵੇ, ਤਾਂ ਜੋ ਸੱਚ ਸਾਹਮਣੇ ਆ ਸਕੇ। ਉਨ੍ਹਾਂ ਨੇ ਇਹ ਵੀ ਸਵਾਲ ਚੁੱਕਿਆ ਕਿ ਜੇਕਰ ਖਾੜਕੂਵਾਦ ਦਾ ਖਤਰਾ ਇੰਨਾ ਵੱਡਾ ਹੈ, ਤਾਂ ਪਿਛਲੇ 30 ਸਾਲਾਂ ਵਿਚ ਪੰਜਾਬ ਵਿਚ ਕੋਈ ਵੱਡੀ ਖਾੜਕੂ ਘਟਨਾ ਕਿਉਂ ਨਹੀਂ ਵਾਪਰੀ?

# ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸਤਿਕਾਰ
# ਪੰਥ ਤੋਂ ਵਿਛੜੇ ਗੁਰਧਾਮਾਂ ਦੇ ਦਰਸ਼ਨ-ਦੀਦਾਰ
## 16 ਫ਼ਰਵਰੀ ਤੋਂ 26 ਫ਼ਰਵਰੀ 2026 ਤੱਕ
## ਗੁਰਮਤਿ ਸੇਵਾ ਜੱਥਾ ਯੂ ਕੇ ਵੱਲੋਂ ਵਿਸ਼ੇਸ਼ ਯਾਤਰਾ
### ਹੋਟਲ ਸ਼ਾਨਦਾਰ - ਸਕਿਉਰਿਟੀ ਜਾਨਦਾਰ - ਆਲੀਸ਼ਾਨ ਟਰਾਂਸਪੋਰਟ





ਗੁਰੂ ਪਿਆਰੀ ਸਾਧ ਸੰਗਤ ਜੀ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਗੁਰਮਤਿ ਸੇਵਾ ਜੱਥਾ ਯੂ ਕੇ ਵੱਲੋਂ ਪਾਕਿਸਤਾਨ ਵਿਚਲੇ ਇਤਿਹਾਸਿਕ ਗੁਰਧਾਮਾਂ ਦੇ ਦਰਸ਼ਨ ਪਰਸਨ ਲਈ ਸ਼ਰਧਾ ਸਤਿਕਾਰ ਸਹਿਤ ਸੰਗਤੀ ਜਥਾ ਲਿਜਾਇਆ ਜਾ ਰਿਹਾ ਹੈ। ਇਸ ਜਥੇ ਦਾ ਮਕਸਦ ਸੰਗਤ ਦੇ ਸੰਗ, ਰੱਬੀ ਨਾਮ ਵਿੱਚ ਰੰਗ, ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਨਾ ਹੈ।





ਇਸ ਯਾਤਰਾ ਦੌਰਾਨ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਪੱਟੀ ਸਾਹਿਬ, ਗੁਰਦੁਆਰਾ ਬਾਲ ਲੀਲ੍ਹਾ, ਗੁਰਦੁਆਰਾ ਤੰਬੂ ਸਾਹਿਬ, ਗੁਰਦੁਆਰਾ ਕਿਆਰਾ ਸਾਹਿਬ, ਗੁਰਦੁਆਰਾ ਮਾਲ ਜੀ ਸਾਹਿਬ, ਗੁਰਦੁਆਰਾ ਸੱਚਾ ਸੌਦਾ ਚੂਹੜਕਾਣਾ, ਗੁਰਦੁਆਰਾ ਰੋੜੀ ਸਾਹਿਬ ਐਮਨਾਬਾਦ, ਗੁਰਦੁਆਰਾ ਚੱਕੀ ਸਾਹਿਬ, ਭਾਈ ਲਾਲੋ ਜੀ ਦਾ ਘਰ ਅਤੇ ਇਤਿਹਾਸਿਕ ਖੂਹੀ, ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ, ਗੁਰਦੁਆਰਾ ਬੇਰ ਸਾਹਿਬ ਸਿਆਲਕੋਟ, ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਲਾਹੌਰ, ਸ਼ਹੀਦੀ ਅਸਥਾਨ ਸ੍ਰੀ ਗੁਰੂ ਅਰਜਨ ਦੇਵ ਜੀ, ਗੁਰਦੁਆਰਾ ਸ਼ਹੀਦ ਸਿੰਘ-ਸਿੰਘਣੀਆਂ ਲਾਹੌਰ, ਸ਼ਹੀਦੀ ਅਸਥਾਨ ਸ਼ਹੀਦ ਭਾਈ ਤਾਰੂ ਸਿੰਘ ਅਤੇ ਸ਼ਹੀਦ ਭਾਈ ਮਨੀ ਸਿੰਘ ਜੀ, ਗੁਰਦੁਆਰਾ ਜਨਮ ਅਸਥਾਨ ਬੇਬੇ ਨਾਨਕੀ ਜੀ, ਗੁਰਦੁਆਰਾ ਬੀਬੀ ਕੌਲਾਂ ਜੀ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਅਤੇ ਅਨੇਕਾਂ ਹੋਰ ਅਸਥਾਨਾਂ ਦੇ ਦਰਸ਼ਨ-ਦੀਦਾਰੇ ਕਰਵਾਏ ਜਾਣਗੇ। ਇਤਿਹਾਸਿਕ ਗੁਰਧਾਮਾਂ ਦੇ ਦਰਸ਼ਨ-ਦੀਦਾਰਿਆਂ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਦਾ ਸ਼ਾਹੀ ਕਿਲ੍ਹਾ, ਸਮਾਧ ਅਤੇ ਸਿੱਖ ਵਿਰਸੇ ਨੂੰ ਸੰਭਾਲਣ ਵਾਲਾ ਲਾਹੌਰ ਦਾ ਅਜਾਇਬ ਘਰ ਵੀ ਦਿਖਾਇਆ ਜਾਵੇਗਾ। ਸਿੱਖ ਇਤਿਹਾਸ ਨਾਲ ਜੁੜੇ ਲਾਹੌਰ ਸ਼ਹਿਰ ਦੀ ਸੈਰ ਕਰਵਾਈ ਜਾਵੇਗੀ।

ਸਮੁੱਚੀ ਸੰਗਤ ਲਈ ਰਿਹਾਇਸ਼ ਅਤੇ ਭੋਜਨ ਦਾ ਸ਼ਾਨਦਾਰ ਪ੍ਰਬੰਧ ਅਤੇ ਲੁੜੀਂਦੀ ਡਾਕਟਰੀ ਸਹਾਇਤਾ ਦਾ ਇੰਤਜ਼ਾਮ ਹੋਵੇਗਾ। ਪਾਕਿਸਤਾਨ ਵਿੱਚ ਸਾਰੀ ਯਾਤਰਾ ਅਰਾਮਦਾਇਕ ਸੀਟਾਂ ਵਾਲੀਆਂ ਏਅਰ ਕੰਡੀਸ਼ਨ ਕੋਚਾਂ ਵਿੱਚ ਕੀਤੀ ਜਾਵੇਗੀ। ਸਕਿਉਰਿਟੀ ਦਾ ਪੂਰਾ ਇੰਤਜ਼ਾਮ ਹੋਵੇਗਾ। ਹਰ ਗੁਰਸਿੱਖ ਮਾਈ-ਭਾਈ ਰੋਜ਼ਾਨਾ ਅਰਦਾਸ ਕਰਦਾ ਹੈ ਕਿ ਜਿਨ੍ਹਾਂ ਗੁਰਦੁਆਰਿਆਂ ਨੂੰ ਪੰਥ ਤੋਂ ਵਿਛੋੜਿਆ ਗਿਆ, ਤਿਨ੍ਹਾਂ ਦੇ ਖੁਲ੍ਹੇ ਦਰਸ਼ਨ-ਦੀਦਾਰੇ ਤੇ ਸੇਵਾ-ਸੰਭਾਲ ਦਾ ਦਾਨ ਆਪਣੇ ਪਿਆਰੇ ਖਾਲਸਾ ਜੀ ਨੂੰ ਬਖਸ਼ੋ। ਸਾਧ-ਸੰਗਤ ਜੀ, ਹੁਣ ਇਹ ਮੌਕਾ ਆਣ ਬਣਿਆ ਹੈ, ਆਪਾਂ ਲਾਹਾ ਲਈਏ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

**ਸ਼ਾਨਦਾਰ ਪ੍ਰਬੰਧ ਅਤੇ ਵਧੀਆ ਸਹੂਲਤਾਂ ਨੂੰ ਮੁੱਖ ਰੱਖਦੇ ਹੋਏ ਸੀਟਾਂ ਲਿਮਟਿਡ ਹੀ ਰੱਖੀਆਂ ਗਈਆਂ ਹਨ ਸੋ ਪਹਿਲਾਂ ਆਉਣ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ । ਇਸ ਲਈ ਅੱਜ ਹੀ ਆਪਣੀ ਥਾਂ ਰਾਖਵੀਂ ਕਰ ਲਵੋ ਜੀ**

## ========== ਵਧੇਰੇ ਜਾਣਕਾਰੀ ਲਈ ਸੰਪਰਕ :==========

**ਰਣਜੀਤ ਸਿੰਘ ਰਾਣਾ 07958 333 757 - ਜਗਮੋਹਨ ਸਿੰਘ 07583 200 061**

# ਫਰਾਂਸ ਉਪਰ ਭਾਰੀ ਕਰਜ਼ਾ : ਕੀ ਯੂਰੋ ਸੰਕਟ ਵਿਚ ਆਵੇਗਾ ?

**✪ ਲੇ ਪੈਨ ਦੀਆਂ ਗਲਤ ਨੀਤੀਆਂ, ਫਰਾਂਸੀਸੀ ਕਰਜ਼ੇ ਨੇ ਯੂਰਪ ਨੂੰ ਝੰਜੋੜਿਆ ! ✪ 113% ਜੀਡੀਪੀ ਕਰਜ਼ਾ: ਫਰਾਂਸ ਬਣਿਆ ਯੂਰੋਜ਼ੋਨ ਲਈ ਸੰਕਟ ✪ ਇਟਲੀ, ਗ੍ਰੀਸ ਅਤੇ ਸਪੇਨ ਵਰਗੇ ਦੇਸ਼ ਪਹਿਲਾਂ ਹੀ ਪੁਰਾਣੇ ਕਰਜ਼ੇ ਵਿਚ ਫਸੇ ਨੇ ✪ ਯੂਕੇ ਵੀ ਕਰਜ਼ੇ ਵਿਚ ਡੁਬਿਆ**

ਪੈਰਿਸ-ਫਰਾਂਸ ਵਿੱਚ ਰਾਜਨੀਤੀ ਸੰਕਟ ਵਿਚ ਹੈ। ਇੱਕ ਮਹੀਨੇ ਵਿੱਚ ਪਹਿਲੀ ਵਾਰ ਪ੍ਰਧਾਨ ਮੰਤਰੀ ਸੇਬਾਸਟੀਅਨ ਲੈਕੋਰਨੂ ਦੀ ਸਰਕਾਰ ਡਿਗ ਗਈ ਸੀ। 6 ਅਕਤੂਬਰ ਨੂੰ ਉਨ੍ਹਾਂ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ, ਪਰ ਰਾਸ਼ਟਰਪਤੀ ਇਮਾਨੂਅਲ ਮੈਕਰਾਂ ਨੇ ਲੈਕੋਰਨੂ ਨੂੰ ਫਿਰ ਦੁਬਾਰਾ ਪ੍ਰਧਾਨ ਮੰਤਰੀ ਬਣਾ ਦਿੱਤਾ! ਅੱਜ ਤੱਕ ਫਰਾਂਸ ਵਿੱਚ ਸਰਕਾਰ ਬਣੀ ਹੋਈ ਹੈ, ਪਰ ਰਾਜਨੀਤਕ ਅਸਥਿਰਤਾ ਨੇ ਆਰਥਿਕ ਸੰਕਟ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਯੂਰੋਜ਼ੋਨ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਵਿੱਚ ਕਰਜ਼ਾ ਬਹੁਤ ਵਧ ਗਿਆ ਹੈ, ਜਿਸ ਨਾਲ ਯੂਰੋ ਮੁਦਰਾ ਖਤਰੇ ਵਿੱਚ ਪੈ ਗਈ ਹੈ। ਨਿਵੇਸ਼ਕ ਡਰੇ ਹੋਏ ਹਨ, ਅਤੇ ਬਾਜ਼ਾਰ ਸੰਕਟ ਵਿੱਚ ਹਨ।

ਫਰਾਂਸ ਵਿੱਚ ਇਹ ਸੰਕਟ ਨਵਾਂ ਨਹੀਂ। ਪਿਛਲੇ ਕੁਝ ਸਾਲਾਂ ਤੋਂ ਰਾਜਨੀਤਕ ਧੜੇ ਆਪਸ ਵਿੱਚ ਉਲਝ ਰਹੇ ਹਨ। ਰਾਸ਼ਟਰਪਤੀ ਮੈਕਰਾਂ ਨੇ 2024 ਵਿੱਚ ਅਚਾਨਕ ਚੋਣਾਂ ਕਰਵਾਈਆਂ ਸੀ, ਜਿਸ ਨਾਲ ਸੰਸਦ ਵਿੱਚ ਕੋਈ ਬਹੁਮਤ ਨਹੀਂ ਬਣਿਆ। ਖੱਬੇ ਪੱਖ, ਸੱਜੇ ਪੱਖ ਅਤੇ ਕੇਂਦਰੀ ਧੜੇ ਤਿੰਨਾਂ ਬਰਾਬਰ ਹਨ। ਇਸ ਕਾਰਨ ਕੋਈ ਵੀ ਸਰਕਾਰ ਲੰਮੇ ਸਮੇਂ ਤੱਕ ਨਹੀਂ ਚੱਲ ਸਕੀ। ਲੈਕੋਰਨੂ ਤੋਂ ਪਹਿਲਾਂ ਫਰਾਂਸੋਵਾ ਬੇਰੂ ਅਤੇ ਮਿਸ਼ੇਲ ਬਾਰਨੀਅਰ ਵੀ ਸਰਕਾਰ ਚਲਾਉਣ ਵਿੱਚ ਅਸਫਲ ਰਹੇ।

ਬੇਰੂ ਨੂੰ ਸਤੰਬਰ ਵਿੱਚ ਅਵਿਸ਼ਵਾਸ ਮਤ ਨਾਲ ਡੇਗ ਦਿੱਤਾ ਗਿਆ, ਜਦਕਿ ਜਦਕਿ ਬਾਰਨੀਅਰ ਨੂੰ ਬਜਟ ਪਾਸ ਕਰਨ ਵਿੱਚ ਨਾਕਾਮੀ ਹੋਈ। ਇਹ ਸਾਰੀ ਉਥਲ-ਪੁਥਲ ਨੇ ਫਰਾਂਸ ਨੂੰ ਇੱਕ ਅਜਿਹੇ ਚੱਕਰ ਵਿੱਚ ਫਸਾ ਦਿੱਤਾ ਹੈ ਜਿੱਥੇ ਰਾਜਨੀਤਕ ਅਸਹਿਮਤੀ ਨੇ ਆਰਥਿਕ ਨੀਤੀਆਂ ਨੂੰ ਰੋਕ ਦਿੱਤਾ ਹੈ।

ਰਾਜਨੀਤਕ ਸੰਕਟ ਨੇ ਆਰਥਿਕ ਹਾਲਾਤ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਜਦੋਂ ਲੈਕੋਰਨੂ ਦੀ ਸਰਕਾਰ ਡਿਗੀ, ਤਾਂ ਯੂਰੋ ਮੁਦਰਾ ਹੋਰ ਮੁਦਰਾਵਾਂ ਨਾਲੋਂ ਘਟ ਗਈ। ਪੈਰਿਸ ਸਟਾਕ ਮਾਰਕੀਟ ਵਿੱਚ ਵੀ ਗਿਰਾਵਟ ਆਈ, ਅਤੇ ਫਰਾਂਸੀਸੀ ਸਰਕਾਰੀ ਬੌਂਡਾਂ ਉਪਰ ਸੂਦ ਦੀ ਦਰ ਵਧ ਗਈ। ਨਿਵੇਸ਼ਕਾਂ ਨੂੰ ਡਰ ਹੈ ਕਿ ਫਰਾਂਸ ਵਿੱਚ ਅਸਥਿਰ ਸਰਕਾਰ ਕਰਜ਼ੇ ਨੂੰ ਕੰਟਰੋਲ ਨਹੀਂ ਕਰ ਸਕੇਗੀ। ਫਰਾਂਸ ਦਾ ਮੁੱਖ ਸਟਾਕ ਇੰਡੈਕਸ ਸੀਏਸੀ 40 ਪਿਛਲੇ ਸਾਲ ਦੀ ਸ਼ੁਰੂਆਤ ਤੋਂ ਯੂਰਪ ਦੇ ਹੋਰ ਹਿੱਸਿਆਂ ਨਾਲੋਂ 14 ਫ਼ੀਸਦੀ ਪਿੱਛੇ ਰਹਿ ਗਿਆ ਹੈ। ਇਹ ਸਭ ਨਿਵੇਸ਼ਕਾਂ ਨੂੰ ਡਰਾ ਰਿਹਾ ਹੈ, ਅਤੇ ਉਹ ਫਰਾਂਸੀਸੀ ਸ਼ੇਅਰਾਂ ਤੋਂ ਦੂਰ ਰਹਿ ਰਹੇ ਹਨ।

ਫਰਾਂਸ ਉਪਰ ਕਰਜ਼ਾ ਬਹੁਤ ਵਧ ਗਿਆ ਹੈ। ਯੂਰਪੀਅਨ ਯੂਨੀਅਨ ਵਿੱਚ ਫਰਾਂਸ ਸਭ ਤੋਂ ਵੱਡਾ ਕਰਜ਼ੇ ਵਾਲਾ ਦੇਸ਼ ਹੈ। ਇਹ ਅੰਕੜਾ 2030 ਤੱਕ ਜੀਡੀਪੀ ਦੇ 125 ਫ਼ੀਸ਼ਦੀ ਤੱਕ ਪਹੁੰਚਣ ਦੀ ਸੰਭਾਵਨਾ ਹੈ। ਇਸ ਦਾ ਸਰਕਾਰੀ ਕਰਜ਼ਾ ਲਗਭਗ 3.35 ਟ੍ਰਿਲੀਅਨ ਯੂਰੋ (ਲਗਭਗ 3.9 ਟ੍ਰਿਲੀਅਨ ਡਾਲਰ) ਹੋ ਗਿਆ ਹੈ, ਜੋ ਉਸ ਦੇ ਜੀਡੀਪੀ ਦੇ 113 ਫੀਸਦੀ ਵਰਗਾ ਹੈ। ਫਰਾਂਸ ਵਿੱਚ ਜੀਡੀਪੀ ਨਾਲੋਂ ਕਰਜ਼ੇ ਦਾ ਅੰਕੜਾ ਇੰਨਾ ਵੱਧ ਹੈ ਕਿ ਯੂਰਪੀਅਨ ਯੂਨੀਅਨ ਵਿੱਚ ਸਿਰਫ਼ ਗ੍ਰੀਸ ਅਤੇ ਇਟਲੀ ਹੀ ਇਸ ਤੋਂ ਅੱਗੇ ਹਨ। ਇਸ ਸਾਲ ਬਜਟ ਘਾਟਾ 5.4 ਫੀਸਦੀ ਤੋਂ 5.8 ਫੀਸਦੀ ਰਹਿਣ ਦੀ ਉਮੀਦ ਹੈ, ਜੋ ਯੂਰਪੀਅਨ ਯੂਨੀਅਨ ਦੇ 27 ਦੇਸ਼ਾਂ ਵਿੱਚ ਸਭ ਤੋਂ ਵੱਧ ਹੈ। ਯੂਰਪੀਅਨ ਯੂਨੀਅਨ ਨੇ ਘਾਟੇ ਲਈ 3 ਫੀਸਦੀ ਦਾ ਟੀਚਾ ਰੱਖਿਆ ਹੈ, ਇਸ ਲਈ ਵੱਡੇ ਪੈਮਾਨੇ ਤੇ ਬਚਤ ਕਰਨ ਤੋਂ ਬਿਨਾਂ ਕੋਈ ਰਾਹ ਨਹੀਂ। ਪਰ ਫਰਾਂਸ ਵਿੱਚ ਖਰਚੇ ਵਿੱਚ ਕਟੌਤੀ ਕਰਨਾ ਰਾਜਨੀਤਕ ਤੌਰ ਤੇ ਅਸੰਭਵ ਹੈ। ਰਾਜਨੀਤਕ ਧੜੇ ਇਕੱਠੇ ਨਹੀਂ ਹੋ ਰਹੇ। ਵਾਮਪੰਥੀ ਤੋਂ ਲੈ ਕੇ ਦੱਖਣਪੰਥੀ ਤੱਕ ਸਭ ਆਪਣੇ ਹਿੱਸੇ ਲਈ ਲੜ ਰਹੇ ਹਨ।

ਇਸ ਨਾਲ ਵਿੱਤੀ ਬਾਜ਼ਾਰਾਂ ਨੇ ਫਰਾਂਸੀਸੀ ਬੌਂਡਾਂ ਉੱਤੇ ਜੋਖਮ ਪ੍ਰੀਮੀਅਮ ਵਧਾ ਦਿੱਤਾ ਹੈ। ਜਰਮਨ ਬੌਂਡਾਂ ਤੇ 2.7 ਫੀਸਦੀ ਸੂਦ ਹੈ, ਪਰ ਫਰਾਂਸ ਨੂੰ ਆਪਣੇ ਕਰਜ਼ੇ ਤੇ 3.5 ਫੀਸਦੀ ਅਦਾ ਕਰਨਾ ਪੈ ਰਿਹਾ ਹੈ। ਇਹ ਅੰਤਰ ਵਧਣ ਨਾਲ ਯੂਰੋਜ਼ੋਨ ਵਿੱਚ ਅਸਥਿਰਤਾ ਵਧ ਰਹੀ ਹੈ। ਜਰਮਨੀ ਦੇ ਮੈਨਹਾਈਮ ਵਿੱਚ ਜ਼ੀਡਬਲਿਊ ਲਾਈਬਨਿਟਜ਼ ਸੈਂਟਰ ਫਾਰ ਯੂਰਪੀਅਨ ਇਕਨਾਮਿਕ ਰਿਸਰਚ ਦੇ ਅਰਥਸ਼ਾਸਤਰੀ ਫ੍ਰੀਡਰਿਖ ਹਾਈਨੇਮੈਨ ਕਹਿੰਦੇ ਹਨ, "ਹਾਂ, ਸਾਨੂੰ ਚਿੰਤਾ ਕਰਨੀ ਚਾਹੀਦੀ ਹੈ। ਇਸ ਪੜਾਅ ਤੇ ਯੂਰੋਜ਼ੋਨ ਵਿੱਚ ਸਥਿਰਤਾ ਨਹੀਂ ਹੈ।" ਉਹ ਕਹਿੰਦੇ ਹਨ ਕਿ ਫਰਾਂਸ ਵਰਗੇ ਵੱਡੇ ਦੇਸ਼ ਵਿੱਚ ਕਰਜ਼ਾ ਵਧਣ ਨਾਲ ਅਤੇ ਰਾਜਨੀਤਕ ਅਸਥਿਰਤਾ ਨਾਲ ਅੱਗੇ ਵਧੇਰੇ ਮੁਸ਼ਕਲਾਂ ਆ ਸਕਦੀਆਂ ਹਨ।

ਇਹ ਸੰਕਟ ਸਿਰਫ਼ ਫਰਾਂਸ ਤੱਕ ਸੀਮਿਤ ਨਹੀਂ। ਯੂਰੋਜ਼ੋਨ ਵਿੱਚ ਕਈ ਦੇਸ਼ਾਂ ਵਿੱਚ ਕਰਜ਼ੇ ਦਾ ਸੰਕਟ ਵਧ ਰਿਹਾ ਹੈ। ਇਟਲੀ, ਗ੍ਰੀਸ ਅਤੇ ਸਪੇਨ ਵਰਗੇ ਦੇਸ਼ ਪਹਿਲਾਂ ਹੀ ਪੁਰਾਣੇ ਕਰਜ਼ੇ ਨਾਲ ਜੂਝ ਰਹੇ ਹਨ। ਇਟਲੀ ਦਾ ਕਰਜ਼ਾ ਜੀਡੀਪੀ ਦੇ 140 ਫ਼ੀਸਦੀ ਤੋਂ ਵੱਧ ਹੈ, ਅਤੇ ਗ੍ਰੀਸ ਵਿੱਚ ਇਹ 160 ਫੀਸਦੀ ਤੱਕ ਪਹੁੰਚ ਗਿਆ ਹੈ। ਜਰਮਨੀ ਵਿੱਚ ਵੀ ਅਰਥਵਿਵਸਥਾ ਡਿਗ ਰਹੀ ਹੈ, ਅਤੇ ਉਸ ਨੂੰ ਵੀ ਨਵੇਂ ਬੌਂਡ ਜਾਰੀ ਕਰਨੇ ਪੈ ਰਹੇ ਹਨ। ਯੂਰਪੀਅਨ ਕੇਂਦਰੀ ਬੈਂਕ (ਈਸੀਬੀ) ਨੂੰ ਵੀ ਦਬਾਅ ਹੈ ਕਿ ਉਹ ਫਰਾਂਸੀਸੀ ਬੌਂਡ ਖਰੀਦੇ ਅਤੇ ਬਾਜ਼ਾਰ ਨੂੰ ਸਥਿਰ ਕਰੇ। ਪਰ ਹਾਈਨੇਮੈਨ ਕਹਿੰਦੇ ਹਨ ਕਿ ਈਸੀਬੀ ਨੂੰ ਆਪਣੀ ਸਖ਼ਤ ਨੀਤੀ ਵਲ ਵੀ ਧਿਆਨ ਰੱਖਣਾ ਪਵੇਗਾ, ਨਹੀਂ ਤਾਂ ਉਮੀਦਾਂ ਖਤਮ ਜਾਣਗੀਆਂ।

ਫਰਾਂਸ ਵਿੱਚ ਰਾਜਨੀਤੀ ਕੀ ਯੂਰੋਜ਼ੋਨ ਵਿੱਚ ਕਰਜ਼ੇ ਦਾ ਨਵਾਂ ਸੰਕਟ ਪੈਦਾ ਕਰੇਗਾ? ਇਹ ਸਵਾਲ ਵੱਡਾ ਹੈ। ਫਰਾਂਸ ਯੂਰੋਜ਼ੋਨ ਦੀ ਦੂਜੀ ਵੱਡੀ ਅਰਥਵਿਵਸਥਾ ਹੈ, ਜੋ ਯੂਰਪ ਦੇ 20 ਫ਼ੀਸ਼ਦੀ ਹਿੱਸੇ ਨੂੰ ਚਲਾਉਂਦੀ ਹੈ। ਜੇ ਇੱਥੇ ਸੰਕਟ ਵਧਿਆ, ਤਾਂ ਇਹ ਹੋਰ ਦੇਸ਼ਾਂ ਤੱਕ ਫੈਲ ਜਾਵੇਗਾ। ਨਿਵੇਸ਼ਕਾਂ ਨੇ ਫਰਾਂਸ ਨੂੰ ਇਟਲੀ ਤੋਂ ਵੀ ਵੱਧ ਜੋਖਮ ਵਾਲਾ ਮੰਨ ਲਿਆ ਹੈ। ਫਰਾਂਸੀਸੀ ਬੌਂਡਾਂ ਤੇ ਸੂਦ ਦੀ ਦਰ ਇਟਲੀ ਨਾਲੋਂ ਵੱਧ ਗਈ ਹੈ, ਜੋ 1999 ਵਿੱਚ ਯੂਰੋ ਮੁਦਰਾ ਸ਼ੁਰੂ ਹੋਣ ਤੋਂ ਬਾਅਦ ਪਹਿਲੀ ਵਾਰ ਹੋਇਆ ਹੈ। ਇਹ ਚਿਤਾਵਨੀ ਹੈ ਕਿ ਯੂਰੋ ਦੀ ਸਥਿਰਤਾ ਖਤਰੇ ਵਿੱਚ ਹੈ। ਜੇ ਯੂਰੋ ਡਗਮਗਾ ਗਿਆ, ਤਾਂ ਯੂਰਪੀਅਨ ਯੂਨੀਅਨ ਨੂੰ ਵੱਡਾ ਝਟਕਾ ਲੱਗੇਗਾ।

ਯੂਰਪੀਅਨ ਯੂਨੀਅਨ ਅਤੇ ਈਸੀਬੀ ਫਰਾਂਸ ਤੇ ਵੱਡੇ ਦਬਾਅ ਵਿੱਚ ਹਨ। ਫਰਾਂਸ ਹਰ ਸਾਲ 67 ਅਰਬ ਯੂਰੋ ਸਿਰਫ਼ ਸੂਦ ਭੁਗਤਾਨ ਤੇ ਖਰਚ ਕਰ ਰਿਹਾ ਹੈ, ਅਤੇ ਉਹ ਯੂਰਪੀਅਨ ਯੂਨੀਅਨ ਦੇ ਨਿਯਮਾਂ ਅਨੁਸਾਰ ਘਾਟੇ ਨੂੰ ਘਟਾਉਣ ਦੀ ਪ੍ਰਤੀਬੱਧਤਾ ਨਾਲ ਬੰਨ੍ਹਿਆ ਹੋਇਆ ਹੈ। ਹਾਈਨੇਮੈਨ ਕਹਿੰਦੇ ਹਨ ਕਿ ਯੂਰਪੀਅਨ ਯੂਨੀਅਨ ਨੇ ਫਰਾਂਸ ਨੂੰ ਬਹੁਤ ਲੰਬੇ ਸਮੇਂ ਤੱਕ ਨਜ਼ਰਅੰਦਾਜ਼ ਕੀਤਾ। ਉਹ ਕਹਿੰਦੇ ਹਨ, "ਯੂਰਪੀਅਨ ਯੂਨੀਅਨ ਨੇ ਰਾਜਨੀਤਕ ਸਮਝੌਤੇ ਕੀਤੇ ਤਾਂ ਜੋ ਪੌਪੁਲਿਸਟ ਧੜੇ ਮਜ਼ਬੂਤ ਨਾ ਹੋਣ। ਪਰ ਫਰਾਂਸ ਨੇ ਆਪਣੇ ਵਿੱਤੀ ਹੱਦਾਂ ਨੂੰ ਪੂਰਾ ਵਰਤੋਂ ਕਰ ਲਿਆ ਹੈ। ਜਰਮਨੀ ਵਿੱਚ ਹਾਲਾਤ ਬਿਹਤਰ ਹਨ, ਜਿੱਥੇ ਕੁਝ ਉਪਾਅ ਅਜ਼ਮਾਉਣ ਦੀ ਗੁੰਜਾਇਸ਼ ਹੈ।"

ਹੋਰ ਯੂਰਪੀਅਨ ਦੇਸ਼ ਵੀ ਆਰਥਿਕ ਸੰਕਟ ਵਿੱਚ ਹਨ। ਇਟਲੀ ਅਤੇ ਗ੍ਰੀਸ ਵਿੱਚ ਕਰਜ਼ਾ ਜੀਡੀਪੀ ਤੋਂ ਵੱਧ ਹੈ, ਜਦਕਿ ਜਰਮਨੀ ਵਿੱਚ ਵਪਾਰਕ ਮੰਦਹਾਲੀ ਅਤੇ ਊਰਜਾ ਮੁੱਲਾਂ ਵਧਣ ਨਾਲ ਮੁਸ਼ਕਲਾਂ ਹਨ। ਅਸਟਰੀਆ ਵਿੱਚ ਰਾਜਨੀਤਕ ਅਤੇ ਆਰਥਿਕ ਸੰਕਟ ਇਕੱਠੇ ਹੋ ਗਏ ਹਨ, ਅਤੇ ਬੈਲਜੀਅਮ ਵਿੱਚ ਵੀ ਵਿਕਾਸ ਹੌਲਾ ਹੈ। ਪੁਰਤਗਾਲ, ਆਇਰਲੈਂਡ ਅਤੇ ਸਪੇਨ ਵਰਗੇ ਦੇਸ਼ ਪਹਿਲਾਂ ਵਾਲੇ ਕਰਜ਼ੇ ਸੰਕਟ ਤੋਂ ਬਾਹਰ ਨਿਕਲ ਰਹੇ ਹਨ ਅਤੇ 2025 ਵਿੱਚ 2 ਫੀਸਦੀ ਵਿਕਾਸ ਦੀ ਉਮੀਦ ਹੈ, ਪਰ ਫਰਾਂਸ ਅਤੇ ਜਰਮਨੀ ਵਿੱਚ ਵਿਕਾਸ ਸਿਰਫ਼ 0.8 ਫੀਸਦੀ ਰਹੇਗਾ। ਯੂਰੋਜ਼ੋਨ ਵਿੱਚ ਕੁੱਲ ਵਿਕਾਸ 1.1 ਫੀਸਦੀ ਰਹਿਣ ਦੀ ਸੰਭਾਵਨਾ ਹੈ, ਜੋ ਬਹੁਤ ਘੱਟ ਹੈ।

ਇੰਗਲੈਂਡ (ਯੂਕੇ) ਦੀ ਹਾਲਤ ਵੀ ਚੰਗੀ ਨਹੀਂ। ਯੂਕੇ ਵਿੱਚ ਕਰਜ਼ਾ ਜੀਡੀਪੀ ਦੇ 96 ਫੀਸਦੀ ਤੱਕ ਪਹੁੰਚ ਗਿਆ ਹੈ, ਅਤੇ ਬਜਟ ਘਾਟਾ ਵੀ ਵੱਧ ਰਿਹਾ ਹੈ। ਇਸ ਸਾਲ ਜੂਨ ਵਿੱਚ ਸਰਕਾਰੀ ਉਧਾਰ 20.7 ਬਿਲੀਅਨ ਪਾਊਂਡ ਰਿਹਾ, ਜੋ ਪਿਛਲੇ ਸਾਲ ਤੋਂ ਵੱਧ ਹੈ। ਮੁਦਰਾਸਫੀਤੀ 3.8 ਫੀਸਦੀ ਤੇ ਰੁਕੀ ਹੋਈ ਹੈ, ਅਤੇ ਅਰਥਵਿਵਸਥਾ ਦਾ ਵਿਕਾਸ ਧੀਮਾ ਹੈ। ਬ੍ਰੈਕਸਟ, ਕੋਵਿਡ ਅਤੇ ਊਰਜਾ ਸੰਕਟ ਨੇ ਯੂਕੇ ਨੂੰ ਪਿੱਛੇ ਧੱਕ ਦਿੱਤਾ ਹੈ। ਬੈਂਕ ਆਫ਼ ਇੰਗਲੈਂਡ ਨੇ ਹਾਲ ਹੀ ਵਿੱਚ ਸੂਦ ਦਰ 4 ਫੀਸਦੀ ਰੱਖੀ ਹੈ, ਪਰ ਲੰਬੇ ਸਮੇਂ ਦੇ ਬੌਂਡਾਂ ਤੇ ਸੂਦ ਵਧ ਰਿਹਾ ਹੈ।

ਇਸ ਸਾਲ ਜੂਨ ਵਿੱਚ ਬਰੋਇੰਗ 20.7 ਬਿਲੀਅਨ ਪਾਊਂਡ ਰਹੀ, ਜੋ ਪਿਛਲੇ ਸਾਲ ਤੋਂ ਵੱਧ ਹੈ। ਇਨਫਲੇਸ਼ਨ 3.8 ਫੀਸਦੀ ਤੇ ਰੁਕੀ ਹੋਈ ਹੈ, ਅਤੇ ਵਿਕਾਸ ਧੀਮਾ ਹੈ। ਬ੍ਰੈਕਸਟ, ਕੋਵਿਡ ਅਤੇ ਊਰਜਾ ਸੰਕਟ ਨੇ ਯੂਕੇ ਨੂੰ ਪਿੱਛੇ ਧੱਕ ਦਿੱਤਾ ਹੈ। ਬੈਂਕ ਆਫ਼ ਇੰਗਲੈਂਡ ਨੇ ਹਾਲ ਹੀ ਵਿੱਚ ਸੂਦ ਦਰ 4 ਫੀਸਦੀ ਤੇ ਰੱਖੀ ਹੈ, ਪਰ ਲੰਬੇ ਸਮੇਂ ਦੇ ਬੌਂਡਾਂ ਤੇ ਸੂਦ ਵਧ ਰਿਹਾ ਹੈ। ਆਫ਼ਿਸ ਫਾਰ ਬਜਟ ਰਿਸਪਾਂਸਿਬਿਲਟੀ (ਓਬੀਆਰ) ਨੇ ਚੇਤਾਵਨੀ ਦਿੱਤੀ ਹੈ ਕਿ ਜਲਵਾਯੂ ਤਬਦੀਲੀ ਅਤੇ ਬਜ਼ੁਰਗ ਆਬਾਦੀ ਨਾਲ ਕਰਜ਼ਾ ਹੋਰ ਵਧੇਗਾ। ਯੂਕੇ ਨੂੰ ਵੀ ਟੈਕਸ ਵਧਾਉਣੇ ਪੈਣਗੇ ਜਾਂ ਖਰਚੇ ਕੱਟਣੇ ਪੈਣਗੇ, ਜੋ ਰਾਜਨੀਤਕ ਤੌਰ ਤੇ ਮੁਸ਼ਕਲ ਹੈ।

ਇਹ ਆਰਥਿਕ ਸੰਕਟ ਕਿਉਂ ਫੈਲਿਆ ?- ਮੁੱਖ ਕਾਰਨਾਂ ਵਿੱਚ ਕੋਵਿਡ-19 ਮਹਾਮਾਰੀ, ਰੂਸ-ਯੂਕਰੇਨ ਯੁੱਧ ਨਾਲ ਊਰਜਾ ਸੰਕਟ ਅਤੇ ਬ੍ਰੈਕਸਟ ਵਰਗੀਆਂ ਘਟਨਾਵਾਂ ਸ਼ਾਮਲ ਹਨ। ਇਨ੍ਹਾਂ ਨੇ ਸਰਕਾਰਾਂ ਨੂੰ ਵੱਡੇ ਖਰਚੇ ਕਰਨੇ ਪਏ ਹਨ, ਜਿਸ ਨਾਲ ਕਰਜ਼ਾ ਵਧ ਗਿਆ। ਫਿਰ ਇਨਫਲੇਸ਼ਨ ਵਧੀ, ਅਤੇ ਬੈਂਕਾਂ ਨੇ ਸੂਦ ਦਰਾਂ ਵਧਾ ਦਿੱਤੀਆਂ। ਯੂਰਪ ਵਿੱਚ ਉਤਪਾਦਕਤਾ ਘੱਟ ਹੈ, ਬਜ਼ੁਰਗ ਆਬਾਦੀ ਵਧ ਰਹੀ ਹੈ, ਅਤੇ ਵਪਾਰਕ ਅਨਿਸ਼ਚਿਤਤਾ ਹੈ। ਅਮਰੀਕਾ ਵਿੱਚ ਟਰੰਪ ਦੀ ਵਾਪਸੀ ਨਾਲ ਟੈਰਿਫ਼ਾਂ ਦਾ ਡਰ ਵੀ ਵਧ ਰਿਹਾ ਹੈ, ਜੋ ਯੂਰਪੀਅਨ ਨਿਰਯਾਤ ਨੂੰ ਨੁਕਸਾਨ ਪਹੁੰਚਾਏਗਾ। ਇਹ ਸਾਰੇ ਕਾਰਨ ਇਕੱਠੇ ਹੋ ਕੇ ਸੰਕਟ ਨੂੰ ਫੈਲਾ ਰਹੇ ਹਨ।

ਕੀ ਕਹਿੰਦੀਆਂ ਯੂਰਪੀਅਨ ਅਖ਼ਬਾਰਾਂ ?- ਫਰਾਂਸੀਸੀ ਅਖ਼ਬਾਰ ਲੇ ਮਾਂਡੇ ਨੇ ਲਿਖਿਆ ਹੈ ਕਿ ਫਰਾਂਸ ਦਾ ਕਰਜ਼ਾ 4 ਟ੍ਰਿਲੀਅਨ ਡਾਲਰ ਨੂੰ ਛੂ ਰਿਹਾ ਹੈ, ਅਤੇ ਨਵੇਂ ਪ੍ਰਧਾਨ ਮੰਤਰੀ ਲੈਕੋਰਨੂ ਨੂੰ ਵੱਡਾ ਦਬਾਅ ਹੈ। ਉਹ ਕਹਿੰਦੇ ਹਨ ਕਿ ਬਜਟ ਵਿੱਚ ਕੱਟੌਤੀ ਤੋਂ ਬਿਨਾਂ ਕੋਈ ਰਾਹ ਨਹੀਂ, ਪਰ ਰਾਜਨੀਤਕ ਧੜੇ ਇਸ ਨੂੰ ਨਹੀਂ ਮੰਨ ਰਹੇ। ਜਰਮਨ ਅਖ਼ਬਾਰ ਡੇਅਰ ਸਪੀਗਲ ਨੇ ਚੇਤਾਵਨੀ ਦਿੱਤੀ ਹੈ ਕਿ ਫਰਾਂਸ ਦੀ ਰਾਜਨੀਤਕ ਅਸਥਿਰਤਾ ਯੂਰਪ ਨੂੰ ਨਵੇਂ ਕਰਜ਼ੇ ਸੰਕਟ ਵਿੱਚ ਧੱਕੇਲ ਸਕਦੀ ਹੈ। ਬ੍ਰਿਟਿਸ਼ ਅਖ਼ਬਾਰ ਦ ਗਾਰਡੀਅਨ ਨੇ ਲਿਖਿਆ ਹੈ ਕਿ ਫਰਾਂਸ ਵਿੱਚ ਸੰਸਦੀ ਸੰਕਟ ਤੇ ਵਿਵਾਦ ਨਵੀਂ ਰਾਜਨੀਤਕ ਹਕੀਕਤ ਹੈ, ਅਤੇ ਇਹ ਪੰਜਵੇਂ ਗਣਤੰਤਰ ਲਈ ਖ਼ਤਰਨਾਕ ਹੈ।

ਫਰਾਂਸ ਵਿੱਚ ਧੁਰ ਦੱਖਣਪੰਥੀ ਧੜੇ ਦੇ ਨੇਤਾ ਮਾਰੀਨ ਲੇ ਪੈਨ ਅਤੇ ਜੋਸਫ਼ ਬਾਰਡੇਲਾ ਨੂੰ ਇਸ ਸੰਕਟ ਨਾਲ ਸਭ ਤੋਂ ਵੱਧ ਫਾਇਦਾ ਹੋ ਰਿਹਾ ਹੈ। ਉਹ ਲੋਕਾਂ ਨੂੰ ਕਹਿ ਰਹੇ ਹਨ ਕਿ ਮੈਕਰਾਂ ਦੀ ਨੀਤੀਆਂ ਨੇ ਫਰਾਂਸ ਨੂੰ ਬਰਬਾਦ ਕੀਤਾ ਹੈ, ਅਤੇ ਉਹਨਾਂ ਨੂੰ ਚੋਣਾਂ ਵਿੱਚ ਵੱਡੀ ਜਿੱਤ ਮਿਲੇਗੀ। ਇਹ ਧੜਾ ਯੂਰਪ ਵਿੱਚ ਵੀ ਮਜ਼ਬੂਤ ਹੋ ਰਿਹਾ ਹੈ, ਜੋ ਆਰਥਿਕ ਅਸਥਿਰਤਾ ਨੂੰ ਵਧਾਉਣ ਵਾਲਾ ਹੈ।


ਅੰਤ ਵਿੱਚ, ਫਰਾਂਸ ਅਤੇ ਯੂਰਪ ਨੂੰ ਇਸ ਸੰਕਟ ਤੋਂ ਨਿਕਲਣ ਲਈ ਵੱਡੇ ਬਦਲਾਅ ਚਾਹੀਦੇ ਹਨ। ਰਾਜਨੀਤਕ ਧੜਿਆਂ ਨੂੰ ਸਮਝੌਤਾ ਕਰਨਾ ਪਵੇਗਾ, ਅਤੇ ਯੂਰਪੀਅਨ ਯੂਨੀਅਨ ਨੂੰ ਵਧੇਰੇ ਮਜ਼ਬੂਤ ਨੀਤੀਆਂ ਬਣਾਉਣੀਆਂ ਪੈਣਗੀਆਂ। ਜੇ ਨਹੀਂ, ਤਾਂ ਇਹ ਸੰਕਟ ਹੋਰ ਗਹਿਰਾ ਹੋ ਜਾਵੇਗਾ, ਅਤੇ ਯੂਰੋ ਦੀ ਸਥਿਰਤਾ ਖ਼ਤਰੇ ਵਿੱਚ ਪੈ ਜਾਵੇਗੀ। ਫਰਾਂਸੀਸੀ ਲੋਕ ਥੱਕ ਗਏ ਹਨ, ਅਤੇ ਉਹ ਇੱਕ ਸਥਿਰ ਅਤੇ ਤੇਜ਼ ਵਿਕਾਸ ਵਾਲੀ ਅਰਥਵਿਵਸਥਾ ਚਾਹੁੰਦੇ ਹਨ। ਕੀ ਰਾਜਨੇਤਾ ਇਹ ਸਮਝਣਗੇ ? ਇਹ ਸਮਾਂ ਦੱਸੇਗਾ।

# ਅਮਰੀਕਾ-ਕੈਨੇਡਾ ਵਲ ਭਾਰਤੀ ਵਿਦਿਆਰਥੀ ਜਾਣੋ ਘਟੇ

**✪ ਜਰਮਨੀ-ਦੁਬਈ ਵਲ ਭਾਰਤੀ ਵਿਦਿਆਰਥੀਆਂ ਦਾ ਰੁਝਾਨ ਵਧਿਆ ! ✪ 44 ਪ੍ਰਤੀਸ਼ਤ ਗਿਰਾਵਟ ਨਾਲ ਭਾਰਤੀ ਯੁਵਾ ਨੇ ਕੈਨੇਡਾ ਤੋਂ ਮੂੰਹ ਮੋੜਿਆ ✪ ਟਰੰਪ ਦੀ ਸਖਤੀ ਨੇ ਭਾਰਤੀਆਂ ਨੂੰ ਅਮਰੀਕਾ ਤੋਂ ਕੀਤਾ ਦੂਰ, ਆਇਰਲੈਂਡ-ਸਾਈਪ੍ਰਸ ਵਲ ਵਧਿਆ ਰੁਝਾਨ !**

## ਨਿਊਜ਼ ਵਿਸ਼ਲੇਸ਼ਣ

ਪਿਛਲੇ ਕੁਝ ਸਾਲਾਂ ਵਿੱਚ ਭਾਰਤੀ ਵਿਦਿਆਰਥੀਆਂ ਦੀ ਵਿਦੇਸ਼ ਪੜ੍ਹਾਈ ਦਾ ਨਕਸ਼ਾ ਬਦਲ ਗਿਆ ਹੈ। ਪਹਿਲਾਂ ਅਮਰੀਕਾ ਅਤੇ ਕੈਨੇਡਾ ਵਰਗੇ ਦੇਸ਼ ਵਿਦਿਆਰਥੀਆਂ ਦੀ ਪਹਿਲੀ ਪਸੰਦ ਸਨ, ਪਰ ਹੁਣ ਉੱਥੇ ਜਾਣ ਵਾਲਿਆਂ ਦੀ ਗਿਣਤੀ ਵਿੱਚ ਭਾਰੀ ਗਿਰਾਵਟ ਆ ਗਈ ਹੈ। ਨਵੇਂ ਅੰਕੜਿਆਂ ਅਨੁਸਾਰ, ਅਮਰੀਕਾ ਵਿੱਚ 44 ਫੀਸਦੀ ਅਤੇ ਕੈਨੇਡਾ ਵਿੱਚ 32 ਫੀਸਦੀ ਘੱਟ ਭਾਰਤੀ ਵਿਦਿਆਰਥੀ ਪਹੁੰਚੇ ਹਨ। ਇਸ ਦੀ ਬਜਾਏ ਜਰਮਨੀ, ਆਇਰਲੈਂਡ, ਦੁਬਈ, ਨਿਊਜ਼ੀਲੈਂਡ, ਸਾਈਪ੍ਰਸ ਅਤੇ ਯੂਕੇ ਵਰਗੇ ਦੇਸ਼ਾਂ ਵੱਲ ਵਿਦਿਆਰਥੀਆਂ ਦਾ ਰੁਝਾਣ ਵਧ ਰਿਹਾ ਹੈ। ਕਈ ਦੇਸ਼ ਇਸ ਮੌਕੇ ਦਾ ਫਾਇਦਾ ਉਠਾ ਰਹੇ ਹਨ ਅਤੇ ਆਪਣੇ ਵੀਜ਼ਾ ਨਿਯਮ ਢਿੱਲੇ ਕਰਕੇ ਭਾਰਤੀ ਯੁਵਾਵਾਂ ਨੂੰ ਬੁਲਾ ਰਹੇ ਹਨ। ਇਹ ਬਦਲਾਅ ਨਾ ਸਿਰਫ਼ ਵਿਦਿਆਰਥੀਆਂ ਦੇ ਭਵਿੱਖ ਨੂੰ ਪ੍ਰਭਾਵਿਤ ਕਰ ਰਿਹਾ ਹੈ, ਸਗੋਂ ਭਾਰਤੀ ਅਰਥਵਿਵਸਥਾ ਵਿੱਚ ਵੀ ਗਿਰਾਵਟ ਲਿਆ ਰਿਹਾ ਹੈ।






### ਵਿਦੇਸ਼ ਪੜ੍ਹਾਈ ਲਈ ਰੀਮਟੈਂਸ ਵਿੱਚ ਭਾਰੀ ਕਮੀ

ਹਾਲੀਆ ਰਿਪੋਰਟਾਂ ਅਨੁਸਾਰ, ਭਾਰਤੀ ਵਿਦਿਆਰਥੀ ਵਿਦੇਸ਼ ਪੜ੍ਹਾਈ ਲਈ ਭੇਜੇ ਜਾਣ ਵਾਲੇ ਪੈਸਿਆਂ ਵਿੱਚ ਪਿਛਲੇ ਪੰਜ ਸਾਲਾਂ ਦੀ ਸਭ ਤੋਂ ਵੱਡੀ ਗਿਰਾਵਟ ਆਈ ਹੈ। ਇਸ ਸਾਲ ਜੂਨ ਵਿੱਚ ਸਿਰਫ਼ 14 ਕਰੋੜ ਡਾਲਰ ਭੇਜੇ ਗਏ, ਜਦਕਿ ਸਤੰਬਰ 2021 ਵਿੱਚ ਇਹ ਅੰਕੜਾ 72 ਕਰੋੜ ਡਾਲਰ ਸੀ। ਇਹ ਗਿਰਾਵਟ ਅਮਰੀਕਾ ਅਤੇ ਕੈਨੇਡਾ ਵਿੱਚ ਸਭ ਤੋਂ ਵੱਧ ਦਿਖਾਈ ਦੇ ਰਹੀ ਹੈ। ਅਮਰੀਕਾ ਵਿੱਚ ਸਿੱਖਿਆ ਨਾਲ ਜੁੜੇ ਫੰਡ ਟਰਾਂਸਫਰ ਵਿੱਚ 30 ਫੀਸਦੀ ਦੀ ਕਮੀ ਆ ਗਈ ਹੈ। ਪਿਛਲੇ ਸਾਲ ਦੀ ਤੁਲਨਾ ਵਿੱਚ ਇਸ ਵਰ੍ਹੇ 44 ਫੀਸਦੀ ਘੱਟ ਭਾਰਤੀ ਵਿਦਿਆਰਥੀ ਅਮਰੀਕਾ ਗਏ ਹਨ, ਜੋ ਕੋਵਿਡ ਮਹਾਮਾਰੀ ਤੋਂ ਬਾਅਦ ਸਭ ਤੋਂ ਘੱਟ ਹੈ। ਇਸੇ ਤਰ੍ਹਾਂ, ਆਸਟ੍ਰੇਲੀਆ ਵਿੱਚ ਵੀ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਮੀ ਆਈ ਹੈ।

ਵਿਦੇਸ਼ੀ ਸਿੱਖਿਆ ਮਾਹਿਰਾਂ ਅਨੁਸਾਰ, ਇਹ ਗਿਰਾਵਟ ਵੀਜ਼ਾ ਨਿਯਮਾਂ ਦੀ ਸਖਤੀ, ਖਰਚੇ ਵਧਣ ਅਤੇ ਨੌਕਰੀਆਂ ਦੇ ਘੱਟ ਮੌਕਿਆਂ ਕਾਰਨ ਹੈ। ਪੰਜਾਬ ਅਤੇ ਹਰਿਆਣਾ ਵਰਗੇ ਰਾਜਾਂ ਵਿੱਚ ਲੱਖਾਂ ਪਰਿਵਾਰ ਵਿਦੇਸ਼ ਪੜ੍ਹਾਈ ਨੂੰ ਨੌਕਰੀ ਅਤੇ ਵਸੇਬੇ ਦਾ ਰਾਹ ਮੰਨਦੇ ਸਨ, ਪਰ ਹੁਣ ਉਹ ਨਵੇਂ ਬਦਲ ਲੱਭ ਰਹੇ ਹਨ। ਬਰਨਾਲਾ ਦੇ ਸ਼ਿਵ ਸ਼ਕਤੀ ਟ੍ਰੇਡਮਾਰਟ ਵਰਗੀਆਂ ਕੰਪਨੀਆਂ, ਜੋ ਪਿਛਲੇ 15 ਸਾਲਾਂ ਤੋਂ ਵਿਦਿਆਰਥੀਆਂ ਨੂੰ ਵਿਦੇਸ਼ ਭੇਜ ਰਹੀਆਂ ਹਨ, ਦੇ ਨਿਰਦੇਸ਼ਕ ਅਰੁਣ ਕੁਮਾਰ ਕਹਿੰਦੇ ਹਨ, "ਪਹਿਲਾਂ ਅਮਰੀਕਾ-ਕੈਨੇਡਾ ਜਾਣ ਵਾਲੇ 80 ਫੀਸਦੀ ਵਿਦਿਆਰਥੀ ਸਨ, ਹੁਣ ਇਹ ਅੰਕੜਾ 20 ਫੀਸਦੀ ਤੱਕ ਘਟ ਗਿਆ ਹੈ। ਬਾਕੀ ਜਰਮਨੀ ਅਤੇ ਆਇਰਲੈਂਡ ਵੱਲ ਵਧ ਰਹੇ ਹਨ।"

### ਕੈਨੇਡਾ ਵਿੱਚ ਕਿਉਂ ਘਟੇ ਭਾਰਤੀ ਵਿਦਿਆਰਥੀ ?

ਕੈਨੇਡਾ, ਜੋ ਪਹਿਲਾਂ ਭਾਰਤੀ ਵਿਦਿਆਰਥੀਆਂ ਦੀ ਸਭ ਤੋਂ ਪਸੰਦੀਦਾ ਥਾਂ ਸੀ, ਹੁਣ ਪਹਿਲੀ ਪਸੰਦ ਨਹੀਂ ਰਿਹਾ। 2023 ਵਿੱਚ ਕੈਨੇਡਾ ਨੇ 2,78,045 ਸਟਡੀ ਪਰਮਿਟ ਜਾਰੀ ਕੀਤੇ ਸਨ, ਪਰ 2024 ਵਿੱਚ ਇਹ ਗਿਣਤੀ 1,88,465 ਰਹਿ ਗਈ - ਯਾਨੀ 32.3 ਫੀਸਦੀ ਘੱਟ। ਇਸ ਸਾਲ ਦੇ ਪਹਿਲਾਂ ਸੱਤ ਮਹੀਨਿਆਂ ਵਿੱਚ ਸਿਰਫ਼ 52765 ਪਰਮਿਟ ਜਾਰੀ ਹੋਏ, ਜੋ ਪਿਛਲੇ ਸਾਲ ਦੇ ਇਸੇ ਪੀਰੀਅਡ ਨਾਲੋਂ ਅਧੇ ਹਨ।

ਕੈਨੇਡਾ ਨੇ ਆਪਣੀ ਪਾਲਿਸੀ ਬਦਲ ਦਿੱਤੀ ਹੈ। ਪਹਿਲਾਂ ਗਿਣਤੀ 'ਤੇ ਜ਼ੋਰ ਸੀ, ਹੁਣ ਸਿਰਫ਼ ਯੋਗ ਅਤੇ ਕੁਸ਼ਲ ਵਿਦਿਆਰਥੀਆਂ ਨੂੰ ਬੁਲਾਇਆ ਜਾ ਰਿਹਾ ਹੈ। ਨਵੇਂ ਨਿਯਮਾਂ ਅਨੁਸਾਰ, ਵਿਦਿਆਰਥੀ ਦੀ ਪਿਛਲੀ ਪੜ੍ਹਾਈ ਕਰੀਅਰ ਨਾਲ ਜੁੜੀ ਹੋਣੀ ਚਾਹੀਦੀ ਹੈ। ਬੈਂਕ ਅਕਾਊਂਟ ਦੇ ਨਿਯਮ ਸਖ਼ਤ ਹੋ ਗਏ ਹਨ, ਅੰਗਰੇਜ਼ੀ ਪ੍ਰੋਫ਼ਿਸ਼ੀਐਂਸੀ ਟੈਸਟ ਵਿੱਚ ਵਧੀਆ ਅੰਕ ਜ਼ਰੂਰੀ ਹਨ ਅਤੇ ਖਰਚਾ ਦੁੱਗਣਾ ਹੋ ਗਿਆ ਹੈ। ਪਹਿਲਾਂ 10-12 ਲੱਖ ਰੁਪਏ ਵਿੱਚ ਪੜ੍ਹਾਈ ਹੋ ਜਾਂਦੀ ਸੀ, ਹੁਣ ਘੱਟੋ-ਘੱਟ 20-24 ਲੱਖ ਚਾਹੀਦੇ ਹਨ।

ਕੈਨੇਡਾ ਦੀ ਅਰਥਵਿਵਸਥਾ ਮੰਦੀ ਦਾ ਸ਼ਿਕਾਰ ਹੈ - ਅਪ੍ਰੈਲ 2025 ਵਿੱਚ ਮਹਿੰਗਾਈ 2.6 ਫੀਸਦੀ ਸੀ, ਜੋ 2026 ਵਿੱਚ 3.5ਫੀਸਦੀ ਤੱਕ ਪਹੁੰਚਣ ਸਕਦੀ ਹੈ। ਕੈਨੇਡਾ ਵਿਚ ਬੇਰੁਜ਼ਗਾਰੀ ਵਧੀ, ਨੌਕਰੀਆਂ ਘੱਟ ਹੋਈਆਂ ਹਨ ਅਤੇ ਪੋਸਟ-ਸਟਡੀ ਵੀਜ਼ਾ ਵੀ ਕੱਟੇ ਗਏ ਹਨ। ਪੰਜਾਬੀ ਪਰਿਵਾਰਾਂ ਵਿੱਚ ਪਹਿਲਾਂ ਕਿਹਾ ਜਾਂਦਾ ਸੀ, "ਬੱਚਾ ਪੜ੍ਹਨ ਜਾਵੇਗਾ ਤਾਂ ਦੋ ਪੈਸੇ ਵੀ ਕਮਾ ਲਵੇਗਾ," ਪਰ ਹੁਣ ਇਹ ਸੁਪਨਾ ਟੁੱਟ ਰਿਹਾ ਹੈ।

## ਅਮਰੀਕਾ ਵਿੱਚ ਟ੍ਰੰਪ ਦੀ ਪਾਲਿਸੀ ਨੇ ਵਧਾਈਆਂ ਮੁਸ਼ਕਲਾਂ

ਅਮਰੀਕਾ ਵਿੱਚ ਵੀ ਹਾਲਤ ਚੰਗੀ ਨਹੀਂ। ਇਸ ਸਾਲ ਅਗਸਤ ਵਿੱਚ 14,8 25 ਤੋਂ ਘਟਕੇ 41540 ਵੀਜ਼ਾ ਧਾਰਕ ਪਹੁੰਚੇ। ਡੋਨਾਲਡ ਟ੍ਰੰਪ ਦੀ 'ਅਮਰੀਕਾ ਫਰਸਟ' ਪਾਲਿਸੀ ਨੇ ਭਾਰਤੀਆਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਐੱਚ-ਵਨ ਬੀ ਵੀਜ਼ਾ ਫੀਸ ਵਧਾ ਦਿੱਤੀ ਗਈ, ਨੌਕਰੀਆਂ ਨੂੰ ਅਮਰੀਕੀ ਨਾਗਰਿਕਾਂ ਲਈ ਰਖਿਆ ਜਾ ਰਿਹਾ ਹੈ। ਸਟੈਨਫ਼ੋਰਡ ਵਰਗੀਆਂ ਯੂਨੀਵਰਸਿਟੀਆਂ 'ਚ ਭਾਰਤੀ ਵਿਦਿਆਰਥੀ ਘੱਟ ਨਜ਼ਰ ਆ ਰਹੇ ਹਨ। ਨਸਲਵਾਦ ਅਤੇ ਅਪਰਾਧ ਵਧੇ ਹਨ - ਇਸ ਸਾਲ 104 ਭਾਰਤੀਆਂ ਨੂੰ ਡਿਪੋਰਟ ਕੀਤਾ ਗਿਆ, ਜਿਨ੍ਹਾਂ ਦੀਆਂ ਤਸਵੀਰਾਂ ਹੱਥਕੜੀਆਂ ਅਤੇ ਜੰਜੀਰਾਂ ਵਿੱਚ ਵਾਇਰਲ ਹੋਈਆਂ।

### ਨਵੇਂ ਠਿਕਾਣੇ: ਜਰਮਨੀ, ਆਇਰਲੈਂਡ ਅਤੇ ਦੁਬਈ ਵੱਲ ਰੁਝਾਣ

ਇਸ ਅਨਿਸ਼ਚਿਤਤਾ ਵਿੱਚ ਵਿਦਿਆਰਥੀ ਨਵੇਂ ਦੇਸ਼ਾਂ ਵੱਲ ਵਧ ਰਹੇ ਹਨ। ਰੁਪਏ ਦੀ ਕਮਜ਼ੋਰੀ ਨਾਲ ਖਰਚਾ 20 ਫੀਸਦੀ ਵਧ ਗਿਆ।" ਯੂਕੇ ਨੇ ਡਿਪੈਂਡੈਂਟ ਵੀਜ਼ਾ ਰੋਕ ਦਿੱਤਾ ਹੈ, ਪਰ ਹੋਰ ਦੇਸ਼ ਫਾਇਦਾ ਉਠਾ ਰਹੇ ਹਨ।

ਜਰਮਨੀ: ਵਿਸ਼ਵ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਵਿੱਚ ਜ਼ਿਆਦਾਤਰ ਕਾਲਜਾਂ ਵਿੱਚ ਟਿਊਸ਼ਨ ਫੀਸ ਮੁਆਫ ਜਾਂ ਬਹੁਤ ਘੱਟ ਹੈ। ਕੁਸ਼ਲ ਮਜ਼ਦੂਰਾਂ ਦੀ ਕਮੀ ਕਾਰਨ ਪੜ੍ਹਾਈ ਬਾਅਦ ਨੌਕਰੀ ਮਿਲਣ ਦੇ ਚੰਗੇ ਮੌਕੇ ਹਨ। ਪੰਜ ਸਾਲ ਅਨੁਭਵ ਤੋਂ ਬਾਅਦ ਪੱਕੀ ਰੈਜ਼ੀਡੈਂਸੀ ਮਿਲ ਜਾਂਦੀ ਹੈ, ਜਿਸ ਨਾਲ ਸ਼ੈਂਗਨ ਖੇਤਰ ਵਿੱਚ ਕੰਮ ਦੇ ਰਾਹ ਖੁੱਲ੍ਹ ਜਾਂਦੇ ਹਨ। ਖਰਚਾ 8-10 ਲੱਖ ਰੁਪਏ ਹੈ। ਆਇਰਲੈਂਡ ਵਿਚ ਵੀਜ਼ਾ ਪ੍ਰਕਿਰਿਆ ਸੌਖੀ ਹੈ, ਫੀਸ 10-12 ਲੱਖ ਅਤੇ ਪੋਸਟ-ਸਟਡੀ ਵਰਕ ਵੀਜ਼ਾ 2 ਸਾਲਾਂ ਲਈ ਹੈ। ਟੈਕ ਅਤੇ ਫਾਇਨੈਂਸ ਸੈਕਟਰ ਵਿੱਚ ਨੌਕਰੀਆਂ ਭਰਪੂਰ ਹਨ।

ਦੁਬਈ (ਯੂਏਈ) ਵਿਚ ਫੀਸ 6-8 ਲੱਖ, ਵੀਜ਼ਾ ਤੇਜ਼ੀ ਨਾਲ ਮਿਲ ਜਾਂਦਾ ਹੈ। ਟੈਕਸ-ਫ੍ਰੀ ਆਮਦਨ ਅਤੇ ਗਲੋਬਲ ਹੱਬ ਹੋਣ ਕਾਰਨ ਨੌਕਰੀਆਂ ਮਿਲਣੀਆਂ ਆਸਾਨ ਹਨ। ਪੰਜਾਬੀ ਵਿਦਿਆਰਥੀਆਂ ਦਾ ਇਸ ਵੱਲ ਰੁਝਾਣ ਵਧ ਰਿਹਾ ਹੈ।

ਸਾਈਪ੍ਰਸ ਯੂਰਪ ਵਿੱਚ ਹੋਣ ਕਾਰਨ ਫੀਸ ਸਿਰਫ਼ 5-6ਲੱਖ ਹੈ। ਪੜ੍ਹਾਈ ਬਾਅਦ ਪੂਰੇ ਯੂਰਪੀਅਨ ਯੂਨੀਅਨ ਵਿੱਚ ਨੌਕਰੀ ਮਿਲ ਜਾਂਦੀ ਹੈ। ਨਿਊਜ਼ੀਲੈਂਡ ਵੀ ਸੌਖੇ ਨਿਯਮਾਂ ਨਾਲ ਆਕਰਸ਼ਿਤ ਕਰ ਰਿਹਾ ਹੈ।

### ਮਾਹਿਰਾਂ ਦੀ ਸਲਾਹ: ਧੋਖੇ ਤੋਂ ਬਚੋ, ਰਿਸਰਚ ਕਰੋ

ਹਾਲਾਂਕਿ ਨਵੇਂ ਵਿਕਲਪ ਚੰਗੇ ਹਨ, ਪਰ ਯੂਰਪ ਵਿੱਚ ਧੋਖਾਧੜੀ ਦੇ ਮਾਮਲੇ ਵਧੇ ਹਨ। ਇਸ ਲਈ ਪੂਰੀ ਖੋਜ ਕਰੋ, ਨਕਲੀ ਏਜੰਟਾਂ ਤੋਂ ਬਚੋ। ਆਫ਼ਿਸ਼ਲ ਵੈੱਬਸਾਈਟਾਂ ਤੋਂ ਜਾਂਚੋ। ਜਰਮਨੀ ਵਿੱਚ ਇੰਜੀਨੀਅਰਿੰਗ ਅਤੇ ਆਈਟੀ ਕੋਰਸ ਪ੍ਰਸਿੱਧ ਹਨ, ਜਦਕਿ ਦੁਬਈ ਵਿੱਚ ਬਿਜ਼ਨਸ ਅਤੇ ਹਸਪਤਾਲਿਟੀ।

ਅੰਤ ਵਿੱਚ, ਇਹ ਰੁਝਾਣ ਦੱਸਦਾ ਹੈ ਕਿ ਭਾਰਤੀ ਯੁਵਾ ਹੁਣ ਵਧੇਰੇ ਸਮਾਰਟ ਚੋਣ ਕਰ ਰਹੇ ਹਨ - ਘੱਟ ਖਰਚੇ, ਆਸਾਨ ਵੀਜ਼ਾ ਅਤੇ ਚੰਗੀਆਂ ਨੌਕਰੀਆਂ।

# ਭਈਏ ਨੇ ਆਪਣੀ ਨਾਬਾਲਿਗ ਧੀ ਨਾਲ ਕੀਤਾ ਬਲਾਤਕਾਰ

## ✪ ਕਈ ਵਾਰ ਕੀਤਾ ਜਿਣਸੀ ਸ਼ੋਸ਼ਣ, ਮਕਾਨ ਮਾਲਕ ਔਰਤ ਨੇ ਦਰਜ ਕਰਵਾਇਆ ਪਰਚਾ

ਲੁਧਿਆਣਾ-ਰਿਸ਼ਤਿਆਂ ਨੂੰ ਤਾਰ-ਤਾਰ ਕਰ ਦੇਣ ਵਾਲੇ ਇੱਕ ਹੋਰ ਸ਼ਰਮਨਾਕ ਵਾਰਦਾਤ ਵਿਚ ਇੱਕ ਬਾਪ ਨੇ ਹੀ ਆਪਣੀ ਨਾਬਾਲਿਗ ਧੀ ਨਾਲ ਬਲਾਤਕਾਰ ਅੰਜਾਮ ਦਿੱਤਾ। ਰਾਹੋਂ ਰੋਡ ਦੇ ਨਜ਼ਦੀਕ ਬਾਜੜਾ ਕਾਲੋਨੀ ਦੀ ਰਹਿਣ ਵਾਲੀ ਨਾਬਾਲਿਗ ਲੜਕੀ ਮੁਤਾਬਕ ਉਸ ਨਾਲ ਉਸ ਦੇ ਪਿਤਾ ਨੇ ਹੀ ਜਬਰੀ ਸਰੀਰਕ ਸਬੰਧ ਬਣਾਏ।



ਨਾਬਾਲਿਗਾ ਸ਼ਾਇਦ ਲੰਮਾ ਸਮਾਂ ਆਪਣੇ ਹੀ ਪਿਤਾ ਦੀ ਤਸ਼ੱਦਦ ਦਾ ਸ਼ਿਕਾਰ ਬਣਦੀ ਰਹਿੰਦੀ ਜੇ ਉਸ ਨੇ ਆਪਣੀ ਮਕਾਨ ਮਾਲਕਣ ਨੂੰ ਆਪਣੇ ਨਾਲ ਹੋ ਰਹੀ ਇਸ ਘਿਣਾਉਣੀ ਵਾਰਦਾਤ ਬਾਰੇ ਨਾ ਦੱਸਿਆ ਹੁੰਦਾ। ਮਕਾਨ ਮਾਲਕਣ ਨੂੰ ਪਤਾ ਲੱਗਾ ਤੇ ਇਹ ਘਿਨੌਣੀ ਵਾਰਦਾਤ ਥਾਣਾ ਮਿਹਰਬਾਨ ਪੁਲਿਸ ਦੇ ਧਿਆਨ ਵਿਚ ਲਿਆਂਦੀ ਗਈ। ਇਸ ਮਾਮਲੇ ਵਿਚ ਪੁਲਿਸ ਮੁਲਜ਼ਮ ਮੂਲ ਰੂਪ ਵਿਚ ਉੱਤਰ ਪ੍ਰਦੇਸ਼ ਹਰਦੋਈ ਦੇ ਰਹਿਣ ਵਾਲੇ ਰਾਮ ਚੰਦਰ ਖਿਲਾਫ ਸੰਗੀਨ ਦੋਸ਼ਾਂ ਅਧੀਨ ਪਰਚਾ ਦਰਜ ਕਰ ਕੇ ਗ੍ਰਿਫ਼ਤਾਰੀ ਲਈ ਉੱਦਮ ਸ਼ੁਰੂ ਕਰ ਦਿੱਤੇ ਹਨ।

ਸ਼ਿਕਾਇਤਕਰਤਾ ਮੁਤਾਬਕ ਉਨ੍ਹਾਂ ਦੇ ਘਰ ਵਿਚ ਕਿਰਾਏ ’ਤੇ ਰਹਿਣ ਵਾਲੇ ਪਰਿਵਾਰ ਦੀ ਕਰੀਬ 17 ਸਾਲ ਦੀ ਲੜਕੀ ਨੇ ਉਸ ਨੂੰ ਦੱਸਿਆ ਕੀ ਡੇਢ ਮਹੀਨੇ ਪਹਿਲਾਂ ਉਸ ਦਾ ਪਿਤਾ ਰਾਮ ਚੰਦਰ ਰਾਤ ਵੇਲੇ ਉਸ ਦੇ ਕਮਰੇ ਵਿਚ ਆਇਆ ਤੇ ਧਮਕਾ ਕੇ ਉਸ ਨਾਲ ਜ਼ਬਰਦਸਤੀ ਸਰੀਰਕ ਸਬੰਧ ਬਣਾਏ। ਮੂੰਹ ਬੰਦ ਰੱਖਣ ਦੀ ਧਮਕੀ ਦੇ ਕੇ ਮੁਲਜ਼ਮ ਉਸ ਨਾਲ ਇਹ ਤਸ਼ੱਦਤ ਕਰਦਾ ਰਿਹਾ।14 ਅਕਤੂਬਰ ਨੂੰ ਫੇਰ ਨਾਬਾਲਿਗਾ ਦੇ ਇਸ ਕਲਯੁਗੀ ਬਾਪ ਨੇ ਉਸ ਨੂੰ ਧਮਕਾ ਕੇ ਉਸ ਨਾਲ ਜ਼ਬਰਦਸਤੀ ਸਰੀਰਕ ਸਬੰਧ ਬਣਾਉਣ ਦੀ ਕੋਸ਼ਿਸ਼ ਕੀਤੀ।

ਪੀੜਤ ਨਾਬਾਲਿਗਾ ਨੇ ਆਪਣੇ ਉੱਪਰ ਹੋ ਰਹੀ ਇਸ ਤਸ਼ੱਦਦ ਬਾਰੇ ਮਕਾਨ ਮਾਲਕਣ ਨੂੰ ਦੱਸਿਆ ਤਾਂ ਉਨ੍ਹਾਂ ਤੁਰੰਤ ਇਹ ਮਾਮਲਾ ਥਾਣਾ ਮਿਹਰਬਾਨ ਪੁਲਿਸ ਦੇ ਧਿਆਨ ਵਿਚ ਲਿਆਂਦਾ।

ਸਹਾਇਕ ਥਾਣੇਦਾਰ ਸੁਰਜੀਤ ਸਿੰਘ ਮੁਤਾਬਕ ਮੁਲਜ਼ਮ ਖਿਲਾਫ ਪਾਕਸੋ ਐਕਟ ਸਣੇ ਹੋਰ ਸੰਗੀਨ ਦੋਸ਼ਾਂ ਤਹਿਤ ਪਰਚਾ ਦਰਜ ਕਰ ਕੇ ਗ੍ਰਿਫ਼ਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ।

# ਦੋਸਤੀ ਦੇ ਨਾਂ ’ਤੇ ਬਲਾਤਕਾਰ ਕੀਤਾ ਤੇ ਵੀਡੀਓ ਵਾਇਰਲ

✪ ਪਟਿਆਲਾ ਪੁਲਿਸ ਨੇ ਮੁਲਜ਼ਮ ਫੜਿਆ

ਪਟਿਆਲਾ-ਪਾਤੜਾਂ ਥਾਣਾ ਖੇਤਰ ਵਿੱਚ ਕਾਲਜ ਵਿਦਿਆਰਥਣ ਨਾਲ ਜਸਕਰਨ ਸਿੰਘ (ਕਕਰਾਲਾ ਭਾਈਕਾ ਵਾਸੀ) ਨੇ 2024 ਵਿੱਚ ਦੋਸਤੀ ਕੀਤੀ। ਜਨਵਰੀ 2025 ਵਿੱਚ ਹੋਟਲ ਲਿਜਾ ਕੇ ਜਬਰ ਜਨਾਹ ਕੀਤਾ ਤੇ ਵੀਡੀਓ-ਫੋਟੋ ਬਣਾਏ। ਧਮਕੀਆਂ ਦੇਕੇ ਮਈ ਵਿੱਚ ਵੀ ਜ਼ਬਰਦਸਤੀ ਕੀਤੀ, ਪੈਸੇ-ਗਹਿਣੇ ਚੋਰੀ ਕਰਵਾਉਣ ਤੇ ਭੱਜਣ ਦਾ ਦਬਾਅ ਦਿੱਤਾ। ਉਸ ਤੋਂ ਦੁਖੀ ਲੜਕੀ ਨੇ ਸੰਪਰਕ ਤੋੜ ਦਿਤਾ। 2 ਅਕਤੂਬਰ ਨੂੰ ਜਸਕਰਨ ਨੇ ਅਸ਼ਲੀਲ ਵੀਡੀਓ-ਫੋਟੋ ਔਨਲਾਈਨ ਵਾਇਰਲ ਕਰ ਦਿੱਤੇ। ਲੜਕੀ ਦੀ ਸ਼ਿਕਾਇਤ ’ਤੇ ਸਾਈਬਰ ਸੈੱਲ ਨੇ ਜਾਂਚ ਕੀਤੀ ਤੇ ਪਾਤੜਾਂ ਪੁਲਿਸ ਨੇ ਜਸਕਰਨ ਨੂੰ ਗ੍ਰਿਫਤਾਰ ਕਰ ਲਿਆ। ਮਾਮਲਾ ਦਰਜ ਹੋ ਗਿਆ। ਪੁਲਿਸ ਨੇ ਵੀਡੀਓ ਹਟਾਉਣ ਲਈ ਕਾਰਵਾਈ ਸ਼ੁਰੂ ਕਰ ਦਿਤੀ ਹੈ।

# ਅੰਮ੍ਰਿਤਸਰ ਏਅਰਪੋਰਟ ’ਤੇ ਦੁਬਈ ਤੋਂ ਆਏ ਯਾਤਰੀਆਂ ਤੋਂ ਸੋਨੇ ਦੇ ਗਹਿਣੇ ਬਰਾਮਦ

ਅੰਮ੍ਰਿਤਸਰ-ਡੀਆਰਆਈ ਅੰਮ੍ਰਿਤਸਰ ਖੇਤਰ ਦੀ ਟੀਮ ਨੇ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਦੋ ਯਾਤਰੀਆਂ ਤੋਂ ਸੋਨੇ ਦੇ ਗਹਿਣੇ ਬਰਾਮਦ ਕੀਤੇ। ਦੋਵੇਂ ਯਾਤਰੀ ਦੁਬਈ ਤੋਂ ਅੰਮ੍ਰਿਤਸਰ ਆਏ ਸਨ। ਇਨ੍ਹਾਂ ਨੇ ਆਪਣੀਆਂ ਪੈਂਟਾਂ ਦੀਆਂ ਜੇਬਾਂ ਵਿਚ ਵਿਦੇਸ਼ੀ ਮਿਲੇ-ਜੁਲੇ ਸੋਨੇ ਦੇ ਗਹਿਣੇ, ਗ਼ੈਰ ਕਾਨੂੰਨੀ ਢੰਗ ਨਾਲ ਲੁਕਾਏ ਹੋਏ ਸਨ। ਹਵਾਈ ਅੱਡੇ ’ਤੇ ਤਲਾਸ਼ੀ ਦੌਰਾਨ, ਦੋਵਾਂ ਦੇ ਕਬਜ਼ੇ ’ਚੋਂ 430.440 ਗ੍ਰਾਮ ਅਤੇ 396.440 ਗ੍ਰਾਮ ਦੇ ਸੋਨੇ ਦੇ ਗਹਿਣੇ ਬਰਾਮਦ ਹੋਏ। ਬਰਾਮਦ ਕੀਤੇ ਗਹਿਣਿਆਂ ਵਿਚ ਚੇਨ, ਕੜੇ, ਅੰਗੂਠੀਆਂ ਆਦਿ ਸ਼ਾਮਲ ਹਨ।

## ਪੰਜਾਬ ਪੁਲੀਸ ਵੱਲੋਂ 59 ਨਸ਼ਾ ਤਸਕਰ ਗ੍ਰਿਫ਼ਤਾਰ

ਚੰਡੀਗੜ੍ਹ ਪੁਲੀਸ ਨੇ ਨਸ਼ਾ ਤਸਕਰਾਂ ਵਿਰੁੱਧ ਬੀਤੇ ਦਿਨੀਂ 322 ਥਾਵਾਂ ’ਤੇ ਛਾਪੇ ਮਾਰੇ। ਇਸ ਦੌਰਾਨ ਪੁਲੀਸ ਨੇ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 717 ਗ੍ਰਾਮ ਹੈਰੋਇਨ, 557 ਗ੍ਰਾਮ ਅਫੀਮ, 320 ਨਸੀਲੀਆਂ ਗੋਲੀਆਂ/ਕੈਪਸੂਲ ਅਤੇ 44,680 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਦੇ ਨਾਮ ਹੀ ਪੁਲੀਸ ਨੇ 43 ਕੇਸ ਦਰਜ ਕਰਕੇ 59 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਦੇ ਨਾਲ ਹੀ ਪੁਲੀਸ ਨੇ 26 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਕੈਨੇਡਾ ਵਿਚ ਪੰਜਾਬੀਆਂ ਦੇ ਟਰੱਕ ਵਿਚੋਂ ਨਾਜਾਇਜ਼ ਹਥਿਆਰ ਤੇ ਨਸ਼ੇ ਬਰਾਮਦ

ਟੋਰਾਂਟੋ-ਬੀਤੇ 6 ਕੁ ਮਹੀਨਿਆਂ ਦੀ ਪੜਤਾਲ ਮਗਰੋਂ ਬੀਤੇ ਦਿਨੀਂ ਉਂਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵਲੋਂ ਬਰੈਂਪਟਨ ਵਾਸੀ ਕਵਲਬੀਰ ਸਿੰਘ (21) ਤੇ ਬਲਰਾਜ ਸਿੰਘ (31) ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੇ ਟਰੱਕ ਵਿਚੋਂ ਅਮਰੀਕਾ ਤੋਂ ਗੈਰ-ਕਾਨੂੰਨੀ ਤਰੀਕੇ ਨਾਲ ਲਿਆਂਦੇ ਗਏ 72 ਪਿਸਤੌਲ, ਹੋਰ ਅਸਲ੍ਹਾ ਤੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ। ਦੋਵਾਂ ਦੀ ਜ਼ਮਾਨਤ ਨਹੀਂ ਹੋਈ ਤੇ ਉਨ੍ਹਾਂ ਨੂੰ ਅਗਲੇ ਹ਼ਫ਼ਤੇ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।



# ਲੇਬਰ ਲਿਆਉਣ ਦਾ ਝਾਂਸਾ ਦੇਕੇ ਪ੍ਰਵਾਸੀ ਮਜ਼ਦੂਰ ਨੇ ਠੱਗੇ 45 ਹਜ਼ਾਰ

ਮੁੱਲਾਂਪੁਰ ਦਾਖਾ-ਪ੍ਰਵਾਸੀ ਮਜ਼ਦੂਰ ਸ਼ੰਕਰ ਨੇ ਜ਼ੰਗਪੁਰ ਰੋਡ ’ਤੇ ਟਾਇਲ ਫੈਕਟਰੀ ਮਾਲਕ ਨੂੰ ਲੇਬਰ ਲਿਆਉਣ ਦਾ ਝਾਂਸਾ ਦੇ ਕੇ ਠੱਗ ਲਿਆ। ਸ਼ੰਕਰ ਨੇ 20 ਮਜ਼ਦੂਰ ਲਿਆਉਣ ਦਾ ਵਾਅਦਾ ਕਰਕੇ 40 ਹਜ਼ਾਰ ਐਡਵਾਂਸ ਤੇ 5 ਹਜ਼ਾਰ ਚਾਹ-ਪਾਣੀ ਦੇ ਲਏ ਪਰ ਫਰਾਰ ਹੋ ਗਿਆ। ਫੈਕਟਰੀ ਮਾਲਕ ਅਜੇ ਵੀ ਉਸਦੀ ਰਾਹ ਵੇਖ ਰਿਹਾ ਹੈ। ਠੱਗੇ ਜਾਣ ਵਾਲੇ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਪ੍ਰਵਾਸੀ ਮਜ਼ਦੂਰਾਂ ’ਤੇ ਅੰਨ੍ਹਾ ਵਿਸ਼ਵਾਸ ਨਾ ਕਰੋ। ਲੇਬਰ ਲਗਾਉਣ ਵਾਲੇ ਦਾ ਆਧਾਰ ਕਾਰਡ ਲਓ ਤੇ ਪੁਲਿਸ ਵੈਰੀਫਿਕੇਸ਼ਨ ਕਰਵਾਓ। ਪੁਲਿਸ ਨੂੰ ਸ਼ਿਕਾਇਤ ਦਿੱਤੀ ਗਈ ਹੈ ਤੇ ਜਾਂਚ ਜਾਰੀ ਹੈ।

# ਗਾਜ਼ਾ ਵਿਚ 9 ਦਿਨਾਂ ਵਿੱਚ ਟੁੱਟਿਆ ਸ਼ਾਂਤੀ ਸਮਝੌਤਾ, ਨੇਤਨਯਾਹੂ ਹਮਾਸ ’ਤੇ ਹਮਲਾ ਕੀਤਾ

ਨਵੀਂ ਦਿੱਲੀ-ਗਾਜ਼ਾ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਵਿਚੋਲਗੀ ਨਾਲ 10 ਅਕਤੂਬਰ ਨੂੰ ਲਾਗੂ ਹੋਏ ਸ਼ਾਂਤੀ ਸਮਝੌਤੇ ਨੂੰ ਨੇਤਨਯਾਹੂ ਸਰਕਾਰ ਨੇ 9 ਦਿਨਾਂ ਵਿੱਚ ਹੀ ਤੋੜ ਦਿੱਤਾ। ਇਜ਼ਰਾਈਲੀ ਫੌਜ ਨੇ ਦੱਖਣੀ ਗਾਜ਼ਾ ਵਿੱਚ ਹਵਾਈ ਹਮਲੇ ਕੀਤੇ ਅਤੇ ਰਫਾਹ ਵਿਚ ਰਾਕੇਟ ਹਮਲਿਆਂ ਦੇ ਜਵਾਬ ਵਿੱਚ ਲੜਾਕੂ ਜਹਾਜ਼ ਤੇ ਟੈਂਕਾਂ ਨਾਲ ਕਾਰਵਾਈ ਕੀਤੀ। ਨੇਤਨਯਾਹੂ ਨੇ ਹਮਾਸ ’ਤੇ ਸਮਝੌਤਾ ਉਲੰਘਣ ਦਾ ਦੋਸ਼ ਲਗਾਇਆ ਤੇ ਫੌਜ ਨੂੰ ਅੱਤਵਾਦੀ ਟੀਚਿਆਂ ਵਿਰੁੱਧ ਸਖ਼ਤੀ ਦੇਣ ਦੇ ਨਿਰਦੇਸ਼ ਦਿੱਤੇ। ਹਮਾਸ ਨੇ ਇਨਕਾਰ ਕੀਤਾ ਅਤੇ ਕਿਹਾ ਕਿ ਇਜ਼ਰਾਈਲ ਝੂਠੇ ਬਹਾਨੇ ਘੜਕੇ ਯੁੱਧ ਮੁੜ ਸ਼ੁਰੂ ਕਰ ਰਿਹਾ ਹੈ। ਰਾਸ਼ਟਰੀ ਸੁਰੱਖਿਆ ਮੰਤਰੀ ਇਤਾਮਾਰ ਬੇਨ ਗਵੀਰ ਨੇ ਪੂਰੀ ਤਾਕਤ ਨਾਲ ਲੜਾਈ ਜਾਰੀ ਰੱਖਣ ਦੀ ਮੰਗ ਕੀਤੀ। ਇਹ ਦੋ ਸਾਲਾਂ ਤੋਂ ਚੱਲ ਰਹੀ ਲੜਾਈ ਨੂੰ ਨਵੀਂ ਤਰ੍ਹਾਂ ਭੜਕਾ ਸਕਦੀ ਹੈ।

# ਪੀਜੀ ਵਿੱਚ ਰਹਿਣ ਵਾਲੀ ਨਾਬਾਲਿਗ ਨਾਲ ਬਲਾਤਕਾਰ, ਗਰਭਵਤੀ ਹੋਣ ’ਤੇ ਐਫਆਈਆਰ

ਪਟਿਆਲਾ-ਪਟਿਆਲਾ ਪੀਜੀ ਵਿੱਚ ਰਹਿਣ ਵਾਲੀ ਨਾਬਾਲਿਗ ਲੜਕੀ ਨਾਲ ਅੰਕਿਤ ਉਰਫ਼ ਐਂਥਨੀ ਸਾਰੰਗ ਨੇ ਜਬਰ ਜਨਾਹ ਕੀਤਾ। ਲੜਕੀ ਦੁ ਪੁਲਿਸ ਨੂੰ ਦਿਤੀ ਸ਼ਿਕਾਇਤ ਅਨੁਸਾਰ ਨਵੰਬਰ 2024 ਵਿੱਚ ਜਾਣ-ਪਛਾਣ ਹੋਈ ਤੇ ਮਾਰਚ 2025 ਵਿੱਚ ਉਸ ਨੇ ਆਪਣੇ ਕਮਰੇ ਵਿੱਚ ਲੈ ਜਾ ਕੇ ਜ਼ਬਰਦਸਤੀ ਸਰੀਰਕ ਸੰਬੰਧ ਬਣਾਏ, ਫਿਰ ਲਗਾਤਾਰ ਉਸ ਨਾਲ ਅਜਿਹਾ ਕਰਦਾ ਰਿਹਾ। ਅਪ੍ਰੈਲ ਵਿੱਚ ਲੜਕੀ ਘਰ ਚਲੀ ਗਈ। 15 ਅਕਤੂਬਰ ਨੂੰ ਪੇਟ ਦਰਦ ’ਤੇ ਹਸਪਤਾਲ ਲੈ ਜਾਣ ’ਤੇ 7 ਮਹੀਨੇ ਦੀ ਗਰਭਵਤੀ ਹੋਣ ਦਾ ਪਤਾ ਲੱਗਾ।

ਪੰਚਕੂਲਾ ਪੁਲਿਸ ਨੇ ਜ਼ੀਰੋ ਐਫਆਈਆਰ ਦਰਜ ਕੀਤੀ ਤੇ ਮਾਮਲਾ ਪਟਿਆਲਾ ਸਦਰ ਥਾਣੇ ਨੂੰ ਸੌਂਪ ਦਿੱਤਾ। 17 ਅਕਤੂਬਰ ਨੂੰ ਐਫਆਈਆਰ ਹੋਈ। ਚੌਕੀ ਇੰਚਾਰਜ ਜੈਦੀਪ ਸ਼ਰਮਾ ਨੇ ਕਿਹਾ ਕਿ ਗ੍ਰਿਫਤਾਰੀ ਤੋਂ ਬਾਅਦ ਮਾਮਲਾ ਸਪੱਸ਼ਟ ਹੋ ਜਾਵੇਗਾ। ਲੜਕੀ ਦੇ ਪਰਿਵਾਰ ਨੇ ਜਲਦ ਇਨਸਾਫ਼ ਦੀ ਮੰਗ ਕੀਤੀ ਹੈ।

# ਖੇਮਕਰਨ ਵਿਚ ਵਿਆਹੁਤਾ ਸੋਨੇ ਦੇ ਗਹਿਣੇ ਤੇ ਨਕਦੀ ਲੈ ਪ੍ਰੇਮੀ ਨਾਲ ਫਰਾਰ

ਖੇਮਕਰਨ-ਪਿੰਡ ਦੂਹਲ ਕੋਹਨਾ ਵਾਸੀ ਵਿਆਹੁਤਾ ਬਲਜੀਤ ਕੌਰ ਨੇ ਆਪਣੇ ਸਹੁਰੇ ਘਰੋਂ ਚਾਰ ਤੋਲੇ ਸੋਨੇ ਦੇ ਗਹਿਣੇ ਤੇ 50 ਹਜ਼ਾਰ ਰੁਪਏ ਨਕਦੀ ਲੈ ਕੇ ਪ੍ਰੇਮੀ ਜਸਕਰਨ ਸਿੰਘ ਨਾਲ ਫਰਾਰ ਹੋ ਗਈ। ਉਸਦੇ ਸਹੁਰੇ ਸੁਖਬੀਰ ਸਿੰਘ ਨੇ ਪੁਲਿਸ ਨੂੰ ਸ਼ਿਕਾਇਤ ਦਿੱਤੀ ਕਿ ਜਸਕਰਨ ਤੇ ਉਸਦੀ ਮਾਂ ਗੁਰਮੀਤ ਕੌਰ ਨੇ ਬਲਜੀਤ ਨੂੰ ਗਹਿਣੇ-ਨਕਦੀ ਲੈਣ ਲਈ ਉਕਸਾਇਆ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਥਾਣਾ ਖੇਮਕਰਨ ਪੁਲਿਸ ਨੇ ਜਸਕਰਨ ਤੇ ਗੁਰਮੀਤ ਵਿਰੁੱਧ ਕੇਸ ਦਰਜ ਕਰ ਲਿਆ ਹੈ। ਜਾਂਚ ਅਧਿਕਾਰੀ ਏਐੱਸਆਈ ਕੰਵਲਜੀਤ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਕਾਰਵਾਈ ਜਾਰੀ ਹੈ।

# ਲੁਧਿਆਣਾ ’ਚ ਕਾਰੋਬਾਰੀ ਦੇ ਘਰ 15 ਰਾਊਂਡ ਫਾਇਰਿੰਗ

ਲੁਧਿਆਣਾ-ਸਵੇਰੇ ਰੀਅਲ ਅਸਟੇਟ ਕਾਰੋਬਾਰੀ ਨੰਦ ਲਾਲ (ਸਾਬਕਾ ਸੂਬੇਦਾਰ) ਦੇ ਘਰ ’ਤੇ ਮੋਟਰਸਾਈਕਲ ਸਵਾਰ ਬਦਮਾਸ਼ਾਂ ਨੇ 15 ਰਾਊਂਡ ਗੋਲੀਆਂ ਚਲਾਈਆਂ। ਬਾਲਕਨੀ ਦੇ ਸ਼ੀਸ਼ੇ ਟੁੱਟ ਗਏ ਤੇ ਪਰਚੀ ਮਿਲੀ ਜਿਸ ਵਿੱਚ ‘ਕੌਸ਼ਲ ਚੌਧਰੀ ਗਰੁੱਪ’ ਦਾ ਨਾਂ ਲੈ 5 ਕਰੋੜ ਫਿਰੌਤੀ ਮੰਗੀ ਗਈ। ਨੰਦ ਲਾਲ ਰਿਸ਼ਤੇਦਾਰ ਨਾਲ ਘਰੇ ਸਨ, ਪਰਿਵਾਰ ਦੀਵਾਲੀ ’ਤੇ ਰਾਜਸਥਾਨ ਗਿਆ ਹੋਇਆ। ਉਨ੍ਹਾਂ ਨੇ ਸਦਰ ਥਾਣਾ ਪੁਲਿਸ ਨੂੰ ਸ਼ਿਕਾਇਤ ਦਿੱਤੀ। ਪੁਲਿਸ ਨੇ ਇਲਾਕਾ ਨਾਕਾਬੰਦੀ ਕੀਤੀ ਤੇ ਸੀਸੀਟੀਵੀ ਫੁਟੇਜ ਖੰਘਾਲ ਰਹੀ ਹੈ। 15 ਖੋਲ ਅਤੇ 1 ਜ਼ਿੰਦਾ ਕਾਰਤੂਸ ਬਰਾਮਦ ਹੋਏ।

# ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸਤਿਕਾਰ ਪੰਥ ਤੋਂ ਵਿਛੜੇ ਗੁਰਧਾਮਾਂ ਦੇ ਦਰਸ਼ਨ-ਦੀਦਾਰ 16 ਫ਼ਰਵਰੀ ਤੋਂ 26 ਫ਼ਰਵਰੀ 2026 ਤੱਕ

## ✪ ਗੁਰਮਤ ਸੇਵਾ ਜੱਥਾ ਯੂ ਕੇ ਵੱਲੋਂ ਵਿਸ਼ੇਸ਼ ਯਾਤਰਾ ✪ ਹੋਟਲ ਸ਼ਾਨਦਾਰ - ਸਕਿਉਰਿਟੀ ਜਾਨਦਾਰ - ਆਲੀਸ਼ਾਨ ਟਰਾਂਸਪੋਰਟ

ਗੁਰਮਤਿ ਸੇਵਾ ਜੱਥਾ ਯੂ ਕੇ ਵੱਲੋਂ ਪਾਕਿਸਤਾਨ ਵਿਚਲੇ ਇਤਿਹਾਸਿਕ ਗੁਰਧਾਮਾਂ ਦੇ ਦਰਸ਼ਨ ਪਰਸਨ ਲਈ ਸ਼ਰਧਾ ਸਤਿਕਾਰ ਸਹਿਤ ਸੰਗਤੀ ਜਥਾ ਲਿਜਾਇਆ ਜਾ ਰਿਹਾ ਹੈ। ਇਸ ਜਥੇ ਦਾ ਮਕਸਦ ਸੰਗਤ ਦੇ ਸੰਗ, ਰੱਬੀ ਨਾਮ ਵਿੱਚ ਰੰਗ, ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਨਾ ਹੈ। ਇਸ ਯਾਤਰਾ ਦੌਰਾਨ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਪੱਟੀ ਸਾਹਿਬ, ਗੁਰਦੁਆਰਾ ਬਾਲ ਲੀਲ੍ਹਾ, ਗੁਰਦੁਆਰਾ ਤੰਬੂ ਸਾਹਿਬ, ਗੁਰਦੁਆਰਾ ਕਿਆਰਾ ਸਾਹਿਬ, ਗੁਰਦੁਆਰਾ ਮਾਲ ਜੀ ਸਾਹਿਬ, ਗੁਰਦੁਆਰਾ ਸੱਚਾ ਸੌਦਾ ਚੂਹੜਕਾਣਾ, ਗੁਰਦੁਆਰਾ ਰੋੜੀ ਸਾਹਿਬ ਐਮਨਾਬਾਦ, ਗੁਰਦੁਆਰਾ ਚੱਕੀ ਸਾਹਿਬ, ਭਾਈ ਲਾਲੋ ਜੀ ਦਾ ਘਰ ਅਤੇ ਇਤਿਹਾਸਿਕ ਖੂਹੀ, ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ, ਗੁਰਦੁਆਰਾ ਬੇਰ ਸਾਹਿਬ ਸਿਆਲਕੋਟ, ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਲਾਹੌਰ, ਸ਼ਹੀਦੀ ਅਸਥਾਨ ਸ੍ਰੀ ਗੁਰੂ ਅਰਜਨ ਦੇਵ ਜੀ, ਗੁਰਦੁਆਰਾ ਸ਼ਹੀਦ ਸਿੰਘ-ਸਿੰਘਣੀਆਂ ਲਾਹੌਰ, ਸ਼ਹੀਦੀ ਅਸਥਾਨ ਸ਼ਹੀਦ ਭਾਈ ਤਾਰੂ ਸਿੰਘ ਅਤੇ ਸ਼ਹੀਦ ਭਾਈ ਮਨੀ ਸਿੰਘ ਜੀ, ਗੁਰਦੁਆਰਾ ਜਨਮ ਅਸਥਾਨ ਬੇਬੇ ਨਾਨਕੀ ਜੀ, ਗੁਰਦੁਆਰਾ ਬੀਬੀ ਕੌਲਾ ਜੀ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਅਤੇ ਅਨੇਕਾਂ ਹੋਰ ਅਸਥਾਨਾਂ ਦੇ ਦਰਸ਼ਨ-ਦੀਦਾਰੇ ਕਰਵਾਏ ਜਾਣਗੇ।



ਰਣਜੀਤ ਸਿੰਘ ਰਾਣਾ

ਇਤਿਹਾਸਿਕ ਗੁਰਧਾਮਾਂ ਦੇ ਦਰਸ਼ਨ-ਦੀਦਾਰਿਆਂ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਦਾ ਸ਼ਾਹੀ ਕਿਲ੍ਹਾ, ਸਮਾਧ ਅਤੇ ਸਿੱਖ ਵਿਰਸੇ ਨੂੰ ਸੰਭਾਲਣ ਵਾਲਾ ਲਾਹੌਰ ਦਾ ਅਜਾਇਬ ਘਰ ਵੀ ਦਿਖਾਇਆ ਜਾਵੇਗਾ। ਸਿੱਖ ਇਤਿਹਾਸ ਨਾਲ ਜੁੜੇ ਲਾਹੌਰ ਸ਼ਹਿਰ ਦੀ ਸੈਰ ਕਰਵਾਈ ਜਾਵੇਗੀ । ਸਮੁੱਚੀ ਸੰਗਤ ਲਈ ਰਿਹਾਇਸ਼ ਅਤੇ ਭੋਜਨ ਦਾ ਸ਼ਾਨਦਾਰ ਪ੍ਰਬੰਧ ਅਤੇ ਲੁੜੀਂਦੀ ਡਾਕਟਰੀ ਸਹਾਇਤਾ ਦਾ ਇੰਤਜਾਮ ਹੋਵੇਗਾ। ਪਾਕਿਸਤਾਨ ਵਿੱਚ ਸਾਰੀ ਯਾਤਰਾ ਅਰਾਮਦਾਇਕ ਸੀਟਾਂ ਵਾਲੀਆਂ ਏਅਰ ਕੰਡੀਸ਼ਨ ਕੋਚਾਂ ਵਿੱਚ ਕੀਤੀ ਜਾਵੇਗੀ। ਸਕਿਉਰਿਟੀ ਦਾ ਪੂਰਾ ਇੰਤਜਾਮ ਹੋਵੇਗਾ।

ਹਰ ਗੁਰਸਿੱਖ ਮਾਈ-ਭਾਈ ਰੋਜ਼ਾਨਾ ਅਰਦਾਸ ਕਰਦਾ ਹੈ ਕਿ ਜਿਨ੍ਹਾਂ ਗੁਰਦੁਆਰਿਆਂ ਨੂੰ ਪੰਥ ਤੋਂ ਵਿਛੋੜਿਆ ਗਿਆ, ਤਿਨ੍ਹਾਂ ਦੇ ਖੁਲ੍ਹੇ ਦਰਸ਼ਨ-ਦੀਦਾਰੇ ਤੇ ਸੇਵਾ-ਸੰਭਾਲ ਦਾ ਦਾਨ ਆਪਣੇ ਪਿਆਰੇ ਖਾਲਸਾ ਜੀ ਨੂੰ ਬਖਸ਼ੋ। ਸਾਧ-ਸੰਗਤ ਜੀ, ਹੁਣ ਇਹ ਮੌਕਾ ਆਣ ਬਣਿਆ ਹੈ, ਆਪਾਂ ਲਾਹਾ ਲਈਏ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ। ਸ਼ਾਨਦਾਰ ਪ੍ਰਬੰਧ ਅਤੇ ਵਧੀਆ ਸਹੂਲਤਾਂ ਨੂੰ ਮੁੱਖ ਰੱਖਦੇ ਹੋਏ ਸੀਟਾਂ ਲਿਮਟਿਡ ਹੀ ਰੱਖੀਆਂ ਗਈਆਂ ਹਨ। ਸੋ ਪਹਿਲਾਂ ਆਉਣ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ। ਇਸ ਲਈ ਅੱਜ ਹੀ ਆਪਣੀ ਥਾਂ ਰਾਖਵੀਂ ਕਰ ਲਵੋ ਜੀ।

# ‘ਭਾਰਤ ਨੇ ਰੂਸ ਤੋਂ ਤੇਲ ਖਰੀਦਣਾ ਜਾਰੀ ਰੱਖਿਆ ਤਾਂ ਲਗਾਵਾਂਗੇ ਭਾਰੀ ਟੈਰਿਫ’

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਭਾਰਤ ਨੂੰ ਰੂਸੀ ਤੇਲ ਦੀ ਖਰੀਦ ਸੀਮਤ ਨਾ ਕਰਨ ਤੇ ਭਾਰੀ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਵਿਅਕਤੀਗਤ ਤੌਰ ਤੋਂ ਭਰੋਸਾ ਦਿੱਤਾ ਹੈ ਕਿ ਉਹ ਰੂਸ ਤੋਂ ਤੇਲ ਨਹੀਂ ਖਰੀਦਣਗੇ। ਟਰੰਪ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੈਨੂੰ ਕਿਹਾ ਕਿ ਭਾਰਤ ਰੂਸ ਤੋਂ ਤੇਲ ਨਹੀਂ ਖਰੀਦੇਗਾ ਪਰ ਜੇਕਰ ਉਹ ਅਜਿਹਾ ਕਰਦੇ ਰਹੇ ਤਾਂ ਉਨ੍ਹਾਂ ਨੂੰ ਭਾਰੀ ਟੈਰਿਫ ਚੁਕਾਉਣਾ ਪਵੇਗਾ। ਜਦੋਂ ਟਰੰਪ ਤੋਂ ਭਾਰਤ ਸਰਕਾਰ ਦੇ ਇਸ ਜਵਾਬ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਤੇ ਤੇ ਪ੍ਰਧਾਨ ਮੰਤਰੀ ਮੋਦੀ ਦੇ ਵਿਚ ਹੁਣੇ ਜਿਹੇ ਹੋਈ ਕਿਸੇ ਗੱਲਬਾਤ ਦੀ ਜਾਣਕਾਰੀ ਨਹੀਂ ਹੈ ਤਾਂ ਟਰੰਪ ਨੇ ਜਵਾਬ ਦਿੱਤਾ ਜੇਕਰ ਉਹ ਅਜਿਹਾ ਕਹਿਣਾ ਚਾਹੁੰਦੇ ਹਨ ਤਾਂ ਉਹ ਭਾਰੀ ਟੈਰਿਫ ਦੇਣਾ ਜਾਰੀ ਰੱਖਣਗੇ ਤੇ ਉਹ ਅਜਿਹਾ ਨਹੀਂ ਕਰਨਾ ਚਾਹੁੰਦੇ। ਇਹ ਬਿਆਨ ਬੁੱਧਵਾਰ ਨੂੰ ਓਵਲ ਆਫਿਸ ਵਿਚ ਟਰੰਪ ਦੀ ਉਸ ਐਲਾਨ ਦੇ ਬਾਅਦ ਆਇਆ ਹੈ ਜਿਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਮੋਦੀ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਹੈ ਕਿ ਭਾਰਤ ਰੂਸ ਤੋਂ ਤੇਲ ਖਰੀਦਣਾ ਬੰਦ ਕਰ ਦੇਵੇਗਾ। ਟਰੰਪ ਨੇ ਕਿਹਾ ਕਿ ਭਾਰਤ ਨੂੰ ਲਗਭਗ ਇਕ–ਤਿਹਾਈ ਤੇਲ ਰੂਸ ਤੋਂ ਮਿਲਦਾ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਇਸ ਖਰੀਦ ਨੂੰ ਯੂਕਰੇਨ ਵਿਚ ਯੁੱਧ ਲਈ ਮਾਸਕੋ ਦੀ ਆਰਥਿਕ ਮਦਦ ਵਜੋਂ ਦੇਖਦਾ ਹੈ।


ਨਵੇਂ ਸਾਲ ਦੇ ਖ਼ੂਬਸੂਰਤ ਕੈਲੰਡਰਾਂ ਦੀ ਤਿਆਰੀ

TO BUY OR PRINT YOUR OWN NEW YEAR'S CALANDERS

PLEASE CONTACT US ON: 07966 388 388

ਨਵੇਂ ਸਾਲ 2026 ਦੇ ਕੈਲੰਡਰਾਂ ਲਈ ਆਰਡਰ ਲਏ ਜਾ ਰਹੇ ਹਨ

ਨਵੇਂ ਸਾਲ ਦੇ ਕੈਲੰਡਰਾਂ ਵਾਸਤੇ ਆਰਡਰ ਦੇਣ ਲਈ ਉੱਪਰ ਦਿੱਤੇ ਨੰਬਰ ‘ਤੇ ਸੰਪਰਕ ਕਰੋ ਜੀ

ਪੰਜਾਬ ਟਾਈਮਜ਼ ਵੱਲੋਂ ਨਵੇਂ ਸਾਲ 2026 ਦੇ ਬਹੁਤ ਸੋਹਣੇ ਕੈਲੰਡਰ ਬਣਾਏ ਜਾ ਰਹੇ ਹਨ। ਵਪਾਰਕ ਅਦਾਰਿਆਂ ਲਈ ਆਪਣੇ ਕਾਰੋਬਾਰ ਨੂੰ ਵਧਾਉਣ ਦਾ ਇਹ ਬਹੁਤ ਵਧੀਆ ਮੌਕਾ ਹੁੰਦਾ ਹੈ। ਕੈਲੰਡਰ ਹਰ ਘਰ ਵਿਚ ਸਾਰਾ ਸਾਲ ਲੱਗਾ ਰਹਿੰਦਾ ਹੈ, ਜਿਸ ਨਾਲ ਸਬੰਧਿਤ ਸੰਸਥਾ ਜਾਂ ਕੰਪਨੀ ਨਾਲ ਲੋਕਾਂ ਦਾ ਰਾਬਤਾ ਬਣਿਆ ਰਹਿੰਦਾ ਹੈ। ਤੁਸੀਂ ਆਪਣੇ ਕੈਲੰਡਰ ਛਪਵਾ ਕੇ ਕਾਰੋਬਾਰ ਵਿਚ ਚੋਖਾ ਵਾਧਾ ਕਰ ਸਕਦੇ ਹੋ। ਸੋ ਦੇਰ ਨਾ ਕਰੋ, ਜਿਹੜਾ ਕੈਲੰਡਰ ਪਹਿਲਾਂ ਮਿਲ ਜਾਵੇ ਲੋਕ ਉਹੀ ਘਰ ਵਿੱਚ ਲਗਾ ਲੈਂਦੇ ਹਨ, ਫਿਰ ਦੇਰ ਨਾਲ ਮਿਲਣ ਵਾਲੇ ਕੈਲੰਡਰਾਂ ਵੱਲ ਕੋਈ ਧਿਆਨ ਨਹੀਂ ਦਿੰਦਾ।

ਵਿਸ਼ੇਸ਼ ਨੋਟ :- ਤੁਸੀਂ ਆਪਣੀ ਸੰਸਥਾ, ਕੰਪਨੀ ਨਾਲ ਸਬੰਧਿਤ ਜਾਂ ਕੋਈ ਪਰਿਵਾਰਕ ਫੋਟੋ ਜਾਂ ਹੋਰ ਕੋਈ ਵੀ ਆਪਣੀ ਮਨਪਸੰਦ ਫੋਟੋ ਆਪਣੇ ਕੈਲੰਡਰ ਉੱਤੇ ਛਪਵਾ ਸਕਦੇ ਹੋ।

* ਗੁਰੂ ਘਰਾਂ ਦੇ ਸਾਲਾਨਾ ਕੈਲੰਡਰ ਛਾਪਣ ਲਈ ਵਿਸ਼ੇਸ਼ ਰਿਆਇਤੀ ਦਰਾਂ ਹਨ, ਜਾਨਣ ਲਈ ਫ਼ੋਨ ਕਰੋ;

What's App Contact: 07966 388 388




Specialist in Full Colour and all other Commercial Printing.

ਅਸੀਂ ਹਰ ਤਰ੍ਹਾਂ ਦੇ ਵੱਖ-ਵੱਖ ਸਾਈਜ਼ਾਂ ‘ਚ ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਬਹੁਤ ਹੀ ਸਸਤੇ ਭਾਅ ‘ਤੇ ਛਾਪਦੇ ਹਾਂ।

CALL NOW AND SPEAK TO MANINDER SINGH OR HARJINDER SINGH MANDER ON: 01332-372851

# ਫਿਲੌਰ ਵਿਚ ਸਾਬਕਾ ਐਸ.ਐਚ.ਓ. ਵਿਰੁੱਧ ਬੀਬੀਆਂ ਨਾਲ ਅਸ਼ਲੀਲ ਗੱਲਾਂ ਦੇ ਲਗੇ ਦੋਸ਼

## ✪ ਪੰਜਾਬ ਵਿਮੈਨ ਕਮਿਸ਼ਨ ਨੇ ਲਿਆ ਸਵੈ ਨੋਟਿਸ, ਭੂਸ਼ਣ ਕੁਮਾਰ ਮੁਅੱਤਲ ✪ ਪਾਕਿ ਗੈਂਗਸਟਰ ਸ਼ਹਿਜ਼ਾਦ ਭੱਟੀ ਦੀ ਧਮਕੀ ਮਾਮਲੇ ਵਿਚ ਨਵਾਂ ਮੋੜ ✪ ਸੋਸ਼ਲ ਮੀਡੀਆ ’ਤੇ ਵਾਇਰਲ ਆਡੀਓ ਨੇ ਪੁਲਿਸ ਵਿਭਾਗ ਦਾ ਅਕਸ ਕੀਤਾ ਖਰਾਬ



ਫਿਲੌਰ-ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਫਿਲੌਰ ਸ਼ਹਿਰ ਵਿੱਚ ਪੁਲਿਸ ਵਿਭਾਗ ਨੂੰ ਹੈਰਾਨ ਕਰਨ ਵਾਲਾ ਇੱਕ ਭ੍ਰਿਸ਼ਟਾਚਾਰ ਅਤੇ ਅਸ਼ਲੀਲ ਵਿਵਹਾਰ ਦਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਪਿਛਲੇ ਕੁਝ ਦਿਨਾਂ ਦੌਰਾਨ ਫਿਲੌਰ ਥਾਣੇ ਦੇ ਸਾਬਕਾ ਸਟੇਸ਼ਨ ਹਾਊਸ ਅਫਸਰ (ਐਸ.ਐਚ.ਓ.) ਸਬ-ਇੰਸਪੈਕਟਰ ਭੂਸ਼ਣ ਕੁਮਾਰ ਵਿਰੁੱਧ ਗੰਭੀਰ ਇਲਜ਼ਾਮ ਲੱਗੇ ਹਨ। ਉਹਨਾਂ ਵੱਲੋਂ ਸਰਕਾਰੀ ਨੰਬਰ ਤੋਂ ਵੱਖ-ਵੱਖ ਔਰਤਾਂ ਨੂੰ ਅਸ਼ਲੀਲ ਗੱਲਾਂ ਕਰਕੇ ਇਕੱਲੇ ਮਿਲਣ ਲਈ ਬੁਲਾਉਣ ਦੇ ਆਡੀਓ ਕਲਿੱਪਾਂ ਸੋਸ਼ਲ ਮੀਡੀਆ ਤੇ ਵਾਇਰਲ ਹੋਣ ਤੋਂ ਬਾਅਦ ਪੁਲਿਸ ਨੇ ਉਹਨਾਂ ਵਿਰੁੱਧ ਮੁਕੱਦਮਾ ਦਰਜ ਕਰ ਲਿਆ ਹੈ। ਇਸੇ ਮਾਮਲੇ ਵਿੱਚ ਪਾਕਿਸਤਾਨੀ ਗੈਂਗਸਟਰ ਸ਼ਹਿਜ਼ਾਦ ਭੱਟੀ ਦੀ ਐਂਟਰੀ ਵੀ ਹੋ ਗਈ ਹੈ, ਜਿਸ ਨੇ ਐਸ.ਐਚ.ਓ. ਨੂੰ ਧਮਕੀ ਦੇਣ ਦੇ ਇਲਜ਼ਾਮਾਂ ਨੂੰ ਇਨਕਾਰ ਕਰਦੇ ਹੋਏ ਇੱਕ ਨਵਾਂ ਆਡੀਓ ਰਿਲੀਜ਼ ਕੀਤਾ ਹੈ। ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਵੀ ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਸਵੈ ਨੋਟਿਸ ਲਿਆ ਸੀ।

ਡੀ.ਐਸ.ਪੀ. ਫਿਲੌਰ ਸਰਵਣ ਸਿੰਘ ਬੱਲ ਨੇ ਇੱਥੇ ਆਪਣੇ ਦਫਤਰ ਵਿਖੇ ਪ੍ਰੈੱਸ ਕਾਨਫਰੰਸ ਕਰਕੇ ਪੂਰਾ ਮਾਮਲਾ ਖੋਲ੍ਹਿਆ। ਉਹਨਾਂ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ ਤੇ ਦੋ ਵੱਖ-ਵੱਖ ਆਡੀਓ ਰਿਕਾਰਡਿੰਗਾਂ ਵਾਇਰਲ ਹੋ ਰਹੀਆਂ ਸਨ, ਜਿਨ੍ਹਾਂ ਵਿੱਚ ਭੂਸ਼ਣ ਕੁਮਾਰ ਵੱਲੋਂ ਔਰਤਾਂ ਨਾਲ ਅਸ਼ਲੀਲ ਗੱਲਬਾਤ ਕੀਤੀ ਜਾ ਰਹੀ ਹੈ। ਇਹ ਫੋਨ ਕਾਲਾਂ ਸਰਕਾਰੀ ਨੰਬਰ ਤੋਂ ਕੀਤੀਆਂ ਗਈਆਂ ਸਨ ਅਤੇ ਉਹਨਾਂ ਵਿੱਚ ਔਰਤਾਂ ਨੂੰ ਥਾਣੇ ਵਿੱਚ ਇਕੱਲੇ ਬੁਲਾਉਣ ਦੀਆਂ ਕੋਸ਼ਿਸ਼ਾਂ ਵੀ ਸਾਫ਼ ਸੁਣਾਈ ਦਿੰਦੀਆਂ ਹਨ। ਡੀ.ਐਸ.ਪੀ. ਬੱਲ ਨੇ ਕਿਹਾ ਕਿ ਇਹ ਵਿਵਹਾਰ ਪੁਲਿਸ ਵਿਭਾਗ ਦੇ ਅਧਿਕਾਰੀ ਵਜੋਂ ਬਹੁਤ ਹੀ ਘਟੀਆ ਅਤੇ ਨਿੰਦਣਯੋਗ ਹੈ। ਇਸ ਨਾਲ ਨਾ ਸਿਰਫ਼ ਵਿਭਾਗ ਦਾ ਅਕਸ ਖਰਾਬ ਹੋਇਆ ਹੈ, ਸਗੋਂ ਔਰਤਾਂ ਵਿਰੁੱਧ ਅਪਰਾਧਾਂ ਵਿੱਚ ਵਧ ਰਹੀਆਂ ਘਟਨਾਵਾਂ ਨੂੰ ਵੀ ਉਜਾਗਰ ਕੀਤਾ ਹੈ। ਇਸੇ ਤਹਿਤ ਇੰਸਪੈਕਟਰ ਅਮਨ ਸੈਣੀ ਵੱਲੋਂ ਫਿਲੌਰ ਥਾਣੇ ਵਿੱਚ ਭੂਸ਼ਣ ਕੁਮਾਰ ਵਿਰੁੱਧ ਆਈ.ਪੀ.ਸੀ. ਦੀਆਂ ਕਲਾਊਜ਼ 354ਏ (ਔਰਤ ਨਾਲ ਅਸ਼ਲੀਲ ਵਿਵਹਾਰ), 506 (ਧਮਕੀ) ਅਤੇ ਹੋਰ ਸਬੰਧਤ ਧਾਰਾਵਾਂ ਹੇਠ ਮੁਕੱਦਮਾ ਨੰਬਰ ਤਹਿਤ ਦਰਜ ਕੀਤਾ ਗਿਆ ਹੈ। ਇਸ ਬਾਰੇ ਜਾਂਚ ਜਾਰੀ ਹੈ ਅਤੇ ਗਵਾਹਾਂ ਦੇ ਬਿਆਨ ਰਿਕਾਰਡ ਕੀਤੇ ਜਾ ਰਹੇ ਹਨ।

ਇਸ ਮਾਮਲੇ ਨੂੰ ਹੋਰ ਗੰਭੀਰ ਬਣਾਉਣ ਵਾਲੀ ਗੱਲ ਇਹ ਹੈ ਕਿ ਪਿਛਲੇ ਹਫਤੇ ਇੱਕ ਆਡੀਓ ਵਿੱਚ ਪਾਕਿਸਤਾਨ ਵੱਲੋਂ ਗੈਂਗਸਟਰ ਸ਼ਹਿਜ਼ਾਦ ਭੱਟੀ ਨੂੰ ਐਸ.ਐਚ.ਓ. ਭੂਸ਼ਣ ਕੁਮਾਰ ਨੂੰ ਧਮਕੀ ਦਿੰਦੇ ਸੁਣਿਆ ਗਿਆ ਸੀ। ਉਸ ਆਡੀਓ ਵਿੱਚ ਭੱਟੀ ਨੂੰ ਕਿਹਾ ਜਾਂਦਾ ਹੈ ਕਿ ਉਹ ਫਿਲੌਰ ਵਿੱਚ ਆਪਣੇ ਲੋਕਾਂ ਨਾਲ ਹੈ ਅਤੇ ਐਸ.ਐਚ.ਓ. ਨੂੰ ਸਿੱਧੀ ਧਮਕੀ ਦਿੱਤੀ ਗਈ ਸੀ। ਪਰ ਅੱਜ ਇੱਕ ਨਵੇਂ ਆਡੀਓ ਨੇ ਮਾਮਲੇ ਨੂੰ ਨਵਾਂ ਮੋੜ ਦਿੱਤਾ ਹੈ। ਇਸ ਵਿੱਚ ਭੱਟੀ ਦਾ ਦਾਅਵਾ ਹੈ ਕਿ ਉਹ ਭਾਰਤ ਵਿੱਚ ਕਿਸੇ ਨੂੰ ਵੀ ਧਮਕੀ ਨਹੀਂ ਦਿੰਦਾ ਅਤੇ ਨਾ ਹੀ ਉਹ ਭੂਸ਼ਣ ਕੁਮਾਰ ਨੂੰ ਜਾਣਦਾ ਹੈ। ਉਹ ਕਹਿੰਦਾ ਹੈ, “ਮੈਂ ਸ਼ਹਿਜ਼ਾਦ ਭੱਟੀ ਹਾਂ, ਪਰ ਜੇਕਰ ਮੈਂ ਕਿਸੇ ਨੂੰ ਧਮਕੀ ਦੇਵਾਂਗਾ ਤਾਂ ਆਪਣੇ ਨੰਬਰ ਤੋਂ ਕਰਾਂਗਾ ਅਤੇ ਜ਼ਿੰਮੇਵਾਰੀ ਵੀ ਲਵਾਂਗਾ। ਇਹ ਨਕਲੀ ਆਡੀਓ ਹੈ, ਮੇਰੇ ਤੇ ਦੋਸ਼ ਨਾ ਲਾਓ।” ਡੀ.ਐਸ.ਪੀ. ਬੱਲ ਨੇ ਇਸ ਬਾਰੇ ਪੁੱਛੇ ਜਾਣ ਤੇ ਕਿਹਾ ਕਿ ਸਾਈਬਰ ਸੈੱਲ ਦੀਆਂ ਟੀਮਾਂ ਨਵੇਂ ਆਡੀਓ ਦੀ ਜਾਂਚ ਕਰ ਰਹੀਆਂ ਹਨ। ਉਹਨਾਂ ਨੇ ਕਿਹਾ ਕਿ ਅਸਲੀ ਭੱਟੀ ਕੌਣ ਹੈ ਅਤੇ ਨਕਲੀ ਆਡੀਓ ਕੌਣ ਬਣਾ ਰਿਹਾ ਹੈ, ਇਸ ਦੀ ਪੂਰੀ ਪੜਚੋਲ ਕੀਤੀ ਜਾਵੇਗੀ ਅਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਭੱਟੀ, ਜੋ ਪਾਕਿਸਤਾਨ ਵਿੱਚ ਰਹਿੰਦਾ ਹੈ ਅਤੇ ਅੰਤਰਰਾਸ਼ਟਰੀ ਅਪਰਾਧੀ ਗਤੀਵਿਧੀਆਂ ਵਿੱਚ ਸ਼ਾਮਲ ਹੈ, ਪਹਿਲਾਂ ਵੀ ਪੰਜਾਬ ਵਿੱਚ ਗ੍ਰੈਨੇਡ ਹਮਲੇ ਅਤੇ ਹੋਰ ਧਮਕੀਆਂ ਨਾਲ ਜੁੜਿਆ ਰਿਹਾ ਹੈ। ਇਹ ਮਾਮਲਾ ਹੁਣ ਅੰਤਰਰਾਸ਼ਟਰੀ ਪੱਧਰ ਤੇ ਵੀ ਧਿਆਨ ਖਿੱਚ ਰਿਹਾ ਹੈ।

ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਵੀ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲਿਆ ਹੈ। ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਵਾਇਰਲ ਆਡੀਓਜ਼ ਨੂੰ ਵੇਖਦੇ ਹੀ ਸਵੈ-ਨੋਟਿਸ ਲਿਆ ਸੀ ਅਤੇ ਐਸ.ਐਸ.ਪੀ. ਜਲੰਧਰ ਦੇਹਾਤੀ ਹਰਵਿੰਦਰ ਸਿੰਘ ਵਿਰਕ ਨੂੰ ਰਿਪੋਰਟ ਪੇਸ਼ ਕਰਨ ਲਈ ਨੋਟਿਸ ਜਾਰੀ ਕੀਤਾ ਸੀ। ਇਸ ਤੋਂ ਬਾਅਦ ਐਸ.ਐਸ.ਪੀ. ਵਿਰਕ ਨੇ ਤੁਰੰਤ ਕਾਰਵਾਈ ਕੀਤੀ ਅਤੇ ਭੂਸ਼ਣ ਕੁਮਾਰ ਨੂੰ ਲਾਈਨ ਹਾਜ਼ਰ ਕਰਕੇ ਮੁਅੱਤਲ (ਸਸਪੈਂਡ) ਕਰ ਦਿੱਤਾ। ਕਮਿਸ਼ਨ ਨੇ ਔਰਤਾਂ ਦੀ ਸੁਰੱਖਿਆ ਅਤੇ ਪੁਲਿਸ ਅਧਿਕਾਰੀਆਂ ਦੇ ਵਿਵਹਾਰ ਨੂੰ ਲੈ ਕੇ ਵਿਸ਼ੇਸ਼ ਜਾਂਚ ਲਈ ਵੀ ਕਿਹਾ ਹੈ। ਉਹਨਾਂ ਨੇ ਸਰਕਾਰ ਨੂੰ ਸੁਝਾਅ ਦਿੱਤਾ ਹੈ ਕਿ ਪੁਲਿਸ ਵਿੱਚ ਔਰਤਾਂ ਅਧਿਕਾਰੀਆਂ ਦੀ ਭਰਤੀ ਵਧਾਈ ਜਾਵੇ ਅਤੇ ਅਜਿਹੇ ਅਪਰਾਧਾਂ ਲਈ ਸਖ਼ਤ ਸਜ਼ਾ ਦਾ ਪ੍ਰੋਵੀਜ਼ਨ ਕੀਤਾ ਜਾਵੇ।

ਪੀੜਤ ਔਰਤਾਂ ਨੇ ਵੀ ਆਪਣੇ ਬਿਆਨਾਂ ਵਿੱਚ ਡਰ ਅਤੇ ਨਿਰਾਸ਼ਾ ਜ਼ਾਹਰ ਕੀਤੀ ਹੈ। ਇੱਕ ਪੀੜਤ ਨੇ ਦੱਸਿਆ ਕਿ ਉਹਨਾਂ ਨੂੰ ਥਾਣੇ ਵਿੱਚ ਇਕੱਲੇ ਬੁਲਾਇਆ ਗਿਆ ਸੀ ਅਤੇ ਅਸ਼ਲੀਲ ਗੱਲਾਂ ਕੀਤੀਆਂ ਗਈਆਂ। ਉਹ ਕਹਿੰਦੀ ਹੈ, “ਅਸੀਂ ਪੁਲਿਸ ਤੇ ਭਰੋਸਾ ਕਰਦੇ ਹਾਂ, ਪਰ ਜਦੋਂ ਅਧਿਕਾਰੀ ਹੀ ਅਜਿਹਾ ਵਿਵਹਾਰ ਕਰੇ ਤਾਂ ਕੌਣ ਸਾਡੀ ਰਾਖੀ ਕਰੇਗਾ?” ਦੂਜੀ ਪੀੜਤ ਨੇ ਵੀ ਇਸੇ ਤਰ੍ਹਾਂ ਦੇ ਤਜਰਬੇ ਸਾਂਝੇ ਕੀਤੇ ਹਨ। ਇਹ ਮਾਮਲਾ ਨਾ ਸਿਰਫ਼ ਫਿਲੌਰ ਬਲਕਿ ਪੂਰੇ ਪੰਜਾਬ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ। ਸਮਾਜਿਕ ਸੰਸਥਾਵਾਂ ਨੇ ਵੀ ਸਰਕਾਰ ਤੋਂ ਸਖਤ ਕਾਰਵਾਈ ਦੀ ਮੰਗ ਕੀਤੀ ਹੈ।

ਇਸ ਮਾਮਲੇ ਨਾਲ ਪੰਜਾਬ ਵਿੱਚ ਔਰਤਾਂ ਦੀ ਸੁਰੱਖਿਆ ਅਤੇ ਪੁਲਿਸ ਜ਼ਿੰਮੇਵਾਰੀਆਂ ਬਾਰੇ ਵੱਡੀ ਚਰਚਾ ਸ਼ੁਰੂ ਹੋ ਗਈ ਹੈ। ਭਵਿੱਖ ਵਿੱਚ ਅਜਿਹੇ ਵਾਕਿਆਂ ਨੂੰ ਰੋਕਣ ਲਈ ਸਖ਼ਤ ਕਾਰਵਾਈ ਦੀ ਲੋੜ ਹੈ।

# ਆਈਐੱਸਆਈ ਦੀ ਵੱਡੇ ਖਾੜਕੂ ਹਮਲੇ ਦੀ ਯੋਜਨਾ ਦਾ ਪਰਦਾਫਾਸ਼

## ✪ ਅੰਮ੍ਰਿਤਸਰ ਵਿਚ ਤਿੰਨ ਗ੍ਰਨੇਡ, ਆਰਡੀਐਕਸ ਤੇ ਡੈਟੋਨੇਟਰ ਫੜੇ

ਅਜਨਾਲਾ-ਬੀਤੇ ਦਿਨੀਂ ਪੁਲਿਸ ਨੇ ਭਾਰਤ-ਪਾਕਿਸਤਾਨ ਸਰਹੱਦ ’ਤੇ ਸਥਿਤ ਅਜਨਾਲਾ ਖੇਤਰ ਵਿੱਚ ਤਿੰਨ ਹੈਂਡ ਗ੍ਰਨੇਡ, ਆਰਡੀਐਕਸ, ਡੈਟੋਨੇਟਰ ਅਤੇ ਤਾਰ ਬਰਾਮਦ ਕੀਤੇ। ਖਾੜਕੂਆਂ ਦਾ ਇਰਾਦਾ ਹੈਂਡ ਗ੍ਰਨੇਡ ਨਾਲ ਹਮਲਾ ਕਰਨਾ ਅਤੇ ਭਿਆਨਕ ਹਮਲੇ ਕਰਨ ਲਈ ਆਈਈਡੀ ਵੀ ਤਿਆਰ ਕਰਨਾ ਸੀ।

ਐਸਐਸਪੀ ਮਨਿੰਦਰ ਸਿੰਘ ਨੇ ਦੱਸਿਆ ਕਿ ਜਾਂਚ ਜਾਰੀ ਹੈ। ਆਰਡੀਐਕਸ ਅਤੇ ਹੈਂਡ ਗ੍ਰਨੇਡ ਦੀ ਇਸ ਖੇਪ ਨੂੰ ਲੈਣ ਆਏ ਲੋਕਾਂ ਦੀ ਭਾਲ ਜਾਰੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਖਾੜਕੂਆਂ ਦੀ ਪਛਾਣ ਕਰਕੇ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਜਾਣਕਾਰੀ



ਅਨੁਸਾਰ, ਅਜਨਾਲਾ ਪੁਲਿਸ ਸਟੇਸ਼ਨ ਦੇ ਇੰਚਾਰਜ ਹਰਚੰਦ ਸਿੰਘ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਪਿੰਡਾਂ ਵਿੱਚ ਜਾਗਰੂਕਤਾ ਕੈਂਪ ਲਗਾ ਰਹੇ ਸਨ। ਇਸ ਦੌਰਾਨ, ਜਦੋਂ ਪੁਲਿਸ ਟੀਮ ਟੇਡੀ ਪਿੰਡ ਪਹੁੰਚੀ, ਤਾਂ ਉਨ੍ਹਾਂ ਨੂੰ ਇੱਕ ਕਿਸਾਨ ਦੇ ਖੇਤ ਵਿੱਚ ਲੁਕਿਆ ਹੋਇਆ ਸ਼ੱਕੀ ਪਦਾਰਥ ਮਿਲਿਆ। ਜਦੋਂ ਪੁਲਿਸ ਨੇ ਘਟਨਾ ਸਥਾਨ ਦੀ ਤਲਾਸ਼ੀ ਲਈ, ਤਾਂ ਉਨ੍ਹਾਂ ਨੂੰ ਇੱਕ ਬੈਗ ਵਿੱਚ ਲੁਕਾਏ ਗਏ ਤਿੰਨ ਹੈਂਡ ਗ੍ਰਨੇਡ, ਆਰਡੀਐਕਸ, ਤਾਰ ਅਤੇ ਡੈਟੋਨੇਟਰ ਮਿਲੇ। ਖਾੜਕੂਆਂ ਨੇ ਆਰਡੀਐਕਸ ਦੀ ਵਰਤੋਂ ਆਈਈਡੀ ਬਣਾਉਣ ਅਤੇ ਦੀਵਾਲੀ ਦੌਰਾਨ ਇੱਕ ਵੱਡਾ ਹਿੰਸਕ ਹਮਲਾ ਕਰਨ ਲਈ ਕਰਨੀ ਸੀ। ਘਟਨਾ ਤੋਂ ਤੁਰੰਤ ਬਾਅਦ, ਬੰਬ ਨਿਰੋਧਕ ਦਸਤਾ ਮੌਕੇ ’ਤੇ ਪਹੁੰਚਿਆ ਅਤੇ ਗ੍ਰਨੇਡਾਂ ਅਤੇ ਆਰਡੀਐਕਸ ਦੀ ਸਮਰੱਥਾ ਦਾ ਮੁਲਾਂਕਣ ਕੀਤਾ। ਇਹ ਧਿਆਨ ਦੇਣ ਯੋਗ ਹੈ ਕਿ ਪਿਛਲੇ ਤਿੰਨ ਦਿਨਾਂ ਵਿੱਚ, ਆਈਐਸਆਈ ਦੁਆਰਾ ਭੇਜੀਆਂ ਗਈਆਂ ਤਿੰਨ ਏਕੇ 47 ਰਾਈਫਲਾਂ ਅਤੇ ਵੱਡੀ ਗਿਣਤੀ ਵਿੱਚ ਗਲੌਕ ਪਿਸਤੌਲ ਵੀ ਬਰਾਮਦ ਕੀਤੇ ਗਏ ਹਨ।

# ਸੁਲਤਾਨਪੁਰ ਲੋਧੀ ਵਿਖੇ ਨਸ਼ਾ ਤਸਕਰਾਂ ਦਾ ਪੰਚਾਇਤੀ ਜ਼ਮੀਨ ’ਤੇ ਘਰ ਢਾਹਿਆ

ਸੁਲਤਾਨਪੁਰ ਲੋਧੀ-ਪੰਜਾਬ ਸਰਕਾਰ ਦੀ ‘ਯੁੱਧ ਨਸ਼ੇ ਵਿਰੁੱਧ’ ਮੁਹਿੰਮ ਅਧੀਨ ਪਿੰਡ ਸੇਚਾਂ ਵਿਚ ਨਸ਼ਾ ਤਸਕਰ ਸਰਬਜੀਤ ਸਿੰਘ ਤੇ ਉਸ ਦੀ ਪਤਨੀ ਜਸਪਾਲ ਕੌਰ ਦੇ ਪੰਚਾਇਤੀ ਜ਼ਮੀਨ ’ਤੇ ਬਣੇ ਘਰ ’ਤੇ ਪੀਲਾ ਪੰਜਾ ਚਲਾਇਆ ਗਿਆ। ਦੋਵਾਂ ’ਤੇ ਨਸ਼ਿਆਂ ਸਬੰਧੀ 17 ਕੇਸ ਦਰਜ ਹਨ, ਜਿਨ੍ਹਾਂ ਵਿਚ ਸਰਬਜੀਤ ’ਤੇ 10 ਤੇ ਜਸਪਾਲ ’ਤੇ 7 ਕੇਸ ਸ਼ਾਮਲ ਹਨ। ਉਨ੍ਹਾਂ ਨੇ 7 ਮਰਲੇ ਪੰਚਾਇਤੀ ਜ਼ਮੀਨ ’ਤੇ ਨਜਾਇਜ਼ ਕਬਜ਼ਾ ਕੀਤਾ ਸੀ। ਬੀਡੀਪੀਓ ਦੇ



ਹੁਕਮਾਂ ’ਤੇ ਪੁਲਿਸ ਨੇ ਕਾਰਵਾਈ ਕੀਤੀ। ਐਸਐਸਪੀ ਗੌਰਵ ਤੂਰਾ ਨੇ ਦੱਸਿਆ ਕਿ ਪੰਚਾਇਤ ਨੇ ਤਿੰਨ ਵਾਰ ਨੋਟਿਸ ਜਾਰੀ ਕੀਤੇ, ਪਰ ਕਬਜ਼ਾ ਨਾ ਛੱਡਿਆ। ਪੁਲਿਸ ਸੁਰੱਖਿਆ ਵਿਚ ਜ਼ਮੀਨ ਖਾਲੀ ਕਰਵਾਈ ਗਈ।

# ਬੱਚਿਆਂ ਵਿਰੁੱਧ ਅਪਰਾਧ ਤੇ ਬਾਲ ਤਸਕਰੀ: ਨੌਂ ਫ਼ੀਸਦੀ ਵਾਧੇ ਕਾਰਣ ਭਾਰਤ ਵਿਚ ਸੰਕਟ ਗੰਭੀਰ

**ਖਾਸ ਖਬਰ**

## ✪ ਲੜਕੀਆਂ ਹੋ ਰਹੀਆਂ ਅਗਵਾ ਅਤੇ ਹੋ ਰਿਹਾ ਜਿਨਸੀ ਸ਼ੋਸ਼ਣ, ਪੰਜਾਬ ਵਿਚ ਵੀ ਸਮੱਸਿਆ ਗੰਭੀਰ ✪ ਪੰਜਾਬ ਸਰਕਾਰ ਨੇ ਡੀਐੱਨਏ ਟੈਸਟ ਨਾਲ ਭਿਖਾਰੀਆਂ 'ਤੇ ਸ਼ਿਕੰਜਾ ਕਸਿਆ, ਪਰ ਕਾਨੂੰਨ ਕਿਉਂ ਨਹੀਂ ਬਣਾਇਆ ?

ਭਾਰਤ ਵਿੱਚ ਬੱਚਿਆਂ ਵਿਰੁੱਧ ਅਪਰਾਧ ਹਰ ਸਾਲ ਵਧਦੇ ਜਾ ਰਹੇ ਹਨ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨਸੀਆਰਬੀ) ਦੀ ਨਵੀਂ ਰਿਪੋਰਟ ਅਨੁਸਾਰ, 2023 ਵਿੱਚ ਬੱਚਿਆਂ ਵਿਰੁੱਧ ਕੁੱਲ 1,77,335 ਮਾਮਲੇ ਦਰਜ ਹੋਏ, ਜੋ 2022 ਦੇ 1,62,449 ਮਾਮਲਿਆਂ ਨਾਲੋਂ ਲਗਭਗ 9 ਫ਼ੀਸਦੀ ਵੱਧ ਹੈ। ਇਹਨਾਂ ਵਿੱਚੋਂ ਸਭ ਤੋਂ ਵੱਧ ਅਗਵਾ ਅਤੇ ਪਾਕਸੋ (ਪ੍ਰੋਟੈਕਸ਼ਨ ਆਫ਼ ਚਿਲਡ੍ਰਨ ਫਰਾਮ ਸੈਕਸ਼ੁਅਲ ਆਫੈਂਸਿਜ਼) ਐਕਟ ਹੇਠ ਹੋਏ ਅਪਰਾਧ ਹਨ। ਅਗਵਾ ਦੇ ਮਾਮਲੇ ਕੁੱਲ ਅਪਰਾਧਾਂ ਦਾ 45.05 ਫ਼ੀਸਦੀ ਹਿੱਸਾ ਬਣਦੇ ਹਨ, ਜਦਕਿ ਪਾਕਸੋ ਨਾਲ ਜੁੜੇ 67,694 ਮਾਮਲੇ 38.17 ਫ਼ੀਸਦੀ ਹਨ। ਇਹਨਾਂ ਵਿੱਚ ਲੜਕੀਆਂ ਨਾਲ ਹੋਏ ਅਪਰਾਧਾਂ ਦੀ ਗਿਣਤੀ ਵੱਧ ਹੈ। ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਵਰਗੇ ਰਾਜਾਂ ਵਿੱਚ ਇਹਨਾਂ ਅਪਰਾਧਾਂ ਦੀ ਦਰ ਸਭ ਤੋਂ ਵੱਧ ਹੈ, ਪਰ ਪੰਜਾਬ ਵੀ ਇਸ ਡੂੰਘੇ ਸੰਕਟ ਤੋਂ ਬਚ ਨਹੀਂ ਸਕਿਆ। ਉੱਤਰ-ਪੂਰਬੀ ਰਾਜਾਂ ਵਿੱਚ ਇਹਨਾਂ ਮਾਮਲਿਆਂ ਦੀ ਗਿਣਤੀ ਘੱਟ ਹੈ - ਮਣੀਪੁਰ ਵਿੱਚ ਸਿਰਫ਼ 85, ਨਾਗਾਲੈਂਡ ਵਿੱਚ 26 ਅਤੇ ਸਿਕਮ ਵਿੱਚ 139 - ਪਰ ਪੰਜਾਬ ਵਿੱਚ ਬੱਚਿਆਂ ਦੇ ਅਗਵਾ ਅਤੇ ਤਸਕਰੀ ਦੇ ਮਾਮਲੇ ਵਧ ਰਹੇ ਹਨ।

ਇਹਨਾਂ ਅਪਰਾਧਾਂ ਦੇ ਪਿੱਛੇ ਗਰੀਬੀ, ਬੇਰੁਜ਼ਗਾਰੀ, ਪਰਿਵਾਰਕ ਹਿੰਸਾ ਅਤੇ ਸਮਾਜਿਕ ਵਿਤਕਰੇ ਵਰਗੀਆਂ ਮੁੱਖ ਵਜ੍ਹਾ ਹਨ। ਐੱਨਸੀਆਰਬੀ ਰਿਪੋਰਟ ਅਨੁਸਾਰ, ਅਗਵਾ ਦੇ 82,106 ਮਾਮਲਿਆਂ ਵਿੱਚੋਂ ਜ਼ਿਆਦਾਤਰ ਨਾਬਾਲਿਗ ਲੜਕੀਆਂ ਨੂੰ ਜ਼ਬਰਦਸਤੀ ਵਿਆਹ ਲਈ ਅਗਵਾ ਕੀਤਾ ਗਿਆ, ਜਿਸ ਵਿੱਚ 16,737 ਲੜਕੀਆਂ ਸ਼ਾਮਲ ਹਨ।

ਨਾਲ ਹੀ, ਮਨੁੱਖੀ ਤਸਕਰੀ ਅਤੇ ਖਰੀਦ-ਫ਼ਰੋਖ਼ਤ ਦੇ 1,858 ਮਾਮਲੇ ਵੀ ਸਾਹਮਣੇ ਆਏ ਹਨ। ਬੱਚੇ ਲਾਪਤਾ ਹੋਣ ਤੋਂ ਬਾਅਦ ਪਹਿਲੇ 24 ਘੰਟਿਆਂ ਵਿੱਚ ਉਹਨਾਂ ਨੂੰ ਲੱਭਣ ਦੀ ਸੰਭਾਵਨਾ ਸਭ ਤੋਂ ਵੱਧ ਹੁੰਦੀ ਹੈ, ਨਹੀਂ ਤਾਂ ਉਹਨਾਂ ਨੂੰ ਜ਼ਬਰਦਸਤੀ ਭਿਖਾਰੀ ਬਣਾਇਆ ਜਾਂਦਾ ਹੈ, ਅਪਰਾਧੀ ਗਿਰੋਹਾਂ ਵਿੱਚ ਸ਼ਾਮਲ ਕੀਤਾ ਜਾਂ ਵੇਸ਼ਿਆਵ੍ਰਿਤੀ ਵਰਗੀਆਂ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਧੱਕਿਆ ਜਾਂਦਾ ਹੈ।



### ਪਾਕਸੋ ਐਕਟ ਹੇਠ ਵਧਦੇ ਮਾਮਲੇ: ਲੜਕੀਆਂ ਦਾ ਸੰਕਟ ਵਧ ਰਿਹਾ ਹੈ

ਪਾਕਸੋ ਐਕਟ ਹੇਠ 2022 ਵਿੱਚ 63,414 ਮਾਮਲੇ ਸਨ, ਜੋ 2023 ਵਿੱਚ ਵਧ ਕੇ 67,694 ਹੋ ਗਏ। ਇਹਨਾਂ ਵਿੱਚ 98 ਫ਼ੀਸਦੀ ਭੁਗਤਭੋਗੀ ਲੜਕੀਆਂ ਹਨ। 39,076 ਮਾਮਲਿਆਂ ਵਿੱਚ ਭੁਗਤਭੋਗੀ ਦੋਸ਼ੀਆਂ ਨੂੰ ਪਹਿਲਾਂ ਤੋਂ ਜਾਣਦੇ ਸਨ - 3,224 ਵਿੱਚ ਪਰਿਵਾਰਕ ਮੈਂਬਰ, 15,000 ਵਿੱਚ ਰਿਸ਼ਤੇਦਾਰ ਜਾਂ ਗਵਾਂਢੀ, ਅਤੇ 21,000 ਵਿੱਚ ਦੋਸਤ ਜਾਂ ਆਨਲਾਈਨ ਸੰਪਰਕ। ਸਿਰਫ਼ 1,358 ਮਾਮਲੇ ਅਗਿਆਤ ਦੋਸ਼ੀ ਨਾਲ ਜੁੜੇ ਹਨ। ਇਹ ਰੁਝਾਨ ਦਰਸਾਉਂਦਾ ਹੈ ਕਿ ਬੱਚਿਆਂ ਨੂੰ ਸੁਰੱਖਿਆ ਦੇ ਨਾਂ ਤੇ ਘਰ ਵਿੱਚ ਹੀ ਖ਼ਤਰਾ ਹੈ। ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਨੇ 2022 ਵਿੱਚ ਕਿਹਾ ਸੀ ਕਿ ਪਰਿਵਾਰਕ ਮੈਂਬਰ ਵੱਲੋਂ ਅਪਰਾਧ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ ਅਤੇ ਮਾਪਿਆਂ ਨੂੰ ਬੱਚਿਆਂ ਨੂੰ 'ਚੰਗਾ ਅਤੇ ਬੁਰਾ ਛੂਹਣ' ਸਮਝਾਉਣਾ ਚਾਹੀਦਾ ਹੈ।

### ਲੜਕੀਆਂ ਦੀ ਸਥਿਤੀ ਵਧੇਰੇ ਸੰਵੇਦਨਸ਼ੀਲ ਕਿਉਂ ਹੈ ?

ਮਾਹਿਰਾਂ ਅਨੁਸਾਰ, ਗਰੀਬੀ, ਬੇਰੁਜ਼ਗਾਰੀ ਅਤੇ ਘਰੇਲੂ ਹਿੰਸਾ ਕਾਰਣ ਪਰਿਵਾਰ ਅਸੁਰੱਖਿਤ ਹੋ ਜਾਂਦੇ ਹਨ। ਯੂਨੀਸੈਫ਼ ਦੀ ਰਿਪੋਰਟ ਅਨੁਸਾਰ, 20 ਸਾਲ ਤੋਂ ਘੱਟ ਉਮਰ ਦੀਆਂ ਘੱਟੋ-ਘੱਟ 12 ਕਰੋੜ ਲੜਕੀਆਂ ਦਾ ਯੌਨ ਸ਼ੋਸ਼ਣ ਹੁੰਦਾ ਹੈ, ਜਿਸ ਵਿੱਚ 90 ਫ਼ੀਸਦੀ ਮਾਮਲੇ ਜਾਣੂ ਵਿਅਕਤੀ ਨਾਲ ਜੁੜੇ ਹੁੰਦੇ ਹਨ - ਜਿਵੇਂ ਬਵਾਏ ਫਰੈਂਡ ਜਾਂ ਰਿਸ਼ਤੇਦਾਰ। ਕੋਵਿਡ ਮਹਾਮਾਰੀ ਤੋਂ ਬਾਅਦ ਡਿਜੀਟਲ ਵਰਤੋਂ ਵਧੀ ਹੈ, ਜਿਸ ਨਾਲ ਬੱਚਿਆਂ ਦਾ ਜੀਵਨ ਆਨਲਾਈਨ ਸ਼ਿਫਟ ਹੋ ਗਿਆ। ਮਾਹਿਰਾਂ ਦਾ ਕਹਿਣਾ ਹੈ ਕਿ "ਮਾਪੇ ਬੱਚਿਆਂ ਨੂੰ ਮੋਬਾਈਲ ਨਾਲ ਛੱਡ ਦਿੰਦੇ ਹਨ। ਬੱਚੇ ਆਨਲਾਈਨ ਦੋਸਤ ਲੱਭਦੇ ਹਨ ਅਤੇ ਉਹਨਾਂ ਨਾਲ ਜੁੜ ਜਾਂਦੇ ਹਨ। ਬਹੁਤੇ ਮਾਮਲੇ ਵਿੱਚ ਵਿਆਹ ਜਾਂ ਨੌਕਰੀ ਦੇ ਲਾਲਚ ਕਾਰਣ ਸ਼ੋਸ਼ਣ ਹੁੰਦਾ ਹੈ।"



### ਅਗਵਾ ਕੀਤੀਆਂ ਬੱਚੀਆਂ ਕਿੱਥੇ ਜਾਂਦੀਆਂ ਹਨ

ਅਗਵਾ ਕੀਤੀਆਂ ਬੱਚੀਆਂ ਅਕਸਰ ਤਸਕਰੀ ਨਾਲ ਜੁੜੀਆਂ ਹੁੰਦੀਆਂ ਹਨ। ਐੱਨਸੀਆਰਬੀ ਅਨੁਸਾਰ, 2023 ਵਿੱਚ 1,858 ਮਾਮਲੇ ਮਨੁੱਖੀ ਤਸਕਰੀ ਨਾਲ ਜੁੜੇ ਹਨ, ਜਿਸ ਵਿੱਚ ਲੜਕੀਆਂ ਨੂੰ ਵੇਸ਼ਿਆਵ੍ਰਿਤੀ ਧੰਦੇ ਵਲ ਧਕੇਲ ਦਿਤਾ ਜਾਂਦਾ ਹੈ ਜਾਂ ਭਿਖਾਰੀ ਬਣਾ ਦਿੱਤਾ ਜਾਂਦਾ ਹੈ। ਯੂਨੀਸੈਫ਼ ਅਨੁਸਾਰ, 90 ਫ਼ੀਸਦੀ ਕੇਸਾਂ ਵਿੱਚ ਤਸਕਰ ਜਾਣੂ ਹੁੰਦੇ ਹਨ। ਇਹ ਬੱਚੀਆਂ ਨੇੜੇ ਦੇ ਰਾਜਾਂ ਜਾਂ ਵਿਦੇਸ਼ਾਂ ਵਿੱਚ ਭੇਜੀਆਂ ਜਾਂਦੀਆਂ ਹਨ, ਜਿੱਥੇ ਉਹਨਾਂ ਦਾ ਸ਼ੋਸ਼ਣ ਹੁੰਦਾ ਹੈ। ਪੰਜਾਬ ਵਿੱਚ ਵੀ ਇਹ ਸਮੱਸਿਆ ਵਧ ਰਹੀ ਹੈ, ਜਿੱਥੇ ਪ੍ਰਵਾਸੀ ਭਿਖਾਰੀਆਂ ਨਾਲ ਜੁੜੇ ਬੱਚੇ ਅਕਸਰ ਤਸਕਰੀ ਦਾ ਸ਼ਿਕਾਰ ਹੁੰਦੇ ਹਨ। ਇਹਨਾਂ ਬੱਚੀਆਂ ਨੂੰ ਲੱਭਣਾ ਔਖਾ ਹੁੰਦਾ ਹੈ, ਕਿਉਂਕਿ ਉਹਨਾਂ ਨੂੰ ਨਵੇਂ ਨਾਂ ਅਤੇ ਪਛਾਣ ਨਾਲ ਬਦਲ ਦਿੱਤਾ ਜਾਂਦਾ ਹੈ। ਕਾਰਕੁਨਾਂ ਅਨੁਸਾਰ, ਬਹੁਤੇ ਮਾਮਲੇ ਰਿਪੋਰਟ ਨਹੀਂ ਹੁੰਦੇ, ਕਿਉਂਕਿ ਪਰਿਵਾਰ ਡਰ ਜਾਂ ਸਮਾਜਿਕ ਕਲੰਕ ਕਾਰਨ ਚੁੱਪ ਰਹਿੰਦੇ ਹਨ। ਇਹ ਬੱਚੀਆਂ ਨਾ ਸਿਰਫ਼ ਸਰੀਰਕ ਤੌਰ ਤੇ ਤਬਾਹ ਹੁੰਦੀਆਂ ਹਨ, ਸਗੋਂ ਮਾਨਸਿਕ ਤੌਰ ਤੇ ਵੀ ਤੋੜ ਦਿੱਤੀਆਂ ਜਾਂਦੀਆਂ ਹਨ।

### ਪੰਜਾਬ ਵਿੱਚ ਸਰਕਾਰ ਕੀ ਚੁਕ ਰਹੀ ਏਏ ਨਵਾਂ ਕਦਮ

ਪੰਜਾਬ ਵਿੱਚ ਪ੍ਰਵਾਸੀ ਭਿਖਾਰੀਆਂ ਨਾਲ ਜੁੜੀ ਬੱਚਿਆਂ ਦੀ ਤਸਕਰੀ ਅਤੇ ਸ਼ੋਸ਼ਣ ਦੀ ਸਮੱਸਿਆ ਗੰਭੀਰ ਹੈ। ਐੱਨਸੀਆਰਬੀ ਅਨੁਸਾਰ, 2013 ਤੋਂ 2022 ਤੱਕ ਪੰਜਾਬ ਵਿੱਚ 8,342 ਨਾਬਾਲਿਗ ਬੱਚੇ ਲਾਪਤਾ ਹੋਏ, ਜਿਸ ਵਿੱਚੋਂ ਬਹੁਤੇ ਭਿਖਾਰੀ ਗਿਰੋਹਾਂ ਨੇ ਚੁਕੇ ਹਨ। 2022 ਵਿੱਚ ਚਾਈਲਡ ਪ੍ਰੋਟੈਕਸ਼ਨ ਐਂਡ ਵੈਲਫੇਅਰ ਬਿਊਰੋ (ਸੀਪੀਡਬਲਿਊਬੀ) ਨੇ 9,673 ਬੱਚਿਆਂ ਨੂੰ ਬਚਾਇਆ, ਜਿਸ ਵਿੱਚੋਂ 500 ਨੂੰ ਪਰਿਵਾਰ ਨਾਲ ਮਿਲਾਇਆ ਗਿਆ। 2025 ਵਿੱਚ ਪੰਜਾਬ ਸਰਕਾਰ ਨੇ ਇੱਕ ਵੱਡਾ ਕਦਮ ਚੁੱਕਿਆ - ਰੋਡਾਂ ਤੇ ਭਿਖਾਰੀਆਂ ਨਾਲ ਬੱਚਿਆਂ ਨੂੰ ਲੈ ਕੇ ਘੁੰਮਣ ਵਾਲੇ ਵਿਅਕਤੀਆਂ ਲਈ ਡੀਐੱਨਏ ਟੈਸਟ ਲਾਜ਼ਮੀ ਕਰ ਦਿੱਤਾ। ਇਹ ਫ਼ੈਸਲਾ ਬਾਲ ਤਸਕਰੀ ਨੂੰ ਰੋਕਣ ਲਈ ਹੈ, ਜਿਸ ਨਾਲ ਪਤਾ ਲੱਗੇ ਕਿ ਬੱਚਾ ਅਸਲ ਵਿੱਚ ਉਸ ਦਾ ਹੈ ਜਾਂ ਨਹੀਂ। ਸਮਾਜਿਕ ਸੁਰੱਖਿਆ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਸੀ ਕਿ ਇਹ ਕਦਮ ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਜ਼ਰੂਰੀ ਸੀ ਅਤੇ ਜ਼ਿਲ੍ਹਾ ਵਿਧਾਇਕ ਕਮੇਟੀਆਂ ਨੂੰ ਇਸ ਨੂੰ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਜਾ ਚੁਕੇ ਹਨ। ਮਾਹਿਰ ਕਹਿੰਦੇ ਹਨ ਕਿ ਜ਼ਰੂਰੀ ਹੈ ਕਿ ਇਸ ਬਾਰੇ ਪੱਕੇ ਕਾਨੂੰਨ ਬਣਨ। ਪੰਜਾਬ ਵਿਚ ਪ੍ਰਵਾਸੀ ਭਿਖਾਰੀਆਂ ਨੂੰ ਵੜਨ ਤੋਂ ਰੋਕਿਆ ਜਾਵੇ।

ਐੱਨਸੀਆਰਬੀ ਅਤੇ ਪੰਜਾਬ ਪੁਲਿਸ ਦੇ ਅੰਕੜਿਆਂ ਅਨੁਸਾਰ, 2022 ਵਿੱਚ ਪੰਜਾਬ ਵਿੱਚ ਬੱਚਿਆਂ ਦੇ ਅਗਵਾ ਦੇ 3,947 ਮਾਮਲੇ ਦਰਜ ਹੋਏ, । 2023 ਵਿੱਚ ਇਹ ਗਿਣਤੀ ਵਧ ਕੇ 3,974 ਹੋ ਗਈ, ਜਦਕਿ ਬਰਾਮਦਗੀ ਦਰ 80 ਫ਼ੀਸਦੀ ਰਹੀ। 2024 ਵਿੱਚ 3,948 ਮਾਮਲੇ ਹੋਏ, ਜਿਸ ਵਿੱਚੋਂ 100 ਤੋਂ ਵੱਧ ਬੱਚੇ ਬਰਾਮਦ ਨਹੀਂ ਹੋ ਸਕੇ। 2025 ਤੱਕ (ਅਕਤੂਬਰ ਤੱਕ) ਲਗਭਗ 2,500 ਮਾਮਲੇ ਦਰਜ ਹੋ ਚੁੱਕੇ ਹਨ, ਜਿਸ ਵਿੱਚੋਂ 1,800 ਬਰਾਮਦ ਹੋਏ। ਕੁੱਲ ਮਿਲਾ ਕੇ 2022 ਤੋਂ 2025 ਤੱਕ ਲਗਭਗ 14,000 ਬੱਚੇ ਉਧਾਲੇ ਗਏ, ਜਿਸ ਵਿੱਚੋਂ 11,000 ਤੋਂ ਵੱਧ ਬਰਾਮਦ ਹੋਏ। ਪਰ 3,000 ਤੋਂ ਵੱਧ ਅਜੇ ਵੀ ਲਾਪਤਾ ਹਨ। ਡਾ. ਬਲਜੀਤ ਕੌਰ ਅਨੁਸਾਰ, ਇਹ ਅੰਕੜੇ ਚਿੰਤਾਜਨਕ ਹਨ ਅਤੇ ਸਰਕਾਰ ਨੇ 'ਫਰਾਮ ਬੈਗਿੰਗ ਟੂ ਐਜੂਕੇਸ਼ਨ' ਵਰਗੀਆਂ ਸਕੀਮਾਂ ਸ਼ੁਰੂ ਕੀਤੀਆਂ ਹਨ, ਜਿਸ ਨਾਲ ਭਿਖਾਰੀ ਬਣੇ ਬੱਚਿਆਂ ਨੂੰ ਪੜ੍ਹਾਇਆ ਜਾ ਰਿਹਾ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਵਿਸ਼ੇਸ਼ ਐਂਟੀ-ਟ੍ਰੈਫਿਕਿੰਗ ਯੂਨਿਟਾਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ, ਹੈਲਪਲਾਈਨਾਂ ਨੂੰ ਵਧਾਉਣਾ ਅਤੇ ਜਾਗਰੂਕਤਾ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਹਨ।

# ਟਰੰਪ ਨੇ ਮਾਰੀ ਗੱਪ ਕਿ ਭਾਰਤ ਰੂਸ ਨਾਲ ਤੇਲ ਵਪਾਰ ਛੱਡੇਗਾ, ਭਾਰਤ ਵਲੋਂ ਬਿਆਨ ਰੱਦ

## ✪ ਅਮਰੀਕੀ ਟੈਰਿਫ਼ਾਂ ਦੇ ਦਬਾਅ ਕਾਰਣ ਭਾਰਤ-ਚੀਨ ਦੇ ਵਪਾਰਕ ਸਬੰਧ ਹੋਰ ਨਿੱਘੇ ਬਣੇ
## ✪ ਟਰੇਡ ਵਾਰ ਦਾ ਵਿਸ਼ਵ 'ਤੇ ਪਵੇਗਾ ਮਾੜਾ ਪ੍ਰਭਾਵ,ਭਾਰਤ ਲਈ ਖੜੀਆਂ ਹੋਣਗੀਆਂ ਚੁਣੌਤੀਆਂ

### ਨਿਊਜ ਵਿਸ਼ਲੇਸ਼ਣ

ਵਾਸ਼ਿੰਗਟਨ ਤੋਂ ਨਵੀਂ ਦਿੱਲੀ ਤੱਕ, ਅੰਤਰਰਾਸ਼ਟਰੀ ਸਬੰਧਾਂ ਵਿਚ ਇੱਕ ਨਵਾਂ ਵਿਵਾਦ ਛਿੜ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 15 ਅਕਤੂਬਰ 2025 ਨੂੰ ਵ੍ਹਾਈਟ ਹਾਊਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਾਅਵਾ ਕੀਤਾ ਸੀ ਕਿ "ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਹਨਾਂ ਨੂੰ ਭਰੋਸਾ ਦਿੱਤਾ ਹੈ ਕਿ ਭਾਰਤ ਰੂਸ ਤੋਂ ਤੇਲ ਖਰੀਦਣਾ ਬੰਦ ਕਰ ਦੇਵੇਗਾ।" ਟਰੰਪ ਨੇ ਇਸ ਨੂੰ "ਇੱਕ ਵੱਡਾ ਕਦਮ" ਕਿਹਾ ਸੀ ਕਿ "ਇਹ ਰੂਸ ਨੂੰ ਯੂਕਰੇਨ ਯੁੱਧ ਵਿੱਚ ਆਰਥਿਕ ਮੋਰਚੇ 'ਤੇ ਕਮਜ਼ੋਰ ਕਰ ਸਕਦਾ ਹੈ।" ਪਰ ਟਰੰਪ ਦਾ ਇਹ ਦਾਅਵਾ ਝੂਠਾ ਸਾਬਤ ਹੋ ਗਿਆ ਹੈ।

ਭਾਰਤੀ ਵਿਦੇਸ਼ ਮੰਤਰਾਲੇ ਨੇ ਅਗਲੇ ਹੀ ਦਿਨ ਬਿਆਨ ਜਾਰੀ ਕਰਕੇ ਕਿਹਾ ਕਿ ਅਜਿਹੀ ਕੋਈ ਗੱਲਬਾਤ ਨਹੀਂ ਹੋਈ ਅਤੇ ਭਾਰਤ ਆਪਣੇ ਰਾਸ਼ਟਰੀ ਹਿੱਤਾਂ ਅਨੁਸਾਰ ਫੈਸਲੇ ਲੈਂਦਾ ਰਹੇਗਾ। ਰੂਸ ਤੋਂ ਤੇਲ ਖਰੀਦਣ ਨੂੰ ਭਾਰਤ ਨੇ ਆਪਣੇ ਮੁਲਕ ਦੇ ਫਾਇਦੇ ਨਾਲ ਜੋੜਿਆ ਅਤੇ ਕਿਹਾ ਕਿ ਇਹ ਦੁਨੀਆ ਦੇ ਨਿਯਮਾਂ ਮੁਤਾਬਕ ਹੈ। ਨਾਲ ਹੀ, ਭਾਰਤ ਨੇ ਅਮਰੀਕਾ ਨੂੰ ਕਿਹਾ ਕਿ ਜੇਕਰ ਰੂਸੀ ਤੇਲ ਬੰਦ ਕਰਨਾ ਹੈ, ਤਾਂ ਈਰਾਨ ਅਤੇ ਵੈਨੇਜ਼ੁਏਲਾ ਵਰਗੇ ਦੇਸ਼ਾਂ ਤੋਂ ਤੇਲ ਖਰੀਦਣ ਦੀ ਇਜਾਜ਼ਤ ਦਿਓ, ਜਿੱਥੇ ਅਮਰੀਕਾ ਨੇ ਪਾਬੰਦੀਆਂ ਲਾਈਆਂ ਹਨ।

ਰੂਸੀ ਰਾਜਦੂਤ ਡੈਨਿਸ ਅਲੀਪੋਵ ਨੇ ਕਿਹਾ ਸੀ ਕਿ ਭਾਰਤ ਨੂੰ ਜਿੰਨਾ ਤੇਲ ਚਾਹੀਦਾ ਹੈ, ਅਸੀਂ ਓਨਾ ਦੇਵਾਂਗੇ।" ਭਾਰਤ ਨੇ ਵੀ ਰੂਸੀ ਤੇਲ ਦਾ ਭੁਗਤਾਨ ਚੀਨੀ ਯੁਆਨ ਵਿੱਚ ਕਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ, ਜੋ ਅਮਰੀਕੀ ਡਾਲਰ ਨੂੰ ਛੱਡ ਕੇ ਕੀਤਾ ਜਾਵੇਗਾ। ਇਸ ਨਾਲ ਅਮਰੀਕਾ ਨੂੰ ਆਰਥਿਕ ਝਟਕਾ ਲਗੇਗਾ ਭਾਰਤ ਦਾ ਇਹ ਕਦਮ ਨਾ ਸਿਰਫ਼ ਅਮਰੀਕੀ ਦਬਾਅ ਮੰਨਣ ਤੋਂ ਇਨਕਾਰੀ ਹੈ, ਸਗੋਂ ਭਾਰਤ ਨੂੰ ਰੂਸ ਅਤੇ ਚੀਨ ਨਾਲ ਨੇੜੇ ਲਿਆਉਂਦਾ ਹੈ।

ਰੂਸੀ ਤੇਲ ਨੇ ਭਾਰਤੀ ਅਰਥਵਿਵਸਥਾ ਨੂੰ 10 ਅਰਬ ਡਾਲਰ ਦੀ ਬਚਤ ਕਰਵਾਈ ਹੈ। ਜੇਕਰ ਇਹ ਬੰਦ ਹੋਇਆ, ਤਾਂ ਤੇਲ ਦੀਆਂ ਕੀਮਤਾਂ ਵਧਣਗੀਆਂ ਅਤੇ ਭਾਰਤੀ ਅਰਥਵਿਵਸਥਾ ਨੂੰ ਨੁਕਸਾਨ ਹੋਵੇਗਾ। ਇਸ ਲਈ, ਭਾਰਤ ਨੇ ਸਾਫ਼ ਕਿਹਾ ਹੈ ਕਿ ਉਹ ਅਮਰੀਕੀ ਟੈਰਿਫ਼ਾਂ ਦੇ ਡਰੋਂ ਅਮਰੀਕਾ ਅਗੇ ਨਹੀਂ ਝੁਕੇਗਾ ਅਤੇ ਰੂਸ ਤੋਂ ਤੇਲ ਖਰੀਦਣਾ ਜਾਰੀ ਰੱਖੇਗਾ।

ਅਮਰੀਕੀ ਅਖ਼ਬਾਰਾਂ ਅਤੇ ਅੰਤਰਰਾਸ਼ਟਰੀ ਮੀਡੀਆ ਨੇ ਟਰੰਪ ਦੇ ਬਿਆਨ ਨੂੰ ਚੁਣੌਤੀ ਦਿੱਤੀ ਸੀ ਕਿ ਟਰੰਪ ਦੇ ਬਿਆਨ ਵਿਚ ਕੋਈ ਸਚਾਈ ਨਹੀਂ । 'ਦ ਵਾਸ਼ਿੰਗਟਨ ਪੋਸਟ' ਨੇ ਰਿਪੋਰਟ ਕੀਤਾ ਕਿ ਭਾਰਤ ਨੇ ਕਿਹਾ ਹੈ ਕਿ ਉਹ "ਟਰੰਪ ਅਤੇ ਮੋਦੀ ਵਿਚਕਾਰ ਕੋਈ ਗੱਲਬਾਤ ਨਹੀਂ ਹੋਈ"। 'ਦ ਨਿਊਯਾਰਕ ਟਾਈਮਜ਼' ਨੇ ਲਿਖਿਆ ਕਿ ਭਾਰਤ ਨੇ ਟਰੰਪ ਦੇ ਦਾਅਵੇ ਨੂੰ ਰੱਦ ਕੀਤਾ ਹੈ ਅਤੇ ਕਿਹਾ ਹੈ ਕਿ ਉਹ ਆਪਣੇ ਊਰਜਾ ਨੀਤੀ ਨੂੰ ਬਦਲਣ ਵਾਲੇ ਨਹੀਂ ਹਨ। ਰਾਇਟਰਜ਼ ਅਤੇ ਬੀਬੀਸੀ ਨੇ ਵੀ ਟਰੰਪ ਦੇ ਬਿਆਨ ਨੂੰ "ਝੂਠ" ਕਿਹਾ ਹੈ, ਕਿਉਂਕਿ ਭਾਰਤ ਰੂਸ ਤੋਂ ਤੇਲ ਖਰੀਦਣ ਨੂੰ ਆਪਣੀ ਊਰਜਾ ਸੁਰੱਖਿਆ ਦਾ ਹਿੱਸਾ ਮੰਨਦਾ ਹੈ। ਟਰੰਪ ਦਾ ਇਹ ਬਿਆਨ ਅਮਰੀਕੀ ਚੋਣਾਂ ਅਤੇ ਯੂਕਰੇਨ ਯੁੱਧ ਨੂੰ ਲੈ ਕੇ ਘਰੇਲੂ ਰਾਜਨੀਤੀ ਨਾਲ ਜੁੜਿਆ ਹੋਇਆ ਜਾਪਦਾ ਹੈ, ਜਿੱਥੇ ਉਹ ਆਪਣੇ ਵੋਟਰਾਂ ਨੂੰ ਪ੍ਰਭਾਵਿਤ ਕਰਨਾ ਚਾਹੁੰਦੇ ਹਨ। ਪਰ ਅਜਿਹੇ ਝੂਠੇ ਦਾਅਵੇ ਨਾ ਸਿਰਫ਼ ਭਾਰਤ ਨੂੰ ਨਾਰਾਜ਼ ਕਰ ਰਹੇ ਹਨ, ਸਗੋਂ ਟਰੰਪ ਦੀ ਵਿਸ਼ਵਾਸ ਯੋਗਤਾ ਨੂੰ ਘਟਾਅ ਸਕਦੇ ਹਨ।



ਅਮਰੀਕੀ ਟੈਰਿਫ਼ਾਂ ਕਾਰਨ ਭਾਰਤ-ਚੀਨ ਸਬੰਧਾਂ ਵਿੱਚ ਸੁਧਾਰ-ਆਪਣੇ ਵਪਾਰ ਤੇ ਆਰਥਿਕਤਾ ਨੂੰ ਬਚਾਉਣ ਲਈ, ਭਾਰਤ ਨੇ ਅਮਰੀਕਾ ਵੱਲੋਂ ਲੱਗੇ ਭਾਰੀ ਟੈਕਸਾਂ ਕਾਰਨ ਚੀਨ ਵੱਲ ਰੁਖ ਕੀਤਾ ਹੈ। ਚੀਨ ਵੀ ਅਮਰੀਕਾ ਨੂੰ ਆਪਣਾ ਵੱਡਾ ਵਿਰੋਧੀ ਮੰਨਦਾ ਹੈ, ਇਸ ਲਈ ਇਹ ਦੋਹਾਂ ਦੇਸ਼ਾਂ ਵਿੱਚ ਨਵੀਂ ਨੇੜਤਾ ਆ ਗਈ ਹੈ। ਅਲ ਜਜ਼ੀਰਾ ਅਤੇ ਰਾਇਟਰਜ਼ ਵਰਗੀਆਂ ਅਖ਼ਬਾਰਾਂ ਨੇ ਰਿਪੋਰਟ ਕੀਤੀ ਹੈ ਕਿ ਟਰੰਪ ਦੇ ਇਹ ਟੈਰਿਫ਼ ਭਾਰਤ-ਚੀਨ ਸਬੰਧਾਂ ਨੂੰ ਤੇਜ਼ੀ ਨਾਲ ਬਿਹਤਰ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾ ਰਹੇ ਹਨ।

ਅਗਸਤ 2025 ਵਿੱਚ ਅਮਰੀਕਾ ਨੇ ਭਾਰਤੀ ਚੀਜ਼ਾਂ ਤੇ 50% ਟੈਰਿਫ਼ ਲਗਾ ਦਿੱਤੇ। ਇਹਨਾਂ ਵਿੱਚੋਂ ਅੱਧੇ (ਯਾਨੀ 25%) ਰੂਸੀ ਤੇਲ ਖਰੀਦਣ ਕਾਰਨ ਸਜ਼ਾ ਵਜੋਂ ਸਨ। ਇਹ ਟੈਰਿਫ਼ ਭਾਰਤੀ ਨਿਰਯਾਤ ਨੂੰ ਭਾਰੀ ਨੁਕਸਾਨ ਪਹੁੰਚਾਉਣ ਵਾਲੇ ਹਨ। 2025 ਵਿੱਚ ਭਾਰਤ ਅਮਰੀਕਾ ਨੂੰ 100 ਅਰਬ ਡਾਲਰ ਤੋਂ ਵੱਧ ਦੀਆਂ ਚੀਜ਼ਾਂ ਵੇਚਦਾ ਸੀ, ਜਿਵੇਂ ਕਿ ਡਾਇਮੰਡ, ਫਾਰਮੇਸ਼ੀ ਅਤੇ ਟੈਕਸਟਾਈਲ। ਇਸ ਟੈਕਸ ਨਾਲ ਭਾਰਤੀ ਵਪਾਰੀਆਂ ਦੇ ਮੁਨਾਫੇ ਘੱਟ ਹੋਣਗੇ ਅਤੇ ਨੌਕਰੀਆਂ ਵੀ ਜੋਖਮ ਵਿੱਚ ਪੈਣਗੀਆਂ। ਗਾਰਡੀਅਨ ਅਤੇ ਨਿਊਯਾਰਕ ਟਾਈਮਜ਼ ਨੇ ਲਿਖਿਆ ਹੈ ਕਿ ਇਹ ਟੈਰਿਫ਼ ਭਾਰਤ ਨੂੰ ਅਮਰੀਕੀ ਬਜ਼ਾਰ ਤੋਂ ਦੂਰ ਧੱਕ ਰਹੇ ਹਨ, ਜਿਸ ਨਾਲ ਭਾਰਤ ਨੂੰ ਨਵੇਂ ਵਪਾਰਕ ਰਾਹ ਲੱਭਣੇ ਪੈ ਰਹੇ ਹਨ।

ਇਸ ਨੁਕਸਾਨ ਨੂੰ ਦੇਖਦੇ ਹੋਏ, ਭਾਰਤ ਨੇ ਚੀਨ ਨਾਲ ਆਰਥਿਕ ਗੱਠਜੋੜ ਕਰਨਾ ਸ਼ੁਰੂ ਕੀਤਾ ਹੈ। ਅਗਸਤ 2025 ਵਿੱਚ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨੇ ਨਵੀਂ ਦਿੱਲੀ ਦਾ ਦੌਰਾ ਕੀਤਾ ਸੀ ਅਤੇ ਕਿਹਾ ਸੀ ਕਿ "ਭਾਰਤ ਅਤੇ ਚੀਨ ਭਾਈ ਹਨ, ਨਾ ਕਿ ਦੁਸ਼ਮਣ"। ਇਸ ਨਾਲ ਹਿਮਾਲੀਆ ਸੀਮਾ ਤੇ ਵਪਾਰ ਖੋਲ੍ਹਣ ਅਤੇ ਸਿੱਧੀਆਂ ਉਡਾਣਾਂ ਮੁੜ ਸ਼ੁਰੂ ਕਰਨ ਦੇ ਸਮਝੌਤੇ ਹੋਏ ਹਨ। ਚੀਨ ਨੇ ਭਾਰਤੀ ਯਾਤਰੀਆਂ ਨੂੰ ਤਿਬਤ ਵਿੱਚ ਧਾਰਮਿਕ ਸਥਾਨਾਂ ਤੇ ਜਾਣ ਦੀ ਇਜਾਜ਼ਤ ਦਿੱਤੀ, ਅਤੇ ਭਾਰਤ ਨੇ ਚੀਨੀ ਟੂਰਿਸਟਾਂ ਲਈ ਵੀਜ਼ੇ ਆਸਾਨ ਕਰ ਦਿੱਤੇ ਹਨ। ਰਾਇਟਰਜ਼ ਅਤੇ ਅਲ ਜਜ਼ੀਰਾ ਨੇ ਰਿਪੋਰਟ ਕੀਤੀ ਹੈ ਕਿ ਭਾਰਤ-ਚੀਨ ਸਬੰਧਾਂ ਵਿੱਚ ਸੁਧਾਰ ਅਮਰੀਕੀ ਟੈਰਿਫ਼ਾਂ ਕਾਰਨ ਹੀ ਹੋਇਆ ਹੈ। 2025 ਵਿੱਚ ਭਾਰਤ-ਚੀਨ ਵਪਾਰ 100 ਅਰਬ ਡਾਲਰ ਤੋਂ ਵੱਧ ਹੋ ਚੁਕਾ ਹੈ। ਭਾਰਤ ਚੀਨ ਤੋਂ ਇਲੈਕਟ੍ਰਾਨਿਕਸ ਅਤੇ ਮਸ਼ੀਨਾਂ ਖਰੀਦਦਾ ਹੈ, ਅਤੇ ਚੀਨ ਭਾਰਤੀ ਫਾਰਮੇਸ਼ੀ ਅਤੇ ਖੇਤੀਬਾੜੀ ਉਤਪਾਦ ਲੈਂਦਾ ਹੈ। ਵਾਸ਼ਿੰਗਟਨ ਪੋਸਟ ਨੇ ਲਿਖਿਆ ਹੈ ਕਿ ਇਹ ਟੈਰਿਫ਼ ਭਾਰਤ ਨੂੰ ਚੀਨ ਨਾਲ ਨੇੜੇ ਲਿਆਅ ਰਹੇ ਹਨ ਅਤੇ ਅਮਰੀਕੀ ਰਣਨੀਤੀ ਨੂੰ ਨੁਕਸਾਨ ਪਹੁੰਚਾਉਣਗੇ। ਅਮਰੀਕਾ ਵਿੱਚ 19 ਕਾਂਗਰਸ ਮੈਂਬਰਾਂ ਨੇ ਟਰੰਪ ਨੂੰ ਭਾਰਤ ਤੇ ਟੈਰਿਫ਼ ਹਟਾਉਣ ਲਈ ਕਿਹਾ ਸੀ, ਪਰ ਟਰੰਪ ਨੇ ਇਨਕਾਰ ਕਰ ਦਿੱਤਾ ਸੀ ।

ਇਸ ਦੇ ਨਾਲ ਹੀ, ਜੁਲਾਈ 2025 ਵਿੱਚ ਭਾਰਤੀ ਤੇਲ ਰਿਫਾਈਨਰੀਆਂ ਨੇ ਰੂਸੀ ਤੇਲ ਲਈ ਚੀਨੀ ਯੁਆਨ ਵਿੱਚ ਭੁਗਤਾਨ ਸ਼ੁਰੂ ਕਰ ਦਿੱਤਾ ਹੈ। ਪਹਿਲਾਂ ਇਹ ਅਮਰੀਕੀ ਡਾਲਰ ਵਿੱਚ ਹੁੰਦਾ ਸੀ, ਪਰ ਹੁਣ ਯੁਆਨ ਵਰਤੋਂ ਨਾਲ ਚੀਨੀ ਮੁਦਰਾ ਮਜ਼ਬੂਤ ਹੋ ਰਹੀ ਹੈ ਅਤੇ ਡਾਲਰ ਦੀ ਤਾਕਤ ਘਟ ਰਹੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਵਪਾਰ ਅਤੇ ਰਾਜਨੀਤੀ ਵਿੱਚ ਇਹ ਬਦਲਾਅ ਅਮਰੀਕਾ ਲਈ ਚੁਣੌਤੀ ਬਣ ਰਿਹਾ ਹੈ। ਭਾਰਤ ਅਤੇ ਚੀਨ ਹੁਣ ਯੂਰੇਸ਼ੀਆ ਵਿੱਚ ਆਪਣਾ ਪ੍ਰਭਾਵ ਵਧਾਉਣ ਲਈ ਮਿਲ ਕੇ ਕੰਮ ਕਰ ਰਹੇ ਹਨ।

ਯੂਰਪ ਅਤੇ ਯੂਕੇ ਦੀਆਂ ਪਾਬੰਦੀਆਂ: ਰੂਸੀ ਤੇਲ ਲਈ ਭਾਰਤ ਨੂੰ ਭਾਰੀ ਚੁਣੌਤੀ-ਯੂਰਪ ਨੇ ਬਾਲਟਿਕ ਸਮੁੰਦਰ ਵਿੱਚ ਰੂਸੀ ਤੇਲ ਵਾਲੇ ਜਹਾਜ਼ਾਂ ਨੂੰ ਰੋਕਣ ਲਈ ਨਵੇਂ ਕਾਨੂੰਨ ਬਣਾਏ ਹਨ। ਯੂਕੇ ਨੇ ਅਕਤੂਬਰ 2025 ਵਿੱਚ ਰੂਸੀ ਕੰਪਨੀਆਂ ਲੁਕੋਇਲ ਅਤੇ ਰੋਸਨੈਫਟ ਨੂੰ ਨਿਸ਼ਾਨਾ ਬਣਾਇਆ ਸੀ ਅਤੇ 44 ਗੁਪਤ ਟੈਂਕਰਾਂ ਨੂੰ ਬਲਾਕ ਕੀਤਾ ਹਸੀ। ਇਹ ਭਾਰਤ ਲਈ ਵੱਡੀ ਚੁਣੌਤੀ ਹੈ, ਕਿਉਂਕਿ ਇਹਨਾਂ ਜਹਾਜ਼ਾਂ ਰਾਹੀਂ ਰੂਸੀ ਤੇਲ ਭਾਰਤ ਪਹੁੰਚਦਾ ਹੈ ਅਤੇ ਫਿਰ ਭਾਰਤ ਤੋਂ ਰਿਫਾਈਨ ਕੀਤਾ ਤੇਲ ਯੂਰਪ ਜਾਂਦਾ ਹੈ।ਈਯੂ ਨੇ ਵੀ ਭਾਰਤੀ ਰਿਫਾਈਨਰੀ ਨਾਇਰਾ ਐਨਰਜੀ ਨੂੰ ਨਿਸ਼ਾਨਾ ਬਣਾਇਆ ਹੈ, ਜੋ ਰੋਸਨੈਫਟ ਦੀ ਵੱਡੀ ਹਿੱਸੇਦਾਰ ਹੈ। ਇਸ ਨਾਲ ਭਾਰਤ ਦੀ ਤੇਲ ਆਯਾਤ ਚੇਨ ਵਿਚ ਰੁਕਾਵਟ ਆ ਸਕਦੀ ਹੈ ਅਤੇ ਰੁਪਏ ਦੀ ਕੀਮਤ ਘਟ ਸਕਦੀ ਹੈ।

ਗਾਰਡੀਅਨ ਅਤੇ ਰਾਇਟਰਜ਼ ਨੇ ਰਿਪੋਰਟ ਕੀਤੀ ਹੈ ਕਿ ਯੂਰਪ ਨੇ 500 ਤੋਂ ਵੱਧ ਜਹਾਜ਼ਾਂ ਨੂੰ ਬਲਾਕ ਕੀਤਾ ਸੀ ਅਤੇ ਬਾਲਟਿਕ ਸਮੁੰਦਰ ਵਿੱਚ ਇਹਨਾਂ ਨੂੰ ਰੋਕਣ ਲਈ ਨਵੀਂ ਯੋਜਨਾ ਬਣਾਈ ਹੈ। ਇਸ ਨਾਲ ਭਾਰਤੀ ਤੇਲ ਰਿਫਾਈਨਰੀਆਂ ਨੂੰ ਮੁਸ਼ਕਲ ਹੋ ਰਹੀ ਹੈ, ਜੋ ਰੂਸ ਤੋਂ 40% ਤੇਲ ਲੈਂਦੀਆਂ ਹਨ। ਪਰ ਭਾਰਤ ਨੇ ਇਸ ਨੂੰ ਚੁਣੌਤੀ ਨਾ ਮੰਨਦੇ ਹੋਏ ਰੂਸ ਨਾਲ ਨਵੇਂ ਰਾਹ ਲੱਭ ਲਏ ਹਨ, ਜਿਵੇਂ ਆਰਕਟਿਕ ਸਮੁੰਦਰੀ ਰੂਟ।

ਅਲ ਜਜ਼ੀਰਾ ਅਤੇ ਟਾਈਮ ਮੈਗਜ਼ੀਨ ਨੇ ਲਿਖਿਆ ਹੈ ਕਿ ਟਰੰਪ ਦੇ ਟੈਰਿਫ਼ਾਂ ਨੇ ਭਾਰਤ ਅਤੇ ਚੀਨ ਨੂੰ ਇੱਕਠੇ ਕੀਤਾ ਹੈ, ਪਰ ਬਾਰਡਰ ਵਿਵਾਦ ਅਜੇ ਵੀ ਖੜ੍ਹਾ ਹੈ। 2025 ਵਿੱਚ ਬ੍ਰਿਕਸ ਅਤੇ ਐੱਸਸੀਓ ਵਰਗੇ ਪਲੇਟਫਾਰਮਾਂ ਤੇ ਉਹਨਾਂ ਨੇ ਵਪਾਰ ਅਤੇ ਨਿਵੇਸ਼ ਵਧਾਉਣ ਦੇ ਸਮਝੌਤੇ ਕੀਤੇ ਹਨ, ਜੋ ਅਮਰੀਕੀ ਦਬਾਅ ਵਿਰੁੱਧ ਇੱਕ ਰਣਨੀਤੀ ਹੈ। ਪਰ ਭਾਰਤ ਨਾਲ ਨਿੱਘੇ ਦੋਸਤਾਨਾ ਸਬੰਧਾਂ ਨੂੰ ਵਧਾਉਣ ਲਈ ਚੀਨ ਨੂੰ ਬਾਰਡਰ ਉਪਰ ਫੌਜਾਂ ਘਟਾਉਣੀਆਂ ਪੈਣਗੀਆਂ, ਜੋ ਅਜੇ ਨਹੀਂ ਹੋਇਆ।


ਟਰੇਡ ਵਾਰ ਕਿੱਥੇ ਜਾਵੇਗੀ ਅਤੇ ਕਦੋਂ ਰੁਕੇਗੀ ?-ਅਮਰੀਕਾ-ਚੀਨ ਟਰੇਡ ਵਾਰ 2025 ਵਿੱਚ ਤੇਜ਼ ਹੋ ਗਈ ਹੈ। ਰਾਇਟਰਜ਼ ਅਤੇ ਪੋਲਿਟੀਕੋ ਨੇ ਰਿਪੋਰਟ ਕੀਤੀ ਹੈ ਕਿ ਅਕਤੂਬਰ ਵਿੱਚ ਅਮਰੀਕਾ ਨੇ ਚੀਨ ਤੇ 100% ਟੈਰਿਫ਼ ਲਗਾਏ ਅਤੇ ਚੀਨ ਨੇ ਰੇਅਰ ਅਰਥ ਐਕਸਪੋਰਟ ਰੋਕੇ ਹਨ। ਟਰੰਪ ਨੇ 10 ਨਵੰਬਰ ਤੱਕ ਸਮਝੌਤੇ ਦੀ ਆਖਰੀ ਮਿਆਦ ਰੱਖੀ ਹੈ, ਪਰ ਚੀਨ ਨੇ ਕਿਹਾ ਹੈ ਕਿ "ਅਸੀਂ ਅੰਤ ਦਮ ਤਕ ਲੜਨ ਤੱਕ ਲੜਾਂਗੇ"। ਇਹ ਵਾਰ ਨਵੰਬਰ ਵਿੱਚ ਖਤਮ ਹੋ ਸਕਦੀ ਹੈ ਜੇਕਰ ਸਮਝੌਤਾ ਹੋਇਆ, ਨਹੀਂ ਤਾਂ 2026 ਵਿੱਚ ਹੋਰ ਤੇਜ਼ ਹੋਵੇਗੀ। ਆਈਐੱਮਐੱਫ ਨੇ ਅਨੁਮਾਨ ਲਗਾਇਆ ਹੈ ਕਿ ਇਹ ਵਿਸ਼ਵ ਜੀਡੀਪੀ ਨੂੰ 1.2% ਘਟਾਏਗਾ।

ਸੰਸਾਰ ਉੱਤੇ ਟਰੇਡ ਵਾਰ ਦਾਪ੍ਰਭਾਵ ?-ਸੀਈਪੀਆਰ ਅਤੇ ਆਈਐੱਮਐੱਫ ਨੇ ਕਿਹਾ ਹੈ ਕਿ ਟਰੇਡ ਵਾਰ ਨਾਲ ਅਮਰੀਕੀ ਜੀਡੀਪੀ 1% ਘਟੇਗੀ ਅਤੇ ਵਿਸ਼ਵ ਵਪਾਰ 17% ਘਟੇਗਾ। ਭਾਰਤ ਅਤੇ ਚੀਨ ਵਰਗੇ ਦੇਸ਼ਾਂ ਵਿੱਚ ਤੇਲ ਅਤੇ ਆਯਾਤ ਮਹਿੰਗੀ ਹੋਵੇਗੀ, ਜੋ ਮਹਿੰਗਾਈ ਵਧਾਏਗੀ। ਯੂਰਪ ਅਤੇ ਏਸ਼ੀਆ ਵਿੱਚ ਸਪਲਾਈ ਚੇਨ ਟੁੱਟਣਗੀਆਂ ਅਤੇ ਨਵੇਂ ਵਪਾਰਕ ਬਲੌਕ ਬਣਨਗੇ। ਇਹ ਵਿਸ਼ਵ ਅਰਥਵਿਵਸਥਾ ਨੂੰ ਮੰਦੀ ਵੱਲ ਲੈ ਜਾਵੇਗਾ, ਜਿੱਥੇ ਆਰਥਿਕ ਤੌਰ ਉਪਰ ਪਛੜੇ ਦੇਸ਼ਾਂ ਨੂੰ ਸਭ ਤੋਂ ਵੱਧ ਨੁਕਸਾਨ ਹੋਵੇਗਾ। ਭਾਰਤ ਨੂੰ ਤੇਲ ਖਰਚੇ ਵਿੱਚ 10 ਅਰਬ ਡਾਲਰ ਵਧਣਗੇ ਅਤੇ ਰੁਪਏ ਤੇ ਦਬਾਅ ਪਵੇਗਾ। ਇਹ ਟੈਰਿਫ ਵਾਰ ਨਾ ਸਿਰਫ਼ ਰਾਜਨੀਤਕ ਹੈ, ਸਗੋਂ ਵਿਸ਼ਵ ਨੂੰ ਨਵੇਂ ਯੁੱਗ ਵਿੱਚ ਲੈ ਜਾਣ ਵਾਲੀ ਹੈ।

****** *

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੰਜਾਬ ਟਾਈਮਜ਼ ਵਿੱਚ ਛੱਪਦੀ ਲੜੀਵਾਰ ਗਾਥਾ ਸਤਿਗੁਰੂ ਨਾਨਕ ਦੀ ਪਦ ਪਦਵੀ ਬਾਰੇ ਬਹੁ-ਮੁੱਲੀ ਜਾਣਕਾਰੀ ਪ੍ਰਦਾਨ ਕਰਦੀ ਹੈ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



**ਅਸੀਂ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਅਨੁਸਾਰ ਜੀਊਣ ਦੀ ਕੋਸ਼ਿਸ਼ ਕਰਦੇ ਹਾਂ । ਅਸੀਂ ਮਹਾਰਾਣਾ ਪ੍ਰਤਾਪ ਅਤੇ ਛਤਰਪਤੀ ਵੀਰ ਸ਼ਿਵਾ ਜੀ ਮਹਾਰਾਜ ਵਰਗੇ ਮਹਾਨ ਨਾਇਕਾਂ ਦੀਆਂ ਉਦਾਹਰਣਾਂ ਨੂੰ ਪੜ੍ਹਦੇ ਤੇ ਮੰਨਦੇ ਹਾਂ । ਸ੍ਰੀ ਨਰਿੰਦਰ ਮੋਦੀ ਤੇ ਆਰ। ਐਸ। ਐਸ। ਸਿੱਖ ਗੁਰੂਆਂ ਨੂੰ ਵੀ ਹਿੰਦੂ ਗੁਰੂ ਹੀ ਮੰਨਦੀ ਹੈ ਜਦਕਿ ਹਿੰਦੂ ਗੁਰੂ ਅਤੇ ਸਿੱਖ ਗੁਰੂ ਦਾ ਸਿਧਾਂਤਕ ਪੱਖੋਂ ਜਮੀਨ ਅਸਮਾਨ ਦਾ ਫ਼ਰਕ ਹੈ । ਹਿੰਦੂ ਗੁਰੂ ਦੇ ਸਾਹਮਣੇ ਵਰਣ, ਆਸ਼ਰਮ ਦੀਆਂ ਹਦਾਂ ਹਨ, ਸਿੱਖ ਗੁਰੂ ਅਕਾਲ ਪੁਰਖ ਦੀ ਸੈਭੰ ਬਖ਼ਸ਼ਿਸ਼ ਦੇ ਨੂਰ ਵਿੱਚੋਂ ਪੈਦਾ ਹੁੰਦਾ ਹੈ (ਹਰਿੰਦਰ ਸਿੰਘ ਮਹਿਬੂਬ)**

ਗੁਰੂ ਨਾਨਕ ਦੀ ਇਹ ਪਦ-ਪਦਵੀ ਅਪਰੰਪਰ ਪਾਰਬ੍ਰਹਮ ਪ੍ਰਮੇਸ਼ਰੁ, ਨਾਨਕ ਗੁਰੁ ਮਿਲਿਆ ਸੋਈ ਜੀਉ॥ (ਗੁ: ਗ੍ਰੰ: ਸਾ: ਪੰਨਾ 599) ਹੀ ਨਾਨਕ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ ਦਾ ਮੂਲ ਅਧਾਰ ਹੈ (ਗੁ: ਗ੍ਰੰ: ਸਾ: ਪੰਨਾ 966) ਮੀਰੀ ਪੀਰੀ ਦਾ ਸਿੱਖ ਸਿਧਾਂਤ ਜਿਹੜੇ ਮੁੱਢਲੇ ਨਿਯਮਾਂ ਵਿੱਚੋਂ ਜਨਮ ਲੈਂਦਾ ਹੈ ਉਹ ਸਾਰੇ ਹੀ ਸਤਿਗੁਰੂ ਨਾਨਕ ਜੀ ਦੁਆਰਾ ਨਿਰੂਪਣ ਕੀਤੇ ਹੋਏ ਹਨ। ਮੀਰੀ ਪੀਰੀ ਦੇ ਸ਼ਬਦ ਕਿਸ ਭਾਸ਼ਾ ਨਾਲ ਸਬੰਧ ਰੱਖਦੇ ਹਨ ਜਾਂ ਉਨ੍ਹਾਂ ਭਾਸ਼ਾਵਾਂ ਅਨੁਸਾਰ ਇਨ੍ਹਾਂ ਦੇ ਕੀ ਅਰਥ ਨਿਕਲਦੇ ਹਨ ਇਸ ਪਿਛੋਕੜ ਵਿੱਚ ਨਾਂ ਜਾਂਦੇ ਹੋਏ ਇਥੇ ਸਿਰਫ਼ ਇਤਨਾ ਦੱਸ ਦੇਣਾ ਹੀ ਕਾਫੀ ਹੈ ਕਿ ਗੁਰਬਾਣੀ ਦੇ ਸੰਦਰਭ ਵਿੱਚ ਇਨ੍ਹਾਂ ਦੇ ਅਰਥ ਧਾਰਮਿਕ ਤੌਰ 'ਤੇ ਅਤੇ ਰਾਜਨੀਤਕ ਤੌਰ 'ਤੇ ਪੂਰਨ ਸੁਤੰਤਰਤਾ ਵਾਲੇ ਹਨ, ਪਰ ਇਤਿਹਾਸਕ ਘਟਨਾਵਾਂ ਨੂੰ ਸਾਹਮਣੇ ਰੱਖਦਿਆਂ ਜਾਂ ਸਿੱਖ ਪਰੰਪਰਾਵਾਂ ਦੇ ਸੰਦਰਭ ਵਿੱਚ ਦੇਖਿਆ ਸਿੱਖ ਕੌਮ ਦੇ ਆਤਮ ਨਿਰਣੈ ਜਾਂ ਅੰਦਰੂਨੀ ਖ਼ੁਦਮੁਖ਼ਤਿਆਰੀ ਦੇ ਨਿਕਲਦੇ ਹਨ (ਗੁਰਤੇਜ ਸਿੰਘ ਪੁਸਤਕ ਸਿੰਘ ਨਾਦ)। ਗੁਰੂ ਨਾਨਕ ਦੀ ਪਦ-ਪਦਵੀ ਬਾਰੇ ਸਿਰਦਾਰ ਕਪੂਰ ਸਿੰਘ, ਪੁਸਤਕ ਰਾਜ ਕਰੇਗਾ ਖ਼ਾਲਸਾ ਦੇ ਪੰਨਾ 25 ਉੱਤੇ ਲਿਖਦੇ ਹਨ : ਗੁਰੂ ਨਾਨਕ ਦੀ ਆਤਮਾ ਦੀ ਪ੍ਰਮਾਤਮਾ ਨਾਲ ਅਭੇਦਤਾ ਹੈ: ਅਪਰੰਪਰ ਪਾਰ ਬ੍ਰਹਮ ਪਰਮੇਸਰੁ, ਨਾਨਕ ਗੁਰੁ ਮਿਲਿਆ ਸੋਈ ਜੀਉ॥ (ਅੰਗ 599) ਇਹ ਗੁਰੂ ਤੇ ਪਾਰਬ੍ਰਹਮ ਨਾਲ ਅਭੇਦ ਹੋਣ ਦਾ ਦਾਅਵਾ ਹੈ ਜੋ ਅੱਜ ਤੱਕ ਕਿਸੇ ਨੇ ਨਹੀਂ ਕੀਤਾ। ਗੁਰੂ ਨਾਨਕ ਜੀ ਤੋਂ ਲੈ ਕੇ ਜੋ ਦੱਸ ਗੁਰੂ ਹੋਏ ਹਨ, ਉਨ੍ਹਾਂ ਨੇ ਇਸ ਪਦ-ਪਦਵੀ ਦਾ ਦਾਅਵਾ ਕੀਤਾ ਹੈ ਅਤੇ ਗੁਰੂ ਨਾਨਕ ਜੀ ਬਾਰੇ ਇਹੋ ਦ੍ਰਿੜ ਕਰਵਾਇਆ ਹੈ। ਜਿਸ ਦਾ ਭਰਪੂਰ ਸਮਰਥਨ ਗੁਰਬਾਣੀ ਵਿੱਚ ਮੌਜੂਦ ਹੈ। ਨਾਨਕ ਜੀ ਗੁਰੂ ਹਨ, ਜੇ ਉਨ੍ਹਾਂ ਨੂੰ ਸੰਤ-ਭਗਤ-ਕਵੀ, ਸ਼ਾਇਰ, ਵਲੀ ਅਲਾਹ, ਪੀਰ ਪੈਗੰਬਰ ਸਮਝਕੇ ਜਾਨਣ ਦੀ ਕੋਸ਼ਿਸ਼ ਕਰਾਂਗੇ ਤਾਂ ਹੱਥ ਪਲੇ ਕੁਝ ਨਹੀਂ ਆਉਣਾ ਸਭ ਯਤਨ ਨਿਰਾਰਥਕ ਹੀ ਰਹਿਣਗੇ।

ਪਿਛਲੇ ਹਫ਼ਤੇ ਪੰਜਾਬ ਟਾਈਮਜ਼ ਅੰਕ 3102 ਦੇ ਸਫ਼ਾ 49 ਉੱਤੇ ਲੜੀਵਾਰ ਛੱਪ ਰਹੀ ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗਾਥਾ ਵਿੱਚ ਗਿਆਨੀ ਗੁਰਦਿੱਤ ਸਿੰਘ ਜੀ ਵੀ ਗੁਰੂ ਨਾਨਕ ਦੀ ਪਦ-ਪਦਵੀ ਬਾਰੇ ਹੇਠ ਲਿਖੀਆਂ ਸੱਤਰਾਂ ਅਨੁਸਾਰ ਵਿਆਖਿਆ ਕਰਦੇ ਹਨ, ਸਤਿਗੁਰਾਂ ਨੇ ਕੋਈ ਖਿਆਲ, ਰੂਹਾਨੀਅਤ ਅਤੇ ਸਮਾ-ਜਕ ਸੂਝ ਤੇ ਹੋਰ ਕਿਸੇ ਕਿਸਮ ਦਾ, ਕਬੀਰ ਜਾਂ ਹੋਰ ਕਿਸੇ ਤੋਂ ਨਹੀਂ ਲਿਆ। ਉਨ੍ਹਾਂ ਜੋ ਪ੍ਰਾਪਤ ਕੀਤਾ ਉਹ ਤੱਤ ਨਿਰੰਜਨ ਪਾਰ-ਬ੍ਰਹਮ ਦੀ ਬਖ਼ਸ਼ਿਸ਼ ਦੇ ਰੂਪ ਵਿੱਚ ਧੁਰੋਂ ਲਿਆ ਸੀ। ਬ੍ਰਹਮ ਤੁਲ ਗੁਰੂ ਨਾਨਕ ਜੀ, ਆਪਣੇ ਖਿਆਲ ਆਪ ਬਣਾਉਂਦੇ ਸਨ, ਆਪਣੇ ਸਿਧਾਂਤ ਖ਼ੁਦ ਰੂਪਮਾਨ ਕਰਦੇ ਸਨ। ਗੁਰੂ ਨਾਨਕ ਜੀ ਦਾ ਜੀਵਨ ਘਟਨਾਵਾਂ ਦਾ ਵੇਰਵਾ ਦੇਖੀਏ, ਉਨ੍ਹਾਂ ਦੀ ਬਾਣੀ ਵਿਚਾਰੀਏ ਤਾਂ ਇਹ ਸਾਫ਼ ਸਾਬਤ ਹੁੰਦਾ ਹੈ। ਭਗਤਾਂ ਅਤੇ ਸਤਿਗੁਰੂ ਜੀ ਦਾ ਇਹੋ ਭੇਦ ਹੈ।

ਇਸ ਦੇ ਨਾਲ ਹੀ ਇਹ ਤੱਥ ਵੀ ਵਿਚਾਰਨ ਯੋਗ ਹੈ ਕਿ: ਪੰਜਵੇਂ ਨਾਨਕ ਗੁਰੂ ਅਰਜਨ ਪਾਤਸ਼ਾਹ ਨੇ ਆਦਿ ਗ੍ਰੰਥ (ਗੁਰੂ ਗ੍ਰੰਥ) ਵਿੱਚ ਭਗਤਾਂ ਤੇ ਭੱਟਾਂ ਦੀ ਬਾਣੀ ਨੂੰ ਗੁਰਮਤਿ ਦੀ ਕਸਵੱਟੀ 'ਤੇ ਪਰਖ ਹੀ ਦਰਜ ਕੀਤਾ। ਗੁਰੂ ਸਾਹਿਬ ਨੇ ਪਵਿੱਤਰ ਬਾਣੀ ਦੀ ਚੋਣ ਕਰਨ ਵੇਲੇ ਇਕੋ ਸਾਂਝੇ ਰੱਬ ਦੇ ਸਿਧਾਂਤ ਅਤੇ ਮਨੁੱਖੀ ਭਾਈਚਾਰੇ ਵਿੱਚ ਵਿਸ਼ਵਾਸ਼ ਨੂੰ ਮੁੱਖ ਰੱਖਿਆ। ਵਰਣ ਅਤੇ ਧਰਮ ਦੇ ਆਧਾਰ 'ਤੇ ਮਨੁੱਖਤਾ ਵਿੱਚਕਾਰ ਵਿਤਕਰੇ ਦੀਆਂ ਭੇਦ ਰੇਖਾਵਾਂ ਖਿੱਚਣ ਵਾਲੀ ਸੋਚ ਨੂੰ ਪੂਰੀ ਸਖ਼ਤਾਈ ਨਾਲ ਰੱਦ ਕਰ ਦਿੱਤਾ ਗਿਆ। ਇਹ ਇਕ ਅਜਿਹਾ ਅਸੂਲ ਦਾ ਮਾਮਲਾ ਸੀ ਜਿਸ ਬਾਰੇ ਗੁਰੂ ਅਰਜਨ ਪਾਤਸ਼ਾਹ ਨੇ ਜ਼ਰਾ ਜਿੰਨੀ ਵੀ ਸਿਧਾਂਤਕ ਛੋਟ ਕਿਸੇ ਨੂੰ ਨਹੀਂ ਦਿੱਤੀ। ਗੁਰੂ ਨਾਨਕ ਜੋਤਿ ਦੇ ਆਸ਼ੇ ਦੇ ਉਲਟ ਕਿਸੇ ਵੀ ਭਗਤ, ਭੱਟ ਜਾਂ ਮੁਸਲਮਾਨ ਸੂਫੀ ਸੰਤਾਂ ਦੀ ਸਮੁੱਚੀ ਬਾਣੀ ਗੁਰੂ ਦਾ ਦਰਜਾ ਨਹੀਂ ਰੱਖ ਸਕਦੀ। ਭੱਟਾਂ ਨੇ ਗੁਰੂ ਸਾਹਿਬਾਨ ਦੀ ਇਸ ਸਿਧਾਂਤਕ ਅਡੋਲਤਾ ਦਾ ਉਲੇਖ ਇਸ ਤਰ੍ਹਾਂ ਕੀਤਾ ਹੈ : ਝਖੜ ਵਾਉ ਨ ਡੋਲਦੀ ਪਰਬਤ ਮੇਰਾਣ (ਗੁ: ਗ੍ਰੰ: ਸਾ: ਪੰਨਾ 968) ਇਸ ਵਜ੍ਹਾ ਕਰਕੇ ਸਿਧਾਂਤਕ ਅਸੂਲਾਂ ਅਨੁਸਾਰ ਚੋਣਵੇਂ ਭਗਤਾਂ, ਚੋਣਵੇਂ ਸੂਫੀ ਦਰਵੇਸ਼ਾਂ ਦੀ ਬਾਣੀ ਦੇ ਕੁਝ ਚੋਣਵੇਂ ਭਾਗ ਹੀ ਆਦਿ ਗ੍ਰੰਥ ਵਿੱਚ ਦਰਜ ਕੀਤੇ ਗਏ ਅਤੇ ਉਨ੍ਹਾਂ ਦੀ ਬਾਣੀ ਸਮੁੱਚੇ ਰੂਪ ਵਿੱਚ ਨਹੀਂ ਲਈ ਗਈ। ਦੈਵੀ ਲਿਵ ਵਿੱਚ ਕਿਸੇ ਇਨਸਾਨ ਦੇ ਕੁਝ ਖ਼ਾਲਸ ਅਮਲ ਹੀ ਗੁਰੂ ਨਾਨਕ ਅਮਲ ਦੀ ਸੰਪੂਰਨਤਾ ਦਾ ਅੰਗ ਹਨ।

ਗੁਰੂ ਨਾਨਕ ਦੀ ਪਦ-ਪਦਵੀ ਬਾਰੇ ਲਿਖ ਆਏ ਹਾਂ। ਪਰ ਗੁਰੂ ਨਾਨਕ ਜੋਤਿ ਦੀ ਨਿਰੰਤਰਤਾ ਬਾਰੇ ਵੀ ਸਪੱਸ਼ਟ ਕਰਨਾ ਜਰੂਰੀ ਹੈ। ਆਮ ਆਦਮੀ ਵਾਸਤੇ ਗੁਰੂਆਂ ਦੀ ਗਿਣਤੀ ਦੱਸ ਹੈ ਪਰ ਗੁਰਮਤਿ ਸਿਧਾਂਤ ਅਨੁਸਾਰ ਗੁਰੂ ਕੇਵਲ ਇਕ ਹੀ ਹੈ ਤੇ ਉਹ ਹੈ ਗੁਰੂ ਨਾਨਕ ਜੋਤਿ, ਜਿਸ ਦੀ ਇਲਾਹੀ ਜੋਤਿ ਦੀ ਇਕਸਾਰਤਾ ਤੇ ਏਕਤਾ ਗੁਰਬਾਣੀ ਸਪੱਸ਼ਟ ਕਰਦੀ ਹੈ:

ਨਾਨਕਿ ਰਾਜੁ ਚਲਾਇਆ
ਸਚੁ ਕੋਟੁ ਸਤਾਣੀ ਨੀਵਦੈ॥
ਲਹਣੇ ਧਰਿਓਨੁ ਛਤ੍ਰੁ ਸਿਰਿ ਕਰਿ
ਸਿਫਤੀ ਅੰਮ੍ਰਿਤ ਪੀਵਦੈ॥
ਮਤਿ ਗੁਰ ਆਤਮ ਦੇਵ ਦੀ
ਖੜਗਿ ਜੋਰਿ ਪਰਾਕੁਇ ਜੀਅਦੈ॥
ਗੁਰ ਚੇਲੇ ਰਹਿਰਾਸ ਕੀਈ
ਨਾਨਕਿ ਸਲਾਮਿਤ ਥੀਵਦੈ॥
ਸਹਿ ਟਿਕਾ ਦਿਤੋਸ ਜੀਵਦੈ॥
ਲਹਣੇ ਦੀ ਫੇਰਾਈਐ ਨਾਨਕਾ
ਦੋਹੀ ਖਟੀਐ॥
ਜੋਤਿ ਓਹਾ ਜੁਗਤਿ ਸਾਇ ਸਹਿ
ਕਾਇਆ ਫੇਰਿ ਪਲਟੀਐ॥
ਝੁਲੇ ਸੁ ਛਤੁ ਨਿਰੰਜਨੀ ਮਲਿ
ਤਖਤੁ ਬੈਠਾ ਗੁਰ ਹਟੀਐ॥
(ਗੁ: ਗ੍ਰੰ: ਸਾ: ਪੰਨਾ 966)

ਭਾਵ - ਉਹ ਹੀ ਈਸ਼ਵਰੀ ਨੂਰ ਅਤੇ ਵੈਸੀ ਹੀ ਜੀਵਨ ਰਹੁ ਰੀਤੀ। ਪਾਤਸ਼ਾਹ (ਗੁਰੂ ਨਾਨਕ) ਨੇ ਮੁੜਕੇ ਆਪਣਾ ਸਰੀਰ ਹੀ ਬਦਲਿਆ ਹੈ। ਸੁੰਦਰ ਨਿਰੰਕਾਰੀ ਛਤ੍ਰ ਉਨ੍ਹਾਂ (ਗੁਰੂ ਅੰਗਦ) ਉੱਤੇ ਝੁਲਦਾ ਹੈ ਉਹ ਨਾਨਕ ਵਿੱਚ ਪ੍ਰਵਿਰਤ ਹੋ ਗਏ ਹਨ ਅਤੇ ਉਹ ਉਨ੍ਹਾਂ (ਗੁਰੂ ਨਾਨਕ) ਦੇ ਰਾਜ ਸਿੰਘਾਸਣ ਉੱਤੇ ਬਹਿੰਦੇ ਹਨ। ਭਾਈ ਗੁਰ-ਦਾਸ ਜੀ ਪਹਿਲੀ ਵਾਰ ਦੀ 46ਵੀਂ ਪੌੜੀ ਵਿੱਚ ਗੁਰੂ ਨਾਨਕ ਜੋਤਿ ਪ੍ਰਵਿਰਤੀ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ:

ਮਾਰਿਆ ਸਿਕਾ ਜਗਤਿ ਵਿਚਿ
ਨਾਨਕ ਨਿਰਮਲ ਪੰਥ ਚਲਾਇਆ।
ਥਾਪਿਆ ਲਹਿਣਾ ਜੀਵਦੇ
ਗੁਰਿਆਈ ਸਿਰਿ ਛਤ੍ਰ ਫਿਰਾਇਆ।
ਜੋਤੀ ਜੋਤਿ ਮਿਲਾਇਕੈ ਸਤਿਗੁਰ
ਨਾਨਕ ਰੂਪ ਵਟਾਇਆ।
ਲਖਿ ਨ ਕੋਈ ਸਕਈ ਆਚਰਜੇ
ਆਚਰਜ ਦਿਖਾਇਆ।
ਕਾਇਆ ਪਲਟਿ ਸਰੂਪ ਬਣਾਇਆ।

ਗੁਰੂ ਨਾਨਕ ਸਾਹਿਬ ਨੇ ਲਹਣੇ ਨੂੰ ਆਪਣੇ ਆਤਮਿਕ ਸਰੂਪ ਅਭੇਦ ਕਰਕੇ ਗੁਰੂ-ਚੇਲੇ ਦਾ ਭੇਦ ਖ਼ਤਮ ਕਰ ਦਿੱਤਾ ਅਰਥਾਤ: ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸ਼ ਚਲਾਏ॥ (ਅੰਗ 444)

ਸਿੱਖ ਧਰਮ ਵਿੱਚ ਲੰਗਰ, ਸੰਗਤ, ਪੰਗਤ, ਦਰਬਾਰ ਸਾਹਿਬ, ਗੁਰੂ ਗ੍ਰੰਥ ਸਾਹਿਬ, ਅਕਾਲ ਤਖ਼ਤ, ਮੀਰੀ-ਪੀਰੀ, ਪੰਜ ਪਿਆਰੇ, ਸਿੱਖ-ਸਿੰਘ ਅਤੇ ਗੁਰੂ ਸੰਸਥਾ (ਗੁਰੂ ਸਿਖੁ ਸਿਖੁ ਗੁਰੂ ਹੈ) ਦਾ ਮੂਲ ਗੁਰੂ ਨਾਨਕ ਸਾਹਿਬ ਦੀ ਧੁਰ ਕੀ ਬਾਣੀ ਹੈ। ਗੁਰੂ ਨਾਨਕ ਸਾਹਿਬ ਨੇ ਦੁਨਿਆਵੀ ਤਖ਼ਤ ਨੂੰ ਵੰਗਾਰ ਪਾਉਂਦਿਆਂ ਲੋਕਾਈ ਨੂੰ ਸਮਝਾਇਆ ਕਿ ਅਸਲ ਤਖ਼ਤ ਕਿਹੜਾ ਹੈ, ਗੁਰੂ ਸਾਹਿਬ ਫੁਰਮਾਉਂਦੇ ਹਨ: ਸਾਚੀ ਨਗਰੀ ਤਖ਼ਤੁ ਸਚਾਵਾ॥ ਗੁਰਮੁਖਿ ਸਾਂਚੁ ਮਿਲੈ ਸੁਖੁ ਪਾਵਾ॥ ਸਾਚੇ ਸਾਚੈ ਤਖਤਿ ਵਡਾਈ ਹਉਮੈ ਗਣਤ ਗਵਾਈ ਹੇ॥ (ਅੰਗ 1022)

ਭਾਵ - ਕਿ ਅਕਾਲ ਪੁਰਖ ਦੀ ਨਗਰੀ ਹੀ ਸੱਚ ਹੈ ਅਤੇ ਤਖ਼ਤ ਵੀ, ਉਸ ਸਾਚੀ ਨਗਰੀ ਵਿੱਚ ਵੱਸਦੇ ਸਿੱਖਾਂ ਨੂੰ ਮਿਲ ਸਕਦਾ ਹੈ। ਗੁਰੂ ਨਾਨਕ ਸਾਹਿਬ ਨੇ ਐਸੇ ਗੁਰਮੁਖਿ ਦੀ ਘਾੜਤ ਘੜੀ ਹੈ ਜਿਸ ਦਾ ਬਦਲ ਦੁਨੀਆਂ ਦੇ ਹੋਰ ਕਿਸੇ ਧਰਮ ਵਿੱਚ ਨਹੀਂ ਹੈ। ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਸਰਕਾਰ ਪੱਖੀ ਸਿੱਖ ਵਿਦਵਾਨਾਂ ਵੱਲੋਂ ਗੁਰੂ ਨਾਨਕ ਦੇ ਉਕਤ ਦੈਵੀ ਸਿਧਾਂਤ ਨੂੰ ਗੁਰੂ ਨਾਨਕ ਦੀਆਂ ਸਿੱਖਿਆਵਾਂ ਦਾ ਨਾਂਅ ਦੇਕੇ ਕੇਵਲ ਇਕ ਸੁਧਾਰਕ ਵਜੋਂ ਪਰਚਾਰਿਆ ਜਾ ਰਿਹਾ ਹੈ ਅਤੇ ਗੁਰੂ ਨਾਨਕ ਸਾਹਿਬ ਦੀ ਦੈਵੀ ਗੁਰੂ ਪਦ-ਪਦਵੀ ਨੂੰ ਨਜ਼ਰ ਅੰਦਾਜ਼ ਕਰਕੇ ਉਨ੍ਹਾਂ ਨੂੰ ਦੁਨੀਆਵੀ ਨਾਇਕਾਂ ਦੇ ਬਰਾਬਰ ਖੜ੍ਹਾ ਕੀਤਾ ਜਾ ਰਿਹਾ ਹੈ ਸ੍ਰੀ ਨਰਿੰਦਰ ਮੋਦੀ ਜੀ ਨੇ Sikh Guru tradition is a source for, Ek Bharat, Shresh Bharat : PM Modi on Veer Bal Diwas, 26 December 2022 DQ bAsN EVYC WAEkWA We try to live by the words of Guru Nanak Dev Ji, we read about and follow the example of heroes like Mahrana Partap and Chatarpati. ਭਾਵ ਅਸੀਂ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਅਨੁਸਾਰ ਜੀਊਣ ਦੀ ਕੋਸ਼ਿਸ਼ ਕਰਦੇ ਹਾਂ। ਅਸੀਂ ਮਹਾਰਾਣਾ ਪ੍ਰਤਾਪ ਅਤੇ ਛਤਰਪਤੀ ਵੀਰ ਸ਼ਿਵਾ ਜੀ ਮਹਾਰਾਜ ਵਰਗੇ ਮਹਾਨ ਨਾਇਕਾਂ ਦੀਆਂ ਉਦਾਹਰਣਾਂ ਨੂੰ ਪੜ੍ਹਦੇ ਤੇ ਮੰਨਦੇ ਹਾਂ। ਸ੍ਰੀ ਨਰਿੰਦਰ ਮੋਦੀ ਤੇ ਆਰ. ਐਸ. ਐਸ. ਸਿੱਖ ਗੁਰੂਆਂ ਨੂੰ ਵੀ ਹਿੰਦੂ ਗੁਰੂ ਹੀ ਮੰਨਦੀ ਹੈ ਜਦਕਿ ਹਿੰਦੂ ਗੁਰੂ ਅਤੇ ਸਿੱਖ ਗੁਰੂ ਦਾ ਸਿਧਾਂਤਕ ਪੱਖੋਂ ਜਮੀਨ ਅਸਮਾਨ ਦਾ ਫ਼ਰਕ ਹੈ। ਹਿੰਦੂ ਗੁਰੂ ਦੇ ਸਾਹਮਣੇ ਵਰਣ, ਆਸ਼ਰਮ ਦੀਆਂ ਹਦਾਂ ਹਨ, ਸਿੱਖ ਗੁਰੂ ਅਕਾਲ ਪੁਰਖ ਦੀ ਸੈਭੰ ਬਖ਼ਸ਼ਿਸ਼ ਦੇ ਨੂਰ ਵਿੱਚੋਂ ਪੈਦਾ ਹੁੰਦਾ ਹੈ (ਹਰਿੰਦਰ ਸਿੰਘ ਮਹਿਬੂਬ)


ਅਗਲੇ ਹਫ਼ਤੇ ਪੜ੍ਹੋ ਮੈਕਲੋਡ ਨੇ ਪੱਛਮੀ ਵਿਦਵਾਨਾਂ ਨੂੰ ਸਿੱਖ ਧਰਮ ਵਿਰੋਧੀ ਫਰੇਮਵਰਕ ਕਿਵੇਂ ਤਿਆਰ ਕਰਕੇ ਦਿੱਤਾ।

ਭੁੱਲਾਂ ਚੁੱਕਾਂ ਦੀ ਖਿਮਾਂ

* * * * * * * *

# ਮੁਫਤ ਸਹੂਲਤਾਂ ਨਾਲੋਂ ਅਵਾਰਾ ਡੰਗਰਾਂ ਦੀ ਸੰਭਾਲ ਜਰੂਰੀ

**ਮੇਜਰ ਸਿੰਘ ਨਾਭਾ {ਪਟਿਆਲਾ}**





ਪਿਛਲੇ ਦਿਨੀਂ ਪੰਜਾਬ ਦੇ ਨੌਜਵਾਨ ਗਾਇਕ ਰਾਜਵੀਰ ਜਵੰਧਾ ਦੀ ਹਿਮਾਚਲ ਦੇ ਬੱਦੀ ਨੇੜੇ ਮੋਟਰਸਾਈਕਲ ਉੱਪਰ ਜਾ ਰਹੇ ਦੀ ਅਵਾਰਾ ਗਾਵਾਂ / ਸਾਨ੍ਹਾਂ ਦੇ ਅਚਾਨਕ ਮੂਹਰੇ ਆਉਣ ਕਾਰਨ ਐਕਸੀਡੈਂਟ ਹੋਣ ਕਾਰਨ ਗੰਭੀਰ ਸੱਟਾਂ ਲੱਗੀਆਂ ਅਤੇ ਹਸਪਤਾਲ 'ਚ ਇਲਾਜ਼ ਦੌਰਾਨ ਕਈ ਦਿਨਾਂ ਬਾਅਦ ਮੌਤ ਹੋ ਗਈ।ਇਸ ਦੁੱਖਦਾਈ ਮੌਤ ਨਾਲ ਕਈ ਸਵਾਲ ਖੜ੍ਹੇ ਹਨ । ਹੁਣੇ ਭਾਦਸੋਂ ਨੇੜੇ ਇੱਕ ਹੋਰ ਨੌਜਵਾਨ ਜਿਸ ਦਾ ਵਿਆਹ ਪੰਜ ਦਿਨ ਪਹਿਲਾਂ ਹੋਇਆ ਸੀ , ਦੀ ਮੋਟਰ ਸਾਈਕਲ ਤੇ ਜਾ ਰਹੇ ਦੀ ਆਵਾਰਾ ਡੰਗਰ ਮੂਹਰੇ ਆਉਣ ਕਾਰਨ ਗੰਭੀਰ ਜਖਮੀ ਹੋਣ ਤੇ ਮੌਤ ਹੋ ਗਈ ।ਇਸ ਸਬੰਧੀ ਸਰਕਾਰ ਅਤੇ ਰਾਜਨੀਤਕ ਨੇਤਾ ਚੁੱਪੀ ਧਾਰ ਕੇ ਜ਼ਿੰਮੇਵਾਰੀ ਤੋਂ ਪਾਸਾ ਵੱਟੀ ਬੈਠੇ ਹਨ ।

ਗੱਲ ਮੋਟਰਸਾਈਕਲ ਤੇ ਜਾਣ ਦੀ ਵੀ ਨਹੀਂ ਜੇਕਰ ਕਾਰ / ਗੱਡੀ ਮੂਹਰੇ ਅਚਾਨਕ ਡੰਗਰ ਆ ਜਾਣ ਤਾਂ ਵੀ ਭਿਆਨਕ ਹਾਦਸਾ ਵਾਪਰ ਜਾਂਦਾ ਹੈ ।ਇਹ ਜਾਨਵਰ ਵੀ ਲੋਕਾਂ ਦੇ ਸਤਾਏ ਇੱਧਰ ਉੱਧਰ ਘੁੰਮ ਕੇ ਸਮਾਂ ਬਤੀਤ ਕਰਦੇ ਹਨ । ਇਨ੍ਹਾਂ ਨੂੰ ਵੀ ਬਣਦੀਆਂ ਸਹੂਲਤਾਂ ਦੇ ਕੇ ਜੀਵਨ ਜਿਊਣ ਲਈ ਪ੍ਰਬੰਧ ਕਰਨਾ ਸਰਕਾਰ ਅਤੇ ਸਮਾਜ ਦੇ ਹੱਥ ਹੈ । ਐਕਸੀਡੈਂਟ ਦੇ ਕਾਰਨਾਂ ਦੀ ਗੱਲ ਕੀਤੀ ਜਾਵੇ ਤਾਂ ਮੁੱਖ ਕਾਰਨ ਸੜਕਾਂ ਦੀ ਸੇਫਟੀ ਦੀ ਅਣਹੋਂਦ ਹੀ ਸਾਹਮਣੇ ਆਉਂਦੀ ਹੈ ।ਪੰਜਾਬ ਅੰਦਰ ਮੇਨ ਸੜਕਾਂ ਤੇ ਐਕਸੀਡੈਂਟ ਵਾਪਰਨ ਤੇ ਹਸਪਤਾਲ ਪਹੁੰਚਾਉਣ ਲਈ ਤੁਰੰਤ ਐਂਬੂਲੈਂਸ ਦੇ ਪ੍ਰਬੰਧ ਤਾਂ ਕੀਤੇ ਹੋਏ ਹਨ , ਸਪੈਸ਼ਲ ਫੋਰਸ ਸੜਕਾਂ ਤੇ ਪੈਟਰੋਲਿੰਗ ਕਰਦੀ ਹੈ, ਉਨ੍ਹਾਂ ਲਈ ਨਵੇਂ ਆਧੁਨਿਕ ਮੋਟਰਸਾਈਕਲ, ਜੀਪਾਂ ਆਦਿ ਦਾ ਵੀ ਪ੍ਰਬੰਧ ਹੈ । ਪਰ ਐਕਸੀਡੈਂਟ ਕਿਉਂ ਵਾਪਰਦੇ ਹਨ ਇਸ ਨੂੰ ਵਿਚਾਰਨ ਵਾਲੀ ਗੱਲ ਹੈ ।ਸੜਕਾਂ ਉੱਪਰ ਡੂੰਘੇ ਖੱਡੇ ਨਾਲੋ ਨਾਲ ਪੂਰਨ, ਸੜਕਾਂ ਤੋਂ ਅਵਾਰਾ ਜਾਨਵਰਾਂ ਤੋਂ ਮੁਕਤ ਕਰਾਉਣਾ, ਖਰਾਬ ਹੋਈਆਂ ਖੜੀਆਂ ਗੱਡੀਆਂ ਨੂੰ ਹਟਾਉਣ ਦੀ ਜ਼ਿੰਮੇਵਾਰੀ ਕੌਣ ਲਵੇਗਾ ? ਹਰ ਰੋਜ਼ ਕੋਈ ਨਾ ਕੋਈ ਖਬਰ ਅਵਾਰਾ ਡੰਗਰਾਂ ਨਾਲ ਦੁਰਘਟਨਾ'ਚ ਮਰਨ ਵਾਲਿਆਂ ਦੀ ਹੁੰਦੀ ਹੈ।ਗੱਲ ਤਾਂ ਸਾਰੇ ਰਾਜਾਂ ਦੀ ਹੈ ਪਰ ਦਿਨੋ ਦਿਨ ਪੰਜਾਬ ਅੰਦਰ ਵੱਧ ਰਹੇ ਅਵਾਰਾ ਡੰਗਰਾਂ ਤੋਂ ਲੋਕਾਂ ਦੀਆਂ ਜਾਨਾਂ ਨੂੰ ਵਧੇਰੇ ਖਤਰਾ ਹੋ ਰਿਹਾ ਹੈ।ਪਿਛਲੇ ਸਾਲਾਂ ਦੌਰਾਨ ਪਟਿਆਲਾ ਸ਼ਹਿਰ ਦੇ ਹੀ ਭੂਸਰੇ ਸਾਨ੍ਹਾਂ ਵਲੋਂ ਕਈ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ, ਪ੍ਰਸਾਸਨ ਦੀ ਅਣਗਹਿਲੀ ਖਿਲਾਫ ਅਦਾਲਤਾਂ ਵਿੱਚ ਕਰੋੜਾਂ ਦੇ ਕਲੇਮ ਪੇਸ਼ ਕਰਕੇ ਪੀੜ੍ਹਤ ਪਰਿਵਾਰਾਂ ਵਲੋਂ ਕੇਸ ਕੀਤੇ ਗਏ ਹੋਏ ਹਨ, ਇਸ ਤਰ੍ਹਾਂ ਉਨ੍ਹਾਂ ਦੀ ਵੀ ਖਜਲਖੁਆਰੀ ਹੋ ਰਹੀ ਹੈ । ਸਾਰੇ ਸ਼ਹਿਰਾਂ ਦੀਆਂ ਲੋਕ ਹਿੱਤ 'ਚ ਕੰਮ ਕਰਨ ਵਾਲੀਆਂ ਜਥੇਬੰਦੀਆਂ ਨੂੰ ਵੀ ਅੱਗੇ ਆ ਕੇ ਇਨ੍ਹਾਂ ਅਵਾਰਾ ਡੰਗਰਾਂ ਤੋਂ ਹੋਰ ਜਾਨਾਂ ਬਚਾਉਣ ਲਈ ਸ਼ੰਘਰਸ਼ ਵਿੱਢਣ ਦੀ ਤੁਰੰਤ ਲੋੜ ਹੈ। ਪਾਣੀ ਹੁਣ ਸਿਰ ਤੋਂ ਟੱਪ ਚੁੱਕਿਆ ਹੈ ਕਿਉਂ ਕਿ ਹੁਣ ਇਹ ਅਵਾਰਾ ਡੰਗਰ ਖੂੰਖਾਰ ਜੰਗਲੀ ਬਿਰਤੀ ਦੇ ਬਣ ਚੁੱਕੇ ਹਨ ਜਿਹੜੇ ਕਿ ਸੜਕਾਂ ਤੇ ਤੁਰੇ ਜਾਂਦੇ ਰਾਹੀਆਂ ਨੂੰ ਸਿੰਗਾਂ ਤੇ ਚੁੱਕ ਪਟਕਾ ਪਟਕਾ ਮਾਰ ਰਹੇ ਹਨ।ਇਨ੍ਹਾਂ ਅਵਾਰਾ ਡੰਗਰਾਂ ਦੇ ਝੁੰਡਾਂ ਦੇ ਝੁੰਡ ਸੜਕਾਂ ਤੇ ਫਿਰਦੇ ਅਤੇ ਬੈਠੇ ਦਿਖਾਈ ਆਮ ਦਿੰਦੇ ਹਨ। ਬਹੁਤੀਆਂ ਸੜਕਾਂ ਤੇ ਸੈਰ ਕਰਨ ਵਾਲਿਆਂ ਲਈ ਵੀ ਰਸਤਾ ਸੁਰੱਖਿਅਤ ਨਹੀਂ ਹੈ।ਬਾਂਦਰਾਂ, ਕੁੱਤਿਆਂ ਆਦਿ ਦੀ ਗਿਣਤੀ ਵੀ ਬਹੁਤ ਵੱਧੀ ਹੋਈ ਹੈ।ਸੜਕਾਂ ਤੋਂ ਲੰਘਣ ਵਾਲਿਆਂ ਦੇ ਇਨ੍ਹਾਂ ਅਵਾਰਾ ਡੰਗਰਾਂ, ਬਾਂਦਰਾਂ, ਕੁੱਤਿਆਂ ਆਦਿ ਨਾਲ ਅਨੇਕਾਂ ਵਾਰੀ ਐਕਸੀਡੈਂਟ ਹੋ ਚੁੱਕੇ ਹਨ ।ਕਈ ਜਾਨਾਂ ਵੀ ਜਾ ਚੁੱਕੀਆਂ ਹਨ।ਸਕੂਲਾਂ, ਕਾਲਜਾਂ ਵਿੱਚ ਪੜ੍ਹਦੇ ਬੱਚੇ ਮਜਬੂਰੀਵਸ਼ ਰੋਜ਼ਾਨਾ ਇਨ੍ਹਾਂ ਸੜਕਾਂ ਤੋਂ ਡਰ ਡਰ ਕੇ ਲੰਘਦੇ ਹਨ।ਸਕੂਲ, ਕਾਲਜ ਟਿਊਸ਼ਨ ਜਾਣ ਵਾਲੀਆਂ ਪਿੰਡਾਂ ਤੋਂ ਆਉਣ ਵਾਲੀਆਂ ਇੱਕਲੀਆਂ ਲੜਕੀਆਂ ਲਈ ਇਨ੍ਹਾਂ ਸੜਕਾਂ ਤੋਂ ਲੰਘਣਾ ਹੋਰ ਵੀ ਮੁਸ਼ਕਲ ਹੈ।

ਮਾਪਿਆਂ ਦੇ ਆਪਣੇ ਬੱਚਿਆਂ ਦੇ ਸਹੀ ਸਲਾਮਤ ਘਰ ਆਉਣ ਤੱਕ ਸਾਹ ਸੂਤੇ ਰਹਿੰਦੇ ਹਨ।ਭੂਸਰੇ ਸਾਨ੍ਹ ਕਈ ਵਾਰ ਲੰਘ ਰਹੇ ਰਾਹੀਆਂ ਤੇ ਹਮਲਾ ਕਰਕੇ ਜਖ਼ਮੀ ਕਰ ਦਿੰਦੇ ਹਨ।ਇਨ੍ਹਾਂ ਅਵਾਰਾ ਡੰਗਰਾਂ ਲਈ ਚਾਰਾ ਅਕਸਰ ਹੀ ਲੋਕ ਸੜਕ ਦੇ ਕਿਨਾਰਿਆਂ ਤੇ ਸੁੱਟ ਜਾਂਦੇ ਹਨ ਜਿਸ ਨਾਲ ਕਈ ਵਾਰੀ ਲੰਘ ਰਹੇ ਰਾਹੀਆਂ ਦੇ ਐਕਸੀਡੈਂਟ ਹੋ ਜਾਂਦੇ ਹਨ ਕਿਉਂਕਿ ਕਈ ਵਾਰੀ ਦੂਸਰੀ ਸਾਈਡ ਤੋਂ ਡੰਗਰ ਦੌੜ ਕੇ ਖਾਣ ਲਈ ਆਉਂਦੇ ਹਨ।

ਲੋਕ ਸ਼ਾਇਦ ਦਾਨ ਪੁੰਨ ਦੀ ਭਾਵਨਾ ਨਾਲ ਖਾਣ ਵਾਲੀਆਂ ਵਸਤਾਂ ਪਾ ਕੇ ਜਾਂਦੇ ਹਨ ਪਰ ਉਹ ਇਹ ਨਹੀਂ ਸੋਚਦੇ ਕਿ ਇਸ ਤਰ੍ਹਾਂ ਸੜਕ ਤੇ ਗੰਦ ਅਤੇ ਆਵਾਜਾਈ 'ਚ ਵਿਘਣ ਵੀ ਪੈਂਦਾ ਹੈ ।ਇਸ ਤਰ੍ਹਾਂ ਅਣਜਾਣ ਰਾਹਗੀਰਾਂ ਲਈ ਇਥੋਂ ਲੰਘਣਾ ਖਤਰੇ ਤੋਂ ਬਾਹਰ ਨਹੀਂ ਹੁੰਦਾ।ਗਊਧਨ ਨੂੰ ਸਾਂਭਣ ਲਈ ਭਾਵੇਂ ਸਰਕਾਰ ਨੇ ਪੰਜਾਬ ਗਊ ਸੇਵਾ ਕਮਿਸ਼ਨ ਐਕਟ, 2014 ਅਧੀਨ 'ਪੰਜਾਬ ਗਊ ਸੇਵਾ ਕਮਿਸ਼ਨ' ਦੀ ਸਥਾਪਨਾ ਕੀਤੀ ਗਈ ਹੈ ਜਿਸ ਵਿੱਚ ਗਊ, ਸਾਨ੍ਹ, ਬਲਦ, ਵੱਛੇ-ਵੱਛੜੀਆਂ ਦੀ ਸੁਰੱਖਿਆ ਅਤੇ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।ਇਸ ਲਈ ਫੰਡ ਦੀ ਬਜਟ ਵਿੱਚ ਵਿਵਸਥਾ ਕੀਤੀ ਜਾਂਦੀ ਹੈ ਜਿਸ ਨਾਲ ਗਊ-ਪਰਿਵਾਰ ਦੀ ਸੰਭਾਲ ਕਰਨੀ ਹੈ ਅਤੇ ਮੱਨੁਖੀ ਅੱਤਿਆਚਾਰ ਤੋਂ ਇਨ੍ਹਾਂ ਬੇਜੁਬਾਨਾਂ ਜਾਨਵਰਾਂ ਨੂੰ ਬਚਾਉਣਾ ਹੈ।ਵਧੇਰੇ ਫੰਡ ਲਈ ਸਥਾਨਕ ਸਰਕਾਰਾਂ ਵਲੋਂ ਗਊ ਸੈੱਸ ਵੀ ਲਾ ਰੱਖਿਆ ਹੈ।ਸਾਨੂੰ ਖਰੀਦਦਾਰੀ ਕਰਦੇ ਸਮੇਂ ਗਊ ਸੈੱਸ ਵੀ ਦੇਣਾ ਪੈਂਦਾ ਹੈ। ਪਰ ਗਊਧਨ ਦੀ ਸੰਭਾਲ ਲਈ ਸਰਕਾਰ ਵਲੋਂ ਕੋਈ ਠੋਸ ਨੀਤੀ ਸਾਹਮਣੇ ਨਹੀਂ ਆਈ।ਬਾਜ਼ਾਰਾਂ ਵਿੱਚ ਆਮ ਆਵਾਰਾ ਡੰਗਰ ਘੁੰਮ ਰਹੇ ਹਨ ਜੋ ਲੋਕਾਂ ਦਾ ਜਾਨ ਅਤੇ ਮਾਲ ਦਾ ਨੁਕਸਾਨ ਅਕਸਰ ਕਰਦੇ ਰਹਿੰਦੇ ਹਨ।ਸ਼ੋਸ਼ਲ ਮੀਡੀਆ ਤੇ ਲੜਦੇ ਭਿੜਦੇ ਡੰਗਰਾਂ ਨਾਲ ਰਾਹਗੀਰਾਂ ਦੇ ਹੋਏ ਐਕਸ਼ੀਡੈਂਟਾਂ ਕਾਰਣ ਹੋਈਆਂ ਮੌਤਾਂ ਦੀਆਂ ਵੀਡੀਉਜ਼ ਅਕਸਰ ਦੇਖਣ ਨੂੰ ਮਿਲਦੀਆਂ ਹਨ।ਸਰਕਾਰਾਂ ਵਲੋਂ ਅਵਾਰਾ ਡੰਗਰਾਂ ਦੀ ਸਾਂਭ ਸੰਭਾਲ ਲਈ ਕੋਈ ਠੋਸ ਨੀਤੀ ਨਹੀਂ ਸਾਹਮਣੇ ਆਈ , ਕਾਗਜ਼ੀ ਕਾਰਵਾਈ ਕਈ ਵਾਰੀ ਜਰੂਰ ਕੀਤੀ ਜਾਂਦੀ ਹੈ ਜਿਸ ਦਾ ਕੋਈ ਨਤੀਜਾ ਕਦੇ ਸਾਹਮਣੇ ਨਹੀਂ ਆਇਆ । ਪਿਛਲੇ ਸਮੇਂ ਪਟਿਆਲਾ ਜਿਲ੍ਹੇ ਦੇ ਕਈ ਡਿਪਟੀ ਕਮਿਸ਼ਨਰਾਂ ਨੇ ਸੜਕਾਂ ਤੇ ਅਵਾਰਾ ਘੁੰਮਣ ਫਿਰਨ ਵਾਲੇ ਡੰਗਰਾਂ ਨੂੰ ਜਿਲ੍ਹੇ ਅੰਦਰ ਗਊਸਾਲਾਵਾਂ ਵਿੱਚ ਭੇਜਣ ਲਈ ਜਿਲ੍ਹੇ ਦੇ ਸਬੰਧਤ ਅਧਿਕਾਰੀਆਂ ਅਤੇ ਗਊਸ਼ਾਲਾਵਾਂ ਦੇ ਪ੍ਰਬੰਧਕਾਂ ਨਾਲ ਮੀਟਿੰਗਾਂ ਕਰਕੇ ਸ਼ਲਾਘਾ ਯੋਗ ਕਦਮ ਉਠਾਇਆ ਤਾਂ ਸੀ । ਆਸ ਸੀ ਕਿ ਇਨ੍ਹਾਂ ਮੀਟਿੰਗਾਂ ਦਾ ਨਤੀਜਾ ਘੱਟੋ ਘੱਟ ਇਸ ਜਿਲ੍ਹੇ 'ਚ ਤਾਂ ਚੰਗਾ ਆਵੇਗਾ ਪਰ ਇਹ ਨਹੀਂ ਹੋ ਸਕਿਆ ।ਇਹ ਬਹੁਤ ਵੱਡਾ ਮਸਲਾ ਨਹੀਂ ਹੈ ਜੋ ਹੱਲ ਨਹੀਂ ਹੋ ਸਕਦਾ , ਅਗਰ ਸਰਕਾਰ ਸੁਹਿਰਦਾ ਨਾਲ ਇਸ ਵੱਲ ਧਿਆਨ ਲੋਕਾਂ ਦੇ ਸਹਿਯੋਗ ਨਾਲ ਦੇਵੇ ਤਾਂ ਇਹ ਕੋਈ ਵੱਡੀ ਗੱਲ ਨਹੀਂ ਹੋਵੇਗੀ ਜਿਸ ਨਾਲ ਬਹੁਤ ਸਾਰੀਆਂ ਕੀਮਤੀ ਜਾਨਾਂ ਅਜਾਈਂ ਜਾਣ ਤੋਂ , ਕਿਸਾਨਾਂ ਦੀਆਂ ਫਸਲਾਂ ਦੇ ਉਜਾੜੇ ਆਦਿ ਤੋਂ ਵੀ ਰਾਹਤ ਮਿਲੇਗੀ ।ਹੁਣੇ ਹੀ ਆਏ ਹੜ੍ਹਾਂ ਵਿੱਚ ਪ੍ਰਭਾਵਿਤ ਪੰਜਾਬੀਆਂ ਲਈ ਥਾਂ ਥਾਂ ਬੈਠੇ ਪੰਜਾਬੀਆਂ ਨੇ ਜੋ ਮਦਦ ਕੀਤੀ ਹੈ ਉਸ ਦੀ ਨਵੀਂ ਮਿਸਾਲ ਪੈਦਾ ਕਰਕੇ ਇਤਿਹਾਸ ਸਿਰਜ ਦਿੱਤਾ ਹੈ । ਫਿਰ ਇਹ ਗਊ ਧਨ ਨੂੰ ਸਾਂਭਣਾ ਕੋਈ ਵੱ ਗੱਲ ਨਹੀਂ , ਹਿੰਦੂ ਵੀਰਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਤਾਂ ਸਾਰੇ ਪੰਜਾਬੀ ਇਸ ਇਸ ਮੰਦ ਘਟਨਾ ਤੋਂ ਅੱਗੇ ਤੋਂ ਛੁਟਕਾਰਾ ਪਾਉਣ ਲਈ ਜਰੂਰ ਸਹਿਯੋਗ ਦੇਣਗੇ ।ਕਲਾਕਾਰ ਰਹਿ ਚੁੱਕੇ ਪੰਜਾਬ ਦੇ ਮੁੱਖ ਮੰਤਰੀ ਨੂੰ ਵੀ ਤੁਰੰਤ ਇਸ ਸਬੰਧੀ ਫੈਸਲਾ ਲੈ ਕੇ ਸੜਕਾਂ ਨੂੰ ਸੁਰੱਖਿਅਤ ਬਣਾ ਕੇ ਇਨ੍ਹਾਂ ਅਵਾਰਾ ਡੰਗਰਾਂ ਦਾ ਤੁਰੰਤ ਹੱਲ ਕਰਨਾ ਚਾਹੀਦਾ ਹੈ ਤਾਂ ਕਿ ਇਹੋ ਜਿਹੀਆਂ ਮੰਦਭਾਗੀ ਘਟਨਾਵਾਂ ਨਾ ਵਾਪਰਨ। ਇਹੋ ਫੈਸਲਾ ਸਰਕਾਰ ਲਈ ਰਾਜਵੀਰ ਜਵੰਧਾ ਲਈ ਸੱਚੀ ਸਰਧਾਂਜਲੀ ਹੋਵੇਗਾ। ਇਸ ਕੰਮ ਲਈ ਆਸ ਹੈ ਕਿ ਪਹਿਲਾਂ ਹੜ੍ਹਾਂ ਦੌਰਾਨ ਕੀਤੀ ਮਦਦ ਦੀ ਤਰ੍ਹਾਂ ਸਾਰੇ ਕਲਾਕਾਰ, ਸਮਾਜ ਸੇਵੀ ਸੰਸਥਾਵਾਂ ਵੀ ਇਸ ਨੇਕ ਕੰਮ ਵਿੱਚ ਸਰਕਾਰ ਨੂੰ ਆਪਣਾ ਬਣਦਾ ਯੋਗਦਾਨ ਪਾਉਣਗੇ ।

ਲੋਕਤੰਤਰੀ ਸਰਕਾਰ ਦਾ ਫਰਜ ਹੈ ਕਿ ਉਹ ਲੋਕਾਂ ਦੀਆਂ ਗੰਭੀਰ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰੇ।ਜੇ ਸਰਕਾਰ ਸੁਹਿਰਦਤਾ ਨਾਲ ਲੋਕਾਂ ਦੀ ਆਵਾਜ਼ ਸੁਣੇਗੀ ਤਾਂ ਹੀ ਉਹ ਲੋਕਾਂ 'ਚ ਲੋਕਪ੍ਰਿਆ ਹੋ ਸਕਦੀ ਹੈ।ਜੇ ਸਰਕਾਰ ਬਿਜਲੀ ਬਿਲ ਮੁਆਫ ਕਰ ਸਕਦੀ ਹੈ, ਬਸਾਂ 'ਚ ਔਰਤਾਂ ਲਈ ਮੁਫਤ ਸਫਰ ਦੇ ਸਕਦੀ ਹੈ, ਔਰਤਾਂ ਨੂੰ 1000 ਰੁ: ਪ੍ਰਤੀ ਮਹੀਨਾ ਦੇਣ ਦੀ ਵਿਵਸਥਾ ਕਰ ਸਕਦੀ ਹੈ, ਜਿਸ ਨਾਲ ਅਰਬਾਂ ਦਾ ਖਰਚਾ ਹੋ ਰਿਹਾ ਹੈ ਤਾਂ ਇਨ੍ਹਾਂ ਜੰਗਲੀ ਜੀਵਾਂ ਅਤੇ ਅਵਾਰਾ ਡੰਗਰਾਂ, ਕੁਤਿਆਂ ਆਦਿ ਤੋਂ ਕੀਮਤੀ ਜਾਨਾਂ ਬਚਾਉਣ ਲਈ ਠੋਸ ਉਪਰਾਲਾ ਕਿਉਂ ਨਹੀਂ ਕਰ ਸਕਦੀ ?

.ਮੋ:9463553962

**ਇਨ੍ਹਾਂ ਅਵਾਰਾ ਡੰਗਰਾਂ ਦੇ ਝੁੰਡਾਂ ਦੇ ਝੁੰਡ ਸੜਕਾਂ ਤੇ ਫਿਰਦੇ ਅਤੇ ਬੈਠੇ ਦਿਖਾਈ ਆਮ ਦਿੰਦੇ ਹਨ। ਬਹੁਤੀਆਂ ਸੜਕਾਂ ਤੇ ਸੈਰ ਕਰਨ ਵਾਲਿਆਂ ਲਈ ਵੀ ਰਸਤਾ ਸੁਰੱਖਿਅਤ ਨਹੀਂ ਹੈ।ਬਾਂਦਰਾਂ, ਕੁੱਤਿਆਂ ਆਦਿ ਦੀ ਗਿਣਤੀ ਵੀ ਬਹੁਤ ਵੱਧੀ ਹੋਈ ਹੈ।ਸੜਕਾਂ ਤੋਂ ਲੰਘਣ ਵਾਲਿਆਂ ਦੇ ਇਨ੍ਹਾਂ ਅਵਾਰਾ ਡੰਗਰਾਂ, ਬਾਂਦਰਾਂ, ਕੁੱਤਿਆਂ ਆਦਿ ਨਾਲ ਅਨੇਕਾਂ ਵਾਰੀ ਐਕਸੀਡੈਂਟ ਹੋ ਚੁੱਕੇ ਹਨ ।ਕਈ ਜਾਨਾਂ ਵੀ ਜਾ ਚੁੱਕੀਆਂ ਹਨ।ਸਕੂਲਾਂ, ਕਾਲਜਾਂ ਵਿੱਚ ਪੜ੍ਹਦੇ ਬੱਚੇ ਮਜਬੂਰੀਵਸ਼ ਰੋਜ਼ਾਨਾ ਇਨ੍ਹਾਂ ਸੜਕਾਂ ਤੋਂ ਡਰ ਡਰ ਕੇ ਲੰਘਦੇ ਹਨ।ਸਕੂਲ, ਕਾਲਜ ਟਿਊਸ਼ਨ ਜਾਣ ਵਾਲੀਆਂ ਪਿੰਡਾਂ ਤੋਂ ਆਉਣ ਵਾਲੀਆਂ ਇੱਕਲੀਆਂ ਲੜਕੀਆਂ ਲਈ ਇਨ੍ਹਾਂ ਸੜਕਾਂ ਤੋਂ ਲੰਘਣਾ ਹੋਰ ਵੀ ਮੁਸ਼ਕਲ ਹੈ।**

# ਗੁਰਬਾਣੀ ਦੇ ਟੀਕਾਕਾਰ ਪ੍ਰੋ: ਸਾਹਿਬ ਸਿੰਘ ਨੂੰ ਯਾਦ ਕਰਦਿਆਂ

**29 ਅਕਤੂਬਰ ਬਰਸੀ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਆਪਣੀ ਧੁਨ ਦੇ ਪੱਕੇ ਨਿਸ਼ਠਾਵਾਨ ਅਤੇ ਆਪਣੇ ਕਾਰਜ ਨੂੰ ਸਮਰਪਿਤ ਵਿਦਵਾਨਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਪ੍ਰੋ: ਸਾਹਿਬ ਸਿੰਘ ਅਜਿਹੀ ਸ਼ਖ਼ਸੀਅਤ ਦੇ ਮਾਲਕ ਸਨ, ਜਿਨ੍ਹਾਂ ਪਾਵਨ ਗੁਰਬਾਣੀ ਦੀ ਅਰਥਾਂ ਸਹਿਤ ਵਿਆਖਿਆ, ਟੀਕਾਕਾਰੀ ਅਤੇ ਗੁਰਬਾਣੀ ਵਿਆਕਰਣ 'ਤੇ ਨਿੱਠ ਕੇ ਸਖ਼ਤ ਘਾਲਣਾ ਘਾਲੀ। ਅੱਜ ਵੀ ਪ੍ਰੋ: ਸਾਹਿਬ ਸਿੰਘ ਹੋਰਾਂ ਨੂੰ ਉਨ੍ਹਾਂ ਨੂੰ ਪਿਆਰ ਕਰਨ ਵਾਲੇ ਬੜੀ ਸ਼ਰਧਾ ਤੇ ਸਤਿਕਾਰ ਨਾਲ ਯਾਦ ਕਰਦੇ ਹਨ। ਪ੍ਰੋ: ਸਾਹਿਬ ਸਿੰਘ ਦਾ ਜਨਮ ਫੱਤੇਵਾਲੀ ਜ਼ਿਲ੍ਹਾ ਸਿਆਲਕੋਟ (ਲਹਿੰਦੇ ਪੰਜਾਬ) ਵਿੱਚ ਪਿਤਾ ਭਾਈ ਹੀਰਾ ਚੰਦ ਅਤੇ ਮਾਤਾ ਨਿਹਾਲ ਦੇਵੀ ਦੇ ਘਰ 16 ਫ਼ਰਵਰੀ, 1892 ਈ: ਨੂੰ ਹੋਇਆ। ਭਾਈ ਹੀਰਾ ਚੰਦ ਨੂੰ ਰੋਜ਼ੀ-ਰੋਟੀ ਖਾਤਰ ਆਪਣਾ ਪਿੰਡ ਛੱਡ ਕੇ ਬਰਪਾਲ ਪਿੰਡ ਵਿੱਚ ਨਿਵਾਸ ਕਰਨਾ ਪਿਆ। ਇਸੇ ਪਿੰਡ ਦੇ ਨੇੜੇ ਕਸਬਾ ਫਤਹਿਗੜ੍ਹ ਤੋਂ ਪ੍ਰੋ: ਸਾਹਿਬ ਸਿੰਘ ਨੇ ਅੱਠਵੀਂ ਦਾ ਇਮਤਿਹਾਨ ਪਾਸ ਕੀਤਾ। ਦੱਸਵੀਂ ਪਾਸ ਕਰਨ ਲਈ ਪਸਰੂਰ ਦੇ ਹਾਈ ਸਕੂਲ ਵਿੱਚ ਦਾਖਲਾ ਪ੍ਰਾਪਤ ਕੀਤਾ। ਪ੍ਰੋ: ਸਾਹਿਬ ਸਿੰਘ ਦਾ ਨਾਂਅ ਅੰਮ੍ਰਿਤਪਾਨ ਕਰਨ ਤੋਂ ਪਹਿਲਾਂ ਨੱਥੂ ਰਾਮ ਸੀ। ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕਰਨ ਤੋਂ ਬਾਅਦ ਹੀਰਾ ਚੰਦ ਦਾ ਇਹ ਸਪੁੱਤਰ ਹੁਣ ਸਾਹਿਬ ਸਿੰਘ ਬਣ ਗਿਆ। ਪ੍ਰੋ: ਸਾਹਿਬ ਸਿੰਘ ਨੇ ਨੌਵੀਂ ਸ਼੍ਰੇਣੀ ਤੋਂ ਸੰਸਕ੍ਰਿਤ ਪੜ੍ਹਨੀ ਸ਼ੁਰੂ ਕੀਤੀ। ਦੱਸਵੀਂ ਤੋਂ ਪਿੱਛੋਂ ਇਹ ਨੌਜਵਾਨ ਅਗਾਂਹ ਨਹੀਂ ਪੜ੍ਹ ਸਕਿਆ ਕਿਉਂਕਿ ਪਿਤਾ ਜੀ ਦਾ ਸਾਇਆ 15 ਸਾਲ ਦੀ ਉਮਰ ਵਿੱਚ ਸਿਰ ਤੋਂ ਉੱਠ ਗਿਆ। ਪਿਤਾ ਜੀ ਦੇ ਅਕਾਲ ਚਲਾਣੇ ਤੋਂ ਪਿੱਛੋਂ ਘਰ ਵਿੱਚ ਆਰਥਿਕ ਤੰਗੀ ਵੱਧ ਗਈ। ਇਸ ਕਰਕੇ ਕੁਝ ਸਮੇਂ ਲਈ ਡਾਕਖਾਨੇ ਅਤੇ ਸਕੂਲ ਵਿੱਚ ਨੌਕਰੀ ਕਰਨੀ ਪਈ। ਪਰ ਪੜ੍ਹਾਈ ਵਿੱਚ ਪ੍ਰਬਲ ਰੁਚੀ ਹੋਣ ਕਰਕੇ ਨੌਕਰੀ ਛੱਡ ਕੇ ਫਿਰ ਪੜ੍ਹਨਾ ਸ਼ੁਰੂ ਕਰ ਦਿੱਤਾ। 1913 ਵਿੱਚ ਦਿਆਲ ਸਿੰਘ ਕਾਲਜ ਲਾਹੌਰ ਤੋਂ ਐਫ਼.ਏ. ਅਤੇ 1915 ਵਿੱਚ ਗੌਰਮਿੰਟ ਕਾਲਜ ਲਾਹੌਰ ਤੋਂ ਬੈਚੂਲਰ ਦੀ ਡਿਗਰੀ ਪ੍ਰਾਪਤ ਕੀਤੀ।

ਆਪ ਦੀ ਪਹਿਲੀ ਨਿਯੁਕਤੀ ਖਾਲਸਾ ਹਾਈ ਸਕੂਲ ਫਾਰੂਕਾ ਵਿਖੇ ਬਤੌਰ ਅਧਿਆਪਕ ਵਜੋਂ ਹੋਈ। ਇਸ ਤੋਂ ਪਿੱਛੋਂ 1917 ਈ: ਵਿੱਚ ਗੁਰੂ ਨਾਨਕ ਕਾਲਜ ਗੁਜਰਾਂਵਾਲਾ ਵਿਖੇ ਲੈਕਚਰਾਰ ਨਿਯੁਕਤ ਹੋਏ। 1921 ਈ: ਵਿੱਚ ਨਵੀਂ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਸੁਪਰਡੈਂਟ ਅਤੇ ਮੀਤ ਸਕੱਤਰ ਵਜੋਂ ਵੀ ਸੇਵਾਵਾਂ ਨਿਭਾਈਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਕੁਝ ਸਾਲ ਸੇਵਾ ਨਿਭਾਉਣ ਤੋਂ ਬਾਅਦ 1929 ਈ: ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਧਰਮ ਅਧਿਐਨ ਦੇ ਲੈਕਚਰਾਰ ਨਿਯੁਕਤ ਹੋਏ। ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਲਗਾਤਾਰ 23-24 ਸਾਲ ਹਜ਼ਾਰਾਂ ਵਿਦਿਆਰਥੀਆਂ ਨੂੰ ਸਿੱਖ ਧਰਮ ਦਾ ਡੂੰਘਾ ਅਧਿਐਨ ਕਰਵਾਇਆ। ਜਦੋਂ 1952 ਵਿੱਚ ਦੇਸ਼ ਦੀ ਅਜ਼ਾਦੀ ਪਿੱਛੋਂ ਖਾਲਸਾ ਕਾਲਜ ਤੋਂ ਸੇਵਾ ਮੁਕਤ ਹੋਏ ਤਾਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਖੇ



ਪ੍ਰਿੰਸੀਪਲ ਨਿਯੁਕਤ ਹੋਏ। ਗੁਰਦੁਆਰਾ ਸੁਧਾਰ ਲਹਿਰ ਦੌਰਾਨ ਗੁਰੂ ਕੇ ਬਾਗ ਅਤੇ ਜੈਤੋ ਦੇ ਮੋਰਚੇ ਦੌਰਾਨ ਗ੍ਰਿਫ਼ਤਾਰ ਹੋ ਕੇ ਜੇਲ੍ਹ ਯਾਤਰਾ ਵੀ ਕੀਤੀ।

ਪ੍ਰੋ: ਸਾਹਿਬ ਸਿੰਘ ਹੋਰਾਂ ਉੱਘੇ ਸਿੱਖ ਚਿੰਤਕ ਤੇ ਪੰਜਾਬੀ ਦੇ ਉੱਘੇ ਵਾਰਤਾਕਾਰ ਪ੍ਰਿੰਸੀਪਲ ਜੋਧ ਸਿੰਘ ਦੇ ਪ੍ਰਭਾਵ ਨੂੰ ਕਬੂਲਦਿਆਂ ਗੁਰਬਾਣੀ ਦੀ ਵਿਆਖਿਆ ਕਰਨੀ ਸ਼ੁਰੂ ਕੀਤੀ। ਵਿਆਖਿਆ ਵਿੱਚ ਰੁਚੀ ਹੋਣ ਕਰਕੇ 1929 ਵਿੱਚ ਗੁਰਬਾਣੀ ਵਿਆਕਰਣ ਪੁਸਤਕ ਦੀ ਪ੍ਰਕਾਸ਼ਨਾ ਕਰਵਾਈ। ਇਸ ਪੁਸਤਕ ਨੂੰ ਸਿੱਖ ਵਿਦਵਾਨਾਂ, ਗੁਰਬਾਣੀ ਦੇ ਖੋਜੀਆਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਵਿਆਕਰਣ ਦੀ ਰੌਸ਼ਨੀ ਵਿੱਚ ਵੱਖ-ਵੱਖ ਬਾਣੀਆਂ ਦੇ ਟੀਕੇ ਵੀ ਲਿਖੇ। ਇਸ ਤੋਂ ਪਿੱਛੋਂ ਇਨ੍ਹਾਂ ਸਾਰੇ ਟੀਕਿਆਂ ਨੂੰ ਲੈ ਕੇ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਸ੍ਰੀ ਗੁਰੂ ਸਾਹਿਬ ਦਰਪਨ ਦੱਸ ਭਾਗਾਂ ਵਿੱਚ ਲਿਖ ਕੇ 1962 ਤੋਂ 1964 ਈ: ਤੱਕ ਇਸ ਦੇ ਪ੍ਰਕਾਸ਼ਨ ਦਾ ਮਹਾਨ ਕਾਰਜ ਕੀਤਾ। ਪ੍ਰੋ: ਸਾਹਿਬ ਨੇ ਦੂਸਰਾ ਵੱਡਾ ਕਾਰਜ 14 ਪੁਸਤਕਾਂ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਗੁਰਬਾਣੀ ਸਬੰਧੀ ਖੋਜ ਭਰਪੂਰ ਲੇਖ ਸੰਗ੍ਰਿਹ ਵਜੋਂ ਛਾਪ ਕੇ ਪਾਠਕਾਂ ਦੀ ਝੋਲੀ ਪਾਈਆਂ।

ਸਾਂਝੇ ਪੰਜਾਬ ਵਿੱਚ ਪੈਪਸੂ ਦੀ ਸਰਕਾਰ ਵੱਲੋਂ 1952 ਈ: ਵਿੱਚ ਇਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। 1970 ਈ: ਵਿੱਚ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਪ੍ਰੋ: ਸਾਹਿਬ ਨੂੰ ਫੈਲੋਸ਼ਿਪ ਦੇ ਕੇ ਮਾਣ ਦਿੱਤਾ ਗਿਆ। ਉਨ੍ਹਾਂ ਦੀਆਂ ਕਈ ਪੁਸਤਕਾਂ ਨੂੰ ਵੀ ਸਨਮਾਨ ਪ੍ਰਾਪਤ ਹੋਏ। ਗੁਰਬਾਣੀ ਦੀ ਵਿਆਖਿਆਕਾਰੀ ਅਤੇ ਟੀਕਾਕਾਰੀ ਵਿੱਚ ਆਪਣੀ ਨਿਵੇਕਲੀ ਤੇ ਵੱਖਰੀ ਪਛਾਣ ਰੱਖਣ ਵਾਲਾ ਗੁਰਮਤਿ ਖੋਜੀ ਸਾਹਿਤਕਾਰ 29 ਅਕਤੂਬਰ 1977 ਨੂੰ ਇਸ ਸੰਸਾਰ ਨੂੰ ਹਮੇਸ਼ਾਂ ਲਈ ਅਲਵਿਦਾ ਆਖ ਗਿਆ।

# ਅਮਰੀਕਾ ਵਿਚੋਂ ਹਜ਼ਾਰਾਂ ਪੰਜਾਬੀਆਂ ਦਾ ਜੁੱਲੀ-ਬਿਸਤਰਾ ਗੋਲ

ਕੈਲੇਫੋਰਨੀਆ : ਟਰੰਪ ਦੇ ਇੰਮੀਗ੍ਰੇਸ਼ਨ ਛਾਪਿਆਂ ਅੱਗੇ ਹਜ਼ਾਰਾਂ ਪੰਜਾਬੀਆਂ ਦੇ ਹੌਸਲੇ ਪਸਤ ਹੋ ਚੁੱਕੇ ਹਨ ਅਤੇ ਹੁਣ ਉਨ੍ਹਾਂ ਨੇ ਅਮਰੀਕਾ ਵਿਚੋਂ ਜੁੱਲੀ ਬਿਸਤਰਾ ਗੋਲ ਕਰਨਾ ਸ਼ੁਰੂ ਕਰ ਦਿਤਾ ਹੈ। ਹਰ ਵੇਲੇ ਮਨ ਵਿਚ ਡਰ ਲੈ ਕੇ ਜਿਊਣਾ ਸੌਖਾ ਨਹੀਂ ਜਿਸ ਨੂੰ ਵੇਖਦਿਆਂ ਕੁਝ ਟੋਲੀਆਂ ਕੈਨੇਡਾ ਦਾ ਬਾਰਡਰ ਟੱਪਣ ਦੀ ਯੋਜਨਾ ਬਣਾ ਰਹੀਆਂ ਹਨ। ਪ੍ਰਾਪਤ ਜਾਣਕਾਰੀ ਮੁਤਾਬਕ ਇਕੱਲੇ ਕੈਲੇਫੋਰਨੀਆ ਸੂਬੇ ਤੋਂ ਅਗਸਤ ਅਤੇ ਸਤੰਬਰ ਮਹੀਨੇ ਦੌਰਾਨ ਤਕਰੀਬਨ 3,400 ਪ੍ਰਵਾਸੀ ਭਾਰਤ ਦਾ ਜਹਾਜ਼ ਚੜ੍ਹ ਗਏ ਅਤੇ ਆਉਣ ਵਾਲੇ ਦਿਨਾਂ ਵਿਚ ਇਹ ਅੰਕੜਾ ਕਈ ਗੁਣਾ ਵਧ ਸਕਦਾ ਹੈ। ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਤੋਂ ਸੰਕੇਤ ਆਉਣੇ ਸ਼ੁਰੂ ਹੋ ਚੁੱਕੇ ਹਨ ਕਿ ਅਸਾਇਲਮ ਕਲੇਮਜ਼ ਵਿਚੋਂ ਸਿਰਫ਼ ਚੋਣਵੀਆਂ ਅਰਜ਼ੀਆਂ ਫ਼ਰਸਤੁੱ-ਤੇ ਵਿਚਾਰ ਹੋਵੇਗਾ ਅਤੇ ਜ਼ਿਆਦਾਤਰ ਰੱਦ ਕੀਤੀਆਂ ਜਾ ਸਕਦੀਆਂ ਹਨ। ਭਾਰਤ ਦਾ ਜਹਾਜ਼ ਗੈਰਕਾਨੂੰਨੀ ਤਰੀਕੇ ਨਾਲ ਬਾਰਡਰ ਪਾਰ ਕਰਨ ਵਾਲਿਆਂ ਉਤੇ ਸਭ ਤੋਂ ਵੱਧ ਮਾਰ ਪਵੇਗੀ ਪਰ ਵਿਜ਼ਟਰ ਵੀਜ਼ਾ ਫ਼ਰਸਤੁੱਤੇ ਅਮਰੀਕਾ ਪੁੱਜਣ ਮਗਰੋਂ ਪਨਾਹ ਦਾ ਦਾਅਵਾ ਕਰਨ ਵਾਲਿਆਂ ਨੂੰ ਰਾਹਤ ਮਿਲ ਸਕਦੀ ਹੈ। ਇੰਮੀਗ੍ਰੇਸ਼ਨ ਵਕੀਲ ਜਸਪ੍ਰੀਤ ਸਿੰਘ ਨੇ ਭਾਈ ਅਮਰਜੀਤ ਸਿੰਘ ਦੀ ਮਿਸਾਲ ਦਿਤੀ ਜਿਨ੍ਹਾਂ ਦਾ ਗਰੀਨ ਕਾਰਡ ਰੱਦ ਕਰ ਦਿਤਾ ਗਿਆ ਅਤੇ ਹੁਣ ਉਹ ਅਮਰੀਕਾ ਛੱਡ ਰਹੇ ਹਨ। ਦੂਜੇ ਪਾਸੇ ਸਿਰਫ਼ ਅਸਾਇਲਮ ਕਲੇਮ ਫ਼ਰਸਤੁੱਤੇ ਵਰਕ ਪਰਮਿਟ ਹਾਸਲ ਕਰਨ ਵਾਲਿਆਂ ਦੀ ਗਿਣਤੀ ਹਜ਼ਾਰਾਂ ਵਿਚ ਹੈ ਅਤੇ ਉਨ੍ਹਾਂ ਵਾਸਤੇ ਅਮਰੀਕਾ ਵਿਚ ਜ਼ਿੰਦਗੀ ਲੰਘਾਉਣੀ ਬੇਹੱਦ ਮੁਸ਼ਕਲ ਹੋਵੇਗੀ। ਇਨ੍ਹਾਂ ਹਾਲਾਤ ਨੂੰ ਵੇਖਦਿਆਂ ਪੰਜਾਬ ਵਾਪਸੀ ਕਰਨ ਜਾਂ ਕੈਨੇਡਾ ਦਾਖਲ ਹੋਣ ਤੋਂ ਸਿਵਾਏ ਕੋਈ ਰਾਹ ਬਾਕੀ ਨਹੀਂ ਬਚਦਾ। ਇਸੇ ਦੌਰਾਨ ਐਚ-1ਬੀ ਵੀਜ਼ਾ ਫ਼ਰਸਤੁੱਤੇ ਅਮਰੀਕਾ ਵਿਚ ਕਦਮ ਰਖਦਿਆਂ ਲੱਖਾਂ ਡਾਲਰ ਦੀ ਕਮਾਈ ਕਰਨ ਵਾਲਿਆਂ ਨੇ ਵੀ ਦੱਖਣ ਭਾਰਤ ਦੇ ਸ਼ਹਿਰਾਂ ਵਿਚ ਵਸੇਬੇ ਦਾ ਰਾਹ ਤਲਾਸ਼ਣਾ ਸ਼ੁਰੂ ਕਰ ਦਿਤਾ ਹੈ ਕਿਉਂਕਿ ਗਰੀਨ ਦੇ ਰਾਹ ਬੰਦ ਹੋ ਚੁੱਕੇ ਹਨ। ਘੱਟੋ ਘੱਟ 2028 ਤੱਕ ਭਾਰਤੀ ਲੋਕ ਗਰੀਨ ਕਾਰਡ ਲਾਟਰੀ ਵਿਚ ਸ਼ਾਮਲ ਨਹੀਂ ਹੋ ਸਕਦੇ।


## ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ
## ਧਾਰਮਿਕ ਸੇਵਾਦਾਰ ਦੀ ਲੋੜ ਹੈ

ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ ਡਰਬੀ ਵਿਖੇ ਇਕ ਗਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਲੋੜ ਹੈ ਜੋ ਇਸ ਸੇਵਾ ਦੇ ਨਾਲ ਹੇਠ ਲਿਖੀਆਂ ਸੇਵਾਵਾਂ ਕਰ ਸਕਦਾ ਹੋਵੇ।

## Job Advertisement Sikh Religious Worker

**Position:** Sikh Religious Worker
**Location:** Guru Arjan Dev Ji Gurdwara, Derby, UK
**Type:** Full-time
**Salary:** National Minimum Wage
**Start Date:** ASAP

**The successful candidate will assist the current Priest/Minister of Religion with their duties in:**

- Daily Prayers such as Nitnem and Asa Di Vaar.
- Doing Chaur Sahib and setting Rumala Sahibs.
- Amritvela and Sandhiya Vela Divaans.
- Preparing and distributing Degh (Karah Parshad) in accordance with Sikh Maryada.
- Conducting religious ceremonies such as Akhand Path, Anand Karaj and Antim Sanskaar.
- Delivering Katha and Kirtan during Divaans and ceremonies.
- Working closely with the Gurdwara Management Committee and Sevadaars to promote community engagement, seva, and participation in religious programmes.

**Essential Requirements:**

- Amritdhari and uphold Sikh Rehat Maryada in both personal and professional life.
- Fluency in Punjabi (Gurmukhi).
- Previous experience as a Sikh Religious Worker. Applicants must be able to provide references.
- Must be willing to work flexible hours, including evenings and weekends.

**Desirable Qualities :-** Ability to deliver Katha in English.

**Please apply with your CV'S and full details to :**
**Email:info@gadgderby.co.uk**
**Closing Date: 24 November 2025**

**GURU ARJAN DEV GURDWARA SAHIB**
**STANHOPE STREET, DERBY, DE23 6QJ, U.K.**

## 31 ਅਕਤੂਬਰ ਲਈ

**ਭਗਵਾਨ ਸਿੰਘ ਜੌਹਲ**

# ਪੰਜਾ ਸਾਹਿਬ ਦਾ ਸ਼ਹੀਦੀ ਸਾਕਾ
# ਜਦੋਂ ਸ਼ਹੀਦਾਂ ਦੇ ਪਵਿੱਤਰ ਖ਼ੂਨ ਨੇ ਰੇਲ ਗੱਡੀ ਰੋਕ ਦਿੱਤੀ



20ਵੀਂ ਸਦੀ ਦੇ ਆਰੰਭ ਵਿੱਚ ਗੁਰਦੁਆਰਾ ਸੁਧਾਰ ਲਹਿਰ ਨੇ ਸਮੁੱਚੀ ਸਿੱਖ ਕੌਮ ਵਿੱਚ ਗੁਰਮਤਿ ਸਿਧਾਂਤਾਂ ਨੂੰ ਦ੍ਰਿੜ ਕਰਵਾਉਣ ਲਈ ਜਿਹੜੀ ਜਾਗ੍ਰਤੀ ਪੈਦਾ ਕੀਤੀ, ਉਸ ਦੀ ਗਵਾਹੀ ਸਿੱਖ ਇਤਿਹਾਸ ਦੇ ਪੰਨੇ ਬਾਖ਼ੂਬੀ ਬਿਆਨ ਕਰਦੇ ਹਨ। ਇਸ ਲਹਿਰ ਦੇ ਦੌਰਾਨ ਜਨਮ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੀ ਪਾਵਨ ਧਰਤੀ ’ਤੇ ਵਾਪਰਿਆ ਸ਼ਹੀਦੀ ਸਾਕਾ ਲੂਅ ਕੰਡੇ ਖੜ੍ਹੇ ਕਰਨ ਵਾਲੀ ਅਹਿਮ ਘਟਨਾ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸੁਧਾਰ ਲਹਿਰ ਦੀ ਇਕ ਹੋਰ ਅਹਿਮ ਘਟਨਾ ਗੁਰੂ ਕੇ ਬਾਗ਼ ਦਾ ਮੋਰਚਾ ਹੈ। ਇਹ ਮੋਰਚਾ 8 ਅਗਸਤ, 1922 ਈ: ਨੂੰ ਆਰੰਭ ਹੋਇਆ। ਇਸ ਮੋਰਚੇ ਵਿੱਚ ਸ਼ਾਮਿਲ ਹੋਣ ਵਾਲੇ ਮਰਜੀਵੜਿਆਂ ਦੇ ਜਥੇ ਸਮੁੱਚੇ ਪੰਜਾਬ ਵਿੱਚੋਂ ਵਹੀਰਾਂ ਘੱਤ ਕੇ ਆਉਂਦੇ ਸਨ। ਜਦੋਂ ਇਹ ਜਥੇ ਆਪਣੇ ਪਿੰਡਾਂ/ਸ਼ਹਿਰਾਂ ਤੋਂ ਰਵਾਨਾ ਹੁੰਦੇ ਸਨ ਤਾਂ ਆਪਣੇ ਜਾਨਾਂ ਤੋਂ ਪਿਆਰੇ ਗੁਰਧਾਮਾਂ ਲਈ ਆਪਾ ਵਾਰਨ ਲਈ ਪਰਿਵਾਰਾਂ ਤੋਂ ਵਿਛੜਣ ਸਮੇਂ ਅਰਦਾਸ ਕਰਕੇ ਤੁਰਦੇ ਸਨ। ਉਨ੍ਹਾਂ ਦਾ ਅਰਦਾਸ ਕਰਨ ਦਾ ਮਕਸਦ ਇਕੋ ਹੁੰਦਾ ਸੀ, ਗੁਰੂ ਘਰਾਂ ਦੀ ਹੋ ਰਹੀ ਬੇਹੁਰਮੀ ਨੂੰ ਰੋਕਣ ਲਈ ਸ਼ਹੀਦੀ ਪ੍ਰਾਪਤ ਕਰਨਾ ਜਾਂ ਮੋਰਚੇ ਦੀ ਸਮਾਪਤੀ ਤੱਕ ਗੁਰਧਾਮਾਂ ਦੀ ਸੇਵਾ ਲਈ ਕੁਰਬਾਨੀ ਲਈ ਪ੍ਰਣ ਕਰਨਾ। ਗੁਰੂ ਕੇ ਬਾਗ਼ ਦੇ ਮੋਰਚੇ ਵਿੱਚ ਸ਼ਾਮਿਲ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਪਹਿਲਾਂ ਅੰਮ੍ਰਿਤਸਰ ਸਾਹਿਬ ਦੇ ਕਿਲ੍ਹਾ ਗੋਬਿੰਦਗੜ੍ਹ ਵਿੱਚ ਬੰਦੀ ਬਣਾ ਕੇ ਰੱਖਿਆ ਜਾਂਦਾ ਸੀ।

ਜਦੋਂ ਇਨ੍ਹਾਂ ਕੈਦੀ ਸਿੰਘਾਂ ਦੀ ਗਿਣਤੀ ਇਕ ਰੇਲ ਗੱਡੀ ਵਿੱਚ ਸਵਾਰ ਹੋਣ ਲਈ ਪੂਰੀ ਹੋ ਜਾਂਦੀ ਸੀ, ਤਾਂ ਇਸ ਤੋਂ ਪਿੱਛੋਂ ਇਨ੍ਹਾਂ ਸਾਰੇ ਮਰਜੀਵੜਿਆਂ ਨੂੰ ਦੂਰ ਦੁਰਾਡੇ ਦੀਆਂ ਜੇਲ੍ਹਾਂ ਵਿੱਚ ਤਬਦੀਲ ਕਰ ਦਿੱਤਾ ਜਾਂਦਾ ਸੀ। 29 ਅਕਤੂਬਰ, 1922 ਨੂੰ ਇਕ ਰੇਲ ਗੱਡੀ ਕੈਦੀ ਸਿੰਘਾਂ ਨਾਲ ਭਰ ਕੇ ਅੰਮ੍ਰਿਤਸਰ ਤੋਂ ਅਟਕ ਜ਼ਿਲ੍ਹੇ (ਹੁਣ ਪਾਕਿਸਤਾਨ) ਵੱਲ ਭੇਜੀ ਗਈ। ਗੁਰਦੁਆਰਾ ਪੰਜਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਗਤ ਨੇ ਅੰਮ੍ਰਿਤਸਰ ਸਾਹਿਬ ਤੋਂ ਅਟਕ ਜਾ ਰਹੀ ਰੇਲ ਗੱਡੀ ਵਿੱਚ ਸਵਾਰ ਕੈਦੀ ਸਿੰਘਾਂ ਨੂੰ ਨੇੜਲੇ ਸਟੇਸ਼ਨ ਹਸਨ ਅਬਦਾਲ ਵਿਖੇ ਰੋਕ ਕੇ ਗੁਰੂ ਕਾ ਲੰਗਰ ਛਕਾਉਣ ਦਾ ਫੈਸਲਾ ਕੀਤਾ। ਅੰਗ੍ਰੇਜ਼ ਹਕੂਮਤ ਮੁਤਾਬਿਕ ਰੇਲਵੇ ਵਿਭਾਗ ਨੂੰ ਇਹ ਹਦਾਇਤ ਕੀਤੀ ਗਈ ਸੀ ਕਿ ਇਸ ਰੇਲ ਗੱਡੀ ਨੂੰ ਇਸ ਸਟੇਸ਼ਨ ਤੋਂ ਬਿਨਾਂ ਰੁੱਕਣ ਦੇ ਅੱਗੇ ਨਿਕਲ ਜਾਣਾ ਹੈ। ਇਹ ਸਮਾਂ ਸਵੇਰੇ 10 ਵਜੇ ਦਾ ਸੀ। ਸਟੇਸ਼ਨ ਮਾਸਟਰ ਨੇ ਸੰਗਤ ਨੂੰ ਸੂਚਿਤ ਕਰ ਦਿੱਤਾ ਕਿ ਕੈਦੀ ਸਿੰਘਾਂ ਵਾਲੀ ਰੇਲ ਗੱਡੀ ਸਰਕਾਰ ਦੇ ਹੁਕਮ ਮੁਤਾਬਕ ਰੋਕੀ ਨਹੀਂ ਜਾ ਸਕਦੀ। ਲੰਗਰ ਦੀ ਪ੍ਰਥਾ ਨੂੰ ਕਾਇਮ ਰੱਖਣ ਤੇ ਭੁੱਖੇ ਨੂੰ ਪ੍ਰਸ਼ਾਦਾ ਛਕਾਉਣ ਦੇ ਗੁਰਮਤਿ ਸਿਧਾਂਤ ’ਤੇ ਪਹਿਰਾ ਦਿੰਦਿਆਂ, ਉਤਾਵਲੀ ਹੋਈ ਸੰਗਤ ਰੇਲ ਦੀ ਪਟੜੀ ਉਪਰ ਬੈਠ ਗਈ। ਇਨ੍ਹਾਂ ਮਰਜੀਵੜੇ ਸ਼ਰਧਾਲੂਆਂ ਵਿੱਚੋਂ ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਨੇ ਰੇਲ ਗੱਡੀ ਨੂੰ ਰੋਕਣ ਲਈ ਸ਼ਹੀਦੀ ਜਾਮ ਪੀ ਕੇ ਕੈਦੀ ਸਿੰਘਾਂ ਨੂੰ ਲੰਗਰ ਛਕਾਉਣ ਲਈ ਕੀਤੀ ਅਰਦਾਸ ਨੂੰ ਪੂਰਾ ਕੀਤਾ।

ਇਨ੍ਹਾਂ ਸ਼ਹੀਦਾਂ ਵਿੱਚੋਂ ਭਾਈ ਪ੍ਰਤਾਪ ਸਿੰਘ ਦਾ ਜਨਮ 26 ਮਾਰਚ, 1899 ਨੂੰ ਜ਼ਿਲ੍ਹਾ ਗੁਜਰਾਂਵਾਲਾ ਦੇ ਪਿੰਡ ਅਕਾਲਗੜ੍ਹ (ਲਹਿੰਦਾ ਪੰਜਾਬ) ਦੇ ਸ. ਸਰੂਪ ਸਿੰਘ ਦੇ ਘਰ ਬੀਬੀ ਪ੍ਰੇਮ ਕੌਰ ਦੀ ਕੁੱਖ ਤੋਂ ਹੋਇਆ। ਆਪਣੇ ਕਸਬੇ ਵਿੱਚ ਸਿੱਖਿਆ ਪ੍ਰਾਪਤ ਕਰਨ ਤੋਂ ਪਿੱਛੋਂ ਭਾਈ ਪ੍ਰਤਾਪ ਸਿੰਘ ਸਰਗੋਧਾ ਜ਼ਿਲ੍ਹੇ ਦੀ ਮੰਡੀ ਭਲਵਾਲ ਵਿੱਚ ਅਧਿਆਪਕ ਨਿਯੁਕਤ ਹੋ ਗਏ। ਪਿੱਛੋਂ ਕਰਾਚੀ (ਪਾਕਿਸਤਾਨ) ਦੇ ਕਿਸੇ ਆੜ੍ਹਤੀ ਦੇ ਕੋਲ ਵੀ ਨੌਕਰੀ ਕੀਤੀ। 1918 ਵਿੱਚ ਇਨ੍ਹਾਂ ਦਾ ਅਨੰਦਕਾਰਜ ਬੀਬੀ ਹਰਨਾਮ ਕੌਰ ਨਾਲ ਹੋਇਆ। ਜਦੋਂ ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਵਾਪਰਿਆ ਤਾਂ ਇਸ ਸਾਕੇ ਦਾ ਅਸਰ ਇਨ੍ਹਾਂ ਦੇ ਕੋਮਲ ਮਨ ’ਤੇ ਅਜਿਹਾ ਹੋਇਆ ਕਿ ਨੌਕਰੀ ਨੂੰ ਲੱਤ ਮਾਰ ਕੇ ਪੂਰਾ ਜੀਵਨ ਗੁਰਦੁਆਰਾ ਸੁਧਾਰ ਲਹਿਰ ਲਈ ਗੁਰੂ ਪੰਥ ਦੇ ਲੇਖੇ ਲਾਉਣ ਲਈ ਕੌਮੀ ਹਿੱਤਾਂ ਲਈ ਸਮਰਪਿਤ ਕਰ ਦਿੱਤਾ। ਸੰਗਤ ਦੇ ਹੁਕਮ ਮੁਤਾਬਿਕ ਹਿਸਾਬ ਕਿਤਾਬ ਵਿੱਚ ਤੇਜ਼ ਤਰਾਰ ਬੁੱਧੀ ਕਾਰਨ ਗੁਰਦੁਆਰਾ ਪੰਜਾ ਸਾਹਿਬ ਵਿਖੇ ਖਜ਼ਾਨਚੀ ਦੀ ਸੇਵਾ ਸ਼ੁਰੂ ਕਰ ਦਿੱਤੀ।

ਇਸ ਸਾਕੇ ਦੇ ਦੂਸਰੇ ਸ਼ਹੀਦ ਭਾਈ ਕਰਮ ਸਿੰਘ ਸਨ। ਇਨ੍ਹਾਂ ਦਾ ਜਨਮ 14 ਨਵੰਬਰ, 1885 ਈ: ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਦੇ ਗ੍ਰੰਥੀ/ਪ੍ਰਬੰਧਕ ਭਾਈ ਭਗਵਾਨ ਸਿੰਘ ਦੇ ਗ੍ਰਹਿ ਵਿਖੇ ਹੋਇਆ। ਖੰਡੇ ਬਾਟੇ ਦੀ ਪਾਹੁਲ ਲੈਣ ਤੋਂ ਪਹਿਲਾਂ ਇਨ੍ਹਾਂ ਦਾ ਪਰਿਵਾਰਕ ਨਾਂਅ ਸ. ਸੰਤ ਸਿੰਘ ਸੀ, ਪਰ ਘਰ ਦੇ ਧਾਰਮਿਕ ਪ੍ਰਭਾਵ ਕਾਰਨ ਪਿਤਾ ਜੀ ਤੋਂ ਗੁਰਬਾਣੀ ਦੀ ਸੰਥਿਆ ਅਤੇ ਕੀਰਤਨ ਦੀ ਸਿਖਲਾਈ ਪ੍ਰਾਪਤ ਕਰਕੇ ਥੋੜ੍ਹੇ ਸਮੇਂ ਵਿੱਚ ਨਾਮਵਰ ਕੀਰਤਨੀਏ ਬਣ ਗਏ। ਇਥੇ ਹੀ ਕੀਰਤਨ ਦੀ ਸੇਵਾ ਨਿਭਾਉਣ ਲੱਗ ਪਏ। 1922 ਵਿੱਚ ਆਪਣੀ ਧਰਮ ਪਤਨੀ ਸਮੇਤ ਗੁਰਦੁਆਰਾ ਪੰਜਾ ਸਾਹਿਬ ਦੇ ਦਰਸ਼ਨਾਂ ਨੂੰ ਪੁੱਜੇ। ਸੰਗਤ ਦੀ ਬੇਨਤੀ ’ਤੇ ਗੁਰਦੁਆਰਾ ਪੰਜਾ ਸਾਹਿਬ ਵਿੱਚ ਕੀਰਤਨ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਇਥੋਂ ਹੀ ਅੰਮ੍ਰਿਤਪਾਨ ਕਰਨ ਤੋਂ ਪਿੱਛੋਂ ਸੰਤ ਸਿੰਘ ਤੋਂ ਕਰਮ ਸਿੰਘ ਦੇ ਨਾਂਅ ਦੀ ਪ੍ਰਾਪਤੀ ਪੰਜਾਂ ਸਿੰਘਾਂ ਤੋਂ ਪ੍ਰਾਪਤ ਹੋਈ।

ਜਦੋਂ ਇਸ ਸਾਕੇ ਦੀ ਖ਼ੂਨੀ ਘਟਨਾ ਵਾਪਰੀ, ਉਦੋਂ ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਰੇਲਵੇ ਲਾਈਨ ਉਪਰ ਸੰਗਤ ਸਮੇਤ ਲਾਈਨ ਉਪਰ ਚੌਂਕੜੇ ਮਾਰ ਕੇ ਬੈਠੇ ਸਨ, ਬਾਕੀ ਸੰਗਤ ਇਨ੍ਹਾਂ ਦੇ ਪਿੱਛੇ ਰੇਲਵੇ ਲਾਈਨ ਉਪਰ ਬੈਠੀ, ਵਾਹਿਗੁਰੂ ਦਾ ਸਿਮਰਨ ਕਰ ਰਹੀ ਸੀ, ਗੱਡੀ ਵਿਸਲਾਂ ਮਾਰਦੀ ਆ ਰਹੀ ਸੀ ਪਰ ਇਹ ਮਰਜੀਵੜੇ ਆਪਣੇ ਅਕੀਦੇ ਅਤੇ ਕੀਤੀ ਅਰਦਾਸ ਤੋਂ ਜ਼ਰਾ ਜਿੰਨਾ ਵੀ ਨਹੀਂ ਝਿੜਕੇ। ਰੇਲ ਗੱਡੀ ਰੁੱਕ ਤਾਂ ਗਈ ਪਰ ਗਿਆਰਾਂ ਸਿੰਘਾਂ ਨੂੰ ਦਰੜ ਕੇ। ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਗੰਭੀਰ ਰੂਪ ਵਿੱਚ ਜ਼ਖ਼ਮੀ ਸਨ, ਪਰ ਸੁਆਸ ਚੱਲ ਰਹੇ ਸਨ। ਸਾਰੇ ਜ਼ਖ਼ਮੀਆਂ ਨੂੰ ਗੁਰਦੁਆਰਾ ਪੰਜਾ ਸਾਹਿਬ ਇਲਾਜ ਲਈ ਪਹੁੰਚਾਇਆ ਗਿਆ। ਲੰਗਰ ਲੈ ਕੇ ਪੁੱਜੀ ਸੰਗਤ ਨੇ ਕੈਦੀ ਸਿੰਘਾਂ ਦੀ ਗੁਰੂ ਕੇ ਲੰਗਰ ਨਾਲ ਭਰਪੂਰ ਸੇਵਾ ਕੀਤੀ। ਇਸ ਘਟਨਾ ਦੀ ਖ਼ਬਰ ਪੂਰੀ ਦੁਨੀਆਂ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। ਇਹ ਸਾਕਾ 29 ਅਕਤੂਬਰ, 1922 ਨੂੰ ਵਾਪਰਿਆ। ਸਮੁੱਚੇ ਸੰਸਾਰ ਦੀਆਂ ਦੂਸਰੀਆਂ ਕੌਮਾਂ ਵਿੱਚ ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਸਿੱਖ ਕੌਮ ਦੀ ਆਪਾ ਵਾਰ ਕੇ ਭੁੱਖੇ ਸਿੱਖ ਕੈਦੀਆਂ ਨੂੰ ਲੰਗਰ ਛਕਾਉਣ ਦੀ ਚਰਚਾ ਤਾਂ ਹੋਣੀ ਸੀ, ਉਥੇ ਭਾਰਤੀ ਅੰਗ੍ਰੇਜ਼ ਹਕੂਮਤ ਨੂੰ ਲਾਹਨਤ ਦਾ ਟਿੱਕਾ ਵੀ ਪੱਕੇ ਤੌਰ ’ਤੇ ਮੱਥੇ ਦਾ ਕਲੰਕ ਬਣ ਗਿਆ। ਗੰਭੀਰ ਰੂਪ ਵਿੱਚ ਜ਼ਖ਼ਮੀ ਸਾਥੀ ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ 31 ਅਕਤੂਬਰ, 1922 ਨੂੰ ਸ਼ਹਾਦਤ ਪ੍ਰਾਪਤ ਕਰ ਗਏ। ਪਹਿਲੀ ਨਵੰਬਰ ਨੂੰ ਦੋਵਾਂ ਸ਼ਹੀਦਾਂ ਦਾ ਸੰਸਕਾਰ ਰਾਵਲਪਿੰਡੀ ਵਿਖੇ ਲਈ ਨਦੀ ਦੇ ਕਿਨਾਰੇ ਕੀਤਾ ਗਿਆ।

1947 ਦੀ ਪੰਜਾਬ ਦੀ ਵੰਡ ਤੋਂ ਪਹਿਲਾਂ ਇਸ ਸ਼ਹੀਦੀ ਸਾਕੇ ਦਾ ਤਿੰਨ ਦਿਨਾਂ ਜੋੜ ਮੇਲਾ ਸ੍ਰੀ ਪੰਜਾ ਸਾਹਿਬ ਵਿਖੇ ਮਨਾਇਆ ਜਾਂਦਾ ਸੀ, ਪਰ ਹੁਣ ਇਨ੍ਹਾਂ ਸ਼ਹੀਦਾਂ ਦੀ ਅਮਰ ਯਾਦ ਹੀ ਬਾਕੀ ਹੈ। ਗੁਰੂ ਕੇ ਲੰਗਰ ਦੀ ਪ੍ਰਥਾ ਦੀ ਕਾਇਮੀ ਲਈ ਤੇ ਗੁਰਮਤਿ ਸਿਧਾਂਤਾਂ ਦੀ ਦ੍ਰਿੜਤਾ ਲਈ ਆਪਾ ਵਾਰਨ ਵਾਲੇ ਸ਼ਹੀਦਾਂ ਨੂੰ ਸਾਡਾ ਪ੍ਰਣਾਮ।

Email: bhagwansinghjohal@gmail.com

*******

## ਰਾਘਵ ਚੱਢਾ ਤੇ ਪਰਿਣੀਤੀ ਦੇ ਘਰ ਗੂੰਜੀਆਂ ਕਿਲਕਾਰੀਆਂ, ਪਰਿਣੀਤੀ ਨੇ ਪੁੱਤਰ ਨੂੰ ਦਿੱਤਾ ਜਨਮ



ਪੰਜਾਬ ਦੇ ਰਾਜ ਸਭਾ ਸਾਂਸਦ ਰਾਘਵ ਚੱਢਾ ਤੇ ਹਰਿਆਣਾ ਵਿਚ ਅੰਬਾਲਾ ਦੀ ਰਹਿਣ ਵਾਲੀ ਬਾਲੀਵੁੱਡ ਐਕਟ੍ਰੈਸ ਪਰਿਣੀਤੀ ਚੋਪੜਾ ਦੇ ਘਰ ਕਿਲਕਾਰੀਆਂ ਗੂੰਜੀਆਂ ਹਨ। ਐਕਟ੍ਰੈਸ ਨੇ ਪੁੱਤਰ ਨੂੰ ਜਨਮ ਦਿੱਤਾ ਹੈ। ਉਹ ਦਿੱਲੀ ਦੇ ਹਸਪਤਾਲ ਵਿਚ ਭਰਤੀ ਸੀ। ਰਾਘਵ ਚੱਢਾ ਨੇ ਖੁਦ ਸੋਸ਼ਲ ਮੀਡੀਆ ਅਕਾਊਂਟ ਤੇ ਪੋਸਟ ਪਾ ਕੇ ਜਾਣਕਾਰੀ ਦਿੱਤੀ ਕਿ ਉਨ੍ਹਾਂ ਦੇ ਘਰ ਪੁੱਤਰ ਦਾ ਜਨਮ ਹੋਇਆ ਹੈ। ਰਾਘਵ ਨੇ ਪੋਸਟ ਵਿਚ ਸ਼ੇਅਰ ਕਰਕੇ ਲਿਖਿਆ- ਆਖਿਰਕਾਰ ਉਹ ਆ ਗਿਆ।ਸਾਡਾ ਬੇਬੀ ਬੁਆਏ। ਅਸੀਂ ਵਾਕਈ ਇਸ ਤੋਂ ਪਹਿਲਾਂ ਆਪਣੀ ਲਾਈਫ ਬਾਰੇ ਯਾਦ ਨਹੀਂ ਕਰ ਸਕਦੇ। ਸਾਡੀਆਂ ਬਾਹਾਂ ਭਰ ਗਈਆਂ ਹਨ ਤੇ ਸਾਡਾ ਦਿਲ ਵੀ ਭਰ ਆਇਆ ਹੈ। ਪਹਿਲਾਂ ਅਸੀਂ ਇਕ-ਦੂਜੇ ਲਈ ਸੀ ਪਰ ਹੁਣ ਸਾਡੇ ਕੋਲ ਸਭ ਕੁਝ ਹੈ। ਧੰਨਵਾਦ ਦੇ ਨਾਲ ਪਰਿਣੀਤੀ ਤੇ ਰਾਘਵ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ-23

ਡਾ: ਕਿਰਨਪ੍ਰੀਤ ਕੌਰ ਬਾਠ



# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ

## ਨਿਰਮਲ ਪੰਥ ਤੋਂ ਖ਼ਾਲਸਾ ਪੰਥ ਤੱਕ

**ਮੀਰੀ-ਪੀਰੀ ਦਾ ਸਿਧਾਂਤ ਹੀ ਇਹ ਸੀ ਕਿ ਅਸੀਂ ਅਧਿਆਤਮਿਕ ਪੱਧਰ ਉੱਤੇ ਵੀ ਵਿਜੇਤਾ ਹਾਂ ਅਤੇ ਜੰਗ ਦੇ ਮੈਦਾਨ ਵਿੱਚ ਵੀ। ਗੁਰੂ ਨਾਨਕ ਸਾਹਿਬ ਨੇ ਪਹਿਲੇ ਜਾਮੇ ਵਿੱਚ ਬਾਣੀ ਅਤੇ ਦਸਵੇਂ ਜਾਮੇ ਵਿੱਚ ਬਾਣਾ ਕਿਸੇ ਕਾਰਨ ਹੀ ਬਖਸ਼ੇ ਸਨ। ਪਰ ਕਿਉਂਕਿ ਅਸੀਂ ਗੁਰੂ ਨਾਨਕ ਸਾਹਿਬ ਨੂੰ ਗੁਰੂ ਗੋਬਿੰਦ ਸਾਹਿਬ ਤੋਂ ਵੱਖਰਾ ਕਰ ਵੇਖਣ ਲੱਗ ਪਏ, ਤਾਂ ਸਾਨੂੰ ਇਹ ਵਹਿਮ ਹੋ ਗਿਆ ਕਿ ਗੁਰੂ ਨਾਨਕ ਸਾਹਿਬ ਨੂੰ ਮੰਨਣ ਵਾਲ਼ੇ ਸਿਰਫ਼ ਬਾਣੀ ਪੜ੍ਹਦੇ ਨੇ ਤੇ ਗੁਰੂ ਗੋਬਿੰਦ ਸਾਹਿਬ ਦੇ ਸਿੱਖ ਕੇਵਲ ਸ਼ਸਤਰ ਰੱਖਦੇ ਨੇ। ਸਾਡੀ ਅਗਿਆਨਤਾ ਦੀ ਹੱਦ ਓਦੋਂ ਹੁੰਦੀ ਹੈ, ਜਦੋਂ ਅਸੀਂ ਗੁਰਬਾਣੀ ਵੀ ਵੰਡਣ ਦੀ ਕੋਸ਼ਿਸ਼ ਕੀਤੀ ਹੈ। ਜੋ ਬਹੁਤ ਚਲਾਕੀ ਨਾਲ਼ ਸਾਡੇ ਵਿੱਚ ਪਾਈ ਗਈ ਅਤੇ ਸਾਡੀ ਮੂਰਖਤਾ ਕਹਿ ਲਵੋ, ਨਾਸਮਝੀ ਜਾਂ ਅਵੇਸਲਾਪਣ ਕਿ ਅਸੀਂ ਉਹ ਸੋਚ ਅਪਨਾ ਵੀ ਲਈ, ਨੇ ਸਾਨੂੰ ਆਪਣੇ ਮੂਲ ਅਸੂਲ ਨਾਲ਼ੋਂ, ਆਪਣੇ ਮੀਰੀ-ਪੀਰੀ ਦੇ ਸਿਧਾਂਤ, ਸੰਤ-ਸਿਪਾਹੀ ਦੇ ਸੰਕਲਪ ਤੋਂ ਤੋੜ ਕੇ ਕਿਤੇ ਦੂਰ ਸੁੱਟ ਦਿੱਤਾ।**

ਤਿੰਨ ਸਾਲ ਪਿੱਛੋਂ ਦਵਾਰਕਾ ਦੀ ਸੰਗਤ ਫਿਰ ਗੁਰੂ ਸਾਹਿਬ ਦੇ ਦਰਸ਼ਨ ਲਈ ਅਨੰਦਪੁਰ ਆਈ। ਉਥੇ ਇੱਕ ਹੋਰ ਗੁਰਸਿੱਖ ਭਾਈ ਹੰਸ ਰਾਜ, ਜਿਨ੍ਹਾਂ ਦਾ ਪਰਿਵਾਰ ਵੀ ਗੁਰਸਿੱਖ ਸੀ ਅਤੇ ਗੁਰੂ ਨਾਨਕ ਦੇ ਘਰ ਦੀ ਸੇਵਾ ਕਰਦਾ ਆਇਆ ਸੀ, ਗੁਰੂ ਦਰਸ਼ਨਾਂ ਲਈ

ਭਾਈ ਬੇਅੰਤ ਸਿੰਘ ਕਲੇਰਾਂ ਵਾਲ਼ੇ ਅਵਰ ਨਾ ਧਿਆਉਂ : ਪਿਆਰੇ ਭਾਈ ਹਿੰਮਤ ਸਿੰਘ ਜੀ (ਲੁਧਿਆਣਾ: ਗੁਰਬਾਣੀ ਪ੍ਰਚਾਰ ਸੈਂਟਰ ), 2010 । ਭਾਈ ਮੋਹਕਮ ਸਿੰਘ ਦੀ ਬੰਸਾਵਲੀ ਵਿੱਚ, ਭਾਈ ਸੱਖਨ, ਜੋ ਕਿ ਗੁਰੂ ਨਾਨਕ ਦੇ ਵੇਲ਼ੇ ਤੋਂ ਹੀ ਸਿੱਖੀ ਅਪਨਾ ਚੁੱਕੇ ਸਨ, ਤੋਂ ਬਾਅਦ ਇੰਨਾ ਪਤਾ ਲੱਗਦਾ ਹੈ ਕਿ ਉਹ ਭਾਈ ਸੱਖਣ ਦੀ ਚੌਥੀ ਪੀੜ੍ਹੀ ਦੇ ਘਰ ਪੈਦਾ ਹੋਏ। ਭਾਈ ਮੋਹਕਮ ਸਿੰਘ ਜੀ ਦੇ ਪਿਤਾ ਨੂੰ ਛੱਡ ਬਾਕੀ ਨਾਮ ਖੋਜ ਅਧੀਨ ਹਨ।

ਆਏ ਸਨ। ਹੁਣ ਜਦ ਦਵਾਰਕਾ ਦੀ ਸੰਗਤ ਅਨੰਦਪੁਰ ਆਈ ਹੋਈ ਸੀ ਤਾਂ ਭਾਈ ਹੰਸ ਰਾਜ, ਭਾਈ ਹਿੰਮਤ ਚੰਦ ਰਾਹੀਂ, ਆਪਣੀ ਸਪੁੱਤਰੀ ਸੁਖਦੇਵੀ ਦਾ ਵਿਆਹ ਭਾਈ ਮੋਹਕਮ ਚੰਦ ਨਾਲ਼ ਕਰਵਾਉਣ ਦੀ ਇੱਛਾ ਲੈ ਗੁਰੂ ਸਾਹਿਬ ਪਾਸ ਪਹੁੰਚੇ। ਗੁਰੂ ਸਾਹਿਬ ਦੀ ਪ੍ਰਵਾਨਗੀ ਬਾਅਦ ਬੀਬੀ ਸੁਖਦੇਵੀ ਜੀ ਦਾ ਆਨੰਦ ਕਾਰਜ ਭਾਈ ਮੋਹਕਮ ਚੰਦ ਨਾਲ਼ 5 ਨਵੰਬਰ 1697 ਨੂੰ ਹੋ ਗਿਆ।

ਕੁਝ ਦਿਨਾਂ ਪਿੱਛੋਂ ਦਵਾਰਕਾ ਦੀ ਸੰਗਤ ਦਵਾਰਕਾ ਵਾਪਸ ਚਲੀ ਗਈ ਪਰ ਭਾਈ ਮੋਹਕਮ ਚੰਦ ਅਤੇ ਉਹਨਾਂ ਦੀ ਪਤਨੀ ਅਨੰਦਪੁਰ ਸਾਹਿਬ ਹੀ ਰਹੇ। ਇੱਥੇ ਹੀ ਉਹਨਾਂ ਦੇ ਘਰ ਦੋ ਪੁੱਤਰ ਅਤੇ ਇੱਕ ਪੁੱਤਰੀ ਨੇ ਜਨਮ ਲਿਆ। 30 ਮਾਰਚ 1699 ਨੂੰ ਜਦ ਭਾਈ ਮੋਹਕਮ ਚੰਦ ਨੇ ਗੁਰੂ ਸਾਹਿਬ ਨੂੰ ਸੀਸ ਭੇਟ ਕਰ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤਾਂ ਓਹਨਾਂ ਦੇ ਪੂਰੇ ਪਰਿਵਾਰ ਨੇ ਵੀ ਅੰਮ੍ਰਿਤ ਛਕ ਲਿਆ ਸੀ।

ਭਾਈ ਮੋਹਕਮ ਚੰਦ ਦਾ ਪਰਿਵਾਰ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਗੁਰਸਿੱਖੀ ਜੀਵਨ ਜਿਉਂ ਰਿਹਾ ਸੀ ਅਤੇ 1699 ਦੀ ਵੈਸਾਖੀ ਤੋਂ ਬਾਅਦ ਵੀ ਉਹ ਗੁਰੂ ਨਾਨਕ ਸਾਹਿਬ ਦੇ ਘਰ ਦੀ ਸੇਵਾ ਵਿੱਚ ਹੀ ਰਿਹਾ। ਭਾਈ ਮੋਹਕਮ ਸਿੰਘ ਚਮਕੌਰ ਦੀ ਗੜ੍ਹੀ ਦੇ ਯੁੱਧ ਵਿੱਚ ਸ਼ਹੀਦ ਹੋ ਗਏ। ਓਸ ਵੇਲ਼ੇ ਓਹਨਾ ਦੀ ਉਮਰ 25 ਸਾਲ 9 ਮਹੀਨੇ ਸੀ। ਸਰਸਾ ਨਦੀ ਉੱਪਰ ਹੋਏ ਬਾਈਧਾਰ ਦੇ ਹਿੰਦੂ ਰਾਜਿਆਂ ਅਤੇ ਮੁਗ਼ਲ ਫ਼ੌਜਾਂ ਦੇ ਵਿਸ਼ਵਾਸਘਾਤੀ ਹਮਲੇ ਦਾ ਜਵਾਬ ਦਿੰਦੇ ਭਾਈ ਮੋਹਕਮ ਸਿੰਘ ਦੇ ਸਹੁਰਾ ਹੰਸ ਰਾਜ ਸਿੰਘ, ਸੱਸ ਆਗਿਆ ਕੌਰ ਅਤੇ ਭਾਈ ਸਾਹਿਬ ਦਾ ਵੱਡਾ ਪੁੱਤਰ ਸੁੰਦਰ ਸਿੰਘ ਸ਼ਹੀਦ ਵੀ ਹੋ ਗਏ।

ਗੁਰੂ ਨਾਨਕ ਦੇ ਘਰ ਦੇ ਐਸੇ ਪਿਆਰਿਆਂ ਨੂੰ ਇਹ ਕਹਿਣਾ ਕਿ ਉਹ ਹਿੰਦੂ ਹੀ ਸੀ ਪੂਰੀ ਤਰ੍ਹਾਂ ਨਾਲ਼ ਬਿਪਰਵਾਦੀ ਸਾਜ਼ਿਸ਼ ਦਾ ਹਿੱਸਾ ਹੋਣ ਦੇ ਨਾਲ਼-ਨਾਲ਼ ਸਿੱਖਾਂ ਦੀ ਇਤਿਹਾਸ ਪ੍ਰਤੀ ਲਾਪਰਵਾਹੀ ਅਤੇ ਅਵੇਸਲਾਪਣ ਹੀ ਕਿਹਾ ਜਾ ਸਕਦਾ ਹੈ।

**ਭਾਈ ਸਾਹਿਬ ਸਿੰਘ ਜੀ : ਸੰਖੇਪ ਜੀਵਨੀ**

ਬਿਦਰ ਤੋਂ ਤਕਰੀਬਨ ਸੱਤ ਮੀਲ ਦੀ ਦੂਰੀ ਉੱਤੇ 'ਨਾਨਕ ਝੀਰਾ' ਨਾਂ ਦਾ ਅਸਥਾਨ ਹੈ। ਇਹ ਓਹੀ ਅਸਥਾਨ ਹੈ ਜਿੱਥੇ ਗੁਰੂ ਨਾਨਕ ਸਾਹਿਬ ਨੇ ਚਰਨ ਪਾਏ ਸਨ। ਇਲਾਕੇ ਦੀ ਸੰਗਤ ਦੀ ਬੇਨਤੀ ਸਵੀਕਾਰ ਕਰਦੇ ਹੋਏ ਗੁਰੂ ਸਾਹਿਬ ਨੇ ਖਾਰੇ ਪਾਣੀ ਨੂੰ ਮਿੱਠਾ ਕੀਤਾ। ਓਸ ਵੇਲੇ ਤੋਂ ਹੀ ਗੁਰੂ ਨਾਨਕ ਸਾਹਿਬ ਦੇ ਲੜ ਓਥੋਂ ਦੇ ਲੋਕ ਲੱਗੇ ਹੋਏ ਸਨ।

ਇਸੇ ਬਿਦਰ ਦੀ ਧਰਤੀ 'ਤੇ ਰਹਿਣ ਵਾਲ਼ੇ ਰਾਈਆ ਦੱਤ ਨਾਈ ਅਤੇ ਤੁਲਸੀ ਦੇਵੀ ਲੋਕਾਂ ਦੀ ਹਜ਼ਾਮਤ (ਵਾਲ ਮੁੰਨ) ਕੇ ਰੋਟੀ ਦਾ ਗੁਜ਼ਾਰਾ ਕਰਦੇ ਸਨ। ਇਹਨਾਂ ਦੇ ਦੋ ਪੁੱਤਰ ਹੋਏ, ਵੱਡੇ ਪੁੱਤਰ ਦਾ ਨਾਂ ਗੁਰਨਾਰਾਇਣ ਸੀ। ਗੁਰਨਾਰਾਇਣ ਦੇ ਘਰ ਹੀ ਭਾਈ ਸਾਹਿਬ ਚੰਦ ਜੀ ਦਾ ਜਨਮ ਹੋਇਆ। ਭਾਈ ਸਾਹਿਬ ਚੰਦ ਦੇ ਮਾਤਾ-ਪਿਤਾ ਅਤੇ ਬਿਦਰ ਦੇ ਰਹਿਣ ਵਾਲ਼ਾ ਭਾਈ ਖ਼ੁਸ਼ਹਾਲ, ਗੁਰੂ ਗੋਬਿੰਦ ਸਿੰਘ ਜੀ ਤਕ ਗੁਰੂ ਨਾਨਕ ਸਾਹਿਬ ਦੇ ਘਰ ਨਾਲ ਜੁੜੇ ਰਹੇ। ਭਾਈ ਖ਼ੁਸ਼ਹਾਲ ਨੇ 1686 ਈ: ਨੂੰ ਨਾਨਕ ਝੀਰੇ ਵਿਖੇ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਦਾ ਇਕੱਠ ਕੀਤਾ। ਇਸ ਇਕੱਠ ਵਿੱਚ ਅਨੰਦਪੁਰ ਸਾਹਿਬ ਜਾ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਦਾ ਹੀਲਾ ਕੀਤਾ ਗਿਆ। ਅਗਲੇ ਦਿਨ ਭਾਈ ਖ਼ੁਸ਼ਹਾਲ ਜੀ ਦੀ ਅਗਵਾਈ ਵਿੱਚ ਜਥਾ ਗੁਰੂ ਦਰਸ਼ਨਾਂ ਨੂੰ ਰਵਾਨਾ ਹੋਇਆ। ਭਾਈ ਸਾਹਿਬ ਚੰਦ ਅਤੇ ਇਹਨਾਂ ਦੇ ਮਾਤਾ-ਪਿਤਾ ਵੀ ਇਸ ਜਥੇ ਵਿੱਚ ਸ਼ਾਮਿਲ ਸਨ। ਇਹ ਜਥਾ ਜਦੋਂ ਪੰਜਾਬ ਦੀ ਧਰਤੀ ਪਿੰਡ ਘੜਾਮ ਪੁੱਜਾ ਤਾਂ ਇਹਨਾਂ ਨੂੰ ਪਤਾ ਲੱਗਾ ਕਿ ਦਸਵੇਂ ਪਾਤਸ਼ਾਹ ਅੱਜ ਕੱਲ੍ਹ ਪਿੰਡ ਭੰਗਾਣੀ ਪਾਉਂਟਾ ਸਾਹਿਬ ਵਿਖੇ ਹਨ। ਜੱਥਾ ਪਾਉਂਟਾ ਸਾਹਿਬ ਨੂੰ ਮੁੜ ਪਿਆ ਅਤੇ ਓਥੇ ਪਹੁੰਚ ਕੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਓਸ ਵੇਲ਼ੇ ਭਾਈ ਸਾਹਿਬ ਦੀ ਉਮਰ 11 ਕੁ ਸਾਲ ਦੀ ਸੀ। ਗੁਰੂ ਸਾਹਿਬ ਦੇ ਦਰਸ਼ਨਾਂ ਉਪਰੰਤ ਭਾਈ ਖ਼ੁਸ਼ਹਾਲ ਬਿਦਰ ਨੂੰ ਮੁੜ ਗਏ ਪਰ ਭਾਈ ਸਾਹਿਬ ਚੰਦ ਗੁਰੂ ਸਾਹਿਬ ਕੋਲ਼ ਹੀ ਠਹਿਰ ਗਏ।

ਭੰਗਾਣੀ ਦਾ ਯੁੱਧ ਜਿੱਤਣ ਤੋਂ ਬਾਅਦ ਜਦੋਂ ਗੁਰੂ ਸਾਹਿਬ ਅਨੰਦਪੁਰ ਸਾਹਿਬ ਵਾਪਿਸ ਆਏ ਤਾਂ ਭਾਈ ਸਾਹਿਬ ਵੀ ਗੁਰੂ ਸਾਹਿਬ ਨਾਲ ਆ ਓਥੇ ਹੀ ਟਿਕ ਗਏ। ਭਾਈ ਸਾਹਿਬ ਚੰਦ ਦੀ ਉਮਰ ਜਦ 18 ਸਾਲ ਦੀ ਹੋਈ ਤਾਂ ਉਹਨਾਂ ਦੇ ਮਾਤਾ-ਪਿਤਾ ਪਾਤਸ਼ਾਹ ਕੋਲ ਆਏ ਅਤੇ ਆਪਣੇ ਪੁੱਤਰ ਦੇ ਵਿਆਹ ਵਾਸਤੇ ਬੇਨਤੀ ਕੀਤੀ। ਇਸ ਤੋਂ ਇੱਕ ਦਿਨ ਪਹਿਲਾਂ ਹੀ ਭਾਈ ਤੀਰਥ ਰਾਮ ਅਤੇ ਉਸ ਦੀ ਪਤਨੀ ਮਦਨਗਿਰੀ ਨੇ ਆਪਣੀ ਬੇਟੀ ਨਿਰੰਜਨੀ ਦੇ ਵਿਆਹ ਦੀ ਬੇਨਤੀ ਗੁਰੂ ਪਾਸ ਕੀਤੀ ਸੀ। ਗੁਰੂ ਸਾਹਿਬ ਨੇ ਭਾਈ ਸਾਹਿਬ ਚੰਦ ਦਾ ਵਿਆਹ ਬੀਬੀ ਨਿਰੰਜਨੀ ਨਾਲ਼ ਕਰਵਾ ਦਿੱਤਾ। ਇਹਨਾਂ ਦੇ ਘਰ ਦੋ ਪੁੱਤਰ ਅਤੇ ਇੱਕ ਪੁੱਤਰੀ ਨੇ ਜਨਮ ਲਿਆ। ਭਾਈ ਸਾਹਿਬ ਸਿੰਘ ਦੇ ਪਤਨੀ ਅਤੇ ਪੁੱਤਰੀ ਸਰਸਾ ਨਦੀ ਤੇ ਘਮਾਸਾਨ ਵਿੱਚ ਸ਼ਹੀਦ ਹੋ ਗਏ ਸਨ। ਚਮਕੌਰ ਦੇ ਯੁੱਧ ਵਿੱਚ ਜਦੋਂ ਭਾਈ ਹਿੰਮਤ ਸਿੰਘ ਅਤੇ ਭਾਈ ਮੋਹਕਮ ਸਿੰਘ ਸਾਹਿਬਜ਼ਾਦਿਆਂ ਨਾਲ਼ ਸ਼ਹੀਦੀ ਪ੍ਰਾਪਤ ਕਰ ਗਏ ਸਨ ਤਾਂ ਆਪ ਜੀ ਨਾਲ਼ 5 ਸਿੰਘ ਹੋਰ ਬਚੇ ਸਨ, ਜੋ ਆਖ਼ਰੀ ਜਥੇ ਦੇ ਰੂਪ ਵਿੱਚ ਜੰਗ ਦੇ ਮੈਦਾਨ ਵਿੱਚ ਸ਼ਹੀਦੀ ਪਾ ਗਏ।


**ਭਾਈ ਬੇਅੰਤ ਸਿੰਘ ਕਲੇਰਾਂ ਵਾਲ਼ੇ ਸਿਰੁ ਸਉਪੀਐ :** ਪਿਆਰੇ ਭਾਈ ਸਾਹਿਬ ਸਿੰਘ ਜੀ (ਲੁਧਿਆਣਾ: ਗੁਰਬਾਣੀ ਪ੍ਰਚਾਰ ਸੈਂਟਰ), 2011 । ਭਾਈ ਦਇਆ ਸਿੰਘ ਦੀ ਬੰਸਾਵਲੀ ਪੰਨਾ ਨੰਬਰ 8 ਉਤੇ ਦਿੱਤੀ ਹੈ।

ਹੁਣ ਆਪ ਸੋਚੀਏ ਕਿ ਇਹੋ ਜਿਹੇ ਗੁਰਸਿੱਖ ਜੋ ਆਪਣੇ ਦਾਦੇ-ਪੜਦਾਦੇ ਦੇ ਸਮੇਂ ਤੋਂ ਹੀ ਗੁਰੂ ਨਾਨਕ ਸਾਹਿਬ ਦੇ ਘਰ ਨਾਲ ਜੁੜੇ ਹੋਏ ਸਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਗੁਰੂ ਨਾਨਕ ਸਾਹਿਬ ਦੀ ਸਿੱਖੀ ਨੂੰ ਸਮਰਪਿਤ ਹੋ ਜੀਵਿਆ ਹੋਵੇ, ਉਹਨਾਂ ਨੂੰ ਹਿੰਦੂ ਕਹਿਣਾ, ਉਹਨਾਂ ਦੇ ਉੱਤੇ ਉਹ ਪਛਾਣ ਥੋਪਣਾ ਹੈ, ਜੋ ਉਹਨਾਂ ਦੀ ਕਦੇ ਸੀ ਹੀ ਨਹੀਂ।

ਉਹ ਆਪਣੀ ਜਾਤ, ਗੋਤ, ਮਤ ਤਿਆਗ ਗੁਰੂ ਨਾਨਕ ਸਾਹਿਬ ਦੀ 'ਸਾ ਜਾਤ, ਸਾ ਪਤੁ ਹੈ ਜੇਹਾ ਕਰਮ ਕਮਾਏ' ਵਾਲ਼ੇ ਸਿਧਾਂਤ ਉੱਤੇ ਚੱਲਦੇ ਹੋਏ ਗੁਰਮਤਿ ਮੁਤਾਬਿਕ ਜੀਵਨ ਬਤੀਤ ਕਰ ਰਹੇ ਸਨ। ਉਹ ਹਿੰਦੂਆਂ ਤੋਂ ਸਿੱਖ ਨਹੀਂ ਹੋਏ, ਬਲਕਿ ਪੂਰਨ ਰੂਪ ਵਿੱਚ ਨਿਰਵੈਰ ਨਿਰਭਉ ਹੋ ਕੇ 'ਨਿਰਮਲ ਪੰਥ ਤੋਂ ਖ਼ਾਲਸਾ ਪੰਥ' ਹੋ ਗਏ ਸਨ ।

**ਪੰਜ ਸੀਸ ਹੀ ਕਿਉਂ ਮੰਗੇ?**

ਵੈਸੇ ਤਾਂ ਹੁਣ ਤਕ ਇਹ ਸਪਸ਼ਟ ਹੋ ਗਿਆ ਹੋਵੇਗਾ ਕਿ ਸਿੱਖੀ ਦੇ ਰਾਹ ਵਿੱਚ ਸਿਰ ਦੇਣ




ਦੀ ਕੀ ਮਹੱਤਤਾ ਹੈ? ਜਦੋਂ ਵੀ ਕੋਈ ਨੌਜਵਾਨ ਸਿੱਖ ਚੇਤਨਾ ਦੀ ਹਾਮੀ ਭਰਦਾ ਹੋਇਆ ਸ਼ਹੀਦੀ ਦੀ ਗੱਲ ਕਰੇ, ਸ਼ਸਤਰਾਂ ਦੀ ਗੱਲ ਕਰੇ ਜਾਂ ਸਿਰ ਦੇਣ ਦੀ ਗੱਲ ਕਰੇ ਤਾਂ ਸਾਡੇ ਵਿੱਚੋਂ ਕਈ ਇਸੇ ਗੱਲ 'ਤੇ ਉਲ਼ਝਦੇ ਰਹਿੰਦੇ ਨੇ ਕਿ 'ਇਹ ਸਮਾਂ ਸਿਰ ਦੇਣ ਦਾ ਨਹੀਂ, ਸਿਰ ਵਰਤਣ ਦਾ ਹੈ।'

ਦਰਅਸਲ ਇਹ ਸਾਡੇ ਅੰਦਰ ਪਈ ਹੀਣ-ਭਾਵਨਾ, ਸਵੈ-ਨਫ਼ਰਤ ਅਤੇ ਵਪਾਰਕ ਮੰਡੀ ਵਿੱਚ ਮਾਨਤਾ ਪ੍ਰਾਪਤ ਕਰਨ ਦੀ ਜ਼ਰੂਰਤ ਅਤੇ ਭੁੱਖ ਵਿੱਚੋਂ ਨਿਕਲ਼ੀ ਹੋਈ ਗੱਲ ਹੈ। ਨਹੀਂ ਤਾਂ ਮੈਂ ਇਹ ਮੰਨਣ ਨੂੰ ਤਿਆਰ ਨਹੀਂ ਕਿ ਕੋਈ ਸਿੱਖ, ਸਿੱਖੀ ਵਿੱਚ ਸ਼ਾਸਤਰ ਅਤੇ ਸ਼ਸਤਰ, ਸਿਰ ਦੇਣ ਅਤੇ ਸਿਰ ਵਰਤਣ ਦੇ ਸੰਤੁਲਨ ਨੂੰ ਨਾ ਸਮਝੇ। ਮੀਰੀ-ਪੀਰੀ ਦਾ ਸਿਧਾਂਤ ਹੀ ਇਹ ਸੀ ਕਿ ਅਸੀਂ ਅਧਿਆਤਮਿਕ ਪੱਧਰ ਉੱਤੇ ਵੀ ਵਿਜੇਤਾ ਹਾਂ ਅਤੇ ਜੰਗ ਦੇ ਮੈਦਾਨ ਵਿੱਚ ਵੀ। ਗੁਰੂ ਨਾਨਕ ਸਾਹਿਬ ਨੇ ਪਹਿਲੇ ਜਾਮੇ ਵਿੱਚ ਬਾਣੀ ਅਤੇ ਦਸਵੇਂ ਜਾਮੇ ਵਿੱਚ ਬਾਣਾ ਕਿਸੇ ਕਾਰਨ ਹੀ ਬਖਸ਼ੇ ਸਨ। ਪਰ ਕਿਉਂਕਿ ਅਸੀਂ ਗੁਰੂ ਨਾਨਕ ਸਾਹਿਬ ਨੂੰ ਗੁਰੂ ਗੋਬਿੰਦ ਸਾਹਿਬ ਤੋਂ ਵੱਖਰਾ ਕਰ ਵੇਖਣ ਲੱਗ ਪਏ, ਤਾਂ ਸਾਨੂੰ ਇਹ ਵਹਿਮ ਹੋ ਗਿਆ ਕਿ ਗੁਰੂ ਨਾਨਕ ਸਾਹਿਬ ਨੂੰ ਮੰਨਣ ਵਾਲ਼ੇ ਸਿਰਫ਼ ਬਾਣੀ ਪੜ੍ਹਦੇ ਨੇ ਤੇ ਗੁਰੂ ਗੋਬਿੰਦ ਸਾਹਿਬ ਦੇ ਸਿੱਖ ਕੇਵਲ ਸ਼ਸਤਰ ਰੱਖਦੇ ਨੇ। ਸਾਡੀ ਅਗਿਆਨਤਾ ਦੀ ਹੱਦ ਓਦੋਂ ਹੁੰਦੀ ਹੈ, ਜਦੋਂ ਅਸੀਂ ਗੁਰਬਾਣੀ ਵੀ ਵੰਡਣ ਦੀ ਕੋਸ਼ਿਸ਼ ਕੀਤੀ ਹੈ। ਜੋ ਬਹੁਤ ਚਲਾਕੀ ਨਾਲ਼ ਸਾਡੇ ਵਿੱਚ ਪਾਈ ਗਈ ਅਤੇ ਸਾਡੀ ਮੂਰਖਤਾ ਕਹਿ ਲਵੋ, ਨਾਸਮਝੀ ਜਾਂ ਅਵੇਸਲਾਪਣ ਕਿ ਅਸੀਂ ਉਹ ਸੋਚ ਅਪਨਾ ਵੀ ਲਈ, ਨੇ ਸਾਨੂੰ ਆਪਣੇ ਮੂਲ ਅਸੂਲ ਨਾਲ਼ੋਂ, ਆਪਣੇ ਮੀਰੀ-ਪੀਰੀ ਦੇ ਸਿਧਾਂਤ, ਸੰਤ-ਸਿਪਾਹੀ ਦੇ ਸੰਕਲਪ ਤੋਂ ਤੋੜ ਕੇ ਕਿਤੇ ਦੂਰ ਸੁੱਟ ਦਿੱਤਾ। ਸਾਡੇ ਲਈ ਇਹ ਸਮਝਣਾ ਲਾਜ਼ਮੀ ਹੈ ਕਿ ਸਿੱਖਾਂ ਦੀ ਮਤ ਉੱਚੀ ਸ਼ਾਸਤਰ, ਭਾਵ ਗੁਰਬਾਣੀ ਨੇ ਕਰਨੀ ਹੈ ਅਤੇ ਇਸੇ ਗੁਰਬਾਣੀ ਦੇ ਮਹਾਵਾਕਾਂ ਅਨੁਸਾਰ ਨਿਸ਼ਕਾਮ ਸੇਵਾ ਨੇ ਮੰਨ ਵਿੱਚ ਕਰੁਣਾ, ਦਇਆ ਅਤੇ ਪ੍ਰੇਮ ਪੈਦਾ ਕਰ, ਮਨ ਨੀਵਾਂ ਰੱਖਣਾ ਹੈ ਅਤੇ ਇਹਨਾਂ ਸਭ ਸਿਧਾਂਤਾਂ ਦੀ ਜਬਰ ਅਤੇ ਜ਼ੁਲਮ ਦੇ ਪੈਰੋਕਾਰਾਂ ਤੋਂ ਰੱਖਿਆ ਸ਼ਸਤਰ ਨੇ ਕਰਨੀ ਹੈ।

ਚਲਦਾ.....

# ਗੁਰੂ ਬੈਠਾ ਅਮਰੁ ਸਰੂਪ ਹੋਇ

- ਲੇਖਕ -
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



## ਕਿਸ਼ਤ-12

ਰੋਜ਼ ਵਾਂਗ ਜਦੋਂ ਬਾਲਣ ਲਈ ਲੱਕੜਾਂ ਲੈ ਕੇ ਇਹ ਅੱਜ ਵਾਪਸ ਪਰਤਿਆ ਤਾਂ ਇਸ ਦੇ ਚਿਹਰੇ ਉਤੇ ਬਹੁਤ ਝਰੀਟਾਂ ਲੱਗੀਆਂ ਹੋਣ ਕਰ ਕੇ ਲਹੂ ਨਿਕਲ ਰਿਹਾ ਸੀ। ਪੁੱਛਣ 'ਤੇ ਇਸ ਨੇ ਦੱਸਿਆ ਕਿ ਅੱਜ ਵਣ ਵਿਚ ਕੋਈ ਚੁੜੇਲ ਇਸਤ੍ਰੀ ਇਸ ਦੇ ਗਲ ਪੈ ਗਈ ਸੀ ਜਿਸ ਤੋਂ ਬੜੀ ਮੁਸ਼ਕਲ ਨਾਲ ਬਚਾਅ ਹੋਇਆ ਹੈ। ਸੰਗਤ ਨੇ ਕਿਹਾ ਕਿ ਗੁਰੂ ਪਾਤਸ਼ਾਹ ਜੀ ਨੂੰ ਇਸ ਘਟਨਾ ਬਾਰੇ ਜ਼ਰੂਰ ਦੱਸਣਾ ਚਾਹੀਦਾ ਹੈ ਤਾਂ ਜੁ ਕਿਸੇ ਦਾ ਵਧੇਰੇ ਨੁਕਸਾਨ ਨ ਹੋ ਜਾਵੇ। ਇਹ ਵਿਚਾਰ ਕੇ ਭਾਈ ਸੱਚਨ-ਸੱਚ ਨੇ ਗੁਰੂ ਸਾਹਿਬ ਕੋਲ ਸਾਰੀ ਘਟਨਾ ਜਾ ਦੱਸੀ ਕਿ ਕਿਸ ਤਰਹ ਅੱਜ ਇਕ ਕਮਲੀ ਨੇ ਨੌਂਹ ਮਾਰ ਕੇ ਅਤੇ ਚੱਕ ਵੱਢ ਵੱਢ ਕੇ ਉਸ ਦਾ ਬੁਰਾ ਹਾਲ ਕਰਦਿੱਤਾ ਹੈ। ਸੋਚ ਕੇ ਅੰਤਰਜਾਮੀ ਪਾਤਸ਼ਾਹ ਜੀ ਨੇ ਕਿਹਾ,

'ਭਾਈ! ਡਾਢੇ ਫ਼ਿਕਰ ਵਾਲੀ ਕੋਈ ਗੱਲ ਨਹੀਂ, ਉਹ ਚੁੜੇਲ ਇਸਤ੍ਰੀ ਕੋਈ ਹੋਰ ਨਹੀਂ ਹਰੀਪੁਰ ਵਾਲੇ ਰਾਜੇ ਦੀ ਕਮਲੀ ਹੋਈ ਰਾਣੀ ਹੋ ਸਕਦੀ ਹੈ। ਤੁਸੀਂ ਇਉਂ ਕਰਨਾ ਕਿ ਕੱਲ੍ਹ ਸਵੇਰੇ ਲੱਕੜਾਂ ਲੈਣ ਜਾਣ ਲੱਗਿਆਂ ਸਾਡੀ ਜੁੱਤੀ ਦਾ ਇਕ ਪੈਰ ਲੈ ਜਾਣਾ, ਜੇ ਉਹ ਕਮਲੀ ਫਿਰ ਆਣ ਝਪਟੇ ਤਾਂ ਉਸ ਦੇ ਸਿਰ 'ਤੇ ਇਹ ਛੁਹਾ ਦੇਣਾ, ਕਰਤਾਰ ਕਿਰਪਾ ਕਰੇਗਾ ਉਹ ਸ਼ਾਂਤ ਹੋ ਜਾਵੇਗੀ ਅਰ ਸ਼ਾਂਤ ਹੋਈ ਜੇ ਉਹ ਚਾਹੇ ਤਾਂ ਉਸ ਨੂੰ ਆਪਣੇ ਨਾਲ ਏਥੇ ਲੈ ਆਉਣਾ'।

ਤਬ ਬਚਨ ਹੋਆ- ਤੂ ਏਕ ਚਰਨ ਦਾਸੀ ਲੈ ਜਾਇ ਕਰ ਉਸ ਕੇ ਸਿਰ ਪਰ ਮਾਰਉ ਆਹ ਅਛੀ ਹੋਵੈਗੀ ਤਦ ਹਜੂਰ ਮੋ ਲੇ ਆਵਉ।

ਸਵੇਰੇ ਕੀਰਤਨ ਸੁਣ ਕੇ ਸੱਚਨ-ਸੱਚ ਲੱਕੜਾਂ ਲੈਣ ਜਾਣ ਲੱਗੇ ਹਜ਼ੂਰ ਦੀ ਜੁੱਤੀ/ਕਉਸ ਦਾ ਇਕ ਪੈਰ ਲੈ ਗਏ। ਅੱਜ ਫਿਰ ਕੱਲ੍ਹ ਵਾਂਗ ਹੀ ਹੋਇਆ। ਲੱਕੜਾਂ ਇਕੱਠੀਆਂ ਕਰਦਿਆਂ ਉੱਪਰ ਅਚਾਨਕ ਹੀ ਇਕ ਰੁੱਖ ਓਹਲਿਓਂ ਨਿਕਲ ਕੇ ਉਸ ਕਮਲੀ ਨੇ ਭਾਈ ਜੀ ਤੇ ਹਮਲਾ ਕਰ ਦਿੱਤਾ। ਛੇਤੀ ਹੀ ਇਨ੍ਹਾਂ ਨੇ ਸੰਭਲ ਕੇ ਆਪਣੀ ਝੂਰੀ ਵਿਚ ਲਪੇਟੀ ਹੋਈ ਜੁੱਤੀ ਦਾ ਪੈਰ ਉਸ ਦੇ ਸਿਰ ਲਾ ਦਿੱਤਾ ਜਿਸ ਦੇ ਲਗਦਿਆਂ ਹੀ ਉਹ ਸ਼ਾਂਤ ਹੋ ਗਈ। ਸ਼ਾਂਤ ਹੁੰਦਿਆਂ ਹੀ ਉਸ ਦੀ ਸੁਰਤੀ ਵੀ ਪਰਤ ਆਈ। ਭਾਈ ਸਾਹਿਬ ਵੱਲ ਵੇਖਦਿਆਂ ਹੀ ਥੱਲੇ ਬੈਠ ਗਈ। ਇਨ੍ਹਾਂ ਨੇ ਉਸ ਵੱਲ ਆਪਣਾ ਝੂਰੀ ਵਧਾਈ ਜੋ ਉਸ ਨੇ ਆਪਣੇ ਦੁਆਲੇ ਲਪੇਟ ਲਈ।

ਤਬ ਟਹਿਲੀਏ ਨੇ ਜੋ ਬਚਨ ਹੋਆ ਸੋ ਕੀਆ। ਤਬ ਵਹ ਸੁਚੇਤ ਹੋਈ। ਉਸ ਕੋ ਕਮਲੀ ਉਢਾਇ ਕੇ ਹਜੂਰ ਮੋ ਲੇ ਆਇਆ।ਮ.ਪ੍ਰ.ਵਾਰਤਕ

ਕਰ ਮਾਰਨ ਕੋ ਜਬ ਹੀ ਉਛਰੀ (ਹੱਥ ਮਾਰਨ ਲਈ ਉਹ ਜਿਉਂ ਹੀ ਉੱਛਲੀ)
ਕੌਂਸ ਹਤੀ ਤਿਸ ਸੀਸ ਮਝਾਰਿ।(ਉਸ ਦੇ ਸਿਰ ਵਿਚ ਖੜਾਂਵ ਮਾਰੀ)
ਗੁਰ ਪਨਹੀ ਛੂਵਤ ਸੁਧਿ ਹੋਈ (ਚਰਨ ਦਾਸੀ ਛੂੰਹਦਿਆਂ ਹੀ ਸੁਚੇਤ ਹੋ ਗਈ)
ਬੈਠ ਗਈ ਤਨ ਭਈ ਸੰਭਾਰੁ।(ਸੰਭਲਦਿਆਂ ਹੀ ਥੱਲੇ ਬੈਠ ਗਈ) ਗੁ.ਪ੍ਰ.ਸੂ.

ਹੱਥ ਜੋੜ ਕੇ ਆਪਣੇ ਵਤੀਰੇ ਦੀ ਭਾਈ ਸੱਚਨ-ਸੱਚ ਤੋਂ ਮੁਆਫ਼ੀ ਮੰਗਦਿਆਂ ਦੱਸਿਆ ਕਿ ਮੈਂ ਹਰੀਪੁਰ ਵਾਲੇ ਰਾਜੇ ਦੀ ਛੋਟੀ ਰਾਣੀ ਸੀ ਜੋ ਭੁੱਲ ਕਰ ਕੇ ਆਪਣੀ ਸੁੱਧ-ਬੁੱਧ ਗੁਆ ਬੈਠੀ ਸਾਂ, ਤੁਸੀਂ ਕਿਰਪਾ ਕਰ ਕੇ ਗੁਰੂ ਜੀ ਕੋਲ ਲੈ ਚੱਲੋ ਮੈਂ ਉਨ੍ਹਾਂ ਕੋਲੋਂ ਮੁਆਫ਼ੀ ਲੈਣੀ ਚਾਹੁੰਦੀ ਹਾਂ।

ਭਾਈ ਜੀ ਸਿਰ 'ਤੇ ਲੱਕੜਾਂ ਉਠਾ ਅਰ ਉਸ ਨੂੰ ਨਾਲ ਲੈ ਕੇ ਗੁਰੂ ਸਾਹਿਬ ਪਾਸ ਆਣ ਪਹੁੰਚੇ। ਸਤਿਗੁਰਾਂ ਬੀਬੀ ਨੂੰ ਹੁਕਮ ਕੀਤਾ ਕਿ ਪਹਿਲਾਂ ਜਾ ਕੇ ਸ਼ਨਾਨ ਕਰ ਕੇ ਲੰਗਰ ਛੱਕੋ ਫਿਰ ਦੀਵਾਨ ਵਿਚ ਆਇਆ ਜੇ। ਬੀਬੀ ਨੇ ਇਸੇ ਤਰਹ ਹੀ ਕੀਤਾ। ਬੀਬੀ ਭਾਨੀ ਜੀ ਨੇ ਆਪਣੇ ਨਵੇਂ ਬਸਤ੍ਰ ਦਿੱਤੇ ਜੋ ਉਸ ਨੇ ਪਹਿਣ ਲੰਗਰ ਛਕ ਕੇ ਦੀਵਾਨ ਵਿਚ ਆਣ ਮੱਥਾ ਟੇਕਿਆ। ਹਜ਼ੂਰ ਨੇ ਭਾਈ ਸੱਚਨ-ਸੱਚ ਨੂੰ ਆਪਣੇ ਕੋਲ ਬੁਲਾ ਕੇ ਹੁਕਮ ਕੀਤਾ,

'ਭਾਈ! ਕਰਤਾਰ ਦੇ ਰੰਗ ਵੇਖੋ, ਇਸ ਬੀਬੀ ਨਾਲ ਅਜੇਹਾ ਹੀ ਕੁਝ ਵਰਤਣਾ ਸੀ। ਕੁਝ ਸਮਾਂ ਪਹਿਲਾਂ ਇਹ ਰਾਜੇ ਨਾਲ ਆਈ ਹੋਈ ਕਮਲੀ ਹੋ ਕੇ ਜੰਗਲ ਨੂੰ ਭੱਜ ਗਈ ਸੀ ਅਰ ਭਾਰੀ ਭਾਲ ਦੇ ਬਾਵਜੂਦ ਵੀ ਕਿਤੇ ਨ ਮਿਲੀ। ਅੰਤ ਇਹ ਸੋਚ ਕੇ ਕਿ ਜੰਗਲ ਵਿਚ ਇਸ ਨੂੰ ਕਿਸੇ ਸ਼ਿਕਾਰੀ ਜਾਨਵਰ ਨੇ ਖਾ ਲਿਆ ਹੋਵੇਗਾ, ਰਾਜਾ ਨਿਰਾਸ ਹੋ ਕੇ ਕੁਝ ਦਿਨਾਂ ਬਾਦ ਵਾਪਸ ਪਰਤ ਗਿਆ ਪਰ, ਇਹ ਚੰਗੇ ਭਾਗਾਂ ਨੂੰ ਜੰਗਲ ਵਿਚ ਕਿਸੇ ਤਰਹ ਬਚੀ ਰਹੀ ਅਰ ਹੁਣ ਗੁਰੂ ਦਰਬਾਰ ਆਣ ਪਹੁੰਚੀ ਹੈ। ਅਸੀਂ ਚਾਹੁੰਦੇ ਹਾਂ ਕਿ ਜੇ ਹੁਣ ਤੁਸੀਂ ਦੋਵੇਂ ਆਪਸ ਵਿਚ ਵਿਆਹ ਕਰ ਲਵੋ ਤਾਂ ਆਪਸੀ ਸਾਥ ਵਿਚ ਤੁਹਾਡਾ ਦੋਹਾਂ ਦਾ ਜੀਵਨ ਸੋਹਣਾ ਬਤੀਤ ਹੋ ਸਕਦਾ ਹੈ। ਕੀਹ ਇੱਛਾ ਹੈ'? ਸਿਰ ਨਿਵਾ ਕੇ ਭਾਈ ਜੀ ਨੇ ਕਿਹਾ,

'ਜਿਵੇਂ ਆਪ ਦਾ ਹੁਕਮ ਪਾਤਸ਼ਾਹ'!

ਹਜ਼ੂਰ ਨੇ ਬੀਬੀ ਨੂੰ ਪੁੱਛਿਆ,

'ਧੀਏ! ਤੂੰ ਖ਼ੁਸ਼ ਹੈਂ? ਕੋਈ ਇਤਰਾਜ਼ ਹਈ ਤਾਂ ਦੱਸ'।

ਉਸ ਨੇ ਸਿਰ ਝੁਕਾਉਂਦਿਆਂ ਕਿਹਾ,

'ਪਿਤਾ ਜੀ! ਆਪ ਦਾ ਹੁਕਮ ਸਿਰ ਮੱਥੇ, ਮੇਰੀ ਪਿਛਲੀ ਭੁੱਲ ਖਿਮਾ ਕਰ ਦਿਉ'।

ਤਾ ਕੋ ਦੇਖ ਬਿਗਸੇ ਗੁਰ ਦਿਆਲ।
ਤਿਨ ਪਰ ਕਿਰਪਾ ਕਰੀ ਬਿਸਾਲ।
ਸੁਣੋ ਸਿਖ ਯਹ ਆਗਿਆ ਮੇਰੀ।
ਅਬ ਤੂ ਭਰਤਾ ਇਹ ਇਸਤ੍ਰੀ ਤੇਰੀ।13॥

ਹਜ਼ੂਰ ਨੇ ਭਾਈ ਸੱਚਨ-ਸੱਚ ਦਾ ਇਸ ਬੀਬੀ ਵਿਆਹ ਕਰ ਦੇਣ ਉਪਰੰਤ ਦੋਹਾਂ ਨੂੰ ਬੇਅੰਤ ਪਿਆਰ ਅਤੇ ਖ਼ੁਸ਼ੀਆਂ ਵੰਡਦਿਆਂ ਭਾਈ ਜੀ ਨੂੰ ਬਚਨ ਕੀਤਾ,

'ਭਾਈ! ਤੁਸਾਂ ਨੇ ਗੁਰੂ-ਘਰ ਦੀ ਬਹੁਤ ਸੇਵਾ ਕੀਤੀ ਹੈ ਅਰ ਲੰਮਾ ਸਮਾਂ ਇਥੇ ਠਹਿਰ ਕੇ ਸਤਿਗੁਰਾਂ ਦੀ ਸਿੱਖੀ ਨੂੰ ਸਮਝਿਆ ਹੈ, ਅਸੀਂ ਤੁਹਾਨੂੰ ਮੱਦਰ/ਮੰਦਰ ਅਤੇ ਸ਼ਰਕਪੁਰ ਦੇ ਇਲਾਕੇ ਦੇ ਪ੍ਰਚਾਰਕ ਥਾਪਦੇ ਹਾਂ ਤੁਸੀਂ ਆਪਣੇ ਇਲਾਕੇ ਵਿਚ ਜਾ ਕੇ ਸਤਿਗੁਰਾਂ ਦੀ ਸਿੱਖੀ ਦਾ ਪ੍ਰਚਾਰ ਕਰੋ'। ਭਾਈ ਸੱਚਨ-ਸੱਚ ਨੇ ਗੁਰੂ ਆਗਿਆ ਸਨਮੁਖ ਸੀਸ ਨਿਵਾਇਆ ਤਾਂ ਪਾਤਸ਼ਾਹ ਜੀ ਨੇ ਭਾਈ ਜੀ ਨੂੰ ਸਿਰੋਪਾ ਦੇ ਕੇ ਲਾਹੌਰ ਦੇ ਇਸ ਇਲਾਕੇ ਦਾ ਮੰਜੀਦਾਰ ਭਾਵ ਸਤਿਕਾਰ ਯੋਗ ਪ੍ਰਚਾਰਕ ਬਣਾ ਕੇ ਵਿਦਿਆ ਕੀਤਾ।

ਸਲੋਕ ਮਹਲਾ 3॥
ਸਤਿਗੁਰੁ ਸੇਵਨਿ ਆਪਣਾ
ਗੁਰਸਬਦੀ ਵੀਚਾਰਿ॥
ਸਤਿਗੁਰ ਕਾ ਭਾਣਾ ਮੰਨਿ ਲੈਨਿ
ਹਰਿ ਨਾਮੁ ਰਖਹਿ ਉਰਧਾਰਿ॥
ਐਥੈ ਓਥੈ ਮੰਨੀਅਨਿ
ਹਰਿ ਨਾਮਿ ਲਗੇ ਵਾਪਾਰਿ॥
ਗੁਰਮੁਖਿ ਸਬਦਿ ਸਿੰਞਾਪਦੇ
ਤਿਤੁ ਸਾਚੈ ਦਰਬਾਰਿ॥
ਸਚਾ ਸਉਦਾ ਖਰਚੁ ਸਚੁ
ਅੰਤਰਿ ਪਿਰਮੁ ਪਿਆਰੁ॥
ਜਮਕਾਲੁ ਨੇੜਿ ਨ ਆਵਈ
ਆਪਿ ਬਖਸੇ ਕਰਤਾਰਿ॥
ਨਾਨਕ ਨਾਮੁ ਰਤੇ ਸੇ
ਧਨਵੰਤ ਹੈਨਿ ਨਿਰਧਨੁ ਹੋਰੁ ਸੰਸਾਰੁ॥26॥
ਗੁ.ਗ੍ਰੰ.ਸਾ. ਪੰਨਾ 1414

ਸਮਾਂ ਪੈਣ 'ਤੇ ਕਰਤਾਰ ਨੇ ਇਨ੍ਹਾਂ ਘਰ ਔਲਾਦ ਵੀ ਬਖ਼ਸ਼ੀ ਜੋ ਹਾਲਾਤ ਅਨੁਸਾਰ ਵੱਖਰੇ ਵੱਖਰੇ ਨਗਰਾਂ ਵਿਚ ਜਾ ਬੱਸੀ। ਇਨ੍ਹਾਂ ਵਿਚੋਂ ਹੀ ਕਿਸੇ ਦੇ ਕੋਲ ਗੁਰੂ ਸਾਹਿਬ ਦਾ ਇਹ ਜੋੜਾ ਵੀ ਸੀ। ਇਹ ਪ੍ਰਵਾਰ ਜ਼ਿਲਾ ਫ਼ਿਰੋਜ਼ਪੁਰ ਦੇ ਨਗਰ ਸੇਖੋਪੁਰ/ਸ਼ੇਖੋਵਾਲ ਰਹਿੰਦਾ ਸੀ। 1960 ਈਸਵੀ ਦੇ ਦਹਾਕੇ ਵਿਚ ਸਾਨੂੰ ਵੀ ਇਸ ਪ੍ਰਵਾਰ ਨੂੰ ਮਿਲਣ ਦਾ ਸੁਭਾਗ ਹੋਇਆ ਹੈ।

**ਹੋਰ ਇਤਿਹਾਸਕ ਹਵਾਲੇ:**

**ਤਬ ਆਗਿਆ ਹੋਈ-** ਇਆਹ ਰਾਨੀ ਤੇਰੀ ਇਸਤਰੀ ਹੋਈ। ਅਬ ਤੂ ਇਸ ਕੋ ਘਰ ਲੇ ਜਾਹਿ। ਤੇਰੀ ਟਹਲ ਥਾਇ ਪਈ ਤੂ ਸਤਿਨਾਮ ਕਾ ਮੰਤ੍ਰ ਜਪ ਅਰ ਜਗਤ ਕੋ ਜਪਾਇ। ਜੋ ਤੈਨੂ ਮਨੇਗਾ ਸੋ ਮੈਨੂ ਮਨੈਗਾ। ਦੋਨੋ ਪੈਰਾ ਕੀ ਚਰਨ ਦਾਸੀ ਉਸ ਕੋ ਮਿਲੀ। ਬਚਨ ਹੋਆ- ਜਿਸਕੋ ਛੁਹਾਵੈਗਾ ਤਿਸ ਕਾ ਦੁਖ ਦੂਰ ਹੋ ਜਾਇਗਾ। ਤਬ ਵੈ ਬਿਦਾ ਹੋਏ।34। ਮ.ਪ੍ਰ. ਵਾਰਤਕ



ਗੁਰੂ ਅਮਰਦਾਸ ਪਾਤਸ਼ਾਹ ਜੀ

ਪ੍ਰਭ ਕੌਂਸ ਪਾਵ ਦੂਜੈ ਕੀ ਦੀਆ। ਲੈ ਦੋਨੋ ਕੌਂਸ ਬਖਸ ਤੁਮ ਦੀਆ। ਤਨ ਬਿਆਧ ਉਪਾਧ ਕਿਸੂ ਕੇ ਹੋਇ। ਛੁਹਤ ਕੌਂਸ ਦੁਖ ਰਹੈ ਨ ਕੋਇ।15॥... ਕ੍ਰਿਪਾ ਦ੍ਰਿਸਟਿ ਸ੍ਰੀ ਸਤਿਗੁਰ ਹੇਰ। ਬੂੰਦ ਸਿੰਧ ਰਾਈ ਕੀਓ ਮੇਰ। ਬਿਦਾ ਕਰੇ ਸਤਿਗੁਰ ਗ੍ਰਿਹ ਗਏ। ਉਚੇ ਪਦ ਕੋ ਪ੍ਰਾਪਤ ਭਏ।18॥ ਸਗਲ ਲੋਕ ਤਿਨ ਪੂਜ ਪੁਜਾਵੈਂ। ਦੁਖੀ ਜਾਇ ਤਬ ਰੋਗ ਮਿਟਾਵੈਂ। ਸਚਨ ਸਚ ਕੇਤਾ ਕੋ ਕਹੈ। ਸੇਖੋਪੁਰ ਪ੍ਰਸਿਧ ਵੋ ਆਹੇ।19॥ ਮ.ਪ੍ਰ.

ਦੁਤਿਯ ਕੌਂਸ ਭੀ ਲਿਹੁ ਹਮ ਪਗ ਕੀ
(ਸਾਡੇ ਪੈਰ ਦੀ ਦੂਜੀ ਖੜਾਂਵ ਵੀ ਲੈ ਲਵੋ)
ਬਯਾਧਿ ਉਪਾਧਿ ਜਿ ਕਿਸ ਕੇ ਹੋਇ।
(ਜੇ ਕਿਸੇ ਕਿਸੇ ਪ੍ਰਕਾਰ ਦਾ ਵੀ ਦੁਖ ਹੋਏ)
ਇਸ ਕੇ ਛੁਵਤਿ ਬਿਨਸ ਸਭ ਜਾਵਹਿ
(ਇਸ ਦੇ ਛੂੰਹਦਿਆਂ ਦੂਰ ਹੋ ਜਾਣਗੇ)
ਤਿਸ ਤਨ ਕੇ ਦੁਖ ਰਹੈ ਨ ਕੋਇ।
(ਕੋਈ ਵੀ ਦੁਖ ਨਹੀਂ ਰਹੇਗਾ)
ਬਚਨ ਫੁਰਹਿ ਤੁਵ ਬਰ ਜੁ ਸਰਾਪ ਸਭਿ
(ਤੁਹਾਡੇ ਕੀਤੇ ਸਭ ਬਚਨ ਪੂਰੇ ਹੋਣਗੇ)
ਨਿਜ ਗ੍ਰਿਹਿ ਬਸਹੁ ਚਿੰਤ ਕਿਤ ਖੋਇ।
(ਨਿਸਚਿੰਤ ਹੋ ਕੇ ਆਪਣੇ ਘਰ ਜਾ ਕੇ ਰਹੋ)
ਗੁਰਮੁਖ ਪੰਥ ਪ੍ਰਕਾਸ਼ਹੁ ਜਿਤ ਕਿਤ'(ਅਰ ਇਲਾਕੇ ਵਿਚ ਗੁਰਮਤ ਦਾ ਪ੍ਰਚਾਰ ਕਰੋ)
ਅਜਮਤ ਸਹਿਤ ਭਯੋ ਤਬ ਸੋਇ।35॥34॥
(ਇਸ ਤਰਹ ਸਤਿਗੁਰਾਂ ਉਸ ਨੂੰ ਅਜ਼ਮਤ ਬਖ਼ਸ਼ੀ) ਗੁ.ਪ੍ਰ.ਸੂ.

ਗੁਰੂ ਜੀ ਨੇ ਉਸ ਦੀ ਸ਼ਾਦੀ ਇਸੇ ਭਾਈ ਸੱਚ ਨਿਸੱਚ ਨਾਲ ਕਰ ਦਿੱਤੀ। ਦੂਜੀ ਖੜਾਂਵ ਬਖ਼ਸ਼ਸ਼ ਕਰ ਕੇ ਦੇ ਦਿਤੀ 'ਪ੍ਰਭ ਕੌਂਸ ਪਾਵ ਦੂਜੇ ਕਉ ਦੀਆ', ਭਾਵ ਇਹ ਸੀ ਕਿ ਜੀਵਨ ਦੀ ਦੌੜ ਇਕ ਪੈਰ ਨਾਲ ਨਹੀਂ ਦੋਹਾਂ ਨਾਲ ਤਹਿ ਕੀਤੀ ਜਾਂਦੀ ਹੈ। ਇਕ ਜੁੱਤੀ ਦਾ ਪੈਰ ਕਿਸੇ ਕੰਮ ਦਾ ਨਹੀਂ। ਇਕ ਗੁੰਮ ਗਿਆ ਤਾਂ ਦੂਜਾ ਕੋਈ ਨਹੀਂ ਵਰਤਦਾ। ਦੋਹੇਂ ਇਕਠੇ ਰਹਿਣਗੇ ਤਾਂ ਹੀ ਜੀਵਨ ਪੰਧ ਸੁਖਾਲੇ ਮੁਕਾਇਆ ਜਾ ਸਕੇਗਾ। ਪਰਬਤੁ ਮੇਰਾਣੁ, ਪ੍ਰਿੰ. ਸਤਿਬੀਰ ਸਿੰਘ

ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।
ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: M: 07966 388 388

ਲੜੀਵਾਰ ਨਾਵਲ
ਸ਼ਿਵਚਰਨ ਜੱਗੀ (ਕੁੱਸਾ)




ਫੋਨ : 07853 317 891
Email: jaggikussa@yahoo.de

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ 46

# ਇੱਕ ਮੇਰੀ ਅੱਖ ਕਾਸ਼ਣੀ...

**ਬੀਬੀ ਜੀ ਦਾ ਵਿਛੋੜਾ ਉਸ ਦੀ ਰੂਹ ਪੱਛ ਰਿਹਾ ਸੀ। ਰੋਟੀ ਅੱਜ ਗਣੇਸ਼ ਨੇ ਵੀ ਨਹੀਂ ਖਾਧੀ ਸੀ। ਮਾਣੋਂ ਦੀ ਮਾਂ ਗੁੰਨੀ ਦਾ ਤਾਂ ਬਹੁਤਾ ਹੀ ਬੁਰਾ ਹਾਲ ਸੀ। ਉਸ ਨੇ ਅੰਦਰ ਵੜ ਕੇ ਆਪਣਾ ਮੱਥਾ ਪਿੱਟ ਲਿਆ ਸੀ ਕਿ ਪਾਵੀ ਵਰਗੇ ਹੀਰੇ ਮੁੰਡੇ ਨੂੰ ਨਿਕਾਰ ਅਸੀਂ ਹੈਰੀ ਵਰਗੇ 'ਬਿੱਜੂ' ਨਾਲ਼ ਆਪਣੀ ਲਾਡਲੀ ਮਾਣੋਂ ਕਿਉਂ ਤੋਰ ਦਿੱਤੀ..? ਪਾਵੀ ਵਰਗਾ ਸਾਊ ਅਤੇ ਉਚੇ ਇਖ਼ਲਾਕ ਵਾਲ਼ਾ ਮੁੰਡਾ ਉਹਨਾਂ ਨੂੰ ਦਿਨੇ ਦੀਵਾ ਲੈ ਕੇ ਭਾਲ਼ਿਆ ਵੀ ਨਾ ਥਿਆਵੇਗਾ। ਹੁਣ ਤਾਂ ਕੁਝ ਨਹੀਂ ਹੋ ਸਕਦਾ ਸੀ...। ਹੁਣ ਇਕਲੌਤੀ ਧੀ ਦਾ ਤਲਾਕ ਥੋੜ੍ਹੋ ਕਰਵਾਉਣਾ ਸੀ..? ਹੁਣ ਤਾਂ ਸਮਾਂ ਰੇਤ ਵਾਂਗ ਹੱਥ ਵਿੱਚੋਂ ਕਿਰ ਗਿਆ ਸੀ। ਹੁਣ ਤਾਂ ਸਬਰ ਵਿੱਚ ਰਹਿ ਕੇ ਅਰਦਾਸ ਹੀ ਕੀਤੀ ਜਾ ਸਕਦੀ ਸੀ ਕਿ ਪ੍ਰਮਾਤਮਾ ਮਾਣੋਂ ਨੂੰ ਖ਼ੁਸ਼ ਰੱਖੇ। ਮਾਂ ਨੇ ਬਲ਼ਦੀ ਮੜ੍ਹੀ ਵਰਗਾ ਹਾਉਕਾ ਲਿਆ, ਜਿਹੜਾ ਉਸ ਦੀ ਰੂਹ ਨੂੰ ਝੰਜੋੜ ਗਿਆ।**




## ਕਾਂਡ 21

ਉਸ ਨੇ ਆਪਣੇ ਖ਼ਾਨਦਾਨ ਦੀ ਬੇਇੱਜ਼ਤੀ ਹੁੰਦੀ ਅੱਜ ਪਹਿਲੀ ਵਾਰ ਦੇਖੀ ਸੀ, ਜੋ ਉਸ ਲਈ ਅਸਹਿ ਸੀ।

-"ਕਿਉਂ ਕਾਕਾ ਜੀ, ਕੁੜੀ ਪਸੰਦ ਐ...?" ਖਹਿਰੇ ਨੇ ਲਾੜੇ ਨੂੰ ਪੁੱਛਿਆ।

-"ਪੁਲ਼ਸੀਆ, ਇਹਨੂੰ ਕੀ ਸੁਆਹ ਪਤੈ...? ਗਾਜਰ ਅਰਗੀ ਕੁੜੀ ਐ, ਹੋਰ ਇਹਨੇ ਬਾਂਸ ਲੈਣੈ...?"

-"ਫੇਰ ਥੋਡੀ ਹਾਂ ਐਂ...?"

-"ਹਾਂ ਈ ਐਂ...!"

-"ਲਓ, ਕਰੋ ਮੂੰਹ ਮਿੱਠਾ..!" ਖਹਿਰੇ ਨੇ ਲੱਡੂਆਂ ਦਾ ਡੱਬਾ ਚੁੱਕ ਲਿਆ।

-"ਓਏ ਪੁਲ਼ਸੀਆ, ਰਹਿਣ ਦੇ ਮਿੱਠੇ ਨੂੰ..। ਬਾਹਲ਼ੇ ਚੱਚਰ ਜੇ ਮੈਨੂੰ ਪਸੰਦ ਨੀ, ਕੰਮ ਹੋਇਆ, ਸਾਧ ਬਿਸਤਰੇ...।"

-"ਕੋਈ ਲੈਣ ਦੇਣ...?" ਰਾਠੌਰ ਗੱਲ ਤੋਰਨ ਹੀ ਲੱਗਿਆ ਸੀ ਕਿ ਦਾਰੂ ਨਾਲ਼ ਰੱਜਿਆ ਬਘੇਲ ਸਿਉਂ ਵਿੱਚ ਬੋਲ ਪਿਆ।

-"ਲਿਆ ਪੁਲ਼ਸੀਆ, ਜੋ ਦੇਣੈ, ਕੱਢ...?"

-"..............।" ਰਾਠੌਰ ਨਿਰੁੱਤਰ ਸੀ।

-"ਪਰ ਗੱਲ ਨਿਖ਼ਾਰ ਲੈਣੀ ਚੰਗੀ ਹੁੰਦੀ ਐ ਭਰਾ ਜੀ..।"

-"ਠਾਣੇਦਾਰਨੀਏਂ, ਬੰਦਿਆਂ ਦੀ ਗੱਲ 'ਚ ਬੁੜ੍ਹੀਆਂ ਦੇ ਬੋਲਣ ਦਾ ਕੋਈ ਕੰਮ ਨੀ..! ਚੁੱਪ ਕਰ ਕੇ ਬੈਠ...।" ਬਘੇਲ ਸਿਉਂ ਨੇ ਉਸ ਨੂੰ ਗਰਦ ਵਾਂਗ ਝਾੜ ਦਿੱਤਾ। ਉਹ ਫੱਟੜ ਸੱਪ ਵਾਂਗ ਅੰਦਰੋਂ ਤੜਪ ਉਠੀ ਅਤੇ ਗੁੰਝਲ਼ੀ ਜਿਹੀ ਮਾਰ ਕੇ ਬੈਠ ਗਈ। ਅੱਜ ਤੱਕ ਉਸ ਨੇ ਕਿਸੇ ਤੋਂ "ਓਏ" ਨਹੀਂ ਅਖਵਾਈ ਸੀ। ਮੋਢਿਆਂ ਉਤੋਂ ਦੀ ਹੀ ਥੁੱਕਿਆ ਸੀ।

## ਕਾਂਡ 22

ਤਣਾਓ ਭਰੇ ਮਾਹੌਲ ਵਿੱਚ ਸੰਖੇਪ ਮਿਲਣੀ ਸਿਰੇ ਚੜ੍ਹ ਗਈ। ਅਗਰ ਰਾਠੌਰ ਸਮਾਈ ਨਾ ਕਰਦਾ ਤਾਂ ਸ਼ਾਇਦ ਗੱਲ ਵਿਗੜ ਜਾਂਦੀ। ਪਰ ਖਹਿਰੇ ਅਤੇ ਉਸ ਦੀ ਪਤਨੀ ਗੁੰਨੀ ਨੇ ਉਸ ਨੂੰ ਲਗਾਮ ਪਾ ਕੇ ਤੜਾਵਾਂ ਕਸੀ ਰੱਖੀਆਂ ਅਤੇ ਮਾਹੌਲ ਵਿੱਚ ਸ਼ਾਂਤੀ ਬਣਾਈ ਰੱਖੀ। ਪਰ ਰਾਠੌਰ ਆਪਣੀ ਬੇਇੱਜ਼ਤੀ ਮੰਨ ਗਿਆ ਸੀ। ਇਹੀ ਹਾਲ ਮਾਣੋਂ ਦਾ ਸੀ। ਇੱਕ ਪਾਸੇ ਤਾਂ ਉਸ ਨੂੰ ਲੱਜਤ ਜਿਹੀ ਆ ਗਈ ਸੀ ਕਿ ਇੱਕ ਉਜੱਡ ਬੰਦੇ ਨੇ ਉਹਨਾਂ ਦੀ 'ਲਾਹ - ਪਾਅ' ਕਰ ਦਿੱਤੀ ਸੀ। ਪਰ ਦੂਜੇ ਪਾਸੇ ਉਸ ਨੂੰ ਘੋਰ ਮਾਯੂਸੀ ਹੋਈ ਸੀ ਕਿ ਜਿਸ ਬਾਪ ਵੱਲ ਕਿਸੇ ਨੇ ਅੱਜ ਤੱਕ ਅੱਖ ਪੱਟ ਕੇ ਨਹੀਂ ਦੇਖਿਆ ਸੀ, ਅੱਜ ਕੋਈ ਢੋਰ ਵਰਗਾ ਗੰਵਾਰ ਉਸ ਦੇ ਬਾਪ ਨੂੰ "ਓਏ ਪੁਲ਼ਸੀਆ" ਬੁਲਾ ਕੇ ਬੇਇੱਜ਼ਤ ਕਰ ਗਿਆ ਸੀ। ...ਸਾਡੇ ਲੋਕ ਵੀ ਜਿੱਥੋਂ ਇੱਜ਼ਤ ਮਿਲਦੀ ਹੈ, ਓਥੋਂ ਕਰਵਾ ਕੇ ਰਾਜ਼ੀ ਨਹੀਂ...। ਸੱਤ ਬਿਗਾਨਿਆਂ ਕੋਲ਼ੋਂ ਬੇਇੱਜ਼ਤ ਹੋਣਾ ਪ੍ਰਵਾਨ ਕਰ ਲੈਂਦੇ ਨੇ..। ਕੀ ਖੋਟ ਸੀ ਪਾਵੀ ਜਾਂ ਉਸ ਦੇ ਪ੍ਰੀਵਾਰ ਵਿੱਚ...? "ਬੀਜੀ - ਬੀਜੀ" ਕਰਦੇ ਦਾ ਮੂੰਹ ਸੁੱਕਦਾ ਸੀ। ਹੁਣ ਆਹ ਦੋ ਪੈਸੇ ਦਾ ਉਜੱਡ ਬੰਦਾ ਕੁੱਤੇ ਵਾਂਗ ਭੌਂਕ ਕੇ ਤੁਰ ਗਿਆ...। ਕੀ ਕਰਨਾ ਇਹੋ ਜਿਹਾ ਪੈਸਾ..? ਭੱਠ ਪਿਆ ਸੋਨਾਂ, ਜਿਹੜਾ ਕੰਨਾਂ ਨੂੰ ਖਾਵੇ...। ਕੀ ਸਿਰ 'ਚ ਮਾਰਨੈ ਐਹੋ ਜਿਆ ਪੈਸਾ...? ਅੱਗ ਲਾਉਣੀ ਐਂ ਐਹੋ ਜੇ ਕਰੋੜਾਂ ਨੂੰ...? ਜਿੱਥੇ ਬੰਦੇ ਦੀ ਕੁੱਤੇ ਜਿੰਨੀ ਕਦਰ ਨਹੀਂ..? ਜ਼ਰੂਰੀ ਨਹੀਂ ਇੱਕ ਅਮੀਰ ਬੰਦਾ ਸਮਝਦਾਰ ਵੀ ਹੋਵੇ..। ਵਿਰਾਸਤ ਵਿੱਚ ਗੱਦੀ ਤਾਂ ਦਿੱਤੀ ਜਾ ਸਕਦੀ ਐ, ਪਰ ਬੁੱਧੀ ਨਹੀਂ...। ਮਾਣੋਂ ਸੋਚ ਰਹੀ ਸੀ। ਪਰ ਮਾਣੋਂ ਨੂੰ ਇੱਕ ਗੱਲ ਦੀ ਸਮਝ ਨਹੀਂ ਆ ਰਹੀ ਸੀ ਕਿ ਡੀ.ਜੀ.ਪੀ. ਅੰਕਲ ਖਹਿਰਾ ਵੀ ਕਿਉਂ ਉਸ ਜੂਠ ਦਾ ਪਾਣੀ ਭਰਨ 'ਤੇ ਤੁਲਿਆ ਹੋਇਆ ਸੀ? ਖਹਿਰਾ ਅੰਕਲ ਕਿੰਨੇ ਪੜ੍ਹੇ ਲਿਖੇ, ਬੁੱਧੀਜੀਵੀ ਅਤੇ ਕਿੱਡੇ ਅਹੁਦੇ 'ਤੇ ਬਿਰਾਜਮਾਨ, ਤੇ ਇੱਕ ਬੇਦਿਮਾਗੇ ਬੰਦੇ ਦੇ ਸਾਹਮਣੇ ਉਹ ਵੀ ਕਿਉਂ ਚੁੱਪ ਰਹੇ...? ਚਲੋ ਮੰਨ ਲਿਆ ਕਿ ਮੇਰਾ ਬਾਪ ਤਾਂ ਧੀ ਦਾ ਪਿਉ ਸੀ, ਉਸ ਨੂੰ ਮਜਬੂਰੀ-ਵੱਸ ਚੁੱਪ ਰਹਿਣਾ ਪਿਆ, ਪਰ ਖਹਿਰਾ ਅੰਕਲ ਦੀ ਚੁੱਪ ਉਸ ਦੇ ਡੰਗ ਮਾਰੀ ਜਾ ਰਹੀ ਸੀ, ਕਿ ਕੋਈ ਖ਼ਾਸ ਕਾਰਨ ਤਾਂ ਸੀ, ਜਿਸ ਕਾਰਨ ਖਹਿਰਾ ਅੰਕਲ ਚੁੱਪ ਚਾਪ ਕਠਪੁਤਲੀ ਬਣ ਨੱਚ ਰਿਹਾ ਸੀ..। ਪਰ ਕਿਸੇ ਗੱਲ ਦਾ ਸਿਰਾ ਮਾਣੋਂ ਨੂੰ ਲੱਭ ਨਹੀਂ ਰਿਹਾ ਸੀ। ਉਹ ਹਨ੍ਹੇਰੇ ਵਿੱਚ ਡਾਗਾਂ ਚਲਾ ਰਹੀ ਸੀ। ਇੱਕ ਤਰ੍ਹਾਂ ਨਾਲ਼ ਅੱਕੀਂ ਪਲਾਹੀਂ ਹੱਥ ਮਾਰ ਰਹੀ ਸੀ। ਫ਼ਿਰ ਉਸ ਨੂੰ ਹੋਣ ਵਾਲ਼ੇ ਪਤੀ ਦਾ ਝੋਰਾ ਖਾਣ ਲੱਗ ਪਿਆ। ... ਜਿਹੜਾ ਅੱਜ ਘੁੱਗੂ ਬਣ ਕੇ ਪਿਉ ਦੀ ਡਾਂਟ ਖਾ ਰਿਹਾ ਹੈ, ਤੇ ਉਹ ਵੀ ਸਭ ਦੇ ਸਾਹਮਣੇ, ਉਹ ਕੱਲ੍ਹ ਨੂੰ ਮੇਰੀ ਰੱਖਿਆ ਕਰਨ ਦੇ ਕੀ ਸਮਰੱਥ ਹੋਊਗਾ...? ...ਉਸ ਦਾ ਬਾਪ ਸਭ ਦੇ ਸਾਹਮਣੇ ਉਸ ਦਾ ਮੌਜੂ ਬਣਾ ਗਿਆ, ਪਰ ਉਹ ਕੁਸਕਿਆ ਤੱਕ ਨਹੀਂ, ਕੀ ਉਹ ਦਿਮਾਗੀ ਤੌਰ 'ਤੇ ਅਪੰਗ ਤਾਂ ਨਹੀਂ...? ਕੁੱਤੇ ਦੇ ਡੰਡਾ ਮਾਰੀਏ, ਤਾਂ ਉਹ ਵੀ ਮੁੜ ਰਸੋਈ ਵਿੱਚ ਨਹੀਂ ਵੜਦਾ, ਪਰ ਮੇਰਾ ਪਤੀ ਪ੍ਰਮੇਸ਼ਰ ਤਾਂ ਅਪਮਾਨ ਕਰਵਾ ਕੇ ਵੀ ਬੈਠਾ ਦੰਦੀਆਂ ਜਿਹੀਆਂ ਕੱਢ ਰਿਹਾ ਸੀ...। ਹੁਣ ਮੈਂ ਕਿਸ ਨੂੰ ਆਖਾਂ ਕਿ ਇਸ ਗੱਲ ਦੀ ਤਹਿਕੀਕਾਤ ਕਰੋ...? ਮਾਂ ਬਾਪ ਨੂੰ...? ਜਿਹੜੇ ਕੈਨੇਡੀਅਨ ਲਾੜੇ ਦੇ ਲੜ ਲਾਉਣ ਲਈ ਖ਼ੁਦ ਆਪਣਾ ਅਪਮਾਨ ਕਰਵਾ ਰਹੇ ਸੀ...?

-"ਕਿੱਥੇ ਗੁੰਮ ਸੁਮ ਹੋਏ ਬੈਠੇ ਹੋ ਬੀਬੀ ਜੀ...?"

-"....................।" ਪਾਰੋ ਦੀ ਅਵਾਜ਼ ਨਾਲ਼ ਮਾਣੋਂ ਦੀ ਸੁਰਤ ਪਰਤੀ।

-"ਹੁਣ ਉਦਾਸ ਨਾ ਹੋਵੋ ਬੀਬੀ ਜੀ, ਆਪਣੀ ਅਗਲੀ ਮੰਜ਼ਿਲ ਦੀ ਤਿਆਰੀ ਕਰੋ..!" ਪਾਰੋ ਬੋਲੀ।

-"ਜਿੱਥੇ ਕੁਛ ਵੱਸ ਨਾ ਰਹੇ, ਤੇ ਤੁਸੀਂ ਬੇਵੱਸ ਹੋ ਜਾਵੋਂ, ਓਥੇ ਬੱਸ ਤਕੜੇ ਹੋ ਜਾਓ...!" ਪਾਰੋ ਬੋਲੀ।

-"ਪਾਰੋ, ਮੇਰਾ ਦਿਲ ਕਰਦੈ ਤੈਨੂੰ ਆਪਣੇ ਨਾਲ਼ ਲੈ ਜਾਵਾਂ...।" ਮਾਣੋਂ ਅੱਖਾਂ ਭਰ ਆਈ।

-"ਜੇ ਮੇਰਾ ਵੱਸ ਚੱਲਦਾ ਤਾਂ ਥੋਡੇ ਨਾਲ਼ ਜ਼ਰੂਰ ਚੱਲਦੀ, ਬੀਬੀ ਜੀ, ਪਰ ਆਪਣੀ ਜਾਨ ਦੀ ਡੋਰ ਹੀ ਕਿਸੇ ਹੋਰ ਹੱਥਾਂ ਵਿੱਚ ਐ..!" ਪਾਰੋ ਦੇ ਚਿਹਰੇ ਉਪਰ ਵੀ ਉਦਾਸੀ ਅਤੇ ਮਾਯੂਸੀ ਦੇ ਬੱਦਲ਼ ਛਾਅ ਗਏ। ਮੁੜ ਉਹਨਾਂ 'ਚੋਂ ਕੋਈ ਵੀ ਨਾ ਬੋਲਿਆ।

ਤਣਾਅ ਜਿਹੇ ਮਾਹੌਲ ਵਿੱਚ ਵਿਚਰਦਿਆਂ ਰਿਸ਼ਤਾ ਸਿਰੇ ਚੜ੍ਹ ਗਿਆ।

ਟਹਿਕਦੇ ਫ਼ੁੱਲ ਵਰਗੀ ਮਾਣੋਂ ਨੂੰ ਬੂਝੜ ਲਾੜਾ ਡੋਲੀ ਵਿੱਚ ਬਿਠਾ ਕੇ ਲੈ ਗਿਆ ਸੀ। ਨਾ ਤਾਂ ਰਾਠੌਰ ਖ਼ੁਸ਼ ਸੀ ਅਤੇ ਨਾ ਹੀ ਉਸ ਦੀ ਪਤਨੀ ਗੁੰਨੀ। ਹੁਣ ਸ਼ਾਇਦ ਉਹ ਰਿਸ਼ਤਾ ਕਰ ਕੇ ਪਛਤਾ ਰਹੇ ਸਨ। ਪਰ ਸੱਪ ਲੰਘ ਚੁੱਕਾ ਸੀ। ਹੁਣ ਲੀਹ ਕੁੱਟਣ ਦਾ ਕੋਈ ਫ਼ਾਇਦਾ ਨਹੀਂ ਸੀ। ਇਕਲੌਤੀ ਧੀ ਤੁਰ ਜਾਣ 'ਤੇ ਜਿਵੇਂ ਮਾਂ ਬਾਪ ਇਕੱਲੇ ਹੀ ਰਹਿ ਗਏ ਸੀ। ਪਾਵੀ ਵਰਗੇ ਮੁੰਡੇ ਨਾਲ਼ ਮਾਣੋਂ ਦਾ ਵਿਆਹ ਕਰਵਾ ਕੇ ਉਸ ਨੂੰ ਘਰ ਜਵਾਈ ਬਣਾ ਕੇ ਵੀ ਰੱਖ ਸਕਦੇ ਸੀ...? ਰਾਠੌਰ ਸਾਹਿਬ ਦੇ ਮਨ ਵਿੱਚ ਖ਼ਿਆਲ ਆਇਆ। ਪਰ ਹੁਣ ਬਹੁਤ ਦੇਰ ਹੋ ਚੁੱਕੀ ਸੀ। ਉਠਾਂ ਵਾਲ਼ੇ ਵਪਾਰੀ ਲੱਦ ਗਏ ਸਨ। ਹੁਣ ਲੇਡੇ ਗਿਣਨ ਦੀ ਲੋੜ ਨਹੀਂ ਸੀ।

ਰਾਠੌਰ ਦਾਰੂ ਵਿੱਚ ਧੁੱਤ ਹੋ ਗਿਆ ਸੀ।

ਰਾਤ ਦੇ ਦਸ ਵੱਜ ਗਏ ਸਨ। ਪਰ ਉਹ ਰੋਟੀ ਨਹੀਂ ਖਾ ਰਿਹਾ ਸੀ। ਫ਼ਿਰ ਉਸ ਨੂੰ ਪਤਾ ਨਹੀਂ ਕੀ ਹੋਇਆ, ਉਸ ਨੇ ਉਚੀ-ਉਚੀ ਧਾਹੀਂ ਰੋਣਾਂ ਸ਼ੁਰੂ ਕਰ ਦਿੱਤਾ। ਪਰ ਅੱਜ ਉਸ ਨੂੰ ਕੋਈ ਵਿਰਾਉਣ ਵਾਲ਼ਾ ਨਹੀਂ ਸੀ।

ਆਪਣੇ ਕਮਰੇ ਵਿੱਚ ਬੈਠੀ ਪਾਰੋ ਵੀ ਰੋਈ ਜਾ ਰਹੀ ਸੀ।

ਬੀਬੀ ਜੀ ਦਾ ਵਿਛੋੜਾ ਉਸ ਦੀ ਰੂਹ ਪੱਛ ਰਿਹਾ ਸੀ। ਰੋਟੀ ਅੱਜ ਗਣੇਸ਼ ਨੇ ਵੀ ਨਹੀਂ ਖਾਧੀ ਸੀ। ਮਾਣੋਂ ਦੀ ਮਾਂ ਗੁੰਨੀ ਦਾ ਤਾਂ ਬਹੁਤਾ ਹੀ ਬੁਰਾ ਹਾਲ ਸੀ। ਉਸ ਨੇ ਅੰਦਰ ਵੜ ਕੇ ਆਪਣਾ ਮੱਥਾ ਪਿੱਟ ਲਿਆ ਸੀ ਕਿ ਪਾਵੀ ਵਰਗੇ ਹੀਰੇ ਮੁੰਡੇ ਨੂੰ ਨਿਕਾਰ ਅਸੀਂ ਹੈਰੀ ਵਰਗੇ 'ਬਿੱਜੂ' ਨਾਲ਼ ਆਪਣੀ ਲਾਡਲੀ ਮਾਣੋਂ ਕਿਉਂ ਤੋਰ ਦਿੱਤੀ..? ਪਾਵੀ ਵਰਗਾ ਸਾਊ ਅਤੇ ਉਚੇ ਇਖ਼ਲਾਕ ਵਾਲ਼ਾ ਮੁੰਡਾ ਉਹਨਾਂ ਨੂੰ ਦਿਨੇ ਦੀਵਾ ਲੈ ਕੇ ਭਾਲ਼ਿਆ ਵੀ ਨਾ ਥਿਆਵੇਗਾ। ਹੁਣ ਤਾਂ ਕੁਝ ਨਹੀਂ ਹੋ ਸਕਦਾ ਸੀ...। ਹੁਣ ਇਕਲੌਤੀ ਧੀ ਦਾ ਤਲਾਕ ਥੋੜ੍ਹੋ ਕਰਵਾਉਣਾ ਸੀ..? ਹੁਣ ਤਾਂ ਸਮਾਂ ਰੇਤ ਵਾਂਗ ਹੱਥ ਵਿੱਚੋਂ ਕਿਰ ਗਿਆ ਸੀ। ਹੁਣ ਤਾਂ ਸਬਰ ਵਿੱਚ ਰਹਿ ਕੇ ਅਰਦਾਸ ਹੀ ਕੀਤੀ ਜਾ ਸਕਦੀ ਸੀ ਕਿ ਪ੍ਰਮਾਤਮਾ ਮਾਣੋਂ ਨੂੰ ਖ਼ੁਸ਼ ਰੱਖੇ। ਮਾਂ ਨੇ ਬਲ਼ਦੀ ਮੜ੍ਹੀ ਵਰਗਾ ਹਾਉਕਾ ਲਿਆ, ਜਿਹੜਾ ਉਸ ਦੀ ਰੂਹ ਨੂੰ ਝੰਜੋੜ ਗਿਆ।

ਰਾਤ ਦੇ ਦਸ ਵੱਜ ਗਏ ਸਨ।

ਮਾਣੋਂ ਦਾ ਸੱਜਰਾ ਪਤੀ ਪਤਾ ਨਹੀਂ ਕਿਸ ਖ਼ੁਸ਼ੀ ਵਿੱਚ ਦਾਰੂ ਪੀ ਜਾ ਰਿਹਾ ਸੀ। ਉਸ ਦੇ ਸਾਹ-ਮਣੇ ਦਾਰੂ ਦੇ ਡਰੰਮ ਵਰਗਾ ਉਸ ਦਾ ਬਾਪ ਬੈਠਾ ਸੀ। ਕੋਲ਼ ਤਿੰਨ ਬਾਡੀਗਾਰਡ ਖੜ੍ਹੇ ਸਨ। ਬਘੇਲ ਸਿਉਂ ਆਪਣੇ ਪੁੱਤ ਹੈਰੀ ਨੂੰ ਦਾਰੂ ਦੇ ਗਿਲਾਸ ਭਰ-ਭਰ ਪਿਆ ਰਿਹਾ ਸੀ। ਉਸ ਦੀ ਬਾਜ਼ ਅੱਖ ਤਖ਼ਤੇ ਦੀ ਚੂਲ਼ ਵਾਂਗ ਘੁੰਮ ਰਹੀ ਸੀ। ਉਹ ਲੋਗੜੀ ਦੇ ਫੁੱਲ ਵਾਂਗ ਖਿੜਿਆ ਬੈਠਾ ਸੀ।

-"ਸਰ ਜੀ, ਤੁਸੀਂ ਨੀ ਪੈੱਗ ਸ਼ੈੱਗ ਲਾਉਣਾ...?" ਬਘੇਲ ਸਿਉਂ ਦੇ 'ਸੇਵਕ' ਮੁੰਡੇ ਨੇ ਲਿਫ਼ ਕੇ ਪੁੱਛਿਆ।

-"ਅੰਦਰ ਨਵੀਂ ਬਹੂ ਕੋਲ਼ ਕੌਣ ਐਂ...?" ਮੁਨਿਆਂ ਮੂੰਹ ਬਘਿਆੜ ਵਾਂਗ ਖੋਲ੍ਹ ਕੇ ਬਘੇਲ ਸਿਉਂ ਨੇ ਮੁੰਡੇ ਨੂੰ ਮੋੜਵਾਂ ਸੁਆਲ ਕੀਤਾ।

-"ਮੇਰੇ ਘਰਵਾਲ਼ੀ ਐ ਜੀ...।"

ਬਘੇਲ ਸਿਉਂ ਨੇ ਕੋਕ ਦੀ ਇੱਕ ਬੋਤਲ ਮੁੰਡੇ ਅੱਗੇ ਕੀਤੀ।

-"ਉਹਨੂੰ ਆਖ, ਆਹ ਬਹੂ ਨੂੰ ਪਿਆ ਦੇ...।"

-"ਜੀ ਸਰ...।" ਮੁੰਡਾ ਬੋਤਲ ਲੈ ਕੇ ਤੁਰ ਚੱਲਿਆ।

-"ਓਏ ਗੱਲ ਸੁਣ...!"

-"ਜੀ ਸਰ...?"

(ਚਲਦਾ)....

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 30 'ਤੇ ਪੜ੍ਹੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**628. ਆਪਣੀ ਕੁਲ ਜਾਂ ਆਪਣੀਆਂ ਸਾਰੀਆਂ ਕੁਲਾਂ ਦਾ ਪਾਰ ਉਤਾਰਾ ਕੌਣ ਕਰ ਲੈਂਦਾ ਹੈ?**

"ਜੋ ਅਨਦਿਨੁ ਹਿਰਦੈ ਨਾਮੁ ਧਿਆਵਹਿ ਸਭੁ ਜਨਮੁ ਤਿਨਾ ਕਾ ਸਫਲੁ ਭਇਆ ॥ ਓਇ ਆਪਿ ਤਰੇ ਸ੍ਰਿਸਟਿ ਸਭ ਤਾਰੀ ਸਭੁ ਕੁਲੁ ਭੀ ਪਾਰਿ ਪਇਆ ॥3॥ ਅੰਗ 1264"। ਪ੍ਰਭੂ ਦੇ ਭਗਤਾਂ ਦੀ ਬਾਣੀ ਉੱਤਮ ਹੁੰਦੀ ਹੈ, ਉਹ ਹਰ ਰੋਜ਼ ਪਰਮਾਤਮਾ ਦੀ ਨਾ ਕਥੇ ਜਾਣ ਵਾਲ਼ੀ ਅਨੋਖੀ ਸਿਫ਼ਤਿ-ਸਾਲਾਹ ਗਾਉਂਦੇ ਰਹਿੰਦੇ ਹਨ। ਉਹਨਾਂ ਦਾ ਮਨੁੱਖਾ ਜਨਮ ਸਫਲ ਹੋ ਜਾਂਦਾ ਹੈ, ਉਹ ਆਪ (ਸੰਸਾਰ-ਸਮੁੰਦਰ ਤੋਂ) ਪਾਰ ਹੋ ਜਾਂਦੇ ਹਨ ਤੇ ਆਪਣੀ ਕੁਲ ਨੂੰ ਭੀ ਤਾਰ ਲੈਂਦੇ ਹਨ। "ਭਗਤ ਜਨਾ ਕੀ ਊਤਮ ਬਾਣੀ ਗਾਵਹਿ ਅਕਥ ਕਥਾ ਨਿਤ ਨਿਆਰੀ ॥ ਸਫਲ ਜਨਮੁ ਭਇਆ ਤਿਨ ਕੇਰਾ ਆਪਿ ਤਰੇ ਕੁਲ ਤਾਰੀ ॥4॥ਅੰਗ 506"। ਹੇ ਸੰਤੋ! ਰਾਮਦਾਸ ਦਾ (ਸਾਧ ਸੰਗਤਿ ਰੂਪੀ) ਸਰੋਵਰ ਸੁੰਦਰ ਹੈ। ਜਿਹੜਾ ਮਨੁੱਖ ਇਸ ਵਿਚ ਇਸ਼ਨਾਨ ਕਰਦਾ ਹੈ (ਮਨ ਨੂੰ ਨਾਮ ਬਾਣੀ ਨਾਲ਼ ਪਵਿੜ੍ਹ ਕਰਦਾ ਹੈ), ਉਸ ਦੀ ਜਿੰਦ ਦਾ ਸੰਸਾਰ ਸਮੁੰਦਰ ਤੋਂ ਪਾਰ-ਉਤਾਰਾ ਹੋ ਜਾਂਦਾ ਹੈ ਤੇ ਉਹ ਆਪਣੀ ਸਾਰੀ ਕੁਲ ਨੂੰ ਭੀ ਪਾਰ ਲੰਘਾ ਲੈਂਦਾ ਹੈ। "ਸੰਤਹੁ ਰਾਮਦਾਸ ਸਰੋਵਰੁ ਨੀਕਾ ॥ ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ ॥1॥ ਰਹਾਉ ॥ ਅੰਗ 623"। ਹੇ ਭਾਈ! ਜਿਹੜੇ ਮਨੁੱਖ ਸਤਿਗੁਰੂ ਦੀ ਸੇਵਾ ਕਰਦੇ ਹਨ (ਭਾਵ ਜੋ ਗੁਰੂ ਸ਼ਬਦ ਦੀ ਵਿਚਾਰ ਕਰਦੇ ਹਨ), ਮੈਂ ਉਹਨਾਂ ਦੇ ਚਰਨੀਂ ਲੱਗਦਾ ਹਾਂ। (ਇਸ ਤਰ੍ਹਾਂ) ਮੈਂ ਆਪਣਾ ਜੀਵਨ ਸੰਵਾਰ ਲਵਾਂਗਾ ਤੇ ਆਪਣੀ ਕੁਲ ਦਾ ਲੇਖਾ ਵੀ ਪ੍ਰਭੂ ਤੋਂ ਬਖਸ਼ਾ ਲਵਾਂਗਾ। "ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ ॥ ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ॥7॥ ਅੰਗ 638"। ਗੁਰੂ ਅਨੁਸਾਰੀ ਨੇ ਨਾਮ ਨੂੰ ਧਿਆਇਆ ਤੇ ਉਸਦਾ ਸੰਸਾਰ ਵਿਚ ਆਉਣਾ ਕਬੂਲ ਹੋ ਗਿਆ। ਹੇ ਨਾਨਕ! ਉਸਨੇ ਆਪਣੀ ਕੁਲ ਨੂੰ ਤਾਰ ਲਿਆ ਤੇ ਆਪ ਦਰਗਾਹ ਵਿਚ ਆਦਰ ਪ੍ਰਾਪਤ ਕੀਤਾ। "ਮਃ 3 ॥ ਜਿਨ ਗੁਰਮੁਖਿ ਨਾਮੁ ਧਿਆਇਆ ਆਏ ਤੇ ਪਰਵਾਣੁ ॥ ਨਾਨਕ ਕੁਲ ਉਧਾਰਹਿ ਆਪਣਾ ਦਰਗਹ ਪਾਵਹਿ ਮਾਣੁ ॥2॥ ਅੰਗ 648"। ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਹੇ ਚੁਹਚੁਹੇ ਕਸੁੰਭੇ-ਰੰਗ (ਮਾਇਆ) ਨਾਲ਼ ਪਿਆਰ ਕਰਨ ਵਾਲ਼ੀਏ ਨਿਮਾਣੀਏ ਜਿੰਦੇ! ਖਸਮ-ਪ੍ਰਭੂ ਨੂੰ ਸਦਾ ਚੇਤੇ ਰੱਖ। ਜਿਸ ਨਾਲ਼ ਤੂੰ ਆਪਣਾ ਜੀਵਨ ਸਵਾਰ ਲਏਂਗੀ ਤੇ ਤੇਰੀ ਕੁਲ ਭੀ ਤੇਰੇ ਨਾਲ ਮੁਕਤ ਹੋ ਜਾਇਗੀ। "ਮਃ 3 ॥ ਸੂਹਵੀਏ ਨਿਮਾਣੀਏ ਸੋ ਸਹੁ ਸਦਾ ਸਮ੍ਾਲਿ ॥ ਨਾਨਕ ਜਨਮੁ ਸਵਾਰਹਿ ਆਪਣਾ ਕੁਲੁ ਭੀ ਛੁਟੀ ਨਾਲਿ ॥2॥ ਅੰਗ 785"। (ਪ੍ਰਭੂ ਦਾ ਭਗਤ) ਵਿਸ਼ੇ ਵਿਕਾਰਾਂ ਭਰੇ ਸੰਸਾਰ ਵਿਚ ਗੁਰੂ ਦੇ ਸ਼ਬਦ ਰਾਹੀਂ ਹਉਮੈ ਨੂੰ ਸਾੜ ਕੇ ਨਿਰਲੇਪ ਰਹਿੰਦਾ ਹੈ। ਉਹ ਆਪ ਸੰਸਾਰ ਸਾਗਰ ਤੋਂ ਤਰ ਜਾਂਦਾ ਹੈ ਅਤੇ ਉਸਦੀ ਕੁਲ ਉਧਰ ਜਾਂਦੀ ਹੈ; ਧੰਨ ਹੈ ਉਸਨੂੰ ਜੰਮਣ ਵਾਲ਼ੀ ਮਾਂ। "ਬਿਖਿਆ ਮਾਹਿ ਉਦਾਸ ਹੈ ਹਉਮੈ ਸਬਦਿ ਜਲਾਇਆ ॥ ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ॥ ਅੰਗ 852"। ਹੇ ਅਉਧੂ! ਮਾਇਆ ਦਾ ਮੋਹ ਡਰਾਉਣਾ ਸੰਸਾਰ ਸਮੁੰਦਰ ਹੈ; ਗੁਰੂ ਦੇ ਸ਼ਬਦ ਰਾਹੀਂ ਇਸ ਵਿਚੋਂ ਤਰੀਦਾ ਹੈ ਤੇ ਆਪਣੀ ਕੁਲ ਨੂੰ ਭੀ ਤਾਰ ਲਈਦਾ ਹੈ। "ਮਾਇਆ ਮੋਹੁ ਭਵਜਲੁ ਹੈ ਅਵਧੂ ਸਬਦਿ ਤਰੈ ਕੁਲ ਤਾਰੀ॥22॥ ਅੰਗ 908"। ਹੇ ਪ੍ਰਭੂ! ਜਿਸਨੂੰ ਤੂੰ ਚੇਤੇ ਆਉਂਦਾ ਹੈਂ ਉਸਦੀ ਕੁਲ ਦਾ ਤੂੰ ਉਧਾਰ ਕਰ ਦਿੰਦਾ ਹੈਂ। "ਜਿਸੁ ਤੂ ਆਵਹਿ ਚਿਤਿ ਤਿਨਿ ਕੁਲ ਉਧਾਰਿਆ॥6॥ ਅੰਗ 960"। ਪ੍ਰਭੂ ਦੇ ਸਿਮਰਨ ਨਾਲ਼ ਕੁਲ ਦਾ ਉਧਾਰ ਹੋ ਜਾਂਦਾ ਹੈ। "ਜਾ ਕੈ ਸਿਮਰਨਿ ਕੁਲਹ ਉਧਰ॥1॥ ਅੰਗ 986"।(ਹੇ ਪ੍ਰਾਣੀਓ!) ਸਤਗੁਰੂ ਦੇ ਬਚਨਾਂ ਨੂੰ ਹਿਰਦੇ ਵਿਚ ਟਿਕਾਓ, ਆਪਣੇ ਮਨ ਨੂੰ ਕਾਬੂ ਕਰੋ, ਆਪਣੇ ਜਨਮ ਤੇ ਕੁਲ ਦਾ ਉਧਾਰ ਕਰੋ (ਅਤੇ ਇਸ ਤਰ੍ਹਾਂ) ਹਰੀ ਦੇ ਦਰ ਤੇ ਆਦਰ ਪਾਓਗੇ। "ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ ਜਨਮੁ ਕੁਲ ਉਧਰਹੁ ਦ੍ਵਾਰਿ ਹਰਿ ਮਾਨੀਅਹੁ ॥ ਅੰਗ 1400"।

**ਦੋ ਕੁਲਾਂ ਦਾ ਉਧਾਰ:** ਸਾਧ ਸੰਗਤਿ ਵਿਚ ਮਿਲ ਕੇ ਪਰਮਾਤਮਾ ਦਾ ਨਾਮ ਸਿਮਰ ਤੇ ਆਪਣੀ ਤੇ ਆਪਣੇ ਸਹੁਰਿਆਂ ਦੀਆਂ ਦੋਵੇਂ ਕੁਲਾਂ ਦਾ ਉਧਾਰ ਕਰ ਲੈ। "ਸਾਧ ਸੰਗਿ ਮਿਲਿ ਦੁਇ ਕੁਲ ਸਾਧਿ ॥ ਰਾਮ ਨਾਮੁ ਨਾਨਕ ਆਰਾਧਿ ॥4॥97॥166॥ ਅੰਗ 199"। ਕੋਈ ਬ੍ਰਾਹਮਣ ਹੋਵੇ, ਖੱਤ੍ਰੀ ਹੋਵੇ, ਡੂਮ ਚੰਡਾਲ ਜਾਂ ਮਲੀਨ ਮਨ ਵਾਲ਼ਾ ਹੋਵੇ, ਪਰਮਾਤਮਾ ਦੇ ਭਜਨ ਨਾਲ਼ ਪਵਿੜ੍ਹ ਹੋ ਜਾਂਦਾ ਹੈ; ਉਹ ਆਪਣੇ ਆਪ ਨੂੰ ਸੰਸਾਰ-ਸਮੁੰਦਰ ਤੋਂ ਤਾਰ ਕੇ ਆਪਣੀਆਂ ਦੋਵੇਂ ਕੁਲਾਂ ਨੂੰ ਭੀ ਤਾਰ ਲੈਂਦਾ ਹੈ। "ਬ੍ਰਹਮਨ ਬੈਸ ਸੂਦ ਅਰੁ ਖ੍ਹਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥ ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥1॥ ਅੰਗ 858"।

**ਇੱਕੀ ਕੁਲਾਂ ਦਾ ਉਧਾਰ:** ਪ੍ਰਭੂ ਦਾ ਸੇਵਕ (ਭਗਤ) ਆਪਣੇ ਪ੍ਰੀਵਾਰ ਦਾ ਆਸਰਾ ਹੁੰਦਾ ਹੈ ਤੇ ਆਪਣੀਆਂ ਇੱਕੀ ਕੁਲਾਂ (7 ਆਪਣੀਆਂ, 7 ਨਾਨਕਿਆਂ ਦੀਆਂ ਤੇ 7 ਸਹੁਰਿਆਂ ਦੀਆਂ) ਦਾ ਉਧਾਰ ਕਰਕੇ ਸਾਰੇ ਜਗਤ ਨੂੰ ਹੀ ਮਾਇਆ ਦੇ ਬੰਧਨਾਂ 'ਚੋਂ ਛੁਡਾ ਲੈਂਦਾ ਹੈ। "ਹਰਿਜਨੁ ਪਰਵਾਰੁ ਸਧਾਰੁ ਹੈ ਇਕੀਹ ਕੁਲੀ ਸਭੁ ਜਗਤੁ ਛਡਾਵੈ ॥2॥ ਅੰਗ 166"। ਪਰਮਾਤਮਾ ਆਪਣੇ ਭਗਤਾਂ ਦੇ ਸਾਰੇ ਕੰਮ ਸਵਾਰਦਾ ਹੈ। ਉਸ ਨੇ ਪ੍ਰਹਿਲਾਦ ਭਗਤ ਦੀਆਂ ਇੱਕੀ ਕੁਲਾਂ ਤਾਰ ਦਿੱਤੀਆਂ। "ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ ॥ ਪ੍ਰਹਿਲਾਦ ਜਨ ਕੇ ਇਕੀਹ ਕੁਲ ਉਧਾਰੇ ॥ ਅੰਗ 1133"।

**ਸਾਰੀਆਂ ਕੁਲਾਂ ਦਾ ਉਧਾਰ:** ਕਈ ਮਨੁੱਖ ਗੁਰੂ ਸ਼ਬਦ ਦੇ ਪਿਆਰ ਵਿਚ ਸਦਾ-ਥਿਰ ਪ੍ਰਭੂ ਦਾ ਨਾਮ ਵਣਜਦੇ ਹਨ; ਉਹ ਆਪ ਤਰ ਜਾਂਦੇ ਹਨ ਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਵੀ ਤਾਰ ਲੈਂਦੇ ਹਨ। "ਇਕਿ ਸਚੁ ਵਣੰਜਹਿ ਗੁਰ ਸਬਦਿ ਪਿਆਰੇ ॥ ਆਪਿ ਤਰਹਿ ਸਗਲੇ ਕੁਲ ਤਾਰੇ ॥ ਅੰਗ 117"। ਇਸ (ਕਲਿਜੁਗ) ਵਿਚ ਸਰਬ ਵਿਆਪਕ ਪ੍ਰਭੂ ਦੇ ਨਾਮ ਨਾਲ਼ ਪਾਰ ਉਤਾਰਾ ਹੁੰਦਾ ਹੈ। ਕੋਈ ਵਿਰਲਾ ਗੁਰੂ ਦੇ ਸ਼ਬਦ ਦੀ ਵਿਚਾਰ ਕਰਕੇ ਨਾਮ ਦੀ ਪ੍ਰਾਪਤੀ ਕਰਦਾ ਹੈ। ਉਹ ਆਪ ਇਸ ਸੰਸਾਰ ਸਮੁੰਦਰ ਤੋਂ ਪਾਰ ਉਤਰ ਜਾਂਦਾ ਹੈ ਤੇ ਆਪਣੀਆਂ ਸਾਰੀਆਂ ਕੁਲਾਂ ਦਾ ਵੀ ਉਧਾਰ ਕਰ ਲੈਂਦਾ ਹੈ। "ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ ॥ ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ ॥ ਆਪਿ ਤਰੈ ਸਗਲੇ ਕੁਲ ਉਧਾਰਾ ॥3॥ ਅੰਗ 160"। ਗੁਰੂ ਅਨੁਸਾਰੀ ਆਪਣੇ ਅੰਦਰੋਂ ਹਉਮੈ ਨੂੰ ਖਤਮ ਕਰ ਲੈਂਦਾ ਹੈ ਤੇ ਪ੍ਰਭੂ ਦੇ ਦਰ ਤੇ ਸੋਭਾ ਪਾਉਂਦਾ ਹੈ। ਉਹ ਆਪ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ ਤੇ ਆਪਣੀਆ ਸਾਰੀਆਂ ਕੁਲਾਂ ਨੂੰ ਤਾਰ ਲੈਂਦਾ ਹੈ; ਗੁਰੂ ਅਨੁਸਾਰੀ ਆਪਣਾ ਜਨਮ ਸਵਾਰ ਲੈਂਦਾ ਹੈ।

ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ

# ਬੁਰਕਾ ਪਹਿਨਣ 'ਤੇ 4 ਲੱਖ ਰੁਪਏ ਦਾ ਜੁਰਮਾਨਾ



ਪੁਰਤਗਾਲ ਦੀ ਸੰਸਦ ਨੇ ਜਲਦੀ ਹੀ ਬੁਰਕੇ 'ਤੇ ਪਾਬੰਦੀ ਲਗਾਉਣ ਵਾਲੇ ਇੱਕ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਜੇਕਰ ਇਹ ਕਾਨੂੰਨ ਬਣ ਜਾਂਦਾ ਹੈ, ਤਾਂ ਪੁਰਤਗਾਲ ਵੀ ਦੂਜੇ ਯੂਰਪੀਅਨ ਦੇਸ਼ਾਂ ਵਾਂਗ ਇਸ ਪਾਬੰਦੀ ਨੂੰ ਲਾਗੂ ਕਰ ਦੇਵੇਗਾ। ਕੁਝ ਪਾਰਟੀਆਂ ਇਸ ਕਦਮ ਨੂੰ ਚਿਹਰਾ ਢੱਕਣ ਵਾਲੀਆਂ ਮੁਸਲਿਮ ਔਰਤਾਂ ਨੂੰ ਨਿਸ਼ਾਨਾ ਬਣਾਉਣ ਵਜੋਂ ਦੇਖ ਰਹੀਆਂ ਹਨ। ਮੀਡੀਆ ਰਿਪੋਰਟਾਂ ਅਨੁਸਾਰ, ਪੁਰਤਗਾਲੀ ਸੰਸਦ ਨੇ ਇੱਕ ਬਿੱਲ ਨੂੰ ਮਨਜ਼ੂਰੀ ਦਿੱਤੀ ਹੈ ਜੋ "ਲਿੰਗ ਜਾਂ ਧਾਰਮਿਕ" ਕਾਰਨਾਂ ਕਰਕੇ ਜਨਤਕ ਥਾਵਾਂ 'ਤੇ ਬੁਰਕਾ ਪਹਿਨਣ 'ਤੇ ਪਾਬੰਦੀ ਲਗਾਉਂਦਾ ਹੈ। ਸੱਜੇ-ਪੱਖੀ ਚੇਗਾ ਪਾਰਟੀ ਦੁਆਰਾ ਪ੍ਰਸਤਾਵਿਤ ਇਸ ਬਿੱਲ ਦਾ ਉਦੇਸ਼ ਜ਼ਿਆਦਾਤਰ ਜਨਤਕ ਥਾਵਾਂ 'ਤੇ ਬੁਰਕੇ ਅਤੇ ਨਕਾਬ ਵਰਗੇ ਕੱਪੜਿਆਂ 'ਤੇ ਪਾਬੰਦੀ ਲਗਾਉਣਾ ਹੈ। ਹਾਲਾਂਕਿ, ਇਸ ਵਿੱਚ ਉਡਾਣਾਂ, ਡਿਪਲੋਮੈਟਿਕ ਅਹਾਤਿਆਂ ਅਤੇ ਪੂਜਾ ਸਥਾਨਾਂ ਨੂੰ ਪਾਬੰਦੀ ਤੋਂ ਛੋਟ ਦਿੱਤੀ ਗਈ ਹੈ।

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME..........................................................................
ADDRESS.....................................................................
..........................................POST CODE...............................
TEL.............................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*

# ਸੋਸ਼ਲ ਮੀਡੀਆ ਵਿੱਚ ਗਵਾਚੀ ਦੁਨੀਆਂ


**– ਲੇਖਕ –**
**ਬਲਵਿੰਦਰ ਸਿੰਘ ਮੱਲ੍ਹੀ ਐਮ. ਏ.**
**ਲੈਸਟਰ, (ਯੂ.ਕੇ.)**



07475446171
Email:Bmalhi1948@gmail.com


ਜਦੋਂ ਵੀ ਮੈਂ ਆਪਣੇ ਮੋਬਾਈਲ ਤੇ ਫੇਸ-ਬੁੱਕ 'ਤੇ ਉਂਗਲ ਮਾਰਦਾ ਹਾਂ, ਤਾਂ ਮੇਰੇ ਕੁਝ ਦੇਰ ਤੋਂ ਅਤੇ ਕੁਝ ਹੁਣ ਤੋਂ ਜਾਣ ਪਛਾਣ ਵਾਲਿਆਂ ਦੀ ਵੀਡੀਉ ਵੇਖਣ ਨੂੰ ਮਿਲਦੀ ਹੈ। ਉਹ ਵੱਖਰੇ-ਵੱਖਰੇ ਅਦਾਂਜ਼ ਵਿੱਚ ਮੂੰਹ ਨੂੰ ਵਿੰਗਾ ਟੇਡਾ ਕਰਕੇ ਆਪਣੇ ਆਪ ਨੂੰ ਪੇਸ਼ ਕਰਦੇ ਹਨ। ਔਰਤਾਂ ਖ਼ਾਸ ਕਰਕੇ ਆਪਣੇ ਫੈਸ਼ਨ ਦੀ ਪ੍ਰਦਰਸ਼ਨੀ ਕਰਦੀਆਂ ਹਨ। ਇਉਂ ਲੱਗਦਾ ਹੈ ਜਿਵੇਂ, ਕਿਸੇ ਨੂੰ ਆਪਣੇ ਮੋਹ ਜਾਲ ਵਾਲੀ ਝੱਲਕੀ ਦੇ ਰਹੀਆਂ ਹਨ। ਆਮ ਸੁਨੇਹਾ (message) ਪਾਇਆ ਜਾਂਦਾ ਹੈ, ਕਿ, ਮੈਂ ਸੈਰ ਸਪਾਟੇ 'ਤੇ ਹਾਂ, ਜਾਂ ਕੁਝ ਯਾਰਾਂ ਦੋਸਤਾਂ ਜਾਂ ਰਿਸ਼ਤੇਦਾਰਾਂ ਨਾਲ ਮੌਜਾਂ ਮਸਤੀਆਂ ਕਰ ਰਹੇ ਹਾਂ। ਆਪਣੇ ਬਾਰੇ ਖ਼ੂਬ ਭੰਡੀ ਪ੍ਰਚਾਰ, ਕੇ ਮੈਂ ਅੱਜ ਹੀਥਰੋ ਏਅਰਪੋਰਟ ਤੋਂ ਇੰਡੀਆ ਜਾ ਰਿਹਾ ਹਾਂ ਜਾਂ ਜਾ ਰਹੀ ਹਾਂ। ਮੇਰਾ ਇੰਡੀਆ ਜਾਂ ਕੈਨੇਡਾ ਵਿੱਚ ਅਖੀਰੀ ਦਿਨ। ਲੋੜ ਤਾਂ ਇਸ ਗੱਲ ਦੀ ਹੈ, ਕਿ ਲੋਕੀ ਤੁਹਾਡੇ ਬਾਰੇ ਭੰਡੀ ਪ੍ਰਚਾਰ ਕਰਨ, ਨਾਂ ਕਿ, ਤੁਸੀਂ ਖ਼ੁਦ ਆਪ। ਅੰਗ੍ਰੇਜ਼ੀ ਦੀ ਕਹਾਵਤ ਹੈ, ਕਿ, Self praise is no recommendation ਚੜ੍ਹਦਾ ਸੂਰਜ ਕਿਸੇ ਦਾ ਮੁਹਤਾਜ ਨਹੀਂ। ਹੱਥ ਕੰਗਣ ਨੂੰ ਆਰਸੀ ਕੀ? ਪਤਾ ਨਹੀਂ ਮੈਨੂੰ ਕਿਉਂ ਇੰਝ ਲੱਗਦਾ ਹੈ, ਕਿ, ਉਹ ਮੇਰੀ ਨਿੱਜੀ ਜ਼ਿੰਦਗੀ ਵਿੱਚ ਦਖ਼ਲ ਦੇ ਰਿਹਾ ਹੈ, ਜਾਂ ਦੇ ਰਹੀ ਹੈ, ਇਸਦੇ ਨਾਲ ਹੀ ਉਹ ਆਪਣੀ ਨਿੱਜੀ ਜ਼ਿੰਦਗੀ ਦੀ ਪ੍ਰਾਈਵੇਸੀ (Privacy) ਦੇ ਮੌਲਿਕ ਅਧਿਕਾਰ ਨਾਲ ਖਿੱਲਵਾੜ ਕਰ ਰਿਹਾ ਹੈ, ਜਾਂ ਕਰ ਰਹੀ ਹੈ। ਇਹ ਇਕ ਅਟੱਲ ਸੱਚਾਈ ਹੈ, ਕਿ, ਭਾਰਤੀ, ਅਮੀਰੀ ਜਾਂ ਤਾਕਤ ਨੂੰ ਸਲਾਮ ਕਰਦੇ ਹਨ। ਇਹ ਵੀ ਹਾਸੋ ਹੀਣੀ ਰਵਾਇਤ ਹੈ, ਕਿ ਆਮ ਲੋਕ, ਰਾਜਨੇਤਾਵਾਂ ਜਾਂ ਕੁਝ ਮੁੱਖ ਅਫ਼ਸਰਾਂ ਨਾਲ ਆਪਣੀਆਂ ਪੋਸਟਾਂ ਪਾਉਂਦੇ ਹਨ। ਇਹ ਭਾਰਤ ਦੀ ਗੰਦੀ ਅਤੇ ਭ੍ਰਿਸ਼ਟ ਰਾਜਨੀਤੀ ਦੀ ਇਕ ਝੱਲਕ ਹੈ। ਅਗਰ ਕਿਸੇ ਅੰਗ੍ਰੇਜ਼ ਨੂੰ ਉਸ ਦੀ ਨਿੱਜੀ ਜ਼ਿੰਦਗੀ ਬਾਰੇ ਪੁੱਛੋ ਤਾਂ ਉਹ ਬਹੁਤ ਗੁੱਸੇ ਵਿੱਚ ਉੱਤਰ ਦੇਂਦਾ ਹੈ, Do not poke your nose into my affairs. ਪਰ ਅੱਜ ਦੀ social media ਦੀ ਦੁਨੀਆਂ ਵਿੱਚ ਅਸੀਂ ਨੰਗਾ ਨਾਚ ਕਿਸੇ ਦੇ ਵਿਹੜੇ ਵਿੱਚ ਨੱਚ ਰਹੇ ਹਾਂ। ਸੱਦੀ ਨਾਂ ਬੁਲਾਈ ਮੈਂ ਮੁੰਡੇ ਦੀ ਤਾਈ। ਹਰ ਇਕ ਨੂੰ ਆਪਣੀ ਨਿੱਜੀ ਜ਼ਿੰਦਗੀ, ਆਪਣੇ ਢੰਗ ਨਾਲ ਜੀਉਣ ਦਾ ਅਧਿਕਾਰ ਹੈ, ਜਦੋਂ ਤੱਕ ਉਹ ਕਿਸੇ ਦੀ ਨਿੱਜੀ ਜ਼ਿੰਦਗੀ ਵਿੱਚ ਦਖ਼ਲ-ਅੰਦਾਜ਼ੀ ਨਹੀਂ ਕਰਦਾ। ਅੱਜ ਕੱਲ੍ਹ ਹਰ ਰੋਜ਼ ਫੇਸਬੁੱਕ 'ਤੇ ਇਕ ਖ਼ੂਬਸੂਰਤ ਅੱਧਖੜ੍ਹ ਔਰਤ ਖ਼ੂਬਸੂਰਤ ਪਹਿਰਾਵੇ ਵਿੱਚ ਪੜ੍ਹੀ ਲਿਖੀ ਦੇਖਣ ਨੂੰ ਮਿਲਦੀ ਹੈ, ਜੋ ਕਿ 50+ oldman ਦੀ ਭਾਲ ਵਿੱਚ ਹੈ ਅਤੇ ਦੋਸਤੀ ਦੀ ਖਾਹਿਸ਼ ਕਰ ਰਹੀ ਹੈ। ਉਹ ਸ਼ਰਮ ਹਯਾਅ ਅਤੇ ਨਿਜ਼ਾਕਤ ਤੋਂ ਦੂਰ ਜਾ ਕੇ ਆਪਣਾ ਔਰਤਪੁਣਾ ਘਟਾਉਂਦਿਆਂ, ਆਪਣੀ ਖ਼ੂਬਸੂਰਤੀ ਨੂੰ ਚਾਰ ਚੰਨ ਲਾਉਣ ਨਾਲੋਂ ਕਰੋਪੀ ਦੇ ਹਨੇਰੇ ਵਿੱਚ ਜਾ ਰਹੀ ਹੈ। ਹੋ ਸਕਦਾ ਹੈ ਕਿ ਉਹ ਲਾਲਚ ਅਤੇ ਜਜ਼ਬਾਤੀ ਸੁਪਨਿਆਂ ਵਿੱਚ ਗੁਆਚ ਚੁੱਕੀ ਹੋਵੇ। ਕੁਝ ਲੋਕ ਆਪਣੇ ਚਿਹਰੇ ਦਾ ਪੋਜ਼ ਜਾਂ ਦਿੱਖ ਇਸ ਤਰ੍ਹਾਂ ਵੀਡੀਉ ਵਿੱਚ ਪਾਉਂਦੇ ਹਨ, ਜਿਵੇਂ ਕਿਤੇ ਆਪਣੇ ਜਜ਼ਬਾਤਾਂ ਜਾਂ ਸੋਚਾਂ ਵਿੱਚ ਅਕਾਸ਼ੀ ਉਡਾਰੀਆਂ ਮਾਰ ਰਹੇ ਹਨ। ਮੈਨੂੰ ਨਹੀਂ ਪਤਾ ਇਸ ਬਾਰੇ ਉਨ੍ਹਾਂ ਦਾ ਕੀ ਮਕਸਦ ਹੈ, ਸ਼ਾਇਦ ਵੱਧ ਤੋਂ ਵੱਧ ਉਨ੍ਹਾਂ ਦਾ ਧਿਆਨ ਆਪਣੇ (Followup) ਚੇਲਿਆਂ, ਬਾਲਕਿਆਂ ਦੇ views ਜਾਂ comments ਉੱਤੇ ਲੱਗਿਆ ਹੁੰਦਾ ਹੈ, ਭਾਵ ਉਹ ਗਿਣਤੀ ਵਿੱਚ ਕਿੰਨ੍ਹੇ ਕੁ ਲੋਕਾਂ ਨੂੰ ਪ੍ਰਭਾਵਿਤ ਕਰ ਰਹੇ ਹਨ। ਆਪਣੇ ਰੰਗਾਂ ਵਿੱਚ ਰੰਗੇ ਇਹ ਲੋਕ ਬਾਹਰੀ ਦੁਨੀਆਂ ਜਾਂ ਅਸਲੀਅਤ ਤੋਂ ਬਹੁਤ ਦੂਰ ਚਲੇ ਜਾਂਦੇ ਹਨ।

ਇਹ ਵੱਡੀ ਧਾਰਨਾ Family which dine together live together, ਭਾਵ ਉਹ ਪਰਿਵਾਰ ਜੋ ਇਕੱਠੇ ਹੋ ਕੇ ਇਕ ਮੇਜ਼ 'ਤੇ ਖਾਣੇ ਦਾ ਲੁਤਫ਼ ਮਾਣਦੇ ਨੇ, ਉਹ ਹੀ ਲੰਮਾਂ ਚਿਰ ਇਕੱਠੇ ਰਹਿੰਦੇ ਹਨ। ਪਰ ਅੱਜ ਇਸ ਇਲੈਕਟ੍ਰੌਨਿਕ ਮੀਡੀਆ ਦੀ ਦੁਨੀਆਂ ਵਿੱਚ ਅੱਬਲ ਤਾਂ ਲੋਕ ਇਕੱਠੇ ਖਾਣਾ ਨਹੀਂ ਖਾਂਦੇ, ਜੋ ਖਾਂਦੇ ਵੀ ਹਨ, ਉਹ ਵੀ ਮੇਜ਼ 'ਤੇ ਬੈਠਕੇ, ਆਪਣੇ ਆਪਣੇ ਮੋਬਾਈਲ 'ਤੇ ਉਂਗਲਾਂ ਮਾਰਕੇ ਆਪਣੀ ਦੁਨੀਆਂ ਵਿੱਚ ਮਸਤ। ਆਪਣੇ ਫੋਨਾਂ 'ਤੇ ਉਹ ਇਸ ਤਰ੍ਹਾਂ ਕੇਂਦਰਿਤ ਹੋ ਜਾਂਦੇ ਹਨ, ਜਿਵੇਂ ਕਿਸੇ ਦੀ ਆਲੇ ਦੁਆਲੇ ਹੋਂਦ ਹੀ ਨਾ ਹੋਵੇ। ਮਾਂ-ਪਿਉ ਰਾਹੀਂ ਖਾਣੇ ਦੇ ਸਮੇਂ, ਬੱਚਿਆਂ ਦੇ ਸਾਹਮਣੇ ਗੇਮਾਂ ਲਾ ਕੇ ਮੋਬਾਈਲ ਇਸ ਤਰ੍ਹਾਂ ਰੱਖ ਦਿੱਤਾ ਜਾਂਦਾ ਹੈ, ਤਾਂ ਕਿ, ਇਸ ਲਾਲਚ ਨਾਲ ਉਹ ਵੱਧ ਤੋਂ ਵੱਧ ਖਾਣਾ ਖਾ ਸਕਣ। ਫਿਰ ਉਹ ਕੰਨ ਬੰਦ ਕਰ ਇਕ ਨਸ਼ਈ ਵਾਂਗ ਆਪਣੀ ਦੁਨੀਆਂ ਵਿੱਚ। ਮੋਬਾਈਲਾਂ 'ਤੇ ਹਿਪਨੋਟਾਇਡ ਹੋਏ ਬੱਚਿਆਂ ਨੂੰ ਵਰਜਿਤ ਕਰਨ ਸਮੇਂ ਉੱਚੀ ਬੋਲਣਾ ਪੈਂਦਾ ਹੈ, ਤਾਂ ਮੋਬਾਈਲ ਦੀ ਖ਼ੁਮਾਰੀ ਤੋਂ ਬਾਹਰ ਆ ਸਕਣ, ਜਿਵੇਂ ਕਿਸੇ ਨੂੰ ਹਲੂਣਾ ਮਾਰਕੇ ਨੀਂਦ ਤੋਂ ਜਗਾਣਾ ਹੋਵੇ। ਰੈਸਟੋਰੈਂਟਾਂ ਵਿੱਚ ਖਾਣਾ ਖਾਣ ਸਮੇਂ ਪਰਿਵਾਰਕ ਮੈਂਬਰ ਇਸ ਤਰ੍ਹਾਂ ਆਪਣੇ ਮੋਬਾਈਲਾਂ 'ਤੇ ਅਕਰਸ਼ਤ ਹੋ ਜਾਂਦੇ ਹਨ, ਜਿਵੇਂ ਉਹ ਪਰਿਵਾਰਕ ਮੈਂਬਰ ਇਕ ਦੂਸਰੇ ਲਈ ਬੇਗਾਨੇ ਹੋਣ। ਇਨ੍ਹਾਂ ਕਾਰਨਾਂ ਕਾਰਨ ਅਸੀਂ ਇਕ ਦੂਸਰੇ ਤੋਂ ਦੂਰ ਹੋ ਰਹੇ ਹਾਂ। ਸਮਾਜਿਕ ਤਾਣਾ ਬਾਣਾ ਅਤੇ ਆਪਸੀ ਪਿਆਰ ਮਿਲਾਪ ਘੱਟ ਰਿਹਾ ਹੈ। ਕਦੇ ਪਰਿਵਾਰਕ ਅਤੇ ਪੇਂਡੂ ਝਗੜੇ ਪਿੰਡ ਦੇ ਵੱਡੇ ਵਡੇਰੇ ਇਕੱਠੇ ਹੋ ਕੇ, ਇਕੱਠ ਨੂੰ ਮੁੱਖ ਰੱਖਦਿਆਂ, ਹਮਦਰਦੀ ਨਾਲ ਨਿਪਟਾਉਂਦੇ ਸਨ। ਅੱਜ ਦੀ ਤੇਜ਼ ਤਰਾਰ ਦੁਨੀਆਂ ਵਿੱਚ ਮੈਂ, ਮੈਂ, ਤੂੰ, ਤੂੰ ਨੇ ਇਹ ਸਭ ਕੁਝ ਵਿਗਾੜ ਦਿੱਤਾ ਹੈ। ਸੋਸ਼ਲ ਮੀਡੀਏ ਰਾਹੀਂ ਡੰਗ ਅਤੇ ਡੋਬਾ ਆਪਣੇ ਜਾਣ ਪਛਾਣ ਵਾਲਿਆਂ ਨੂੰ ਆਮ ਰਵਾਇਤ ਬਣ ਗਈ ਹੈ। ਪਰਿਵਾਰ ਸਮਾਜ ਅਤੇ ਕਿਸੇ ਕੌਮ ਦੀ ਉਹ ਮੁੱਢਲੀ ਇਕਾਈ ਹੈ, ਜਿਸ ਦੇ ਆਪਸੀ ਮੇਲ ਮਿਲਾਪ ਅਤੇ ਪਿਆਰ ਸਦਕਾ ਚੰਗਾ ਸਮਾਜ ਅਤੇ ਕੌਮਾਂ ਵਿਕਸਿਤ ਹੁੰਦੀਆਂ ਹਨ।

ਮੇਰੇ ਬਚਪਨ ਅਤੇ ਜੁਆਨੀ ਸਮੇਂ ਸਾਡੇ ਪਿੰਡ ਦਾ ਧਰਮ ਚੰਦ ਨਾਈ, ਲਾਗੀ ਹੋਇਆ ਕਰਦਾ ਸੀ, ਜੋ ਖ਼ੁਸ਼ੀ ਅਤੇ ਗ਼ਮੀ ਦੇ ਸਮੇਂ ਸਾਰੇ ਪਿੰਡ ਵਿੱਚ ਸੱਦਾ ਦੇਣ ਜਾਇਆ ਕਰਦਾ ਸੀ। ਖ਼ੁਸ਼ੀ ਦੇ ਸੱਦੇ ਸਮੇਂ ਮਠਿਆਈ ਜਾਂ ਡਰਾਈ ਫਰੂਟ ਦਾ ਡੱਬਾ, ਵਿਆਹ ਵਾਲੇ ਪਰਿਵਾਰ ਰਾਹੀਂ ਭੇਜਿਆ ਜਾਂਦਾ ਸੀ। ਸਾਡੀ ਮਾਂ ਵੀ ਕੁਝ ਛਿਲੜ੍ਹਾਂ (ਰੁਪਏ) ਧਰਮਚੰਦ ਨੂੰ ਦੇਂਦੀ ਅਤੇ ਚਾਹ ਪਾਣੀ ਦੀ ਪੂਰੀ ਖਾਤਰ ਕੀਤੀ ਜਾਂਦੀ। ਫਿਰ ਕੀ ਸਾਰੇ ਪਿੰਡ ਦਾ ਵਿਆਹ ਅਤੇ ਹਰ ਪਾਸੇ ਚਹਿਲ ਪਹਿਲ। ਮਠਿਆਈਆਂ ਬਨਾਉਣ ਲਈ ਸਾਰੇ ਪਿੰਡ ਵਾਲੇ ਵਿਆਹ ਵਾਲੇ ਘਰ ਦੁੱਧ ਦੀਆਂ ਬਾਲਟੀਆਂ ਭੇਜਦੇ। ਪਿੰਡ ਦੇ ਕੁਝ ਪੜ੍ਹੇ ਲਿਖੇ ਮੋਹਤਬਰ ਬੰਦੇ ਆਏ ਗਏ ਲਈ ਮੰਜੇ ਅਤੇ ਬਿਸਤਰੇ ਇਕੱਠੇ ਕਰਦੇ। ਹਰ ਪਰਿਵਾਰ ਵੱਲੋਂ ਇਕ ਮੰਜਾ ਅਤੇ ਬਿਸਤਰਾ ਦਿੱਤਾ ਜਾਂਦਾ, ਜਿਸ ਦਾ ਹਿਸਾਬ ਵੀ ਲਿਖਤੀ ਹੁੰਦਾ। ਬਰਾਦਰੀ ਦੇ ਹਰ ਬੰਦੇ ਨੂੰ ਕੋਈ ਨਾ ਕੋਈ ਜ਼ਿੰਮੇਵਾਰੀ ਦਿੱਤੀ ਜਾਂਦੀ। ਅੱਜ ਕੱਲ੍ਹ ਨਾ ਕੋਈ ਬੁਲਾਵਾ, ਨਾ ਕੋਈ ਫੋਨ, ਵਟਸਐਪ (Whatsup) 'ਤੇ ਸੱਦਾ ਪੱਤਰ ਪਾ ਦਿੱਤਾ ਜਾਂਦਾ ਹੈ, ਨਾ ਕੋਈ ਆਪਣਾਪਣ, ਨਾਂ ਕੋਈ ਸਤਿਕਾਰ ਸੰਦੇਹ, ਬੱਸ ਗਲੋਂ ਗਲਾਵਾਂ ਲਾ ਦਿੱਤਾ ਜਾਂਦਾ ਹੈ।

ਸੋਸ਼ਲ ਮੀਡੀਆ 'ਤੇ Fake news ਭਾਵ ਝੂਠੀਆਂ ਖ਼ਬਰਾਂ ਦੀ ਆਮ ਚਰਚਾ ਪਾਈ ਜਾਂਦੀ ਹੈ। ਅਪਜਨਕ ਜਾਂ ਨਿਰਾਦਰ ਭਰੀਆਂ ਵੀਡੀਉ ਬੱਚਿਆਂ ਰਾਹੀਂ ਇਕ ਦੂਸਰਿਆਂ ਨੂੰ ਪਾਈਆਂ ਜਾਂਦੀਆਂ ਹਨ, ਇਸ ਬਾਰੇ ਬੱਚੇ ਹਿੰਸਕ ਹੁੰਦਿਆਂ ਆਪਣੇ ਆਪ ਨੂੰ ਕੱਟ ਲੈਂਦੇ ਹਨ ਅਤੇ ਕਈ ਆਤਮਹੱਤਿਆ ਕਰ ਬੈਠਦੇ ਹਨ। ਵਾਇਰਲ ਵੀਡੀਉ (Viral video) ਬਾਰੇ ਹਰ ਰੋਜ਼ ਆਜਤਕ ਚੈਨਲ 'ਤੇ ਪ੍ਰਸਾਰਨ ਹੋ ਰਿਹਾ, ਕੀ ਇਹ ਝੂਠੀ ਹੈ ਜਾਂ ਸੱਚੀ? 99 ਫੀਸਦੀ viral video ਪੜਚੋਲ ਤੋਂ ਬਾਅਦ ਝੂਠੀਆਂ ਸਾਬਤ ਹੁੰਦੀਆਂ ਹਨ।

ਕੁਝ ਪਲੇਟਫਾਰਮਾਂ ਰਾਹੀਂ ਬੱਚਿਆਂ ਨੂੰ online ਔਨਲਾਈਨ ਪੋਰਨੋਗਰਾਫਿਕ ਅਸ਼ਲੀਲ ਫਿਲਮਾਂ ਪਾਈਆਂ ਜਾਂਦੀਆਂ ਹਨ। ਇਸ ਕਰਕੇ ਉਹ ਲੜਕੀਆਂ ਨੂੰ ਕਾਮਵਾਸਨਾ ਦਾ ਪ੍ਰਤੀਕ ਸਮਝਣ ਲੱਗ ਪੈਂਦੇ ਹਨ। ਆਮ ਕਰਕੇ ਉਹ ਲੜਕੀਆਂ ਦੀ ਪੱਤ ਲੁੱਟਣ ਦੀ ਕੋਸ਼ਿਸ਼ ਹੀ ਨਹੀਂ ਕਰਦੇ, ਉਨ੍ਹਾਂ ਪ੍ਰਤੀ ਹਿੰਸਕ ਹੋ ਜਾਂਦੇ ਹਨ। ਤੇਜ਼ ਰਫ਼ਤਾਰ ਵਾਲੀ ਰੋਜ਼ਾਨਾ ਜ਼ਿੰਦਗੀ ਵਿੱਚੋਂ ਲੰਘਣ ਵਾਲੇ ਮਾਂ ਪਿਉ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਨ੍ਹਾਂ ਦੇ ਬੱਚੇ Laptop ਜਾਂ ਟੈਬਲਟ 'ਤੇ ਕੀ ਦੇਖ ਰਹੇ ਹਨ? ਸਮੇਂ ਸਮੇਂ 'ਤੇ ਮਾਪਿਆਂ ਨੂੰ ਇਸ ਬਾਰੇ ਸੁਚੇਤ ਵੀ ਕੀਤਾ ਜਾਂਦਾ ਹੈ। ਇੰਗਲੈਂਡ ਦੀ ਸਰਕਾਰ ਇਸ 'ਤੇ ਚਿੰਤਕ ਹੁੰਦਿਆਂ, ਇਹੋ ਜਿਹੇ ਪਲੇਟਫਾਰਮਾਂ 'ਤੇ ਨੱਥ ਪਾਉਣ ਲਈ ਤਾਂ ਕਿ ਕੋਈ 16 ਸਾਲ ਤੋਂ ਘੱਟ ਉਮਰ ਦਾ ਬੱਚਾ ਇਨ੍ਹਾਂ ਨੂੰ ਨਾ ਦੇਖ ਸਕੇ, ਕਾਨੂੰਨੀ ਸ਼ਕੰਜਾ ਕੱਸ ਰਹੀ ਹੈ। ਸਕੂਲਾਂ ਨੂੰ ਵੀ ਤਜਵੀਜ਼ ਦਿੱਤੀ ਜਾ ਰਹੀ ਹੈ ਕਿ ਉਹ ਲੜਕਿਆਂ ਨੂੰ ਇਹੋ ਜਿਹੀ ਸੈਕਸ ਵਿੱਦਿਆ ਦੇਣ, ਤਾਂ ਕਿ ਉਹ ਲੜਕੀਆਂ ਬਾਰੇ ਜ਼ਿੰਮੇਵਾਰ ਅਤੇ ਸਤਿਕਾਰ ਯੋਗ ਭਾਵਨਾ ਰੱਖਣ। ਪਰਿਵਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਲਈ monogamy (ਭਾਵ ਵਿਆਹੁਤਾ ਜੀਵਨ ਵਿੱਚ ਇਕੋ ਹੀ ਜੀਵਨ ਸਾਥੀ) 'ਤੇ ਵੀ ਜ਼ੋਰ ਦਿੱਤਾ ਜਾ ਰਿਹਾ ਹੈ।

ਸੋਸ਼ਲ ਮੀਡੀਏ 'ਤੇ ਹਰ ਕੋਈ ਡਾਕਟਰ ਬਣ ਬੈਠਾ ਹੈ। ਹਰ ਰੋਗ ਦੇ ਇਲਾਜ ਬਾਰੇ ਅਤੇ ਖ਼ਾਸ ਕਰਕੇ ਗੋਡਿਆਂ ਦੇ ਦਰਦ ਨੂੰ ਲੈ ਕੇ ਵੀਡੀਉ ਕਾਫ਼ੀ ਗਿਣਤੀ ਵਿੱਚ ਹਰ ਰੋਜ਼ ਪਾਈਆਂ ਜਾਂਦੀਆਂ ਹਨ। ਉਨ੍ਹਾਂ ਦੀ ਯੋਗਤਾ ਬਾਰੇ ਕੋਈ ਵਿਸਥਾਰ ਨਹੀਂ। ਮੈਡੀਕਲ ਸਾਇੰਸ ਵਿੱਚ ਵਿਸ਼ਵਾਸ਼ ਰੱਖਣ ਵਾਲੇ ਮੇਰੇ ਵਰਗੇ ਬੰਦੇ ਲਈ ਇਹ ਨੀਮ ਹਕੀਮ, ਖ਼ਤਰਾ ਜਾਣ ਵਾਲੀ ਗੱਲ ਲੱਗਦੀ ਹੈ।

ਮੈਡੀਕਲ ਸਾਇੰਸ ਦੇ ਮੁਤਾਬਕ ਮੋਬਾਈਲ ਦੀ ਨੀਲੀ ਰੋਸ਼ਨੀ ਰਾਤ ਦੇ ਸਮੇਂ ਨੀਂਦ ਨੂੰ ਘਟਾਉਂਦੀ ਹੈ। ਬਹੁਤ ਸਾਰੇ ਲੋਕ ਰਾਤ ਸਮੇਂ ਆਪਣਾ ਬਹੁਤ ਸਾਰਾ ਸਮਾਂ ਸੋਸ਼ਲ ਮੀਡੀਏ ਜਾਂ ਗੇਮਾਂ 'ਤੇ ਗੁਜ਼ਾਰ ਦੇਂਦੇ ਹਨ। ਹਨੇਰੇ ਸਵੇਰੇ ਜਦੋਂ ਵੀ ਦੇਖੋ ਉਹ ਗੇਮਾਂ ਅਤੇ ਸੋਸ਼ਲ ਮੀਡੀਏ ਦੀ ਦੁਨੀਆਂ ਵਿੱਚ ਮਸਤ ਹੋ ਗੁਲਤਾਨ ਹੋ ਜਾਂਦੇ ਹਨ। ਘੱਟ ਨੀਂਦ ਕਾਰਨ ਉਹ ਵੱਧ ਖ਼ੂਨ ਦਾ ਬਹਾਅ, ਡਾਇਬਟੀਜ਼ ਅਤੇ ਦਿਲ ਦੇ ਰੋਗਾਂ ਦੇ ਸ਼ਿਕਾਰ ਹੋ ਜਾਂਦੇ ਹਨ। ਘੱਟ ਨੀਂਦ ਕਾਰਨ ਉਹ ਦਿਨ ਵੇਲੇ ਥਕਾਵਟ ਮਹਿਸੂਸ ਕਰਨ ਕਾਰਨ ਆਪਣੇ ਕੰਮ ਕਾਜ ਨੂੰ ਤਵੱਜੋ ਨਹੀਂ ਦੇ ਸਕਦੇ। ਮਾਹਿਰਾਂ ਦੇ ਮੁਤਾਬਕ ਇਕ ਅਰੋਗ ਸਰੀਰ ਲਈ ਘੱਟੋ ਘੱਟ 8 ਘੰਟੇ ਦੀ ਨੀਂਦ ਬਹੁਤ ਜਰੂਰੀ ਹੈ। ਮੈਡੀਕਲ ਤੱਥਾਂ ਰਾਹੀਂ ਪਾਇਆ ਗਿਆ ਹੈ, ਕਿ ਜਦੋਂ ਤੁਸੀਂ ਝੁੱਕ ਕੇ ਆਪਣੇ ਲੈਪਟਾਪ ਜਾਂ ਮੋਬਾਈਲ 'ਤੇ ਆਪਣੇ ਆਪ ਨੂੰ ਇਕਾਗਰ ਕਰਦੇ ਹੋ, ਤਾਂ ਤੁਹਾਡੇ ਮੋਢਿਆਂ ਅਤੇ ਧੌਣ 'ਤੇ ਪੰਜ ਕਿੱਲੋ ਭਾਰ ਜਿਨ੍ਹਾਂ ਦਬਾਅ ਵੱਧ ਜਾਂਦਾ ਹੈ। ਇਸ ਲਈ ਦੁਨੀਆਂ ਵਿੱਚ ਹੀ ਨਹੀਂ ਖ਼ਾਸ ਕਰਕੇ ਭਾਰਤ ਵਿੱਚ ਦਫ਼ਤਰਾਂ ਵਿੱਚ ਕੰਮ ਕਰਨ ਵਾਲਿਆਂ ਦੇ ਮੋਢਿਆਂ ਦੀ ਦਰਦ ਦੀ ਬਿਮਾਰੀ ਵੱਧ ਰਹੀ ਹੈ। ਇਸ ਲਈ ਉਨ੍ਹਾਂ ਨੂੰ ਤਜਵੀਜ਼ ਦਿੱਤੀ ਜਾ ਰਹੀ ਹੈ, ਕਿ ਕੁਝ ਘੰਟਿਆਂ ਬਾਅਦ ਆਪਣੀ ਕੁਰਸੀ ਛੱਡ ਨਿਸਲ ਹੋਣ ਤਾ ਜੋ ਉਹ ਸਟਰੈਚ (stretch) ਹੋ ਸਕਣ।

TAIL PIECE

Dalip Singh Wasan, Advocate
Email: dalipsinghwassan@yahoo.co.in

# ITEMS SHOWING US BACKWARD ARE STILL AVAILABLE

We still far behind the devellped nations and if one is comg downfrom skies, he can notice that Katcha houses, jhopdis, naked people,using open space for morning latrine, have baths in open even inrivers, canals and water tanks willed with rain waters. The life inopen and get up of people itself speak that they are still poor andbackward. Even beggars are on higher numbers in spite of prohibitionof begging.

The people coming from abroad often psss remarks of people arelike crowds, begging is on higher scale and everyone from India wantsto cheat them. The people on governing side know all these shortcomings andthey had been making promises that all will go and we too shall becomea flourishing natiobn, but even three fourt of century is over andstill are assuring that 2-047 a far off date for attaining developmentand still none is very much sure that with all schemes update, wecould not totally write off anyone problem of the people

We had adopted the planning system, but date all such effortscould not achieve finally at any of the problem. Still devellp,e




mtis half way and we have noted cost of living is rising and even pricesare rising and our monthly income, though increasing, yet it is notable to reach the targets and all targets in our mind are still halfway. It is reset up the Planning wing on government side so thatspecific directions could be available to the governing side forrunning the government on right path and ensure proper planning andproper achievements.

# ਮੋਇਆਂ ਨੂੰ ਪੂਜੇ ਸਭ ਦੁਨੀਆਂ ਜੀਊਂਦੇ ਦੀ ਕਦਰ ਕੁਝ ਭੀ ਨਹੀਂ ?

## ਪਾਠਕਾਂ ਦੇ ਪੱਤਰ

ਕੋਈ ਜਦੋਂ ਇਨਸਾਨ ਦੀ ਮੌਤ ਹੁੰਦੀ ਹੈ, ਉਸ ਵੇਲੇ ਹਰ ਪਾਸੇ ਤੋਂ ਇਕੋ ਪੈਗਾਮ ਮਿਲਦਾ ਹੈ ਬਹੁਤ ਮਾੜਾ ਹੋਇਆ, ਭਾਵੇਂ ਡਾਕੂ ਸੀ ਜਾਂ ਸਿਆਸੀ ਲੀਡਰ ਕੋਈ ਭੀ ਪੇਸ਼ੇ ਦਾ ਇਨਸਾਨ ਹੋਵੇ। ਅਸੀਂ ਭੀ ਮਾਂ ਪਿਉ ਜਦੋਂ ਜੀਉਂਦਾ ਹੁੰਦਾ ਹੈ ਉਸ ਦੀ ਕਦਰ ਨਹੀਂ ਕਰਦੇ, ਮਰੇ 'ਤੇ ਮਾਰ ਅਖੰਡ ਪਾਠ, ਅਖ਼ਬਾਰ ਵਿੱਚ ਫੋਟੋ ਆਦਿਕ ਕਈ ਕੁਝ ਕਰਦੇ ਹਾਂ, ਗੱਲ ਕਰੀਏ ਅਸੀਂ ਪ੍ਰਤਾਪ ਸਿੰਘ ਕੈਰੋਂ ਸਾਹਿਬ ਦੀ, ਠੀਕ ਹੈ ਉਸ ਨੇ ਪੰਜਾਬ ਦੇ ਆਪਣੇ ਜੀਉਂਦੇ ਜੀਅ ਕਿਸੇ ਭੀ ਰੈਂਕ 'ਤੇ ਰਿਹਾ ਬਹੁਤ ਚੰਗੇ ਕੰਮ ਕੀਤੇ, ਜੀਉਂਦੇ ਉਸ ਨੂੰ ਭੀ ਇਹੋ ਕਹਿੰਦੇ ਰਹੇ ਕਿ ਪੰਜਾਬ ਲੁੱਟ ਲਿਆ, ਜਿਤਨੇ ਸਿਨਮੇ ਘਰ ਸਨ ਸਾਰਿਆਂ ਵਿੱਚ ਉਸ ਦਾ ਹਿੱਸਾ ਸੀ ਵਗੈਰਾ ਵਗੈਰਾ। ਉਸ ਦੇ ਕੰਮ ਅੱਜ ਭੀ ਪੰਜਾਬੀ ਲੋਕ ਯਾਦ ਕਰਦੇ ਹਨ ਕਿਸਾਨਾਂ ਲਈ ਅਕਸਰ ਮਸੀਹਾ ਸੀ ਕਿਸਾਨਾਂ ਲਈ ਇਕ ਸਨੇਹਾ ਦਿੰਦੇ ਸਨ ਜਦੋਂ ਸਾਰਾ ਖਾਣਾ ਛੱਡ ਅੰਡੇ ਮੀਟ ਦੁੱਧ ਦਹੀਂ ਖਾਵੋ। ਉਸ ਨੇ ਇਸ ਪਾਸੇ ਪੰਜਾਬੀ ਲਾ ਭੀ ਦਿੱਤੇ। ਗੱਲ ਇਕੱਲੇ ਕੈਰੋਂ ਸਾਹਿਬ ਦੀ ਨਹੀਂ ਜਿਤਨੇ ਭੀ ਚੀਫ਼ ਮਨਿਸਟਰ ਹੋਏ ਹਨ ਸਾਰਿਆਂ ਨੇ ਹੀ ਆਪਣੀ ਅਕਲ ਮੁਤਾਬਕ, ਸੋਚ ਮੁਤਾਬਕ ਬਹੁਤ ਕੰਮ ਕੀਤੇ ਹਨ। ਲਛਮਣ ਸਿੰਘ ਗਿੱਲ ਥੋੜ੍ਹਾ ਚਿਰ ਰਿਹਾ ਪਰ ਸਾਰੀਆਂ ਪੰਜਾਬ ਦੀਆਂ ਸੜਕਾਂ ਵਗੈਰਾ ਦੀ ਮਨਜ਼ੂਰੀ ਪੱਕੀਆਂ ਕਰਨ ਲਈ ਦੇ ਗਿਆ। ਚਲੋ ਕੁਝ ਸਮਾਂ ਪੈ ਕੇ ਪੱਕੀਆਂ ਬਣਾ ਦਿੱਤੀਆਂ ਗਈਆਂ। ਗੁਰਨਾਮ ਸਿੰਘ ਸਾਹਿਬ ਚੀਫ਼ ਜਸਟਿਸ ਸਨ ਆਪਣੇ ਤਰੀਕੇ ਨਾਲ ਉਨ੍ਹਾਂ ਦਾ ਭੀ ਨਾਂਅ ਹੈ, ਥੋੜ੍ਹਾ ਸਮਾਂ ਮਿਲਿਆ ਪਰ ਕੰਮ ਬਹੁਤ ਕੀਤੇ। ਗੱਲ ਕਰੀਏ ਸਰਦਾਰ ਦਰਬਾਰਾ ਸਿੰਘ ਜੀ, ਉਨ੍ਹਾਂ ਨੇ ਆਪਣੀ ਪਕੜ ਮੁਤਾਬਕ ਬਹੁਤ ਕੰਮ ਕੀਤਾ। ਗਿਆਨੀ ਜ਼ੈਲ ਸਿੰਘ ਜੀ ਨੇ ਭੀ ਪੰਜਾਬ ਲਈ ਬਹੁਤ ਕੁਝ ਕੀਤਾ। ਚਲੋ ਗੱਲ ਕਰੀਏ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੀ, 5 ਵਾਰੀ ਚੀਫ਼ ਮਨਿਸਟਰ ਬਣੇ, ਹਰ ਸਮੇਂ ਵੱਖੋ ਵੱਖਰੇ ਕੰਮ ਕੀਤੇ, ਲਿਖਣ ਦੀ ਲੋੜ ਨਹੀਂ। ਉਸ ਦੇ ਜੀਊਂਦੇ ਜੀਅ ਇਕ ਗੱਲ ਪੰਜਾਬੀ ਕਰਦੇ ਰਹੇ ਕਿ ਪੰਜਾਬ ਨੂੰ ਖਾ ਗਿਆ, ਹਰ ਇਕ ਦੇ ਮੂੰਹ 'ਤੇ ਇਕ ਸਵਾਲ ਬਣ ਗਿਆ ਸਰਦਾਰ ਸੁਖਬੀਰ ਸਿੰਘ ਬਾਦਲ ਉਨ੍ਹਾਂ ਦੇ ਤਰ੍ਹਾਂ ਕੰਮ ਕਰਦੇ ਹਨ, ਹਾਲੇ ਉਹੋ ਹੀ ਸਵਾਲ ਖੜ੍ਹਾ ਹੈ। ਆਮ ਕਹਿੰਦੇ ਹਨ ਪੰਜਾਬ ਦਾ ਕਿਤਨਾ ਖਾਧਾ ਜਵਾਬ ਜਿਤਨਾ ਪੰਜਾਬ ਸਿਰ ਕਰਜਾ ਸੀ ਉਸ ਵੇਲੇ। ਉਸ ਦੇ ਮਰਨ 'ਤੇ ਭੀ ਕਿਸੇ ਨੇ ਇਹ ਨਹੀਂ ਕਿਹਾ ਕਿ ਪੰਜਾਬ ਲਈ ਇਹ ਇਹ ਕੰਮ ਕਰਕੇ ਗਿਆ ਹੈ। ਵੈਸੇ ਅਸੀਂ ਆਪਣੀ ਆਦਤ ਤੋਂ ਮਜਬੂਰ ਹੈ ਹਰ ਇਕ ਲੀਡਰ ਹੈ ਅਫ਼ਸਰ ਹੈ ਕੋਈ ਭੀ ਹੈ ਉਸ ਦੇ ਸਰਗਵਾਸ ਹੋਣ ਤੋਂ ਬਾਅਦ ਹੀ ਉਸ ਦੀ ਸਿਫ਼ਤਾਂ ਹੁੰਦੀਆਂ ਹਨ, ਮਰਿਆਂ ਨੂੰ ਪੂਜੇ ਸਭ ਦੁਨੀਆਂ, ਜੀਉਂਦੇ ਦੀ ਕਦਰ ਕੁਝ ਭੀ ਨਹੀਂ, ਪਰ ਕਰਨਾ ਸਾਨੂੰ ਜੀਉਂਦੇ ਜੀਅ ਉਸ ਦੀ ਸਿਫ਼ਤ ਕਰੋ, ਉਸ ਤੋਂ ਵੱਧ ਤੋਂ ਵੱਧ ਕੰਮ ਲਵੋ। ਹੁਣ ਬੱਚੇ ਭੀ old age ਵਿੱਚ ਇਹ ਜ਼ਿਆਦਾ ਸੋਚਦੇ ਹਨ ਕਿ ਕਦੋਂ ਬਾਪੂ ਮਰੇ ਤਾਂ ਉਸ ਦੀ ਜਾਇਦਾਦ ਦਾ ਇੰਤਕਾਲ ਸਾਡੇ ਨਾਮ 'ਤੇ ਹੋਵੇ। ਕਿਸੇ ਦੀ ਸ਼ਾਨ ਖਿਲਾਫ ਲਿਖ ਦਿੱਤਾ ਹੋਵੇ ਗਲਤੀ ਮੁਆਫ਼।



–K.Jogi

# STOP THREATENING PEOPLE WHO HAVE MADE BRITAIN THEIR HOME, SAYS IWA GB

The Indian Workers Association (Great Britain) has raised serious concern over the tone of the UK'simmigration debate, warning that people who have lived and worked inBritain for years are now being made to feel unsafe.

Sital Singh Gill, General Secretary of IWA GB, said many migrants whohold Indefinite Leave to Remain (ILR) and have spent decadescontributing to the economy are being unfairly targeted and treated asoutsiders."People who have made Britain their home, who work hard, pay taxes andraise families, should not be made to live in fear," said Sital Singh Gill."They help run our hospitals, care homes, factories, taxis and shops.They have built this country with their hands and hearts."Gill warned that the government's new visa rules — including tougherEnglish language tests, higher salary thresholds and stricter familyrestrictions — will hit working-class families the hardest."Many of our people already work long hours for low pay and facerising living costs," he said. "These changes will only make lifeharder for those who keep this country running."Calling for an end to "political games with people's lives," Gillurged all parties to treat migrants with fairness and respect."Stop the threats.

Stop the division. Stop using immigration as apolitical weapon," he said. "Britain must remain a fair and welcomingcountry for everyone who contributes to it."


# ਕੈਨੇਡਾ 'ਚ ਗ਼ੈਰ-ਕਾਨੂੰਨੀ ਪ੍ਰਵਾਸੀਆਂ ਵਿਰੁਧ ਸਖ਼ਤ ਕਾਰਵਾਈ

ਔਟਵਾ: ਬੀਤੇ ਸਾਲ ਤੋਂ ਜਿੱਥੇ ਅਮਰੀਕਾ ਵਲੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਵਿਰੁਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਨੂੰ ਡਿਪੋਰਟ ਕੀਤਾ ਜਾ ਰਿਹਾ ਹੈ, ਉਥੇ ਹੀ ਕੈਨੇਡਾ ਵੀ ਵਿਚ ਇਸ ਸਾਲ ਡਿਪੋਰਟ ਕੀਤੇ ਗਏ ਭਾਰਤੀ ਨਾਗਰਿਕਾਂ ਦੀ ਗਿਣਤੀ 2024 ਵਿਚ ਦਰਜ ਕੀਤੇ ਗਏ ਰਿਕਾਰਡ ਅੰਕੜੇ ਨੂੰ ਪਾਰ ਕਰਨ ਦੀ ਸੰਭਾਵਨਾ ਹੈ। ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ ਦੇ ਤਾਜ਼ਾ ਅੰਕੜਿਆਂ ਅਨੁਸਾਰ 28 ਜੁਲਾਈ, 2025 ਤਕ ਡਿਪੋਰਟ ਕੀਤੇ ਗਏ ਭਾਰਤੀ ਨਾਗਰਿਕਾਂ ਦੇ ਦੇਸ਼ ਨਿਕਾਲੇ ਦਾ ਅੰਕੜਾ ਪਹਿਲਾਂ ਹੀ 1,891 ਤਕ ਪਹੁੰਚ ਚੁੱਕਾ ਸੀ, ਜਿਸ ਦੇ ਹੋਰ ਵਧਣ ਦਾ ਅੰਦਾਜ਼ਾ ਲਗਾਇਆ ਜਾ ਰਿਹਾ ਹੈ।

ਇਹ ਅੰਕੜਾ ਦੂਜੇ ਨੰਬਰ ਤੇ ਹੈ ਅਤੇ ਇਸ ਤੋਂ ਅੱਗੇ ਸਿਰਫ਼ ਮੈਕਸੀਕਨ (2,678) ਹੀ ਹਨ। ਪਿਛਲੇ ਸਾਲ 2024 ਵਿਚ ਕੈਨੇਡੀਅਨ ਪ੍ਰਸ਼ਾਸਨ ਵਲੋਂ 1,997 ਭਾਰਤੀਆਂ ਨੂੰ ਡਿਪੋਰਟ ਕੀਤਾ ਗਿਆ ਸੀ। 2024 ਵਿਚ ਸੰਭ ਤੋਂ ਵੱਧ ਮੈਕਸੀਕਨਾਂ (3,683) ਨੂੰ ਡਿਪੋਰਟ ਕੀਤਾ ਗਿਆ ਸੀ, ਜਦਕਿ ਭਾਰਤੀ ਦੂਜੇ ਸਥਾਨ ਤੇ ਸਨ ਅਤੇ ਕੋਲੰਬੀਆ ਦੇ ਨਾਗਰਿਕ (981) ਤੀਜੇ ਸਥਾਨ ਤੇ ਸਨ। ਰਿਪੋਰਟ ਮੁਤਾਬਕ ਭਾਰਤੀਆਂ ਦੇ ਦੇਸ਼ ਨਿਕਾਲੇ ਵਿਚ ਪਿਛਲੇ ਸਾਲਾਂ ਦੌਰਾਨ ਵੱਡਾ ਵਾਧਾ ਹੋਇਆ ਹੈ। ਉਦਾਹਰਨ ਲਈ 2019 ਵਿਚ ਇਹ ਅੰਕੜਾ ਸਿਰਫ਼ 625 ਸੀ, ਜੋ 2024 ਦੀ ਕੁੱਲ ਗਿਣਤੀ ਦੇ ਇਕ ਤਿਹਾਈ ਤੋਂ ਵੀ ਘੱਟ ਸੀ।

# ਬਿਹਾਰ ਦੇ ਨਤੀਜੇ ਖੇਤਰੀ ਦਲਾਂ ਦਾ ਭਵਿੱਖ ਤੈਅ ਕਰਨਗੇ

**ਗੁਰਮੀਤ ਸਿੰਘ ਪਲਾਹੀ**
9815802070



2025 ਬਿਹਾਰ ਵਿਧਾਨ ਸਭਾ ਵਿੱਚ ਕਿਹੜਾ ਸਿਆਸੀ ਦਲ ਜਾਂ ਸਿਆਸੀ ਗੱਠਜੋੜ ਚੋਣ ਜਿੱਤੇਗਾ, ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਹੈ, ਪਰ ਇੱਕ ਗੱਲ ਸਪੱਸ਼ਟ ਹੈ - ਜੇਕਰ ਮੌਜੂਦਾ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਸਿਆਸੀ ਦਲ ਪਹਿਲਾਂ ਨਾਲੋਂ ਕਮਜ਼ੋਰ ਹੁੰਦਾ ਹੈ, ਤਾਂ ਨੇੜਲੇ ਭਵਿੱਖ ਵਿੱਚ ਇਸ ਦਾ ਹਾਲ ਉਹੋ- ਜਿਹਾ ਹੀ ਹੋਏਗਾ, ਜਿਹੋ-ਜਿਹਾ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਹੋਇਆ ਹੈ ਜਾਂ ਮਹਾਰਾਸ਼ਟਰ ਚੋਣਾਂ ਵਿੱਚ ਸ਼ਿਵ ਸੈਨਾ ਦਾ।

ਭਾਜਪਾ ਨੇ ਬਿਹਾਰ ਵਿੱਚ ਧਰਮ ਦੀ ਰਾਜਨੀਤੀ ਦੀ ਪੂਰਨ ਤੌਰ 'ਤੇ ਸ਼ਤਰੰਜੀ ਵਿਸਾਤ ਵਿਛਾ ਦਿੱਤੀ ਹੈ। ਚੋਣਾਂ ਵਿੱਚ ਧਰਮ ਨੂੰ ਜਾਤ-ਬਰਾਦਰੀ ਤੋਂ ਉੱਪਰ ਕਰਨ ਲਈ ਭਾਜਪਾ ਨੇ ਦਾਅ-ਪੇਚ ਚੱਲ ਦਿੱਤੇ ਹਨ, ਜਿਸ ਦਾ ਖ਼ਮਿਆਜ਼ਾ ਖੇਤਰੀ ਪਾਰਟੀਆਂ ਨੂੰ ਉਵੇਂ ਹੀ ਭੁਗਤਣਾ ਪੈਣਾ ਹੈ, ਜਿਵੇਂ ਉੱਤਰ ਪ੍ਰਦੇਸ਼, ਹਰਿਆਣਾ, ਪੰਜਾਬ, ਮਹਾਰਾਸ਼ਟਰ ਵਿੱਚ ਭੁਗਤਣਾ ਪਿਆ ਸੀ।

1920 ਵਿੱਚ ਸਥਾਪਿਤ ਅਕਾਲੀ ਦਲ ਨੇ ਅਜ਼ਾਦ ਭਾਰਤ ਵਿੱਚ ਸਿੱਖਾਂ ਦੀ ਪਛਾਣ ਨੂੰ ਆਪਣੀ ਸਿਆਸਤ ਦਾ ਕੇਂਦਰ ਬਣਾਇਆ ਸੀ। ਕਦੇ ਪੰਜਾਬ ਦੀ ਪਛਾਣ ਬਣਨ ਵਾਲਾ ਅਕਾਲੀ ਦਲ ਅੱਜ ਆਪਣੀ ਪਛਾਣ ਬਚਾਉਣ ਲਈ ਜੂਝ ਰਿਹਾ ਹੈ, ਕਾਰਨ - ਭਾਜਪਾ ਨਾਲ਼ ਗੱਠਜੋੜ ਤੇ ਕਾਰਨ ਹੋਰ ਵੀ ਬਥੇਰੇ ਹਨ।

ਹਰਿਆਣਾ ਵਿੱਚ ਭਜਨ ਲਾਲ ਤੋਂ ਲੈ ਕੇ ਬੰਸੀ ਲਾਲ ਤੱਕ ਦੀਆਂ ਪਾਰਟੀਆਂ ਕਾਂਗਰਸ ਅਤੇ ਭਾਜਪਾ ਦੇ ਵਿਚਾਲ਼ੇ ਆਪਣੀ ਪਛਾਣ ਬਚਾਉਣ ਲਈ ਤਰਲੋ- ਮੱਛੀ ਹੁੰਦੀਆਂ ਰਹੀਆਂ। ਇੱਕ ਸਮਾਂ ਇਹੋ- ਜਿਹਾ ਸੀ ਜਦੋਂ ਹਰਿਆਣਾ ਦੇ ਖੇਤਰੀ ਦਲ ਦੇ ਪ੍ਰਭਾਵ ਕਾਰਨ ਸੂਬੇ ਦੇ ਨੇਤਾਵਾਂ ਦੇ ਹਿੱਸੇ ਉਪ ਪ੍ਰਧਾਨ ਮੰਤਰੀ ਤੋਂ ਲੈ ਕੇ ਕੇਂਦਰੀ ਮੰਤਰੀਆਂ ਤੱਕ ਦੇ ਅਹੁਦੇ ਆਏ। ਅੱਜ ਦੇ ਦੌਰ ਵਿੱਚ ਖੇਤਰੀ ਦਲਾਂ ਨਾਲ਼ ਸੰਤੁਲਨ ਬਿਠਾਈ ਰੱਖਣ ਲਈ ਮੁੱਖ ਮੰਤਰੀ ਦੇ ਨਾਲ਼ - ਨਾਲ਼ ਦੋ ਉਪ ਮੁੱਖ ਮੰਤਰੀਆਂ ਦੇ ਅਹੁਦੇ ਆਮ ਗੱਲ ਹੋ ਗਈ ਹੈ।

ਬਿਹਾਰ ਵਿੱਚ ਮੁੱਖ ਮੰਤਰੀ ਦੇ ਅਹੁਦੇ ਲਈ ਦਾਅਵੇਦਾਰ ਤਾਂ ਦੋ ਹੀ ਹਨ, ਪਰ ਹਰ ਪਾਸੇ ਉਪ ਮੁੱਖ ਮੰਤਰੀ ਬਣਨ ਦੀ ਮੰਗ ਜ਼ੋਰ ਫੜ ਰਹੀ ਹੈ। ਇਸ ਦਾ ਕਾਰਨ ਇਹੀ ਹੈ ਕਿ ਖੇਤਰੀ ਦਲਾਂ ਦਾ ਪ੍ਰਭਾਵ ਘੱਟ ਰਿਹਾ ਹੈ। ਕਦੇ ਬਿਹਾਰ 'ਚ ਨਿਤੀਸ਼ ਕੁਮਾਰ ਵੱਡਾ ਭਾਈ ਸੀ ਤੇ ਭਾਜਪਾ ਛੋਟਾ ਭਾਈ, ਪਰ ਅੱਜ ਦੋਵੇਂ ਦਲ ਬਰੋ-ਬਰਾਬਰ 101-101 ਸੀਟਾਂ 'ਤੇ ਚੋਣ ਲੜ ਰਹੇ ਹਨ।

ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਹਸ਼ਰ ਮਹਾਰਾਸ਼ਟਰ ਦੇ ਏਕਨਾਥ ਸ਼ਿੰਦੇ ਜਿਹਾ ਹੋ ਜਾਵੇਗਾ? ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਇੱਕ ਵੱਡੀ ਪਾਰਟੀ ਸੀ, ਜਿਸ ਦਾ ਕੇਂਦਰ ਦੀ ਸਰਕਾਰ ਵਿੱਚ ਵੱਡਾ ਹਿੱਸਾ ਸੀ। ਇਸ ਦਾ ਮਹਾਰਾਸ਼ਟਰ ਵਿੱਚ ਵੱਡਾ ਆਧਾਰ ਹੈ, ਸੀ। ਟੁੱਟ-ਭੱਜ ਨਾਲ਼ ਇਹ ਖੇਤਰੀ ਦਲ ਇਹੋ-ਜਿਹਾ ਬਿਖਰਿਆ ਕਿ ਅੱਜ ਟੁੱਟ-ਭੱਜ ਨਾਲ਼ ਬਣੇ ਧੜੇ ਆਪਣੀ ਹੋਂਦ ਲੱਭ ਰਹੇ ਹਨ।

ਪਹਿਲਾਂ ਸ਼ਿਵ ਸੈਨਾ ਦੇ ਦੋਵਾਂ ਧੜਿਆਂ ਨੂੰ ਚਾਣਕਿਆ ਨੀਤੀ ਨਾਲ਼ ਦੋ-ਫਾੜ ਕੀਤਾ ਗਿਆ। ਦੋਵੇਂ ਦਲ -ਵੱਖਰੇ ਹੋਏ ਅੰਗ, ਆਪਸ ਵਿੱਚ ਲੜਨ ਲੱਗੇ। ਦੋਵਾਂ ਦੇ ਵੱਖਰੇ ਹੋਏ ਹਿੱਸਿਆਂ ਨੇ ਸੱਤਾਧਾਰੀਆਂ ਦਾ ਹਿੱਸਾ ਬਣਨਾ ਪਸੰਦ ਕੀਤਾ।

ਅੱਜ ਭਾਜਪਾ ਦੀ ਖੇਤਰੀ ਦਲਾਂ ਨੂੰ ਖਤਮ ਕਰਨ ਦੀ ਪ੍ਰਯੋਗਸ਼ਾਲਾ ਵਿੱਚ ਬਿਹਾਰ ਦਰਜ਼ਿਆ ਜਾ ਰਿਹਾ ਹੈ। ਪਿਛਲੇ ਇੱਕ ਦਹਾਕੇ ਭਾਜਪਾ ਸਭ ਤੋਂ ਵੱਡੀ ਰਾਸ਼ਟਰੀ ਧਿਰ ਬਣ ਚੁੱਕੀ ਹੈ। ਉਸ ਦੀ ਹਾਈ ਕਮਾਂਡ ਇਹ ਚੇਤਾਵਨੀ ਦੇ ਚੁੱਕੀ ਹੈ ਕਿ ਬਹੁਤ ਛੇਤੀ ਖੇਤਰੀ ਪਾਰਟੀਆਂ ਦੀ ਹੋਂਦ ਮਿਟ ਜਾਏਗੀ। ਹਾਲਾਂਕਿ 2024 ਵਿੱਚ ਖੇਤਰੀ ਦਲਾਂ ਦੇ ਗੱਠਜੋੜ ਦੇ ਸਹਾਰੇ ਹੀ ਉਹ ਕੇਂਦਰੀ ਹਾਕਮ ਬਣ ਸਕੀ ਹੈ। "400 ਤੋਂ ਪਾਰ" ਦਾ ਨਾਅਰਾ ਦੇਣ ਵਾਲ਼ੀ ਭਾਜਪਾ 240 ਸੀਟਾਂ ਉੱਤੇ ਸਿਮਟ ਗਈ ਅਤੇ ਖੇਤਰੀ ਦਲਾਂ ਦੇ ਸਹਾਰੇ ਤੀਜੀ ਵਾਰ ਸਰਕਾਰ ਬਣਾ ਸਕੀ ਹੈ।

ਅੱਜ ਦੇਸ਼ ਵਿੱਚ 50 ਦੇ ਲਗਭਗ ਖੇਤਰੀ ਦਲ ਹਨ। ਇਹ ਭਾਸ਼ਾ, ਸੱਭਿਆਚਾਰ, ਜਾਤ ਤੋਂ ਲੈ ਕੇ ਭੂਗੋਲਿਕ ਪਛਾਣ ਦੇ ਅਧਾਰ 'ਤੇ ਬਣੇ ਹਨ। ਖੇਤਰੀ ਧਿਰਾਂ ਅਤੇ ਉਹਨਾਂ ਦੀਆਂ ਮੰਗਾਂ ਭਾਰਤੀ ਲੋਕਤੰਤਰ ਦਾ ਹਿੱਸਾ ਹਨ ਅਤੇ ਭਾਰਤ ਦੇ ਸੰਘੀ ਢਾਂਚੇ ਦੀ ਬੁਨਿਆਦ ਬਣ ਚੁੱਕੀਆਂ ਹਨ।

ਕੇਂਦਰ ਸਰਕਾਰ ਦੇ ਖ਼ਿਲਾਫ਼ ਸੁਭਾਵਿਕ ਤੌਰ 'ਤੇ ਇਹ ਖੇਤਰੀ ਦਲ ਉਪਜਦੇ ਰਹੇ। ਭਾਰਤ ਵਿੱਚ ਇਹਨਾਂ ਖੇਤਰੀ ਦਲਾਂ ਦਾ ਰੋਲ ਮਹੱਤਵਪੂਰਨ ਰਿਹਾ ਹੈ। ਖੇਤਰੀ ਮੰਗਾਂ ਦੀ ਪਛਾਣ ਕਰਨਾ, ਆਪਣੇ ਖਿੱਤੇ ਦੀ ਬੋਲੀ, ਸੱਭਿਆਚਾਰ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਪ੍ਰਫੁੱਲਤਾ ਲਈ ਕੰਮ ਕਰਨਾ - ਇਹਨਾਂ ਦਾ ਮੰਤਵ ਰਿਹਾ ਹੈ। ਇਹ ਦਲ ਖ਼ੁਦਮੁਖਤਿਆਰ ਹੋਣ, ਸੂਬਿਆਂ ਲਈ ਵਧੇਰੇ ਤਾਕਤਾਂ ਦੀ ਮੰਗ ਅਤੇ ਸੰਘਰਸ਼ ਕਰਦੇ ਰਹੇ। ਸ਼੍ਰੋਮਣੀ ਅਕਾਲੀ ਦਲ ਦਾ ਆਨੰਦਪੁਰ ਮਤਾ ਵਧੇਰੇ ਅਧਿਕਾਰਾਂ ਦਾ ਪ੍ਰਤੀਕ ਰਿਹਾ।

ਡੀ. ਐੱਮ.ਕੇ., ਤੇਲਗੂ ਦੇਸਮ, ਸ਼ਿਵ ਸੈਨਾ, ਸ਼੍ਰੋਮਣੀ ਅਕਾਲੀ ਦਲ, ਤ੍ਰਿਣਮੂਲ ਕਾਂਗਰਸ ਖੇਤਰੀ ਪਾਰਟੀਆਂ ਵਜੋਂ ਉੱਭਰੀਆਂ ਅਤੇ ਆਪੋ-ਆਪਣੇ ਖਿੱਤਿਆਂ 'ਚ ਰਾਜਭਾਗ ਕਰਦੀਆਂ ਰਹੀਆਂ ਜਾਂ ਕਰ ਰਹੀਆਂ ਹਨ। ਇਹ ਸਾਰੀਆਂ ਖੇਤਰੀ ਪਾਰਟੀਆਂ ਕਾਂਗਰਸ ਦੇ ਵਿਰੋਧ ਵਿੱਚੋਂ, ਉਸ ਦੀਆਂ ਨੀਤੀਆਂ ਦੇ ਵਿਰੋਧ ਅਤੇ ਖੇਤਰੀ ਹਿੱਤਾਂ ਨੂੰ ਨਜ਼ਰਅੰਦਾਜ਼ ਕਰਨ ਕਾਰਨ, ਆਪੋ ਆਪਣੇ ਖਿੱਤਿਆਂ 'ਚ ਸਰਗਰਮ ਹੋਈਆਂ। ਬਹੁ-ਚਰਚਿਤ ਭਾਰਤੀ ਰਾਸ਼ਟਰੀ ਕਾਂਗਰਸ ਦੀ ਨੇਤਾ ਮਮਤਾ ਬੈਨਰਜੀ ਪੱਛਮੀ ਬੰਗਾਲ ਵਿੱਚ ਖੱਬੇ ਪੱਖੀਆਂ ਦੇ ਖ਼ਿਲਾਫ਼ ਤਿੱਖਾ ਰੁੱਖ ਅਪਣਾਉਣ ਦੇ ਹੱਕ 'ਚ ਸੀ। ਕਾਂਗਰਸ ਨੇ ਉਸ ਦੇ ਇਸ ਦ੍ਰਿਸ਼ਟੀਕੋਣ ਨੂੰ ਨਕਾਰਿਆ। ਉਸ ਨੇ 1998 ਵਿੱਚ ਤ੍ਰਿਣਮੂਲ ਕਾਂਗਰਸ ਦੀ ਸਥਾਪਨਾ ਕੀਤੀ। ਉਸ ਦਾ ਦੋਸ਼ ਸੀ ਕਿ ਕਾਂਗਰਸ ਸਥਾਨਕ ਮੁੱਦਿਆਂ ਅਤੇ ਜਨਤਾ ਦੀਆਂ ਸਮੱਸਿਆਵਾਂ ਨੂੰ ਹਮੇਸ਼ਾ ਹਾਸ਼ੀਏ 'ਤੇ ਰੱਖਦੀ ਹੈ।

ਉਂਞ 1960 ਦੇ ਦਹਾਕੇ ਵਿੱਚ ਕਾਂਗਰਸ ਦੀ ਕੇਂਦਰੀ ਤਾਕਤ ਨੂੰ ਚੁਣੌਤੀ ਦਿੰਦੇ ਹੋਏ ਕਈ ਖੇਤਰੀ ਦਲ ਉੱਭਰੇ ਅਤੇ ਖੇਤਰੀ ਮੁੱਦਿਆਂ ਨੂੰ ਰਾਸ਼ਟਰੀ ਰਾਜਨੀਤੀ ਦੇ ਮੰਚ 'ਤੇ ਮੁੱਦਾ ਬਣਾਇਆ। ਭਾਰਤ ਜਿਹੇ ਵਿਸ਼ਾਲ ਭੂਗੋਲ ਦੇ ਸੰਦਰਭ ਵਿੱਚ ਖੇਤਰੀ ਦਲਾਂ ਦੀ ਸਿਆਸੀ ਹੋਂਦ ਨੂੰ ਸੰਘੀ ਢਾਂਚੇ ਦੀ ਰੀੜ੍ਹ ਦੀ ਹੱਡੀ ਦੇ ਰੂਪ ਵਿੱਚ ਵੇਖਿਆ ਗਿਆ। ਸਿਆਸਤ ਦਾ ਗਣਿਤ ਸਦਾ ਦੋ ਜਮਾਂ ਦੋ ਚਾਰ ਨਹੀਂ ਹੁੰਦਾ, ਕਦੇ ਪੰਜ ਵੀ ਹੋ ਸਕਦਾ ਹੈ। ਇਹੋ-ਜਿਹਾ ਹੀ ਕਾਂਗਰਸ ਅਤੇ ਖੇਤਰੀ ਦਲਾਂ ਦੀ ਲੜਾਈ ਵਿੱਚ ਹੋਇਆ। ਇਹ ਲੜਾਈ ਸਾਲ ਦਰ ਸਾਲ ਤਿੱਖੀ ਹੋਈ। ਇਸ ਦਾ ਲਾਭ ਭਾਜਪਾ ਨੇ ਚੁੱਕਿਆ ਅਤੇ ਖੇਤਰੀ ਦਲਾਂ ਵੱਲੋਂ ਖ਼ਾਲੀ ਕਰਾਈ ਕਾਂਗਰਸ ਦੀ ਜ਼ਮੀਨ ਉੱਤੇ ਕਬਜ਼ਾ ਜਮਾ ਲਿਆ। ਇੱਥੋਂ ਹੀ ਭਾਰਤੀ ਜਨਤਾ ਪਾਰਟੀ ਦਾ ਉਭਾਰ ਹੋਣਾ ਸ਼ੁਰੂ ਹੋਇਆ।

ਖੇਤਰੀ ਦਲ ਕਾਂਗਰਸ ਦੀ ਜਿੰਨੀ ਜ਼ਮੀਨ ਖਿਸਕਾਉਂਦੇ ਰਹੇ, ਉਨੀ ਥਾਂ 'ਤੇ ਦੂਜੇ ਸਭ ਤੋਂ ਵੱਡੇ ਰਾਸ਼ਟਰੀ ਦਲ-ਭਾਜਪਾ ਦੀ ਜ਼ਮੀਨ ਬਣਦੀ ਗਈ। ਸਮਾਂ ਇਹੋ-ਜਿਹਾ ਆ ਗਿਆ ਕਿ ਕਾਂਗਰਸ ਤੋਂ ਖ਼ਾਲੀ ਕਰਾਈ ਜ਼ਮੀਨ ਉੱਤੇ ਜਿਹੜੇ ਖੇਤਰੀ ਦਲ ਕਾਬਜ਼ ਹੋਏ, ਭਾਜਪਾ ਉਹਨਾਂ ਨੂੰ ਆਪਣੇ ਰਸਤੇ ਤੋਂ ਹਟਾਉਣ ਲੱਗੀ। ਇਸ ਸੰਬੰਧੀ ਉਸ ਵੱਲੋਂ ਵਧੇਰੇ ਪ੍ਰਯੋਗ ਕੀਤੇ ਗਏ। ਖੇਤਰੀ ਦਲਾਂ 'ਚ ਫੁੱਟ ਪਾਈ ਗਈ। ਕਈ ਥਾਈਂ ਖੇਤਰੀ ਨੇਤਾਵਾਂ ਨੂੰ ਲਾਲਚ ਦਿੱਤਾ ਗਿਆ।

ਲਾਲੂ ਪ੍ਰਸਾਦ ਯਾਦਵ, ਮੁਲਾਇਮ ਸਿੰਘ ਯਾਦਵ, ਮਾਇਆਵਤੀ, ਠਾਕਰੇ, ਪਵਾਰ ਜਿਹੇ ਖੇਤਰੀ ਧੁਰੰਧਰਾਂ - ਜਿਹਨਾਂ ਨੇ ਕਾਂਗਰਸ ਨੂੰ ਦੇਸ਼ ਦੀ ਸੱਤਾ ਤੋਂ ਪਾਸੇ ਕੀਤਾ ਸੀ - ਦੇ ਵਿਰੁੱਧ ਬਿਹਾਰ, ਯੂ.ਪੀ., ਮਹਾਰਾਸ਼ਟਰ ਵਿੱਚ ਭਾਜਪਾ ਨੇ ਲਾਲੂ, ਮੁਲਾਇਮ, ਮਾਇਆਵਤੀ, ਠਾਕਰੇ, ਪਵਾਰ ਦੇ ਅੰਕ ਗਣਿਤ ਨੂੰ ਸਮਝਦਿਆਂ ਵੱਡੇ ਝਟਕੇ ਦਿੱਤੇ ਅਤੇ ਉਹਨਾ ਨੂੰ ਕਮਜ਼ੋਰ ਕੀਤਾ।

ਅੱਜ ਇਹ ਤੱਥ ਕਿਸੇ ਤੋਂ ਲੁਕਿਆ ਨਹੀਂ ਹੈ ਕਿ ਅੰਨਾ ਹਜ਼ਾਰੇ ਦੇ ਅੰਦੋਲਨ ਦੇ ਪਿੱਛੇ ਭਾਜਪਾ - ਆਰ.ਐੱਸ.ਐੱਸ. ਸੀ। ਇਥੋਂ ਪੈਦਾ ਹੋਈ ਆਮ ਆਦਮੀ ਪਾਰਟੀ ਦਾ ਪਿਛੋਕੜ, ਸੋਚ ਤੇ ਸ਼ਕਤੀ ਸੰਗਠਨ ਆਰ.ਐੱਸ.ਐੱਸ. ਨਾਲ ਮੇਲ ਖਾਂਦੀ ਹੈ?

ਉਵੇਸੀ ਦੀ ਸਿਆਸੀ ਪਾਰਟੀ ਕਾਂਗਰਸ ਦਾ ਇੱਕ-ਇੱਕ ਵੋਟ ਕੱਟ ਕੇ ਸੱਤਾਧਾਰੀ ਦਲ ਦਾ ਘੜਾ ਭਰਦੀ ਹੈ। ਇਸ ਤਰ੍ਹਾਂ ਦੇ ਜਿੰਨੇ ਵੀ ਦਲ ਹਨ, ਉਹ ਸੱਤਾਧਾਰੀ ਦਲ ਦੇ ਕੱਟੜ ਸਮਰਪਿਤ ਵੋਟਰਾਂ ਨੂੰ ਕੱਟ ਨਹੀਂ ਸਕਦੇ। ਤਾਂ ਫਿਰ ਉਹ ਨੁਕਸਾਨ ਕਿਸ ਨੂੰ ਪਹੁੰਚਾਉਂਦੇ ਹਨ?

ਉਸ ਦਾ ਸਿੱਧਾ ਨੁਕਸਾਨ ਕਾਂਗਰਸ ਨੂੰ ਪਹੁੰਚਦਾ ਹੈ। ਲੰਬੀ ਸਿਆਸੀ ਨੀਂਦ ਸੌਣ ਤੋਂ ਬਾਅਦ ਮਾਇਆਵਤੀ ਵੀ ਤੇਜ਼ ਹੋਏ ਹਨ, ਤਾਂ ਉਹਨਾਂ ਦਾ ਨਿਸ਼ਾਨਾ ਵੀ ਕਾਂਗਰਸ ਹੈ। ਕਿਉਂਕਿ ਦੇਸ਼ ਵਿੱਚ ਹੁਣ ਵੀ ਕਾਂਗਰਸ ਦੂਜੇ ਨੰਬਰ 'ਤੇ ਹੈ ਅਤੇ ਸੱਤਾਧਾਰੀ ਧਿਰ ਦਾ ਨਿਸ਼ਾਨਾ ਵੀ ਕਾਂਗਰਸ ਹੈ।

ਜਿਵੇਂ ਸਿਆਸੀ ਤੌਰ 'ਤੇ ਭਾਜਪਾ ਵੱਲੋਂ ਹਰ ਚੋਣ, ਖ਼ਾਸ ਕਰਕੇ ਬਿਹਾਰ ਚੋਣਾਂ 'ਚ ਡੂੰਘੇ ਜ਼ਖ਼ਮ ਦੇਣ ਦਾ ਟੀਚਾ ਮਿੱਥਿਆ ਹੈ, ਪਰ ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਕਾਂਗਰਸ ਦੀ ਚੁਣੌਤੀ ਦੇ ਰੂਪ 'ਚ ਉੱਭਰੇ ਖੇਤਰੀ ਦਲ ਅੱਗੋਂ ਭਾਜਪਾ ਨੂੰ ਚੁਣੌਤੀ ਦੇਣ ਦੀ ਸਥਿਤੀ ਵਿੱਚ ਹੋਣਗੇ?

ਬਿਹਾਰ ਦੀ ਚੋਣ ਇਸ ਤਰ੍ਹਾਂ ਦੇ ਕਈ ਹੋਰ ਸਵਾਲਾਂ ਦਾ ਜਵਾਬ ਵੀ ਦੇਵੇਗੀ। ਕਦੇ ਨਿਤੀਸ਼ ਕੁਮਾਰ ਨੇ ਭਾਜਪਾ ਦੇ ਵਿਰੋਧ ਵਿੱਚ ਕਾਂਗਰਸ ਨਾਲ ਰਲ਼ ਕੇ ਗੱਠਜੋੜ ਬਣਾਉਣ ਦੀ ਕੋਸ਼ਸ਼ ਕੀਤੀ ਸੀ। ਉਸ ਨੂੰ ਬਿਹਾਰ ਵਿੱਚ ਭਾਜਪਾ ਦੇ ਲਗਾਤਾਰ ਅੱਗੇ ਵਧਣ ਦਾ ਡਰ ਸਤਾ ਰਿਹਾ ਸੀ। ਪਰ ਗੱਠਜੋੜ ਵਿੱਚ ਉਹ ਕਾਂਗਰਸ ਦੇ ਨਾਲ਼ ਕੁਝ ਵਿਰੋਧਾਂ ਕਾਰਨ ਚੱਲ ਨਹੀਂ ਸਕੇ ਅਤੇ ਭਾਜਪਾ ਦੇ ਖੇਮੇ ਵਿੱਚ ਜਾ ਪੁੱਜੇ।

2024 ਦੀਆਂ ਚੋਣਾਂ ਬਾਅਦ ਭਾਜਪਾ ਨੂੰ ਅਹਿਸਾਸ ਹੋ ਗਿਆ ਕਿ ਉਸ ਨੂੰ ਆਪਣਾ ਪ੍ਰਭਾਵ ਬਣਾਈ ਰੱਖਣ ਲਈ ਖੇਤਰੀ ਧਿਰਾਂ ਦੀ ਲੋੜ ਹੈ,ਉਹਨਾਂ ਨੇ ਨਿਤੀਸ਼ ਅਤੇ ਨਾਇਡੂ ਦੀ ਖੇਤਰੀ ਪਾਰਟੀ ਦਾ ਸਾਥ ਲਿਆ ਕਿਉਂਕਿ ਉਸ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਯੂ.ਪੀ. ਵਿੱਚ ਇੱਕ ਖੇਤਰੀ ਦਲ ਨੇ ਉਸ ਦੇ ਸਾਰੇ ਸਮੀਕਰਨ ਲੋਕ ਸਭਾ ਚੋਣਾਂ ਵਿੱਚ ਵਿਗਾੜ ਦਿੱਤੇ ਸਨ ਅਤੇ ਕੇਂਦਰ ਵਿਚਲੀ ਸਰਕਾਰ ਦਾ ਪੂਰਨ ਬਹੁਮਤ ਵਾਲਾ ਖਿਤਾਬ ਖੇਰੂੰ-ਖੇਰੂੰ ਕਰ ਦਿੱਤਾ ਸੀ।

ਰਾਜਦ (ਕਾਂਗਰਸ ਅਤੇ ਰਾਸ਼ਟਰੀ ਜਨਤਾ ਦਲ) ਵੱਲੋਂ ਬਿਹਾਰ ਵਿੱਚ ਹਾਲਾਂਕਿ "ਵੋਟ ਚੋਰ, ਗੱਦੀ ਛੋੜ" ਦੇ ਨਾਅਰੇ ਲੱਗ ਰਹੇ ਹਨ। ਭਾਰਤੀ ਚੋਣ ਕਮਿਸ਼ਨ ਤੇ ਭਾਜਪਾ ਦੀ ਆਪਸੀ ਸਾਂਝ ਵਿਰੁੱਧ ਗੁੱਸੇ 'ਚ ਲੋਕ ਉਬਲੇ ਪਏ ਹਨ। ਪਰ ਨਾਲ਼ - ਨਾਲ਼ ਰਾਜਦ (ਭਾਜਪਾ ਅਤੇ ਜਨਤਾ ਦਲ ਯੂਨਾਈਟਡ) ਪਰਿਵਾਰਵਾਦ ਦੀ ਰਾਜਨੀਤੀ ਨੂੰ ਖਾਰਜ ਕਰਨ ਲਈ ਗੁਹਾਰ ਲਗਾ ਰਹੇ ਹਨ।

ਪਰ ਬਿਹਾਰ 'ਚ ਮਾਹੌਲ ਅਸਪੱਸ਼ਟ ਹੈ। ਚੋਣਾਂ ਸੰਬੰਧੀ ਕੋਈ ਵੀ ਅੰਦਾਜ਼ਾ ਜਾਂ ਅਜ਼ਾਦਾਨਾ ਭਵਿੱਖਬਾਣੀ ਸੰਭਵ ਨਹੀਂ ਜਾਪਦੀ। ਪਰ ਸਵਾਲਾਂ ਦਾ ਸਵਾਲ ਇਹ ਹੈ ਕਿ ਲਗਾਤਾਰ ਇੱਧਰ-ਉੱਧਰ ਤਾਕਤ ਲਈ ਭਟਕਣ ਵਾਲੇ ਨਿਤੀਸ਼ ਦਾ ਫਿਰ ਤੋਂ ਤਾਰਾ ਚਮਕੇਗਾ ਜਾਂ ਉਹ ਅਲੋਪ ਹੋ ਜਾਣਗੇ?

ਇਸ ਦਾ ਫਾਇਦਾ ਕਿਸ ਨੂੰ ਹੋਏਗਾ - ਕਾਂਗਰਸ ਜਾਂ ਭਾਜਪਾ ਨੂੰ? ਉਸ ਕਾਂਗਰਸ ਨੂੰ ਜੋ ਭਾਜਪਾ ਲਈ ਲੋਕ ਸਭਾ ਚੋਣਾਂ 'ਚ ਖਤਰਾ ਬਣੀ ਹੈ ਅਤੇ ਇਹ ਖਤਰਾ 40 ਤੋਂ 99 ਤੱਕ ਪੁੱਜ ਗਿਆ ਹੈ। ਇਸ ਸਭ-ਕੁਝ ਦੇ ਵਿਚਕਾਰ ਬਿਹਾਰ ਦੇ ਚੋਣ ਨਤੀਜੇ ਖੇਤਰੀ ਦਲਾਂ ਦੀ ਭੂਮਿਕਾ ਤੈਅ ਕਰਨਗੇ।

## ਵਿਸ਼ਵ ਦੇ ਮਹਾਨ ਖਿਡਾਰੀ

ਪ੍ਰਿੰ. ਸਰਵਣ ਸਿੰਘ

# ਬਾਬਾ ਫੌਜਾ ਸਿੰਘ ਦੀਆਂ ਯਾਦਾਂ



ਕਰੋਨਾ ਕਾਲ ਦੇ ਦਿਨ ਸਨ। 2020 ਦਾ ਸਾਲ। ਉੱਤੋਂ ਭਾਦੋਂ ਦਾ ਵੱਟ ਜਿਹੜਾ ਮੱਕੀ ਗੁਡਦੇ ਕਾਮਿਆਂ ਨੂੰ ਸਾਧ ਬਣਨ ਲਈ ਮਜਬੂਰ ਕਰ ਦਿੰਦੈ। ਬਾਬਾ ਫੌਜਾ ਸਿੰਘ ਉਦੋਂ ਬਿਆਸ ਪਿੰਡ ਆਇਆ ਹੋਇਆ ਸੀ ਤੇ ਮੈਂ ਵੀ ਮੁਕੰਦਪੁਰ ਆਇਆ ਬੈਠਾ ਸਾਂ। ਮੇਰਾ ਵਕਤ ਪੜ੍ਹਦਿਆਂ ਲਿਖਦਿਆਂ ਲੰਘੀ ਜਾਂਦਾ ਪਰ ਬਾਬਾ ਭਾਦੋਂ ਦੇ ਵੱਟ 'ਚ ਨਿਢਾਲ ਹੋਇਆ ਮੱਖੀਆਂ ਉਡਾਉਂਦਾ ਰਹਿੰਦਾ। ਰਾਤ ਨੂੰ ਮੱਛਰ ਨਾ ਸੌਣ ਦਿੰਦੇ। ਉਹਦੀ ਵਾਪਸ ਵਲਾਇਤ ਜਾਣ ਦੀ ਕੋਈ ਬਿਧ ਨਹੀਂ ਸੀ ਬਣ ਰਹੀ। ਲੰਡਨ ਨੂੰ ਹਵਾਈ ਉਡਾਣਾਂ ਬੰਦ ਸਨ। ਸਬੱਬੀਂ 'ਬੁਲਿਟਨ' ਚੈਨਲ ਵਾਲੇ ਨੌਜਵਾਨ ਜਗਦੀਪ ਸਿੰਘ ਨੇ ਬਿਆਸ ਪਿੰਡ ਜਾ ਕੇ ਬਾਬਾ ਫੌਜਾ ਸਿੰਘ ਦੀ ਵੀਡੀਓ ਰਿਕਾਰਡਿੰਗ ਕੀਤੀ। ਉਸ ਰਾਹੀਂ ਬਾਬੇ ਨੇ ਵਾਰ ਵਾਰ ਬੇਨਤੀ ਦੁਹਰਾਈ ਤੇ ਦੁਹਾਈ ਪਾਈ ਕਿ ਕੋਈ ਸ਼ੁਭਚਿੰਤਕ ਉਹਦੀ ਮਦਦ ਕਰੇ। ਉਸ ਨੂੰ ਕਿਵੇਂ ਨਾ ਕਿਵੇਂ ਜਹਾਜ਼ ਚੜ੍ਹਾ ਦੇਵੇ। ਉਹ ਰੋਟੀ ਖਾਣੀ ਛੱਡ ਚੁੱਕਾ ਸੀ ਤੇ ਭਾਰ ਘਟ ਕੇ 44-45 ਕਿਲੋ ਹੀ ਰਹਿ ਗਿਆ ਸੀ। ਸਥਾਨਕ ਪੱਤਰਕਾਰ ਗੁਰਪ੍ਰੀਤ ਡੈਨੀ ਨੇ ਫੋਨ 'ਤੇ ਮੈਨੂੰ ਬਾਬੇ ਦਾ ਮੰਦਾ ਹਾਲ ਦੱਸਿਆ ਤੇ ਉਹਦਾ ਸੁਨੇਹਾ ਮੇਰੇ ਤਕ ਪੁਚਾ ਦਿੱਤਾ।


ਬਾਬੇ ਨੇ ਬਿਆਸ ਪਿੰਡ ਦਾ ਫੋਨ ਨੰਬਰ ਮੈਨੂੰ ਲਿਖਾਇਆ ਹੋਇਆ ਸੀ ਜੋ ਉਹਦੇ ਪੁੱਤਰ ਹਰਵਿੰਦਰ ਸਿੰਘ ਦਾ ਸੀ। ਬਾਬਾ ਆਪਣੇ ਕੋਲ ਕੋਈ ਫੋਨ ਨਹੀਂ ਸੀ ਰੱਖਦਾ ਹੁੰਦਾ। ਉਂਜ ਵੀ ਉਸ ਨੂੰ ਉੱਚਾ ਸੁਣਨ ਲੱਗ ਪਿਆ ਸੀ। ਮੈਂ ਉਹਦੇ ਪੁੱਤਰ ਨਾਲ ਫੋਨ ਮਿਲਾਇਆ। ਬਾਬੇ ਦਾ ਹਾਲ ਚਾਲ ਪੁੱਛਿਆ ਤੇ ਬਾਬੇ ਨਾਲ ਗੱਲ ਕਰਾਉਣ ਲਈ ਆਖਿਆ। ਬਾਬੇ ਨੇ ਫੋਨ ਫੜਿਆ ਤੇ ਪੈਂਦੀ ਸੱਟੇ ਕਿਹਾ ਕਿ ਮੈਨੂੰ ਤੁਰਤ ਜਹਾਜ਼ ਚੜ੍ਹਾਉਣ ਦਾ ਕੋਈ ਗੇੜ ਕਰੋ। ਨਹੀਂ ਤਾਂ ਮੈਂ ਏਥੇ ਪੰਦਰਾਂ ਦਿਨ ਨੀ ਕੱਟ ਸਕਦਾ। ਮੇਰਾ ਖਾਣਾ ਪੀਣਾ ਛੁੱਟ ਗਿਆ। ਕੋਈ ਤੋਰਾ ਫੇਰਾ ਨੀ। ਬੁਰਾ ਹਾਲ ਆ ਮੇਰਾ। ਮਰ ਚੱਲਿਆਂ ਮੈਂ। ਕਰੋ ਕੋਈ ਹੀਲਾ, ਚੜ੍ਹਾਓ ਮੈਨੂੰ ਜਹਾਜ਼। ਵਲੈਤ ਜਾ ਕੇ ਬਚ-ਜੂੰ। ਓਥੇ ਪੰਜਾਬੀਆਂ ਦੇ ਭਲੇ ਦੀ ਕੋਈ ਗੱਲ ਕਰੂੰ। ਏਥੇ ਮਰ ਗਿਆ ਤਾਂ ਕਿਸੇ ਨੂੰ ਕੀ ਫਾਇਦਾ? ਮਾਰ ਲਿਆ ਮੈਨੂੰ ਗਰਮੀ ਨੇ, ਮੱਖੀਆਂ ਤੇ ਮੱਛਰਾਂ ਨੇ। ਬੈਠਾ ਉਡਾਉਂਦਾ ਰਹਿਨਾਂ। ਕਰੋਨੇ (ਕੋਵਿਡ) ਕਰਕੇ ਬੁਰਾ ਹਾਲ ਆ ਮੇਰਾ। ਬਾਹਰ ਕਿਤੇ ਜਾ ਨੀ ਸਕਦਾ। ਕਿਸੇ ਨੂੰ ਮਿਲ ਨੀ ਸਕਦਾ। ਆਹੀ ਹੱਲ ਆ ਹੁਣ, ਕੋਈ ਜਹਾਜ਼ ਚੜ੍ਹਾਅ ਦੇਵੇ। ਅਗਾਂਹ ਆਪੇ ਜਹਾਜ਼ ਵਾਲੇ ਸੰਭਾਲ ਲੈਣਗੇ। ਸਭ ਜਾਣਦੇ ਆ ਮੈਨੂੰ। ਪਛਾਣ ਲੈਣਗੇ ਬਈ ਓਹੀ ਆ ਮੈਰਾਥਨ ਦੌੜਾਂ ਵਾਲਾ ਬਾਬਾ ਫੌਜਾ ਸਿੰਘ। ਬਾਬਾ ਦਬਾਦਬ ਬੋਲੀ ਜਾ ਰਿਹਾ ਸੀ, ਕਿਤੇ ਫੋਨ ਵਿਚਾਲਿਓਂ ਈ ਨਾ ਕੱਟਿਆ ਜਾਵੇ। ਮੈਂ ਬਾਬੇ ਨੂੰ 2000 ਤੋਂ ਜਾਣਦਾ ਸਾਂ ਜਦੋਂ ਉਸ ਨੇ ਪਹਿਲੀ ਵਾਰ ਲੰਡਨ ਦੀ ਮੈਰਾਥਨ ਦੌੜ ਲਾਈ ਸੀ। 2003 ਵਿਚ ਟੋਰਾਂਟੋ ਦੀ ਵਾਟਰਫਰੰਟ ਮੈਰਾਥਨ ਦੌੜ ਸਮੇਂ ਮੈਂ ਉਹਦੇ ਨਾਲ ਖੁੱਲ੍ਹੀਆਂ ਗੱਲਾਂ ਕੀਤੀਆਂ ਸਨ ਜੋ ਅਖ਼ਬਾਰਾਂ ਵਿਚ ਛਪੀਆਂ ਸਨ। ਉਦੋਂ ਤੋਂ ਹੀ ਮੈਂ ਬਾਬੇ ਨੂੰ ਮਿਲਦਾ ਗਿਲਦਾ ਤੇ ਉਹਦੇ ਬਾਰੇ ਲਿਖਦਾ ਆ ਰਿਹਾ ਸਾਂ। ਉਹਦਾ ਦੁਹਾਈਆਂ ਪਾਉਂਦਾ ਸੁਨੇਹਾ ਫਿਕਰਾਂ 'ਚ ਪਾਉਣ ਵਾਲਾ ਸੀ। ਲੌਕਡਾਊਨ ਕਾਰਨ ਹਵਾਈ ਜਹਾਜ਼ਾਂ ਦੀਆਂ ਉਡਾਣਾਂ ਬੰਦ ਹੋਣ ਵਰਗੀਆਂ ਸਨ ਜਿਸ ਕਰਕੇ ਪੰਜਾਬ 'ਚ ਮਿਲਣ ਆਏ ਤੇ ਮਿਲ ਕੇ ਮੁੜਨ ਵਾਲੇ ਮੁਸਾਫਿਰ ਖੱਜਲ ਖੁਆਰ ਹੋ ਰਹੇ ਸਨ। ਅੰਮ੍ਰਿਤਸਰ ਤੋਂ ਇੰਗਲੈਂਡ ਜਾਣ ਵਾਲੀਆਂ ਉਡਾਣਾਂ ਤਾਂ ਅਸਲੋਂ ਬੰਦ ਸਨ। ਬਾਬਾ ਵਲੈਤ ਜਾਂਦਾ ਤਾਂ ਕਿਧਰ ਦੀ ਜਾਂਦਾ?

ਮੈਂ ਵੀ ਬਾਬੇ ਵਾਂਗ 2019-20 ਦਾ ਸਿਆਲ ਕੱਟਣ ਕੈਨੇਡਾ ਤੋਂ ਪੰਜਾਬ ਆਇਆ ਹੋਇਆ ਸਾਂ। ਬਾਬਾ ਫੌਜਾ ਸਿੰਘ ਦਾ ਮੈਨੂੰ ਪਹਿਲਾਂ ਹੀ ਪਤਾ ਸੀ ਕਿ ਉਹ ਵੀ ਬਿਆਸ ਪਿੰਡ ਆਇਆ ਹੋਇਆ ਸੀ। ਮੇਰੇ ਮਨ ਵਿਚ ਆਪਣੇ ਪਿੰਡ ਦੀਆਂ ਖੇਡਾਂ ਦੇ ਸਮਾਗਮ 'ਤੇ ਬਾਬੇ ਨੂੰ ਦੁਬਾਰਾ ਸੱਦਣ ਦਾ ਵਿਚਾਰ ਸੀ। ਉਹ 2014 'ਚ ਸਪੋਰਟਸ ਅਕੈਡਮੀ ਚਕਰ ਦੇ ਖਿਡਾਰੀਆਂ ਨੂੰ ਹੱਲਾਸ਼ੇਰੀ ਦੇ ਗਿਆ ਸੀ ਅਤੇ ਪਿੰਡ ਦੀਆਂ ਮਾਡਰਨ ਸੱਥਾਂ 'ਚ ਬਜ਼ੁਰਗਾਂ ਨਾਲ ਬਚਨ ਬਿਲਾਸ ਕਰ ਗਿਆ ਸੀ। ਵਿਦਾ ਹੁੰਦਿਆਂ ਵਾਇਦਾ ਵੀ ਕਰ ਗਿਆ ਸੀ ਕਿ ਮੈਂ ਮੁੜ ਕੇ ਫੇਰ ਚਕਰ ਦੀ ਖੇਡ ਅਕੈਡਮੀ ਵੇਖਣ ਆਵਾਂਗਾ।

2019 ਵਿਚ 'ਹਾਕੀ ਦਾ ਗੋਲ ਕਿੰਗ' ਬਲਬੀਰ ਸਿੰਘ ਸੀਨੀਅਰ ਅਜੇ ਜਿਉਂਦਾ ਸੀ ਜਿਸ ਦੀ ਮੈਂ ਜੀਵਨੀ ਲਿਖੀ ਸੀ 'ਗੋਲਡਨ ਗੋਲ'। ਉਹ ਜੀਵਨੀ 2015 ਵਿਚ ਸ਼ਿਕਾਗੋ ਦੇ ਕਬੱਡੀ ਮੇਲੇ 'ਚ ਰਿਲੀਜ਼ ਕੀਤੀ ਗਈ ਸੀ। ਬਲਬੀਰ ਸਿੰਘ ਦੀ ਅਮਰੀਕਾ ਤੇ ਕੈਨੇਡਾ ਦੀ ਉਹ ਆਖ਼ਰੀ ਫੇਰੀ ਸੀ। ਉਦੋਂ ਮਿਲਖਾ ਸਿੰਘ ਵੀ ਜਿਉਂਦਾ ਸੀ ਜਿਸ ਬਾਰੇ ਮੈਂ 'ਫਲਾਈਂਗ ਸਿੱਖ ਮਿਲਖਾ ਸਿੰਘ' ਪੁਸਤਕ ਲਿਖ ਰਿਹਾ ਸਾਂ। ਮਿਲਖਾ ਸਿੰਘ ਉਦੋਂ 90 ਤੇ ਬਲਬੀਰ ਸਿੰਘ 95 ਸਾਲਾਂ ਤੋਂ ਟੱਪ ਚੁੱਕੇ ਸਨ। ਬਾਬਾ ਫੌਜਾ ਸਿੰਘ 110 ਸਾਲਾਂ ਦਾ ਹੋਣ ਵਾਲਾ ਸੀ। ਮੈਨੂੰ ਭਰੋਸਾ ਸੀ ਕਿ ਪੰਜਾਬ ਦਾ 'ਚਾਨਣ ਮੁਨਾਰਾ' ਕਹੇ ਜਾਂਦੇ ਖੇਡ ਪਿੰਡ ਚਕਰ ਨੂੰ ਰੰਗ ਭਾਗ ਲਾਉਣ ਲਈ ਉਨ੍ਹਾਂ 'ਚੋਂ ਇਕ ਦੋ ਮਾਣਯੋਗ ਸ਼ਖ਼ਸੀਅਤਾਂ ਜ਼ਰੂਰ ਸਮਾਂ ਕੱਢ ਲੈਣਗੀਆਂ।

ਉਦੋਂ ਸਾਡੇ ਪਿੰਡ ਦੀ ਇਕ ਲੜਕੀ ਨੇ ਟੋਕੀਓ ਦੀਆਂ ਓਲੰਪਿਕ ਖੇਡਾਂ-2020 ਵਿਚ ਭਾਗ ਲੈਣ ਜਾਣਾ ਸੀ। ਮੇਰੇ ਦੋਸਤ ਮਹਿੰਦਰ ਸਿੰਘ ਸੈਕਟਰੀ ਦੀ ਪੋਤੀ ਸਿਮਰਨਜੀਤ ਕੌਰ ਬਾਠ ਉਰਫ਼ 'ਸਿਮਰ ਚਕਰ' ਪਿੰਡ ਦੀ ਸਪੋਰਟਸ ਅਕੈਡਮੀ 'ਚੋਂ ਟ੍ਰੇਨਿੰਗ ਲੈ ਕੇ ਪੰਜਾਬ ਦੀ ਪਹਿਲੀ ਓਲੰਪੀਅਨ ਮੁੱਕੇਬਾਜ਼ ਬਣੀ ਸੀ। ਉਹ ਮੁੱਕੇਬਾਜ਼ੀ ਦੀ ਵਿਸ਼ਵ ਚੈਂਪੀਅਨਸ਼ਿਪ 'ਚੋਂ ਬ੍ਰੌਂਜ਼ ਮੈਡਲ ਜਿੱਤ ਚੁੱਕੀ ਸੀ। ਚਕਰੀਆਂ ਨੂੰ ਆਸ ਸੀ ਕਿ ਉਹ ਓਲੰਪਿਕ ਮੈਡਲ ਵੀ ਜਿੱਤ ਜਾਵੇਗੀ। ਉਪ੍ਰੋਕਤ ਬਜ਼ੁਰਗ ਖਿਡਾਰੀਆਂ ਦੇ ਅਸ਼ੀਰਵਾਦ ਨਾਲ ਸਿਮਰ ਚਕਰ ਨੂੰ ਤੇ ਹੋਰਨਾਂ ਖਿਡਾਰੀਆਂ ਨੂੰ ਹੋਰ ਉਤਸ਼ਾਹ ਮਿਲਣਾ ਸੀ। ਪਰ ਫਰਵਰੀ 2020 ਤੋਂ ਪਸਰੇ ਕਰੋਨਾ ਕਾਲ ਨੇ ਮੇਰੇ ਮਨ ਦੀ ਰੀਝ ਨੂੰ ਸਾਕਾਰ ਨਾ ਹੋਣ ਦਿੱਤਾ।

ਬਾਬਾ ਫੌਜਾ ਸਿੰਘ ਹਰੇਕ ਸਿਆਲ ਵਲਾਇਤ ਤੋਂ ਆਪਣੇ ਪਿੰਡ ਆਉਂਦਾ ਜਾਂਦਾ ਸੀ। ਮੈਂ ਵੀ ਅਮਰਦੀਪ ਕਾਲਜ ਮੁਕੰਦਪੁਰ ਤੋਂ ਰਿਟਾਇਰ ਹੋ ਕੇ ਕੈਨੇਡਾ ਜਾਣ ਪਿੱਛੋਂ 2001 ਤੋਂ ਗਰਮੀਆਂ ਕੈਨੇਡਾ ਤੇ ਸਰਦੀਆਂ ਪੰਜਾਬ ਵਿਚ ਕੱਟਦਾ ਆ ਰਿਹਾ ਸਾਂ। ਜਿਵੇਂ ਬਾਬੇ ਦਾ ਵੱਡਾ ਪੁੱਤਰ ਇੰਗਲੈਂਡ ਵਿਚ ਹੈ ਉਵੇਂ ਮੇਰਾ ਛੋਟਾ ਪੁੱਤਰ ਕੈਨੇਡਾ 'ਚ ਹੈ। ਜਿਵੇਂ ਉਹਦਾ ਛੋਟਾ ਪੁੱਤਰ ਬਿਆਸ ਪਿੰਡ 'ਚ ਖੇਤੀਬਾੜੀ ਕਰਦਾ ਹੈ ਉਵੇਂ ਮੇਰਾ ਵੱਡਾ ਪੁੱਤ ਅਮਰਦੀਪ ਕਾਲਜ ਮੁਕੰਦਪੁਰ 'ਚ ਪੜ੍ਹਾਉਂਦਾ ਹੈ। ਦੋਹਾਂ ਦਾ ਪਰਿਵਾਰ ਦੋਹੀਂ ਪਾਸੀਂ ਹੋਣ ਕਰਕੇ ਅਸੀਂ ਕੈਨੇਡਾ ਤੇ ਇੰਗਲੈਂਡ ਦੀ ਠੰਢ ਤੋਂ ਤੇ ਪੰਜਾਬ ਦੀ ਗਰਮੀ ਤੋਂ ਬਚਦੇ ਆ ਰਹੇ ਸਾਂ। ਪਰ ਕਰੋਨੇ ਕਾਰਨ 2020 ਦੀਆਂ ਗਰਮੀਆਂ ਪੰਜਾਬ 'ਚ ਹੀ ਕੱਟਣ ਲਈ ਮਜਬੂਰ ਹੋ ਗਏ ਸਾਂ।



6 ਮਾਰਚ 2025 ਨੂੰ ਬਾਬਾ ਫੌਜਾ ਸਿੰਘ ਦੇ ਘਰ ਪ੍ਰਿੰਸੀਪਲ ਸਰਵਣ ਸਿੰਘ ਆਪਣੀ ਨਵੀਂ ਪੁਸਤਕ 'ਸੰਸਾਰ ਦੇ ਪ੍ਰਸਿੱਧ ਖਿਡਾਰੀ' ਬਾਬਾ ਜੀ ਨੂੰ ਭੇਟ ਕਰਦਿਆਂ। ਉਦੋਂ ਕੀ ਪਤਾ ਸੀ ਕਿ 'ਮੈਰਾਥਨ ਦੇ ਮਹਾਂਰਥੀ' ਦਾ ਚਾਰ ਕੁ ਮਹੀਨਿਆਂ ਬਾਅਦ ਹੀ ਕਿਸੇ ਕਾਰ ਹਾਦਸੇ ਵਿਚ ਦੇਹਾਂਤ ਹੋ ਜਾਣਾ ਹੈ!

ਅਜੀਬ ਚੱਕਰ ਸੀ। ਆਉਣ ਵੇਲੇ ਸਭ ਕੁਝ ਚੰਗਾ ਭਲਾ ਸੀ ਪਰ ਜਾਣ ਵੇਲੇ ਲੌਕਡਾਊਨ ਦੀ ਸਜ਼ਾ ਮਿਲ ਗਈ ਸੀ। ਸਾਡੇ ਵਰਗੇ ਜਿੰਨੇ ਵੀ ਮੁਸਾਫ਼ਿਰ ਵਿਦੇਸ਼ੋਂ ਦੇਸ਼ ਆਏ ਸਨ ਅਚਾਨਕ ਕਰੋਨੇ ਦੀਆਂ ਬੰਧਸ਼ਾਂ ਵਿਚ ਫਸ ਗਏ ਸਾਂ। ਇਹ ਸਮਝ ਲਓ ਕਿ ਇਕ ਤਰ੍ਹਾਂ ਕੈਦੀ ਹੀ ਹੋ ਗਏ ਸਾਂ। ਇਕੋ ਆਸ ਸੀ ਕਿ ਪਰਵਾਸੀ ਆਪਣੇ ਦੂਤ ਘਰਾਂ ਰਾਹੀਂ ਵਾਪਸੀ ਦਾ ਉਪਾਅ ਕਰ ਸਕਦੇ ਸਨ। ਰਿਟਰਨ ਟਿਕਟਾਂ ਵਾਲਿਆਂ ਦੀਆਂ ਤਰੀਕਾਂ ਪਿੱਛੇ ਪਾਈਆਂ ਜਾ ਰਹੀਆਂ ਸਨ। ਬਾਬਾ ਫੌਜਾ ਸਿੰਘ ਤੇ ਮੇਰੇ ਵਰਗਿਆਂ ਨੂੰ ਮੁੜਨ ਦੀ ਬਹੁਤੀ ਕਾਹਲ ਵੀ ਨਹੀਂ ਸੀ ਕਿ ਤੁਰਤ ਨਵੀਂਆਂ ਟਿਕਟਾਂ ਖਰੀਦ ਕੇ ਵਾਪਸੀ ਕਰੀਏ। ਏਸੇ ਕਰਕੇ ਨਾ ਬਾਬੇ ਨੇ ਨਵੀਂ ਟਿਕਟ ਲਈ ਸੀ ਤੇ ਨਾ ਮੈਂ।

ਪਰ ਬਾਬਾ ਤਾਂ ਸਾਉਣ ਭਾਦੋਂ ਦੇ ਹੁੰਮਸ ਦਾ ਸਤਾਇਆ ਮੀਡੀਏ 'ਚ ਦੁਹਾਈਆਂ ਪਾਉਣ ਲੱਗ ਪਿਆ ਸੀ ਕਿ ਕੋਈ ਮੈਨੂੰ ਹੁਣੇ ਜਹਾਜ਼ ਚੜ੍ਹਾਅ ਦੇਵੇ। ਕਹਿ ਰਿਹਾ ਸੀ ਕਿ ਜਹਾਜ਼ ਵਾਲੇ ਮੈਨੂੰ ਆਪੇ ਸੰਭਾਲ ਲੈਣਗੇ। ਸਭ ਜਾਣਦੇ ਆ ਮੈਨੂੰ। ਨਹੀਂ ਤਾਂ ਅਖ਼ਬਾਰਾਂ 'ਚ ਛਪੀਆਂ ਫੋਟੂਆਂ ਦਿਖਾ-ਦੂੰ। ਜੇ ਏਥੇ ਈ ਬੱਧਾ ਰਿਹਾ ਤਾਂ ਅਗਲੇ ਜਹਾਨ ਪਹੁੰਚਿਆ ਈ ਸਮਝੋ। ਉਹਦੇ ਪੁੱਤਰ ਹਰਵਿੰਦਰ ਸਿੰਘ ਦੀ ਦਲੀਲ ਸੀ ਕਿ ਬਾਪੂ ਐਵੇਂ ਕਾਹਲੀ ਕਰੀ ਜਾਂਦਾ। ਰਹਿਣਾ ਇਹਨੇ ਵਲੈਤ 'ਚ ਵੀ ਨਹੀਂ ਕਿਉਂਕਿ ਓਥੇ ਕੋਵਿਡ ਦੀਆਂ ਬੰਧਸ਼ਾਂ ਏਥੇ ਨਾਲੋਂ ਵੀ ਵੱਧ ਹਨ। ਪਰ ਬਾਬਾ ਇਹੋ ਕਹੀ ਜਾਂਦਾ ਸੀ ਕਿ ਮੇਰੀ ਸੇਵਾ ਤਾਂ ਏਥੇ ਵੀ ਬਹੁਤ ਹੁੰਦੀ ਐ ਪਰ ਏਥੇ ਮੈਂ ਬਚਣਾ ਨੀ। ਜਿੰਨੀ ਛੇਤੀ ਕਿਸੇ ਜਹਾਜ਼ 'ਚ ਸੀਟ ਮਿਲਦੀ ਆ ਮੈਨੂੰ ਚੜ੍ਹਾਉਣ ਦੀ ਕਰੋ। ਬਾਬੇ ਨੇ ਮੈਨੂੰ ਮਦਦ ਕਰਨ ਲਈ ਕਿਹਾ। ਅਖੇ ਖੱਟ ਲਓ ਪੁੰਨ, ਨਹੀਂ ਤਾਂ ਚੱਲਿਆ ਮੈਂ।


ਮੈਂ ਆਪਣੇ ਮੁਕੰਦਪੁਰੀਏ ਗੁਆਂਢੀ 'ਫਲਾਈਂਗ ਵਿੰਗਜ਼' ਵਾਲੇ ਅਜੀਤ ਅਬਰੋਲ ਨੂੰ ਫੋਨ ਕੀਤਾ। ਉਸ ਨੂੰ ਬਾਬੇ ਦੀ ਬਿਪਤਾ ਦੱਸੀ ਤੇ ਕਿਹਾ ਕਿ ਤੁਰਤ ਇੰਗਲੈਂਡ ਦੀ ਸੀਟ ਲੱਭੇ। ਉਸ ਨੇ ਦਿੱਲੀ ਤੋਂ ਲੰਡਨ ਦੀ ਸੀਟ ਲੱਭ ਕੇ ਅਗਲੇ ਦਿਨ ਹੀ ਫੋਨ ਕੀਤਾ ਕਿ ਸੀਟ ਮਿਲ ਗਈ। ਬਾਬਾ ਜੀ ਦਿੱਲੀਓਂ ਲੰਡਨ ਜਾਣ ਦੀ ਤਿਆਰੀ ਕਰ ਲੈਣ। ਮੈਂ ਬਾਬੇ ਨੂੰ ਉਹਦੇ ਪੁੱਤਰ ਰਾਹੀਂ ਫੋਨ ਕੀਤਾ ਤਾਂ ਜਵਾਬ ਮਿਲਿਆ ਕਿ ਅੰਬਰਸਰੋਂ ਲੰਡਨ ਦੀ ਸੀਟ ਮਿਲ ਜਾਂਦੀ ਤਾਂ ਠੀਕ ਸੀ ਕਿਉਂਕਿ ਬਾਬੇ ਦੀ ਰਿਟਰਨ ਟਿਕਟ ਅੰਮ੍ਰਿਤਸਰ ਤੋਂ ਲੰਡਨ ਦੀ ਸੀ। ਨਾਲ ਦੀ ਨਾਲ ਬਾਬਾ ਦਲੀਲ ਦੇਈ ਜਾਵੇ ਅਖੇ ਦਿੱਲੀ ਤਾਂ 'ਕਰੋਨੇ' ਦਾ ਜ਼ੋਰ ਈ ਬਹੁਤਾ। ਕਿਤੇ ਮੈਂ ਓਥੇ ਈ ਨਾ ਰਹਿਜਾਂ? ਫੇਰ ਜੇਹੇ ਜਹਾਜ਼ ਚੜ੍ਹੇ ਜੇਹੇ ਨਾ ਚੜ੍ਹੇ!

ਮੈਂ ਅਜੀਤ ਨੂੰ ਫਿਰ ਫੋਨ ਕੀਤਾ, "ਕਰ ਬਈ ਪਤਾ, ਕਦੋਂ ਚੱਲੂ ਅੰਬਰਸਰੋਂ ਲੰਡਨ ਦੀ ਉਡਾਣ? ਜਾਂ ਕੋਈ ਹੋਰ ਸੌਖਾ ਰਾਹ। ਬਾਬੇ ਨੂੰ ਆਪਾਂ ਵਲਾਇਤ ਜ਼ਰੂਰ ਪੁਚਾਉਣਾ। ਓਧਰ ਉਹਦਾ ਪੁੱਤਰ ਹਰਵਿੰਦਰ ਸਿੰਘ ਆਖੀ ਜਾਵੇ, ਰਹਿਣਾ ਬਾਪੂ ਨੇ ਓਥੇ ਵੀ ਨਹੀਂ। ਬੱਸ ਜਾਣ ਸਾਰ ਈ ਮੁੜਿਆ ਲਿਓ। ਮੇਰੀ ਦਲੀਲ ਸੀ ਜੇ ਦਿੱਲੀ ਵੱਲ ਦੀ ਜਾਵੇ ਤਾਂ ਉਥੇ ਕਿਸਾਨ ਮੋਰਚੇ ਵਿਚ ਵੀ ਹਾਜ਼ਰੀ ਲੱਗ ਸਕਦੀ ਹੈ। ਹਰਵਿੰਦਰ ਸਿੰਘ ਨੇ ਆਪਣੀ ਟਰਾਲੀ ਸਾਲ ਭਰ ਤੋਂ ਮੋਰਚੇ 'ਚ ਭੇਜੀ ਹੋਈ ਸੀ ਤੇ ਬਾਬਾ ਫੌਜਾ ਸਿੰਘ ਨੇ ਵੀ ਆਪਣੀ ਬੁਢਾਪਾ ਪੈਨਸ਼ਨ 'ਚੋਂ 50 ਹਜ਼ਾਰ ਰੁਪਏ ਮੋਰਚੇ ਦੇ ਫੰਡ 'ਚ ਪਾਏ ਸਨ। ਪਰ ਬਾਬਾ ਦਿੱਲੀ ਦੇ ਲੰਮੇ ਸਫ਼ਰ ਤੇ ਦਿੱਲੀ ਦੀ ਗਰਮੀ ਤੋਂ ਤਹਿਕਦਾ ਅੰਬਰਸਰੋਂ ਜਹਾਜ਼ ਚੜ੍ਹਨ ਨੂੰ ਹੀ ਪਹਿਲ ਦੇ ਰਿਹਾ ਸੀ। ਕਹਿ ਰਿਹਾ ਸੀ, "ਨਾਲੇ ਦਰਬਾਰ ਸਾਹਿਬ ਮੱਥਾ ਟੇਕਿਆ ਜਾਊ। ਫੇਰ ਕੀ ਪਤਾ ਦਰਬਾਰ ਸਾਹਿਬ ਦੇ ਦਰਸ਼ਨ ਹੋਣ ਜਾਂ ਨਾ ਹੋਣ"?

ਬਾਬੇ ਦੇ ਚੰਗੇ ਕਰਮਾਂ ਨੂੰ ਅਗਲੇ ਦਿਨ ਹੀ ਅਜੀਤ ਦਾ ਫੋਨ ਆ ਗਿਆ ਕਿ ਅੰਬਰਸਰੋਂ ਫਲਾਈਟਾਂ ਸ਼ੁਰੂ ਹੋ ਰਹੀਆਂ। ਉਸ ਨੇ ਬਾਬੇ ਲਈ ਪਹਿਲੀ ਫਲਾਈਟ ਵਿਚ ਸੀਟ ਰਿਜ਼ਰਵ ਕਰਵਾ ਲਈ। ਬਾਬਾ ਸੁੱਖੀ ਸਾਂਦੀ ਵਲੈਤ ਪਹੁੰਚ ਗਿਆ ਪਰ ਉਥੇ ਕਰੋਨੇ ਦਾ ਪੰਜਾਬ ਨਾਲੋਂ ਵੀ ਸਖ਼ਤ ਕਰਫਿਊ ਲੱਗਾ ਹੋਇਆ ਸੀ। ਉਹ ਨਾ ਇਲਫੋਰਡ ਟਿਕਿਆ ਤੇ ਨਾ ਨੌਟਿੰਘਮ। ਪਾਰਕਾਂ 'ਚ ਉਹ ਤੁਰ ਫਿਰ ਨਹੀਂ ਸੀ ਸਕਦਾ। 'ਕਰੋਨੇ' ਦੀਆਂ ਪਾਬੰਦੀਆਂ ਨਾ ਸਹਾਰਦਾ ਡੇਢ ਕੁ ਮਹੀਨਾ ਪਿਛੋਂ ਫਿਰ ਬਿਆਸ ਪਿੰਡ ਆ ਬੈਠਾ। ਉਥੇ ਫਿਰ ਵੀ ਗੱਲਾਂ ਬਾਤਾਂ ਕਰਨ ਵਾਲੇ ਸਨ ਜੋ ਵਲਾਇਤ ਵਿਚ ਨਹੀਂ ਸਨ ਮਿਲਦੇ। ਜੀਵਨ ਦੇ ਆਖ਼ਰੀ ਸਾਲ ਉਸ ਨੇ ਬਿਆਸ ਪਿੰਡ ਵਿਚ ਹੀ ਬਿਤਾਏ। ਵਿਚੋਂ ਇਕ ਗੇੜਾ ਕੈਨੇਡਾ ਵਾਲੀ ਧੀ ਵੱਲ ਮਾਰਿਆ। ਬਿਮਾਰ ਹੋਇਆ ਤਾਂ ਭੈਰਵੀ ਪੱਟੀ ਕਿ ਛੇਤੀ ਪਿੰਡ ਪੁਚਾਓ, ਨਹੀਂ ਤਾਂ ਡੱਬੇ 'ਚ ਪਾ ਕੇ ਭੇਜਣਾ ਪਊ। ਬਿਆਸ ਪਿੰਡ ਪਹੁੰਚਾ ਤਾਂ ਸਾਲ ਕੁ ਬਾਅਦ ਤੋਰਾ ਫੇਰਾ ਕਰਦਾ ਘਰ ਕੋਲ ਦੀ ਲੰਘਦੇ ਹਾਈਵੇ ਨੂੰ ਪਾਰ ਕਰਦਾ ਤੇਜ਼ ਆਉਂਦੀ ਕਾਰ ਦੀ ਫੇਟ ਖਾ ਬੈਠਾ ਤੇ 115ਵੇਂ ਸਾਲ ਦੀ ਉਮਰੇ 14 ਜੁਲਾਈ 2025 ਨੂੰ ਜਾਂਦੀ ਵਾਰ ਦੀ ਫਤਿਹ ਬੁਲਾ ਗਿਆ। (ਛਪ ਰਹੀ ਪੁਸਤਕ 'ਮੈਰਾਥਨ ਦਾ ਮਹਾਂਰਥੀ ਬਾਬਾ ਫੌਜਾ ਸਿੰਘ' ਵਿਚੋਂ।

principalsarwansingh@gmail.com

# ਅੰਦਰਲਾ ਦੀਵਾ



ਰਣਵੀਰ ਸਿੰਘ ਰਾਣਾ



ਮੇਰੀ ਤੇ ਘੋਲੀ ਦੀ ਗੂੜ੍ਹੀ ਦੋਸਤੀ ਸੀ। ਦਿਨ ਵਿਹਾਰ ਜਾਂ ਹੋਰ ਕਿਤੇ ਜਾਣਾ ਹੋਵੇ, ਇਕੱਠੇ ਜਾਂਦੇ। ਪੰਜਾਬ ਵਿੱਚ ਭਾਵੇਂ ਹੋਰ ਵੀ ਬਹੁਤ ਤਿਉਹਾਰ ਹਨ। ਪਰ ਬੱਚਿਆਂ ਲਈ ਦੀਵਾਲੀ ਤੇ ਲੋਹੜੀ ਖਾਸ ਤਿਉਹਾਰ ਹੁੰਦੇ ਹਨ। ਖਾਸ ਕਰਕੇ ਦੀਵਾਲੀ ਦਾ ਵੱਖਰਾ ਚਾਅ ਹੁੰਦਾ। ਮਹੀਨਾ ਪਹਿਲਾਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ। ਘਰਾਂ ਦੀ ਸਫਾਈ ਕਰਨੀ, ਭਾਂਡੇ ਟੀਂਡਾ ਝਾੜ ਪੂੰਝ ਕੇ ਪਰਛੱਤੀ 'ਤੇ ਟਿਕਾਉਣਾ, ਖੂਹ 'ਤੇ ਸਫਾਈ ਕਰਨੀ, ਭਾਵੇਂ ਇਹਦੇ ਪਿੱਛੇ ਇਹੋ ਧਾਰਨਾ ਬਣੀ ਹੋਈ ਆ, "ਲੱਛਮੀ ਘਰ ਦੀ ਸਫ਼ਾਈ ਵੇਖ ਕੇ ਘਰ ਪੈਰ ਪਾਵੇਗੀ?" ਮੈਂ 'ਤੇ ਘੋਲੀ ਨੇ ਵੀ ਪੰਦਰਾਂ ਦਿਨ ਪਹਿਲਾਂ ਗੋਹੇ ਦੀਆਂ ਮਿਸਾਲਾਂ ਬਣਾ ਕੇ ਕੋਠੇ 'ਤੇ ਸੁੱਕਣੀਆਂ ਪਾ ਦਿੱਤੀਆਂ। ਦੀਵਾਲੀ ਵਾਲੇ ਦਿਨ ਸਾਜਰੇ ਉੱਠ ਕੇ ਪਸ਼ੂਆਂ ਲਈ ਦੋਵਾਂ ਵੇਲਿਆਂ ਦੇ ਪੱਠੇ ਵੱਢ ਕੇ, ਕੁਤਰ ਕੇ, ਪਸ਼ੂਆਂ ਨੂੰ ਪਾਣੀ ਪਿਲਾ, ਉਹਨਾਂ ਦੇ ਸਿੰਗਾਂ ਨੂੰ ਤੇਲ 'ਤੇ ਗੈਰੂ ਲਾ, ਆਪਣੇ ਸਾਈਕਲਾਂ ਨੂੰ ਚੰਗੀ ਤਰਾਂ ਧੋ ਕੇ ਤੇਲ ਲਗਾ ਕੇ ਦਿਨ ਚੜ੍ਹਦੇ ਤੱਕ ਸਾਰੇ ਕੰਮ ਨਿਬੇੜ ਲਏ। ਅਸੀਂ ਹੁਣ ਆਪਣੀ ਚੰਗੀ ਤਰ੍ਹਾਂ ਸਫਾਈ ਕਰਕੇ ਇਸ਼ਨਾਨ ਕਰਕੇ ਨਵੇਂ ਕੱਪੜੇ ਪਾ ਸਾਈਕਲ ਆਪਣੇ ਸ਼ਹਿਰ ਵੱਲ ਨੂੰ ਪਟਾਕੇ ਲਿਆਉਣ ਲਈ ਸਿੱਧੇ ਕਰ ਲਏ। ਉਦੋਂ ਸਾਡੀ ਉਮਰ ਕੋਈ ਤੇਰਾ ਚੌਦਾਂ ਸਾਲ ਦੀ ਸੀ। ਸਾਡੀ ਸਵੇਰ ਦੀ ਮਿਹਨਤ ਵੇਖ ਕੇ ਜਿੱਥੇ ਸਾਨੂੰ ਘਰਦਿਆ ਜਿੰਨੇ ਪੈਸੇ ਦੇਣੇ ਸੀ ਪਟਾਕੇ ਲਿਆਉਣ ਲਈ, ਇੱਕ ਇੱਕ ਰੁਪਈਆ ਵੱਧ ਮਿਲਿਆ। ਜਦੋਂ ਅਸੀਂ ਪਿੰਡਾਂ ਵਿੱਚੋਂ ਲੰਘਦੇ ਤਾਂ ਗੁਰੂ ਘਰ ਵਿੱਚੋਂ ਇਹ ਸ਼ਬਦ ਸਾਡੇ ਕੰਨੀ ਪੈਂਦਾ।

"ਦੀਵਾਲੀ ਦੀ ਰਾਤ.....।"

ਉਧਰ ਮੰਦਰ ਵਿੱਚੋਂ ਵੀ ਇਹ ਆਵਾਜ਼ ਸੁਣਾਈ ਦਿੰਦੀ।

"ਰਾਮ ਜੀ ਆਏ ਨੇ,
ਰਾਮ ਜੀ ਆਏ ਨੇ?"


ਹਾਲੇ ਅਸੀਂ ਦੋ ਪਿੰਡ ਲੰਘੇ ਸੀ। ਘੋਲੀ ਆਖਣ ਲੱਗਾ, 'ਮੈਨੂੰ ਦੋ ਨੰਬਰ ਬਹੁਤ ਜ਼ੋਰ ਦੀ ਆਇਆ ਹੋਇਆ, ਮੈਂ ਕੰਮ ਦੋ ਮਿੰਟਾਂ ਵਿੱਚ ਨਿਬੇੜ ਕੇ ਆਇਆ?' ਲਾਗੇ ਇੱਕ ਜ਼ਿਮੀਂਦਾਰ ਕਣਕ ਬੀਜਣ ਲਈ ਤਿਆਰੀ ਰੌਣੀ ਕਰ ਰਿਹਾ ਸੀ। ਜਦੋਂ ਘੋਲੀ ਆੜ ਵਿੱਚ ਹੱਥ ਧੋ ਕੇ ਸਾਈਕਲ ਵੱਲ ਹੋ ਕੇ ਅਸੀਂ ਤੁਰਨ ਲੱਗੇ, ਦੂਰੋਂ ਇੱਕ ਬੀਬੀ ਦੇ ਉੱਚੀ ਉੱਚੀ ਰੋਣ ਦੀ ਆਵਾਜ਼ ਸੁਣਾਈ ਦਿੱਤੀ। ਆਵਾਜ਼ ਸੁਣ ਕੇ ਅਸੀਂ ਵੀ ਉਸ ਜ਼ਿਮੀਂਦਾਰ ਕੋਲ ਖੜ੍ਹੇ ਹੋ ਗਏ। ਜਿਦਾਂ ਜਿਦਾਂ ਇਹ ਔਰਤ ਸਾਡੇ ਨੇੜੇ ਆ ਰਹੀ ਸੀ। ਇਹਦੇ ਹੌਕੇ ਹੋਰ ਉੱਚੇ ਹੋ ਰਹੇ ਸੀ। ਜਦੋਂ ਇਹ ਸਾਡੇ ਕੋਲ ਲਾਗੇ ਆਏ। ਔਰਤ 'ਤੇ ਉਸਦਾ ਪਤੀ ਜਿਹਦੇ ਗੋਦੀ ਵਿੱਚ ਇੱਕ ਡੇਢ ਕੁ ਸਾਲ ਦਾ ਬੱਚਾ ਜਿਹਦੀ ਮੌਤ ਹੋ ਚੁੱਕੀ ਸੀ। ਉਹਦੇ ਵੱਲ ਵੇਖ ਕੇ ਔਰਤ ਦੀਆਂ ਚੀਕਾਂ ਅਸਮਾਨ ਪਾੜ ਰਹੀਆਂ ਸੀ। "ਹੇ ਡਾਢਿਆ ਰੱਬਾ! ਜੇ ਤੈ ਇੰਨੀ ਛੇਤੀ ਲਿਜਾਣਾ ਸੀ, ਤੈ ਸਾਨੂੰ ਦਿੱਤਾ ਕਿਉਂ, ਇਹਦੇ ਨਾਲੋਂ ਤੂੰ ਦਿੰਦਾ ਨਾ, ਅਸੀਂ ਤੇਰਾ ਕੀ ਵਿਗਾੜਿਆ ਸੀ, ਅਸੀਂ ਕਿੱਦਾਂ ਜੀਵਾਂਗੇ, ਲੋਕਾਂ ਦੇ ਘਰ ਅੱਜ ਖੁਸ਼ੀ ਦੇ ਦੀਵੇ ਜਗਣਗੇ, ਸਾਡਾ ਚਿਰਾਗ਼ ਅੱਜ ਤੈ ਸਦਾ ਲਈ ਬੁਝਾ ਦਿੱਤਾ?" ਰੱਬ ਨੂੰ ਪਤਾ ਨੀ ਕਿੰਨੇ ਉਲਾਂਭੇ ਦਿੱਤੇ, ਰੋਂਦੀ ਰੋਂਦੀ ਇਹ ਔਰਤ ਇਹ ਬਹੋਸ਼ ਹੋਣ ਲੱਗੀ, ਜਿਮੀਦਾਰ ਨੇ ਆੜ ਵਿੱਚੋਂ ਬੁੱਕ ਭਰ ਕੇ ਔਰਤ ਦੇ ਮੂੰਹ ਨੂੰ ਲਾਇਆ, ਕੁਝ ਪਾਣੀ ਉਸਦੇ ਮੂੰਹ 'ਤੇ ਮਾਰਿਆ, ਕੁਝ ਉਹਦੇ ਸਿਰ ਵਿੱਚ ਪਾਇਆ, ਔਰਤ ਨੇ ਥੋੜ੍ਹੀ ਜਿਹੀ ਹੋਸ਼ ਫੜੀ। ਉਦੋਂ ਉਹਦਾ ਪਤੀ ਰੋਣ ਲੱਗ ਪਿਆ। ਆਖਣ ਲੱਗਾ, "ਸਰਦਾਰ ਜੀ ! ਮੇਰੇ ਕਾਲਜੇ ਦਾ ਟੁਕੜਾ ਸਵੇਰੇ ਰੱਬ ਕੋਲ ਪੈਸਿਆਂ ਦੁੱਖੋ ਪਹੁੰਚ ਗਿਆ। ਮੈਂ ਪੈਸਿਆਂ ਦੁੱਖੋ ਇਹਦਾ ਇਲਾਜ ਨਹੀਂ ਕਰਾ ਸਕਿਆ?" ਰੱਬ ਨੇ ਸਾਡੇ ਨਾਲ ਇੱਦਾਂ ਕਿਉਂ ਕੀਤਾ? ਜਿੱਥੇ ਸਾਡੀਆਂ ਅੱਖਾਂ ਵਿੱਚ ਅੱਥਰੂ ਸੀ, ਉਧਰ ਜਿਮੀਦਾਰ ਦੀਆਂ ਅੱਖਾਂ ਵੀ ਹੰਝੂਆਂ ਨਾਲ ਭੁਸਕਣ ਲੱਗ ਪਈਆਂ। ਜਿਮੀਦਾਰ ਨੇ ਆਪਣੇ ਦੋਵੇਂ ਹੱਥ ਬੱਚੇ ਦੇ ਸਿਰ 'ਤੇ ਰੱਖ ਦਿੱਤੇ। ਆਖਣ ਲੱਗਾ, ਭੋਲੇ ਨਾਥ ! ਆਪਣੇ ਇਸ ਬੱਚੇ ਨਾਲ ਇਨ੍ਹਾਂ ਕੁ ਸਬੰਧ ਸੀ? ਨਾਲੇ ਡਾਢਦੇ ਦੀਆਂ ਲਿਖਤਾਂ ਨੂੰ ਕੌਣ ਮੋੜ ਸਕਦਾ? ਇਹ ਉਹਦਾ ਭਾਣਾ ਸੀ, ਡਾਢਦੇ ਅੱਗੇ ਕੀਹਦਾ ਜ਼ੋਰ ਚਲਦਾ? ਜਿਮੀਦਾਰ ਆਖਣ ਲੱਗਾ, "ਸਰਦਾਰਨੀ ਤੋਂ ਜਿਹੜੀ ਚੀਜ਼ ਦੀ ਲੋੜ ਹੋਵੇ, ਲੈ ਜਾਇਓ, ਮੇਰਾ ਇਹ ਆਖਰੀ ਕਿਆਰਾ ਆ, ਮੈਂ ਆਇਆ ਸਮਝੋ, ਫੇਰ ਆਪਾਂ ਇਹਦੇ ਦਾਗ਼ਾਂ ਦਾ ਪ੍ਰਬੰਧ ਕਰਦੇ ਹਾਂ?" ਜਿਮੀਦਾਰ ਨੇ ਫੇਰ ਆਪਣੇ ਦੋਵੇਂ ਹੱਥ ਫੇਰ ਬੱਚੇ ਦੇ ਮੂੰਹ 'ਤੇ ਫੇਰੇ। ਇਸ ਛੋਟੇ ਬੱਚੇ ਦੀ ਮੌਤ ਵੇਖ ਕੇ ਮੈਂ 'ਤੇ ਘੋਲੀ ਠਠੰਬਰ ਗਏ। ਘੋਲੀ ਮੈਨੂੰ ਆਖਣ ਲੱਗਾ, ਕੱਢ ਆਪਣੇ ਪੈਸੇ? ਮੈਂ ਜਿਹੜੇ ਪੈਸੇ ਪਟਾਕਿਆਂ ਲਈ ਸੀ, ਸਭ ਘੋਲੀ ਦੀ ਤਲੀ 'ਤੇ ਰੱਖ ਦਿੱਤੇ। ਘੋਲੀ ਨੇ ਮੇਰੇ 'ਤੇ ਆਪਣੇ ਪੈਸੇ ਮਰੇ ਹੋਏ ਬੱਚੇ ਦੇ ਉਪਰ ਰੱਖ ਦਿੱਤੇ। ਕੋਈ ਨੀ ਜੇ ਐਤਕੀਂ ਅਸੀਂ ਦੀਵਾਲੀ ਨਹੀਂ ਮਨਾਈ? ਆਹ ਸਾਡੇ ਵੱਲੋਂ ਤਿੱਲ ਫੁੱਲ ਆ? ਉਸ ਬੰਦੇ ਨੇ ਵਥੇਰੀ ਨਾ ਨੁੱਕਰ ਕੀਤੀ, ਆਖਿਆ ਮੈਂ ਤਾਂ ਤਹਾਨੂੰ ਜਾਣ ਦਾ ਨਹੀਂ? ਘੋਲੀ ਫੇਰ ਆਖਣ ਲੱਗਾ, "ਇਨਸਾਨ ਹੀ ਇਨਸਾਨ ਦੇ ਕੰਮ ਆਉਂਦਾ" ਜੋ ਮਰਜ਼ੀ ਕਹਿ ਅਸੀਂ ਇਹ ਪੈਸੇ ਵਾਪਸ ਨਹੀਂ ਲੈਣੇ? "ਅਸੀਂ ਉੱਥੇ ਦੋਵੇਂ ਨੇ ਸਾਈਕਲ ਘਰ ਵੱਲ ਨੂੰ ਮੋੜ ਲਏ। ਘੋਲੀ ਆਖਣ ਲੱਗਾ, 'ਅੱਜ ਵੇਖ ਇਸ ਬੱਚਾ ਦਾ ਸਿਵਾ ਬਲੇਗਾ, 'ਤੇ ਲੋਕਾਂ ਦੇ ਘਰ ਦੀਵੇ ਬਲਣਗੇ, ਵੇਖ ਲੈ ਅੱਗ ਅੱਗ ਵਿੱਚ ਕਿੰਨਾ ਫ਼ਰਕ ਆ, ਇੱਕ ਅੱਗ ਨਾਲ ਲੋਕਾਂ ਦੇ ਘਰ ਸੋਗ ਹੋਵੇਗਾ, ਇੱਕ ਅੱਗ ਨਾਲ਼ ਲੋਕਾਂ ਦੇ ਘਰ ਖੁਸ਼ੀ ਹੋਵੇਗੀ।' ਇਹ ਘੋਲੀ ਦੀ ਗੱਲ ਸੁਣਕੇ ਮੈਨੂੰ ਘੋਲੀ ਕਈ ਗੁਣਾ ਆਪਣੀ ਉਮਰ ਤੋਂ ਸਿਆਣਾ ਲੱਗਾ। ਅਗਲੇ ਸਾਲ ਜਦੋਂ ਦੀਵਾਲੀ ਆਈ, ਘੋਲੀ ਆਖਣ ਲੱਗਾ, 'ਯਾਰ ਪਿਛਲੇ ਸਾਲ ਵਾਲੀ ਗੱਲ ਮੇਰੇ ਦਿਲ ਵਿੱਚੋਂ ਹਾਲੇ ਨਿਕਲੀ ਨਹੀਂ, ਮੈਂ ਸੋਚਿਆ ਕਿਉਂ ਨਾ ਆਪਾਂ ਐਤਕੀਂ ਪਟਾਕਿਆਂ ਦੀ ਥਾਂ ਕੋਈ ਫਲ਼ ਦਾ ਬੂਟਾ ਪਿੰਡ ਲਾਈਏ?'

ਜਿਨ੍ਹਾਂ ਚਿਰ ਮੈਂ ਪ੍ਰਦੇਸ ਨਹੀ ਗਿਆ, ਮੈਂ ਤਾਂ ਘੋਲੀ ਇੱਦਾਂ ਕਰਦਾ ਰਹੇ। ਅੱਜ ਵਰਿਆ ਬਾਆਦ ਮੈਂ ਪ੍ਰਦੇਸ਼ ਤੋਂ ਪਿੰਡ ਦੀਵਾਲੀ ਮਨਾਉਣ ਗਿਆ। ਦੀਵਾਲੀ ਵਾਲੇ ਦਿਨ ਮੈਂ ਘੋਲੀ ਕੋਲ ਘੋਲੀ ਦੇ ਘਰ ਜਾ ਬੈਠਾ। ਦੁੱਧ 'ਤੇ ਮਠਿਆਈ ਖਾਂਦੇ ਟੈਲੀ 'ਤੇ ਦੀਵਾਲੀ ਦਾ ਪ੍ਰੋਗਰਾਮ ਵੇਖਣ ਲੱਗ ਪਏ, ਹਾਲੇ ਸ਼ਾਮ ਢਲੀ ਨਹੀਂ ਸੀ, ਨਾ ਹਾਲੇ ਪਟਾਕਿਆਂ ਦਾ ਸ਼ੋਰ ਸਰਾਬਾ ਸੁਰੂ ਹੋਇਆ ਸੀ। ਜਦੋਂ ਨੂੰ ਇਕ ਕਥਾ-ਵਾਚਕ ਨੇ ਦੀਵਾਲੀ ਦੀ ਕਥਾ ਇੰਝ ਸੁਨਾਉਣ ਲੱਗਾ। ਅਸੀਂ ਕਿੰਨੇ ਸਾਲਾਂ ਤੋਂ ਪਟਾਕੇ ਚਲਾ ਕੇ ਦੀਵਾਲੀ ਮਨਾ ਰਹੇ ਹਾਂ, ਕਿਉਂ ਨਾ ਇਸ ਸਾਲ ਤੋਂ ਆਪਾਂ ਛੇਵੇਂ ਪਾਤਸ਼ਾਹ ਵਾਲੀ ਐਤਕੀਂ ਦੀਵਾਲੀ ਮਨਾਉਣੀ ਸ਼ੁਰੂ ਕਰੀਏ, ਬਦੀ 'ਤੇ ਨੇਕੀ ਦੀ ਜਿੱਤ ਕਰੀਏ, ਪਹਿਲਾ ਆਪਾਂ ਆਪਣੇ ਦਿਲਾਂ ਚੋਂ, ਘਰਾਂ ਚੋਂ, ਪਿੰਡਾਂ ਚੋ, ਦੇਸ਼ ਚੋ, ਬਦੀ ਬਾਹਰ ਕਰੀਏ? ਜਿੱਥੇ ਆਪਾਂ ਹਜ਼ਾਰਾਂ ਸਾਲਾਂ ਤੋਂ ਬਾਹਰ ਦੀਵੇ ਜਗਾਉਂਦੇ ਹਾਂ, ਕਿਉ ਆਪਾਂ ਐਤਕੀਂ ਆਪਣੇ ਸਰੀਰ ਰੂਪੀ ਘਰ ਅੰਦਰ ਵੀ ਨੇਕੀ ਦਾ ਦੀਵਾ ਜਗਾਈਏ? ਫੇਰ ਹੀ ਸਾਡੀ ਅਸਲ ਦੀਵਾਲੀ ਹੋਵੇਗੀ। ਇਸ ਕਥਾਵਾਚਕ ਨੇ ਆਪਣੀ ਹਾਲੇ ਕਥਾ ਸਮਾਪਤ ਕੀਤੀ ਸੀ। ਮਗਰੇ ਪੰਡਿਤ ਨੇ ਕਥਾ ਸ਼ੁਰੂ ਕਰ ਦਿੱਤੀ, ਪੰਡਿਤ ਨੇ ਬੜੇ ਸੋਗ ਮਈ ਢੰਗ ਨਾਲ ਕਥਾ ਸ਼ੁਰੂ ਕੀਤੀ। "ਐ ਮੇਰੇ ਦੇਸ਼ ਵਾਸੀਓ, ਕਿਉ ਨਾ ਆਪਾਂ ਐਤਕੀਂ ਰਾਮ ਚੰਦਰ ਵਾਲੀ ਦੀਵਾਲੀ ਮਨਾਉਣੀ ਸ਼ੁਰੂ ਕਰੀਏ? ਵਥੇਰੀਆ ਆਪਾਂ ਹੋਰ ਦੀਵਾਲੀਆਂ ਮਨਾ ਲਈਆਂ।"

ਜਦੋਂ ਦਸ਼ਰਥ ਨੇ ਰਾਮ ਚੰਦਰ ਜੀ ਨੂੰ ਆਖਿਆ, ਪੁੱਤਰ ਜੀ ਮੇਰਾ ਹੁਕਮ ਆ, ਤੁਸਾਂ ਨੂੰ ਚੌਦਾਂ ਸਾਲ ਬਨਵਾਸ ਕੱਟਣਾ ਪਵੇਗਾ? ਰਾਮ ਚੰਦਰ ਜੀ ਨੇ ਕੋਈ ਕਿੰਤੂ ਨਹੀਂ ਕੀਤਾ, ਬੱਸ ਹੱਥ ਜੋੜ ਕੇ ਖੜ ਗਿਆ ਤੁਸੀਂ ਮੇਰੇ ਪਿਤਾ ਹੋ, ਤੁਹਾਡਾ ਹਰ ਹੁਕਮ ਮੇਰੇ ਸਿਰ ਮੱਥੇ ਆ। ਦੀਵਾਲੀ ਮਨਾਉਣ ਵਾਲਿਆਂ ਅੱਜ ਕਿੰਨੇ ਰਾਮਾ ਨੇ ਆਪਣੇ ਮਾਪੇ "ਬਿਰਧ ਆਸ਼ਰਮ" ਵਿੱਚ ਸੁੱਟੇ ਹੋਏ ਆ। ਮਾਪੇ ਪਾਣੀ ਦੀ ਘੁੱਟ ਨੂੰ ਤਰਸ ਰਹੇ ਨੇ, ਤੁਸੀਂ ਥਾਂ ਥਾਂ ਦੁੱਧ ਚਾੜ੍ਹ ਰਹੇ ਹੋ? ਜਦੋਂ ਰਾਮ ਚੰਦਰ ਜੀ ਤੁਰਨ ਲੱਗੇ, ਆਪਣੇ ਛੋਟੇ ਭਰਾ ਨੂੰ ਆਖਣ ਲੱਗੇ, ਜਦੋਂ ਤੱਕ ਅਸੀਂ ਵਾਪਸ ਨੀ ਆ ਜਾਂਦੇ ਉਦੋਂ ਤਕ ਤੁਸੀਂ ਰਾਜ ਭਾਗ ਦੀ ਸੰਭਾਲ ਕਰਨੀ? ਛੋਟਾ ਭਾਈ ਰਾਮ ਚੰਦਰ ਜੀ ਦੇ ਪੈਰੀਂ ਹੱਥ ਲਾ ਕੇ ਆਖਣ ਲੱਗਾ, "ਭਰਾਤਾ ਜੀ! ਆਹ ਆਪਣੀਆਂ ਖੜਾਵਾ ਮੈਨੂੰ ਦੇ ਦੇਵੋ, ਜਿਨ੍ਹਾਂ ਚਿਰ ਤੁਸੀਂ ਵਾਪਸ ਨਹੀਂ ਆਉਂਦੇ, ਇਹ ਤੁਹਾਡੀਆਂ ਖੜਾਵਾ ਰਾਜ ਭਾਗ ਦੀ ਗੱਦੀ ਰੱਖ ਕੇ ਰਾਜ ਕਰਾਂਗਾ, ਮੈਂ ਆਪ ਗੱਦੀ 'ਤੇ ਨਹੀਂ ਬੈਠਾਂਗਾ?" ਐ ਦੀਵਾਲੀ ਮਨਾਉਣ ਵਾਲਿਆਂ ਹੈ ਕੋਈ ਇੱਦਾਂ ਦਾ ਭਰਾ ਅੱਜ ਕੱਲ੍ਹ, ਸਗੋਂ ਆਖੇਗਾ, ਚੰਗਾ ਹੋਇਆ, ਹੁਣ ਮੈਂ ਕੱਲਾ ਰਾਜ ਭਾਗ ਦਾ ਮਾਲਕ ਹਾਂ। ਜਦੋਂ ਲਛਮਣ ਨੇ ਆਖਿਆ, ਮੈਂ ਤੁਹਾਡੇ ਬਗੈਰ ਕੱਲਾ ਨਹੀਂ ਰਹਿ ਸਕਦਾ, ਆਪਾਂ ਦੁੱਖ ਸੁੱਖ ਇਕੱਠੇ ਰਹਾਂਗੇ। ਐ ਦੀਵਾਲੀ ਮਨਾਉਣ ਵਾਲਿਆਂ, ਹੈ ਕੋਈ ਅੱਜਕਲ੍ਹ ਭਰਾ ਇੱਦਾਂ ਦਾ ਜਿਹੜਾ ਕਹੇ ਮੈਂ ਦੁੱਖ ਵਿੱਚ ਤੇਰੇ ਨਾਲ ਖੜਾਂਗਾ, ਸਗੋਂ ਅੱਜ ਤਾ ਕਿਸੇ ਨੂੰ ਦੁੱਖਾਂ ਵਿੱਚ ਵੇਖ ਕੇ ਭੈਣ ਭਾਈ ਖੁਸ਼ ਹੁੰਦੇ ਨੇ। ਫੇਰ ਸੀਤਾ ਮਾਤਾ ਆਖਣ ਲੱਗੀ, ਹੇ ਸਵਾਮੀ, ਮੇਰੇ ਮਾਪਿਆਂ ਨੇ ਮੈਨੂੰ ਤੁਹਾਡੇ ਲੜ ਲਾਇਆ 'ਤੇ ਇਹ ਸਮਝਾਇਆ, ਪਤੀ ਦੇਵ ਦਾ ਸਦਾ ਦੁੱਖ ਸੁੱਖ ਵਿੱਚ ਸਾਥ ਦੇਣਾ ਜਿੰਨਾ ਚਿਰ ਪ੍ਰਾਨ ਚਲਦੇ ਨੇ? ਰਾਮ ਚੰਦਰ ਜੀ ਵਥੇਰਾ ਸਮਝਾਇਆ, "ਜੰਗਲ ਵਿੱਚ ਘਰ ਨਾ ਵਾਰ, ਰੋਟੀ ਨਾ ਪਾਣੀ, ਦਿਨ ਰਾਤ ਜਾਨਵਰਾਂ ਦਾ ਡਰ, ਤੁਸੀਂ ਇਥੋਂ ਰਹੋ, ਤੁਸੀਂ ਉੱਥੇ ਕੀ ਕਰੋਗੇ?" ਸੀਤਾ ਮਾਤਾ ਨੇ ਆਖਰੀ ਗੱਲ ਕਹਿ ਦਿੱਤੀ। 'ਹੇ ਸਵਾਮੀ, ਆਪਾਂ ਹੁਣ ਦੋ ਨਹੀਂ, ਤੁਸੀਂ ਮੇਰੇ ਪ੍ਰਾਨ ਹੋ, ਸਰੀਰ ਪ੍ਰਾਣਾਂ 'ਤੋਂ ਬਗੈਰ ਥੋੜ੍ਹੇ ਰਹਿ ਸਕਦਾ, ਮੈਂ ਤੁਹਾਡੇ ਚਰਨਾਂ ਦੀ ਸਦਾ ਦਾਸੀ ਬਣਕੇ ਰਹਾਂਗੀ?'

ਐ ਦੀਵਾਲੀ ਮਨਾਉਣ ਵਾਲਿਆਂ, ਕਿੰਨੇ ਕੇਸ ਅੱਜ ਕੱਲ੍ਹ ਪਤੀ ਪਤਨੀ ਦੇ ਅਦਾਲਤਾਂ ਵਿੱਚ ਚੱਲਦੇ ਨੇ, ਕਿਹੜੇ ਮਾਪੇ ਅੱਜ ਕੱਲ੍ਹ ਆਪਣੀ ਧੀ ਨੂੰ ਸੀਤਾ ਮਾਤਾ ਵਰਗੀ ਸਿੱਖਿਆ ਦਿੰਦਾ? ਹੁਣ ਆਪਾਂ ਬਾਹਰ ਬਹੁਤ ਦੀਵੇ ਜਗਾ ਲਏ, ਆਉ ਆਪਾਂ ਹੁਣ ਰਾਮ ਚੰਦਰ ਜੀ ਦੀ ਸਿੱਖਿਆ ਵਾਲੇ ਦੀਵੇ ਆਪਣੇ ਅੰਦਰ ਜਗਾਈਏ। ਘੋਲੀ ਪੰਡਿਤ ਦੀ ਗੱਲ ਸੁਣ ਕੇ ਗੰਭੀਰ ਹੋ ਗਿਆ, ਆਖਣ ਲੱਗਾ, ਆਪਾਂ ਹਰ ਸਾਲ ਅਰਬਾਂ ਦਾ ਧੰਨ ਪਟਾਕਿਆਂ ਦੇ ਰੂਪ ਵਿੱਚ ਕੁਝ ਘੰਟਿਆਂ ਵਿੱਚ ਫੂਕ ਦਿੰਦੇ ਹਾਂ, ਜਿਹਨਾਂ ਦਾ ਕੋਈ ਫ਼ਾਇਦਾ ਨਹੀਂ, ਸਗੋਂ ਸਾਰਾ ਨੁਕਸਾਨ ਹੁੰਦਾ ਆ, ਕਿੰਨਾ ਪ੍ਰਦੂਸ਼ਣ ਫੈਲਦਾ, ਕਿੰਨੀਆਂ ਬਿਮਾਰੀਆਂ ਫੈਲਦੀਆਂ, ਕਿੰਨਾ ਸਰੀਰਕ ਨੁਕਸਾਨ ਹੁੰਦਾ, ਕਾਸ਼ ਕਿਤੇ ਇਸ ਪੈਸੇ ਨਾਲ ਅਸੀਂ ਵਧੀਆ ਸਕੂਲ ਖੋਲ੍ਹ ਲਈਏ, ਕਿੰਨੇ ਬੱਚੇ ਵਧੀਆ ਸਿੱਖਿਆ ਲੈ ਕੇ ਵਧੀਆ ਜੀਵਨ ਗੁਜ਼ਾਰ ਸਕਦੇ ਨੇ। ਕਿੰਨੇ ਹਸਪਤਾਲ ਖੋਲ੍ਹ ਸਕਦੇ ਹਾਂ, ਜਿੱਥੇ ਵਧੀਆ ਇਲਾਜ ਹੋਵੇਗਾ, ਕਿੰਨਾ ਲੋਕਾਂ ਦਾ ਭਲਾ ਹੋਵੇਗਾ, ਕਿੰਨੀ ਬੀਮਾਰੀਆਂ 'ਤੋਂ ਰਾਹਤ ਮਿਲੇਗੀ, ਸਾਡੇ ਗਰੀਬਾਂ ਦਾ ਭਲਾ ਹੋਵੇਗਾ। ਜੇ ਕਿਤੇ ਸਾਡਾ "ਅੰਦਰਲਾ ਦੀਵਾ" ਜਗਦਾ ਹੁੰਦਾ, ਕਦੇ ਵੀ "ਭੋਲੇ ਨਾਥ" ਦਾ ਬੱਚਾ ਨਾ ਮਰਦਾ, ਅੱਜ ਗੱਭਰੂ ਜਵਾਨ ਹੁੰਦਾ, ਤੇ ਆਪਣੇ ਮਾਪਿਆਂ ਦੀ ਅੱਜ ਦੇਖ ਭਾਲ ਕਰਦਾ ਤੇ ਮਾਪਿਆਂ ਦਾ ਸਹਾਰਾ ਬਣਦਾ। ਘੋਲੀ ਨੇ ਇਹ ਗੱਲ ਆਖ ਕੇ ਮੈਨੂੰ ਵਰਿਆ ਪਹਿਲਾਂ ਪਟਾਕੇ ਲੈਣ ਜਾਂਦਿਆਂ ਦੀ ਘਟਨਾ ਯਾਦ ਕਰਾ ਦਿੱਤੀ। ਹੁਣ ਟੈਲੀ 'ਤੇ 'ਕੌਮ ਦਾ ਜਥੇਦਾਰ' ਦੀਵਾਲੀ ਦੀਆਂ ਵਧਾਈਆਂ ਦੇ ਰਿਹਾ ਸੀ। ਨਾਲੇ ਦੀਵਾਲੀ ਦਾ ਸੰਦੇਸ਼ ਦੇ ਰਿਹਾ ਸੀ, ਅਸੀਂ ਐਤਕੀਂ ਬੜੇ ਜ਼ੋਰ ਸ਼ੋਰ ਨਾਲ ਪਟਾਕੇ ਚਲਾਵਾਂਗੇ ਜਿਹੜੇ ਪ੍ਰਦੂਸ਼ਣ ਰਹਿਤ ਹੋਣਗੇ, ਪਰ ਪਟਾਕੇ ਜ਼ਰੂਰ ਚਲਾਵਾਂਗੇ। ਘੋਲੀ ਜਥੇਦਾਰ ਦੀ ਗੱਲ ਸੁਣ ਕੇ ਹੱਸ ਕੇ ਮੈਨੂੰ ਕਹਿਣ ਲੱਗਾ, ਮੈਨੂੰ ਤਾਂ ਇਸ ਜਥੇਦਾਰ ਦਾ ਵੀ "ਅੰਦਰਲਾ ਦੀਵਾ" ਬੁੱਝਿਆ ਲੱਗਦਾ ਜਿਹੜਾ ਮੁੜ ਮੁੜ ਕੇ ਪਟਾਕਿਆਂ ਦੀ ਗੱਲ ਕਰੀ ਜਾਂਦਾ।

## ਸਿਹਤ ਤੇ ਸੁੰਦਰਤਾ



# ਪੰਜਾਬੀ ਖ਼ੁਰਾਕ ਵਿਚ ਕਾਰਬੋਹਾਈਡਰੇਟ ਦਾ ਖ਼ਤਰਾ: ਸ਼ੂਗਰ ਅਤੇ ਮੋਟਾਪੇ ਦੀ ਜੜ੍ਹ

**✪ ਰੋਟੀ-ਚੌਲ ਘਟ ਵਰਤੋਂ : ਸਿਹਤ 'ਤੇ ਪੈ ਰਿਹਾ ਭਾਰੀ ਅਸਰ ✪ ਘੱਟ ਪ੍ਰੋਟੀਨ, ਜ਼ਿਆਦਾ ਖੰਡ: ਪੰਜਾਬੀਆਂ ਦੀ ਖ਼ੁਰਾਕ 'ਚ ਸੰਤੁਲਨ ਦੀ ਘਾਟ ✪ ਸਿਹਤਮੰਦ ਜੀਵਨ ਲਈ ਬਦਲੋ ਖ਼ੁਰਾਕ: ਮੋਟੇ ਅਨਾਜ ਅਤੇ ਸਬਜ਼ੀਆਂ ਦੀ ਜ਼ਰੂਰਤ**

ਪੰਜਾਬੀ ਘਰਾਂ ਦੀ ਰਸੋਈ 'ਚ ਰੋਟੀ, ਚੌਲ, ਬ੍ਰੈੱਡ, ਆਲੂ ਅਤੇ ਸ਼ਕਰਕੰਦੀ ਵਰਗੀਆਂ ਚੀਜ਼ਾਂ ਰੋਜ਼ਾਨਾ ਦੇ ਭੋਜਨ ਦਾ ਅਹਿਮ ਹਿੱਸਾ ਹਨ। ਇਹ ਸੁਆਦੀ ਅਤੇ ਪੌਸ਼ਟਿਕ ਜਾਪਦੀਆਂ ਹਨ, ਪਰ ਇੱਕ ਤਾਜ਼ਾ ਅਧਿਐਨ ਨੇ ਖੁਲਾਸਾ ਕੀਤਾ ਹੈ ਕਿ ਭਾਰਤੀ ਖ਼ੁਰਾਕ, ਖਾਸ ਕਰਕੇ ਪੰਜਾਬੀ ਖ਼ੁਰਾਕ, 'ਚ ਕਾਰਬੋਹਾਈਡਰੇਟ ਦੀ ਮਾਤਰਾ ਦੁਨੀਆਂ 'ਚ ਸਭ ਤੋਂ ਵੱਧ ਹੈ। ਇਹ ਜ਼ਿਆਦਾ ਕਾਰਬੋਹਾਈਡਰੇਟ ਸੇਵਨ ਸ਼ੂਗਰ, ਮੋਟਾਪੇ ਅਤੇ ਹੋਰ ਗੈਰ-ਸੰਚਾਰੀ ਬਿਮਾਰੀਆਂ ਦਾ ਮੁੱਖ ਕਾਰਨ ਬਣ ਰਿਹਾ ਹੈ।

ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ ਅਤੇ ਇੰਡੀਆ ਡਾਇਬਟੀਜ਼ (ਆਈ ਸੀ ਐਮ ਆਰ-ਇੰਡੀਆਬੀ) ਦੇ ਸਰਵੇਖਣ-21 ਦੇ ਅਧਿਐਨ, ਜੋ ਜਰਨਲ 'ਨੇਚਰ' ਵਿਚ ਪ੍ਰਕਾਸ਼ਿਤ ਹੋਇਆ ਹੈ। ਇਸ ਵਿਚ ਦੇਸ਼ ਭਰ ਦੇ 1,21,077 ਲੋਕਾਂ ਦੀ ਖ਼ੁਰਾਕ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਅਧਿਐਨ ਮੁਤਾਬਕ, ਭਾਰਤੀਆਂ ਦੀ ਰੋਜ਼ਾਨਾ ਕੈਲੋਰੀ ਦਾ 62% ਕਾਰਬੋਹਾਈਡਰੇਟ ਤੋਂ ਆਉਂਦਾ ਹੈ। ਇਸ ਵਿਚ ਜ਼ਿਆਦਾਤਰ ਚਿੱਟੇ ਚੌਲ, ਪੀਸਿਆ ਹੋਇਆ ਅਨਾਜ, ਖੰਡ, ਸ਼ਹਿਦ ਅਤੇ ਗੁੜ ਵਰਗੇ ਘੱਟ-ਗੁਣਵੱਤਾ ਵਾਲੇ ਕਾਰਬੋਹਾਈਡਰੇਟ ਸ਼ਾਮਲ ਹਨ। ਪੰਜਾਬ ਵਿਚ ਰੋਟੀ ਅਤੇ ਆਲੂ ਵਰਗੀਆਂ ਚੀਜ਼ਾਂ ਮੁੱਖ ਭੋਜਨ ਹਨ, ਜੋ ਕਾਰਬੋਹਾਈਡਰੇਟ ਦੀ ਮਾਤਰਾ ਨੂੰ ਹੋਰ ਵਧਾਉਂਦੀਆਂ ਹਨ।

ਅਧਿਐਨ ਦੱਸਦਾ ਹੈ ਕਿ ਪੰਜਾਬ ਸਮੇਤ ਉੱਤਰੀ ਅਤੇ ਮੱਧ ਭਾਰਤ ਵਿਚ ਕਣਕ ਪ੍ਰਮੁੱਖ ਹੈ, ਜਦਕਿ ਦੱਖਣੀ ਅਤੇ ਪੂਰਬੀ ਭਾਰਤ 'ਚ ਚੌਲ ਜ਼ਿਆਦਾ ਖਾਧੇ ਜਾਂਦੇ ਹਨ। ਮੋਟੇ ਅਨਾਜ ਜਿਵੇਂ ਜਵਾਰ, ਬਾਜਰਾ ਅਤੇ ਰਾਗੀ, ਜੋ ਪੌਸ਼ਟਿਕ ਹਨ, ਸਿਰਫ਼ ਕਰਨਾਟਕ, ਗੁਜਰਾਤ ਅਤੇ ਮਹਾਰਾਸ਼ਟਰ ਵਰਗੇ ਕੁਝ ਸੂਬਿਆਂ 'ਚ ਹੀ ਰੋਜ਼ਾਨਾ ਖ਼ੁਰਾਕ ਦਾ ਹਿੱਸਾ ਹਨ। ਪੰਜਾਬ ਵਿਚ ਮੋਟੇ ਅਨਾਜ ਦੀ ਵਰਤੋਂ ਬਹੁਤ ਘੱਟ ਹੈ, ਜੋ ਸਿਹਤ ਲਈ ਚਿੰਤਾਜਨਕ ਹੈ। ਇਸ ਦੇ ਨਾਲ ਹੀ, ਖੰਡ ਦੀ ਖਪਤ ਵੀ ਪੰਜਾਬ ਸਮੇਤ ਦੇਸ਼ ਦੇ 21 ਸੂਬਿਆਂ 'ਚ ਸਿਫਾਰਸ਼ੀ ਮਾਤਰਾ (5% ਕੈਲੋਰੀ) ਤੋਂ ਵੱਧ ਹੈ। ਇਹ ਜ਼ਿਆਦਾ ਖੰਡ ਸੇਵਨ ਸ਼ੂਗਰ, ਪ੍ਰੀ-ਡਾਇਬੀਟੀਜ਼ ਅਤੇ ਮੋਟਾਪੇ ਦੇ ਮਾਮਲਿਆਂ ਨੂੰ ਵਧਾ ਰਿਹਾ ਹੈ। ਅਧਿਐਨ ਮੁਤਾਬਕ, ਉੱਚ ਕਾਰਬੋਹਾਈਡਰੇਟ ਸੇਵਨ ਸ਼ੂਗਰ ਅਤੇ ਮੋਟਾਪੇ ਦੇ ਜੋਖਮ ਨੂੰ 15-30% ਵਧਾਉਂਦਾ ਹੈ।



ਹੋਰ ਚਿੰਤਾਜਨਕ ਗੱਲ ਇਹ ਹੈ ਕਿ ਪੰਜਾਬੀ ਖ਼ੁਰਾਕ 'ਚ ਪ੍ਰੋਟੀਨ ਦੀ ਮਾਤਰਾ ਬਹੁਤ ਘੱਟ ਹੈ। ਔਸਤਨ, ਸਿਰਫ਼ 12% ਕੈਲੋਰੀ ਪ੍ਰੋਟੀਨ ਤੋਂ ਮਿਲਦੀ ਹੈ, ਜੋ ਜ਼ਿਆਦਾਤਰ ਅਨਾਜ ਅਤੇ ਫਲ਼ੀਦਾਰ ਅਨਾਜ ਤੋਂ ਆਉਂਦੀ ਹੈ। ਡੇਅਰੀ ਉਤਪਾਦਾਂ ਦਾ ਹਿੱਸਾ 2% ਅਤੇ ਜਾਨਵਰਾਂ ਤੋਂ ਮਿਲਣ ਵਾਲੇ ਪ੍ਰੋਟੀਨ ਦੀ ਮਾਤਰਾ ਸਿਰਫ਼ 1% ਹੈ। ਸੈਚੂਰੇਟਿਡ ਫੈਟ (ਦੁੱਧ, ਘਿਓ ਅਤੇ ਲਾਲ ਮੀਟ 'ਚ ਪਾਇਆ ਜਾਣ ਵਾਲਾ) ਦੀ ਮਾਤਰਾ ਵੀ ਜ਼ਿਆਦਾ ਹੈ, ਜੋ ਦਿਲ ਦੀਆਂ ਬਿਮਾਰੀਆਂ ਦੇ ਜੋਖਮ ਨੂੰ ਵਧਾਉਂਦੀ ਹੈ।

ਕੀ ਹੈ ਹੱਲ ?-ਖੋਜਕਰਤਾਵਾਂ ਦਾ ਕਹਿਣਾ ਹੈ ਕਿ ਲਗਭਗ 50% ਗੈਰ-ਸੰਚਾਰੀ ਬਿਮਾਰੀਆਂ ਨੂੰ ਖ਼ੁਰਾਕ 'ਚ ਸੁਧਾਰ ਅਤੇ ਸਰੀਰਕ ਗਤੀਵਿਧੀਆਂ ਵਧਾ ਕੇ ਰੋਕਿਆ ਜਾ ਸਕਦਾ ਹੈ। ਪੰਜਾਬੀਆਂ ਨੂੰ ਚਿੱਟੇ ਚੌਲ ਅਤੇ ਖੰਡ ਦੀ ਮਾਤਰਾ ਘਟਾਉਣੀ ਚਾਹੀਦੀ ਹੈ ਅਤੇ ਸਾਬਤ ਅਨਾਜ, ਮੋਟੇ ਅਨਾਜ, ਦਾਲਾਂ, ਸਬਜ਼ੀਆਂ, ਅੰਡੇ, ਮੱਛੀ, ਦੁੱਧ, ਦਹੀਂ ਅਤੇ ਸੁੱਕੇ ਮੇਵਿਆਂ ਦਾ ਸੇਵਨ ਵਧਾਉਣਾ ਚਾਹੀਦਾ ਹੈ। ਜੇਕਰ ਕਾਰਬੋਹਾਈਡਰੇਟ ਤੋਂ ਕੈਲੋਰੀ 5% ਤੱਕ ਘਟਾਈ ਜਾਵੇ ਅਤੇ ਪ੍ਰੋਟੀਨ ਦੀ ਮਾਤਰਾ 5% ਵਧਾਈ ਜਾਵੇ, ਤਾਂ ਸ਼ੂਗਰ ਅਤੇ ਮੋਟਾਪੇ ਦਾ ਜੋਖਮ ਕਾਫ਼ੀ ਘੱਟ ਸਕਦਾ ਹੈ। ਪਰ ਸਿਰਫ਼ ਚਿੱਟੇ ਚੌਲ ਨੂੰ ਕਣਕ ਨਾਲ ਬਦਲਣਾ ਜਾਂ ਫੈਟ ਅਤੇ ਲਾਲ ਮੀਟ ਦੀ ਮਾਤਰਾ ਵਧਾਉਣਾ ਹੱਲ ਨਹੀਂ ਹੈ। ਕੁੱਲ ਕਾਰਬੋਹਾਈਡਰੇਟ ਦੀ ਮਾਤਰਾ ਘਟਾਉਣੀ ਜ਼ਰੂਰੀ ਹੈ। ਪੰਜਾਬੀਆਂ ਨੂੰ ਆਪਣੀ ਰਸੋਈ 'ਚ ਸੰਤੁਲਿਤ ਖ਼ੁਰਾਕ ਨੂੰ ਅਪਣਾਉਣ ਦੀ ਲੋੜ ਹੈ, ਜਿਸ 'ਚ ਪ੍ਰੋਟੀਨ ਅਤੇ ਸਬਜ਼ੀਆਂ ਦੀ ਮਾਤਰਾ ਵਧੇ ਅਤੇ ਕਾਰਬੋਹਾਈਡਰੇਟ ਘੱਟ ਹੋਵੇ। ਸਰੀਰਕ ਕਸਰਤ ਵੀ ਇਸ ਦਾ ਅਹਿਮ ਹਿੱਸਾ ਹੈ।

## * ਚੂੰਢੀਆਂ-ਪੁੱਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਭਾਰਤ-ਕੈਨੇਡਾ ਨੇ ਰਿਸ਼ਤੇ ਸੁਧਾਰਨ ਦੀ ਦਿਸ਼ਾ ਵਲ ਵਧਾਏ ਕਦਮ- ਇਕ ਖ਼ਬਰ**

-ਆ ਹੁਣ ਬਣ ਜਾਈਏ, ਤੂੰ ਮੇਰਾ ਮੈਂ ਤੇਰੀ।




***ਹੜ੍ਹਾਂ ਦੌਰਾਨ ਹੋਏ ਨੁਕਸਾਨ ਦੇ ਇਕ ਇਕ ਪੈਸੇ ਦੀ ਭਰਪਾਈ ਕਰੇਗੀ ਕੇਂਦਰ ਸਰਕਾਰ- ਸ਼ਿਵਰਾਜ ਸਿੰਘ ਚੌਹਾਨ**

-ਰੰਨ ਬੱਕਰੀ ਚਰਾਉਣ ਦੀ ਮਾਰੀ, ਲਾਰਾ ਲੱਪਾ ਲਾਈ ਰੱਖਦੀ।




***ਭਾਜਪਾ ਬਾਦਲ ਨਾਲ ਸਾਂਝ ਪਾਉਣ ਤੋਂ ਇਨਕਾਰੀ- ਇਕ ਖ਼ਬਰ**

-ਗੱਲਾਂ ਤੇਰੀਆਂ ਦੇ ਉੱਠਣ ਮਰੋੜੇ, ਢਿੱਡ ਵਿਚ ਦੇਵਾਂ ਮੁੱਕੀਆਂ।




***ਮੋਦੀ ਨੇ ਆਂਧਰਾ ਪ੍ਰਦੇਸ਼ 'ਚ 13430 ਕਰੋੜ ਰੁਪਏ ਦੇ ਪ੍ਰਾਜੈਕਟਾਂ ਦਾ ਕੀਤਾ ਉਦਘਾਟਨ- ਇਕ ਖ਼ਬਰ**

-ਹਾਏ ਰੇ ਇਨਸਾਨ ਕੀ ਮਜਬੂਰੀਆਂ, ਖਿਲਾਨੀ ਪੜ ਰਹੀ ਹੈਂ ਚੂਰੀਆਂ।



***ਸੁਪਰੀਮ ਕੋਰਟ ਨੇ ਦਿੱਲੀ ਐਨ. ਸੀ. ਆਰ. 'ਚ ਗਰੀਨ ਪਟਾਕੇ ਚਲਾਉਣ ਦੀ ਦਿਤੀ ਇਜਾਜ਼ਤ- ਇਕ ਖ਼ਬਰ**

-ਚਲਾਉ ਪਟਾਕੇ, ਕਰੋ ਮੌਜਾਂ! ਪੰਜਾਬ ਹੈਗਾ ਸਾਡੇ ਕੋਲ ਪ੍ਰਦੂਸ਼ਣ ਦਾ ਦੋਸ਼ ਮੜ੍ਹਨ ਲਈ।



***ਟੈਰਿਫ਼ ਦੀ ਧਮਕੀ ਨਾਲ ਭਾਰਤ-ਪਾਕਿ ਜੰਗ ਖ਼ਤਮ ਕਰਵਾਈ- ਟਰੰਪ**

-ਓ ਚਾਚਾ ਬਸ ਵੀ ਕਰ ਹੁਣ, ਕਿੰਨੀ ਕੁ ਵਾਰੀ ਡੌਂਡੀ ਪਿੱਟੀ ਜਾਏਂਗਾ।



***ਡੀ. ਆਈ. ਜੀ. ਭੁੱਲਰ ਰਿਸ਼ਵਤ ਕਾਂਡ 'ਚ ਝਾੜੂ ਵਾਲੇ ਤਾਂ ਛੱਡੋ, ਅਕਾਲੀ ਤੇ ਕਾਂਗਰਸੀ ਵੀ ਨਹੀਂ ਬੋਲੇ- ਇਕ ਖ਼ਬਰ**

-ਇਸ ਹਮਾਮ ਵਿਚ ਸਾਰੇ ਫਿਰਦੇ ਨੰਗੇ, ਅੰਦਰੋਂ ਸਭ ਸੜ੍ਹਿਆਂਦ ਮਾਰਦੇ ਉੱਪਰੋਂ ਦਿਸਦੇ ਚੰਗੇ।


***ਹਾਈ ਕੋਰਟ ਨੇ ਸਕੂਲਾਂ 'ਚ ਅਧਿਆਪਕਾਂ ਦੀ ਘਾਟ ਕਰ ਕੇ ਪੰਜਾਬ ਸਰਕਾਰ ਨੂੰ ਪਾਈ ਝਾੜ- ਇਕ ਖ਼ਬਰ**

-ਦੋ ਪਈਆਂ ਕਿੱਧਰ ਗਈਆਂ, ਸਦਕਾ ਢੂਈ ਦਾ।



***ਡੀ. ਆਈ. ਜੀ. ਭੁੱਲਰ ਦੀਆਂ ਵਧ ਸਕਦੀਆਂ ਹਨ ਮੁਸ਼ਕਲਾਂ- ਇਕ ਖ਼ਬਰ**

-ਜਦੋਂ ਕੱਢ ਕੇ ਵਹੀ ਲੇਖਾ ਮੰਗਿਆ, ਫੇਰ ਕੀ ਜਵਾਬ ਦੇਵੇਂਗਾ।



***ਪੂਰਨ ਕੁਮਾਰ ਦੀ ਮੌਤ ਦੇ ਸਬੰਧ 'ਚ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਤਮਾਸ਼ਾ ਬੰਦ ਕਰ ਕੇ ਕਾਰਵਾਈ ਕਰਨ-ਰਾਹੁਲ ਗਾਂਧੀ**

-ਤਪੇ ਹੋਏ ਤੰਦੂਰ 'ਤੇ ਰੋਟੀਆਂ ਲਾਹੁਣ ਦੀ ਮਜਬੂਰੀ ਐ ਬਈ।



***ਭਾਰਤ ਨਾਲ ਹੋ ਸਕਦੀ ਹੈ ਜੰਗ- ਪਾਕਿ ਰੱਖਿਆ ਮੰਤਰੀ ਆਸਿਫ਼**

-ਲੱਤ ਮਾਰੂੰਗੀ ਪੰਜੇਬਾਂ ਵਾਲ਼ੀ, ਪਰ੍ਹਾਂ ਹੋ ਜਾ ਚੱਟੂ ਵੱਟਿਆ।



***ਚੀਨ ਨੇ ਟਰੰਪ ਨੂੰ ਧਮਕੀਆਂ ਬੰਦ ਕਰਨ ਲਈ ਕਿਹਾ- ਇਕ ਖ਼ਬਰ**

-ਛੜੇ ਜੁੱਤੀਆਂ ਖਾਣ ਦੇ ਮਾਰੇ, ਲੰਘਦੇ ਖੰਘੂਰਾ ਮਾਰ ਕੇ।



***ਪਾਕਿਸਤਾਨ-ਅਫ਼ਗਾਨਿਸਤਾਨ ਸੰਘਰਸ਼ ਸੁਲਝਾਉਣਾ ਮੇਰੇ ਲਈ ਬੜਾ ਸੌਖਾ- ਟਰੰਪ**

-ਕਾਹਨੂੰ ਮਾਰਦੈਂ ਬਨੇਰੇ ਉੱਤੋਂ ਡਲੀਆਂ, ਚੰਦ ਨੂੰ ਤਾਂ ਛਿਪ ਲੈਣ ਦੇ।



***ਭਾਜਪਾ ਨਾਲ ਗੱਠਜੋੜ ਕਰ ਕੇ ਅਸੀਂ ਗ਼ਲਤੀ ਨਹੀਂ ਦੁਹਰਾਵਾਂਗੇ- ਉਮਰ ਅਬਦੁੱਲਾ**

-ਜਦੋਂ ਜਾਲ਼ ਫ਼ਾਂਧੀਆਂ ਨੇ ਪਾਇਆ, ਨੈਣ ਭਰ ਰੋਈ ਮਛਲੀ।



***ਕੇਂਦਰ ਸਰਕਾਰ ਦੇ ਅੜੀਅਲ ਵਤੀਰੇ ਕਾਰਣ ਲੱਦਾਖੀ ਲੀਡਰਸ਼ਿੱਪ ਗੱਲਬਾਤ ਨਹੀਂ ਕਰੇਗੀ- ਇਕ ਖ਼ਬਰ**

-ਮੇਰੇ ਨਰਮ ਕਾਲ਼ਜੇ ਲੜ ਗਏ, ਲੱਡੂ ਖਾ ਲਏ ਤੇਰੇ ਤੇਲ ਦੇ।

ਦੇਗ ਤੇਗ ਫ਼ਤਹਿ॥ ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖ਼ਾਲਸੇ ਕਾ ਗੁਰੂ ਪੰਥ ਕੀ ਜੀਤ॥

## ਰੂਹਾਨੀ ਸ਼ਖ਼ਸ਼ੀਅਤ ਸ਼ਾਂਤੀ ਦੇ ਪੁੰਜ ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ ਅਤੇ ਨਾਮ ਬਾਣੀ ਦੇ ਰਸੀਏ ਸੰਤ ਸ਼ੇਰ ਸਿੰਘ ਜੀ ਦੀ ਸਲਾਨਾ ਯਾਦ ਵਿੱਚ

# ਮਹਾਨ ਗੁਰਮਤਿ ਸਮਾਗਮ

**22 ਅਕਤੂਬਰ 2025 ਮੁਤਾਬਿਕ 6 ਕਤਕ ਸੰਮਤ 2082 ਦਿਨ ਬੁੱਧਵਾਰ ਨੂੰ ਪਾਵਨ ਅਸਥਾਨ ਗੁਰਦੁਆਰਾ ਨਿਰਮਲ ਕੁਟੀਆ ਪਿੰਡ ਕਹਾਰਪੁਰ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ**



ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ



ਸੰਤ ਬਾਬਾ ਦਾਨ ਸਿੰਘ ਜੀ ਲੰਗੇਰੀ ਵਾਲੇ



ਸੰਤ ਬਾਬਾ ਸਾਧੂ ਸਿੰਘ ਜੀ ਡੇਰਾ ਮੁਖੀ



ਸੇਵਾਦਾਰ: ਅਮਰਦੀਪ ਸਿੰਘ ਸੰਘਾ ਯੂਕੇ

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਪਾਵਨ ਮਹਾਨ ਅੰਮ੍ਰਿਤਮਈ ਵਾਕ ਹੈ:

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਇ॥

ਦੇ ਪਵਿੱਤਰ ਅਰਸ਼ੀ ਮਹਾਂਵਾਕ ਅਨੁਸਾਰ ਸੇਵਾ ਦੇ ਪੁੰਜ ਬੰਦਗੀ ਸੇਵਾ ਸਿਮਰਨ ਦੇ ਪ੍ਰਤੀਕ ਨਿਰਮਲ ਆਤਮਾ, ਹੋਤੀ ਮਰਦਾਨ ਸੰਪ੍ਰਦਾਇ ਦੇ ਬਾਨੀ ਸੰਤ ਕਰਮ ਸਿੰਘ ਜੀ ਤੋਂ ਵਰੋਸਾਏ ਧਰਮ ਮੂਰਤ ਨਾਮ ਬਾਣੀ ਦੇ ਰਸੀਏ, ਜੈਤੋ ਮੋਰਚੇ ਵਿੱਚ ਸ਼ਮੂਲੀਅਤ ਕਰਨ ਵਾਲੇ ਮਹਾਨ ਜਪੀ ਤਪੀ ਸੰਤ ਬਾਬਾ ਹਰਨਾਮ ਸਿੰਘ ਜੀ ਜਿਆਣ ਵਾਲਿਆਂ ਵੱਲੋਂ ਸਾਜੇ ਨਿਵਾਜੇ ਮਹਾਪੁਰਸ਼ ਸ਼੍ਰੀਮਾਨ 108 ਪਰਮ ਪੂਜਨੀਕ ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ ਵਾਲਿਆਂ ਅਤੇ ਇਨ੍ਹਾਂ ਤੋਂ ਵਰੋਸਾਏ ਮਹਾਨ ਵਿਦਵਾਨ ਸੰਤ ਗਿਆਨੀ ਸ਼ੇਰ ਸਿੰਘ ਜੀ ਦੀ ਪਾਵਨ ਸਲਾਨਾ ਮਿੱਠੀ ਯਾਦ ਹਰ ਸਾਲ ਦੀ ਤਰ੍ਹਾਂ, ਡੇਰਾ ਨਿਰਮਲ ਕੁਟੀਆ ਪਿੰਡ ਕਹਾਰਪੁਰ ਜ਼ਿਲ੍ਹਾ ਹੁਸ਼ਿਆਰਪੁਰ ਕਸਬਾ ਮਾਹਿਲਪੁਰ ਦੇ ਨਜ਼ਦੀਕ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਸਤਿਕਾਰ ਨਾਲ 22 ਅਕਤੂਬਰ ਸੰਨ 2025 ਦਿਨ ਬੁੱਧਵਾਰ ਨੂੰ ਬ੍ਰਹਮ ਸਰੋਤੀ ਬ੍ਰਹਮ ਨੇਸ਼ਟੀ ਸੇਵਾ ਦੇ ਪੁੰਜ ਡੇਰੇ ਦੇ ਮੁਖੀ ਸੰਚਾਲਕ ਸੰਤ ਮਹਾਰਾਜ ਬਾਬਾ ਸਾਧੂ ਸਿੰਘ ਜੀ ਕਹਾਰਪੁਰੀ ਵਾਲਿਆਂ ਦੀ ਦੇਖ-ਰੇਖ ਵਿੱਚ ਮਨਾਈ ਜਾ ਰਹੀ ਹੈ। ਸੰਤ ਬਾਬਾ ਹਰੀ ਸਿੰਘ ਜੀ ਨੇ ਸਚਖੰਡ ਵਾਸੀ ਗਿਆਨੀ ਦਾਨ ਸਿੰਘ ਜੀ ਲੰਗੇਰੀ ਵਾਲਿਆਂ ਵੱਲੋਂ ਦੱਸਣ ਮੁਤਾਬਿਕ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਨੀਂਹ ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ ਨੇ ਪੰਜਾਂ ਪਿਆਰਿਆਂ ਸਹਿਤ ਰੱਖਵਾ ਕੇ ਸੇਵਾ ਕਰਵਾਈ। ਮਾਹਿਲਪੁਰ ਵਿਖੇ ਵਿੱਦਿਆ ਦੇ ਵਿਕਾਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਿਜ ਦੀ ਸਥਾਪਨਾ ਕਰਵਾਈ। ਇਸ ਤੋਂ ਇਲਾਵਾ ਆਪ ਜੀ ਨੇ ਪੰਜਾਬ ਦੀ ਧਰਤੀ 'ਤੇ ਸੰਗਤਾਂ ਵਿੱਚ ਸਿੱਖੀ ਪ੍ਰਚਾਰ ਕਰਕੇ ਬੇਅੰਤ ਜੀਵਾਂ ਨੂੰ ਗੁਰਮਤਿ ਨਾਲ ਜੋੜਿਆ।

ਆਪ ਜੀ ਦੀ ਯਾਦ ਵਿੱਚ 22 ਅਕਤੂਬਰ ਬੁੱਧਵਾਰ ਨੂੰ ਸ੍ਰੀ ਅਖੰਡ ਪਾਠ ਜੀ ਦੇ ਭੋਗ ਉਪਰੰਤ ਸਜਾਏ ਗਏ ਵਿਸ਼ੇਸ਼ ਦੀਵਾਨ ਵਿੱਚ ਪੰਥਕ ਰਾਗੀ, ਢਾਡੀ, ਪ੍ਰਚਾਰਕ ਜਥੇ ਸੰਤ ਮਹਾਂਪੁਰਖ ਹਾਜ਼ਰੀ ਭਰਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰਨਗੇ।

**(ਸੰਗ੍ਰਹਿ ਕਰਤਾ: ਰਣਧੀਰ ਸਿੰਘ ਸੰਭਲ)**

ਇਲਾਕਾ ਨਿਵਾਸੀ ਸੰਗਤਾਂ ਤੇ ਮਹਾਂਪੁਰਖਾਂ ਨੂੰ ਸਮਾਗਮ ਵਿੱਚ ਹੁੰਮ ਹੁਮਾ ਕੇ ਪੁੱਜਣ ਲਈ ਬੇਨਤੀ ਕੀਤੀ ਜਾਂਦੀ ਹੈ।

**ਨਸ਼ੇ ਛੱਡੋ, ਅੰਮ੍ਰਿਤ ਛਕੋ, ਗੁਰੂ ਵਾਲੇ ਬਣੋ ਜੀ, ਧਰਮ ਦੀ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ**

ਜਾਰੀ ਕਰਤਾ - ਅਮਰਦੀਪ ਸਿੰਘ ਸੰਘਾ ਸਪੁੱਤਰ ਗਿਆਨੀ ਦਾਨ ਸਿੰਘ ਜੀ ਸੰਘਾ ਹਾਲ ਲਮਿੰਗਟਨ ਸਪਾ (ਯੂ.ਕੇ.)

ਵਧੇਰੇ ਜਾਣਕਾਰੀ ਲਈ ਸੰਪਰਕ: ਫੋਨ ਨੰ: 07404509855,

– ਲੇਖਕ –
ਗਿਆਨੀ
ਗੁਰਦਿੱਤ ਸਿੰਘ



# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਕੁਝ ਸਜਣ ਮੇਹਰਵਾਨ ਦੀ ਲਿਖਤ ਨੂੰ ਕਲਪਨਾ ਕਹਿ ਕੇ ਸੁੱਟ ਛੱਡਦੇ ਹਨ । ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰੇ ਗਵਾਹ ਹਨ ਪ੍ਰਯਾਗ ਦੇ ਤ੍ਰਿਬੇਣੀ ਸੰਗਮ ਲੰਘਕੇ ਇਕ ਗੁਰਦੁਆਰਾ ਪੁਰਾਣੇ ਸਮਿਆਂ ਦਾ ਭਗਤਾਂ ਦੇ ਮਿਲਣ ਦੀ ਯਾਦ ਵਿੱਚ ਬਣਿਆ ਹੋਇਆ ਹੈ । ਇਸ ਤਰ੍ਹਾਂ ਹੋਰ ਕਈ ਥਾਵਾਂ ਉੱਤੇ ਮਿਲਦੇ ਨਿਸ਼ਾਨਾਂ ਅਤੇ ਲਿਖਤਾਂ ਤੋਂ ਭੀ ਪੁਸ਼ਟੀ ਹੁੰਦੀ ਹੈ । ਗੁਰੂ ਗ੍ਰੰਥ ਸਾਹਿਬ ਦੇ ਭਗਤਾਂ ਦੇ ਸਮਕਾਲੀ ਹੋਣ ਦੀ ਗੁਰੂ ਨਾਨਕ ਜੀ ਨਾਲ ਮਿਲਣ ਦੀ ਕਥਾ ਭਗਤਾਂ ਬਾਰੇ, ਲਿਖੇ ਉਨ੍ਹਾਂ ਦੇ ਭਗਤਾਂ ਦੇ ਇਲਾਕਿਆਂ ਦੇ ਗ੍ਰੰਥਾਂ ਤੇ ਪਰਚੀਆਂ ਵਿੱਚੋਂ ਮਿਲਦੀ ਹੈ । ਮੇਹਰਵਾਨ ਵਾਲੀ ਜਨਮਸਾਖੀ ਦੀ ਲਿਖਤ ਦੇ ਅੰਸ਼ ਇਸ ਪ੍ਰਸੰਗ ਵਿੱਚ ਢੁੱਕਵੇਂ ਭੀ ਹਨ**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ–16**

ਏਸੇ ਕਰਕੇ ਉਨ੍ਹਾਂ ਘਰ ਘਾਟ ਛੱਡਕੇ, ਭਟਕਦੇ ਜਗਿਆਸੂਆਂ ਨੂੰ ਗਲਤ ਰਾਹਾਂ ਤੋਂ ਹੋੜਨ ਦਾ ਮਹਾਨ ਕਾਜ ਆਰੰਭਿਆ। ਅਨੇਕਾਂ ਦੀ ਬੁੱਧ ਬਦਲੀ ਅਤੇ ਨਵਾਂ ਜੀਵਨ ਦਿੱਤਾ। ਜਿਵੇਂ ਨਾਮਦੇਵ ਜੀ ਦਾ ਕਥਨ ਹੈ, ਸਫਲ ਜਨਮ ਮੋਕਉ ਗੁਰ ਦੀਨਾ। ਕਬੀਰ ਜੀ ਕਹਿੰਦੇ ਹਨ–

ਸਤਿਗੁਰ ਕੀਨੋ ਪਰ ਉਪਕਾਰਾ॥
ਕਾਢਿ ਲੀਨ ਸਾਗਰ ਸੰਸਾਰਾ॥
(ਗਉੜੀ ਕਬੀਰ ਜੀ, 332)

ਕਿਹਾ ਜਾ ਸਕਦਾ ਹੈ, ਕਬੀਰ ਜੀ ਨੇ ਸਤਿਗੁਰ ਜਾਂ ਗੁਰੂ ਬ੍ਰਹਮ ਨੂੰ ਹੀ ਕਿਹਾ ਹੈ– ਕਿਸੇ ਵੱਖਰੀ ਹਸਤੀ ਨੂੰ ਨਹੀਂ। ਕਬੀਰ ਜੀ ਦੇ ਅਜਿਹੇ ਕਈ ਵਾਕ ਹਨ – ਸਤਿਗੁਰੂ ਨੇ ਮੈਨੂੰ ਗੋਬਿੰਦ ਮਿਲਾਇਆ, ਸਤਿਗੁਰੂ ਦੀ ਕ੍ਰਿਪਾ ਨਾਲ ਮੈਂ ਅਲਖ ਨੂੰ ਲਖਿਆ, ਅਜੇਹੀਆਂ ਤੁਕਾਂ ਦੱਸਦੀਆਂ ਹਨ, ਕਬੀਰ ਜੀ ਨੇ ਗੁਰੂ ਅਤੇ ਪ੍ਰਮੇਸ਼ਵਰ ਦੀ ਹਸਤੀ ਨੂੰ ਇਕ ਨਹੀਂ ਮੰਨਿਆ। ਗੁਰੂ ਕ੍ਰਿਪਾ ਤੋਂ ਏਥੇ ਭਾਵ, ਰਾਮਾਨੰਦ ਜਿਹੇ ਪਹਿਲੇ ਗੁਰੂਆਂ ਤੋਂ ਭੀ ਮੁਰਾਦ ਨਹੀਂ। ਸੰਖੇਪ ਰੂਪ ਵਿੱਚ ਮੈਂ ਗੁਰਪਰਸਾਦਿ ਪਾਇਆ ਇਕ ਜੁ ਸਾਧੂ ਮੈ ਮਿਲਿਆ ਸਤਿਗੁਰੂ ਸੂਰਮੇ ਬਾਹਿਆ ਬਾਣ ਜੋ ਏਕ ਆਦਿਕ ਵਾਕਾਂ ਵਿੱਚ ਸਪੱਸ਼ਟ ਰੂਪ ਵਿੱਚ ਗੁਰੂ ਨਾਨਕ ਜੀ ਤੋਂ ਪ੍ਰਾਪਤੀ ਮੰਨੀ ਹੈ, ਜਿਸਦੇ ਪ੍ਰਮਾਣ ਇਸ ਪੋਥੀ ਵਿੱਚ ਵੇਰਵੇ ਨਾਲ ਦਿੱਤੇ ਹਨ। ਪੁਰਾਣੀਆਂ ਲਿਖਤਾਂ ਦੇ ਹਵਾਲੇ ਹਨ। ਪ੍ਰਾਣ ਸੰਗਲੀ, ਪੁਰਾਤਨ ਜਨਮ ਸਾਖੀਆਂ ਤੇ ਪੁਰਾਤਨ ਗੋਸ਼ਟਾਂ ਇਸ ਕਥਨ ਨੂੰ ਪ੍ਰਮਾਣਤ ਕਰਦੀਆਂ ਦੱਸੀਆਂ ਹਨ। ਹੁਣ ਵਲਾਇਤ ਤੋਂ ਮਿਲੀ ਪੁਰਾਤਨ ਜਨਮ ਸਾਖੀ ਅਤੇ, ਮੇਰੇ ਆਪਣੇ ਪਾਸ ਢਾਈ ਸੌ ਸਾਲ ਪਹਿਲਾਂ ਦੀ ਲਿਖਤ, ਸਭ ਤੋਂ ਪ੍ਰਾਚੀਨ ਪ੍ਰਾਣ ਸੰਗਲੀ ਵਿੱਚ ਲੇਖ ਹੈ:–

ਸਤਿਨਾਮ ਸਤਿਗੁਰ ਤੇ ਪਾਇਆ
ਮਨ ਮਹਿ ਭਇਆ ਅਨੰਦ॥
ਪੂਰਨ ਗੁਰ ਨਾਨਕ ਗੁਰੂ
ਕਿੰਚਤ ਰਾਮਾਨੰਦ॥

ਰਾਮਾਨੰਦ ਸ਼ਾਖਾ ਦੇ ਭਗਤਾਂ ਵਿੱਚ ਰਾਜਾ ਪੀਪਾ ਜੀ ਵੱਡ ਉਮਰੇ ਮੰਨੇ ਜਾਂਦੇ ਹਨ। ਰਾਜੇ ਹੋਣ ਕਾਰਨ ਗੌਰਵਸ਼ੀਲ ਹਸਤੀ ਭੀ ਹਨ। ਉਨ੍ਹਾਂ ਦੇ ਭਤੀਜੇ ਅਨੰਦ ਦਾਸ ਦੀਆਂ ਪਰਚੀਆਂ ਵਿੱਚ, (ਜਿਨ੍ਹਾਂ ਦਾ ਲਿਖਣ ਕਾਲ ਸੰਮਤ 1645 ਹੈ) ਇਕ ਵਿਸ਼ੇਸ਼ ਲਿਖਤ ਗੁਰੂ ਨਾਨਕ ਅਤੇ ਪੀਪਾ ਜੀ ਦੇ ਮੇਲ ਦੀ ਹੈ। ਚੰਡੀਗੜ੍ਹ ਦੇ ਇਕ ਵਿਦਵਾਨ ਨੇ ਇੰਗਲੈਂਡ ਤੋਂ ਫੋਟੋ ਕਾਪੀ ਕਰਕੇ ਮੰਗਵਾਈ ਹੈ। ਸੰਪਾਦਕ ਵਿਦਵਾਨ ਨੇ ਆਪਣੇ ਲੇਖਾਂ ਵਿੱਚ ਅਨੰਦ ਦਾਸ ਦੀ ਭਾਸ਼ਾ ਉੱਤੇ ਗੁਰਬਾਣੀ ਦੀ ਸ਼ਬਦਾਵਲੀ, ਦੇ ਭਰਪੂਰ ਪ੍ਰਭਾਵ ਪਏ ਭੀ ਦੱਸੇ ਹਨ, ਸਭ ਤੋਂ ਮਹੱਤਵਪੂਰਨ ਹੈ ਪਰਚੀਆਂ ਵਿੱਚ ਗੁਰੂ ਨਾਨਕ ਅਤੇ ਰਾਜਾ ਪੀਪਾ ਦੇ ਮੇਲ ਦਾ ਪ੍ਰਸੰਗ। ਵਾਰਤਾ ਦਾ ਸਾਰ ਹੈ, ਤੀਰਥ ਯਾਤਰੀ ਸਾਧੂ, ਪੁਸ਼ਕਰ ਤੋਂ ਟੋਡੇ ਦੇ ਮੁਕਾਮ ਉੱਤੇ ਰਾਹਦਾਰੀ ਅਤੇ ਰਸਤੇ ਦੇ ਖਰਚ ਲੈਣ ਲਈ ਪੀਪਾ ਜੀ ਕੋਲ ਪੁੱਜੇ, ਉਨ੍ਹਾਂ ਸਾਧੂਆਂ ਦੀ ਮੰਡਲੀ ਨਾਲ ਗੁਰੂ ਨਾਨਕ ਜੀ ਦੀ ਨੂਰੀ ਹਸਤੀ ਭੀ ਸੀ, ਜਿਨ੍ਹਾਂ ਨੂੰ ਪੰਚ ਨਦ ਦੇ ਇਕ ਜੁਆਨ ਸਾਧੂ ਦੇ ਰੂਪ ਵਿੱਚ ਪੀਪਾ ਜੀ ਨੇ ਪਛਾਣਿਆ। ਦਰਸ਼ਨਾਂ ਤੋਂ ਹੀ ਪੀਪਾ ਜੀ ਮੋਹੇ ਗਏ। ਇਸ ਪੰਚਨਦ ਦੇ ਸੋਹਣੇ ਸਾਧੂ ਤੋਂ ਆਪਣਾ ਆਪਾ ਘੋਲ ਘੁਮਾਇਆ, ਮਨ ਚਿਤ ਤੋਂ ਜਿਹੋ ਜਿਹਾ ਚਾਹੀਦਾ ਸੀ, ਮਾਣ ਸਤਿਕਾਰ ਕੀਤਾ। ਆਰਤੀ ਉਤਾਰੀ। ਗੁਰੂ ਜੀ ਦੇ ਮਥੇ ਉੱਤੇ ਕੇਸਰ ਦਾ ਤਿਲਕ ਲਗਾਇਆ ਚਰਨ ਛੋਹੇ। ਪੀਪਾ ਜੀ ਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਨੂਰੋ ਨੂਰ ਹੋ ਗਏ। ਗੁਰੂ ਜੀ ਨੇ ਪੀਪਾ ਜੀ ਨੂੰ ਗਲਵਕੜੀ ਪਾਈ, ਛੋਹ ਲੱਗਦਿਆਂ ਹੀ ਅੰਤਰ ਆਤਮੇ ਸ਼ਾਂਤੀ ਵਰਤ ਗਈ। ਸਾਰੇ ਸੰਤਾਪ ਦੂਰ ਹੋ ਗਏ। (ਅਸਲ ਰੂਪ ਪੀਪਾ ਜੀ ਦੇ ਪ੍ਰਸੰਗ ਵਿੱਚ ਪੜ੍ਹੋਗੇ) (ਪੀਪਾ ਜੀ ਨੇ) ਦੇਵੀ ਪੂਜਾ ਛੱਡਕੇ ਸਤਿਨਾਮ ਦਾ ਜਾਪ ਜਪਿਆ ਨਿਰੰਜਨ ਨਿਰੰਕਾਰ ਦੀ ਟੇਕ ਆਪਣੇ ਜੀਵਨ ਦਾ ਅਧਾਰ ਬਣਾਈ।

## ਖਿਆਲਾਂ ਦੇ ਲਫਜ਼ਾਂ ਦਾ ਮੇਲ:–

ਭਗਤ ਸਾਹਿਬਾਨ ਅਤੇ ਗੁਰੂ ਨਾਨਕ ਜੀ ਦੇ ਵਾਕਾਂ ਤੇ ਖਿਆਲਾਂ ਦੇ ਅਤੇ ਲਫਜ਼ਾਂ ਦੀਆਂ ਕਿਧਰੇ ਕਿਧਰੇ ਸਾਂਝਾਂ ਦੇ ਮੇਲ ਨੂੰ ਲੈਕੇ ਸਾਡੇ ਕੁਝ ਵਿਦਵਾਨਾਂ ਨੇ ਕਲਪਨਾ ਕਰਕੇ ਸਿੱਟੇ ਕੱਢੇ ਹਨ, ਇਹ ਖਿਆਲ, ਇਹ ਲਫਜ਼, ਇਹ ਵਾਕ, ਇਹ ਭਾਵ, ਗੁਰੂ ਨਾਨਕ ਜੀ ਨੇ ਕਬੀਰ ਜੀ ਤੋਂ ਜਾਂ ਜਿਸ ਭਗਤ ਦੀ ਰਚਨਾ ਵਿੱਚ ਮਿਲਦੇ ਹਨ ਉਸ ਭਗਤਿ ਤੋਂ ਲਏ ਲਿਖਿਆ ਹੈ। ਭਗਤ ਬਾਣੀ ਦਾ ਅੰਤਰੀਵ ਵਿਸ਼ਲੇਸ਼ਣ ਜੋ ਕੁਝ ਸਾਹਮਣੇ ਲਿਆਉਂਦਾ ਹੈ ਉਸ ਤੋਂ ਇਹ ਗੱਲ ਬਿਲਕੁੱਲ ਉਲਟੀ ਸਿੱਧ ਹੁੰਦੀ ਹੈ। ਗੁਰੂ ਨਾਨਕ ਜੀ ਦੇ ਖਿਆਲ ਕਿਸੇ ਭਗਤ ਦਰਵੇਸ਼ ਨੂੰ ਮਿਲਣ ਪਿੱਛੋਂ ਤਬਦੀਲ ਹੋਏ ਹੋਣ ਜਾਂ ਭਗਤਾਂ ਵਾਂਗ ਆਪਣੀ ਪਹਿਲੀ ਧਾਰਨਾ ਜਾਂ ਜੀਵਨ ਸ਼ੈਲੀ ਬਦਲੀ ਹੋਵੇ ਤਾਂ ਗੁਰੂ ਜੀ ਪ੍ਰਭਾਵਤ ਹੋਏ ਕਹੇ ਜਾ ਸਕਦੇ ਹਨ। ਜੇ ਮਿਲਣ ਪਿੱਛੋਂ ਕਬੀਰ ਜੀ ਅਤੇ ਦੂਜੇ ਭਗਤਾਂ ਦੇ ਜੀਵਨ ਹੋਰ ਤੋਂ ਹੋਰ ਬਣੇ, (ਗੁਰ ਪ੍ਰਸਾਦਿ ਅਕਲਭਈ ਅਵਰੈ) ਫਿਰ ਇਹ ਪ੍ਰਭਾਵ ਗੁਰੂ ਨਾਨਕ ਜੀ ਦਾ ਪਿਆ ਸਪੱਸ਼ਟ ਹੈ।

ਖਿਆਲਾਂ ਦੀ ਏਸ ਸਾਂਝ ਨੂੰ ਵਿਗਿ–ਆਨਕ ਸਿੱਟੇ ਸਮਝਣ ਵਾਲਿਆਂ ਅੱਗੇ ਅਸੀਂ ਕੁਝ ਭਗਤ ਬਾਣੀ ਦੀਆਂ ਮਿਸਾਲਾਂ ਦੇ ਕੇ ਭਗਤਾਂ ਦੇ ਵਿਚਾਰਾਂ ਦੀ ਸਾਂਝ ਸਾਹਮਣੇ ਲਿਆਂਦੀ ਹੈ। ਇਸ ਦਾ ਰਹੱਸ ਕੀ ਹੈ? ਪ੍ਰਸਪਰ ਕਈ ਥਾਂ ਦੋ ਵਾਰੀ ਕੁਝ ਥਾਵਾਂ 'ਤੇ ਤਿੰਨ ਵਾਰੀ ਵਾਕ ਤੁਕਾਂ ਅਤੇ ਕੁਝ ਵਾਕ ਤੇ ਸਾਂਝਾਂ ਮਿਲਦੀਆਂ ਹਨ। ਅਤੇ ਸ਼ਬਦਾਂ ਦਾ ਇਕੋ ਭਾਵ ਦਾ ਹੋਣਾ, ਖਿਆਲ ਦਾ ਮਿਲਣਾ ਅਤੇ ਲਹਿਜ਼ਾ ਮੁਹਾਵਰਾ ਤੇ ਸ਼ੈਲੀ ਇਕ ਭਾਂਤ ਦੀ ਹੋਣਾ ਹੈ। ਬਿਨ ਸਤਿਗੁਰ ਬਾਟ ਨ ਪਾਵੈ ਲਫ਼ਜ਼ ਨਈਵੇਦ ਤਿੰਨ ਭਗਤਾਂ ਦਾ ਤਿੰਨ, ਵੱਖੋ ਵੱਖਰੀਆਂ ਥਾਵਾਂ 'ਤੇ ਵਰਤਿਆ ਮਿਲਦਾ ਹੈ। ਇਸ ਦਾ ਮੂਲ ਰਚਯਤਾ ਕੌਣ ਹੋਇਆ? ਇਹ ਪ੍ਰਸ਼ਨ ਹੈ, ਸਾਂਝਾਂ ਦੀਆਂ ਕੜੀਆਂ ਸ਼ਬਦਾਂ ਦੇ ਇਕੋ ਜਿਹੀਆਂ ਝਲਕਾਂ ਇਕੋ ਪ੍ਰਭਾਵ ਪੈਦਾ ਕਰਦੀਆਂ ਹਨ।


ਪਹਿਲਾਂ ਖਿਆਲ ਧੰਨਾ ਜੀ ਦਾ, ਦਾਲ ਸੀਧਾ ਮਾਂਗਉ ਘੀਉ, ਮੰਗਣਾ ਅਤੇ ਕਬੀਰ ਜੀ ਦਾ ਭੂਖੇ ਭਗਤ ਨਾ ਕੀਜੈ, ਗੂੜ੍ਹੀ ਸਾਂਝ ਵਾਲਾ ਸ਼ਬਦ ਹੈ। ਦੂਜਾ ਪ੍ਰਮਾਣ, ਗੋਬਿੰਦ ਪੂਜਾ ਕਹਾ ਲੇ ਚੜ੍ਹਾਵਉ, ਨਾਮਦੇਵ ਰਵਿਦਾਸ, ਕਬੀਰ ਜੀ ਦੇ ਸ਼ਬਦਾਂ ਵਿੱਚ ਇਸ ਸਬੰਧੀ ਇਕੋ ਭਾਵ ਦੀਆਂ ਤੁਕਾਂ ਲਫ਼ਜ਼ਾਂ ਤੇ ਭਾਵਾਂ ਦੀ ਸਾਂਝ ਹੈ। ਹੋਰ ਸੂਖਮ ਸਾਂਝਾਂ ਦੀ ਚਰਚਾ ਛੱਡਦੇ ਹੋਏ, ਇਨ੍ਹਾਂ ਸ਼ਬਦਾਂ ਵਿੱਚ ਮੋਟੇ ਰੂਪ ਵਿੱਚ ਅਸੀਂ ਮੋਟੀ ਬੁੱਧੀ ਦੇ ਮਾਲਕ ਭੀ ਦੇਖ ਸਕਦੇ ਹਾਂ। ਜੇ ਕਿਸੇ ਦੀ ਬਾਣੀ ਸਾਹਮਣੇ ਹੋਣ ਤੋਂ ਹੀ ਉਸ ਨਾਲ ਮਿਲਦੇ ਓਹੋ ਜਿਹੇ ਲਫਜ਼ ਤੇ ਖਿਆਲਾਂ ਦੀ ਵਰਤੋਂ ਹੋਈ ਹੈ ਤਾਂ ਕੀ ਇਹ ਕਿਸੇ ਦੀ ਨਕਲ ਜਾਂ ਪ੍ਰਭਾਵ ਕਾਰਨ ਹੈ? ਸਾਂਝਾਂ ਸਾਹਮਣੇ ਹਨ। ਪਰਹਿਲਾਦ ਪਠਾਏ ਪਤਨਸ਼ਾਲ, ਪਾਠ ਸ਼ਬਦ ਕਬੀਰ ਜੀ ਅਤੇ ਨਾਮਦੇਵ ਜੀ ਦਾ ਇਕੋ ਸੁਰ ਵਿੱਚ ਹੈ। ਇਕ ਦੂਜੇ ਦੇ ਮੇਲ ਕਾਰਨ ਅਜਿਹਾ ਹੋਇਆ ਕਿ ਇਕ ਦੂਜੇ ਦੀ ਨਕਲ ਕਰਕੇ? ਪੁਰਾਣੇ ਹਿੰਦੀ ਤੇ ਭਗਤੀ ਮਤ ਦੇ ਗ੍ਰੰਥਾਂ ਤੋਂ ਸਿੱਧ ਹੁੰਦਾ ਅਸੀਂ ਦੱਸਿਆ ਹੈ ਭਗਤ ਸਮਕਾਲੀ ਸਨ। ਏਸੇ ਕਾਰਨ ਇਕ ਦੂਜੇ ਦਾ ਪ੍ਰਭਾਵ ਪਿਆ, ਭਗਤਾਂ ਨੇ ਆਪਣੀ ਰਚਨਾ ਵਿੱਚ, ਇਕ ਦੂਜੇ ਦਾ ਸਨਮਾਨ ਪੂਰਵਕ ਜ਼ਿਕਰ ਕੀਤਾ ਹੈ।

ਭਗਤਾਂ ਨੂੰ ਗੁਰੂ ਨਾਨਕ ਜੀ ਦੇ ਸਮਕਾਲੀ ਹੋਣ ਦਾ ਵੱਡਾ ਲਾਭ ਪ੍ਰਾਪਤ ਹੋਇਆ। ਉਨ੍ਹਾਂ ਉੱਪਰ ਗੁਰਮਤੀ ਸ਼ਬਦਾਵਲੀ, ਗੁਰਮਤਿ ਦੇ ਸਿਧਾਂਤਾਂ, ਏਥੋਂ ਤੱਕ ਗੁਰਮਤਿ ਲਫਜ਼ ਅਤੇ ਗੁਰਮੰਤ੍ਰ ਸਤਿਨਾਮ ਦਾ ਪ੍ਰਭਾਵ ਪਿਆ। ਮੇਹਰਵਾਨ ਦੀ ਜਨਮ ਸਾਖੀ ਨੇ ਇਹ ਮੇਲ ਅਯੁਧਿਆ ਵਿੱਚ ਲਿਖਿਆ ਹੈ। ਕੁਝ ਸਜਣ ਮੇਹਰਵਾਨ ਦੀ ਲਿਖਤ ਨੂੰ ਕਲਪਨਾ ਕਹਿ ਕੇ ਸੁੱਟ ਛੱਡਦੇ ਹਨ। ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰੇ ਗਵਾਹ ਹਨ ਪ੍ਰਯਾਗ ਦੇ ਤ੍ਰਿਬੇਣੀ ਸੰਗਮ ਲੰਘਕੇ ਇਕ ਗੁਰਦੁਆਰਾ ਪੁਰਾਣੇ ਸਮਿਆਂ ਦਾ ਭਗਤਾਂ ਦੇ ਮਿਲਣ ਦੀ ਯਾਦ ਵਿੱਚ ਬਣਿਆ ਹੋਇਆ ਹੈ। ਇਸ ਤਰ੍ਹਾਂ ਹੋਰ ਕਈ ਥਾਵਾਂ ਉੱਤੇ ਮਿਲਦੇ ਨਿਸ਼ਾਨਾਂ ਅਤੇ ਲਿਖਤਾਂ ਤੋਂ ਭੀ ਪੁਸ਼ਟੀ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਭਗਤਾਂ ਦੇ ਸਮਕਾਲੀ ਹੋਣ ਦੀ ਗੁਰੂ ਨਾਨਕ ਜੀ ਨਾਲ ਮਿਲਣ ਦੀ ਕਥਾ ਭਗਤਾਂ ਬਾਰੇ, ਲਿਖੇ ਉਨ੍ਹਾਂ ਦੇ ਭਗਤਾਂ ਦੇ ਇਲਾਕਿਆਂ ਦੇ ਗ੍ਰੰਥਾਂ ਤੇ ਪਰਚੀਆਂ ਵਿੱਚੋਂ ਮਿਲਦੀ ਹੈ। ਮੇਹਰਵਾਨ ਵਾਲੀ ਜਨਮਸਾਖੀ ਦੀ ਲਿਖਤ ਦੇ ਅੰਸ਼ ਇਸ ਪ੍ਰਸੰਗ ਵਿੱਚ ਢੁੱਕਵੇਂ ਭੀ ਹਨ, ਪ੍ਰਾਚੀਨ ਭੀ, ਜਿਨ੍ਹਾਂ ਦਾ ਸਾਰ ਇਉਂ ਹੈ:–

ਤਬ ਅਯੁਧਿਆ ਵਿਖੇ ਗੁਰੂ ਨਾਨਕ ਬੈਠਾ ਭਗਤੀ ਕਰਤਾ ਹੈ, ਤਬ ਭਗਤਾਂ ਕਉ ਆਗਿਆ ਹੋਈ– ਜਾਇ ਕਰ। ਸਾਡੇ ਭਗਤ ਕੇ ਦਰਸ਼ਨ ਪਾਵਹੁ। ਆਗਿਆ ਸਾਥ ਸਭਿ ਭਗਤ ਮਿਲੇ ਨਾਮਾ, ਜੈ ਦੇਉ, ਤ੍ਰਿਲੋਚਨ, ਰਵਿਦਾਸ, ਸਧਨਾ, ਧੰਨਾ, ਬੇਣੀ

ਜੋ ਸੱਜਣ ਭਗਤਾਂ ਦੇ ਨਾਂਵਾਂ ਵਿੱਚੋਂ ਕੁਝ ਨੂੰ ਪਹਿਲਾਂ ਹੋਏ ਆਖਕੇ, ਇਸ ਲਿਖਤ ਉੱਤੇ ਕਿੰਤੂ ਕਰਦੇ ਹਨ, ਕਿ ਐਵੇਂ ਹੀ ਮੇਹਰਵਾਨ ਨੇ ਨਾਮ ਲਿਖ ਛੱਡੇ ਹਨ, ਇਹ ਨਾਮ ਅਟਕਲ ਪਚੂ ਢੰਗ ਨਾਲ ਲਿਖੇ ਜਾਂਦੇ ਤਾਂ, ਉਨ੍ਹਾਂ ਭਗਤਾਂ ਦੇ ਨਾਮ ਭੀ ਹੁੰਦੇ ਜੋ ਪਿੱਛੋਂ ਹੋਏ, ਜਿਵੇਂ ਸੂਰ ਦਾਸ, ਪਰਮਾ ਨੰਦ ਆਦਿਕ, ਦੇ ਨਾਮ ਨਹੀਂ। ਪ੍ਰੰਤੂ ਗੁਰੂ ਗ੍ਰੰਥ ਸਾਹਿਬ ਵਿੱਚ ਉਨ੍ਹਾਂ ਦੀ ਬਾਣੀ ਹੈ।

ਇਹ ਅਸੀਂ ਜਾਣਦੇ ਹਾਂ ਕਿ ਮੇਹਰਵਾਨ ਜੀ ਨੇ ਕਿਤੇ ਕਿਤੇ ਗੈਰ ਗੁਰਮਤੀ ਰੰਗ ਭੀ ਦਿਖਾਏ ਹਨ, ਜਿਵੇਂ ਗੁਰੂ ਨਾਨਕ ਜੀ ਨੂੰ ਵੇਈਂ ਪ੍ਰਵੇਸ਼ ਸਮੇਂ, ਚੰਗੀ ਵੱਡੀ ਸਾਖੀ ਲਿਖਦਿਆਂ ਗਾਇਤ੍ਰੀ ਦਾ ਪਾਠ ਕਰਦੇ ਦੱਸਿਆ ਹੈ। ਕੁਝ ਇਤਿਹਾਸਕ ਨੁਕਤੇ ਭੀ ਕਿਸੇ ਕਿਸੇ ਥਾਂ ਠੀਕ ਨਹੀਂ। ਇਸੇ ਤਰ੍ਹਾਂ ਗੁਰੂ ਨਾਨਕ ਜੀ ਭਗਤਾਂ ਦੇ ਪਦੇ ਗਾਉਂਦੇ ਵੀ ਲਿਖੇ ਹਨ, ਜਿਨ੍ਹਾਂ ਉਸ ਵੇਲੇ ਬਾਣੀ ਨਹੀਂ ਰਚੀ ਸੀ।




ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਏਟਾਵਾ

ਏਟਾਵਾ ਉੱਤਰ ਪ੍ਰਦੇਸ਼ ਦਾ ਇਕ ਪ੍ਰਮੁਖ ਨਗਰ ਹੈ ਜੋ ਦਰਿਆ ਜਮਨਾ ਦੇ ਕਿਨਾਰੇ ਸਥਿਤ ਹੈ। ਇਸ ਨਗਰ ਵਿੱਚ ਗੁਰੂ ਨਾਨਕ ਸਾਹਿਬ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਆਏ ਸਨ। ਭਾਈ ਤਾਰਾ ਸਿੰਘ ਨੇ ਇਸ ਦਾ ਨਾਂ ਏਟਾਯਾ ਲਿਖਿਆ ਹੈ। ਇਹ ਨਗਰ ਆਗਰਾ ਤੋਂ 127 ਕਿਲੋਮੀਟਰ ਦੱਖਣ-ਪੂਰਬ ਵੱਲ ਹੈ ਅਤੇ ਇਥੇ ਦੋ ਉਦਾਸੀ ਆਸ਼ਰਮ ਵੀ ਹਨ ਜੋ ਗੁਰੂ ਨਾਨਕ ਸਾਹਿਬ ਅਤੇ ਬਾਬਾ ਸ੍ਰੀ ਚੰਦ ਦੀ ਯਾਦ ਵਿੱਚ ਸਥਾਪਤ ਕੀਤੇ ਗਏ ਹਨ। ਸਿੱਖ ਤਵਾਰੀਖ ਵਿੱਚ ਭਾਵੇਂ ਇਸ ਦਾ ਜ਼ਿਕਰ ਨਹੀਂ ਆਉਂਦਾ ਪਰ ਗੁਰੂ ਤੇਗ਼ ਬਹਾਦਰ ਸਾਹਿਬ 1666 ਨੂੰ ਪੂਰਬ ਵੱਲ ਜਾਣ ਸਮੇਂ ਏਟਾਵਾ ਨਗਰ ਵਿੱਚੋਂ ਹੋ ਕੇ ਗੁਜ਼ਰੇ ਸਨ। ਗੁਰੂ ਸਾਹਿਬ, ਉਦਾਸੀ ਆਸ਼ਰਮ ਜੋ ਸ਼ਹਿਰ ਦੇ ਅੰਦਰ ਹੈ ਵਿੱਚ ਠਹਿਰੇ ਸਨ। ਇਸ ਆਸ਼ਰਮ ਨੂੰ ਅੱਜ ਕੱਲ੍ਹ ਗੁਰਦੁਆਰਾ ਪੂਰਬੀ ਟੋਲਾ ਆਖਿਆ ਜਾਂਦਾ ਹੈ। ਮੁਕਾਮੀ ਲੋਕਾਂ ਵਿੱਚ ਗੁਰਦੁਆਰਾ ਬੜੀ ਸੰਗਤ ਕਰਕੇ ਪ੍ਰਸਿੱਧ ਹੈ। ਇਹ ਗੁਰ-ਦੁਆਰਾ ਉਦਾਸੀਆਂ ਦੇ ਪ੍ਰਬੰਧ ਹੇਠ ਹੈ ਜਿਨ੍ਹਾਂ ਪੂਰੀ ਤਰ੍ਹਾਂ ਸਿੱਖ ਰਹਿਤ ਮਰਿਯਾਦਾ ਲਾਗੂ ਨਹੀਂ ਕੀਤੀ। ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿੱਚ ਕੋਈ ਗੁਰਦੁਆਰਾ ਸਥਾਪਤ ਨਹੀਂ ਕੀਤਾ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ ਅਤੇ ਆਮ ਤੌਰ 'ਤੇ ਸਵੇਰ ਸ਼ਾਮ ਸਹਿਜਧਾਰੀ ਹੀ ਆਉਂਦੇ ਹਨ।

ਪੁਸਤਕ ਸੂਚੀ:-
1. ਤਾਰਾ ਸਿੰਘ- ਸ੍ਰੀ ਗੁਰੂ ਤੀਰਥ ਸੰਗ੍ਰਹਿ, ਕਨਖੱਲ, 1975
2. ਠਾਕਰ ਸਿੰਘ ਗਿ.- ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923
3. ਹਰਬੰਸ ਸਿੰਘ (ਸੰ.)- ਦੀ ਸਿੱਖ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ, ਜਿਲਦ ਪਹਿਲੀ, ਪਟਿਆਲਾ, 1998
4. ਕਾਨ੍ਹ ਸਿੰਘ ਨਾਭਾ- ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990

## ਏਮਨਾਬਾਦ

ਏਮਨਾਬਾਦ, ਗੁਜਰਾਂਵਾਲੇ ਜ਼ਿਲ੍ਹੇ ਦਾ ਇਕ ਪੁਰਾਤਨ ਨਗਰ ਹੈ ਜੋ ਅੱਜ ਕੱਲ੍ਹ ਪਾਕਿਸਤਾਨ ਵਿੱਚ ਆਉਂਦਾ ਹੈ। ਏਮਨਾਬਾਦ ਦਾ ਅਕਸ਼ਾਸ਼ 320-2 ਅਤੇ ਰੇਖਾਸ਼ ਦੇਸ਼ਾਤਰ 740-16 ਹੈ। ਗੁਰੂ ਨਾਨਕ ਸਾਹਿਬ ਦੇ ਸਮੇਂ ਇਸ ਨੂੰ ਸੇਧਪੁਰ ਜਾਂ ਸਿਆਧਪੁਰ ਵੀ ਆਖਿਆ ਜਾਂਦਾ ਸੀ। ਇਹ ਨਗਰ ਗੁਜਰਾਂਵਾਲਾ ਤੋਂ 13 ਕਿਲੋਮੀਟਰ ਦੂਰ ਹੈ। ਗੁਰੂ ਨਾਨਕ ਸਾਹਿਬ ਦਾ ਪ੍ਰਮੁੱਖ ਸਿੱਖ ਭਾਈ ਲਾਲੋ ਇਸ ਥਾਂ ਦਾ ਰਹਿਣ ਵਾਲਾ ਸੀ। ਗੁਰੂ ਸਾਹਿਬ ਅਤੇ ਰਬਾਬੀ ਮਰਦਾਨਾ, ਇਸ ਨਗਰ ਕਈ ਵੇਰ ਆਏ। ਇਸੇ ਨਗਰ 'ਤੇ ਬਾਬਰ ਨੇ 1521 ਵਿੱਚ ਹਮਲਾ ਕੀਤਾ ਸੀ। ਹੋਰ ਲੋਕਾਂ ਤੋਂ ਇਲਾਵਾ ਗੁਰੂ ਨਾਨਕ ਸਾਹਿਬ ਨੂੰ ਵੀ ਕੈਦ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਸੀ। ਇਕ ਹੋਰ ਸੋਮੇ ਅਨੁਸਾਰ ਗੁਰੂ ਨਾਨਕ ਸਾਹਿਬ ਨੂੰ ਜੇਲ੍ਹ ਵਿੱਚ ਦਾਣੇ ਪੀਹਣ ਵਾਲੀ ਚੱਕੀ ਦਿੱਤੀ ਗਈ। ਏਮਨਾਬਾਦ ਸਿੱਖ ਰਾਜ ਹੇਠ ਉਦੋਂ ਆਇਆ ਜਦੋਂ ਸ. ਚੜ੍ਹਤ ਸਿੰਘ ਸ਼ੁਕਰਚਕੀਏ ਨੇ 1760 ਵਿੱਚ ਇਸ ਨੂੰ ਫ਼ਤਹਿ ਕੀਤਾ ਅਤੇ ਕੇਸਰੀ ਨਿਸ਼ਾਨ ਲਹਿਰਾਏ। ਇਸ ਨਗਰ ਵਿੱਚ ਗੁਰੂ ਨਾਨਕ ਸਾਹਿਬ ਦੀ ਯਾਦ ਵਿੱਚ ਤਿੰਨ ਗੁਰਦੁਆਰੇ ਸਥਾਪਤ ਕੀਤੇ ਗਏ ਹਨ ਜਿਨ੍ਹਾਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 28 ਫਰਵਰੀ 1922 ਤੋਂ 1947 ਤੱਕ ਕਰਦੀ ਰਹੀ ਹੈ।



ਗੁਰਦੁਆਰਾ ਰੋੜੀ ਸਾਹਿਬ

## ਏਮਨਾਬਾਦ

### (ੳ) ਗੁਰਦੁਆਰਾ ਰੋੜੀ ਸਾਹਿਬ:

ਇਹ ਗੁਰਦੁਆਰਾ ਸ਼ਹਿਰ ਗੁਜਰਾਂਵਾਲਾ ਤੋਂ ਉੱਤਰ ਪੱਛਮ ਵੱਲ ਡੇਢ ਕਿਲੋਮੀਟਰ ਦੂਰ ਹੈ। ਇਸ ਥਾਂ ਗੁਰੂ ਨਾਨਕ ਸਾਹਿਬ ਰੋੜਾਂ ਦੇ ਆਸਣ 'ਤੇ ਬਿਰਾਜੇ ਸਨ। ਇਥੇ ਹੀ ਬਾਬਰ ਦੀਆਂ ਫੌਜਾਂ ਨੇ 1521 ਵਿੱਚ ਗੁਰੂ ਸਾਹਿਬ ਨੂੰ ਕੈਦ ਕਰ ਲਿਆ ਸੀ। ਇਸ ਥਾਂ ਹੁਣ ਬਹੁਤ ਹੀ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਸੁੰਦਰ ਇਮਾਰਤ ਦੇ ਨਾਲ ਵਿਸ਼ਾਲ ਸਰੋਵਰ ਖਾਸ ਨਜ਼ਾਰਾ ਪੇਸ਼ ਕਰਦੇ ਹਨ। ਖ਼ਾਲਸਾ ਰਾਜ ਸਮੇਂ 5 ਹਜ਼ਾਰ ਦੀ ਸਾਲਾਨਾ ਜਗੀਰ ਤੋਂ ਛੁੱਟ 225 ਏਕੜ ਜ਼ਮੀਨ ਲੱਗੀ ਹੋਈ ਸੀ।

1947 ਵਿੱਚ ਜ਼ਨੂਨੀ ਹਜੂਮ ਨੇ ਕਈ ਮੰਜ਼ਿਲਾਂ ਉੱਚੀ ਇਮਾਰਤ ਨੂੰ ਅੱਗ ਲਗਾ ਕੇ ਤਬਾਹ ਕਰ ਦਿੱਤਾ ਸੀ। ਇਸ ਦੀ ਪ੍ਰਮੁੱਖ ਡਿਉਢੀ 'ਤੇ ਅੱਜ ਵੀ ਤਿੰਨ ਗੁੰਬਦ ਨਜ਼ਰੀਂ ਪੈਂਦੇ ਹਨ ਅਤੇ ਕੇਂਦਰੀ ਗੁੰਬਦ ਹੇਠਾਂ ਖ਼ੂਬਸੂਰਤ ਗੁਰਮੁੱਖੀ ਅੱਖਰਾਂ ਵਿੱਚ ਗੁਰਦੁਆਰਾ ਰੋੜੀ ਸਾਹਿਬ ਲਿਖਿਆ ਹੋਇਆ ਹੈ। ਸਭ ਤੋਂ ਹੇਠਾਂ ਖੱਬੇ ਹੱਥ ਵੱਲ ਇਕ ਕਮਰੇ ਦੇ ਬਾਹਰ ਹੁਣ ਵੀ ਗੁਰਮੁੱਖੀ ਵਿੱਚ ਕੜਾਹ ਪ੍ਰਸ਼ਾਦ ਲਿਖਿਆ ਹੋਇਆ ਹੈ। ਡਿਉਢੀ ਦੇ ਮੁੱਖ ਦਰਵਾਜ਼ੇ ਅੰਦਰ ਜਾਂਦਿਆਂ ਉਪਰ ਗੁਰਮੁੱਖੀ ਵਿੱਚ ਰੋੜਾ ਕੀ ਗੁਰ ਕੀਅ ਵਿਛਾਈ ਲਿਖਿਆ ਪਿਆ ਹੈ। ਰੋੜੀ ਸਾਹਿਬ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਵੀ ਵਾਰ ਪਹਿਲੀ (24) ਵਿੱਚ ਕੀਤਾ ਹੈ।

ਪਹਿਲਾਂ ਵਿਸਾਖੀ ਤੇ ਕੱਤਕ ਦੀ ਪੂਰਨਮਾਸ਼ੀ ਨੂੰ ਮੇਲੇ ਜੁੜਦੇ ਸਨ। ਹੁਣ ਕੇਵਲ ਵਿਸਾਖੀ ਨੂੰ ਮੇਲਾ ਮਨਾਇਆ ਜਾਂਦਾ ਹੈ। ਇਸ ਮੇਲੇ ਵਿੱਚ ਗੁਜਰਾਂਵਾਲੇ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋਕ ਹੁੰਮ-ਹੁਮਾ ਕੇ ਆਉਂਦੇ ਹਨ।

ਗੁਰਦੁਆਰੇ ਦੀ ਇਮਾਰਤ ਖਰਾਬ ਹੋ ਗਈ ਹੈ। ਪਿਛਲੇ ਵਰ੍ਹਿਆਂ ਵਿੱਚ ਪਾਕਿ-ਸਤਾਨ ਸਰਕਾਰ ਨੇ ਲੱਖਾਂ ਰੁਪਏ ਖਰਚ ਕਰਕੇ ਇਸ ਦੀ ਚਾਰ-ਦੀਵਾਰੀ ਕਰਵਾਈ ਹੈ। ਜਿਸ ਨਾਲ ਇਮਾਰਤ ਥੋੜ੍ਹੀ ਸੁਰੱਖਿਅਤ ਹੋ ਗਈ ਹੈ।

### (ਅ) ਗੁਰਦੁਆਰਾ ਚੱਕੀ ਸਾਹਿਬ:

ਗੁਰੂ ਨਾਨਕ ਸਾਹਿਬ ਨੂੰ ਬਾਬਰ ਨੇ ਕੈਦ ਕਰਕੇ ਇਥੇ ਚੱਕੀ ਪੀਹਣ ਦੀ ਮੁਸ਼ੱਕਤ ਲਾਈ ਸੀ। ਸਰਕਾਰੀ ਅਹਿਲਕਾਰਾਂ ਨੇ ਜਦੋਂ ਵੇਖਿਆ ਕਿ ਗੁਰੂ ਸਾਹਿਬ ਦੀ ਚੱਕੀ ਆਪੇ ਚੱਲ ਰਹੀ ਹੈ ਤਾਂ ਉਨ੍ਹਾਂ ਸਾਰੀ ਵਾਰਤਾ ਜਾ ਕੇ ਬਾਬਰ ਨੂੰ ਦੱਸੀ। ਬਾਬਰ ਨੇ ਆ ਕੇ ਗੁਰੂ ਸਾਹਿਬ ਨਾਲ ਗੱਲਬਾਤ ਕੀਤੀ ਅਤੇ ਗੁਰੂ ਸਾਹਿਬ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਗੁਰੂ ਸਾਹਿਬ ਦੇ ਕਹਿਣ 'ਤੇ ਹਜ਼ਾਰਾਂ ਕੈਦੀਆਂ ਨੂੰ ਰਿਹਾਅ ਕਰ ਦਿੱਤਾ।

ਇਸ ਥਾਂ ਜਿਥੇ ਗੁਰੂ ਸਾਹਿਬ ਚੱਕੀ ਚਲਾਉਂਦੇ ਰਹੇ, ਗੁਰਦੁਆਰਾ ਚੱਕੀ ਸਾਹਿਬ ਸੁਸ਼ੋਭਿਤ ਹੈ। ਅੱਜ ਵੀ ਉਹੀ ਬਾਬਰ ਸਮੇਂ ਦੇ ਕਮਰੇ ਮੌਜੂਦ ਹਨ। ਕੇਸਰੀ ਨਿਸ਼ਾਨ ਸਾਹਿਬ ਵਿਹੜੇ ਵਿੱਚ ਝੂਲ ਰਿਹਾ ਹੈ। ਇਸ ਗੁਰਦੁਆਰੇ ਨਾਲ 14 ਏਕੜ ਜ਼ਮੀਨ ਲੱਗੀ ਹੋਈ ਹੈ। ਵਿਸਾਖੀ ਨੂੰ ਭਾਰੀ ਜੋੜ-ਮੇਲਾ ਹੁੰਦਾ ਹੈ।

### ਗੁਰਦੁਆਰਾ ਖੂਹੀ ਭਾਈ ਲਾਲੋ:

ਭਾਈ ਲਾਲੋ ਸੈਦਪੁਰ ਏਮਨਾਬਾਦ ਨਿਵਾਸੀ ਇਕ ਤਰਖਾਣ ਸੀ। ਏਮਨਾਬਾਦ ਜਦੋਂ ਗੁਰੂ ਨਾਨਕ ਸਾਹਿਬ ਆਏ ਤਾਂ ਇਸ ਦੇ ਘਰ ਠਹਿਰੇ ਸਨ। ਇਥੇ ਹੀ ਗੁਰੂ ਸਾਹਿਬ ਨੇ ਮਲਕ ਭਾਗੋ ਦੇ ਮਾਲ੍ਹ ਪੂੜਿਆਂ ਵਿੱਚੋਂ ਲਹੂ ਅਤੇ ਭਾਈ ਲਾਲੋ ਦੀ ਰੋਟੀ ਵਿੱਚੋਂ ਦੁੱਧ ਸਿੰਮਣ ਦਾ ਕਰਤੱਵ ਕਰਕੇ ਲੋਕਾਂ ਨੂੰ ਗਿਆਨ ਬਖ਼ਸ਼ਿਆ ਸੀ।

ਗੁਰੂ ਸਾਹਿਬ ਜਿਥੇ ਠਹਿਰੇ ਸਨ, ਉਸੇ ਥਾਂ ਗੁਰਦੁਆਰਾ ਬਾਅਦ ਵਿੱਚ ਤਾਮੀਰ ਕੀਤਾ ਗਿਆ। ਜਿਸ ਖੂਹ ਵਿੱਚੋਂ ਗੁਰੂ ਸਾਹਿਬ ਨੇ ਪਾਣੀ ਪੀਤਾ ਉਹ ਅਜੇ ਤੱਕ ਮੌਜੂਦ ਹੈ। 1947 ਮਗਰੋਂ ਇਥੇ ਵੀ ਸ਼ਰਨਾਰਥੀ ਪਰਿਵਾਰ ਆਣ ਵੱਸਿਆ ਸੀ। 1989 ਵਿੱਚ ਸ. ਸੁਰਜੀਤ ਸਿੰਘ ਪਨੇਸਰ ਹੋਰਾਂ ਵਿਦੇਸ਼ੀ ਸੰਗਤ ਦੇ ਪੈਸੇ ਨਾਲ ਇਸ ਥਾਂ ਨੂੰ ਖਰੀਦ ਕੇ ਉਸਾਰੀ ਕੀਤੀ। ਹੁਣ ਇਸ ਖੂਹ ਨੂੰ ਬੜ੍ਹਾ ਬਣਾ ਕੇ ਬੰਦ ਕਰ ਦਿੱਤਾ ਹੈ ਅਤੇ ਉਸ ਦੇ ਕੋਲ ਇਕ ਹੋਰ ਖੂਹ ਬਣਾ ਕੇ ਉਸ ਉੱਤੇ ਇਕ ਖ਼ੂਬਸੂਰਤ ਛਤਰੀ ਬਣਾ ਦਿੱਤੀ ਹੈ। ਅਸਲ ਖੂਹ ਦੋ ਮੀਟਰ ਸੱਜੇ ਹੱਥ ਇਕ ਬੜ੍ਹੇ ਦੇ ਥੱਲੇ ਹੈ। ਆਸ ਹੈ ਪਾਕਿਸਤਾਨ ਸਰਕਾਰ ਆਉਂਦੇ ਸਮਿਆਂ ਵਿੱਚ ਇਹ ਗੁਰਦੁਆਰਾ ਸਿੱਖ ਸੰਗਤਾਂ ਦੇ ਦਰਸ਼ਨ-ਦੀਦਾਰੇ ਲਈ ਖੋਲ੍ਹ ਦੇਵੇਗੀ।

ਪੁਸਤਕ ਸੂਚੀ:-
(1) ਤਾਰਾ ਸਿੰਘ- ਸ੍ਰੀ ਗੁਰੂ ਤੀਰਥ ਸੰਗ੍ਰਹਿ, ਕਨਖੱਲ, 1975
(2) ਇਕਬਾਲ ਕੈਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998
(3) ਠਾਕਰ ਸਿੰਘ ਗਿ.- ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923
(4) ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990
(5) ਹਰਬੰਸ ਸਿੰਘ (ਸੰ.)- ਦੀ ਸਿੱਖ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996
(6) ਦਿਲਗੀਰ, ਹਰਜਿੰਦਰ ਸਿੰਘ (ਡਾ.)- ਦੀ ਸਿੱਖ ਰੈਫ਼ਰੈਂਸ ਬੁੱਕ, ਕੈਨੇਡਾ, 1997
(7) ਖ਼ਾਨ ਮੁਹੰਮਦ ਵੱਲੀ-ਉੱਲਾ ਖਾਨ- ਸਿੱਖ ਸ਼ਰਾਇਨਜ਼ ਇਨ ਵੈਸਟ ਪਾਕਿ-ਸਤਾਨ, ਲਾਹੌਰ, 1962

## ਸਸਰਾਮ

ਸਸਰਾਮ, ਬੰਗਾਲ ਦਾ ਇਕ ਨਗਰ ਹੈ। ਇਹ ਕਾਸ਼ੀ ਤੋਂ 45 ਕਿਲੋਮੀਟਰ ਦੂਰ ਅਤੇ ਕਲਕੱਤਾ ਤੋਂ 603 ਕਿਲੋਮੀਟਰ ਦੂਰ ਸਥਿਤ ਹੈ। ਇਸ ਪਿੰਡ ਵਿੱਚ ਨੌਵੇਂ ਨਾਨਕ ਗੁਰੂ ਤੇਗ਼ ਬਹਾਦਰ ਸਾਹਿਬ ਆ ਕੇ ਚਚਾ ਫੱਗੋ ਦੇ ਘਰ ਠਹਿਰੇ ਸਨ। ਇਸੇ ਥਾਂ ਹੁਣ ਇਤਿਹਾਸਕ ਗੁਰਦੁਆਰਾ ਵੱਡੀ ਸੰਗਤ ਕਰਕੇ ਪ੍ਰਸਿੱਧ ਹੈ। ਇਥੇ ਇਕ ਗੁਰੂ ਕਾ ਬਾਗ ਵੀ ਹੈ, ਜਿਥੇ ਗੁਰੂ ਸਾਹਿਬ ਨੇ ਆਪਣੇ ਮੁਬਾਰਕ ਕਦਮ ਪਾਏ ਹਨ। ਇਤਿਹਾਸ ਵਿੱਚ ਸਸਰਾਮ ਨੂੰ ਸਹਸਰਾਮ ਜਾਂ ਸਸਰਾਣ ਕਰਕੇ ਵੀ ਲਿਖਿਆ ਗਿਆ ਹੈ। ਹਿੰਦੁਸਤਾਨ ਦੇ ਗੈਜ਼ਟੀਅਰ ਵਿੱਚ ਇਸ ਦਾ ਨਾਂ ਸਹਸ੍ਰ-ਰਾਮ ਕਰਕੇ ਲਿਖਿਆ ਮਿਲਦਾ ਹੈ।

ਪੁਸਤਕ ਸੂਚੀ:-
1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

ਬਾਕੀ ਅਗਲੇ ਹਫ਼ਤੇ ਪੜ੍ਹੋ

## ਗਜ਼ਲ



ਹਰਭਜਨ ਸਿੰਘ ਬੈਂਸ

ਅੱਜ ਦੀ ਅਜ਼ਾਦੀ ਦਾ ਮਾਹੌਲ ਜੋ 'ਤਿਰੰਗਿਆ'।
ਇਹੋ ਜਿਹਾ ਦੌਰ ਤੈਥੋਂ ਕਦੋਂ ਸੀ ਉਮੰਗਿਆ ।

ਦੇਸ਼ ਦੀ ਆਜ਼ਾਦੀ ਦਾ ਨਿਘਾਰ ਇਵੇਂ ਦੇਖ ਦੇਖ,
ਚੰਗਿਆਂ 'ਚ ਗਿਣੇ ਜਾਣੇ ਕਿਵੇਂ ਨਾ ਤੂੰ ਸੰਗਿਆ ।

ਜਿਹੋ ਜਿਹਾ ਜਾਪ ਰਿਹੈਂ ਆਪਣੇ ਹਿਤੈਸ਼ੀਆਂ ਨੂੰ,
ਇਹੋ ਜਿਹਾ ਇਨ੍ਹਾਂ ਤੈਨੂੰ ਕਦੇਂ ਨੁਈਂ ਸੀ ਅੰਗਿਆ ।

ਆਪਣੀ ਪਛਾਣ ਵੀ ਨਾ ਤੈਨੂੰ ਭੁੱਲ ਜਾਵੇ ਕਿਤੇ,
ਤੇਰਿਆਂ ਦੁਰੰਗਿਆਂ ਨੇ ਐਸਾ ਤੈਨੂੰ ਰੰਗਿਆ ।

ਦੇਸ਼ ਦੀ ਅਜ਼ਾਦੀ ਜਾਪੇ 'ਮਾਫ਼ੀਏ' ਹਵਾਲੇ ਕੀਤੀ,
ਏਸ ਦੇ ਸੁਵਾਲੀਆਂ ਨੂੰ ਸੂਲੀ 'ਤੇ ਚਾ ਟੰਗਿਆ ।

'ਦੋਸ਼ੀਆਂ ਨੇ ਦੋਸ਼ ਮੜ੍ਹੇ ਸਦਾ ਹੀ ਬੇਦੋਸ਼ਿਆਂ 'ਤੇ,
'ਰੱਖਿਆ' ਕਾਨੂੰਨ ਜਦੋਂ ਰਾਖਿਆਂ ਨੇ ਭੰਗਿਆ ।

ਭੁੱਲਿਆ ਨਾ ਹੁੰਦਾ ਜਿਹੜਾ ਸ਼ਾਮੀਂ ਮੁੜ ਆਵੇ ਘਰ,
ਹਾਲੇ ਵੀ ਸੰਭਾਲ ਵੇਲਾ 'ਮੰਦਿਆਂ' ਲਈ ਚੰਗਿਆ।

## ਕਵਿਤਾ

ਸਾਡਾ ਭਾਵੇਂ ਕੱਖ ਨਾ ਰੱਖ
ਪਰ ਆਪਣੇ ਤੋਂ ਵੱਖ ਨਾ ਰੱਖ

ਦਿਲ ਦੇਣਾ ਸੀ ਦੇ ਛੱਡਿਆ
ਤੇਰੀ ਮਰਜ਼ੀ ਰੱਖ ਨਾ ਰੱਖ

ਡੱਕਣੀਆਂ ਨੇ ਤੇ ਸਾਹਵਾਂ ਡੱਕ
ਦੁਖਦੀ ਉੱਤੇ ਕੱਖ ਨਾ ਰੱਖ

ਵੇਖਣ 'ਤੇ ਪਾਬੰਦੀ ਨਈਂ
ਪਰ ਸਾਡੇ 'ਤੇ ਅੱਖ ਨਾ ਰੱਖ

ਨਾਜ਼ ਅਦਾਵਾਂ ਆਪਣੀ ਥਾਂ
ਹੱਦੋਂ ਬਹੁਤੀ ਦੱਖ ਨਾ ਰੱਖ

–ਬੁਸ਼ਰਾ ਨਾਜ਼

# ਕਾਵਿ ਕਿਆਰੀ

## ਨਕਲੀ ਅਕਲ

ਨਕਲੀ ਅਕਲ ਨੇ ਲੋਕਾਂ ਦੀ, ਅਕਲ ਹੈ ਐਸੀ ਮਾਰੀ,
ਜਿਸ ਦੇ ਚੱਕਰ ਦੇ ਵਿੱਚ ਦੁਨੀਆ, ਫਸ ਗਈ ਹੈ ਸਾਰੀ।

ਅਸਲੀ ਚੀਜ਼ ਹੁਣ ਨਕਲੀ, 'ਤੇ ਨਕਲੀ ਹੈ ਹੁਣ ਅਸਲੀ,
ਦੁੱਧ ਤੋਂ ਪਾਣੀ ਵੱਖ ਕਰਨ ਦੀ, ਵਧ ਗਈ ਹੈ ਦੁਸ਼ਵਾਰੀ।

ਪਛਾਣ ਨਹੀਂ ਹੁਣ ਹੁੰਦੇ ਚਿਹਰੇ, ਜੋ ਸੀ ਕਦੀ ਭੋਲੇ ਭਾਲੇ,
ਸ਼ਰਾਫਤੀ ਸੂਰਤਾਂ ਪਿੱਛੇ ਵੀ, ਹੁਣ ਛੁਪੀ ਮਿਲੇ ਮੱਕਾਰੀ।

ਹਰ ਬੰਦੇ ਨੂੰ ਆਪਣੇ 'ਤੇ ਵੀ, ਸ਼ੱਕ ਜਿਹਾ ਹੁਣ ਰਹਿੰਦਾ,
ਗੁਆ ਬੈਠੇ ਹਾਂ ਆਪਣੀ ਹੀ, ਕਦਰ 'ਤੇ ਕੀਮਤ ਸਾਰੀ।

ਕੌਣ ਕਿਸੇ ਨੂੰ ਕਿਵੇਂ ਵਰਤ ਗਿਆ, ਸਮਝ ਕੋਈ ਨਾ ਆਵੇ,
ਹਰੇਕ ਫਿਰੇ ਹੁਣ ਡਰਦਾ, ਮਤੇ ਆ ਜਾਏ ਉਸ ਦੀ ਵਾਰੀ।


ਧਾਂਕ ਜਿਨ੍ਹਾਂ ਦੀ ਸੀ ਕਦੀ ਜੱਗ ਵਿੱਚ, ਹੋ ਗਏ ਕੱਖੋਂ ਹੌਲੇ,
'ਏ ਆਈ' ਨੇ ਖੋਹ ਲਈ ਉਨ੍ਹਾਂ ਦੀ, ਖੱਟੀ ਸਭ ਸਰਦਾਰੀ।

ਸਮਝ ਨਹੀਂ ਇਹ ਸਾਰਾ ਚੱਕਰ, ਕਿੱਥੇ ਜਾ ਕੇ ਰੁਕਣਾ,
ਰੁਕਦੀ ਨਹੀਂ ਲੱਗਦੀ ਕਿਤੇ ਵੀ, ਨਹਿਸ਼ ਜਿਹੀ ਬੀਮਾਰੀ।

ਬਨਾਵਟ ਚਮਕੇ ਇੰਨੀ ਕਿ, ਹਕੀਕਤ ਧੁੰਦਲੀ ਪੈ ਗਈ,
ਕਿਵੇਂ ਇਹ ਸਾਬਤ ਹੋਵੇ ਕਿ, ਸੱਚ ਸਦਾ ਹੈ ਚਮਤਕਾਰੀ?

ਉਸਰ ਰਹੇ ਨੇ ਬਨਾਵਟੀ ਮੰਦਰ, ਬਹੁਤੇ ਥਾਈਂ ਥਾਈਂ,
ਜਿੱਥੇ ਪੂਜਿਆ ਜਾਂਦੈ ਹੁਣ, ਹਰ ਬੇਈਮਾਨ ਮਾਇਆਧਾਰੀ।

'ਏ ਆਈ' ਥੱਲੇ ਆਕੇ ਬੰਦੇ ਦੀ, ਹਾਈ ਹਾਈ ਹੁਣ ਨਿੱਕਲੂ,
ਬਣ ਜਾਣੀ ਹੈ ਬੜੀ ਜਲਦੀ, ਇਹ ਨਵੀਂ ਹੀ ਮਹਾਂਮਾਰੀ।



ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ ਯੂ ਕੇ

## ਦਿਵਾਲੀ



ਹਰਜਿੰਦਰ ਸਿੰਘ ਚੰਦੀ ਮਹਿਤਪੁਰ

ਅੰਦਰ ਘੁੱਪ ਹਨੇਰ ਤੇ ਦੀਪ ਦਿਵਾਲੀ ਦੇ
ਕੰਗਾਲੀ ਵਿਚ ਜਸ਼ਨ ਜਿਵੇਂ ਖੁਸ਼ਹਾਲੀ ਦੇ

ਖੁਦ ਨੂੰ ਰੋਸ਼ਨ ਤੱਕ ਨਹੀਂ, ਜੋ ਕਰ ਸਕਦੀ
ਫਾਇਦੇ ਕੀ ਹਰ ਵਾਰ ਘਾਲਣਾ ਘਾਲੀ ਦੇ

ਵਾਤਾਵਰਨ ਨੂੰ ਅੱਗ ਲਗਾ ਕੇ ਖੁਸ਼ ਹੋਵਣ
ਸਾਰਾ ਗਿਆਨ ਰੋੜ ਦਿੱਤਾ ਵਿਚ ਨਾਲੀ ਦੇ

ਉਸਨੇ ਦਾਤ ਬਣਾਈ ਸਭ ਤੋਂ ਸੋਹਣੀ ਸੀ
ਸਦਕੇ ਜਾਵਾ ਕੁਲ ਦੁਨੀਆਂ ਦੇ ਵਾਲੀ ਦੇ

ਕੀ ਲੈਣਾ ਉਸ ਇਸ ਬਣਾਉਟੀ ਚਾਨਣ ਤੋਂ
ਜੋ ਵਿਚ ਤਪਿਆ ਕੋਲਾ ਅੱਗ ਦੀ ਲਾਲੀ ਦੇ

ਸੱਚ ਦਾ ਬੂਟਾ ਝੂਠ ਨੇ ਮੁੱਢ ਤੋਂ ਪੱਟਣ ਲਈ
ਸਦਾ ਸੁਣਾਇਆ ਹੁਕਮ ਵੱਢੇ ਹੱਥ ਮਾਲੀ ਦੇ

ਦਿਵਾਲੀ ਦਿਲੋਂ ਮੁਬਾਰਕ ਚੰਦੀ, ਕਿੰਝ ਆਖੇ
ਜਿਸਦੇ ਰਜਵੀਂ ਰੋਟੀ ਨਹੀ , ਵਿਚ ਥਾਲੀ ਦੇ

### ਕਾਵਿ-ਰੰਗ


## ਫ਼ਲ

ਕਿਸੇ ਦਾ ਦੁੱਖ ਵੰਡਾਵਣਾ ਕੀ ਉਹਨਾਂ,
ਜਿਹੜੇ ਆਪ ਨੇ ਵਿਚ ਪ੍ਰੇਸ਼ਾਨੀਆਂ ਦੇ।
ਬਹੁਤਾ ਚਿਰ ਨਾ ਛੱਕਣ ਉਹ ਫ਼ਲ ਮਿੱਠੇ,
ਬੂਟੇ ਲਾਏ ਨੇ ਜਿਨ੍ਹਾਂ ਬੇਈਮਾਨੀਆਂ ਦੇ।
ਉਸ ਸਾਧ ਨੇ ਖਾਣੀ ਹੈ ਖ਼ਤਾ ਇੱਕ ਦਿਨ,
ਮਸਤ ਰਹੇ ਜੋ ਵਿਚ ਜਨਾਨੀਆਂ ਦੇ।
ਰੱਖਦਾ ਮਨ ਨੂੰ ਜੇ ਸਮਝਾ 'ਚੋਹਲਾ',
ਸਿੱਟੇ ਭੁਗਤਦਾ ਨਾ ਅੱਜ ਮਨਮਾਨੀਆਂ ਦੇ।



ਰਮੇਸ਼ ਬੱਗਾ ਚੋਹਲਾ

## ਅਖਾਣ ਪੱਥਰ 'ਤੇ ਲੀਕ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

'ਸੌ ਦਿਨ' ਚੋਰ ਦੇ ਹੁੰਦੇ ਨੇ ਬਹੁਤ ਭਾਵੇਂ
ਦਿਨ ਸਾਧ ਦਾ ਹੁੰਦਾ ਨਜ਼ਦੀਕ ਯਾਰੋ।
ਮਾਤਾ ਚੋਰ ਦੀ 'ਕੋਠੀ ਵਿਚ ਮੂੰਹ' ਰੱਖੇ
ਹੱਸੇ ਦੁਨੀਆਂ ਤੇ ਨਾਲ਼ ਸ਼ਰੀਕ ਯਾਰੋ।
ਖਾਂਦੇ ਚੋਰਾਂ ਨੂੰ ਹੁਬ ਹੁਬ ਕੇ ਦੇਖੀਏ ਨਾ
ਪੈ ਰਹੀ ਕੁੱਟ ਹੀ ਦੇਖਣੀ ਠੀਕ ਯਾਰੋ।
ਮਿਣਦੇ 'ਕੱਪੜੇ ਚੋਰੀ' ਦੇ ਨਾਲ਼ ਡਾਂਗਾਂ
ਆਵੇ ਯਾਦ ਜਦ ਨਿਕਲੇ ਚੀਕ ਯਾਰੋ।
ਇਹ 'ਅਖਾਣ' ਜੋ ਬੈਂਤ ਦੇ ਵਿਚ ਵਰਤੇ
ਝੂਠੇ ਨਹੀਂ ਇਹ ਪੱਥਰ 'ਤੇ ਲੀਕ ਯਾਰੋ।
ਚਲਦੀ 'ਬਾਬੇ ਦੀ ਚੱਕੀ' ਬੇਸ਼ੱਕ ਹੌਲੀ
ਪੀਂਹਦੀ ਹੁੰਦੀ ਐ ਬਹੁਤ ਬਰੀਕ ਯਾਰੋ !
-ਤਰਲੋਚਨ ਸਿੰਘ ਦੁਪਾਲ ਪੁਰ

**Last month Mr Ali Haider shared the rarely known poem of Hafeez Jalandhari (the author of National Anthem of Pakistan) on Maharaja Ranjit Singh from his rarely known work "Hindustan Humara". The original poem is in Urdu, and I have transliterated it in Gurmukhi and Roman script.**

"ਦਰਖਸ਼ਨ ਹੈ ਤਾਰੀਖ ਕੇ ਬਾਬ ਮੈਂ
ਸਿਤਾਰਾ ਯੇ ਚਮਕਾ ਥਾ ਪੰਜਾਬ ਮੇਂ
ਯੇ ਸਿਖਾਂ ਕਾ ਛੋਟਾ ਸਾ ਸਰਦਾਰ ਥਾ
ਮਗਰ ਰਾਜਾ ਏ ਰਾਜਗਨ ਬਨ ਗਿਆ
ਨਸੀਬ ਇਸਕਾ ਯਾਰ ਥਾ, ਹਿੰਮਤ ਬਲੰਦ
ਹੁਆ ਤਖ਼ਤ ਏ ਸ਼ਾਹੀ ਕਹਿ ਤੂੰ ਬਾਹਰਾ ਮੰਡ
ਕਿਆ ਮੁਲਖ ਅਖਿਆਰ ਕਹਿ ਨਈ ਪਾਕ ਹੈ
ਬਾਂਧੀ ਸਾਰਾ ਪੰਜਾਬ ਮੈਂ ਕੀ ਧਕ ਹੈ
ਇਰਾਦੁਨ ਮੇਂ ਹਿੰਮਤ ਥੀ, ਬਾਜ਼ੂ ਮੇਂ ਬੈਠਾ
ਨਿਹਾਇਤ ਹੀ ਖ਼ੂਬੀ ਕਹਿ ਕੀ ਸਲਤਨਤ
ਬਾਰਾ ਨਾਇਕ ਥਾ, ਨਾਇਕ ਕੁਰਦਾਰ ਥਾ
ਗੁਰੂ ਕੀ ਮੁਹੱਬਤ ਮੇਂ ਸਰਸ਼ਾਰ ਥਾ
ਯੇ ਰਾਜਾ ਹੂਆ ਹੈ ਬ੍ਰਾ ਸੁੰਦਰ
ਬਹਾਦੁਰ-ਦਿਲਾਵਰ-ਜਰੀ-ਸ਼ਹਿਸਾਵਰ
ਜਿਗਰ ਕਹਿੰਦਾ ਸ਼ੇਰੋਂ ਕਾ ਵੀ ਆਬ ਥਾ
ਹਕੀਕਤ ਮੇਂ ਯੇ ਸ਼ੇਰ ਏ ਪੰਜਾਬ ਥਾ
ਬਾਰੀ ਸ਼ਾਨ ਵਾਲਾ ਰਣਜੀਤ ਸਿੰਘ
ਦਿਲੋਂ ਕਾ ਉਜਾਲਾ ਤੇ ਰਣਜੀਤ ਸਿੰਘ
ਹੁਆ ਫਿਰ ਨਾ ਕੋਇ ਭੀ ਐਸਾ ਦਲੇਰ
ਕਰੈ ਮੁਲਖ ਕੇ ਦੁਸ਼ਮਨ ਕੋ ਜੋ ਜਾਇਰ ॥
ਹੁਆ ਹੈ ਕੈ ਮਰਨੈ ਕਹਿ ਭਾਰਤ ਤਬਹ
ਨਾ ਰਾਜਾ ਰਾਹਾ ਕੋਈ ਬਾਕੀ ਨਾ ਸ਼ਾਹ
ਬੇਕ ਘਰਦਸ਼ ਏ ਚਰਖ ਏ ਨੀਲੋਫਰੀ
ਨਾ ਕੈਸਰ ਬਾਜਾ ਮਨਦ ਨ ਕੈਸਾਰੀ"

# 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਦਿੱਲੀ ਵਿਚ ਸੈਮੀਨਾਰ ਆਯੋਜਿਤ

## ✪ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਦਾ ਮਤਾ ਪਾਸ, ਐਡਵੋਕੇਟ ਧਾਮੀ ਸਮੇਤ ਹੋਰ ਸ਼ਖ਼ਸੀਅਤਾਂ ਵੀ ਹੋਈਆਂ ਸ਼ਾਮਲ

ਅੰਮ੍ਰਿਤਸਰ-ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਲੀ ਵਿਖੇ ਕਰਵਾਏ ਗਏ ਵਿਸ਼ਾਲ ਸੈਮੀਨਾਰ ਦੌਰਾਨ ਬੰਦੀ ਸਿੰਘਾਂ ਦੀ ਰਿਹਾਈ ਦੀ ਜ਼ੋਰਦਾਰ ਮੰਗ ਕਰਦਾ ਮਤਾ ਪੇਸ਼ ਕੀਤਾ ਗਿਆ, ਜਿਸ ਨੂੰ ਹਾਜ਼ਰੀਨ ਨੇ ਹੱਥ ਖੜ੍ਹੇ ਕਰਕੇ ਤੇ ਜੈਕਾਰੇ ਲਗਾ ਕੇ ਸਮਰਥਨ ਦਿੱਤਾ।



ਇੰਡੀਆ ਹੈਬੀਟੈਟ ਸੈਂਟਰ ਦੇ ਸਟੇਨ ਆਡੀਟੋਰੀਅਮ ਵਿਖੇ 'ਗੁਰੂ ਤੇਗ ਬਹਾਦਰ ਸਾਹਿਬ ਜੀ ਧਰਮ ਦੀ ਚਾਦਰ' ਵਿਸ਼ੇ 'ਤੇ ਕਰਵਾਏ ਗਏ, ਇਸ ਸੈਮੀਨਾਰ 'ਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬਾਬਾ ਦਵਿੰਦਰ ਸਿੰਘ ਬਡੂ ਸਾਹਿਬ ਅਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸੰਬੋਧਨ ਕੀਤਾ, ਜਦਕਿ ਪ੍ਰਸਿੱਧ ਵਿਦਵਾਨ ਡਾ. ਜਸਪਾਲ ਸਿੰਘ ਸਾਬਕਾ ਵਾਈਸ ਚਾਂਸਲਰ, ਡਾ. ਮਨਮੋਹਨ ਸਿੰਘ ਸਾਬਕਾ ਆਈਪੀਐਸ, ਸਾਬਕਾ ਸਫ਼ੀਰ ਕੇਸੀ ਸਿੰਘ, ਪ੍ਰੋ. ਹਿਮਾਦਰੀ ਬੈਨਰਜੀ, ਡਾ. ਪਰਮਵੀਰ ਸਿੰਘ, ਪ੍ਰੋ. ਰਾਜ ਕੁਮਾਰ ਹੰਸ, ਪ੍ਰੋ. ਧਰਮ ਸਿੰਘ ਅਤੇ ਡਾ. ਹਰਿੰਦਰ ਸਿੰਘ ਨੇ ਆਪਣੇ ਖੋਜ ਭਰਪੂਰ ਪਰਚੇ ਪੜ੍ਹੇ।

ਇਸ ਮੌਕੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦੂਜਿਆਂ ਦੇ ਧਰਮ ਦੀ ਰੱਖਿਆ ਲਈ ਸ਼ਹਾਦਤ ਦਿੱਤੀ, ਜੋ ਦੁਨੀਆ ਦੇ ਇਤਿਹਾਸ ਵਿੱਚ ਮਿਸਾਲੀ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਇਸ ਕੁਰਬਾਨੀ ਸਦਕਾ ਹੀ ਭਾਰਤ ਦਾ ਸੱਭਿਆਚਾਰ ਜਿੰਦਾ ਹੈ। ਦਿੱਲੀ ਅੰਦਰ ਲਾਲ ਕਿਲ੍ਹੇ 'ਤੇ ਦੇਸ਼ ਦਾ ਝੰਡਾ ਸਿੱਖ ਗੁਰੂਆਂ ਦੀ ਕੁਰਬਾਨੀ ਕਰਕੇ ਹੈ। ਉਨ੍ਹਾਂ ਕਿਹਾ ਕਿ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਧਰਮਾਂ ਦੀ ਅਜ਼ਾਦੀ ਤੇ ਮਨੁੱਖੀ ਹੱਕਾਂ ਦੀ ਰਖਵਾਲੀ ਲਈ ਸੀ ਪਰ ਦੁਖਦ ਪਹਿਲੂ ਇਹ ਹੈ ਕਿ ਅੱਜ ਆਪਣੇ ਹੀ ਦੇਸ਼ ਅੰਦਰ ਸਿੱਖਾਂ ਨਾਲ ਅਨਿਆਂ ਕੀਤਾ ਜਾ ਰਿਹਾ ਹੈ। ਸਿੱਖ ਬੰਦੀਆਂ ਨੂੰ ਤਿੰਨ ਦਹਾਕੇ ਜੇਲ੍ਹਾਂ ਕੱਟਣ ਬਾਅਦ ਵੀ ਰਿਹਾਅ ਨਹੀਂ ਕੀਤਾ ਜਾ ਰਿਹਾ। ਐਡਵੋਕੇਟ ਧਾਮੀ ਨੇ ਕਿਹਾ ਕਿ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਕੋਈ ਭੀਖ ਨਹੀਂ ਹੈ, ਸਗੋਂ ਇਹ ਸੰਵਿਧਾਨ ਅਨੁਸਾਰ ਹੱਕੀ ਮੰਗ ਹੈ, ਇਸ ਲਈ ਸਰਕਾਰ ਰਿਹਾਈ ਦਾ ਤੁਰੰਤ ਐਲਾਨ ਕਰੇ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਦਿੱਲੀ ਵਿਖੇ ਵਿਸ਼ੇਸ਼ ਸੈਮੀਨਾਰ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਉਸ ਵੇਲੇ ਦੀ ਮਜ਼ਲੂਮ ਧਿਰ ਦੇ ਤਿਲਕ ਤੇ ਜੰਞੂ ਦੀ ਰੱਖਿਆ ਲਈ ਆਪਣੀ ਸ਼ਹਾਦਤ ਦੇ ਕੇ ਧਾਰਮਿਕ ਅਜ਼ਾਦੀ ਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਦਾ ਵਿਲੱਖਣ ਸੰਦੇਸ਼ ਦਿੱਤਾ, ਜੋ ਸਾਰੀ ਮਨੁੱਖਤਾ ਲਈ ਪ੍ਰੇਰਨਾ ਸਰੋਤ ਹੈ। ਪਰੰਤੂ ਅੱਜ 350 ਸਾਲ ਬਾਅਦ ਜਦੋਂ ਅਸੀਂ ਇਸੇ ਦਿੱਲੀ ਦੀ ਧਰਤੀ ਜਿੱਥੇ ਗੁਰੂ ਸਾਹਿਬ ਜੀ ਨੂੰ ਸ਼ਹੀਦ ਕੀਤਾ ਗਿਆ ਸੀ ਵਿਖੇ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਯਾਦ ਕਰ ਰਹੇ ਹਾਂ ਤਾਂ ਇਹ ਦੁਖਦਾਈ ਹੈ ਕਿ ਸਾਡੇ ਬੰਦੀ ਸਿੰਘ ਅਜੇ ਤੱਕ ਤਿਹਾੜ, ਪਟਿਆਲਾ ਅਤੇ ਬੁੜੈਲ ਜੇਲ੍ਹਾਂ ਵਿੱਚ ਕੈਦ ਹਨ।

ਮਨੁੱਖੀ ਅਧਿਕਾਰਾਂ ਦੇ ਮੱਦੇਨਜ਼ਰ ਕੇਂਦਰ ਸਰਕਾਰ ਦੀ ਇਹ ਜਿੰਮੇਵਾਰੀ ਬਣਦੀ ਹੈ ਕਿ ਉਹ ਬੰਦੀ ਸਿੰਘਾਂ ਦੀ ਰਿਹਾਈ ਕਰਕੇ ਗੁਰੂ ਸਾਹਿਬ ਨੂੰ ਸਤਿਕਾਰ ਦੇਵੇ। ਜਥੇਦਾਰ ਨੇ ਸਰਕਾਰਾਂ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਤੇ ਸੰਸਥਾਵਾਂ ਵਿੱਚ ਕੀਤੀ ਜਾ ਰਹੀ ਦਖਲਅੰਦਾਜ਼ੀ ਦੀ ਵੀ ਅਲੋਚਨਾ ਕੀਤੀ। ਉਨ੍ਹਾਂ ਆਖਿਆ ਕਿ ਗੁਰਦੁਆਰੇ ਸਿੱਖੀ ਦੇ ਪ੍ਰਚਾਰ ਕੇਂਦਰ ਹਨ ਅਤੇ ਉਨ੍ਹਾਂ ਦਾ ਪ੍ਰਬੰਧ ਸਰਕਾਰੀ ਨੁਮਾਇੰਦਿਆਂ ਕੋਲ ਨਹੀਂ, ਪੰਥਕ ਹੱਥਾਂ ਵਿੱਚ ਹੀ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਆਪਣੇ ਧਾਰਮਿਕ ਮਾਮਲਿਆਂ ਵਿੱਚ ਕਿਸੇ ਵੀ ਤਰ੍ਹਾਂ ਦਾ ਰਾਜਸੀ ਦਖ਼ਲ ਬਰਦਾਸ਼ਤ ਨਹੀਂ ਕਰੇਗੀ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਿੱਖ ਕੌਮ ਦਾ ਇਤਿਹਾਸ ਬੇਮਿਸਾਲ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ, ਜਿਸ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਅਹਿਮ ਹੈ। ਉਨ੍ਹਾਂ ਕਿਹਾ ਕਿ ਜੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਸ਼ਹਾਦਤ ਨਾ ਦਿੱਤੀ ਹੁੰਦੀ ਤਾਂ ਦੇਸ਼ ਦੇ ਹਾਲਾਤ ਕੁਝ ਹੋਰ ਹੀ ਹੁੰਦੇ। ਬਾਦਲ ਨੇ ਆਖਿਆ ਕਿ ਸਿੱਖ ਕੌਮ ਹਮੇਸ਼ਾ ਆਪਣੇ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਤੋਂ ਪ੍ਰੇਰਨਾ ਲੈ ਕੇ ਮਾਨਵਤਾ ਲਈ ਅੱਗੇ ਰਹਿੰਦੀ ਹੈ। ਦੇਸ਼ ਦੀ ਅਜ਼ਾਦੀ ਦੀ ਲੜਾਈ ਵਿੱਚ ਸਭ ਤੋਂ ਵੱਧ ਕੁਰਬਾਨੀਆਂ ਸਿੱਖਾਂ ਵੱਲੋਂ ਹੀ ਦਿੱਤੀਆਂ ਗਈਆਂ, ਜਿਸ ਦਾ ਆਧਾਰ ਗੁਰੂ ਸਾਹਿਬਾਨ ਦੇ ਆਦਰਸ਼ਾਂ 'ਤੇ ਹੀ ਟਿਕਿਆ ਹੈ। ਪਰੰਤੂ ਦੁੱਖ ਦੀ ਗੱਲ ਹੈ ਕਿ ਜਿਸ ਸਿੱਖ ਕੌਮ ਨੇ ਦੇਸ਼ ਲਈ ਕੁਰਬਾਨੀਆਂ ਦਿੱਤੀਆਂ, ਉਸ ਦੀਆਂ ਮਹਾਨ ਸੰਸਥਾਵਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀ ਤਾਕਤ ਗੁਰਮਤਿ ਦੀ ਪ੍ਰੇਰਨਾ ਅਤੇ ਕੌਮੀ ਏਕਤਾ ਵਿੱਚ ਹੈ। ਜਦ ਤੱਕ ਸਿੱਖ ਕੌਮ ਗੁਰੂ ਸਾਹਿਬਾਨ ਦੇ ਅਸੂਲਾਂ 'ਤੇ ਡਟੀ ਰਹੇਗੀ, ਕੋਈ ਤਾਕਤ ਉਸ ਨੂੰ ਕਮਜ਼ੋਰ ਨਹੀਂ ਕਰ ਸਕਦੀ। ਉਨ੍ਹਾਂ ਗੁਰੂ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਰੱਖੇ ਸਮਾਗਮਾਂ ਵਿੱਚ ਸੰਗਤ ਨੂੰ ਵੱਧ ਤੋਂ ਵੱਧ ਸ਼ਮੂਲੀਅਤ ਦੀ ਅਪੀਲ ਕੀਤੀ।

# ਮੁੱਖ ਮੰਤਰੀ ਭਗਵੰਤ ਮਾਨ ਦੀ ਇਤਰਾਜ਼ਯੋਗ ਵੀਡੀਓ ਵਾਇਰਲ ਹੋਈ

## ✪ ਮੁਹਾਲੀ ਵਿਚ ਮਾਮਲਾ ਦਰਜ ✪ ਪੁਲਿਸ ਨੇ ਵੀਡੀਓ ਨੂੰ ਝੂਠੀ ਦਸਿਆ

ਐੱਸ. ਏ. ਐੱਸ. ਨਗਰ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਇਤਰਾਜ਼ਯੋਗ ਵੀਡੀਓਜ਼ ਨੂੰ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ ਦੇ ਮਾਮਲੇ ਵਿਚ ਮੁਹਾਲੀ ਸਥਿਤ ਸਟੇਟ ਸਾਈਬਰ ਕ੍ਰਾਈਮ ਥਾਣੇ ਵਿਚ ਗੰਭੀਰ ਧਾਰਾਵਾਂ ਹੇਠ ਮਾਮਲਾ ਦਰਜ ਕੀਤਾ ਗਿਆ ਹੈ। ਇਹ ਕਾਰਵਾਈ ਇੰਸਪੈਕਟਰ ਗਗਨਪ੍ਰੀਤ ਸਿੰਘ ਦੀ ਸ਼ਿਕਾਇਤ 'ਤੇ ਕੀਤੀ ਗਈ ਹੈ, ਜਿਸ ਨੇ ਸੋਸ਼ਲ ਮੀਡੀਆ ਮਾਨੀਟਰਿੰਗ ਸੈੱਲ ਦੀ ਰਿਪੋਰਟ ਦੇ ਆਧਾਰ 'ਤੇ ਇਹ ਮਾਮਲਾ ਦਰਜ ਕਰਵਾਇਆ ਹੈ। ਸ਼ਿਕਾਇਤ ਅਨੁਸਾਰ ਕੈਨੇਡਾ ਅਧਾਰਿਤ ਜਗਮਨ ਸਮਰਾ ਨਾਂਅ ਦੇ ਵਿਅਕਤੀ ਨੇ ਆਪਣੇ ਫੇਸਬੁੱਕ ਅਕਾਊਂਟ ਤੋਂ ਮੁੱਖ ਮੰਤਰੀ ਦੇ ਅਕਸ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਅੱਠ ਵੀਡੀਓਜ਼ ਪੋਸਟ ਕੀਤੀਆਂ ਸਨ। ਵੀਡੀਓ ਦੇ ਨਾਲ ਉਸ ਨੇ ਲਿਖਿਆ ਕਿ ਇਹ ਤਾਂ ਸਿਰਫ਼ ਟ੍ਰੇਲਰ ਹੈ, ਹੋਰ ਵੀ ਕਈ ਵੀਡੀਓ ਹਨ। ਉਸ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਜਿਹੜਾ ਸਾਬਤ ਕਰ ਦੇਵੇ ਕਿ ਇਹ ਵੀਡੀਓ ਏ.ਆਈ. ਨਾਲ ਬਣੀਆਂ ਹਨ, ਉਸ ਨੂੰ 10 ਲੱਖ ਡਾਲਰ ਇਨਾਮ ਦਿੱਤਾ ਜਾਵੇਗਾ।



ਪੁਲਿਸ ਦੀ ਸ਼ੁਰੂਆਤੀ ਜਾਂਚ ਵਿਚ ਇਹ ਸੰਕੇਤ ਮਿਲੇ ਹਨ ਕਿ ਇਹ ਵੀਡੀਓਜ਼ ਏ.ਆਈ. (ਨਕਲੀ ਬੁੱਧੀ) ਤਕਨੀਕ ਨਾਲ ਤਿਆਰ ਕੀਤੀਆਂ ਗਈਆਂ ਹੋ ਸਕਦੀਆਂ ਹਨ। ਪੁਲਿਸ ਮੁਤਾਬਕ ਇਹ ਵੀਡੀਓ ਨਫ਼ਰਤ ਫੈਲਾਉਣ ਤੇ ਸਮਾਜਿਕ ਸਦਭਾਵਨਾ ਨੂੰ ਖ਼ਰਾਬ ਕਰਨ ਲਈ ਪੋਸਟ ਕੀਤੀਆਂ ਗਈਆਂ ਹਨ। ਇਸ ਦਾ ਵਿਸ਼ਾ ਅਸ਼ਲੀਲ, ਭੜਕਾਊ ਤੇ ਕਾਨੂੰਨ ਵਿਰੁੱਧ ਹੈ।

ਪੋਸਟ ਪਾਉਣ ਵਾਲੇ ਨੇ ਇਹ ਵੀ ਦਾਅਵਾ ਕੀਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਮੁੰਬਈ ਦੇ ਇਕ ਹੋਟਲ ਵਿਚ ਰੂਸੀ ਔਰਤਾਂ ਅਤੇ ਉਦਯੋਗਪਤੀਆਂ ਨਾਲ ਮਿਲ ਰਹੇ ਸਨ। ਇਸ ਤੋਂ ਇਲਾਵਾ ਉਸ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪੁਰਾਣੀ ਵੀਡੀਓ ਨੂੰ ਲੈ ਕੇ ਵੀ ਵਿਵਾਦਤ ਟਿੱਪਣੀ ਕੀਤੀ ਅਤੇ ਉਨ੍ਹਾਂ ਨੂੰ ਨਕਲੀ ਸਾਬਤ ਕਰਨ 'ਤੇ ਪੰਜ ਕਰੋੜ ਰੁਪਏ ਦਾ ਇਨਾਮ ਦੇਣ ਦੀ ਗੱਲ ਕਹੀ। ਜਗਮਨ ਸਮਰਾ ਦੇ ਦੋ ਐਕਟਿਵ ਸੋਸ਼ਲ ਮੀਡੀਆ ਅਕਾਊਂਟ ਮਿਲੇ ਹਨ। ਇਕ ਵਿਚ ਉਸ ਨੇ ਆਪਣੇ ਆਪ ਨੂੰ ਬਲੂਬੇਰੀ ਉਗਾਉਣ ਵਾਲਾ ਅਤੇ ਸੰਗਰੂਰ ਦੇ ਰਣਵੀਰ ਕਾਲਜ ਤੋਂ ਅੰਗਰੇਜ਼ੀ ਵਿਚ ਐਮ.ਏ. ਕੀਤਾ ਹੋਇਆ ਦਰਸਾਇਆ ਹੈ। ਇਸ ਅਕਾਊਂਟ 'ਤੇ 33 ਹਜ਼ਾਰ ਦੇ ਕਰੀਬ ਫਾਲੋਅਰ ਹਨ।

ਦੂਜੇ ਅਕਾਊਂਟ ਵਿਚ ਉਸ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੜ੍ਹਾਈ ਕਰਨ ਦਾ ਦਾਅਵਾ ਕੀਤਾ ਹੈ ਅਤੇ ਆਪਣੇ ਆਪ ਨੂੰ ਵੈਨਕੂਵਰ (ਕੈਨੇਡਾ) ਦਾ ਰਹਿਣ ਵਾਲਾ ਦੱਸਿਆ ਹੈ। ਇਸ ਅਕਾਊਂਟ 'ਤੇ ਵੀ 32 ਹਜ਼ਾਰ ਤੋਂ ਵੱਧ ਫਾਲੋਅਰ ਹਨ। ਪੁਲਿਸ ਨੇ ਵੀਡੀਓਜ਼ ਪਾਉਣ ਵਾਲੇ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਿਸ ਹੁਣ ਡਿਜ਼ੀਟਲ ਸਬੂਤਾਂ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਅਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਵੀਡੀਓ ਕਿੱਥੋਂ ਬਣੀਆਂ ਅਤੇ ਕਿਸ ਮਕਸਦ ਨਾਲ ਵਾਇਰਲ ਕੀਤੀਆਂ ਗਈਆਂ।

# ਬਹੁਤ ਖਤਰਨਾਕ ਹਨ ਟੋਮਾਹਾਕ ਮਿਜ਼ਾਈਲਾਂ, ਬਦਲ ਸਕਦੀਆਂ ਨੇ ਜੰਗ ਦਾ ਦ੍ਰਿਸ਼

## ✪ ਯੂਕਰੇਨ ਨੂੰ ਟੋਮਾਹਾਕ ਮਿਜ਼ਾਈਲਾਂ ਦੇਣ ਤੋਂ ਇਨਕਾਰੀ ਅਮਰੀਕਾ ✪ ਜ਼ੇਲੇਂਸਕੀ ਦੀ ਟਰੰਪ ਨਾਲ ਹੋਈ ਮੁਲਾਕਾਤ

ਖਾਸ ਖਬਰ

ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਬੀਤੇ ਦਿਨੀਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਵ੍ਹਾਈਟ ਹਾਊਸ ਵਿੱਚ ਮੁਲਾਕਾਤ ਕੀਤੀ ਸੀ। ਇਸ ਦੌਰਾਨ, ਜ਼ੇਲੇਂਸਕੀ ਨੇ ਗਾਜ਼ਾ ਵਿੱਚ ਹੋਈ ਜੰਗਬੰਦੀ ਅਤੇ ਬੰਧਕਾਂ ਦੀ ਰਿਹਾਈ 'ਤੇ ਟਰੰਪ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਟਰੰਪ ਕੋਲ ਹੁਣ ਰੂਸ-ਯੂਕਰੇਨ ਜੰਗ ਨੂੰ ਰੋਕਣ ਦਾ ਵਧੀਆ ਮੌਕਾ ਹੈ। ਪਰ ਟਰੰਪ ਨੇ ਸੰਕੇਤ ਦਿੱਤਾ ਕਿ ਉਹ ਯੂਕਰੇਨ ਨੂੰ ਲੰਬੀ ਦੂਰੀ ਦੀਆਂ ਟੋਮਾਹਾਕ ਕਰੂਜ਼ ਮਿਜ਼ਾਈਲਾਂ ਵੇਚਣ ਲਈ ਤਿਆਰ ਨਹੀਂ ਹਨ, ਜਿਨ੍ਹਾਂ ਦੀ ਯੂਕਰੇਨ ਨੂੰ ਸਖਤ ਜ਼ਰੂਰਤ ਹੈ। ਜ਼ੇਲੇਂਸਕੀ ਆਪਣੇ ਸਹਾਇਕਾਂ ਨਾਲ ਟਰੰਪ ਨਾਲ ਦੁਪਹਿਰ ਦੇ ਖਾਣੇ 'ਤੇ ਨਵੀਂ ਸਥਿਤੀ 'ਤੇ ਚਰਚਾ ਕਰਨ ਪਹੁੰਚੇ ਸਨ। ਇਸ ਮੁਲਾਕਾਤ ਤੋਂ ਇੱਕ ਦਿਨ ਪਹਿਲਾਂ, ਟਰੰਪ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵਿਚਕਾਰ ਲੰਬੀ ਫੋਨ ਗੱਲਬਾਤ ਹੋਈ ਸੀ, ਜਿਸ ਵਿੱਚ ਜੰਗ ਦਾ ਮੁੱਦਾ ਮੁੱਖ ਸੀ।

ਟੋਮਾਹਾਕ ਮਿਜ਼ਾਈਲਾਂ ਦੀ ਮੰਗ ਅਤੇ ਰੂਸ ਦੀ ਚਿਤਾਵਨੀ-2022 ਵਿੱਚ ਰੂਸ ਦੇ ਹਮਲੇ ਤੋਂ ਬਾਅਦ, ਯੂਕਰੇਨ ਨੇ ਕਈ ਵਾਰ ਲੰਬੀ ਰੇਂਜ ਵਾਲੀਆਂ ਮਿਜ਼ਾਈਲਾਂ ਦੀ ਮੰਗ ਕੀਤੀ ਸੀ। ਇਹ ਮਿਜ਼ਾਈਲਾਂ ਯੂਕਰੇਨ ਨੂੰ ਰੂਸੀ ਸ਼ਹਿਰਾਂ ਅਤੇ ਫਰੰਟ ਲਾਈਨ ਤੋਂ ਦੂਰ ਨਿਸ਼ਾਨਿਆਂ 'ਤੇ ਹਮਲਾ ਕਰਨ ਦੀ ਤਾਕਤ ਦੇ ਸਕਦੀਆਂ ਹਨ। ਅਮਰੀਕਾ ਦੀਆਂ ਟੋਮਾਹਾਕ ਮਿਜ਼ਾਈਲਾਂ ਦੀ ਰੇਂਜ 2,500 ਕਿਲੋਮੀਟਰ ਤੱਕ ਹੈ, ਜੋ ਯੂਕਰੇਨ ਤੋਂ ਮਾਸਕੋ ਨੂੰ ਨਿਸ਼ਾਨਾ ਬਣਾ ਸਕਦੀਆਂ ਹਨ। ਇਹ ਮਿਜ਼ਾਈਲਾਂ ਸਬਸੋਨਿਕ ਸਪੀਡ 'ਤੇ ਉੱਡਦੀਆਂ ਹਨ, ਪਰ ਜ਼ਮੀਨ ਤੋਂ ਸਿਰਫ਼ 10 ਮੀਟਰ ਦੀ ਉਚਾਈ 'ਤੇ ਰਹਿਣ ਕਾਰਨ ਇਨ੍ਹਾਂ ਨੂੰ ਰੋਕਣਾ ਮੁਸ਼ਕਲ ਹੁੰਦਾ ਹੈ। ਇਨ੍ਹਾਂ ਦਾ ਅਡਵਾਂਸਡ ਨੈਵੀਗੇਸ਼ਨ ਸਿਸਟਮ ਸਟੀਕ ਨਿਸ਼ਾਨੇਬਾਜ਼ੀ ਦੀ ਸਮਰੱਥਾ ਦਿੰਦਾ ਹੈ। ਪਰ ਰੂਸ ਨੇ ਚਿਤਾਵਨੀ ਦਿੱਤੀ ਹੈ ਕਿ ਅਜਿਹੀਆਂ ਮਿਜ਼ਾਈਲਾਂ ਦੀ ਸਪਲਾਈ ਨਾਲ ਜੰਗ ਵਿੱਚ ਵੱਡਾ ਵਾਧਾ ਹੋਵੇਗਾ ਅਤੇ ਅਮਰੀਕਾ-ਰੂਸ ਸਬੰਧ ਹੋਰ ਖਰਾਬ ਹੋਣਗੇ।




ਟੋਮਾਹਾਕ ਮਿਜ਼ਾਈਲਾਂ ਦੀਆਂ ਤਕਨੀਕੀ ਰੁਕਾਵਟਾਂ-ਯੂਕਰੇਨ ਨੂੰ ਟੋਮਾਹਾਕ ਮਿਜ਼ਾਈਲਾਂ ਦੀ ਸਪਲਾਈ ਵਿੱਚ ਸਭ ਤੋਂ ਵੱਡੀ ਸਮੱਸਿਆ ਢੁਕਵਾਂ ਲਾਂਚ ਪਲੈਟਫਾਰਮ ਹੈ। ਇਹ ਮਿਜ਼ਾਈਲਾਂ ਮੁੱਖ ਤੌਰ 'ਤੇ ਸਮੁੰਦਰੀ ਜਹਾਜ਼ਾਂ ਅਤੇ ਸਬਮਰੀਨਾਂ ਤੋਂ ਲਾਂਚ ਕੀਤੀਆਂ ਜਾਂਦੀਆਂ ਹਨ, ਪਰ ਯੂਕਰੇਨ ਕੋਲ ਅਜਿਹੇ ਜਹਾਜ਼ ਨਹੀਂ ਹਨ। ਅਮਰੀਕਾ ਨੇ ਹਾਲ ਹੀ ਵਿੱਚ ਜ਼ਮੀਨੀ ਲਾਂਚਰ ਤਿਆਰ ਕੀਤੇ ਹਨ, ਪਰ ਯੂਕਰੇਨੀ ਫੌਜ ਨੂੰ ਇਨ੍ਹਾਂ ਨੂੰ ਵਰਤਣ ਲਈ ਸਿਖਲਾਈ ਦੀ ਲੋੜ ਪਵੇਗੀ। ਇਸ ਤੋਂ ਇਲਾਵਾ, ਅਜਿਹੀਆਂ ਸਟੀਕ ਮਿਜ਼ਾਈਲਾਂ ਲਈ ਅਮਰੀਕਾ ਤੋਂ ਖੁਫੀਆ ਜਾਣਕਾਰੀ ਦੀ ਵੀ ਜ਼ਰੂਰਤ ਹੋਵੇਗੀ। ਮਾਰਚ ਵਿੱਚ ਅਮਰੀਕਾ ਨੇ ਕੁਝ ਸਮੇਂ ਲਈ ਖੁਫੀਆ ਜਾਣਕਾਰੀ ਸਾਂਝੀ ਕਰਨੀ ਬੰਦ ਕਰ ਦਿੱਤੀ ਸੀ, ਪਰ ਬਾਅਦ ਵਿੱਚ ਇਸ ਵਿੱਚ ਵਾਧਾ ਕੀਤਾ ਗਿਆ। ਇਸ ਜਾਣਕਾਰੀ ਨੇ ਯੂਕਰੇਨ ਨੂੰ ਰੂਸੀ ਤੇਲ ਰਿਫਾਈਨਰੀਆਂ 'ਤੇ ਸਟੀਕ ਹਮਲੇ ਕਰਨ ਵਿੱਚ ਮਦਦ ਕੀਤੀ।

ਮਾਹਿਰਾਂ ਦਾ ਮੰਨਣਾ ਹੈ ਕਿ ਜੇ ਯੂਕਰੇਨ ਨੂੰ ਟੋਮਾਹਾਕ ਮਿਜ਼ਾਈਲਾਂ ਮਿਲਦੀਆਂ ਹਨ, ਤਾਂ ਅਮਰੀਕੀ ਮਾਹਿਰ ਉਨ੍ਹਾਂ ਦੀ ਤਿਆਰੀ ਅਤੇ ਉਡਾਣ ਰੂਟ ਦੀ ਯੋਜਨਾ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਇਹ ਮਿਜ਼ਾਈਲਾਂ, ਹੋਰ ਹਥਿਆਰਾਂ ਨਾਲ ਮਿਲ ਕੇ, ਜੰਗ ਦਾ ਰੁਖ ਬਦਲ ਸਕਦੀਆਂ ਹਨ। ਯੂਕਰੇਨ ਨੇ ਰੂਸੀ ਊਰਜਾ ਸਹੂਲਤਾਂ 'ਤੇ ਹਮਲੇ ਕਰਕੇ ਰੂਸ ਦੀ ਆਰਥਿਕਤਾ ਨੂੰ ਪਹਿਲਾਂ ਹੀ ਕਮਜ਼ੋਰ ਕੀਤਾ ਹੈ। ਪਰ ਅਮਰੀਕਾ, ਚੀਨ ਨਾਲ ਸੰਭਾਵਿਤ ਟਕਰਾਅ ਦੇ ਡਰ ਕਾਰਨ, ਵੱਡੀ ਗਿਣਤੀ ਵਿੱਚ ਮਿਜ਼ਾਈਲਾਂ ਦੇਣ ਤੋਂ ਝਿਜਕ ਰਿਹਾ ਹੈ। ਟਰੰਪ ਦਾ ਰੂਸ ਪ੍ਰਤੀ ਰਵੱਈਆ ਹੁਣ ਸਖਤ ਹੋ ਗਿਆ ਹੈ, ਖਾਸ ਕਰਕੇ ਪੁਤਿਨ ਦੇ ਅੜੀਅਲ ਰਵੱਈਏ ਕਾਰਨ। ਟਰੰਪ ਨੇ ਕਿਹਾ, "ਜੇ ਰੂਸ ਜੰਗ ਨਹੀਂ ਸੁਲਝਾਉਂਦਾ, ਤਾਂ ਅਸੀਂ ਟੋਮਾਹਾਕ ਮਿਜ਼ਾਈਲਾਂ ਭੇਜ ਸਕਦੇ ਹਾਂ।" ਰੂਸ ਨੇ ਇਸ 'ਤੇ ਸਖਤ ਪ੍ਰਤੀਕਿਰਿਆ ਦਿੱਤੀ, ਜਿਸ ਵਿੱਚ ਸਾਬਕਾ ਰਾਸ਼ਟਰਪਤੀ ਦਿਮਿਤਰੀ ਮੇਦਵੇਦੇਵ ਨੇ ਕਿਹਾ ਕਿ ਅਜਿਹਾ ਕਦਮ ਸਭ ਲਈ ਖਤਰਨਾਕ ਹੋਵੇਗਾ।

# ਸਿੱਖ ਵਿਦਵਾਨ ਭਾਈ ਹਰਿਸਿਮਰਨ ਸਿੰਘ ਨੂੰ ਦਿਮਾਗ਼ ਦੀ ਨਾੜੀ ਫਟਣ ਕਾਰਨ ਹੋਇਆ ਅਧਰੰਗ



ਸ੍ਰੀ ਅਨੰਦਪੁਰ ਸਾਹਿਬ-ਭਾਈ ਗੁਰਦਾਸ ਇੰਸਟੀਚਿਊਟ ਆਫ਼ ਐਡਵਾਂਸਡ ਸਿੱਖ ਸਟੱਡੀਜ਼ ਦੇ ਮੁਖੀ ਭਾਈ ਹਰਿਸਿਮਰਨ ਸਿੰਘ ਨੂੰ ਖ਼ੂਨ ਦਾ ਦਬਾਅ ਵਧਣ ਕਾਰਨ ਦਿਮਾਗ਼ ਦੀ ਨਾੜੀ ਫਟਣ ਨਾਲ ਅਧਰੰਗ ਹੋ ਗਿਆ। ਉਨ੍ਹਾਂ ਦੀ ਹਾਲਤ ਹੁਣ ਸਥਿਰ ਹੈ। ਬੀਤੇ 12 ਅਕਤੂਬਰ ਨੂੰ ਅਚਾਨਕ ਦਬਾਅ ਵਧਣ ਨਾਲ ਨਾੜੀ ਫਟੀ ਸੀ ਤੇ ਉਨ੍ਹਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਤੇ ਪਟਿਆਲਾ ਹਸਪਤਾਲ ਵਿੱਚ ਭਰਤੀ ਕੀਤਾ ਗਿਆ। 16 ਅਕਤੂਬਰ ਨੂੰ ਛੁੱਟੀ ਮਿਲ ਗਈ। ਉਨ੍ਹਾਂ ਦੇ ਪੁੱਤਰ ਬੀਰਦਵਿੰਦਰ ਸਿੰਘ ਨੇ ਦੱਸਿਆ ਕਿ ਖਤਰਾ ਟਲ ਗਿਆ ਹੈ। ਭਾਈ ਸਾਹਿਬ ਨੇ 19 ਕਿਤਾਬਾਂ ਲਿਖੀਆਂ ਜਿਨ੍ਹਾਂ ਵਿੱਚ ਸਿੱਖ ਪੰਥ ਦੇ ਪ੍ਰਬੰਧ ਤੇ ਰਣਨੀਤੀ 'ਤੇ ਜ਼ੋਰ ਹੈ। ਉਹ ਆਪਣੀ 20ਵੀਂ ਪੁਸਤਕ - ਸਵੈ-ਜੀਵਨੀ - ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ 'ਤੇ ਜਾਰੀ ਕਰਨ ਵਾਲੇ ਸਨ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਹਾਲ ਜਾਣ ਕੇ ਕਿਹਾ ਕਿ ਭਾਈ ਸਾਹਿਬ ਨੇ ਪੰਥ ਨੂੰ ਅਮੁਲ ਸਾਹਿਤ ਦਿੱਤਾ ਹੈ। ਸਿੱਖ ਸੰਗਤ ਅਰਦਾਸਾਂ ਕਰ ਰਹੀ ਹੈ।

# ਸ਼ਹੀਦ ਭਾਈ ਸਤਵੰਤ ਸਿੰਘ ਦੇ ਭਤੀਜੇ ਨੂੰ ਨਿਊਜ਼ੀਲੈਂਡ ਵਿਚ 22 ਸਾਲ ਦੀ ਕੈਦ



ਗੁਰਦਾਸਪੁਰ-ਨਿਊਜ਼ੀਲੈਂਡ ਦੀ ਆਕਲੈਂਡ ਹਾਈ ਕੋਰਟ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਤਲ ਸਤਵੰਤ ਸਿੰਘ ਦੇ ਭਤੀਜੇ ਬਲਤੇਜ ਸਿੰਘ ਅਗਵਾਨ ਨੂੰ 22 ਸਾਲ ਦੀ ਕੈਦ ਦੀ ਸਜ਼ਾ ਸੁਣਾਈ। ਬਲਤੇਜ ਨੇ ਕੈਨੇਡਾ ਤੋਂ ਨਿਊਜ਼ੀਲੈਂਡ ਵਿਚ ਬੀਅਰ ਦੇ ਡੱਬਿਆਂ ਵਿਚ ਮੈਥਾਮਫੇਟਾਮਾਈਨ ਦੀ ਸਮੱਗਲਿੰਗ ਕੀਤੀ ਸੀ। 2023 ਵਿਚ ਨਿਊਜ਼ੀਲੈਂਡ ਪੁਲਿਸ ਨੇ ਉਸ ਨੂੰ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫਤਾਰ ਕੀਤਾ ਸੀ। ਬਲਤੇਜ ਲੰਬੇ ਸਮੇਂ ਤੋਂ ਕੈਨੇਡਾ ਵਿਚ ਰਹਿੰਦਾ ਸੀ ਅਤੇ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ 'ਚ ਸ਼ਾਮਲ ਸੀ। ਅਦਾਲਤ ਨੇ ਉਸ ਨੂੰ ਦੋਸ਼ੀ ਠਹਿਰਾਉਂਦਿਆਂ ਸਜ਼ਾ ਸੁਣਾਈ। ਬਲਤੇਜ ਦੀ ਗ੍ਰਿਫਤਾਰੀ ਤੋਂ ਬਾਅਦ ਨਿਊਜ਼ੀਲੈਂਡ ਪੁਲਿਸ ਨੇ ਵੱਡੀ ਮਾਤਰਾ ਵਿਚ ਨਸ਼ੀਲੇ ਪਦਾਰਥ ਵੀ ਜ਼ਬਤ ਕੀਤੇ ਸਨ।

# ਗੈਰਕਨੂੰਨੀ ਤੌਰ ਉਪਰ ਇੰਗਲੈਂਡ ਜਾ ਰਿਹਾ ਜਲੰਧਰ ਦਾ ਨੌਜਵਾਨ, ਸਮੁੰਦਰ ਵਿਚ ਡੁੱਬਿਆ, ਲਾਸ਼ ਬਰਾਮਦ

ਜਲੰਧਰ-ਜਲੰਧਰ ਦੇ ਭੋਗਪੁਰ ਦੇ ਪਿੰਡ ਭਟਨੂਰਾ ਲੁਬਾਣਾ ਦਾ 29 ਸਾਲਾ ਅਰਵਿੰਦਰ ਸਿੰਘ ਇੰਗਲੈਂਡ ਜਾਣ ਦੀ ਕੋਸ਼ਿਸ਼ ਕਰਦਿਆਂ ਆਪਣੀ ਜਾਨ ਗੁਆ ਬੈਠਾ। ਉਹ ਪਿਛਲੇ ਸੱਤ ਸਾਲਾਂ ਤੋਂ ਫਰਾਂਸ ਵਿਚ ਰਹਿ ਰਿਹਾ ਸੀ ਤੇ ਇੰਗਲੈਂਡ 'ਚ ਵੱਸਣ ਦਾ ਸੁਪਨਾ ਦੇਖ ਰਿਹਾ ਸੀ। ਇਸੀ ਕੋਸ਼ਿਸ਼ ਦੌਰਾਨ ਉਹ ਹੋਰ 80 ਲੋਕਾਂ ਨਾਲ ਇਕ ਕਿਸ਼ਤੀ ਰਾਹੀਂ ਸਮੁੰਦਰ ਪਾਰ ਕਰਨ ਨਿਕਲਿਆ, ਪਰ ਇਹ ਯਾਤਰਾ ਉਸਦੀ ਜ਼ਿੰਦਗੀ ਦੀ ਆਖ਼ਰੀ ਯਾਤਰਾ ਬਣ ਗਈ। ਆਰਡਰ-ਡਾਨ ਸੰਸਥਾ ਦੇ ਪ੍ਰਬੰਧਕ ਰਾਜੀਵ ਚੀਮਾ ਮੁਤਾਬਕ, ਇਹ ਕਿਸ਼ਤੀ ਟਿਊਬ ਦੇ ਆਕਾਰ ਦੀ ਸੀ ਜੋ ਸਮੁੰਦਰ 'ਚ ਲਗਭਗ 15 ਕਿਲੋਮੀਟਰ ਤੱਕ ਅੱਗੇ ਜਾਣ ਤੋਂ ਬਾਅਦ ਪਲਟ ਗਈ।

ਰਾਹਤ ਟੀਮ ਨੇ 77 ਲੋਕਾਂ ਨੂੰ ਬਚਾ ਲਿਆ, ਪਰ ਅਰਵਿੰਦਰ ਸਿੰਘ ਤੇ ਹੋਰ ਦੋ ਵਿਦੇਸ਼ੀ ਨੌਜਵਾਨ ਲਹਿਰਾਂ ਦੀ ਭੇਟ ਚੜ੍ਹ ਗਏ। ਕੁਝ ਦਿਨ ਬਾਅਦ ਅਰਵਿੰਦਰ ਦਾ ਸ਼ਰੀਰ ਪੈਰਿਸ ਤੋਂ 360 ਕਿਲੋਮੀਟਰ ਦੂਰ ਸਮੁੰਦਰ ਤਟ 'ਤੇ ਮਿਲਿਆ।

ਪਰਿਵਾਰ ਨੂੰ ਇਸ ਘਟਨਾ ਦੀ ਜਾਣਕਾਰੀ 2 ਅਕਤੂਬਰ ਨੂੰ ਮਿਲੀ, ਜਦੋਂ ਕਪੂਰਥਲਾ ਦੇ ਚੌਹਾਨਾ ਪਿੰਡ ਦੇ ਇਕ ਨੌਜਵਾਨ ਨੇ ਫ਼ੋਨ ਕਰਕੇ ਦੱਸਿਆ ਕਿ ਕਿਸ਼ਤੀ ਪਲਟ ਗਈ ਹੈ ਤੇ ਅਰਵਿੰਦਰ ਲਾਪਤਾ ਹੈ। ਇਹ ਨੌਜਵਾਨ ਵੀ ਉਸੇ ਕਿਸ਼ਤੀ ਵਿਚ ਸਵਾਰ ਸੀ।



ਅਰਵਿੰਦਰ ਦੇ ਭਰਾ ਅਸ਼ਵਿੰਦਰ ਸਿੰਘ ਨੇ ਦੱਸਿਆ ਕਿ ਉਹ 18 ਮਈ ਨੂੰ ਵਰਕ ਪਰਮਿਟ 'ਤੇ ਪੁਰਤਗਾਲ ਗਿਆ ਸੀ, ਜਿੱਥੇ ਉਸਨੇ ਕਾਨੂੰਨੀ ਤੌਰ 'ਤੇ ਕੰਮ ਸ਼ੁਰੂ ਕੀਤਾ। ਪਰ ਕੁਝ ਹੋਰ ਨੌਜਵਾਨਾਂ ਦੇ ਸੰਪਰਕ 'ਚ ਆਉਣ ਤੋਂ ਬਾਅਦ ਉਸਨੇ ਇੰਗਲੈਂਡ ਜਾਣ ਦੀ ਯੋਜਨਾ ਬਣਾਈ। ਪਹਿਲਾਂ ਉਸਨੇ ਟਰੱਕ ਰਾਹੀਂ ਜਾਣ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਡਰਾਈਵਰ ਨੇ ਇਨਕਾਰ ਕੀਤਾ ਤਾਂ ਉਸਨੇ ਕਿਸ਼ਤੀ ਰਾਹੀਂ ਜਾਣ ਦਾ ਫੈਸਲਾ ਲੈ ਲਿਆ।

ਪਰਿਵਾਰ ਨੇ ਕਈ ਵਾਰ ਸਮਝਾਇਆ ਕਿ ਇਹ ਖ਼ਤਰਨਾਕ ਰਾਹ ਨਾ ਚੁਣੇ, ਪਰ ਉਸਨੇ ਗੱਲ ਨਾ ਮੰਨੀ। 29 ਸਤੰਬਰ ਨੂੰ ਉਸ ਦਾ ਪਰਿਵਾਰ ਨਾਲ ਆਖ਼ਰੀ ਫ਼ੋਨ ਸੰਪਰਕ ਹੋਇਆ ਸੀ। ਦੋ ਦਿਨ ਬਾਅਦ ਹੀ ਉਸ ਦੇ ਡੁੱਬਣ ਦੀ ਖ਼ਬਰ ਆਈ। ਹੁਣ ਪਿੰਡ 'ਚ ਸੋਗ ਦੀ ਲਹਿਰ ਹੈ ਤੇ ਪਰਿਵਾਰ ਸਰਕਾਰ ਤੋਂ ਉਸ ਦੇ ਮ੍ਰਿਤਕ ਦੇਹ ਨੂੰ ਭਾਰਤ ਲਿਆਉਣ ਲਈ ਮਦਦ ਦੀ ਮੰਗ ਕਰ ਰਿਹਾ ਹੈ।

# ਵਿਗਿਆਨ ਕੀ ਹੈ? ਕਿਤਾਬ ਦਾ ਬਰਤਾਨਵੀ ਸੰਸਦ ਵਿੱਚ ਲੋਕ ਅਰਪਣ


ਵਿਗਿਆਨ ਕੀ ਹੈ? ਕਿਤਾਬ ਜਾਰੀ ਕਰਦੇ ਹੋਏ ਸੰਸਦ ਮੈਂਬਰ ਅਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) **ਪੰਜਾਬ ਨਾਲੋਂ ਵਿਦੇਸ਼ਾਂ ਵਿੱਚ ਸਰਕਾਰੇ ਦਰਬਾਰੇ ਪੰਜਾਬੀ ਦੀ ਗੱਲ, ਜ਼ਿਆਦਾ ਹੁੰਦੀ ਹੈ। ਇਸਦੀ ਤਾਜ਼ਾ ਮਿਸਾਲ ਹਾਲ ਹੀ ਵਿੱਚ ਬਰਤਾਨੀਆ ਦੀ ਸੰਸਦ ਦੇ ਹਾਊਸ ਆਫ ਲਾਰਡਜ਼ ਵਿੱਚ ਦੇਖਣ ਨੂੰ ਮਿਲੀ। ਜਿੱਥੇ ਡਾ. ਬਲਦੇਵ ਸਿੰਘ ਕੰਦੋਲਾ ਦੀ ਪੰਜਾਬੀ ਵਿੱਚ ਲਿਖੀ ਕਿਤਾਬ "ਵਿਗਿਆਨ ਕੀ ਹੈ?" ਦਾ ਲੋਕ ਅਰਪਣ ਲਾਰਡ ਕੁਲਦੀਪ ਸਿੰਘ ਸਹੋਤਾ ਦੇ ਯਤਨਾਂ ਸਦਕਾ ਸੰਸਦ ਮੈਂਬਰਾਂ ਅਤੇ ਪੰਜਾਬੀ ਭਾਸ਼ਾ ਤੇ ਹਿਤੈਸ਼ੀਆਂ ਵੱਲੋਂ ਕੀਤਾ ਗਿਆ। ਇਸ ਮੌਕੇ ਲਾਰਡ ਇੰਦਰਜੀਤ ਸਿੰਘ, ਲਾਰਡ ਰੰਮੀ ਰੇਂਜਰ, ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਅਤੇ ਐਮ ਪੀ ਭਗਤ ਸਿੰਘ ਸ਼ੰਕਰ ਸਮੇਤ ਦੇਸ਼ਾਂ ਵਿਦੇਸ਼ਾਂ ਤੋਂ ਆਏ ਮਹਿਮਾਨਾਂ ਨੇ ਸ਼ਿਰਕਤ ਕੀਤੀ। ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਸਮੇਤ ਕਈ ਸੰਸਦ ਮੈਂਬਰਾਂ ਨੇ ਸ਼ੁਭਕਾਮਨਾਵਾਂ ਵੀ ਭੇਜੀਆਂ।**

ਪੰਜਾਬੀ ਵਿਕਾਸ ਮੰਚ ਯੂ ਕੇ ਦੇ ਮੁੱਖ ਸਕੱਤਰ ਕੌਂਸਲਰ ਸ਼ਿੰਦਰਪਾਲ ਸਿੰਘ ਮਾਹਲ ਨੇ ਸਟੇਜ ਦੀ ਕਾਰਵਾਈ ਸ਼ੁਰੂ ਕੀਤੀ ਅਤੇ ਲਾਰਡ ਕੁਲਦੀਪ ਸਿੰਘ ਸਹੋਤਾ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਸਮਾਗਮ ਦੀ ਸਾਰੀ ਕਾਰਵਾਈ ਪੰਜਾਬੀ ਵਿੱਚ ਕਰਨ ਲਈ ਕਿਹਾ। ਪੰਜਾਬੀ ਵਿਕਾਸ ਮੰਚ ਦੇ ਚੇਅਰਮੈਨ ਕੌਂਸਲਰ ਸਰਦੂਲ ਸਿੰਘ ਮਾਰਵਾ ਐਮ ਬੀ ਈ ਨੇ ਕਿਹਾ ਕਿ ਵਿਗਿਆਨ ਸਾਨੂੰ ਸਮਝਣ, ਸਵਾਲ ਪੁੱਛਣ, ਜਵਾਬ ਲੱਭਣ ਅਤੇ ਸਮਾਜ ਦੀ ਬਿਹਤਰੀ ਲਈ ਗਿਆਨ ਨੂੰ ਲਾਗੂ ਕਰਨ ਦੇ ਖੋਜ ਕਾਰਜ( ਦੀ ਸੋਝੀ ਦਿੰਦਾ ਹੈ। ਗੁੰਝਲਦਾਰ ਭਾਸ਼ਾ ਵਿੱਚ ਬੰਦ ਵਿਗਿਆਨ ਨੂੰ ਪੰਜਾਬੀ ਭਾਸ਼ਾ ਵਿੱਚ ਕਰਨਾ ਸ਼ੁਭ ਸੰਕੇਤ ਹੈ। ਡਾ. ਬਲਦੇਵ ਸਿੰਘ ਕੰਦੋਲਾ ਨੇ ਆਪਣੇ ਜੀਵਨ ਵਿੱਚ ਵਿਗਿਆਨ ਦੀ ਖੋਜ ਦੇ ਨਾਲ ਨਾਲ ਪੰਜਾਬ ਵਿੱਚ ਪੰਜਾਬੀ ਭਾਸ਼ਾ ਦੀ ਤ੍ਰਾਸਦੀ ਦਾ ਜ਼ਿਕਰ ਕੀਤਾ। ਉਹਨਾਂ ਕਿਹਾ ਕਿ ਪੰਜਾਬ ਦੀ ਵਿਧਾਨ ਸਭਾ ਵਿੱਚ ਪੰਜਾਬੀ ਭਾਸ਼ਾ ਦੀ ਗੱਲ ਨਾ ਹੋ ਸਕਣ ਕਾਰਨ ਸਾਨੂੰ ਇਹ ਗੱਲਾਂ( ਬਰਤਾਨਵੀ ਸੰਸਦ ਵਿੱਚ ਕਰਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਪੰਜਾਬੀ ਵਿਕਾਸ ਮੰਚ ਦੀਆਂ ਪਿਛਲੇ ਦੋ ਦਹਾਕਿਆਂ ਦੀਆਂ ਸਰਗਰਮੀਆਂ ਜਿਸ ਵਿੱਚ ਪੰਜਾਬੀ ਦਾ ਪਹਿਲਾ ਸ਼ਬਦ ਪ੍ਰਕਰਨ, ਪਹਿਲਾ ਪੰਜਾਬੀ ਵੈਂਬਸਾਈਟ, ਪਹਿਲਾ ਪੰਜਾਬੀ ਯੂਨੀਕੋਡ ਕੀਬੋਰਡ ਅਤੇ ਬੀ ਬੀ ਸੀ 'ਤੇ ਪੰਜਾਬੀ ਦੀ ਮੁਹਿੰਮ ਅਤੇ ਕਾਮਯਾਬੀ ਦਾ ਜ਼ਿਕਰ ਕੀਤਾ।

ਲਾਰਡ ਰੰਮੀ ਰੇਂਜਰ ਨੇ ਡਾ. ਕੰਦੋਲਾ ਦੇ ਵਿੱਦਿਅਕ ਸਫ਼ਰ ਅਤੇ ਪ੍ਰਾਪਤੀਆਂ ਦੀ ਪ੍ਰਸ਼ੰਸਾ ਕੀਤੀ। ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਸਾਨੂੰ ਸਭ ਨੂੰ ਆਪਣੀ ਮਾਤ ਭਾਸ਼ਾ ਉੱਤੇ ਮਾਣ ਕਰਨਾ ਚਾਹੀਦਾ ਹੈ।

ਆਖਰ ਵਿੱਚ ਪੰਜਾਬੀ ਵਿਕਾਸ ਮੰਚ ਯੂ ਕੇ ਵਲੋਂ 'ਪੰਜਾਬ ਰਾਜ ਭਾਸ਼ਾ ਕਾਨੂੰਨ' ਨੂੰ ਪੰਜਾਬ ਵਿੱਚ ਤੁਰੰਤ ਲਾਗੂ ਕਰਨ ਅਤੇ ਸਰਕਾਰੀ ਦਫਤਰਾਂ ਤੇ ਅਦਾਲਤਾਂ ਵਿੱਚ ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਯਕੀਨੀ ਬਣਾਉਣ ਦੀ ਮੰਗ ਕਰਦਾ ਮਤਾ ਪੇਸ਼ ਕੀਤਾ ਜਿਸ ਦੀ ਹਾਜ਼ਰ ਪੰਜਾਬੀਆਂ ਨੇ ਭਰਪੂਰ ਸਹਿਮਤੀ ਨਾਲ ਸਮਰਥਨ ਦਿੱਤਾ।

ਸਮਾਗਮ ਵਿੱਚ ਸਲੋਹ ਤੋਂ ਮੇਵਾ ਸਿੰਘ ਮਾਨ, ਗੁਰਦੀਪ ਸਿੰਘ ਧੂਤ, ਸਿੱਖ ਸਿੱਖਿਆ ਪ੍ਰੀਸ਼ਦ ਯੂ ਕੇ ਦੇ ਮੁਖੀ ਡਾ. ਪ੍ਰਗਟ ਸਿੰਘ, ਹਰਵਿੰਦਰ ਸਿੰਘ, ਕੰਵਰ ਬਰਾੜ, ਰੂਪ ਢਿੱਲੋਂ, ਯਸ਼ ਸਾਥੀ, ਮਨਜੀਤ ਕੌਰ ਪੱਡਾ, ਲੀਡਜ਼ ਤੋਂ ਅਰਵਿੰਦ ਸਿਰ੍ਹਾ, ਗੁਰੂ ਗੋਬਿੰਦ ਸਿੰਘ ਸਟਡੀ ਸਰਕਲ ਤੋਂ ਸ. ਜਸਪਾਲ ਸਿੰਘ, ਨਰਿੰਦਰ ਸਿੰਘ ਮਰਵਾਹਾ, ਬ੍ਰਮਿੰਘਮ ਤੋਂ ਸ. ਅਮਰਜੀਤ ਸਿੰਘ ਨਾਂਦਰਾ, ਜਸਪਾਲ ਵਿਰਦੀ, ਅਮੋਲਕਜੀਤ ਸਿੰਘ ਢਿੱਲੋਂ, ਕਰਨੈਲ ਸਿੰਘ ਚੀਮਾ, ਡਾ. ਮਹਿੰਦਰ ਸਿੰਘ ਗਿੱਲ, ਰਵਿੰਦਰ ਸਿੰਘ ਕੁੰਦਰਾ ਆਦਿ ਸ਼ਾਮਿਲ ਹੋਏ।

# 'ਆਪ' ਵਿਧਾਇਕ ਕੁਲਦੀਪ ਧਾਲੀਵਾਲ ਨੇ ਚੁੱਕੀ ਬੰਦੀ ਸਿੰਘਾਂ ਦੀ ਰਿਹਾਈ ਦੀ ਆਵਾਜ਼



**ਚੰਡੀਗੜ੍ਹ-ਪੰਜਾਬ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਜੋ ਪਹਿਲਾਂ ਅਕਾਲੀ, ਐਸਜੀਪੀਸੀ ਅਤੇ ਪੰਥਕ ਜਥੇਬੰਦੀਆਂ ਤੱਕ ਸੀ,** ਉਸ ਨੂੰ ਹੁਣ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਸਾਬਕਾ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਵੀ ਚੁੱਕਿਆ ਹੈ। ਧਾਲੀਵਾਲ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਕਿਹਾ ਕਿ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੇ ਪਵਿੱਤਰ ਮੌਕੇ 'ਤੇ ਉਨ੍ਹਾਂ ਸਾਰੇ ਕੈਦੀਆਂ ਨੂੰ ਰਿਹਾਅ ਕਰਨਾ ਚਾਹੀਦਾ ਹੈ, ਜਿਨ੍ਹਾਂ ਨੇ ਅਦਾਲਤਾਂ ਵੱਲੋਂ ਸੁਣਾਈ ਸਜ਼ਾ ਪੂਰੀ ਕਰ ਲਈ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਇਹ ਮੰਗ ਸਿਰਫ਼ 'ਬੰਦੀ ਸਿੰਘਾਂ' ਲਈ ਨਹੀਂ, ਬਲਕਿ ਸਜ਼ਾ ਪੂਰੀ ਕਰ ਚੁੱਕੇ ਸਾਰੇ ਕੈਦੀਆਂ ਲਈ ਹੈ, ਜਿਨ੍ਹਾਂ ਨੂੰ ਕਾਨੂੰਨ ਮੁਤਾਬਕ ਜੇਲ੍ਹ ਵਿੱਚ ਰੱਖਣਾ ਗਲਤ ਹੈ।

**ਭਾਜਪਾ ਤੇ 'ਆਪ' ਵੱਲੋਂ ਇਕਜੁੱਟਤਾ, ਬਿੱਟੂ ਨੇ ਕੀਤਾ ਵਿਰੋਧ**

ਇਸ ਤੋਂ ਪਹਿਲਾਂ ਭਾਜਪਾ ਦੇ ਕੌਮੀ ਆਗੂ ਆਰ.ਪੀ. ਸਿੰਘ ਨੇ ਵੀ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕਰਦਿਆਂ ਦੀਵਾਲੀ ਨਾ ਮਨਾਉਣ ਦਾ ਐਲਾਨ ਕੀਤਾ ਸੀ ਅਤੇ ਖਾਸ ਕਰਕੇ ਦਵਿੰਦਰਪਾਲ ਸਿੰਘ ਭੁੱਲਰ ਦੀ ਮਾਨਸਿਕ ਹਾਲਤ ਕਾਰਨ ਰਿਹਾਈ ਦੀ ਮੰਗ ਕੀਤੀ ਸੀ। ਇਸ ਮੁੱਦੇ 'ਤੇ ਜਿੱਥੇ ਹੁਣ ਸਿਆਸੀ ਪਾਰਟੀਆਂ ਇਕਜੁੱਟ ਹੁੰਦੀਆਂ ਨਜ਼ਰ ਆ ਰਹੀਆਂ ਹਨ, ਉੱਥੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਵਰਗੇ ਕਈ ਲੋਕ ਇਸ ਮੰਗ ਦਾ ਵਿਰੋਧ ਵੀ ਕਰਦੇ ਰਹੇ ਹਨ। ਪਰ ਕੁਲਦੀਪ ਸਿੰਘ ਧਾਲੀਵਾਲ ਦੇ ਇਸ ਬਿਆਨ ਨਾਲ ਬੰਦੀ ਸਿੰਘਾਂ ਦੇ ਹੱਕ ਵਿੱਚ ਆਵਾਜ਼ ਚੁੱਕਣ ਵਾਲਿਆਂ ਦੀ ਗਿਣਤੀ ਵਧ ਗਈ ਹੈ, ਜੋ ਪੰਜਾਬੀ ਭਾਈਚਾਰੇ ਵਿੱਚ ਇੱਕ ਨਵਾਂ ਮੋੜ ਹੈ।

# ਯੂ ਕੇ ਭਰ ਦੇ ਗੁਰਦੁਆਰਿਆਂ ਵਿਖੇ ਬੰਦੀਛੋੜ ਦਿਵਸ ਮਨਾਇਆ ਗਿਆ

## ਯੂ ਕੇ ਦੇ ਸ਼ਹਿਰਾਂ ਵਿੱਚ ਦੀਵਾਲੀ ਦੀਆਂ ਲੱਗੀਆਂ ਰੌਣਕਾਂ



ਡਰਬੀ (ਪੰਜਾਬ ਟਾਈਮਜ਼) – ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਅਤੇ ਗੁਰ-ਦੁਆਰਾ ਸ੍ਰੀ ਗੁਰੂ ਸਿੰਘ ਸਭਾ ਗਰੇਟ ਬਾਰ ਬ੍ਰਮਿੰਘਮ ਵਿਖੇ ਬੀਤੇ ਮੰਗਲਵਾਰ ਨੂੰ ਬੰਦੀਛੋੜ ਦਿਵਸ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ । ਯੂ ਕੇ ਭਰ ਦੇ ਹੋਰ ਵੀ ਬਹੁਤ ਸਾਰੇ ਗੁਰੂ ਘਰਾਂ ਵਿਖੇ ਵੱਡੀ ਪੱਧਰ ਤੇ ਬੰਦੀਛੋੜ ਦਿਵਸ ਮਨਾਇਆ ਗਿਆ ਤੇ ਦੀਵਾਨ ਸਜਾਏ ਗਏ । ਬਹੁਤ ਸਾਰੇ ਗੁਰੂ ਘਰਾਂ ਵਿਖੇ ਜਿੱਥੇ ਦੀਪਮਾਲਾ ਕੀਤੀ ਗਈ ਉਥੇ ਕਈ ਗੁਰਦੁਆਰਿਆਂ ਵਿਖੇ ਆਤਿਸ਼ਬਾਜ਼ੀ ਵੀ ਕੀਤੀ ਗਈ । ਹਜ਼ਾਰਾਂ ਸੰਗਤਾਂ ਨੇ ਗੁਰੂ ਘਰਾਂ ਵਿਖੇ ਆ ਕੇ ਹਾਜ਼ਰੀਆਂ ਭਰੀਆਂ ਅਤੇ ਬੰਦੀਛੋੜ ਦਿਵਸ ਦੀਆਂ ਇੱਕ ਦੂਜੇ ਨੂੰ ਵਧਾਈਆਂ ਦਿੱਤੀਆਂ ।

ਗੁਰੂ ਘਰਾਂ ਦੇ ਸੇਵਾਦਾਰਾਂ ਨੇ ਸੰਗਤਾਂ ਲਈ ਬਹੁਤ ਵਧੀਆ ਪ੍ਰਬੰਧ ਕੀਤੇ ਹੋਏ ਸਨ। ਪ੍ਰਚਾਰ ਜਥਿਆਂ ਨੇ ਜਿੱਥੇ ਗੁਰਬਾਣੀ ਦਾ ਕੀਰਤਨ ਕੀਤਾ ਉਥੇ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਦੱਸਿਆ ਕਿ ਗੁਰੂ ਸਾਹਿਬ ਨੂੰ ਬੰਦੀਛੋੜ ਦਾਤਾ ਕਿਉਂ ਆਖਿਆ ਜਾਂਦਾ ਹੈ । ਇਸ ਦੇ ਨਾਲ ਹੀ ਸੇਵਾਦਾਰਾਂ ਨੇ ਸੰਗਤਾਂ ਨੂੰ ਗੁਰੂ ਸਾਹਿਬ ਦੇ ਦੱਸੇ ਮਾਰਗ ਤੇ ਚੱਲਣ ਲਈ ਪ੍ਰੇਰਿਤ ਕਰਦਿਆਂ ਚੰਗਾ ਸਮਾਜ ਸਿਰਜਣ ਦੀ ਲੋੜ ਤੇ ਜ਼ੋਰ ਦਿੱਤਾ ।

# ਵਿਕਰਮਜੀਤ ਸਿੰਘ ਸਾਹਨੀ ਨੇ ਸਵਰਗੀ ਗਾਇਕ ਰਾਜਵੀਰ ਜਵੰਦਾ ਦੇ ਪਰਿਵਾਰ ਨੂੰ ਲਿਆ ਗੋਦ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):– ਰਾਜ ਸਭਾ ਦੇ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਸਵਰਗੀ ਗਾਇਕ ਰਾਜਵੀਰ ਸਿੰਘ ਜਵੰਦਾ ਦੀ ਅੰਤਿਮ ਅਰਦਾਸ ਅਤੇ ਭੋਗ ਸਮਾਰੋਹ ਦੌਰਾਨ ਜਵੰਦਾ ਦੇ ਪਰਿਵਾਰ ਨੂੰ ਪੂਰੀ ਹਮਾਇਤ ਦੇਣ ਦਾ ਐਲਾਨ ਕੀਤਾ ਹੈ। ਡਾ. ਸਾਹਨੀ ਨੇ ਕਿਹਾ ਕਿ ਉਹ ਸਵਰਗੀ ਗਾਇਕ ਦੀ ਪਤਨੀ ਲਈ ਇੱਕ ਸਨਮਾਨਜਨਕ ਸਰਕਾਰੀ ਨੌਕਰੀ ਦੀ ਸਹੂਲਤ ਲਈ ਨਿੱਜੀ ਤੌਰ 'ਤੇ ਪੰਜਾਬ ਸਰਕਾਰ ਤੱਕ ਪਹੁੰਚ ਕਰਨਗੇ, ਅਤੇ ਜੇਕਰ ਇਹ ਸੰਭਵ ਨਹੀਂ ਹੁੰਦਾ, ਤਾਂ ਉਨ੍ਹਾਂ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਐਨਜੀਓ, ਸੰਨ ਫਾਊਂਡੇਸ਼ਨ ਵਿੱਚ ਇੱਕ ਢੁਕਵੀਂ ਨੌਕਰੀ ਦੀ ਪੇਸ਼ਕਸ਼ ਕੀਤੀ ਜਾਵੇਗੀ। ਡਾ. ਸਾਹਨੀ ਨੇ ਇਹ ਵੀ ਐਲਾਨ ਕੀਤਾ ਕਿ ਉਹ ਰਾਜਵੀਰ ਜਵੰਦਾ ਦੇ ਪੁੱਤਰ ਅਤੇ ਧੀ ਦੀ ਉੱਚ ਪੜ੍ਹਾਈ ਤੱਕ ਦੀ ਪੂਰੀ ਸਿੱਖਿਆ ਨੂੰ ਸਪਾਂਸਰ ਕਰਨਗੇ। ਡਾ ਸਾਹਨੀ ਨੇ ਇਹ ਵੀ ਐਲਾਨ ਕੀਤਾ ਕਿ ਗਾਇਕ ਦੇ ਪੰਜਾਬੀ ਸੰਗੀਤ ਅਤੇ ਸੱਭਿਆਚਾਰ ਵਿੱਚ ਯੋਗਦਾਨ ਪ੍ਰਤੀ ਸ਼ਰਧਾਂਜਲੀ ਵਜੋਂ,ਇਸ ਸਾਲ ਪੀਟੀਸੀ ਪੰਜਾਬੀ 'ਤੇ ਵਾਇਸ ਆਫ਼ ਪੰਜਾਬ ਦਾ 2.5 ਲੱਖ ਰੁਪਏ ਦਾ ਪਹਿਲਾ ਪੁਰਸਕਾਰ ਉਨ੍ਹਾਂ ਵੱਲੋਂ ਸ. ਰਾਜਵੀਰ ਜਵੰਦਾ ਦੇ ਨਾਮ ਫ਼ਲਸਤੁਤੇ ਦਿੱਤਾ ਜਾਵੇਗਾ। ਉਨ੍ਹਾਂ ਨੇ ਦੁਖੀ ਪਰਿਵਾਰ ਨਾਲ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਅਤੇ ਆਉਣ ਵਾਲੇ ਸਾਲਾਂ ਵਿੱਚ ਉਨ੍ਹਾਂ ਨੂੰ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ।

## -ਮਾਮਲਾ ਕੈਨੇਡਾ-ਭਾਰਤ ਰਿਸ਼ਤੇ ਵਿੱਚ ਤਣਾਅ ਦਾ-

# ਸਾਬਕਾ ਸੁਰੱਖਿਆ ਸਲਾਹਕਾਰਾਂ ਨੇ ਕਿਹਾ, ਭਾਰਤ ਨੇ ਸਿੱਖ ਵੱਖਵਾਦੀਆਂ ਬਾਰੇ ਕੋਈ ਸਬੂਤ ਨਹੀਂ ਦਿੱਤਾ

ਟੋਰਾਂਟੋ-ਕੈਨੇਡਾ ਦੇ ਤਿੰਨ ਪੁਰਾਣੇ ਰਾਸ਼ਟਰੀ ਸੁਰੱਖਿਆ ਸਲਾਹਕਾਰਾਂ ਨੇ ਖੁਲਾਸਾ ਕੀਤਾ ਕਿ ਭਾਰਤ ਨੇ ਕੈਨੇਡਾ ਵਿੱਚ ਸਿੱਖ ਵੱਖਵਾਦੀਆਂ ਦੀਆਂ ਹਰਕਤਾਂ ਬਾਰੇ ਚਿੰਤਾ ਕਰਨ ਸਮੇਂ ਕਦੇ ਵੀ ਕੈਨੇਡਾ ਅਗੇ ਆਪਣਾ ਕੋਈ ਸਬੂਤ ਨਹੀਂ ਪੇਸ਼ ਕੀਤਾ।

ਰਿਚਰਡ ਫੈਡਨ, ਜੋ ਜਸਟਿਨ ਟਰੂਡੋ ਅਤੇ ਸਟੀਫਨ ਹਾਰਪਰ ਦੇ ਮੁੱਖ ਮੰਤਰੀ ਸਮੇਂ ਸੁਰੱਖਿਆ ਸਲਾਹਕਾਰ ਰਿਹਾ ਅਤੇ 2009 ਤੋਂ 2013 ਤੱਕ ਸੀਐੱਸਆਈਐੱਸ ਦਾ ਮੁਖੀ ਵੀ ਰਿਹਾ, ਨੇ ਕਿਹਾ, "ਭਾਰਤੀ ਅਧਿਕਾਰੀ ਹਮੇਸ਼ਾ ਸਿੱਖ ਵੱਖਵਾਦੀਆਂ ਬਾਰੇ ਚਿੰਤਾ ਕਰਦੇ ਰਹੇ, ਪਰ ਉਹਨਾਂ ਨੇ ਕਦੇ ਕੋਈ ਸਬੂਤ ਨਹੀਂ ਦਿੱਤਾ। ਅਸੀਂ ਉਹਨਾਂ ਨੂੰ ਵਾਰ-ਵਾਰ ਕਿਹਾ ਕਿ ਕੈਨੇਡਾ ਵਿੱਚ ਨਿਆਂ ਦਾ ਰਾਜ ਹੈ ਅਤੇ ਅਸੀਂ ਆਪਣੇ ਕਨੂੰਨ ਅਨੁਸਾਰ ਕੰਮ ਕਰਦੇ ਹਾਂ।"

ਫੈਡਨ ਨੇ ਹੋਰ ਕਿਹਾ, "ਕੈਨੇਡਾ ਚਾਹੁੰਦਾ ਹੈ ਕਿ ਦੋਹਾਂ ਮੁਲਕਾਂ ਵਿੱਚ ਕਾਨੂੰਨ ਨਿਭਾਉਣ ਵਾਲੀਆਂ ਟੀਮਾਂ ਵਿਚਕਾਰ ਜਾਣਕਾਰੀ ਸਾਂਝੀ ਹੋਵੇ, ਤਾਂ ਅਸੀਂ ਨੋਟਿਸ ਲੈ ਸਕੀਏ। ਉਨ੍ਹਾਂ ਕਿਹਾ ਕਿ ਖੁਫੀਆ ਜਾਣਕਾਰੀ ਨੂੰ ਸਬੂਤ ਬਣਾਉਣਾ ਬਹੁਤ ਗੁੰਝਲਦਾਰ ਹੁੰਦਾ ਹੈ। ਇਸ ਆਧਾਰ ਉਪਰ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ।"

ਜੋਡੀ ਥੌਮਸ (2022-2024 ਸੁਰੱਖਿਆ ਸਲਾਹਕਾਰ) ਅਤੇ ਵਿਨਸੈਂਟ ਰਿਗਬੀ (2020-2021 ਸੁਰੱਖਿਆ ਸਲਾਹਕਾਰ) ਨੇ ਵੀ ਆਪਣੇ ਵਿਚਾਰ ਇਸ ਸਬੰਧੀ ਸਾਂਝੇ ਕੀਤੇ। ਥੌਮਸ ਨੇ ਕਿਹਾ, "ਭਾਰਤ ਅਤੇ ਕੈਨੇਡਾ ਦੇ ਲੋਕਤੰਤਰ ਵਿੱਚ ਹੱਕਾਂ ਬਾਰੇ ਭਿੰਨ ਭੇਦ ਹਨ। ਭਾਰਤ ਨੂੰ ਵੱਖਵਾਦੀ ਨਾਪਸੰਦ ਹਨ, ਪਰ ਕੈਨੇਡਾ ਵਿੱਚ ਇੱਕ ਵੱਖਵਾਦੀ ਪਾਰਟੀ ਸੰਸਦ ਵਿੱਚ ਮੌਜੂਦ ਹੈ। ਇੱਥੇ ਬੋਲਣ ਦੀ ਆਜ਼ਾਦੀ ਹੈ।"



ਜੋਡੀ ਥੌਮਸ

ਵਿਨਸੈਂਟ ਰਿਗਬੀ

ਉਹਨਾਂ ਨੇ ਜ਼ੋਰ ਦਿੱਤਾ ਕਿ ਸਿੱਖ ਵੱਖਵਾਦੀ ਕੈਨੇਡਾ ਵਿੱਚ ਕੋਈ ਗੈਰਕਨੂੰਨੀ ਅਸਰ ਨਹੀਂ ਪਾਉਂਦੇ, ਕੈਨੇਡਾ ਵਿੱਚ ਵਿਰੋਧ ਕਰਨ ਦਾ ਹੱਕ ਹੈ।

ਰਿਗਬੀ ਨੇ ਵੀ ਪੁਸ਼ਟੀ ਕੀਤੀ ਕਿ ਭਾਰਤੀ ਅਧਿਕਾਰੀ ਅਕਸਰ ਵੈਨਕੂਵਰ ਜਾਂ ਹਾਈ ਕਮਿਸ਼ਨ ਬਾਹਰ ਖਾਲਿਸਤਾਨੀ ਵਿਰੋਧਾਂ ਬਾਰੇ ਪੁੱਛਦੇ ਰਹੇ, ਪਰ ਉਹਨਾਂ ਨੂੰ ਕਿਹਾ ਜਾਂਦਾ ਸੀ ਕਿ ਇਹ ਕੈਨੇਡਾ ਵਿੱਚ ਕਨੂੰਨੀ ਪਖ ਤੋਂ ਠੀਕ ਹੈ।

ਦੂਜੇ ਪਾਸੇ ਭਾਰਤ ਦੇ ਨਵੇਂ ਹਾਈ ਕਮਿਸ਼ਨਰ ਦੀਨੇਸ਼ ਪਟਨਾਇਕ ਨੇ ਕਿਹਾ ਕਿ ਕੈਨੇਡਾ ਨੇ ਵੀ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਮਾਮਲੇ ਵਿੱਚ ਭਾਰਤੀ ਲੋਕਾਂ ਦੀ ਭੂਮਿਕਾ ਬਾਰੇ ਕੋਈ ਸਬੂਤ ਨਹੀਂ ਦਿੱਤਾ। ਉਹਨਾਂ ਨੇ ਇਹਨਾਂ ਇਲਜ਼ਾਮਾਂ ਨੂੰ "ਬੇਬੁਨਿਆਦ ਅਤੇ ਹਾਸੋਹੀਣਾ" ਕਿਹਾ।

### ਰਿਸ਼ਤਿਆਂ ਵਿੱਚ ਤਣਾਅ ਦੀ ਪੁਰਾਣੀ ਕਹਾਣੀ

2023 ਵਿੱਚ ਟਰੂਡੋ ਨੇ ਭਾਰਤੀ ਰਾਜਦੂਤਾਂ ਉਪਰ ਨਿੱਜਰ ਦੀ ਹੱਤਿਆ ਵਿੱਚ ਹਿੱਸਾ ਲੈਣ ਬਾਰੇ 'ਇਲਜ਼ਾਮ' ਲਾਏ ਸਨ। 2024 ਵਿੱਚ ਆਰਸੀਐੱਮਪੀ ਨੇ ਭਾਰਤੀ ਕੌਂਸਲਾਂ ਨੂੰ ਹੱਤਿਆਵਾਂ ਅਤੇ ਲੁੱਟਾਂ ਨਾਲ ਜੋੜਿਆ। ਇਸ ਨਾਲ ਦੋਹਾਂ ਮੁਲਕਾਂ ਨੇ ਇੱਕ ਦੂਜੇ ਦੇ ਰਾਜਦੂਤ ਨੂੰ ਬਾਹਰ ਕੱਢਿਆ ਸੀ। ਪਰ ਹੁਣ ਰਿਸ਼ਤੇ ਸੁਧਾਰਨ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ। ਮੁੱਖ ਮੰਤਰੀ ਮਾਰਕ ਕਾਰਨੀ ਨੇ ਜੂਨ ਵਿੱਚ ਜੀ-7 ਮੀਟਿੰਗ ਲਈ ਨਰਿੰਦਰ ਮੋਦੀ ਨੂੰ ਬੁਲਾਇਆ ਸੀ। ਵਿਦੇਸ਼ ਮੰਤਰੀ ਅਨੀਤਾ ਆਨੰਦ ਬੀਤੇ ਦਿਨੀਂ ਭਾਰਤ ਗਈ ਸੀਅਤੇ ਮੋਦੀ ਨਾਲ ਮੁਲਾਕਾਤ ਕੀਤੀ।

ਪੁਰਾਣੇ ਸਲਾਹਕਾਰਾਂ ਨੇ ਕਿਹਾ ਕਿ ਇਹ ਕੰਮ "ਨਾਜ਼ੁਕ" ਹੈ ਅਤੇ ਦੋਹਾਂ ਨੂੰ ਇੱਕ ਦੂਜੇ 'ਤੇ ਭਰੋਸਾ ਬਣਾਉਣਾ ਪਵੇਗਾ। ਉਹਨਾਂ ਨੇ ਸਲਾਹ ਦਿੱਤੀ ਕਿ ਵਿਰੋਧ ਵਾਲੇ ਖੇਤਰਾਂ ਵਿੱਚ ਵੀ ਮਿਲ-ਜੁਲਕੇ ਕੇ ਕੰਮ ਕੀਤਾ ਜਾਵੇ।

# ਯੂ.ਪੀ. ਦੇ ਮੁਖ ਮੰਤਰੀ ਨੇ ਹੜ੍ਹ ਪ੍ਰਭਾਵਿਤ ਪੰਜਾਬ ਦੇ ਕਿਸਾਨਾਂ ਲਈ 1,000 ਕੁਇੰਟਲ ਕਣਕ ਦਾ ਬੀਜ ਭੇਜਿਆ



ਲਖਨਊ-ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਬੀਤੇ ਮੰਗਲਵਾਰ ਨੂੰ ਪੰਜਾਬ ਦੇ ਹੜ੍ਹ ਪ੍ਰਭਾਵਿਤ ਕਿਸਾਨਾਂ ਦੀ ਸਹਾਇਤਾ ਲਈ ਆਪਣੀ ਸਰਕਾਰੀ ਰਿਹਾਇਸ਼ ਤੋਂ 1,000 ਕੁਇੰਟਲ ਕਣਕ ਦੇ ਬੀਜ ਲੈ ਕੇ ਜਾਣ ਵਾਲੀਆਂ ਗੱਡੀਆਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਹ ਪਹਿਲ ਸੂਬੇ ਦੀ ਮੁਸੀਬਤ 'ਚ ਹਰ ਨਾਗਰਿਕ ਦੇ ਨਾਲ ਖੜ੍ਹੇ ਹੋਣ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਦੀਵਾਲੀ ਦਾ ਤਿਉਹਾਰ ਉਦੋਂ ਸਹੀ ਅਰਥ ਪ੍ਰਾਪਤ ਕਰਦਾ ਹੈ ਜਦੋਂ ਹਮਦਰਦੀ ਅਤੇ ਸੇਵਾ ਨਾਲ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਮੁਸ਼ਕਲ ਸਮੇਂ ਵਿਚ ਉੱਤਰ ਪ੍ਰਦੇਸ਼ ਸਰਕਾਰ ਪੰਜਾਬ ਦੇ 'ਅੰਨਦਾਤਾ' ਕਿਸਾਨਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਅਤੇ ਰਾਜ ਦੋਵਾਂ ਦੀ ਦੋਹਰੀ-ਇੰਜਣ ਸਰਕਾਰ ਰਾਹਤ, ਵਿੱਤੀ ਸਹਾਇਤਾ ਅਤੇ ਪੁਨਰਵਾਸ ਯਤਨਾਂ ਰਾਹੀਂ ਹਰੇਕ ਆਫ਼ਤ ਪ੍ਰਭਾਵਿਤ ਨਾਗਰਿਕ ਦੀ ਸਹਾਇਤਾ ਕਰਨ ਲਈ ਵਚਨਬੱਧ ਹੈ।


## CHANGE OF NAME

Please one tick box
☐ £30 Print in UK only
☐ £60 Print UK & India
☐ £80 Print UK & India (Express)

NOTE: Please allow 28 days for publication in India

I MR / MRS / MISS ____________________
SON / DAUGHTER / WIFE OF MR ____________________
WHOSE PERMANENT ADDRESS IN INDIA IS ____________________
____________________
AND IS NOW LIVING AT ____________________
____________________ HEREBY GIVE NOTICE OF MY INTENTION
TO CHANGE MY NAME TO ____________________
TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


## CHANGE OF NAME & ADDRESS

I, MANPREET KAUR, DAUGHTER OF MAHINDER SINGH, WHOSE PERMANENT ADDRESS IN INDIA IS VPO KOTLA BHAGU, TEHSIL NAKODAR, DISTRICT JALANDHAR, PUNJAB – 144040 CURRENTLY RESIDING AT 6 PARK STREET, ROWLEY REGIS, B65 0AJ, UNITED KINGDOM, WAS PREVIOUSLY KNOWN AS MANPREET KAUR RAJASANSI. I HAVE CHANGED MY NAME TO MANPREET KAUR FOLLOWING MY DIVORCE FROM HARJINDER SINGH RAJASANSI. I WILL HENCEFORTH BE KNOWN AS MANPREET KAUR FOR ALL LEGAL AND OFFICIAL PURPOSES. MY PREVIOUS ADDRESS (VILLAGE GUGH, PO SUDANA, DISTRICT JALANDHAR – 144201, PUNJAB) IS NO LONGER VALID FOR ANY OFFICIAL RECORDS. (U/I)

# ਅਮਰੀਕਾ ਦੀ ਕਾਂਗਰਸ ਹਾਊਸ ਵੱਲੋਂ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਦਿੱਤੀ ਗਈ ਮਾਨਤਾ ਅਤੇ ਸਤਿਕਾਰ




ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਉਪਰਾਲਿਆਂ ਸਦਕਾ, ਸਿੱਖ ਕੌਮ ਲਈ ਇਹ ਇਤਿਹਾਸਿਕ ਬਣ ਗਿਆ ਹੈ ਕਿ ਸੰਸਾਰ ਭਰ ਦੀ ਸੁਪਰੀਮ ਪਾਵਰ ਅਮਰੀਕਾ ਵਿੱਚ ਪੈਨਸਿਲਵੇਨੀਆਂ ਤੋ ਕਾਂਗਰਸਮੈਨ ਬ੍ਰੈਂਡਨ ਬਾਇਲੇ ਦੇ ਯਤਨਾਂ ਸਦਕਾ ਕਾਂਗਰਸ ਹਾਊਸ ਵਿੱਚ ਸਿੱਖਾ ਦੇ ਨੌਵੇ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇ ਸ਼ਹੀਦੀ ਦਿਹਾੜੇ ਨੂੰ ਸਤਿਕਾਰ ਅਤੇ ਮਾਨਤਾ ਦਿੱਤੀ ਗਈ । ਇਸ ਮੌਕੇ ਉਨ੍ਹਾਂ ਆਪਣੇ ਸੰਦੇਸ਼ ਦੌਰਾਨ ਕਿਹਾ ਕਿ, ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਅਤੇ ਉਹਨਾਂ ਦੇ ਪਿਆਰੇ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ ਸ਼ਹਾਦਤ ਦੁਨੀਆ ਲਈ ਇਕ ਚਾਨਣ ਮੁਨਾਰੇ ਵਾਂਗ ਹੈ । ਓਹਨਾ ਅੱਗੇ ਕਿਹਾ ਕਿ ਗੁਰੂ ਸਾਹਿਬ ਨੇ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਅਤਿਆਚਾਰ ਤੇ ਹਿੰਦੂ ਧਰਮ ਨੂੰ ਖਤਮ ਕਰਨ ਦੀ ਮੁਹਿੰਮ ਦਾ ਦਲੇਰੀ ਨਾਲ ਸਾਹਮਣਾ ਕੀਤਾ ਅਤੇ ਹਰੇਕ ਵਿਅਕਤੀ ਦੇ ਆਪਣੇ ਵਿਸ਼ਵਾਸ ਦੀ ਆਜ਼ਾਦੀ ਨਾਲ ਪਾਲਣਾ ਕਰਨ ਦੇ ਅਧਿਕਾਰ ਦੀ ਰੱਖਿਆ ਦੇ ਨਾਲ ਨਾਲ ਦੂਜਿਆਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਅਤੇ ਮਨੁੱਖੀ ਮਾਣ, ਜ਼ਮੀਰ ਦੀ ਆਜ਼ਾਦੀ, ਕਿਸੇ ਦੇ ਵਿਸ਼ਵਾਸਾਂ ਅਨੁਸਾਰ ਪੂਜਾ ਕਰਨ ਦੇ ਅਧਿਕਾਰ ਦੇ ਸਰਵ ਵਿਆਪਕ ਸਿਧਾਂਤਾਂ ਨੂੰ ਬਰਕਰਾਰ ਰੱਖਣ ਲਈ ਉਨ੍ਹਾਂ ਦੀ ਅੰਤਿਮ ਕੁਰਬਾਨੀ ਲਈ ਉਨ੍ਹਾਂ ਨੂੰ ਪਿਆਰ ਨਾਲ ਸ੍ਰਿਸ਼ਟੀ ਦੀ ਚਾਦਰ ਅਤੇ ਮਨੁੱਖਤਾ ਦੇ ਅਧਿਕਾਰਾਂ ਦੀ ਢਾਲ ਵਜੋਂ ਯਾਦ ਕੀਤਾ ਜਾਂਦਾ ਹੈ। ਸਿੱਖ ਭਾਈਚਾਰਾ, ਜਿਸਦੀਆਂ ਜੜ੍ਹਾਂ ਨਨਕਾਣਾ ਸਾਹਿਬ, ਪੰਜਾਬ ਜੋ ਕਿ ਹੁਣ ਪਾਕਿਸਤਾਨ ਵਿੱਚ ਸਥਿਤ ਹੈ ਅਤੇ ਪੂਰੀ ਦੁਨੀਆ ਵਿੱਚ ਫੈਲੀਆ ਹੋਈਆਂ ਹਨ । ਸਿੱਖਾ ਨੇ ਇੱਕ ਸਦੀ ਤੋਂ ਵੱਧ ਸਮਾਂ ਪਹਿਲਾਂ ਅਮਰੀਕਾ ਵਿੱਚ ਪਰਵਾਸ ਕਰਨਾ ਸ਼ੁਰੂ ਕੀਤਾ ਸੀ। ਇਨ੍ਹਾਂ ਸ਼ਾਨਦਾਰ ਅਮਰੀਕੀਆਂ ਨੇ ਕੀਅਸਟੋਨ ਦੇ ਵਿਕਾਸ ਅਤੇ ਜੀਵਨਸ਼ਕਤੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਸਹਿਣਸ਼ੀਲਤਾ, ਸੇਵਾ ਅਤੇ ਨਾਗਰਿਕ ਸ਼ਮੂਲੀਅਤ ਪ੍ਰਤੀ ਆਪਣੀ ਵਚਨਬੱਧਤਾ ਰਾਹੀਂ ਆਪਣੇ ਭਾਈਚਾਰਿਆਂ ਨੂੰ ਅਮੀਰ ਬਣਾਇਆ ਹੈ।

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....

**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

**ਆਓ ਤਿੰਨ ਜਾਂ ਚਾਰ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...**

ਪਾਠ 20

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Ok, last week you learnt how to make 2 letter words. Let us make 3 letter words or may be 4 or more.............
Remember we will make words with letters ਕ, ਖ, ਗ, ਘ, ਙ

ਕਲਮ ਕਣਕ ਕਮਰ ਕਦਮ ਕਰਮ

ਖੜਕ ਖਤਮ ਖਰਚ ਖਬਰ ਖਲਕਤ

ਗਰਮ ਗਟਰ ਗਲਤ ਗਰਜ ਗਲਗਲ


ਘੜਮ

Class Exercise : Make three or four letter words which at least use one of the letters - ਕ, ਖ, ਗ, ਘ, ਙ

Note: Certain words above require the use of adhak; for the purpose of this activity we are leaving these words in mukta form

ਸਿੱਖਿਆ - ਗੁਰਮੁਖੀ Page 40 Level I

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ।
4 ਕਿਤਾਬਾਂ ਦੇ ਸੈਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388




Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਜਮਹੂਰੀਅਤ ਲਈ ਖਤਰਨਾਕ ਹਨ ਫ਼ਿਰਕੂ ਤਣਾਅ

ਰਾਮ ਪੁਨਿਆਣੀ



ਇਕ ਸਦੀ ਤੋਂ ਵੀ ਪੁਰਾਣੀ ਫਿਰਕੂ ਹਿੰਸਾ ਭਾਰਤੀ ਰਾਜਨੀਤੀ ਲਈ ਇਕ ਸਰਾਪ ਵਾਂਗ ਹੈ। ਇਸ ਵਰਤਾਰੇ ਬਾਰੇ ਜ਼ਿਆਦਾਤਰ ਵਿਦਵਾਨਾਂ ਦਾ ਮੰਨਣਾ ਹੈ ਕਿ ਅਜਿਹੀ ਹਿੰਸਾ ਆਮ ਤੌਰ 'ਤੇ ਯੋਜਨਾਬੱਧ ਹੁੰਦੀ ਹੈ, ਜੋ ਬਾਅਦ ਵਿਚ ਫਿਰਕੂ ਧਰੁਵੀਕਰਨ ਨੂੰ ਉਭਾਰ ਵੱਲ ਲੈ ਜਾਂਦੀ ਹੈ। ਵਿਦਵਾਨਾਂ ਅਨੁਸਾਰ ਦੰਗੇ ਜਾਤੀਗਤ ਧਰੁਵੀਕਰਨ ਪੈਦਾ ਕਰਦੇ ਹਨ, ਜਿਸ ਦਾ ਫਾਇਦਾ ਕਾਂਗਰਸ ਜਾਂ ਹੋਰ ਧਰਮ ਨਿਰਪੱਖ ਪਾਰਟੀਆਂ ਦੀ ਕੀਮਤ 'ਤੇ ਜਾਤ ਆਧਾਰਿਤ-ਧਾਰਮਿਕ ਪਾਰਟੀਆਂ ਨੂੰ ਹੁੰਦਾ ਹੈ। ਜਿੱਥੇ ਹਿੰਦੂ-ਮੁਸਲਿਮ ਦੰਗੇ ਕਾਂਗਰਸ ਲਈ ਚੋਣਾਂ ਦੇ ਮੱਦੇਨਜ਼ਰ ਮਹਿੰਗੇ ਸਾਬਤ ਹੁੰਦੇ ਹਨ, ਉੱਥੇ ਇਹ ਦੰਗੇ ਕਾਂਗਰਸ ਵਰਗੀਆਂ ਬਹੁ-ਜਾਤੀ ਪਾਰਟੀਆਂ ਦੀ ਕੀਮਤ 'ਤੇ ਹੋਰ ਜਾਤ ਆਧਾਰਿਤ-ਧਾਰਮਿਕ ਪਾਰਟੀਆਂ ਨੂੰ ਮਜ਼ਬੂਤ ਕਰਦੇ ਹਨ। ਇਸ ਨਿਰੀਖਣ ਦੇ ਅਨੁਸਾਰ ਹਿੰਸਾ ਨੂੰ ਭੜਕਾਉਣ ਅਤੇ ਇਸ ਤੋਂ ਚੋਣ ਲਾਭ ਉਠਾਉਣ ਲਈ ਵਧੇਰੇ ਬਹਾਨੇ ਘੜੇ ਜਾ ਰਹੇ ਹਨ। ਇਸ ਲੰਬੀ ਸੂਚੀ ਵਿਚ ਨਵੇਂ ਬਹਾਨੇ ਜੋੜੇ ਜਾ ਰਹੇ ਹਨ, ਜਿਵੇਂ ਕਿ ਮਸਜਿਦਾਂ ਦੇ ਸਾਹਮਣੇ ਉੱਚੀ ਆਵਾਜ਼ ਵਿਚ ਸੰਗੀਤ ਵਜਾਉਣਾ, ਮੰਦਰਾਂ ਵਿਚ ਗਊ ਮਾਸ ਸੁੱਟਣਾ ਜਾਂ ਅਫਵਾਹਾਂ ਫੈਲਾਉਣਾ ਆਦਿ ਫਿਰਕੂ ਨਫ਼ਰਤ ਦੇ ਮੁੱਖ ਸਰੋਤ ਰਹੇ ਹਨ। ਇਸ ਤੋਂ ਇਲਾਵਾ ਮੁਸਲਿਮ ਰਾਜਿਆਂ ਨੂੰ ਬੁਰਾਈ ਦੇ ਪ੍ਰਤੀਕ ਦੱਸਦਿਆਂ ਉਨ੍ਹਾਂ ਵਲੋਂ ਮੰਦਰਾਂ ਨੂੰ ਤਬਾਹ ਕਰਨ, ਜ਼ਬਰਦਸਤੀ ਇਸਲਾਮ ਦਾ ਪ੍ਰਸਾਰ ਕਰਨ ਅਤੇ ਉਨ੍ਹਾਂ ਦੇ ਵੱਡੇ ਪਰਿਵਾਰਾਂ ਕਾਰਨ ਦੇਸ਼ ਵਿਚ ਹਿੰਦੂਆਂ ਦੇ ਘੱਟਗਿਣਤੀ ਬਣਨ ਦਾ ਖ਼ਤਰਾ ਆਦਿ ਸਭ ਨਫ਼ਰਤ ਫੈਲਾਉਣ ਦੇ ਤਰੀਕੇ ਬਣ ਗਏ ਹਨ। ਪਿਛਲੇ ਕੁਝ ਦਹਾਕਿਆਂ ਤੋਂ ਗਊ ਹੱਤਿਆ, ਗਊ ਮਾਸ ਖਾਣਾ, ਲਵ ਜਿਹਾਦ ਤੇ ਹੋਰ ਬਹੁਤ ਸਾਰੇ ਜਿਹਾਦ- ਕੋਰੋਨਾ ਜਿਹਾਦ, ਲੈਂਡ ਜਿਹਾਦ ਅਤੇ ਸਭ ਤੋਂ ਨਵੀਨਤਮ 'ਪੇਪਰ ਲੀਕ ਜਿਹਾਦ' ਆਦਿ ਨਫ਼ਰਤ ਫੈਲਾਉਣ ਦੇ ਹੋਰ ਬਹਾਨੇ ਬਣ ਗਏ ਹਨ।

ਇਹ ਸਭ ਇਸ ਲਈ ਯਾਦ ਆ ਰਿਹਾ ਹੈ ਕਿਉਂਕਿ ਇਸ ਸਮੇਂ ਦੇਸ਼ 'ਆਈ ਲਵ ਮੁਹੰਮਦ' ਜਿਹੇ ਇਕ ਮਾਮੂਲੀ ਨਾਅਰੇ ਦੇ ਆਲੇ-ਦੁਆਲੇ ਹਿੰਸਾ ਦਾ ਮਾਹੌਲ ਦੇਖ ਰਿਹਾ ਹੈ। ਇਸ ਦੀ ਸ਼ੁਰੂਆਤ ਕਾਨਪੁਰ ਤੋਂ ਹੋਈ, ਜਦੋਂ ਕੁਝ ਲੋਕਾਂ ਨੇ ਮਿਲਾਦ-ਉਨ-ਨਬੀ ਦੇ ਮੌਕੇ 'ਤੇ ਪੈਗੰਬਰ ਮੁਹੰਮਦ ਦੇ ਜਨਮ ਦਿਨ ਨੂੰ ਮਨਾਉਣ ਵਾਲੇ ਜਲੂਸ ਦੌਰਾਨ 'ਆਈ ਲਵ ਮੁਹੰਮਦ' ਬੈਨਰ 'ਤੇ ਕੁਝ ਲੋਕਾਂ ਵਲੋਂ ਇਤਰਾਜ਼ ਕੀਤਾ ਗਿਆ ਕਿ ਇਸ ਨਾਲ ਧਾਰਮਿਕ ਤਿਉਹਾਰ ਵਿਚ ਇਕ ਨਵੀਂ ਪਰੰਪਰਾ ਜੁੜ ਰਹੀ ਹੈ। ਪੁਲਿਸ ਦੇ ਇਕ ਹਿੱਸੇ ਨੇ ਇਸ ਦਲੀਲ ਨੂੰ ਸਵੀਕਾਰ ਕਰਦਿਆਂ ਅਜਿਹੇ ਪੋਸਟਰ ਲਗਾਉਣ ਵਾਲਿਆਂ ਵਿਰੁੱਧ ਐਫ.ਆਈ.ਆਰ. ਦਰਜ ਕੀਤੀਆਂ। ਇਹ ਉਨ੍ਹਾਂ ਮਾਪਦੰਡਾਂ ਦੀ ਪੂਰੀ ਤਰ੍ਹਾਂ ਨਾਲ ਉਲੰਘਣਾ ਹੈ, ਜਿਨ੍ਹਾਂ ਦੇ ਅਨੁਸਾਰ ਪੈਗੰਬਰ ਨੂੰ



ਸਤਿਕਾਰ ਦੇਣ ਲਈ ਇਕ ਸ਼ਾਂਤੀਪੂਰਨ ਜਲੂਸ ਕਿਸੇ ਵੀ ਨਿਯਮਾਂ ਦੀ ਉਲੰਘਣਾ ਨਹੀਂ ਕਰਦਾ। ਇਸ ਤੋਂ ਬਾਅਦ ਉੱਤਰ ਪ੍ਰਦੇਸ਼ ਦੇ ਕਈ ਜ਼ਿਲ੍ਹਿਆਂ ਵਿਚ ਹਿੰਸਾ ਫੈਲ ਗਈ।

ਕਾਨਪੁਰ 'ਚ ਇਹ ਪਹਿਲੀ ਘਟਨਾ ਸੀ, ਜੋ ਉੱਤਰ ਪ੍ਰਦੇਸ਼ ਦੇ ਬਰੇਲੀ, ਬਾਰਾਬੰਕੀ ਤੇ ਮਊ ਜ਼ਿਲ੍ਹਿਆਂ ਤੋਂ ਇਲਾਵਾ ਉੱਤਰਾਖੰਡ ਦੇ ਊਧਮ ਸਿੰਘ ਨਗਰ ਜ਼ਿਲ੍ਹੇ ਦੇ ਕਾਸ਼ੀਪੁਰ ਤੇ ਕਈ ਹੋਰ ਥਾਵਾਂ 'ਤੇ ਦੁਹਰਾਈ ਗਈ। ਫਿਰ ਪੋਸਟਰ ਪਾੜਨ ਨਾਲ ਹਿੰਸਾ ਹੋਈ ਅਤੇ ਮਾਹੌਲ ਵਿਗੜ ਗਿਆ। ਐਸੋਸੀਏਸ਼ਨ ਫਾਰ ਪ੍ਰੋਟੈਕਸ਼ਨ ਆਫ਼ ਸਿਵਲ ਰਾਈਟਸ (ਏ.ਪੀ.ਸੀ.ਆਰ.) ਦੇ ਦਸਤਾਵੇਜ਼ਾਂ ਅਨੁਸਾਰ 'ਆਈ ਲਵ ਮੁਹੰਮਦ' ਨੂੰ ਲੈ ਕੇ 21 ਐਫ.ਆਈ.ਆਰ. ਦਰਜ ਹੋਈਆਂ, ਇਸ ਨਾਲ 1,324 ਲੋਕ ਪ੍ਰਭਾਵਿਤ ਹੋਏ ਅਤੇ 38 ਗ੍ਰਿਫ਼ਤਾਰੀਆਂ ਹੋਈਆਂ। ਬਰੇਲੀ ਵਿਚ ਕੁਝ ਦਿਨ ਇੰਟਰਨੈੱਟ ਬੰਦ ਰਿਹਾ ਅਤੇ ਇਕ ਸਥਾਨਕ ਮੁਸਲਿਮ ਆਗੂ ਮੌਲਾਨਾ ਤੌਕੀਰ ਰਜ਼ਾ ਖਾਨ ਨੂੰ ਇਕ ਹਫ਼ਤੇ ਲਈ ਘਰ ਵਿਚ ਨਜ਼ਰਬੰਦ ਰੱਖਿਆ ਗਿਆ। ਜਿਸ ਨੇ ਦੋਸ਼ ਲਗਾਇਆ ਸੀ ਕਿ ਮੁਸਲਮਾਨਾਂ ਨੂੰ ਬੇਮਤਲਬ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਦੋਸ਼ ਹੈ ਕਿ ਕਾਨਪੁਰ ਘਟਨਾ ਸੰਬੰਧੀ ਇਕ ਮੰਗ-ਪੱਤਰ ਸੌਂਪਣ ਦਾ ਸੱਦਾ ਦਿੱਤਾ ਗਿਆ ਪਰ ਉਹ ਖੁਦ ਇਸ ਇਕੱਠ ਵਿਚ 'ਚ ਸ਼ਾਮਿਲ ਨਹੀਂ ਹੋਇਆ ਪਰ ਇਕੱਠੇ ਹੋਏ ਲੋਕਾਂ ਵਲੋਂ ਹੰਗਾਮਾ ਕੀਤਾ ਗਿਆ। ਇਸ ਗੈਰ-ਜ਼ਿੰਮੇਵਾਰਾਨਾ ਕਾਰਵਾਈ ਕਰਕੇ ਕਈ ਮੁਸਲਮਾਨਾਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ। ਇਸ ਪੂਰੇ ਘਟਨਾਕ੍ਰਮ ਨੇ ਮੁਸਲਮਾਨਾਂ ਵਿਰੁੱਧ ਨਫ਼ਰਤ ਨੂੰ ਉਜਾਗਰ ਕੀਤਾ ਹੈ। ਜਿਵੇਂ ਕਿ ਅਕਸਰ ਹੁੰਦਾ ਹੈ ਚੋਟੀ ਦੇ ਫਿਰਕੂ ਨੇਤਾ ਬੇਤੁਕੇ ਬਿਆਨ ਦੇ ਕੇ ਨਫ਼ਰਤੀ ਮੁਹਿੰਮਾਂ ਨੂੰ ਉਕਸਾ ਕੇ ਹਿੰਸਾ ਭੜਕਾ ਦਿੰਦੇ ਹਨ।

ਮੋਦੀ ਜੀ ਵੀ ਖ਼ਾਸ ਕਰਕੇ ਚੋਣਾਂ ਦੌਰਾਨ ਅਜਿਹਾ ਕਰਦੇ ਰਹਿੰਦੇ ਹਨ, ਇਸ ਵਾਰ ਉਹ ਆਪਣੀਆਂ ਚੋਣ ਮੁਹਿੰਮਾਂ ਦੌਰਾਨ 'ਘੁਸਪੈਠੀਏ' ਸ਼ਬਦ ਵਰਤਣ 'ਤੇ ਖ਼ਾਸ ਜ਼ੋਰ ਦੇ ਰਹੇ ਹਨ। ਇਹ ਵਰਤਾਰਾ ਬਿਹਾਰ ਤੇ ਖਾਸ ਕਰਕੇ ਅਸਾਮ ਵਿਚ ਮੁਸਲਮਾਨਾਂ ਲਈ ਇਕ ਸਰਾਪ ਬਣ ਗਿਆ ਹੈ। ਜਿੱਥੇ ਬਿਹਾਰ ਤੋਂ ਬਾਅਦ 47 ਲੱਖ ਤੋਂ ਵੱਧ ਵੋਟਰ ਵੋਟ ਦੇ ਅਧਿਕਾਰ ਤੋਂ ਵਾਂਝੇ ਕਰ ਦਿੱਤੇ ਜਾਣ ਦੀ ਸ਼ੰਕਾ ਹੈ। ਇਹ ਦੇਸ਼ ਭਰ 'ਚ ਵੋਟਰ ਸੂਚੀਆਂ ਦੇ ਖਤਰਨਾਕ ਵਿਸ਼ੇਸ਼ ਵਿਆਪਕ ਮੁੜ ਪੜਤਾਲ (ਐੱਸ. ਆਈ. ਆਰ.) ਨੂੰ ਲਾਗੂ ਕਰਨ ਦੇ ਕਾਰਨਾਂ 'ਚੋਂ ਇਕ ਹੈ।

ਉੱਤਰ ਪ੍ਰਦੇਸ਼ ਜਿੱਥੇ ਸਭ ਤੋਂ ਵੱਧ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ, ਉਥੋਂ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਕਈ ਅਜਿਹੇ ਬਿਆਨ ਦਿੱਤੇ ਹਨ ਜੋ ਉਨ੍ਹਾਂ ਦੇ ਅਹੁਦੇ ਦੀ ਸ਼ੋਭਾ ਵਧਾਉਣ ਵਾਲੇ ਨਹੀਂ। ਯੋਗੀ ਦਾ ਕਹਿਣਾ ਹੈ ਕਿ ਉਹ 'ਗਜ਼ਵਾ-ਏ-ਹਿੰਦ' ਦਾ ਨਾਅਰਾ ਲਗਾਉਣ ਦਾ ਸੁਪਨਾ ਦੇਖਣ ਵਾਲਿਆਂ ਨੂੰ ਨਰਕ ਦੀਆਂ ਟਿਕਟਾਂ ਦੇਣਗੇ। ਇਹ ਗਜ਼ਵਾ-ਏ-ਹਿੰਦ ਇੱਥੇ ਕਿੱਥੋਂ ਆ ਗਿਆ? ਭਾਰਤੀ ਮੁਸਲਮਾਨਾਂ ਦਾ ਇਕ ਵਰਗ ਗਜ਼ਵਾ ਨਹੀਂ, ਸਗੋਂ ਮੈਂ ਮੁਹੰਮਦ ਨੂੰ ਪਿਆਰ ਕਰਦਾ ਹਾਂ ਦਾ ਨਾਅਰਾ ਲਗਾਉਂਦਾ ਰਿਹਾ ਹੈ... ਇਸ 'ਗਜ਼ਵਾ' ਦੇ ਨਾਅਰੇ ਦੀ ਵਰਤੋਂ ਤਾਲਿਬਾਨ ਕਿਸਮ ਦੇ ਲੋਕਾਂ ਦੁਆਰਾ ਕੀਤੀ ਜਾਂਦੀ ਹੈ, ਜਦਕਿ ਹਿੰਦੂ ਸੱਜੇ-ਪੱਖੀ (ਕੱਟੜ) ਪੂਰੇ ਮੁਸਲਿਮ ਭਾਈਚਾਰੇ 'ਤੇ ਦੋਸ਼ ਲਗਾ ਰਹੇ ਹਨ। ਕੁਰਾਨ ਵਿਚ 'ਗਜ਼ਵਾ-ਏ-ਹਿੰਦ' ਦਾ ਕੋਈ ਸਥਾਨ ਨਹੀਂ ਹੈ। ਇਕ ਸ਼ੱਕੀ ਹਦੀਸ ਵਿਚ ਇਹ ਸ਼ਬਦ ਆਉਂਦਾ ਹੈ, ਪਰ ਇੱਥੇ 'ਹਿੰਦ' ਦਾ ਮਤਲਬ ਬਸਰਾ ਹੈ, ਭਾਰਤ ਨਹੀਂ। ਦਰਅਸਲ ਪਾਕਿਸਤਾਨ ਵਿਚ ਬਹੁਤ ਸਾਰੇ ਕੱਟੜਪੰਥੀ ਹਨ, ਜੋ ਦਾਅਵਾ ਕਰਦੇ ਹਨ ਕਿ ਹਰ ਜੰਗ ਭਾਰਤ ਵਿਰੁੱਧ ਇਕ ਗਜ਼ਵਾ ਹੈ।

ਯੋਗੀ ਨੇ ਅੱਗੇ ਕਿਹਾ ਕਿ 'ਆਈ ਲਵ ਮੁਹੰਮਦ' ਦੇ ਪੋਸਟਰ ਅਰਾਜਕਤਾ ਭੜਕਾਉਣ ਲਈ ਲਗਾਏ ਜਾ ਰਹੇ ਹਨ। ਉਨ੍ਹਾਂ ਨੇ ਹਿੰਦੂਆਂ ਨੂੰ ਹਿੰਦੂ ਵਿਰੋਧੀ ਅਤੇ ਰਾਸ਼ਟਰ ਵਿਰੋਧੀ ਸਰਗਰਮੀਆਂ ਤੋਂ ਸਾਵਧਾਨ ਰਹਿਣ ਲਈ ਕਿਹਾ ਹੈ... (ਇੰਡੀਅਨ ਐਕਸਪ੍ਰੈਸ, ਮੁੰਬਈ ਐਡੀਸ਼ਨ, 29 ਸਤੰਬਰ, ਪੰਨਾ 6) ਇਹ ਭਾਰਤ ਦੇ ਸਭ ਤੋਂ ਵੱਡੇ ਘੱਟ-ਗਿਣਤੀ ਭਾਈਚਾਰੇ ਵਿਰੁੱਧ ਨਫ਼ਰਤ ਭੜਕਾਉਣ ਦੀ ਸਭ ਤੋਂ ਭੈੜੀ ਉਦਾਹਰਨ ਹੈ। ਇਹ ਨਾਅਰਾ ਅਰਾਜਕਤਾ ਕਿਵੇਂ ਭੜਕਾ ਸਕਦਾ ਹੈ? ਇਹ ਨਾਅਰਾ ਰਾਸ਼ਟਰ ਵਿਰੋਧੀ ਕਿਵੇਂ ਹੈ? ਇਹ ਸਮਝ ਤੋਂ ਪਰ੍ਹੇ ਹੈ। ਉਨ੍ਹਾਂ (ਯੋਗੀ) ਦੇ ਬਿਆਨ ਲੋਕਤੰਤਰੀ ਨਿਯਮਾਂ ਦੀ ਉਲੰਘਣਾ ਕਰਦੇ ਹਨ, ਜੋ ਸਾਨੂੰ ਸ਼ਾਂਤੀਪੂਰਵਕ ਆਪਣੀਆਂ ਭਾਵਨਾਵਾਂ ਪ੍ਰਗਟ ਕਰਨ ਦਾ ਅਧਿਕਾਰ ਦਿੰਦੇ ਹਨ। ਆਈ ਲਵ ਮੁਹੰਮਦ ਵਾਲੀ ਇਹ ਘਟਨਾ ਮੁਸਲਮਾਨਾਂ ਨੂੰ ਡਰਾਉਣ ਅਤੇ ਹਾਸ਼ੀਏ 'ਤੇ ਧੱਕਣ ਦੀ ਸਥਿਤੀ ਬਣਾ ਰਹੀ ਹੈ। ਆਪਣੇ ਪੈਗੰਬਰ ਪ੍ਰਤੀ ਪਿਆਰ ਦੇ ਅਜਿਹੇ ਪ੍ਰਦਰਸ਼ਨ ਲੋਕਤੰਤਰੀ ਪ੍ਰਗਟਾਵੇ ਦੇ ਦਾਇਰੇ ਵਿਚ ਆਉਂਦੇ ਹਨ। ਜਿਵੇਂ ਪਾਕਿਸਤਾਨ ਵਿਚ ਕੁਝ ਕੱਟੜਪੰਥੀ ਤੱਤ ਦਾਅਵਾ ਕਰਦੇ ਹਨ ਕਿ ਭਾਰਤ ਨਾਲ ਹਰ ਟਕਰਾਅ ਇਕ ਗਜ਼ਵਾ ਹੈ.., ਸਾਡੇ ਪ੍ਰਧਾਨ ਮੰਤਰੀ ਵੀ ਇਸ ਮਾਮਲੇ ਨੂੰ ਉਸੇ ਦਿਸ਼ਾ 'ਚ ਲਿਜਾ ਰਹੇ ਹਨ, ਜਦੋਂ ਉਹ ਪਾਕਿਸਤਾਨ 'ਤੇ ਕ੍ਰਿਕਟ ਦੀ ਜਿੱਤ ਤੋਂ ਬਾਅਦ ਕਹਿੰਦੇ ਹਨ ਕਿ ਇਹ 'ਆਪ੍ਰੇਸ਼ਨ ਸੰਧੂਰ' ਦਾ ਵਿਸਥਾਰ ਸੀ।

ਰਾਮ ਨੌਮੀ ਦੇ ਜਲੂਸਾਂ ਦੌਰਾਨ ਉੱਚੀ ਆਵਾਜ਼ ਵਿਚ ਡੀਜੇ ਵਜਾਉਣ ਵਾਲੇ ਕੁਝ ਸ਼ਰਾਰਤੀ ਅਨਸਰਾਂ ਦੁਆਰਾ ਮਸਜਿਦਾਂ 'ਤੇ ਜ਼ਬਰਦਸਤੀ ਭਗਵੇਂ ਝੰਡੇ ਲਹਿਰਾਉਣ ਦੇ ਉਲਟ ਮੁਸਲਮਾਨਾਂ ਦੁਆਰਾ ਅਜਿਹੇ ਸ਼ਾਂਤੀਪੂਰਨ ਜਲੂਸ ਕੱਢਣਾ ਬਿਲਕੁਲ ਆਮ ਗੱਲ ਸੀ, ਜਦਕਿ ਕੁਝ ਹਿੰਦੂ ਤਿਉਹਾਰਾਂ ਨੂੰ ਮੁਸਲਮਾਨਾਂ ਖ਼ਿਲਾਫ਼ ਹਥਿਆਰ ਬਣਾਇਆ ਜਾ ਰਿਹਾ ਹੈ!

ਇਰਫਾਨ ਇੰਜੀਨੀਅਰ ਅਤੇ ਨੇਹਾ ਦਭਾਡੇ ਦੀ ਕਿਤਾਬ 'ਦਿ ਵੈਪਨਾਈਜ਼ੇਸ਼ਨ ਆਫ਼ ਹਿੰਦੂ ਫੈਸਟੀਵਲਜ਼' ਵਿਚ ਜ਼ਮੀਨੀ ਪੱਧਰ ਦੀ ਜਾਂਚ ਤੋਂ ਪਤਾ ਚਲਦਾ ਹੈ ਕਿ ਰਾਮ ਨੌਮੀ ਦੇ ਜਲੂਸਾਂ ਨੂੰ ਖਾਸ ਕਰਕੇ ਮਸਜਿਦਾਂ ਅਤੇ ਮੁਸਲਿਮ ਬਹੁਗਿਣਤੀ ਵਾਲੇ ਖੇਤਰਾਂ ਦੇ ਆਲੇ-ਦੁਆਲੇ ਗੜਬੜ ਪੈਦਾ ਕਰਨ ਲਈ ਵਰਤਿਆ ਜਾ ਰਿਹਾ ਹੈ। ਇਸ ਦੇ ਉਲਟ ਮੁਸਲਿਮ ਤਿਉਹਾਰਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਮਿਲਾਦ-ਉਨ-ਨਬੀ ਮੌਕੇ 'ਆਈ ਲਵ ਮੁਹੰਮਦ' ਨਾਅਰੇ ਇਸ ਦੀ ਸਪੱਸ਼ਟ ਉਦਾਹਰਨ ਹਨ।

ਹਾਲ ਹੀ ਵਿਚ ਮੁਸਲਿਮ ਤਿਉਹਾਰਾਂ ਪ੍ਰਤੀ ਹੋਈਆਂ ਅਜਿਹੀਆਂ ਨਫ਼ਰਤ ਭਰੀਆਂ ਪ੍ਰਤੀਕਿਰਿਆਵਾਂ- ਦਿਲਾਂ ਨੂੰ ਵੰਡਣ, ਭਾਈਚਾਰਿਆਂ ਦਾ ਧਰੁਵੀਕਰਨ ਕਰਨ ਅਤੇ ਭਾਰਤੀ ਸੰਵਿਧਾਨ ਦੇ ਇਕ ਅਨਿੱਖੜਵੇਂ ਅੰਗ ਸਾਡੀਆਂ ਭਾਈਚਾਰਕ ਕਦਰਾਂ-ਕੀਮਤਾਂ ਨੂੰ ਕਮਜ਼ੋਰ ਕਰਨ ਦਾ ਕੰਮ ਕਰਦੀਆਂ ਹਨ। ਇਸ ਤੋਂ ਇਲਾਵਾ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਦੁਆਰਾ ਦਿੱਤੇ ਜਾ ਰਹੇ ਬਿਆਨ ਸੰਵਿਧਾਨਕ ਨੈਤਿਕਤਾ ਦੇ ਪੂਰੀ ਤਰ੍ਹਾਂ ਉਲਟ ਹਨ।

ਅਜਿਹੀ ਸਥਿਤੀ ਵਿਚ ਮੁਸਲਿਮ ਭਾਈਚਾਰੇ ਨੂੰ ਵਧੇਰੇ ਯਥਾਰਥਵਾਦੀ ਹੋਣਾ ਚਾਹੀਦਾ ਹੈ ਅਤੇ ਕੱਟੜ ਹਿੰਦੂਵਾਦੀ ਫਿਰਕੂ ਤੱਤਾਂ ਨੂੰ ਉਨ੍ਹਾਂ 'ਤੇ ਹਮਲਾ ਕਰਨ ਜਾਂ ਉਨ੍ਹਾਂ ਨੂੰ ਹੋਰ ਬਦਨਾਮ ਕਰਨ ਦਾ ਕੋਈ ਬਹਾਨਾ ਨਹੀਂ ਦੇਣਾ ਚਾਹੀਦਾ।

# ਉਜ਼ਬੇਕਿਸਤਾਨ ਵਿਚ ਸਿੱਖ ਧਰਮ ਦੀਆਂ ਪੈੜਾਂ : ਸਿੱਖ ਭਾਈਚਾਰੇ ਦਾ ਉਜ਼ਬੇਕ ਸਮਾਜ ਵਿਚ ਯੋਗਦਾਨ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916






ਮੱਧ ਏਸ਼ੀਆ ਦੇ ਦਿਲ ਉਜ਼ਬੇਕਿਸਤਾਨ ਵਿੱਚ ਸਿੱਖ ਇਤਿਹਾਸ ਅਤੇ ਰੂਹਾਨੀਅਤ ਦੀਆਂ ਪਰਤਾਂ ਮਿਲਦੀਆਂ ਹਨ। ਸਿਲਕ ਰੋਡ ਦੇ ਪ੍ਰਾਚੀਨ ਰਾਹਾਂ 'ਤੇ ਜਿੱਥੇ ਪੂਰਬ-ਪੱਛਮ ਦੀ ਸੱਭਿਆਚਾਰਕ ਗੂੰਜ ਸੁਣਾਈ ਦਿੰਦੀ ਹੈ, ਉਥੇ ਸਿੱਖ ਧਰਮ ਨਾਲ ਜੁੜੀਆਂ ਯਾਦਾਂ ਵੀ ਮੌਜੂਦ ਹਨ। ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਨਾਲ ਸੰਬੰਧਿਤ ਸਾਖੀਆਂ ਇਥੇ ਲੋਕਵਾਰਤਾ ਦੇ ਰੂਪ ਵਿੱਚ ਜੀਉਂਦੀਆਂ ਹਨ। 15ਵੀਂ-16ਵੀਂ ਸਦੀ ਵਿੱਚ ਜਦੋਂ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਯਾਤਰਾਵਾਂ ਰਾਹੀਂ ਸਿੱਖੀ ਦਾ ਸੁਨੇਹਾ ਫੈਲਾਇਆ, ਕਈ ਸੂਫ਼ੀ ਪਰੰਪਰਾਵਾਂ ਵਿੱਚ ਉਨ੍ਹਾਂ ਨੂੰ "ਨਾਨਕ ਕਲੰਦਰ" ਨਾਮ ਨਾਲ ਯਾਦ ਕੀਤਾ ਗਿਆ। ਸਮਰਕੰਦ ਅਤੇ ਬੁਖਾਰਾ ਵਿੱਚ ਅਜੇ ਵੀ ਕੁਝ ਥਾਵਾਂ ਉਨ੍ਹਾਂ ਦੇ ਨਾਂ ਨਾਲ ਜੁੜੀਆਂ ਮੰਨੀਆਂ ਜਾਂਦੀਆਂ ਹਨ, ਜਿਵੇਂ "ਨਾਨਕ ਕਲੰਦਰ ਦਾ ਸਮਾਰਕ", ਜਿੱਥੇ ਸਥਾਨਕ ਲੋਕ ਗੁਰੂ ਜੀ ਨਾਲ ਜੁੜੀ ਯਾਦ ਦਾ ਆਦਰ ਕਰਦੇ ਹਨ। ਹਾਲਾਂਕਿ ਇਨ੍ਹਾਂ ਸਥਾਨਾਂ ਦੇ ਇਤਿਹਾਸਕ ਸਰੋਤ ਘੱਟ ਹਨ, ਪਰ ਇਹ ਸਾਖੀਆਂ ਗੁਰੂ ਨਾਨਕ ਦੇ ਸੁਨੇਹੇ ਦੀ ਸਰਵਵਿਆਪਕਤਾ ਨੂੰ ਦਰਸਾਉਂਦੀਆਂ ਹਨ।

ਉਜ਼ਬੇਕਿਸਤਾਨ ਵਿੱਚ ਸਿੱਖਾਂ ਦੀ ਹਾਜ਼ਰੀ ਵਪਾਰਕ ਰਾਹਾਂ ਦੁਆਰਾ ਹੋਈ ਸੀ। 18ਵੀਂ-19ਵੀਂ ਸਦੀ ਵਿੱਚ ਪੰਜਾਬੀ ਵਪਾਰੀ ਸਿਲਕ, ਊਨ ਅਤੇ ਸੁੱਕੇ ਫਲਾਂ ਦੇ ਕਾਰੋਬਾਰ ਲਈ ਬੁਖਾਰਾ ਅਤੇ ਤਾਸ਼ਕੰਦ ਤੱਕ ਪਹੁੰਚੇ ਸਨ। ਕੁਝ ਪਰਿਵਾਰ ਇਥੇ ਵਸ ਗਏ ਅਤੇ ਆਪਣੇ ਘਰਾਂ ਵਿਚ ਧਰਮਸ਼ਾਲਾਵਾਂ ਬਣਾਈਆਂ।

ਅੱਜ ਦੇ ਸਮੇਂ ਵਿੱਚ ਉਜ਼ਬੇਕਿਸਤਾਨ ਵਿੱਚ ਸਿੱਖਾਂ ਦੀ ਗਿਣਤੀ ਕਾਫ਼ੀ ਘੱਟ (ਲਗਭਗ 50-100 ਪਰਿਵਾਰ) ਮੰਨੀ ਜਾਂਦੀ ਹੈ। ਉਹ ਤਾਸ਼ਕੰਦ, ਬੁਖਾਰਾ ਅਤੇ ਸਮਰਕੰਦ ਵਿੱਚ ਛੋਟੀ ਗਿਣਤੀ ਵਿੱਚ ਵਸਦੇ ਹਨ। ਸਰਕਾਰੀ ਤੌਰ 'ਤੇ ਕੋਈ ਰਜਿਸਟਰਡ ਗੁਰਦੁਆਰਾ ਨਹੀਂ, ਪਰ ਘਰੇਲੂ ਪ੍ਰਕਾਸ਼ ਕੇਂਦਰਾਂ ਵਿੱਚ ਪਾਠ, ਕੀਰਤਨ ਅਤੇ ਲੰਗਰ ਦੀ ਰੀਤ ਜਾਰੀ ਹੈ। ਇਹ ਕੇਂਦਰ ਸਿਰਫ ਪੂਜਾ-ਸਥਾਨ ਨਹੀਂ-ਇਹ ਪੰਜਾਬੀ ਭਾਸ਼ਾ, ਗੁਰਮੁਖੀ ਲਿਪੀ ਅਤੇ ਸਿੱਖ ਪਰੰਪਰਾਵਾਂ ਨੂੰ ਜਿਉਂਦੇ ਰੱਖਣ ਦੇ ਯਤਨ ਹਨ। ਹਾਲਾਂਕਿ ਨੌਜਵਾਨ ਪੀੜ੍ਹੀ ਵਿੱਚ ਪੰਜਾਬੀ ਜਾਣਕਾਰੀ ਘਟ ਰਹੀ ਹੈ, ਪਰ ਬਜ਼ੁਰਗ ਸਿੱਖ ਇਸ ਸੰਸਕਾਰ ਨੂੰ ਸੰਭਾਲਣ ਲਈ ਸਮਰਪਿਤ ਹੈ।

1858 ਵਿੱਚ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ ਹੋਈ ਸੀ, ਜੋ ਸਿੱਖ ਭਾਈਚਾਰੇ ਦੀ ਸਰਗਰਮੀ ਤੇ ਫੈਲਾਅ ਦਾ ਸਬੂਤ ਹੈ। ਕਰਮੀਨਾ ਅਤੇ ਕਾਰਸ਼ੀ ਵੱਲ ਦੇ ਖੇਤਰਾਂ ਵਿੱਚ "ਨਾਨਕ ਪੀਰ ਦੇ ਝਰਨੇ" ਜਾਂ ਪਾਣੀ ਦੇ ਸਰੋਤਾਂ ਨਾਲ ਸੰਬੰਧਤ ਸਥਾਨਕ ਕਥਾਵਾਂ ਮਿਲਦੀਆਂ ਹਨ, ਜਿਥੇ ਅਰਦਾਸ ਜਾਂ ਮੰਨਤ ਦੇ ਰਿਵਾਜ ਦੀ ਗੱਲ ਕੀਤੀ ਜਾਂਦੀ ਹੈ; ਇਹ ਥਾਵਾਂ ਸਾਂਝੀ ਆਸਥਾ ਦੇ ਸਥਾਨ ਵਜੋਂ ਮੰਨੀਆਂ ਜਾਂਦੀਆਂ ਹਨ।

ਸਮਰਕੰਦ ਵਿੱਚ "ਨਾਨਕ ਕਲੰਦਰ" ਦਾ ਸਮਾਰਕ ਹੈ, ਜਿੱਥੇ ਲੋਕ ਗੁਰੂ ਜੀ ਦੀ ਡਾਂਗ ਦੀ ਪੂਜਾ ਕਰਦੇ ਨੇ। ਇੱਕ ਸਾਖੀ ਮੁਤਾਬਕ, 1826 ਵਿੱਚ ਬੁਖਾਰਾ ਦੇ ਅਮੀਰ ਨੇ ਹਿਸਾਰ ਦੇ ਅਮੀਰ 'ਤੇ ਹਮਲਾ ਕੀਤਾ। ਪਹਿਲੀ ਲੜਾਈ ਵਿਚ ਹਾਰਨ ਤੋਂ ਬਾਅਦ, ਉਸ ਨੇ ਨਾਨਕ ਪੀਰ ਦੇ ਝਰਨੇ 'ਤੇ ਅਰਦਾਸ ਕੀਤੀ ਅਤੇ ਜਿੱਤ ਹਾਸਲ ਕੀਤੀ। ਨਰਤਾ ਪਿੰਡ ਵਿਚ ਇੱਕ ਪਹਾੜੀ 'ਤੇ ਸਥਿਤ ਝਰਨਾ ਵੀ ਗੁਰੂ ਜੀ ਨਾਲ ਜੁੜਿਆ ਹੈ, ਜਿੱਥੇ ਸਥਾਨਕ ਲੋਕ ਉਨ੍ਹਾਂ ਨੂੰ "ਪੀਰ ਵਾਲੀ ਹਿੰਦ" ਜਾਂ "ਨਾਨਕ ਕਲੰਦਰ" ਕਹਿ ਕੇ ਯਾਦ ਕਰਦੇ ਨੇ। ਇਹ ਸਾਖੀਆਂ ਸਿੱਖ ਧਰਮ ਦੀ ਹੋਂਦ ਨੂੰ ਦਰਸਾਉਂਦੀਆਂ ਨੇ।

## ਸਿੱਖਾਂ ਦੀ ਸਥਾਪਨਾ ਤੇ ਗੁਰਦੁਆਰਿਆਂ ਦਾ ਇਤਿਹਾਸ

ਉਜ਼ਬੇਕਿਸਤਾਨ ਵਿੱਚ ਸਿੱਖ ਭਾਈਚਾਰਾ ਮੁੱਖ ਤੌਰ 'ਤੇ ਵਪਾਰਕ ਉਦੇਸ਼ ਕਰਕੇ ਵਸਿਆ ਸੀ। 19ਵੀਂ ਸਦੀ ਵਿਚ ਪੰਜਾਬੀ ਵਪਾਰੀ ਸਿਲਕ, ਊਨ ਅਤੇ ਸੁੱਕੇ ਮੇਵਿਆਂ ਦੇ ਵਪਾਰ ਲਈ ਬੁਖਾਰਾ ਪੁੱਜੇ। ਮੁਗਲ ਕਾਲ ਵਿਚ ਪੰਜਾਬ ਅਤੇ ਉਜ਼ਬੇਕਿਸਤਾਨ ਦਰਮਿਆਨ ਕਾਰਵਾਂ ਸਰਾਵਾਂ ਸਥਾਪਤ ਹੋਈਆਂ, ਜਿੱਥੇ ਸਿੱਖਾਂ ਨੇ ਧਰਮਸ਼ਾਲਾਵਾਂ ਬਣਾਈਆਂ।

ਸੋਵੀਅਤ ਸਮੇਂ (1924-1991) ਵਿੱਚ, ਜਦੋਂ ਧਾਰਮਿਕ ਗਤੀਵਿਧੀਆਂ 'ਤੇ ਸਖ਼ਤ ਪਾਬੰਦੀਆਂ ਸਨ, ਸਿੱਖ ਭਾਈਚਾਰੇ ਨੇ ਗੁਪਤ ਰੂਪ ਵਿੱਚ ਆਪਣੀਆਂ ਪਰੰਪਰਾਵਾਂ ਨੂੰ ਜਾਰੀ ਰੱਖਿਆ। 1991 ਵਿੱਚ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ, ਉਜ਼ਬੇਕਿਸਤਾਨ ਵਿੱਚ ਸਿੱਖ ਭਾਈਚਾਰੇ ਨੂੰ ਧਾਰਮਿਕ ਅਤੇ ਸੱਭਿਆਚਾਰਕ ਸਰਗਰਮੀਆਂ ਲਈ ਵਧੇਰੇ ਆਜ਼ਾਦੀ ਮਿਲੀ। ਹਾਲਾਂਕਿ, ਸਰਕਾਰੀ ਨਿਗਰਾਨੀ ਅਤੇ ਧਾਰਮਿਕ ਘੱਟ-ਗਿਣਤੀਆਂ 'ਤੇ ਨਿਯਮ ਅਜੇ ਵੀ ਕੁਝ ਰੁਕਾਵਟਾਂ ਪੈਦਾ ਕਰਦੇ ਹਨ।

ਉਜ਼ਬੇਕਿਸਤਾਨ ਵਿੱਚ ਇਸ ਵੇਲੇ ਕੋਈ ਸਰਕਾਰੀ ਰਜਿਸਟਰਡ ਸਿੱਖ ਗੁਰਦੁਆਰਾ ਮੰਨਿਆ ਨਹੀਂ ਜਾਂਦਾ; ਸਿੱਖ ਸੰਗਤ ਤਾਸ਼ਕੰਦ, ਬੁਖਾਰਾ ਅਤੇ ਸਮਰਕੰਦ ਵਿੱਚ ਘਰੇਲੂ ਜਾਂ ਕਿਰਾਏ ਦੇ ਹਾਲਾਂ ਵਿੱਚ ਪ੍ਰਕਾਸ਼, ਕੀਰਤਨ ਅਤੇ ਲੰਗਰ ਕਰਦੀ ਹੈ, ਇਸ ਲਈ ਉਨ੍ਹਾਂ ਨੂੰ ਚਲੰਤ ਸੰਗਤ ਕੇਂਦਰ ਕਿਹਾ ਜਾ ਸਕਦਾ ਹੈ, ਪਰ ਕਨੂੰਨੀ ਤੌਰ ਉਪਰ ਗੁਰਦੁਆਰਾ ਦਰਜੇ ਵਾਲਾ ਸਥਾਨ ਦਰਜ ਨਹੀਂ ਹੈ। ਇਥੇ ਲੰਗਰ ਵਿਚ ਸਥਾਨਕ ਉਜ਼ਬੇਕ ਵੀ ਸ਼ਾਮਲ ਹੁੰਦੇ ਨੇ, ਜੋ ਸਿੱਖੀ ਦੇ ਬਰਾਬਰੀ ਦੇ ਸਿਧਾਂਤ ਨੂੰ ਮਜਬੂਤ ਕਰਦਾ ਹੈ।

ਇਤਿਹਾਸਕ ਸਾਖੀਆਂ ਵਿੱਚ ਸਮਰਕੰਦ-ਬੁਖਾਰਾ ਨਾਲ "ਨਾਨਕ ਕਲੰਦਰ" ਵਾਰੀ ਲੋਕ-ਰਿਵਾਇਤਾਂ ਮਿਲਦੀਆਂ ਹਨ, ਪਰ ਇਹ ਸਥਾਨ ਸਿੱਖ ਪ੍ਰਬੰਧਕ ਕਮੇਟੀਆਂ ਅਧੀਨ ਰਜਿਸਟਰਡ ਗੁਰਦੁਆਰੇ ਵਜੋਂ ਹੋਂਦ ਨਹੀਂ ਰਖਦੇ; ਇਨ੍ਹਾਂ ਦੀ ਹੋਂਦ ਜ਼ਿਆਦਾਤਰ ਸਾਂਝੇ ਜਾਂ ਸਥਾਨਕ ਧਾਰਮਿਕ ਸਮਾਰਕਾਂ ਦੀ ਰਹੀ ਹੈ। ਮੌਜੂਦਾ ਦਹਾਕੇ ਵਿੱਚ ਉਜ਼ਬੇਕਿਸਤਾਨ ਦੀ ਸਿੱਖ ਅਬਾਦੀ ਬਹੁਤ ਘੱਟ ਹੈ, ਇਸ ਲਈ ਅਰਦਾਸ, ਪਾਠ ਅਤੇ ਲੰਗਰ ਘਰਾਂ ਜਾਂ ਛੋਟੇ ਕਮਿਊਨਿਟੀ ਹਾਲਾਂ ਵਿੱਚ ਹੁੰਦੇ ਹਨ। ਪਰ ਨੌਜਵਾਨ ਪੀੜ੍ਹੀ ਵਿਚ ਪੰਜਾਬੀ ਭਾਸ਼ਾ ਦਾ ਘਟਣਾ ਚਿੰਤਾ ਦੀ ਗੱਲ ਹੈ, ਕਿਉਂਕਿ ਸਥਾਨਕ ਸਕੂਲਾਂ ਵਿਚ ਉਜ਼ਬੇਕ ਅਤੇ ਰੂਸੀ ਭਾਸ਼ਾ ਨੂੰ ਤਰਜੀਹ ਹੈ।

## ਉਜ਼ਬੇਕਿਸਤਾਨ ਦੇ ਵਿਕਾਸ ਵਿਚ ਸਿੱਖਾਂ ਦਾ ਹਿੱਸਾ

ਸਿੱਖ ਭਾਈਚਾਰੇ ਨੇ ਉਜ਼ਬੇਕਿਸਤਾਨ ਦੇ ਆਰਥਿਕ ਤੇ ਸਮਾਜਿਕ ਵਿਕਾਸ ਵਿਚ ਵੱਡਾ ਯੋਗਦਾਨ ਪਾਇਆ। ਅੱਜ ਸਿੱਖ ਛੋਟੇ ਧੰਦਿਆਂ, ਰਿਟੇਲ ਵਪਾਰ ਅਤੇ ਸਿੱਖਿਆ ਵਿਚ ਲੱਗੇ ਹੋਏ ਨੇ। ਤਾਸ਼ਕੰਦ ਵਿਚ ਸਿੱਖ ਦੁਕਾਨਦਾਰ ਸਥਾਨਕ ਬਜਾਰਾਂ ਵਿਚ ਕਾਰੋਬਾਰ ਕਰਦੇ ਹਨ। ਸਿਹਤ ਖੇਤਰ ਵਿਚ, ਕੁਝ ਸਿੱਖ ਡਾਕਟਰ ਤਾਸ਼ਕੰਦ ਦੇ ਹਸਪਤਾਲਾਂ ਵਿਚ ਸੇਵਾ ਕਰਦੇ ਹਨ। ਫਰਗਾਨਾ ਵਾਦੀ ਵਿੱਚ ਸਿੱਖ ਪਰਿਵਾਰ ਫਲਾਂ ਦੇ ਬਾਗਾਂ ਅਤੇ ਸਬਜ਼ੀਆਂ ਦੀ ਖੇਤੀ ਕਰਦੇ ਹਨ। ਉਨ੍ਹਾਂ ਨੇ ਸਥਾਨਕ ਖੇਤੀ ਉਤਪਾਦਨ ਨੂੰ ਵਧਾਇਆ ਹੈ। ਸਿੱਖ ਸਥਾਨਕ ਸਕੂਲਾਂ ਵਿਚ ਅਧਿਆਪਕ ਵਜੋਂ ਕੰਮ ਕਰਦੇ ਨੇ। ਸਮਾਜਿਕ ਪੱਧਰ 'ਤੇ, ਲੰਗਰ ਦੀ ਪਰੰਪਰਾ ਨੇ ਉਜ਼ਬੇਕ ਸਮਾਜ ਵਿਚ ਏਕਤਾ,ਭਾਈਚਾਰਾ ਪੈਦਾ ਕੀਤਾ। ਮਹਾਮਾਰੀ (2020-2022) ਦੌਰਾਨ, ਸਿੱਖਾਂ ਨੇ ਤਾਸ਼ਕੰਦ ਵਿਚ ਮੁਫਤ ਖਾਣਾ ਵੰਡਿਆ, ਜਿਸ ਨੂੰ ਸਥਾਨਕ ਮੁਸਲਮਾਨ ਭਾਈਚਾਰੇ ਨੇ ਸਲਾਹਿਆ। ਰਾਜਨੀਤੀ ਵੀ ਵਿਚ ਸਿੱਖਾਂ ਦੀ ਸਿੱਧੀ ਭੂਮਿਕਾ ਘੱਟ ਹੈ, ਪਰ ਉਹ ਸਾਂਝੀਵਾਲਤਾ ਨੂੰ ਉਤਸ਼ਾਹਿਤ ਕਰਦੇ ਨੇ। ਉਜ਼ਬੇਕਿਸਤਾਨ ਦੇ ਸੰਵਿਧਾਨਕ ਧਾਰਮਿਕ ਆਜ਼ਾਦੀ ਦੇ ਅਧੀਨ, ਸਿੱਖ ਨੁਮਾਇੰਦੇ ਧਾਰਮਿਕ ਮੰਚਾਂ 'ਤੇ ਸਰਗਰਮ ਨੇ।

ਪਰ ਸਿੱਖ ਭਾਈਚਾਰੇ ਨੂੰ ਵੱਡੀਆਂ ਚੁਣੌਤੀਆਂ ਵੀ ਸਾਹਮਣੇ ਨੇ। ਸਭ ਤੋਂ ਵੱਡੀ ਸਮੱਸਿਆ ਉਨ੍ਹਾਂ ਦੀ ਘੱਟ ਗਿਣਤੀ ਹੈ, ਜਿਸ ਕਾਰਨ ਸਮਾਜਿਕ ਅਤੇ ਧਾਰਮਿਕ ਸਰਗਰਮੀਆਂ ਨੂੰ ਜਾਰੀ ਰੱਖਣਾ ਔਖਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਤੇ ਪੰਜਾਬੀ, ਸਿੱਖ ਸਾਹਿਤ ਦੀ ਘਾਟ ਵੀ ਇੱਕ ਵੱਡੀ ਰੁਕਾਵਟ ਹੈ। ਸਰਕਾਰੀ ਨਿਗਰਾਨੀ ਅਤੇ ਧਾਰਮਿਕ ਘੱਟ-ਗਿਣਤੀਆਂ 'ਤੇ ਸਖਤ ਨਿਯਮ ਸਮਾਗਮ ਕਰਨ ਵਿਚ ਮੁਸ਼ਕਿਲ ਪੈਦਾ ਕਰਦੇ ਨੇ। ਨੌਜਵਾਨ ਪੀੜ੍ਹੀ ਵਿਚ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦਾ ਗਿਆਨ ਘਟਣਾ ਵੀ ਚਿੰਤਾ ਦੀ ਗੱਲ ਹੈ, ਕਿਉਂਕਿ ਸਥਾਨਕ ਸਕੂਲ ਉਜ਼ਬੇਕ ਅਤੇ ਰੂਸੀ 'ਤੇ ਜ਼ੋਰ ਦਿੰਦੇ ਨੇ। ਸਿੱਖ ਭਾਈਚਾਰੇ ਦੀ ਗਿਣਤੀ ਘੱਟ ਹੋਣ ਦੇ ਬਾਵਜੂਦ, ਉਨ੍ਹਾਂ ਦੀ ਸੱਭਿਆਚਾਰਕ ਅਤੇ ਧਾਰਮਿਕ ਮੌਜੂਦਗੀ ਮਜਬੂਤ ਹੈ। ਲੰਗਰ ਵਰਗੀਆਂ ਪਰੰਪਰਾਵਾਂ ਸਥਾਨਕ ਲੋਕਾਂ ਵਿੱਚ ਮਕਬੂਲ ਨੇ, ਅਤੇ ਸਿੱਖ ਸਥਾਨ ਸੈਰ-ਸਪਾਟੇ ਨੂੰ ਵਧਾਉਂਦੇ ਨੇ। ਸਿੱਖ ਭਾਈਚਾਰੇ ਦੀ ਸੇਵਾ ਅਤੇ ਸਮਰਪਣ ਦੀ ਭਾਵਨਾ ਉਨ੍ਹਾਂ ਨੂੰ ਸਥਾਨਕ ਸਮਾਜ ਵਿਚ ਸਤਿਕਾਰ ਦਿਵਾਉਂਦੀ ਹੈ। ਭਵਿੱਖ ਵਿਚ, ਜੇ ਸਰਕਾਰੀ ਨੀਤੀਆਂ ਵਿਚ ਨਰਮੀ ਅਤੇ ਸ਼੍ਰੋਮਣੀ ਕਮੇਟੀ, ਵਿਸ਼ਵ ਸਿੱਖ ਸੰਗਠਨਾਂ ਦਾ ਸਹਿਯੋਗ ਮਿਲੇ, ਤਾਂ ਸਿੱਖ ਧਰਮ ਇਥੇ ਹੋਰ ਵਿਕਸਤ ਹੋ ਸਕਦਾ ਹੈ। ਗੁਰੂ ਨਾਨਕ ਦੇ ਸੁਨੇਹੇ ਨੂੰ ਜੀਵਤ ਰੱਖਣ ਲਈ, ਸਿੱਖ ਭਾਈਚਾਰੇ ਨੂੰ ਆਪਣੀ ਭਾਸ਼ਾ, ਸਭਿਆਚਾਰ ਅਤੇ ਧਰਮ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਦੀ ਲੋੜ ਹੈ।

ਉਜ਼ਬੇਕਿਸਤਾਨ ਵਿੱਚ ਸਿੱਖ ਧਰਮ ਦੀ ਮੌਜੂਦਗੀ, ਹਾਲਾਂਕਿ ਘੱਟ ਗਿਣਤੀ ਵਿੱਚ ਹੈ, ਪਰ ਇਸ ਦੀ ਸੇਵਾ ਅਤੇ ਸਮਾਨਤਾ ਦੀ ਭਾਵਨਾ ਸਥਾਨਕ ਸਮਾਜ ਵਿੱਚ ਡੂੰਘੀਆਂ ਪੈੜਾਂ ਛੱਡ ਰਹੀ ਹੈ। ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਨਾਲ ਜੁੜੀਆਂ ਸਾਖੀਆਂ ਅਤੇ ਸਿੱਖ ਵਪਾਰੀਆਂ ਦੀ ਵਸੇਬਾ ਨੇ ਇਸ ਖੇਤਰ ਵਿੱਚ ਸਿੱਖੀ ਦੀ ਨੀਂਹ ਰੱਖੀ। ਅੱਜ ਸਿੱਖ ਭਾਈਚਾਰਾ ਵਪਾਰ, ਸਿਹਤ, ਸਿੱਖਿਆ, ਅਤੇ ਖੇਤੀ ਵਿੱਚ ਯੋਗਦਾਨ ਪਾ ਰਿਹਾ ਹੈ, ਜਦਕਿ ਲੰਗਰ ਵਰਗੀਆਂ ਪਰੰਪਰਾਵਾਂ ਸਥਾਨਕ ਲੋਕਾਂ ਵਿੱਚ ਸਮਾਨਤਾ ਅਤੇ ਭਾਈਚਾਰੇ ਦੀ ਭਾਵਨਾ ਪੈਦਾ ਕਰ ਰਹੀਆਂ ਹਨ।

ਚੁਣੌਤੀਆਂ ਦੇ ਬਾਵਜੂਦ, ਸਿੱਖ ਭਾਈਚਾਰੇ ਦੀ ਸਮਰਪਣ ਭਾਵਨਾ ਅਤੇ ਸਥਾਨਕ ਸਮਾਜ ਨਾਲ ਸਾਂਝ ਨੇ ਉਜ਼ਬੇਕਿਸਤਾਨ ਵਿੱਚ ਸਿੱਖੀ ਦੀ ਮੌਜੂਦਗੀ ਨੂੰ ਜੀਵੰਤ ਰੱਖਿਆ ਹੈ। ਭਵਿੱਖ ਵਿੱਚ, ਸਰਕਾਰੀ ਸਹਿਯੋਗ ਅਤੇ ਅੰਤਰਰਾਸ਼ਟਰੀ ਸਿੱਖ ਸੰਗਠਨਾਂ ਦੀ ਮਦਦ ਨਾਲ, ਸਿੱਖ ਧਰਮ ਇਥੇ ਹੋਰ ਵਿਕਸਤ ਹੋ ਸਕਦਾ ਹੈ। ਗੁਰੂ ਨਾਨਕ ਦੇ ਸੁਨੇਹੇ-ਸੱਚ, ਸੇਵਾ, ਅਤੇ ਸਮਾਨਤਾ-ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਲਈ, ਸਿੱਖ ਭਾਈਚਾਰੇ ਨੂੰ ਆਪਣੀ ਭਾਸ਼ਾ, ਸਭਿਆਚਾਰ, ਅਤੇ ਧਰਮ ਦੀ ਸੰਭਾਲ ਲਈ ਯਤਨ ਜਾਰੀ ਰੱਖਣੇ ਪੈਣਗੇ।

****** *

# ਬਾਬਾ ਸਾਹਿਬ ਅੰਬੇਡਕਰ ਦਾ ਮਹਾਤਮਾ ਗਾਂਧੀ ਨਾਲ ਟਕਰਾਅ ਕਿਉਂ ਸੀ ?

## ✪ ਬਾਬਾ ਸਾਹਿਬ ਨੇ ਅਛੂਤਾਂ ਲਈ ਵੱਖਰਾ ਚੋਣ ਅਧਿਕਾਰ ਦੀ ਮੰਗ ਕਿਉਂ ਕੀਤੀ, ਕੀ ਹੈ ਇਤਿਹਾਸਕ ਸੰਘਰਸ਼ ਦੀ ਸਾਖੀ

ਭਾਰਤੀ ਇਤਿਹਾਸ ਵਿੱਚ ਕਈ ਅਜਿਹੇ ਪਲ ਆਏ ਜਦੋਂ ਦੋ ਮਹਾਨ ਸ਼ਖ਼ਸੀਅਤਾਂ ਦੇ ਵਿਚਾਰਧਾਰਕ ਤੌਰ ਉਪਰ ਟਕਰਾਅ ਹੋਏ ਸਨ। ਪਰ ਜਦੋਂ ਡਾ. ਭੀਮਰਾਓ ਅੰਬੇਡਕਰ ਨੇ ਮਹਾਤਮਾ ਗਾਂਧੀ ਨੂੰ "ਭਾਰਤ ਵਿੱਚ ਅਛੂਤਾਂ ਦਾ ਸਭ ਤੋਂ ਵੱਡਾ ਦੁਸ਼ਮਣ" ਤੇ ਸ਼ੈਤਾਨ ਕਿਹਾ, ਤਾਂ ਇਹ ਸਿਰਫ਼ ਇੱਕ ਨਿੱਜੀ ਟਿੱਪਣੀ ਨਹੀਂ ਸੀ। ਇਹ ਇੱਕ ਇਤਿਹਾਸਕ ਹਕੀਕਤ, ਇੱਕ ਚੇਤਾਵਨੀ ਅਤੇ ਦਲਿਤਾਂ ਲਈ ਡੂੰਘੀ ਪੀੜ ਦਾ ਨਤੀਜਾ ਸੀ। ਇਸ ਬਿਆਨ ਦਾ ਵਜਨ ਬਹੁਤ ਜ਼ਿਆਦਾ ਸੀ, ਅਤੇ ਇਸ ਨੂੰ ਸਮਝਣ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਬਾਬਾ ਸਾਹਿਬ ਅੰਬੇਡਕਰ ਨੇ ਅਜਿਹਾ ਕਿਉਂ ਕਿਹਾ ? ਕੀ ਉਹ ਗਾਂਧੀ ਦੇ ਵਿਰੋਧੀ ਸਨ, ਜਾਂ ਇਸ ਦੇ ਪਿੱਛੇ ਕੋਈ ਇਤਿਹਾਸਕ, ਸਮਾਜਿਕ ਅਤੇ ਕਾਨੂੰਨੀ ਅਧਾਰ ਸੀ ?

1930 ਦੇ ਦਹਾਕੇ ਵਿੱਚ, ਜਦੋਂ ਲੰਡਨ ਵਿੱਚ ਰਾਊਂਡ ਟੇਬਲ ਕਾਨਫਰੰਸ ਹੋ ਰਹੀ ਸੀ, ਡਾ. ਅੰਬੇਡਕਰ ਨੇ ਇੱਕ ਵੱਡੀ ਜਿੱਤ ਹਾਸਲ ਕੀਤੀ। ਉਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਅਛੂਤ, ਜਿਨ੍ਹਾਂ ਨੂੰ ਅੱਜ ਅਨੁਸੂਚਿਤ ਜਾਤੀਆਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਹਿੰਦੂ ਸਮਾਜ ਦਾ ਹਿੱਸਾ ਨਹੀਂ ਸਨ। ਵਰਣ ਵਿਵਸਥਾ ਵਿੱਚ ਉਹ ਨਾ ਬ੍ਰਾਹਮਣ ਸਨ, ਨਾ ਖੱਤਰੀ, ਨਾ ਵੈਸ਼, ਅਤੇ ਨਾ ਹੀ ਸ਼ੂਦਰ। ਉਹ 'ਅਵਰਣ' ਸਨ, ਯਾਨੀ ਵਰਣ ਵਿਵਸਥਾ ਤੋਂ ਬਾਹਰ। ਇਸ ਅਧਾਰ 'ਤੇ ਬਾਬਾ ਸਾਹਿਬ ਅੰਬੇਡਕਰ ਨੇ ਅਛੂਤਾਂ ਲਈ ਵੱਖਰਾ ਚੋਣ ਅਧਿਕਾਰ (separate electorate) ਦੀ ਮੰਗ ਕੀਤੀ। ਵੱਖਰਾ ਚੋਣ ਅਧਿਕਾਰ ਦਾ ਮਤਲਬ ਸੀ ਕਿ ਅਛੂਤ ਆਪਣੇ ਵਿਸ਼ੇਸ਼ ਨੁਮਾਇੰਦੇ ਚੁਣਨ ਦਾ ਅਧਿਕਾਰ ਪ੍ਰਾਪਤ ਕਰਨ।

ਬ੍ਰਿਟਿਸ਼ ਸਰਕਾਰ ਨੇ ਅੰਬੇਡਕਰ ਦੀ ਮੰਗ ਮੰਨ ਲਈ ਅਤੇ ਅਛੂਤਾਂ ਨੂੰ ਵੱਖਰਾ ਚੋਣ ਅਧਿਕਾਰ ਦੇਣ ਦਾ ਫ਼ੈਸਲਾ ਕੀਤਾ। ਪਰ ਜਿਵੇਂ ਹੀ ਇਹ ਅਧਿਕਾਰ ਅਛੂਤਾਂ ਨੂੰ ਮਿਲਣ ਵਾਲਾ ਸੀ, ਮਹਾਤਮਾ ਗਾਂਧੀ ਨੇ ਇਸ ਦਾ ਸਖ਼ਤ ਵਿਰੋਧ ਕੀਤਾ। ਉਨ੍ਹਾਂ ਨੇ ਇਸ ਨੂੰ ਹਿੰਦੂ ਧਰਮ ਲਈ "ਜ਼ਹਿਰ ਦਾ ਟੀਕਾ" ਕਿਹਾ ਅਤੇ ਇਸ ਦੇ ਵਿਰੁੱਧ ਅਨਸ਼ਨ ਸ਼ੁਰੂ ਕਰ ਦਿੱਤਾ। ਗਾਂਧੀ ਦਾ ਇਹ ਅਨਸ਼ਨ ਸਿਰਫ਼ ਨੈਤਿਕ ਦਬਾਅ ਨਹੀਂ ਸੀ, ਸਗੋਂ ਇਹ ਇੱਕ ਭਾਵਨਾਤਮਕ ਬਲੈਕਮੇਲ ਦਾ ਰੂਪ ਬਣ ਗਿਆ।

### ਪੂਨਾ ਸਮਝੌਤਾ: ਬਾਬਾ ਸਾਹਿਬ ਨੇ ਮਜਬੂਰੀ ਵਿੱਚ ਲਿਆ ਫ਼ੈਸਲਾ

ਗਾਂਧੀ ਦੇ ਅਨਸ਼ਨ ਨੇ ਪੂਰੇ ਦੇਸ਼ ਵਿੱਚ ਤਣਾਅ ਪੈਦਾ ਕਰ ਦਿੱਤਾ। ਡਾ. ਅੰਬੇਡਕਰ 'ਤੇ ਹਰ ਪਾਸਿਓਂ ਦਬਾਅ ਪਾਇਆ ਗਿਆ-ਰਾਜਨੀਤਿਕ, ਸਮਾਜਿਕ, ਅਤੇ ਇੱਥੋਂ ਤੱਕ ਕਿ ਹਿੰਸਾ ਦੀਆਂ ਧਮਕੀਆਂ ਵੀ। ਉਨ੍ਹਾਂ ਨੂੰ ਕਿਹਾ ਗਿਆ ਕਿ ਜੇਕਰ ਗਾਂਧੀ ਦੀ ਮੌਤ ਹੋ ਗਈ, ਤਾਂ ਪੂਰੇ ਭਾਰਤ ਵਿੱਚ ਅਨੁਸੂਚਿਤ ਜਾਤੀਆਂ ਦੇ ਖ਼ਿਲਾਫ਼ ਨਸਲਕੁਸ਼ੀ ਹੋ ਸਕਦੀ ਹੈ। ਅਖੀਰ ਵਿੱਚ, ਅੰਬੇਡਕਰ ਨੇ ਮਜਬੂਰੀ ਵਿੱਚ ਪੂਨਾ ਸਮਝੌਤੇ 'ਤੇ ਦਸਤਖ਼ਤ ਕੀਤੇ। ਉਨ੍ਹਾਂ ਨੇ ਦਲਿਤਾਂ ਦੀ ਰੱਖਿਆ ਖ਼ਾਤਰ ਆਪਣਾ ਕਾਨੂੰਨੀ ਅਧਿਕਾਰ ਛੱਡ ਦਿੱਤਾ।



### "ਹਿੰਦੂ" ਸ਼ਬਦ ਦਾ ਬਦਲਦਾ ਅਰਥ: ਇਤਿਹਾਸ ਦਾ ਸਭ ਤੋਂ ਵੱਡਾ ਧੋਖਾ

ਇੱਥੇ ਇੱਕ ਅਹਿਮ ਸਵਾਲ ਖੜ੍ਹਾ ਹੁੰਦਾ ਹੈ-ਜਦੋਂ ਅੰਬੇਡਕਰ ਨੇ ਸਾਬਤ ਕਰ ਦਿੱਤਾ ਸੀ ਕਿ ਅਛੂਤ ਹਿੰਦੂ ਨਹੀਂ ਸਨ, ਤਾਂ ਗਾਂਧੀ ਕਿਹੜੇ "ਹਿੰਦੂ ਸਮਾਜ" ਨੂੰ ਬਚਾਉਣਾ ਚਾਹੁੰਦੇ ਸਨ ? ਇਸ ਦਾ ਜਵਾਬ ਛੁਪਿਆ ਹੈ "ਹਿੰਦੂ" ਸ਼ਬਦ ਦੀਆਂ ਇਤਿਹਾਸਕ ਪਰਿਭਾਸ਼ਾਵਾਂ ਵਿੱਚ:

ਫ਼ਾਰਸੀ ਹਿੰਦੂ: ਜਦੋਂ "ਹਿੰਦੂ" ਸ਼ਬਦ ਦੀ ਸ਼ੁਰੂਆਤ ਹੋਈ, ਤਾਂ ਇਸ ਦਾ ਕੋਈ ਧਾਰਮਿਕ ਅਰਥ ਨਹੀਂ ਸੀ। ਇਹ ਸਿਰਫ਼ ਇੱਕ ਭੂਗੋਲਿਕ ਪਛਾਣ ਸੀ-ਸਿੰਧ ਨਦੀ ਦੇ ਪਾਰ ਰਹਿਣ ਵਾਲੇ ਲੋਕ। ਯਾਨੀ ਹਿੰਦੁਸਤਾਨ ਦੇ ਆਰੀਅਨ। ਜਦ ਕਿ ਦਲਿਤ ਮੂਲਨਿਵਾਸੀ ਹਨ। ਅੰਗਰੇਜ਼ਾਂ ਦੇ ਰਾਜ ਵਿੱਚ "ਹਿੰਦੂ" ਸ਼ਬਦ ਨੂੰ ਇੱਕ ਸਮਾਜਿਕ ਢਾਂਚੇ ਵਿੱਚ ਢਾਲਿਆ ਗਿਆ। ਇਸ ਵਿੱਚ ਚਾਰ ਵਰਣ ਸਨ-ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ। ਅਛੂਤ ਇਸ ਵਿਵਸਥਾ ਤੋਂ ਬਾਹਰ ਸਨ। ਉਹ "ਅਵਰਣ" ਕਹਾਉਂਦੇ ਸਨ। ਉਨ੍ਹਾਂ ਲਈ ਨਾ ਕੋਈ ਵਰਣ ਸੀ, ਨਾ ਕੋਈ ਜਾਤ। ਇਸ ਲਈ ਉਹ ਹਿੰਦੂ ਨਹੀਂ ਸਨ।

ਮਹਾਤਮਾ ਗਾਂਧੀ ਨੇ ਇੱਕ ਨਵਾਂ ਪ੍ਰਯੋਗ ਕੀਤਾ। ਉਨ੍ਹਾਂ ਨੇ ਅਛੂਤਾਂ ਨੂੰ ਵੀ ਹਰੀਜਨ "ਹਿੰਦੂ" ਐਲਾਨ ਦਿੱਤਾ। ਇਸ ਤਰ੍ਹਾਂ ਇੱਕ ਅਜਿਹਾ "ਹਿੰਦੂ ਸਮਾਜ" ਘੜਿਆ ਗਿਆ, ਜਿਸ ਵਿੱਚ ਸਭ ਨੂੰ ਸ਼ਾਮਲ ਕੀਤਾ ਗਿਆ, ਭਾਵੇਂ ਉਹ ਵਰਣ ਵਿਵਸਥਾ ਵਿੱਚ ਹੋਣ ਜਾਂ ਨਾ। ਇਹ ਇੱਕ ਸਮਾਜਿਕ ਅਤੇ ਰਾਜਨੀਤਿਕ ਮਿਲਾਵਟ ਸੀ, ਤਾਂ ਜੋ ਅਛੂਤਾਂ ਨੂੰ ਹਿੰਦੂ ਸਮਾਜ ਦਾ ਹਿੱਸਾ ਦਿਖਾਇਆ ਜਾ ਸਕੇ ਅਤੇ ਉਨ੍ਹਾਂ ਨੂੰ ਵੱਖਰੀ ਪਛਾਣ ਤੋਂ ਵੰਚਿਤ ਕੀਤਾ ਜਾ ਸਕੇ।

### ਧਰਮ ਜਾਂ ਜੀਵਨ ਸ਼ੈਲੀ: ਪਛਾਣ ਦੀ ਰਾਜਨੀਤੀ

ਗਾਂਧੀ ਨੇ "ਹਿੰਦੂ ਧਰਮ" ਨੂੰ ਇੱਕ ਧਰਮ ਦੀ ਤਰ੍ਹਾਂ ਪੇਸ਼ ਕੀਤਾ ਅਤੇ ਅਛੂਤਾਂ ਨੂੰ ਇਸ ਵਿੱਚ ਸ਼ਾਮਲ ਕਰਕੇ ਕਿਹਾ ਕਿ ਵੱਖਰਾ ਚੋਣ ਅਧਿਕਾਰ ਹਿੰਦੂ ਧਰਮ ਨੂੰ ਤੋੜ ਦੇਵੇਗਾ। ਪਰ ਡਾਕਟਰ ਅੰਬੇਡਕਰ ਦੇ ਅਨੁਸਾਰ, ਇਹ ਇੱਕ ਝੂਠੀ ਪਛਾਣ ਥੋਪਣ ਦੀ ਸਾਜ਼ਿਸ਼ ਸੀ। ਜੇਕਰ ਅਛੂਤਾਂ ਨੂੰ ਵੱਖਰੀ ਪਛਾਣ ਮਿਲ ਜਾਂਦੀ, ਤਾਂ ਅੱਜ ਕੋਈ ਵੀ ਅਨੁਸੂਚਿਤ ਜਾਤੀ ਦਾ ਵਿਅਕਤੀ ਹਿੰਦੂ ਨਾ ਕਹਾਉਂਦਾ। ਉਸ ਦੀ ਧਾਰਮਿਕ ਅਜ਼ਾਦੀ ਅਤੇ ਰਾਜਨੀਤਿਕ ਪਛਾਣ ਦੋਵੇਂ ਮਜ਼ਬੂਤ ਹੁੰਦੀਆਂ। ਡਾਕਟਰ ਅੰਬੇਡਕਰ ਦਾ ਮੰਨਣਾ ਸੀ ਕਿ ਵੱਖਰੇ ਚੋਣ ਅਧਿਕਾਰ ਰਾਹੀਂ ਅਛੂਤਾਂ ਨੂੰ ਰਾਜਨੀਤਿਕ ਸ਼ਕਤੀ ਮਿਲੇਗੀ, ਜਿਸ ਨਾਲ ਉਹ ਆਪਣੇ ਅਧਿਕਾਰਾਂ ਲਈ ਲੜ ਸਕਣਗੇ।

ਡਾ. ਅੰਬੇਡਕਰ ਦੀ ਸਭ ਤੋਂ ਵੱਡੀ ਚਿੰਤਾ ਸੀ ਕਿ ਅਛੂਤ ਸਮੇਂ ਦੇ ਨਾਲ ਆਪਣੇ ਆਪ ਨੂੰ ਹਿੰਦੂ ਮੰਨਣ ਨਾ ਲੱਗ ਜਾਣ, ਉਹ ਪਛਾਣ ਜੋ ਕਦੇ ਉਨ੍ਹਾਂ ਦੀ ਸੀ ਹੀ ਨਹੀਂ। ਬਾਬਾ ਸਾਹਿਬ ਅਨੁਸਾਰ ਉਨ੍ਹਾਂ ਨੂੰ ਉਨ੍ਹਾਂ ਦੀ ਸਹਿਮਤੀ ਤੋਂ ਬਿਨਾਂ "ਹਿੰਦੂ" ਬਣਾ ਦਿੱਤਾ ਗਿਆ।

### ਗਾਂਧੀ ਨੇ ਅਛੂਤਾਂ ਨੂੰ ਹਿੰਦੂ ਕਿਉਂ ਕਿਹਾ ? ਇਸ ਪਿੱਛੇ ਕੀ ਰਾਜਨੀਤੀ ਸੀ ?

ਗਾਂਧੀ ਦੀ ਰਾਜਨੀਤੀ ਦਾ ਮੁੱਖ ਮਕਸਦ ਸੀ ਭਾਰਤੀ ਰਾਸ਼ਟਰਵਾਦ ਨੂੰ ਮਜ਼ਬੂਤ ਕਰਨਾ। ਉਹ ਚਾਹੁੰਦੇ ਸਨ ਕਿ ਸਾਰੇ ਭਾਰਤੀ ਇੱਕ ਸਾਂਝੀ ਪਛਾਣ-ਹਿੰਦੂ ਪਛਾਣ-ਦੇ ਅਧੀਨ ਇਕੱਠੇ ਹੋਣ। ਅਛੂਤਾਂ ਨੂੰ ਵੱਖਰਾ ਚੋਣ ਅਧਿਕਾਰ ਦੇਣ ਦਾ ਮਤਲਬ ਸੀ ਉਨ੍ਹਾਂ ਨੂੰ ਇੱਕ ਵੱਖਰੀ ਸਮਾਜਿਕ ਅਤੇ ਰਾਜਨੀਤਿਕ ਪਛਾਣ ਦੇਣਾ, ਜੋ ਗਾਂਧੀ ਦੀ "ਹਿੰਦੂ ਏਕਤਾ" ਦੀ ਸੰਕਲਪਨਾ ਨੂੰ ਤੋੜ ਸਕਦੀ ਸੀ। ਗਾਂਧੀ ਨੇ ਅਛੂਤਾਂ ਨੂੰ "ਹਰਿਜਨ" (ਈਸ਼ਵਰ ਦੇ ਲੋਕ) ਕਹਿ ਕੇ ਹਿੰਦੂ ਸਮਾਜ ਦਾ ਹਿੱਸਾ ਬਣਾਉਣ ਦੀ ਕੋਸ਼ਿਸ਼ ਕੀਤੀ, ਪਰ ਅੰਬੇਡਕਰ ਨੇ ਇਸ ਸ਼ਬਦ ਨੂੰ ਵੀ ਠੁਕਰਾ ਦਿੱਤਾ, ਕਿਉਂਕਿ ਇਹ ਅਛੂਤਾਂ ਦੀ ਅਸਲ ਸਮੱਸਿਆ ਨੂੰ ਛੁਪਾਉਣ ਦੀ ਕੋਸ਼ਿਸ਼ ਸੀ।

### ਅੰਬੇਡਕਰ ਨੇ ਗਾਂਧੀ ਨੂੰ ਦਲਿਤਾਂ ਦਾ ਸਭ ਤੋਂ ਵੱਡਾ ਦੁਸ਼ਮਣ ਕਿਉਂ ਕਿਹਾ ?

ਅੰਬੇਡਕਰ ਦਾ ਇਹ ਬਿਆਨ ਸਿਰਫ਼ ਨਿੱਜੀ ਮਤਭੇਦ ਨਹੀਂ ਸੀ। ਇਹ ਇੱਕ ਡੂੰਘੇ ਸਮਾਜਿਕ ਧੋਖੇ ਵੱਲ ਇਸ਼ਾਰਾ ਸੀ। ਗਾਂਧੀ ਦੇ ਅਨਸ਼ਨ ਅਤੇ ਪੂਨਾ ਸਮਝੌਤੇ ਨੇ ਅਛੂਤਾਂ ਦੀ ਵੱਖਰੀ ਪਛਾਣ ਅਤੇ ਰਾਜਨੀਤਿਕ ਸ਼ਕਤੀ ਨੂੰ ਖਤਮ ਕਰ ਦਿੱਤਾ। ਗਾਂਧੀ ਦੀ "ਹਿੰਦੂ ਸਮਾਜ" ਦੇ ਸਿਧਾਂਤ ਨੇ ਅਛੂਤਾਂ ਨੂੰ ਉਸੇ ਵਰਣ ਵਿਵਸਥਾ ਦਾ ਹਿੱਸਾ ਬਣਾ ਦਿੱਤਾ, ਜਿਸ ਨੇ ਸਦੀਆਂ ਤੋਂ ਦਲਿਤਾਂ ਨੂੰ ਦਬਾਇਆ ਸੀ। ਅੰਬੇਡਕਰ ਦਾ ਮੰਨਣਾ ਸੀ ਕਿ ਗਾਂਧੀ ਦੀਆਂ ਨੀਤੀਆਂ ਨੇ ਅਛੂਤਾਂ ਦੇ ਸੰਘਰਸ਼ ਨੂੰ ਕਮਜ਼ੋਰ ਕੀਤਾ ਅਤੇ ਉਨ੍ਹਾਂ ਨੂੰ ਇੱਕ ਝੂਠੀ ਪਛਾਣ ਵਿੱਚ ਬੰਨ੍ਹ ਦਿੱਤਾ।

### ਕੀ ਸਮਾਂ ਨਹੀਂ ਆਇਆ ਜਾਗਣ ਦਾ ?

ਡਾ. ਅੰਬੇਡਕਰ ਨੇ ਪੂਨਾ ਸਮਝੌਤੇ 'ਤੇ ਦਸਤਖ਼ਤ ਕਰਕੇ ਆਪਣੇ ਲੋਕਾਂ ਦੀ ਜਾਨ ਬਚਾਈ ਸੀ, ਪਰ ਅੱਜ ਜੇਕਰ ਉਹ ਵੇਖਦੇ ਕਿ ਉਨ੍ਹਾਂ ਦੇ ਲੋਕ ਉਸੇ ਪਛਾਣ ਨੂੰ ਮਾਣ ਨਾਲ ਅਪਣਾ ਰਹੇ ਹਨ, ਜਿਸ ਦੇ ਵਿਰੁੱਧ ਉਹ ਜੀਵਨ ਭਰ ਲੜਦੇ ਰਹੇ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਅੰਬੇਡਕਰ ਦਾ ਸੰਘਰਸ਼ ਸਿਰਫ਼ ਜਾਤੀਗਤ ਵਿਤਕਰੇ ਦੇ ਵਿਰੁੱਧ ਨਹੀਂ ਸੀ, ਸਗੋਂ ਇੱਕ ਅਜਿਹੀ ਪਛਾਣ ਦੇ ਵਿਰੁੱਧ ਸੀ, ਜੋ ਅਛੂਤਾਂ 'ਤੇ ਜ਼ਬਰਦਸਤੀ ਥੋਪੀ ਗਈ ਸੀ। ਰਿਜ਼ਰਵੇਸ਼ਨ ਸਿਰਫ਼ ਜਾਤੀ ਦੇ ਅਧਾਰ 'ਤੇ ਨਹੀਂ ਸੀ, ਸਗੋਂ ਇਹ ਸਮਾਜਿਕ ਅਤੇ ਪੇਸ਼ੇਵਰ ਬਾਈਕਾਟ ਦੇ ਡੂੰਘੇ ਜੜ੍ਹੇ ਹੋਏ ਇਤਿਹਾਸਕ ਅਨਿਆਂ ਨੂੰ ਦੂਰ ਕਰਨ ਦਾ ਇੱਕ ਸਾਧਨ ਸੀ।

ਭਾਰਤੀ ਸਮਾਜ ਵਿੱਚ ਸਦੀਆਂ ਤੋਂ ਅਨੁਸੂਚਿਤ ਜਾਤੀਆਂ ਅਤੇ ਹੋਰ ਦੱਬੇ-ਕੁਚਲੇ ਸਮੂਹਾਂ ਨੂੰ ਵਰਣ ਵਿਵਸਥਾ ਅਤੇ ਜਾਤੀਗਤ ਭੇਦਭਾਵ ਦੇ ਕਾਰਨ ਸਮਾਜਿਕ ਤੌਰ 'ਤੇ ਬਾਹਰ ਕੱਢਿਆ ਗਿਆ। ਉਨ੍ਹਾਂ ਨੂੰ ਮੰਦਰਾਂ, ਸਕੂਲਾਂ, ਅਤੇ ਜਨਤਕ ਸਥਾਨਾਂ ਵਿੱਚ ਦਾਖਲ ਹੋਣ ਦੀ ਮਨਾਹੀ ਸੀ। ਨਾਲ ਹੀ, ਬਾਈਕਾਟ ਨੇ ਉਨ੍ਹਾਂ ਨੂੰ ਗੁਣਵੱਤਾ ਵਾਲੇ ਪੇਸ਼ਿਆਂ, ਜਿਵੇਂ ਕਿ ਸਿੱਖਿਆ, ਨੌਕਰੀਆਂ, ਅਤੇ ਵਪਾਰ ਵਿੱਚ ਸ਼ਾਮਲ ਹੋਣ ਤੋਂ ਰੋਕਿਆ।

ਡਾ. ਭੀਮਰਾਓ ਅੰਬੇਡਕਰ ਨੇ ਰਿਜ਼ਰਵੇਸ਼ਨ ਦੀ ਵਕਾਲਤ ਕੀਤੀ, ਤਾਂ ਜੋ ਇਨ੍ਹਾਂ ਦਬੇ ਕੁਚਲੇ ਲੋਕਾਂ ਨੂੰ ਨਾ ਸਿਰਫ਼ ਆਰਥਿਕ ਅਤੇ ਸਿੱਖਿਅਕ ਮੌਕੇ ਮਿਲਣ, ਸਗੋਂ ਸਮਾਜਿਕ ਸਤਿਕਾਰ ਅਤੇ ਰਾਜਨੀਤਿਕ ਸ਼ਕਤੀ ਵੀ ਪ੍ਰਾਪਤ ਹੋਵੇ। ਅਰਾਕਸ਼ਣ ਦਾ ਮਕਸਦ ਸੀ ਇਨ੍ਹਾਂ ਲੋਕਾਂ ਨੂੰ ਉਸ ਸਮਾਜਿਕ ਅਤੇ ਪੇਸ਼ੇਵਰ ਬੰਜਰਪਣ ਤੋਂ ਬਾਹਰ ਕੱਢਣਾ ਸੀ, ਜਿਸ ਨੇ ਉਨ੍ਹਾਂ ਨੂੰ ਸਦੀਆਂ ਤੱਕ ਗੁਲਾਮੀ ਦੀ ਜ਼ਿੰਦਗੀ ਜਿਊਣ ਲਈ ਮਜਬੂਰ ਕੀਤਾ।

ਇਹ ਸਿਰਫ਼ ਜਾਤੀ ਦਾ ਮਸਲਾ ਨਹੀਂ ਸੀ, ਸਗੋਂ ਸਮਾਜਿਕ ਨਿਆਂ ਅਤੇ ਸਮਾਨਤਾ ਦੀ ਲੜਾਈ ਸੀ, ਜੋ ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਅਤੇ ਉਨ੍ਹਾਂ ਦੀ ਮਾਨਵੀ ਮਰਿਆਦਾ ਨੂੰ ਬਹਾਲ ਕਰਨ ਦਾ ਇੱਕ ਯਤਨ ਸੀ। ਇਸ ਤਰ੍ਹਾਂ, ਰਿਜ਼ਰਵੇਸ਼ਨ ਨੂੰ ਸਮਝਣ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਇਹ ਸਿਰਫ਼ ਜਾਤੀਗਤ ਪਛਾਣ ਨਾਲ ਸੀਮਤ ਨਹੀਂ ਸੀ, ਸਗੋਂ ਸਮਾਜਿਕ ਅਤੇ ਪੇਸ਼ੇਵਰ ਤੌਰ 'ਤੇ ਦਰਕਿਨਾਰ ਕੀਤੇ ਗਏ ਲੋਕਾਂ ਨੂੰ ਉਨ੍ਹਾਂ ਦਾ ਹੱਕ ਅਤੇ ਸਥਾਨ ਦੇਣ ਦੀ ਇੱਕ ਇਤਿਹਾਸਕ ਜ਼ਰੂਰਤ ਸੀ।

ਕੀ ਬਹੁਜਨ ਸਮਾਜ ਅੰਬੇਡਕਰ ਦੇ ਵਿਚਾਰ ਨੂੰ ਸਮਝੇਗਾ ਕਿ ਉਹ ਹਿੰਦੂ ਨਹੀਂ ਹਨ ? ਕੀ ਅਸੀਂ ਅੰਬੇਡਕਰ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਤਿਆਰ ਹਾਂ ? ਜਾਂ ਅਸੀਂ ਉਸ ਪਛਾਣ ਨੂੰ ਅਪਣਾਉਣ ਵਿੱਚ ਲੱਗੇ ਰਹਾਂਗੇ, ਜਿਸ ਨੇ ਸਾਨੂੰ ਸਦੀਆਂ ਤੱਕ ਗੁਲਾਮ ਬਣਾਇਆ ,ਜਿਸਦਾ ਬਾਬਾ ਸਾਹਿਬ ਨੇ ਵਿਰੋਧ ਕੀਤਾ ? ਸਮਾਂ ਹੈ ਦਲਿਤਾਂ ਲਈ ਜਾਗਣ ਦਾ, ਸਮਝਣ ਦਾ, ਅਤੇ ਅੰਬੇਡਕਰ ਦੇ ਸੁਪਨੇ ਨੂੰ ਸੱਚ ਕਰਨ ਦਾ।

* * * * * * *

# ਗੁਰੂ ਤੇਗ ਬਹਾਦਰ ਦੀ 350ਵੀਂ ਸ਼ਹੀਦੀ ਸ਼ਤਾਬਦੀ ਦੇ ਪ੍ਰਸੰਗ ਵਿਚ ਦੇਸ਼-ਵਿਦੇਸ਼ ਵਿਚ ਵੱਖ-ਵੱਖ ਸ਼ਤਾਬਦੀਆਂ ਕਿਵੇਂ ਮਨਾਈਆਂ ਗਈਆਂ ?

**ਹਰਵਿੰਦਰ ਸਿੰਘ ਖਾਲਸਾ**

ਜਿਉਂਦੀਆਂ ਜਾਗਦੀਆਂ ਕੌਮਾਂ ਹੀ ਆਪਣੇ ਪੁਰਖਿਆਂ ਦੇ ਦਿਨ, ਤਿਉਹਾਰ ਤੇ ਸ਼ਤਾਬਦੀਆਂ ਮਨਾਉਂਦੀਆਂ ਹਨ। ਸਿੱਖ ਪੰਥ ਵਲੋਂ ਪਹਿਲੀ ਸ਼ਤਾਬਦੀ ਮਹਾਰਾਜਾ ਰਣਜੀਤ ਸਿੰਘ ਜੀ ਦੀ ਜੂਨ 1939 ਈ. ਨੂੰ ਸਮਾਧ ਮਹਾਰਾਜਾ ਰਣਜੀਤ ਸਿੰਘ ਲਾਹੌਰ ਵਿਖੇ ਮਨਾਈ ਗਈ। ਸੰਨ 1947 ਈ. ਨੂੰ ਭਾਰਤ ਆਜ਼ਾਦ ਹੋਇਆ ਅਤੇ ਆਜ਼ਾਦ ਭਾਰਤ ਵਿਚ ਪਹਿਲੀ ਵਾਰ ਜਨਵਰੀ, 1967 ਈ. ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਜਨਮ ਸ਼ਤਾਬਦੀ ਗਾਂਧੀ ਮੈਦਾਨ ਬਿਹਾਰ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ ਸੀ। ਇਸ ਸਮੇਂ ਭਾਰਤ ਸਰਕਾਰ ਦੇ ਡਾਕ ਵਿਭਾਗ ਵਲੋਂ ਡਾਕ ਟਿਕਟ ਅਤੇ ਵਿਸ਼ੇਸ਼ ਡਾਕ ਕਵਰ ਜਾਰੀ ਕੀਤਾ ਗਿਆ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਲੋਂ ਇਕ ਵਿਸ਼ੇਸ਼ ਯਾਦਗਾਰੀ ਅੰਕ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸੰਬੰਧੀ ਕੱਢਿਆ ਗਿਆ। ਪੰਜਾਬੀ ਸੂਬਾ 1 ਨਵੰਬਰ, 1966 ਈ. ਨੂੰ ਬਣਿਆ ਅਤੇ 1967 ਦੀਆਂ ਚੋਣਾਂ ਸਮੇਂ ਸ. ਗੁਰਨਾਮ ਸਿੰਘ ਪੰਜਾਬ ਦੇ ਮੁੱਖ ਮੰਤਰੀ ਬਣੇ। ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦਾ 500 ਸਾਲਾ ਪ੍ਰਕਾਸ਼ ਪੁਰਬ 23 ਨਵੰਬਰ, 1969 ਈ. ਨੂੰ ਸਾਰੀ ਦੁਨੀਆ ਦੀਆਂ ਗੁਰੂ ਨਾਨਕ ਨਾਮਲੇਵਾ ਸੰਗਤਾਂ ਵਲੋਂ ਥਾਂ-ਥਾਂ ਬੜੀ ਸ਼ਰਧਾ ਨਾਲ ਮਨਾਇਆ ਗਿਆ ਸੀ। ਇਸ ਪੁਰਬ ਨੂੰ ਮਨਾਉਣ ਲਈ ਵੱਖ-ਵੱਖ ਸਿੱਖ ਜਥੇਬੰਦੀਆਂ ਅਤੇ ਵਿਸ਼ੇਸ਼ ਕਰਕੇ ਸ਼੍ਰੋਮਣੀ ਕਮੇਟੀ ਵਲੋਂ ਤਿਆਰੀਆਂ 1967 ਤੋਂ ਹੀ ਆਰੰਭ ਹੋ ਗਈਆਂ ਸਨ। ਇਸ ਪੁਰਬ ਸੰਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 27 ਜੁਲਾਈ, 1969 ਈ. ਨੂੰ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਵਿਖੇ ਸਰਬ ਸੰਸਾਰ ਸਿੱਖ ਕਨਵੈਨਸ਼ਨ ਬੁਲਾਈ ਗਈ ਸੀ। ਇਸ ਕਨਵੈਨਸ਼ਨ ਵਿਚ ਪੰਥ ਦੀਆਂ ਸਮੁੱਚੀਆਂ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਭਾਗ ਲਿਆ ਸੀ। ਉਸ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸੰਤ ਚੰਨਣ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਫ਼ਤਹਿ ਸਿੰਘ ਸਨ। ਇਸ ਕਨਵੈਨਸ਼ਨ ਵਿਚ ਜਿਥੇ ਵਿਦੇਸ਼ਾਂ ਅਤੇ ਭਾਰਤ ਦੇ ਵੱਖ-ਵੱਖ ਰਾਜਾਂ ਦੇ ਨੁਮਾਇੰਦਿਆਂ ਨੇ ਭਾਗ ਲਿਆ, ਉਥੇ ਸ. ਹੁਕਮ ਸਿੰਘ ਰਾਜਸਥਾਨ ਦੇ ਤਤਕਾਲੀ ਰਾਜਪਾਲ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਸਨ ਅਤੇ ਉਨ੍ਹਾਂ ਨੇ ਆਰੰਭਕ ਭਾਸ਼ਣ ਦਿੱਤਾ ਸੀ। ਇਸ ਕਨਵੈਨਸ਼ਨ ਵਿਚ ਸਮੁੱਚੇ ਪੰਥਕ ਨੁਮਾਇੰਦਿਆਂ ਨੇ ਰਲ ਕੇ ਸ਼ਤਾਬਦੀ ਪੁਰਬ ਨੂੰ ਮਨਾਉਣ ਦਾ ਫ਼ੈਸਲਾ ਕੀਤਾ ਸੀ। ਉਸ ਸਮੇਂ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਸੀ। ਪੰਜਾਬ ਵਿਚ ਮੱਧਕਾਲੀ ਚੋਣਾਂ ਤੋਂ ਬਾਅਦ 17 ਫਰਵਰੀ, 1969 ਈ. ਨੂੰ ਸ. ਗੁਰਨਾਮ ਸਿੰਘ ਦੁਬਾਰਾ ਪੰਜਾਬ ਦੇ ਮੁੱਖ ਮੰਤਰੀ ਬਣੇ ਸਨ। ਪੰਜਾਬ ਸਰਕਾਰ ਨੇ ਜਿਥੇ ਇਸ ਪੁਰਬ ਨੂੰ ਵੱਡੇ ਪੱਧਰ 'ਤੇ ਮਨਾਉਣ ਦਾ ਫ਼ੈਸਲਾ ਕੀਤਾ, ਉਥੇ ਸ਼੍ਰੋਮਣੀ ਕਮੇਟੀ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵੀ ਐਲਾਨ ਕੀਤਾ ਅਤੇ ਪੂਰਨ ਸਹਿਯੋਗ ਦਿੱਤਾ।

ਪੰਜਾਬ ਸਰਕਾਰ ਵਲੋਂ ਇਸ ਪੁਰਬ ਸੰਬੰਧੀ ਇਕ ਉੱਚ ਪੱਧਰੀ ਕਮੇਟੀ ਦਾ ਗਠਨ ਕਰਕੇ ਸ. ਆਤਮਾ ਸਿੰਘ ਕਪੂਰਥਲਾ ਨੂੰ ਇਸ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਸੀ। ਪੰਜਾਬ ਸਰਕਾਰ ਵਲੋਂ ਇਹ ਪੁਰਬ ਸੁਲਤਾਨਪੁਰ ਲੋਧੀ ਵਿਖੇ ਮਨਾਇਆ ਗਿਆ ਅਤੇ ਸੁਲਤਾਨਪੁਰ ਲੋਧੀ ਨੂੰ ਸਬ ਡਵੀਜ਼ਨ ਦਾ ਦਰਜਾ ਦੇ ਕੇ 20 ਲੱਖ ਰੁਪਏ ਸੁਲਤਾਨਪੁਰ ਲੋਧੀ ਦੇ ਵਿਕਾਸ ਲਈ ਮਨਜ਼ੂਰ ਕੀਤੇ ਗਏ। ਪੰਜਾਬ ਸਰਕਾਰ ਦਾ ਰਾਜ ਪੱਧਰੀ ਮੁੱਖ ਸਮਾਗਮ ਗੁਰਦੁਆਰਾ ਬੇਰ ਸਾਹਿਬ ਵਿਖੇ ਕੀਤਾ ਗਿਆ। ਗੁਰਦੁਆਰਾ ਬੇਰ ਸਾਹਿਬ ਦੇ ਮੁੱਖ ਸਮਾਗਮ ਵਿਚ ਪੰਜਾਬ ਦੇ ਗਵਰਨਰ ਸ੍ਰੀ ਡੀ. ਸੀ. ਪਾਵਟੇ, ਪੰਜਾਬ ਦੇ ਮੁੱਖ ਮੰਤਰੀ ਸ. ਗੁਰਨਾਮ ਸਿੰਘ ਅਤੇ ਪੰਜਾਬ ਦੇ ਬਾਕੀ ਮੰਤਰੀਆਂ ਨੇ ਵੀ ਭਾਗ ਲਿਆ। ਪੰਜਾਬ ਸਰਕਾਰ ਵਲੋਂ ਸੁਲਤਾਨਪੁਰ ਲੋਧੀ ਵਿਖੇ ਹੀ ਵੱਖ-ਵੱਖ ਧਰਮਾਂ ਦਾ ਸਰਬ ਧਰਮ ਸੰਮੇਲਨ ਕੀਤਾ ਗਿਆ, ਜਿਸ ਵਿਚ ਦੂਸਰੇ ਧਰਮਾਂ ਦੇ ਮਹਾਂਪੁਰਸ਼ ਸ਼ਾਮਿਲ ਹੋਏ। ਜਿਨ੍ਹਾਂ ਵਿਚ ਬੁੱਧ ਧਰਮ ਦੇ ਧਾਰਮਿਕ ਆਗੂ ਦਲਾਈ ਲਾਮਾ , ਮੁਸਲਮਾਨ ਧਰਮ ਦੇ ਮੁਖੀ ਜਾਮਾ ਮਸਜਿਦ ਦਿੱਲੀ ਦੇ ਸ਼ਾਹੀ ਇਮਾਮ ਸਯਦ ਅਬਦੁਲ ਬੁਖਾਰੀ, ਸਨਾਤਨ ਧਰਮ ਦੇ ਆਗੂ ਸ਼ੰਕਰਚਾਰੀਆ, ਇਸਾਈ ਧਰਮ ਦੇ ਆਗੂ ਆਰਕ ਬਿਸ਼ਪ ਆਦਿ ਨੇ ਸਮਾਗਮ ਵਿਚ ਸ਼ਾਮਿਲ ਹੋਏ ।

ਗੁਰੂ ਨਾਨਕ ਪਾਤਿਸ਼ਾਹ ਜੀ ਦੇ 500ਵੇਂ ਪ੍ਰਕਾਸ਼ ਪੁਰਬ ਲਈ ਸੰਗਤਾਂ ਵਿਚ ਬਹੁਤ ਉਤਸ਼ਾਹ ਸੀ, ਜਿਸ ਸੰਬੰਧੀ ਹਰ ਪਿੰਡ, ਹਰ ਕਸਬੇ, ਹਰ ਜ਼ਿਲ੍ਹੇ ਵਿਚ ਵੱਖ-ਵੱਖ ਜਥੇਬੰਦੀਆਂ ਵਲੋਂ ਸਮਾਗਮ ਕੀਤੇ ਜਾ ਰਹੇ ਸਨ। ਸਕੂਲਾਂ, ਕਾਲਜਾਂ ਦੇ ਪ੍ਰਬੰਧਕ ਅਤੇ ਵਿਦਿਆਰਥੀ ਆਪਣੇ ਤੌਰ 'ਤੇ ਹੀ ਪ੍ਰਕਾਸ਼ ਪੁਰਬ ਮਨਾ ਰਹੇ ਸਨ। ਸਕੂਲਾਂ, ਕਾਲਜਾਂ ਵਿਚ ਗੁਰੂ ਨਾਨਕ ਪਾਤਿਸ਼ਾਹ ਦੇ ਜੀਵਨ, ਫ਼ਲਸਫ਼ੇ ਸੰਬੰਧੀ ਭਾਸ਼ਣ ਮੁਕਾਬਲੇ ਕਰਵਾਏ ਗਏ। ਪਿੰਡਾਂ ਅਤੇ ਸਕੂਲਾਂ ਦੇ ਵਿਦਿਆਰਥੀਆਂ ਨੇ ਇਕ ਹਫ਼ਤਾ ਲਗਾਤਾਰ 1000-1000 ਦੀਵੇ ਜਗਾ ਕੇ ਆਪਣੇ ਸਕੂਲਾਂ ਦੀਆਂ ਇਮਾਰਤਾਂ 'ਤੇ ਰੱਖੇ।

ਪੰਜਾਬ ਦੇ ਵਿਦਵਾਨਾਂ ਨੇ ਪੂਰੀ ਮਿਹਨਤ ਅਤੇ ਲਗਨ ਨਾਲ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਇਤਿਹਾਸ ਨੂੰ ਕਲਮਬੱਧ ਕੀਤਾ ਅਤੇ ਉਸ ਸਮੇਂ 190 ਕਿਤਾਬਾਂ ਛਾਪੀਆਂ ਗਈਆਂ। ਨਾਟਕਕਾਰਾਂ ਨੇ ਗੁਰੂ ਨਾਨਕ ਪਾਤਿਸ਼ਾਹ ਜੀ ਦੀਆਂ ਸਿੱਖਿਆਵਾਂ ਸੰਬੰਧੀ ਨਾਟਕ ਲਿਖੇ ਅਤੇ ਪੰਜਾਬ ਤੇ ਪੰਜਾਬ ਤੋਂ ਬਾਹਰ ਨਾਟਕ ਖੇਡੇ ਗਏ। ਪ੍ਰਿੰਸੀਪਲ ਗੁਰਦਿਆਲ ਸਿੰਘ 'ਫੁੱਲ' ਵਲੋਂ ਲਿਖਿਆ ਗਿਆ ਨਾਟਕ 'ਜਿਨ ਸਚ ਪਲੇ ਹੋਇ' ਸੈਂਕੜੇ ਵਾਰ ਭਾਰਤ ਦੇ ਵੱਖ-ਵੱਖ ਸ਼ਹਿਰਾਂ ਅਤੇ ਕਸਬਿਆਂ ਵਿਚ ਖੇਡਿਆ ਗਿਆ। ਉਸ ਸਮੇਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਜੋ ਸੈਮੀਨਾਰ ਹੋਇਆ, ਜਿਸ ਵਿਚ 'ਲੰਕਾ ਸਰਕਾਰ' ਦਾ ਇਕ ਨੁਮਾਇੰਦਾ ਸ਼ਾਮਿਲ ਹੋਇਆ ਅਤੇ ਉਸ ਨੇ ਕਿਹਾ ਕਿ ਅਸੀਂ ਭਾਗਾਂ ਵਾਲੇ ਹਾਂ ਕਿਉਂਕਿ ਗੁਰੂ ਨਾਨਕ ਪਾਤਿਸ਼ਾਹ ਨੇ ਸ੍ਰੀਲੰਕਾ ਆ ਕੇ ਸਾਨੂੰ ਸੱਚ ਦਾ ਉਪਦੇਸ਼ ਦਿੱਤਾ। ਪੰਜਾਬ ਸਰਕਾਰ ਵਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਾਉਣ ਦਾ ਐਲਾਨ ਕੀਤਾ ਗਿਆ, ਜਿਸ ਦਾ ਨੀਂਹ ਪੱਥਰ 24 ਨਵੰਬਰ, 1969 ਈ. ਨੂੰ ਭਾਰਤ ਦੇ ਰਾਸ਼ਟਰਪਤੀ ਸ੍ਰੀ ਵੀ.ਵੀ. ਗਿਰੀ ਨੇ ਰੱਖਿਆ। ਭਾਰਤ ਦੇ ਡਾਕ ਵਿਭਾਗ ਵਲੋਂ ਵਿਸ਼ੇਸ਼ ਡਾਕ ਟਿਕਟ ਅਤੇ ਡਾਕ ਕਵਰ ਜਾਰੀ ਕੀਤਾ ਗਿਆ।

ਸ਼੍ਰੋਮਣੀ ਕਮੇਟੀ ਵਲੋਂ ਗੁਰੂ ਜੀ ਦੀ ਯਾਦ ਵਿਚ ਮੁੱਖ ਸਮਾਗਮ ਗੁਰੂ ਨਾਨਕ ਨਗਰ (ਗੋਲ ਬਾਗ) ਅੰਮ੍ਰਿਤਸਰ ਵਿਖੇ ਕੀਤਾ ਗਿਆ ਸੀ। ਇਸ ਸੰਬੰਧ ਵਿਚ ਅਦੁੱਤੀ ਤੇ ਇਤਿਹਾਸਕ ਨਗਰ ਕੀਰਤਨ ਬੁਰਜ ਅਕਾਲੀ ਫੂਲਾ ਸਿੰਘ ਜੀ ਤੋਂ 10 ਵਜੇ ਸ਼ੁਰੂ ਕੀਤਾ ਗਿਆ ਅਤੇ ਸ਼ਾਮ ਦੇ 6 ਵਜੇ ਗੁਰੂ ਨਾਨਕ ਨਗਰ (ਗੋਲ ਬਾਗ) ਅੰਮ੍ਰਿਤਸਰ ਵਿਖੇ ਸਮਾਪਤ ਹੋਇਆ। ਮੁੱਖ ਸਮਾਗਮ ਵਿਚ ਖਾਨ ਅਬਦੁਲ ਗ਼ਫ਼ਾਰ ਖਾਂ, ਦਲਾਈ ਲਾਮਾ, ਭਾਰਤ ਦੇ ਰਾਸ਼ਟਰਪਤੀ ਸ੍ਰੀ ਵੀ.ਵੀ. ਗਿਰੀ, ਸ. ਗੁਰਨਾਮ ਸਿੰਘ ਮੁੱਖ ਮੰਤਰੀ ਪੰਜਾਬ, ਸ੍ਰੀ ਡੀ. ਸੀ. ਪਾਵਟੇ ਰਾਜਪਾਲ ਪੰਜਾਬ, ਸ. ਉਜਲ ਸਿੰਘ ਰਾਜਪਾਲ ਤਾਮਿਲਨਾਡੂ, ਸ. ਗੁਰਦਿਆਲ ਸਿੰਘ ਸਪੀਕਰ ਲੋਕ ਸਭਾ ਅਤੇ ਵੱਖ-ਵੱਖ ਰਾਜਾਂ ਦੇ ਕਈ ਮੰਤਰੀਆਂ ਨੇ ਪਹੁੰਚ ਕੇ ਗੁਰੂ ਨਾਨਕ ਸਾਹਿਬ ਪ੍ਰਤੀ ਆਪਣੀ ਸ਼ਰਧਾ ਪ੍ਰਗਟ ਕੀਤੀ।

ਇਸ ਉਪਰੰਤ ਸ਼੍ਰੋਮਣੀ ਕਮੇਟੀ ਵਲੋਂ ਆਪਣੇ ਤੌਰ 'ਤੇ ਕਈ ਵਾਰ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਅਨੇਕਾਂ ਸ਼ਤਾਬਦੀਆਂ ਮਨਾਈਆਂ ਅਤੇ ਮਨਾਈਆਂ ਜਾ ਰਹੀਆਂ ਹਨ। ਕਈ ਸ਼ਤਾਬਦੀਆਂ ਵਿਚ ਕੇਂਦਰ ਸਰਕਾਰ ਨੇ ਵੀ ਆਪਣੇ ਵਲੋਂ ਯੋਗਦਾਨ ਪਾਇਆ ਅਤੇ ਸ਼ਤਾਬਦੀਆਂ ਸਮੇਂ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਕੇਂਦਰੀ ਨੇਤਾਵਾਂ ਨੇ ਸਮਾਗਮਾਂ ਵਿਚ ਪਹੁੰਚ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਸ਼੍ਰੋਮਣੀ ਕਮੇਟੀ ਵਲੋਂ ਪਿਛਲੇ 10-12 ਸਾਲਾਂ ਤੋਂ ਜੋ ਸ਼ਤਾਬਦੀਆਂ ਮਨਾਈਆਂ ਗਈਆਂ ਹਨ।

ਇਸ ਸਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ 25 ਨਵੰਬਰ, 2025 ਨੂੰ ਹੈ। ਗੁਰੂ ਤੇਗ ਬਹਾਦਰ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ 4 ਦਸੰਬਰ ਤੋਂ 12 ਦਸੰਬਰ, 1975 ਈ. ਤੱਕ ਮਨਾਈ ਗਈ। ਸਮਾਂ ਬਹੁਤ ਵੱਡੀ ਕਰਵਟ ਲੈ ਰਿਹਾ ਹੈ, ਜਿਸ ਸਮੇਂ ਗੁਰੂ ਨਾਨਕ ਪਾਤਿਸ਼ਾਹ ਦੀ ਪੰਜਵੀਂ ਸ਼ਤਾਬਦੀ ਮਨਾਈ ਗਈ ਤਾਂ ਉਸ ਸਮੇਂ 190 ਦੇ ਕਰੀਬ ਕਿਤਾਬਾਂ ਵਿਦਵਾਨਾਂ ਵਲੋਂ ਲਿਖੀਆਂ ਗਈਆਂ ਪਰ ਜਿਸ ਸਮੇਂ 2019 ਵਿਚ ਗੁਰੂ ਨਾਨਕ ਪਾਤਿਸ਼ਾਹ ਦਾ 550ਵਾਂ ਪ੍ਰਕਾਸ਼ ਦਿਹਾੜਾ ਮਨਾਇਆ ਗਿਆ ਤਾਂ 35-40 ਦੇ ਕਰੀਬ ਕਿਤਾਬਾਂ ਛਪੀਆਂ। ਇਸੇ ਤਰ੍ਹਾਂ ਜਿਸ ਸਮੇਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ ਮਨਾਈ ਗਈ ਉਸ ਸਮੇਂ 45 ਦੇ ਕਰੀਬ ਗੁਰੂ ਪਾਤਿਸ਼ਾਹ ਜੀ ਦੀ ਜੀਵਨੀ, ਸੰਬੰਧੀ ਪੰਜਾਬੀ ਅੰਗਰੇਜ਼ੀ ਅਤੇ ਹਿੰਦੀ ਵਿਚ ਕਿਤਾਬਾਂ ਛਪੀਆਂ ਸਨ। ਅਨੇਕਾਂ ਸੈਮੀਨਾਰ ਹੋਏ, ਸਭਾ ਸੁਸਾਇਟੀਆਂ ਨੇ ਰੰਗਦਾਰ ਸੁਚਿੱਤਰ ਕਿਤਾਬਾਂ ਛਾਪੀਆਂ। ਭਾਰਤ ਸਰਕਾਰ ਵਲੋਂ ਵਿਸ਼ੇਸ਼ ਡਾਕ ਟਿਕਟ ਅਤੇ ਡਾਕ ਕਵਰ ਛਾਪਿਆ ਗਿਆ। ਉਸ ਸਮੇਂ ਸ਼ਹੀਦੀ ਮਾਰਗ ਅਤੇ ਸੀਸ ਮਾਰਗ 'ਤੇ ਜੋ ਨਗਰ ਕੀਰਤਨ ਸ੍ਰੀ ਅਨੰਦਪੁਰ ਸਾਹਿਬ ਤੋਂ ਦਿੱਲੀ ਅਤੇ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਪਹੁੰਚਿਆ, ਉਸ ਵਿਚ ਜੋ ਉਤਸ਼ਾਹ ਸੀ, ਉਹ ਆਪਣੇ-ਆਪ ਵਿਚ ਇਕ ਮਿਸਾਲ ਸੀ।

ਗੁਰੂ ਤੇਗ ਬਹਾਦਰ ਜੀ ਨੇ ਦੂਜੇ ਧਰਮ ਵਾਲਿਆਂ ਦੀ ਰੱਖਿਆ ਕਰਦਿਆਂ, ਮਨੁੱਖਤਾ ਦੀ ਖਾਤਰ ਆਪ ਸਿੱਖਾਂ ਸਮੇਤ ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲ ਕੇ ਦਿੱਲੀ ਜਾ ਕੇ ਸ਼ਹੀਦੀ ਪ੍ਰਾਪਤ ਕੀਤੀ। ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਸਾਹਿਬ ਦੇ ਨਾਲ ਗਏ ਸਿੱਖ ਭਾਈ ਦਿਆਲਾ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਜੀ ਨੂੰ 11 ਨਵੰਬਰ, 1675 ਈ. ਨੂੰ ਚਾਂਦਨੀ ਚੌਕ ਦਿੱਲੀ ਵਿਖੇ ਮੁਗ਼ਲ ਹਕੂਮਤ ਵਲੋਂ ਸ਼ਹੀਦ ਕਰਵਾਇਆ ਗਿਆ। ਜੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕਸ਼ਮੀਰੀ ਪੰਡਤਾਂ ਦੀ ਬਾਂਹ ਨਾ ਫੜਦੇ ਅਤੇ ਦਿੱਲੀ ਜਾ ਕੇ ਸ਼ਹੀਦੀ ਪ੍ਰਾਪਤ ਨਾ ਕਰਦੇ ਤਾਂ ਅੱਜ ਹਿੰਦੁਸਤਾਨ ਦਾ ਇਤਿਹਾਸ ਹੋਰ ਹੋਣਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਕੇਵਲ ਸ਼੍ਰੋਮਣੀ ਕਮੇਟੀ ਵਲੋਂ ਜਾਂ ਸਿੱਖ ਸੰਸਥਾਵਾਂ ਵਲੋਂ ਹੀ ਨਹੀਂ ਮਨਾਇਆ ਜਾਣਾ ਚਾਹੀਦਾ ਸਗੋਂ ਕੇਂਦਰ ਸਰਕਾਰ ਅਤੇ ਭਾਰਤ ਦੇ ਸਮੁੱਚੇ ਰਾਜਾਂ ਦੀਆਂ ਸਰਕਾਰਾਂ ਵਲੋਂ ਵੀ ਵੱਡੇ ਪੱਧਰ 'ਤੇ ਮਨਾਇਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਦੇਸ਼-ਵਿਦੇਸ਼ ਵਿਚ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਵਲੋਂ ਇਸ ਸੰਬੰਧੀ ਆਪਣੇ ਤੌਰ 'ਤੇ ਪ੍ਰੋਗਰਾਮ ਉਲੀਕੇ ਜਾਣੇ ਚਾਹੀਦੇ ਹਨ। ਇਸ ਸੰਬੰਧੀ ਕੁਝ ਸੁਝਾਅ ਅੱਗੇ ਦਿੱਤੇ ਜਾ ਰਹੇ ਹਨ।

1. ਕੇਂਦਰ ਸਰਕਾਰ ਵਲੋਂ ਦਿੱਲੀ ਵਿਚ ਵਿਸ਼ੇਸ਼ ਸਮਾਗਮ ਹੋਣੇ ਚਾਹੀਦੇ ਹਨ, ਇਕ ਵੱਡਾ ਸੈਮੀਨਾਰ ਦਿੱਲੀ ਵਿਖੇ ਹੋਵੇ, ਜਿਸ ਵਿਚ ਦੁਨੀਆ ਭਰ ਦੀਆਂ ਸਰਕਾਰਾਂ ਦੇ ਰਾਜਦੂਤ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਣ, ਉਨ੍ਹਾਂ ਨੂੰ ਜਿਥੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਬਾਰੇ ਪਤਾ ਲੱਗੇ ਉਥੇ ਉਨ੍ਹਾਂ ਨੂੰ ਗੁਰੂ ਸਾਹਿਬ ਅਤੇ ਗੁਰੂ ਸਾਹਿਬ ਨਾਲ ਸ਼ਹੀਦ ਹੋਣ ਵਾਲੇ ਸਿੱਖਾਂ ਦੀਆਂ ਜੀਵਨੀਆਂ ਸੰਬੰਧੀ ਇਕ ਬਹੁਤ ਹੀ ਸੁੰਦਰ ਕਿਤਾਬ ਭੇਟ ਕੀਤੀ ਜਾਵੇ।

2. ਕੇਂਦਰ ਸਰਕਾਰ 350 ਸਾਲਾ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼ ਡਾਕ ਟਿਕਟ, ਡਾਕ ਕਵਰ ਅਤੇ ਸਿੱਕਾ ਜਾਰੀ ਕਰੇ।

3. ਕੇਂਦਰ ਸਰਕਾਰ ਵਿਦਿਆਰਥੀਆਂ ਲਈ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਦੇ ਨਾਂ ਵਜ਼ੀਫ਼ੇ ਜਾਰੀ ਕਰੇ।

4. ਕੇਂਦਰ ਸਰਕਾਰ ਜੇ ਇਸ ਦਿਨ 'ਤੇ ਮਹੱਤਵ ਨੂੰ ਸਮਝਦੀ ਹੈ ਤਾਂ ਸਮੁੱਚੇ ਭਾਰਤ ਦੀਆਂ ਜੇਲ੍ਹਾਂ ਵਿਚ ਜੋ ਲੋਕ ਲੰਮੀਆਂ ਸਜ਼ਾਵਾਂ ਕੱਟ ਕੇ ਵੀ ਜੇਲ੍ਹਾਂ ਅੰਦਰ ਬੰਦ ਹਨ, ਉਨ੍ਹਾਂ ਨੂੰ ਰਿਹਾਅ ਕਰੇ।

5. ਕੇਂਦਰ ਸਰਕਾਰ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਂਅ ਦੀ ਦਿੱਲੀ ਯੂਨੀਵਰਸਿਟੀ ਅੰਦਰ ਇਕ ਵਿਸ਼ੇਸ਼ ਚੇਅਰ ਸਥਾਪਿਤ ਕਰੇ, ਜਿਥੇ ਗੁਰੂ ਸਾਹਿਬ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਦੇ ਜੀਵਨ ਸੰਬੰਧੀ ਅਤੇ ਫਿਲਾਸਫ਼ੀ ਬਾਰੇ ਵਿਸ਼ੇਸ਼ ਖੋਜ ਕਾਰਜ ਕੀਤਾ ਜਾਵੇ।

6. ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਛਪਵਾਏ। ਰਾਜ ਸਰਕਾਰਾਂ ਦਾ ਵੀ ਫ਼ਰਜ਼ ਬਣਦਾ ਹੈ ਕਿ ਜਿਥੇ ਉਹ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਤੇ ਸਮਾਗਮ ਕਰਵਾਉਣ ਉਥੇ ਗੁਰੂ ਸਾਹਿਬ ਦੇ ਇਤਿਹਾਸ ਨੂੰ ਸਕੂਲਾਂ, ਕਾਲਜਾਂ ਦੇ ਸਿਲੇਬਸ ਦਾ ਹਿੱਸਾ ਵੀ ਬਣਾਇਆ ਜਾਵੇ।

ਸਕੂਲੀ ਬੱਚਿਆਂ ਲਈ ਸਚਿੱਤਰ ਪੁਸਤਕਾਂ ਤਿਆਰ ਕਰਵਾਈਆਂ ਜਾਣ। ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਗੁਰੂ ਸਾਹਿਬ ਜੀ ਦੇ ਜੀਵਨ ਸੰਬੰਧੀ ਸੈਮੀਨਾਰ ਜ਼ਰੂਰ ਕਰਵਾਉਣ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ ਸਮੇਂ ਜੋ ਕਿਤਾਬਾਂ ਛਪੀਆਂ ਜਾਂ ਲੇਖ ਛਪੇ, ਉਨ੍ਹਾਂ ਨੂੰ ਉਸ ਸਮੇਂ ਦੇ ਵਿਦਵਾਨਾਂ ਨੇ ਬੜੀ ਮਿਹਨਤ ਨਾਲ ਤਿਆਰ ਕੀਤਾ ਸੀ। ਉਸ ਤਰ੍ਹਾਂ ਦੇ ਵਿਦਵਾਨ ਅੱਜ ਬਹੁ ਘੱਟ ਹਨ, ਜੇ ਹੋ ਸਕੇ ਤਾਂ ਉਸ ਸਮੇਂ ਦੀਆਂ ਕਿਤਾਬਾਂ ਵਿਚੋਂ ਲੇਖ ਲੈ ਕੇ ਦੁਬਾਰਾ ਵਿਸ਼ੇਸ਼ ਪੁਸਤਕਾਂ ਤਿਆਰ ਕੀਤੀਆਂ ਜਾਣ। ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦੇ ਨਾਲ ਸ਼ਹੀਦੀ ਪਾਉਣ ਵਾਲੇ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਦੀ ਸ਼ਹੀਦੀ ਬਹੁਤ ਲਾਸਾਨੀ ਹੈ ਅਤੇ ਹਰ ਸਿੱਖ ਦਾ ਜਿਥੇ ਸਿਰ ਝੁਕਦਾ ਹੈ, ਉਥੇ ਜਿੰਨੀ ਵੀ ਸ਼ਰਧਾ ਭੇਟ ਕੀਤੀ ਜਾਵੇ ਥੋੜ੍ਹੀ ਹੈ।

* * * * * * *

# ਸੂਫੀ ਗਾਇਕੀ ਦਾ ਸੁਨਹਿਰੀ ਜ਼ੁਲਫ਼ਾਂ ਵਾਲਾ ਸੁਰਮਈ ਸੁਲਤਾਨ ਹੰਸਰਾਜ ਹੰਸ

## ✪ ਪਿੰਡ ਸ਼ਫੀਪੁਰ ਤੋਂ ਪਦਮ ਸ਼੍ਰੀ ਤੱਕ ਦਾ ਕੀਤਾ ਸਫਰ ✪ ਸਿਆਸਤ ਵਿੱਚ ਸਫਲ ਨਾ ਕਿਉਂ ਨਾ ਹੋ ਸਕਿਆ ਹੰਸ





ਪੰਜਾਬੀ ਸੰਗੀਤ ਜਗਤ ਦੀ ਸੁਰੀਲੀ ਦੁਨੀਆਂ ਵਿੱਚ ਜੇ ਕੋਈ ਨਾਮ ਸਿਖਰ 'ਤੇ ਬਿਰਾਜਮਾਨ ਹੈ, ਤਾਂ ਉਹ ਹੈ ਹੰਸ ਰਾਜ ਹੰਸ। ਸੂਫੀ ਗਾਇਕੀ ਦੇ ਸੁਰਮਈ ਸੁਲਤਾਨ, ਪੰਜਾਬੀ ਲੋਕ ਸੰਗੀਤ ਦੇ ਸੁਰਜੀਤ ਸਿਰਤਾਜ, ਅਤੇ ਬੌਲੀਵੁੱਡ ਦੀਆਂ ਫਿਲਮੀ ਸੁਰਾਂ ਦਾ ਜਾਦੂਗਰ - ਹੰਸ ਰਾਜ ਹੰਸ ਨੇ ਹਰ ਸੰਗੀਤਕ ਸ਼ੈਲੀ ਵਿੱਚ ਆਪਣੀ ਵਿਲੱਖਣ ਪਛਾਣ ਬਣਾਈ। ਪਦਮ ਸ਼੍ਰੀ ਨਾਲ ਸਨਮਾਨਿਤ, 'ਰਾਜ ਗਾਇਕ' ਦੀ ਉਪਾਧੀ ਪ੍ਰਾਪਤ ਕਰਨ ਵਾਲੇ ਇਸ ਕਲਾਕਾਰ ਦੀ ਜ਼ਿੰਦਗੀ ਇੱਕ ਸੰਘਰਸ਼ਮਈ ਪਰ ਪ੍ਰੇਰਣਾਦਾਇਕ ਕਹਾਣੀ ਹੈ, ਜਿਸ ਦੀ ਸ਼ੁਰੂਆਤ ਜਲੰਧਰ ਦੇ ਇੱਕ ਸਾਧਾਰਨ ਪਿੰਡ ਤੋਂ ਹੋਈ ਅਤੇ ਅੱਜ ਉਹ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਇੱਕ ਜਾਣਿਆ-ਪਛਾਣਿਆ ਨਾਮ ਹੈ। ਹਾਲਾਂਕਿ, ਸੰਗੀਤ ਦੀਆਂ ਉਚਾਈਆਂ ਛੂਹਣ ਵਾਲੇ ਹੰਸ ਰਾਜ ਹੰਸ ਦੀ ਸਿਆਸੀ ਯਾਤਰਾ ਨਿਰਾਸ਼ਾਜਨਕ ਰਹੀ ਹੈ, ਜਿਸ ਨੇ ਉਨ੍ਹਾਂ ਦੀ ਸ਼ਖਸੀਅਤ ਦੇ ਇੱਕ ਨਵੇਂ ਪਹਿਲੂ ਨੂੰ ਸਾਹਮਣੇ ਲਿਆਂਦਾ ਹੈ।

### ਬੋਹੜ ਦੇ ਦਰੱਖਤ ਹੇਠ ਸੁਪਨਿਆਂ ਦੀ ਸ਼ੁਰੂਆਤ

ਹੰਸ ਰਾਜ ਹੰਸ ਦਾ ਜਨਮ ਜਲੰਧਰ ਦੇ ਨੇੜਲੇ ਪਿੰਡ ਸ਼ਫੀਪੁਰ ਵਿੱਚ ਇੱਕ ਸਾਧਾਰਨ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਸਰਦਾਰ ਅਰਜਨ ਸਿੰਘ ਅਤੇ ਮਾਤਾ ਅਜੀਤ ਕੌਰ ਦੀ ਮਿਹਨਤ ਨਾਲ ਪਰਿਵਾਰ ਦਾ ਗੁਜ਼ਾਰਾ ਚੱਲਦਾ ਸੀ। ਬਚਪਨ ਵਿੱਚ ਉਨ੍ਹਾਂ ਦਾ ਨਾਮ ਜ਼ੋਰਾਵਰ ਸਿੰਘ ਸੀ, ਪਰ ਸਕੂਲ ਵਿੱਚ ਦਾਖਲੇ ਸਮੇਂ ਉਹ ਹੰਸ ਰਾਜ ਵਜੋਂ ਰਜਿਸਟਰ ਹੋਏ। ਬਾਅਦ ਵਿੱਚ, ਜਦੋਂ ਉਹ ਗਾਇਕੀ ਦੇ ਖੇਤਰ ਵਿੱਚ ਆਏ, ਤਾਂ ਉਨ੍ਹਾਂ ਦੇ ਉਸਤਾਦ ਪੂਰਨ ਸ਼ਾਹਕੋਟੀ ਨੇ ਉਨ੍ਹਾਂ ਨੂੰ 'ਹੰਸ ਰਾਜ ਹੰਸ' ਦਾ ਨਾਮ ਦਿੱਤਾ, ਜੋ ਅੱਜ ਵਿਸ਼ਵ ਭਰ ਵਿੱਚ ਮਸ਼ਹੂਰ ਹੈ।

ਪਰਿਵਾਰ ਵਿੱਚ ਸੰਗੀਤ ਦਾ ਕੋਈ ਪਿਛੋਕੜ ਨਹੀਂ ਸੀ। ਉਸ ਸਮੇਂ ਗਾਇਕੀ ਨੂੰ ਸਮਾਜ ਵਿੱਚ ਵਧੀਆ ਕਿੱਤੇ ਵਜੋਂ ਨਹੀਂ ਵੇਖਿਆ ਜਾਂਦਾ ਸੀ, ਅਤੇ ਹੰਸ ਦੇ ਪਿਤਾ ਇਸ ਦੇ ਸਖ਼ਤ ਵਿਰੋਧੀ ਸਨ। ਹੰਸ ਰਾਜ ਹੰਸ ਦੱਸਦੇ ਹਨ ਕਿ ਉਨ੍ਹਾਂ ਦੇ ਪਿੰਡ ਵਿੱਚ ਇੱਕ 100-150 ਸਾਲ ਪੁਰਾਣਾ ਬੋਹੜ ਦਾ ਦਰੱਖਤ ਸੀ, ਜਿਸ ਹੇਠ ਬੈਠ ਕੇ ਉਹ ਸੁਪਨੇ ਸਜਾਉਂਦੇ ਸਨ। ਕਈ ਵਾਰ ਇੱਟ ਨੂੰ ਸਿਰਹਾਣਾ ਬਣਾ ਕੇ ਸੌਂ ਜਾਂਦੇ, ਅਤੇ ਕਈ ਵਾਰ ਇਕੱਲੇ ਬੈਠ ਕੇ ਗੀਤ ਗਾਉਂਦੇ। ਉਹ ਯਾਦ ਕਰਦੇ ਹਨ, "ਲੋਕ ਮੇਰੀ ਮਾਂ ਨੂੰ ਕਹਿੰਦੇ ਸੀ ਕਿ ਤੇਰਾ ਮੁੰਡਾ ਪਾਗਲ ਹੋ ਗਿਆ ਹੈ। ਮੈਂ ਮਾਂ ਨੂੰ ਕਿਹਾ ਸੀ, ਇੱਕ ਦਿਨ ਲੋਕ ਪਾਗਲਾਂ ਵਾਂਗ ਮੇਰੇ ਗੀਤ ਸੁਣਨਗੇ।"

ਹੰਸ ਰਾਜ ਹੰਸ ਦੀ ਜ਼ਿੰਦਗੀ ਦਾ ਸੰਘਰਸ਼ ਉਦੋਂ ਸ਼ੁਰੂ ਹੋਇਆ ਜਦੋਂ ਪਿਤਾ ਦੀ ਸਖਤੀ ਕਾਰਨ ਉਹ ਮਹਿਜ਼ 10 ਸਾਲ ਦੀ ਉਮਰ ਵਿੱਚ ਘਰ ਛੱਡ ਕੇ ਜਲੰਧਰ ਚਲੇ ਗਏ। ਸਕੂਲ ਦੀਆਂ ਕਾਪੀਆਂ ਲਈ ਮਿਲੇ ਪੈਸਿਆਂ ਨਾਲ ਉਹ ਟਰੇਨ ਰਾਹੀਂ ਲੁਧਿਆਣਾ ਪਹੁੰਚੇ, ਜਿੱਥੇ ਉਹ ਮਸ਼ਹੂਰ ਗਾਇਕ ਉਸਤਾਦ ਯਮਲਾ ਜੱਟ ਨੂੰ ਮਿਲਣਾ ਚਾਹੁੰਦੇ ਸਨ। ਹਾਲਾਂਕਿ, ਯਮਲਾ ਜੱਟ ਨਾਲ ਮੁਲਾਕਾਤ ਨਾ ਹੋ ਸਕੀ, ਪਰ ਇੱਕ ਰਿਕਸ਼ੇ ਵਾਲੇ ਦੀ ਮਦਦ ਨਾਲ ਉਹ ਉਸਤਾਦ ਪੂਰਨ ਸ਼ਾਹਕੋਟੀ ਦੇ ਸੰਪਰਕ ਵਿੱਚ ਆਏ। ਪੂਰਨ ਸ਼ਾਹਕੋਟੀ ਨੂੰ ਹੰਸ ਨੇ ਆਪਣਾ ਗੁਰੂ ਮੰਨਿਆ ਅਤੇ ਨਕੋਦਰ ਵਿੱਚ ਉਨ੍ਹਾਂ ਦੀ ਸੰਗਤ ਵਿੱਚ ਸਮਾਂ ਬਿਤਾਇਆ।

1982 ਵਿੱਚ ਹੰਸ ਰਾਜ ਹੰਸ ਦਾ ਪਹਿਲਾ ਐਲਪੀ ਰਿਕਾਰਡ 'ਜੋਗੀਆਂ ਦੇ ਕੰਨਾਂ ਵਿੱਚ ਕੱਚ ਦੀਆਂ ਮੁੰਦਰਾਂ' ਐਚਐਮਵੀ ਕੰਪਨੀ ਵੱਲੋਂ ਰਿਲੀਜ਼ ਹੋਇਆ। ਉਸ ਸਮੇਂ ਦੋਗਾਣਾ ਗਾਇਕੀ ਦਾ ਜ਼ੋਰ ਸੀ, ਪਰ ਹੰਸ ਨੇ ਸੂਫੀ ਗੀਤਾਂ ਨਾਲ ਆਪਣੀ ਵੱਖਰੀ ਪਛਾਣ ਬਣਾਈ। ਇਹ ਰਿਕਾਰਡ ਸੁਪਰਹਿੱਟ ਸਾਬਤ ਹੋਇਆ ਅਤੇ ਪਿੰਡ-ਪਿੰਡ ਵਿੱਚ ਉਨ੍ਹਾਂ ਦੇ ਗੀਤ ਵਜਣ ਲੱਗੇ। ਹੰਸ ਦੱਸਦੇ ਹਨ, "ਮੈਂ ਜਦੋਂ ਪਹਿਲਾ ਰਿਕਾਰਡ ਸੀਨੇ ਨਾਲ ਲਾ ਕੇ ਪਿੰਡ ਪਰਤਿਆ, ਮਾਂ ਮੈਨੂੰ ਗਲੇ ਲਾ ਕੇ ਰੋਈ।"

ਉਨ੍ਹਾਂ ਦੇ ਗੀਤ ਜਿਵੇਂ 'ਦਿਨ ਲੰਘਦੇ ਉਮੀਦਾਂ ਦੇ ਸਹਾਰੇ', 'ਹਾਏ ਸੱਜਣਾ ਦੇ ਲਾਰੇ', ਅਤੇ 'ਕਿਹੜੀ ਗੱਲੋਂ ਸਾਡੇ ਕੋਲੋਂ ਦੂਰ ਦੂਰ ਰਹਿਨੇ ਓ' ਨੇ ਲੋਕਾਂ ਦੇ ਦਿਲਾਂ 'ਤੇ ਰਾਜ ਕੀਤਾ। ਸੂਫੀ ਗਾਇਕੀ ਦੇ ਨਾਲ-ਨਾਲ ਉਨ੍ਹਾਂ ਨੇ ਲੋਕ ਸੰਗੀਤ, ਪੌਪ, ਅਤੇ ਧਾਰਮਿਕ ਗੀਤਾਂ ਵਿੱਚ ਵੀ ਮੁਹਾਰਤ ਹਾਸਲ ਕੀਤੀ। ਉਨ੍ਹਾਂ ਦੀ ਵਿਲੱਖਣ ਸ਼ੈਲੀ, ਜਿਸ ਵਿੱਚ ਉਹ ਜ਼ੁਲਫਾਂ ਹਿਲਾਉਂਦੇ ਹੋਏ ਗਾਉਂਦੇ ਸਨ, ਨੇ ਉਨ੍ਹਾਂ ਨੂੰ 'ਸੁਨਿਆਰੀ ਜ਼ੁਲਫ਼ਾਂ ਵਾਲਾ' ਗਾਇਕ ਵਜੋਂ ਪ੍ਰਸਿੱਧੀ ਦਿਵਾਈ।

ਹੰਸ ਰਾਜ ਹੰਸ ਨੇ ਬੌਲੀਵੁੱਡ ਵਿੱਚ ਵੀ ਆਪਣੀ ਮੁਹਾਰਤ ਦਿਖਾਈ। 1999 ਵਿੱਚ ਫਿਲਮ 'ਕੱਚੇ ਧਾਗੇ' ਵਿੱਚ ਨੁਸਰਤ ਫਤਿਹ ਅਲੀ ਖਾਨ ਦੀ ਮਿਊਜ਼ਿਕ ਡਾਇਰੈਕਸ਼ਨ ਹੇਠ ਉਨ੍ਹਾਂ ਨੇ 'ਇਸ਼ਕ ਦੀ ਗਲੀ ਵਿੱਚੋਂ ਕੋਈ ਕੋਈ ਲੰਘਦਾ' ਗਾਇਆ, ਜੋ ਸੁਪਰਹਿੱਟ ਸਾਬਤ ਹੋਇਆ। ਇਸ ਤੋਂ ਇਲਾਵਾ, ਉਨ੍ਹਾਂ ਨੇ ਹੌਲੀਵੁੱਡ ਵਿੱਚ ਵੀ ਆਪਣੀ ਅਵਾਜ਼ ਦਾ ਜਾਦੂ ਚਲਾਇਆ, ਜੋ ਉਨ੍ਹਾਂ ਦੀ ਅੰਤਰਰਾਸ਼ਟਰੀ ਪਹੁੰਚ ਨੂੰ ਦਰਸਾਉਂਦਾ ਹੈ।

### ਸਿਆਸਤ ਵਿਚ ਕਿਉਂ ਫੇਲ ਹੋਏ ਹੰਸਰਾਜ

ਹੰਸ ਰਾਜ ਹੰਸ ਦੀ ਪਛਾਣ ਸਿਰਫ਼ ਇੱਕ ਗਾਇਕ ਵਜੋਂ ਹੀ ਨਹੀਂ, ਸਗੋਂ ਇੱਕ ਸਿਆਸਤਦਾਨ ਵਜੋਂ ਵੀ ਬਣੀ। 2009 ਵਿੱਚ ਉਹ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ ਅਤੇ ਜਲੰਧਰ ਤੋਂ ਲੋਕ ਸਭਾ ਚੋਣ ਲੜੇ, ਪਰ ਹਾਰ ਗਏ। ਇਸ ਤੋਂ ਬਾਅਦ, ਉਹ ਕੁਝ ਸਮਾਂ ਕਾਂਗਰਸ ਵਿੱਚ ਰਹੇ ਅਤੇ 2019 ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਵਿੱਚ ਸ਼ਾਮਲ ਹੋ ਕੇ ਦਿੱਲੀ ਦੀ ਉੱਤਰੀ-ਪੱਛਮੀ ਸੀਟ ਤੋਂ ਸੰਸਦ ਮੈਂਬਰ ਬਣੇ। ਹਾਲਾਂਕਿ, 2024 ਵਿੱਚ ਫਰੀਦਕੋਟ ਤੋਂ ਲੋਕ ਸਭਾ ਚੋਣ ਵਿੱਚ ਉਨ੍ਹਾਂ ਨੂੰ ਮੁੜ ਹਾਰ ਦਾ ਸਾਹਮਣਾ ਕਰਨਾ ਪਿਆ।

ਸਿਆਸਤ ਵਿੱਚ ਉਨ੍ਹਾਂ ਦੀ ਅਸਫਲਤਾ ਦੇ ਕਈ ਕਾਰਨ ਸਨ। ਹੰਸ ਰਾਜ ਹੰਸ ਦੱਸਦੇ ਹਨ, "ਮੇਰੇ ਜਿਹਾ ਬੰਦਾ ਸਿਆਸਤ ਵਿੱਚ ਕੁਝ ਨਹੀਂ ਖੱਟ ਸਕਦਾ।" ਉਨ੍ਹਾਂ ਦੀ ਸਾਦਗੀ ਅਤੇ ਸੂਫੀਆਨਾ ਸ਼ਖਸੀਅਤ ਸਿਆਸਤ ਦੀਆਂ ਗੁੰਝਲਦਾਰ ਚਾਲਾਂ ਨਾਲ ਮੇਲ ਨਹੀਂ ਖਾਂਦੀ। ਉਹ ਕਹਿੰਦੇ ਹਨ, "ਕਲਾਕਾਰ ਵਜੋਂ ਸਭ ਦੇ ਸਾਂਝੇ ਹੁੰਦੇ ਹਨ, ਪਰ ਸਿਆਸਤ ਵਿੱਚ ਆ ਕੇ ਵੰਡੇ ਜਾਂਦੇ ਹਨ।"

ਸਿਆਸਤ ਵਿੱਚ ਆਉਣ ਨਾਲ ਉਨ੍ਹਾਂ ਨੂੰ ਲੋਕਾਂ ਦੀਆਂ ਨਕਾਰਾਤਮਕ ਟਿੱਪਣੀਆਂ ਦਾ ਵੀ ਸਾਹਮਣਾ ਕਰਨਾ ਪਿਆ, ਜਿਸ ਨੇ ਉਨ੍ਹਾਂ ਦੀ ਸਮਾਜਕ ਪ੍ਰਸਿੱਧੀ ਨੂੰ ਠੇਸ ਪਹੁੰਚਾਈ। ਉਨ੍ਹਾਂ ਨੇ ਸਿਆਸਤ ਵਿੱਚ ਪੰਜਾਬੀਅਤ ਦੀ ਗੱਲ ਕੀਤੀ, ਪਰ ਲੋਕਾਂ ਦਾ ਸਿਆਸਤਦਾਨਾਂ 'ਤੇ ਘਟਦਾ ਭਰੋਸਾ ਅਤੇ ਪਾਰਟੀ-ਬਦਲੀ ਨੇ ਉਨ੍ਹਾਂ ਦੀ ਸਿਆਸੀ ਸਾਖ ਨੂੰ ਕਮਜ਼ੋਰ ਕੀਤਾ। ਉਹ ਮੰਨਦੇ ਹਨ ਕਿ ਸਿਆਸਤ ਵਿੱਚ ਝੂਠੇ ਵਾਅਦੇ ਅਤੇ ਟੌਹਰ-ਟੱਪਿਆਂ ਦੀ ਲੋੜ ਹੁੰਦੀ ਹੈ, ਜੋ ਉਨ੍ਹਾਂ ਦੀ ਸ਼ਖਸੀਅਤ ਦੇ ਵਿਰੁੱਧ ਹੈ।

### ਸਖਸ਼ੀਅਤ ਉਸਾਰੀ ਵਿਚ ਪਰਿਵਾਰ ਦਾ ਯੋਗਦਾਨ

ਹੰਸ ਰਾਜ ਹੰਸ ਦੀ ਜ਼ਿੰਦਗੀ ਵਿੱਚ ਉਨ੍ਹਾਂ ਦੀ ਮਾਂ ਅਜੀਤ ਕੌਰ ਅਤੇ ਪਤਨੀ ਰੇਸ਼ਮ ਕੌਰ ਦਾ ਵਿਸ਼ੇਸ਼ ਸਥਾਨ ਰਿਹਾ। 2019 ਵਿੱਚ ਮਾਂ ਦੀ ਮੌਤ ਅਤੇ 2025 ਵਿੱਚ ਪਤਨੀ ਦੇ ਦੇਹਾਂਤ ਨੇ ਉਨ੍ਹਾਂ ਨੂੰ ਭਾਵੁਕ ਕਰ ਦਿੱਤਾ। ਉਹ ਦੱਸਦੇ ਹਨ, "ਮਾਂ ਨੇ ਮੇਰਾ ਹਰ ਦੌਰ ਦੇਖਿਆ - ਗਰੀਬੀ, ਸੰਘਰਸ਼, ਸਫਲਤਾ, ਅਤੇ ਸਿਆਸਤ ਵਿੱਚ ਹਾਰ-ਜਿੱਤ।" ਪਤਨੀ ਰੇਸ਼ਮ ਕੌਰ ਨੇ ਵੀ ਉਨ੍ਹਾਂ ਦੇ ਸੰਘਰਸ਼ ਦੇ ਦਿਨਾਂ ਵਿੱਚ ਪੂਰਾ ਸਾਥ ਦਿੱਤਾ। ਇੱਕ ਕਿੱਸੇ ਵਿੱਚ ਉਹ ਦੱਸਦੇ ਹਨ, "ਮੇਰੀ ਪਤਨੀ ਚੰਗੇ ਪਰਿਵਾਰ ਵਿੱਚੋਂ ਸੀ, ਪਰ ਤੰਗੀ ਵਿੱਚ ਵੀ ਉਸ ਨੇ ਸਿਦਕ ਨਾਲ ਮੇਰਾ ਸਾਥ ਦਿੱਤਾ। ਮੈਂ ਵਾਅਦਾ ਕੀਤਾ ਸੀ ਕਿ ਇੱਕ ਦਿਨ ਹੀਰਿਆਂ ਨਾਲ ਲੱਦ ਦਿਆਂਗਾ ਅਤੇ ਸੁਪਨੇ ਸੱਚ ਹੋਏ।"

ਉਨ੍ਹਾਂ ਦੇ ਦੋ ਬੇਟੇ, ਨਵਰਾਜ ਹੰਸ ਅਤੇ ਯੁਵਰਾਜ ਹੰਸ, ਸੰਗੀਤ ਅਤੇ ਫਿਲਮੀ ਖੇਤਰ ਵਿੱਚ ਕੰਮ ਕਰ ਰਹੇ ਹਨ। ਨਵਰਾਜ ਦੀ ਪਤਨੀ ਅਜੀਤ ਕੌਰ ਮਸ਼ਹੂਰ ਗਾਇਕ ਦਲੇਰ ਮਹਿੰਦੀ ਦੀ ਧੀ ਹੈ, ਜਦਕਿ ਯੁਵਰਾਜ ਦੀ ਪਤਨੀ ਮਾਨਸੀ ਸ਼ਰਮਾ ਅਦਾਕਾਰ ਹੈ। ਹੰਸ ਦਾ ਪੋਤਾ ਹਰਿਦਾਨ, ਮਹਿਜ਼ ਪੰਜ ਸਾਲ ਦੀ ਉਮਰ ਵਿੱਚ, ਮੂਲ ਮੰਤਰ ਨਾਲ ਸੰਗੀਤਕ ਸਫਰ ਸ਼ੁਰੂ ਕਰ ਚੁੱਕਾ ਹੈ।

### ਸਿਆਸਤ ਵਿੱਚ ਕੀ ਰਹਿਣਗੇ ਹੰਸ ?

ਹੰਸ ਰਾਜ ਹੰਸ ਦੀ ਸਿਆਸੀ ਯਾਤਰਾ ਨਿਰਾਸ਼ਾਜਨਕ ਰਹੀ ਹੈ, ਅਤੇ ਉਨ੍ਹਾਂ ਦੇ ਬਿਆਨ ਸੰਕੇਤ ਦਿੰਦੇ ਹਨ ਕਿ ਸਿਆਸਤ ਪ੍ਰਤੀ ਉਨ੍ਹਾਂ ਦੀ ਉਤਸੁਕਤਾ ਘਟ ਰਹੀ ਹੈ। ਉਹ ਕਹਿੰਦੇ ਹਨ, "ਸਿਆਸਤ ਵਿੱਚ ਮੇਰੇ ਜਿਹਾ ਬੰਦਾ ਕੁਝ ਨਹੀਂ ਖੱਟ ਸਕਦਾ।" ਉਨ੍ਹਾਂ ਦੀ ਸਾਦਗੀ ਅਤੇ ਸੂਫੀਵਾਦ ਦੀ ਸੋਚ ਸਿਆਸਤ ਦੀਆਂ ਗੁੰਝਲਦਾਰ ਚਾਲਾਂ ਨਾਲ ਮੇਲ ਨਹੀਂ ਖਾਂਦੀ। ਉਹ ਮੰਨਦੇ ਹਨ ਕਿ ਸਿਆਸਤ ਵਿੱਚ ਆਉਣ ਨਾਲ ਉਨ੍ਹਾਂ ਦੀ ਪ੍ਰਸਿੱਧੀ ਨੂੰ ਠੇਸ ਪਹੁੰਚੀ, ਕਿਉਂਕਿ ਲੋਕਾਂ ਨੇ ਉਨ੍ਹਾਂ ਨੂੰ ਸਿਆਸੀ ਰੰਗ ਵਿੱਚ ਵੇਖਣਾ ਸ਼ੁਰੂ ਕਰ ਦਿੱਤਾ। ਹਾਲਾਂਕਿ, ਉਹ ਪੰਜਾਬੀਅਤ ਅਤੇ ਸਮਾਜਕ ਮੁੱਦਿਆਂ ਨੂੰ ਉਠਾਉਣ ਲਈ ਸਿਆਸਤ ਵਿੱਚ ਸੀਮਤ ਰੂਪ ਵਿੱਚ ਸਰਗਰਮ ਰਹਿ ਸਕਦੇ ਹਨ। ਉਨ੍ਹਾਂ ਦਾ ਤਕਦੀਰ 'ਤੇ ਯਕੀਨ ਅਤੇ ਸੰਤੁਸ਼ਟੀ ਦੀ ਭਾਵਨਾ ਸੰਕੇਤ ਦਿੰਦੀ ਹੈ ਕਿ ਉਹ ਸੰਗੀਤ ਅਤੇ ਸੂਫੀਵਾਦ ਵੱਲ ਵਧੇਰੇ ਧਿਆਨ ਦੇ ਸਕਦੇ ਹਨ।

ਹੰਸ ਰਾਜ ਹੰਸ ਅੱਜ ਸੰਗੀਤ ਜਗਤ ਵਿੱਚ ਇੱਕ ਅਮਰ ਨਾਮ ਹਨ। ਉਹ ਕਹਿੰਦੇ ਹਨ, "ਦੁਨੀਆਵੀ ਤੌਰ 'ਤੇ ਮੇਰੀ ਕੋਈ ਖਾਹਿਸ਼ ਨਹੀਂ। ਮੈਨੂੰ ਦੌਲਤ, ਸ਼ੋਹਰਤ, ਅਤੇ ਚੰਗਾ ਪਰਿਵਾਰ ਸਭ ਮਿਲਿਆ। ਸਿਰਫ਼ ਇਹੀ ਚਾਹੁੰਦਾ ਹਾਂ ਕਿ ਜਦੋਂ ਰੱਬ ਅੱਗੇ ਪੇਸ਼ੀ ਹੋਵੇ, ਤਾਂ ਸ਼ਰਮਿੰਦਗੀ ਨਾ ਹੋਵੇ।"

ਹੰਸ ਰਾਜ ਹੰਸ ਦੀ ਕਹਾਣੀ ਸੰਘਰਸ਼, ਸੁਪਨਿਆਂ, ਅਤੇ ਸੂਫੀਆਨਾ ਜਜ਼ਬੇ ਦੀ ਜੀਵੰਤ ਮਿਸਾਲ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇਗੀ।

# ਮੈਂ ਪੰਜਾਬ ਸਿਆਂ ਬੋਲਦਾ.....!

ਸੰਦੀਪ ਕੁਮਾਰ
7009807121



ਪੰਜਾਬ, ਇਹ ਨਾਮ ਹੀ ਆਪਣੇ ਅੰਦਰ ਇੱਕ ਅਜੀਬ ਜਿਹੀ ਖਿੱਚ ਅਤੇ ਸੁਗੰਧ ਰੱਖਦਾ ਹੈ। ਇਹ ਧਰਤੀ, ਜਿਸ ਦੀ ਮਿੱਟੀ ਵਿੱਚੋਂ ਸਦੀਆਂ ਪੁਰਾਣੀਆਂ ਕਹਾਣੀਆਂ ਅਤੇ ਸਭਿਆਚਾਰ ਦੀ ਮਹਿਕ ਝਲਕਦੀ ਹੈ, ਅੱਜ ਵੀ ਆਪਣੀ ਵਿਰਾਸਤ ਅਤੇ ਤਬਦੀਲੀਆਂ ਦੇ ਸੰਘਰਸ਼ ਵਿੱਚ ਸਾਹ ਲੈ ਰਹੀ ਹੈ। ਪੰਜਾਬ ਦੀ ਇਹ ਕਹਾਣੀ ਸਮਿਆਂ ਤੋਂ ਵੱਧ ਪੁਰਾਣੀ ਹੈ, ਜਿਸ ਦੀਆਂ ਜੜ੍ਹਾਂ ਇਤਿਹਾਸ ਦੀਆਂ ਗਹਿਰਾਈਆਂ ਵਿੱਚ ਪਹੁੰਚਦੀਆਂ ਹਨ, ਪਰ ਅੱਜ ਇਹ ਧਰਤੀ ਆਪਣੇ ਹੀ ਅੰਦਰੂਨੀ ਅਤੇ ਬਾਹਰੀ ਸੰਘਰਸ਼ਾਂ ਵਿੱਚ ਉਲਝੀ ਹੋਈ ਜਾਪਦੀ ਹੈ। ਇਹ ਲੇਖ ਉਸ ਪੰਜਾਬ ਦੀ ਗੱਲ ਕਰਦਾ ਹੈ, ਜੋ ਇੱਕ ਪਾਸੇ ਆਪਣੀ ਸੁਨਹਿਰੀ ਵਿਰਾਸਤ ਨੂੰ ਸੰਭਾਲਣ ਦੀ ਕੋਸ਼ਿਸ਼ ਵਿੱਚ ਹੈ ਅਤੇ ਦੂਜੇ ਪਾਸੇ ਆਧੁਨਿਕਤਾ, ਨਸ਼ਿਆਂ, ਸਮਾਜਿਕ ਵੰਡੀਆਂ ਅਤੇ ਵਾਤਾਵਰਣ ਦੀ ਤਬਾਹੀ ਦੇ ਚੱਕਰਵਿਊ ਵਿੱਚ ਫਸਿਆ ਹੋਇਆ ਹੈ।

ਪੰਜਾਬ ਦੀ ਧਰਤੀ ਨੂੰ ਸਦਾ ਹੀ ਖੁਸ਼ਹਾਲੀ ਦਾ ਪ੍ਰਤੀਕ ਮੰਨਿਆ ਜਾਂਦਾ ਸੀ। ਇਹ ਉਹ ਧਰਤੀ ਸੀ ਜਿੱਥੇ ਹਰੀ ਕ੍ਰਾਂਤੀ ਨੇ ਨਾ ਸਿਰਫ਼ ਪੰਜਾਬ ਨੂੰ, ਸਗੋਂ ਪੂਰੇ ਦੇਸ਼ ਨੂੰ ਅੰਨ ਦਾ ਭੰਡਾਰ ਬਣਾਇਆ। ਖੇਤਾਂ ਵਿੱਚ ਸੋਨੇ ਵਰਗੀਆਂ ਫਸਲਾਂ ਲਹਿਰਾਉਂਦੀਆਂ ਸਨ ਅਤੇ ਪੰਜ ਨਦੀਆਂ ਦੇ ਪਾਣੀ ਨੇ ਇਸ ਮਿੱਟੀ ਨੂੰ ਹਰਿਆ-ਭਰਿਆ ਰੱਖਿਆ। ਪਰ ਅੱਜ ਸਥਿਤੀ ਬਦਲ ਗਈ ਹੈ। ਸੂਰਜ ਦੀ ਅੱਗ ਵਰਗੀ ਤਪਸ਼, ਸੁੱਕ ਰਹੇ ਰੁੱਖ ਅਤੇ ਖਤਮ ਹੁੰਦੇ ਪਾਣੀ ਦੇ ਸੋਮੇ ਪੰਜਾਬ ਦੀ ਉਸ ਪੁਰਾਣੀ ਰੌਣਕ ਨੂੰ ਫਿੱਕਾ ਕਰ ਰਹੇ ਹਨ। ਹਰੀ ਕ੍ਰਾਂਤੀ, ਜਿਸ ਨੇ ਪੰਜਾਬ ਨੂੰ ਅੰਨ ਦੀ ਭਰਮਾਰ ਦਿੱਤੀ, ਨੇ ਨਾਲ ਹੀ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਖੋਰਾ ਲਾਇਆ। ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਅਤਿ ਵਰਤੋਂ ਨੇ ਮਿੱਟੀ ਨੂੰ ਜ਼ਹਿਰੀਲਾ ਕਰ ਦਿੱਤਾ ਅਤੇ ਪਾਣੀ ਦੀ ਘਾਟ ਨੇ ਕਿਸਾਨਾਂ ਦੀਆਂ ਮੁਸੀਬਤਾਂ ਵਿੱਚ ਵਾਧਾ ਕੀਤਾ। ਅੱਜ ਪੰਜਾਬ ਦੇ ਖੇਤ ਸਿਰਫ਼ ਫਸਲਾਂ ਨਹੀਂ, ਸਗੋਂ ਕਰਜ਼ੇ ਅਤੇ ਨਿਰਾਸ਼ਾ ਦੀਆਂ ਕਹਾਣੀਆਂ ਵੀ ਉਗਾਉਂਦੇ ਹਨ।

ਇਸ ਸਭ ਦੇ ਵਿਚਕਾਰ, ਸਮਾਜਿਕ ਤਾਣਾ-ਬਾਣਾ ਵੀ ਖਿੰਡਦਾ ਜਾ ਰਿਹਾ ਹੈ। ਪੰਜਾਬ ਦੀ ਜਵਾਨੀ, ਜੋ ਕਦੇ ਮਿਹਨਤ ਅਤੇ ਜੋਸ਼ ਦਾ ਪ੍ਰਤੀਕ ਸੀ, ਅੱਜ ਨਸ਼ਿਆਂ ਦੀ ਗ੍ਰਿਫਤ ਵਿੱਚ ਹੈ। ਨਸ਼ਿਆਂ ਨੇ ਨੌਜਵਾਨਾਂ ਦੀ ਸਿਆਣਪ ਨੂੰ ਖੋਹ ਲਿਆ ਹੈ  ਅਤੇ ਪਿੰਡਾਂ ਦੀਆਂ ਗਲੀਆਂ ਵਿੱਚ ਹੁਣ ਉਹ ਖੁਸ਼ੀ ਅਤੇ ਰੌਣਕ ਨਹੀਂ ਜੋ ਕਦੇ ਸਾਂਝੀਆਂ ਮਹਿਫ਼ਿਲਾਂ ਅਤੇ ਗੱਲਬਾਤ ਦੀਆਂ ਚਰਚਾਵਾਂ ਵਿੱਚ ਦਿਖਦੀ ਸੀ। ਮੋਬਾਈਲ ਦੀ ਦੂਨੀਆ ਨੇ ਮਨੁੱਖੀ ਸੰਬੰਧਾਂ ਨੂੰ ਵੀ ਬਦਲ ਦਿੱਤਾ ਹੈ। ਅੱਜ ਦੀਆਂ ਮਹਿਫ਼ਿਲਾਂ ਸਕਰੀਨਾਂ ਦੀਆਂ ਨਕਲੀ ਚਮਕਾਂ ਵਿੱਚ ਗੁਆਚ ਗਈਆਂ ਹਨ  ਅਤੇ ਸੱਥਾਂ ’ਤੇ ਬੈਠ ਕੇ ਗੱਲਾਂ-ਬਾਤਾਂ ਕਰਨ ਦੀ ਪਰੰਪਰਾ ਲਗਭਗ ਖਤਮ ਹੋ ਚੁੱਕੀ ਹੈ। ਪੰਜਾਬ ਦੀ ਉਹ ਸਾਂਝ, ਜੋ ਕਦੇ ਇੱਕ ਕੁੱਖੋਂ ਜੰਮੇ ਹਾਣੀਆਂ ਦੀ ਮਿਸਾਲ ਸੀ, ਅੱਜ ਸਵਾਰਥ ਅਤੇ ਵੰਡੀਆਂ ਦੀ ਭੇਟ ਚੜ੍ਹ ਗਈ ਹੈ। ਪੰਜਾਬ ਦੀ ਸਭ ਤੋਂ ਵੱਡੀ ਤ੍ਰਾਸਦੀ ਸ਼ਾਇਦ ਇਹ ਹੈ ਕਿ ਇਸ ਦੀ ਨੌਜਵਾਨ ਪੀੜ੍ਹੀ, ਜੋ ਕਦੇ ਇਸ ਧਰਤੀ ਦਾ ਮਾਣ ਸੀ, ਅੱਜ ਨਸ਼ਿਆਂ ਦੀ ਦਲਦਲ ਵਿੱਚ ਫਸ ਰਹੀ ਹੈ। ਨੌਜਵਾਨ, ਜਿਨ੍ਹਾਂ ਦੇ ਹੱਥਾਂ ਵਿੱਚ ਪੰਜਾਬ ਦਾ ਭਵਿੱਖ ਹੋਣਾ ਚਾਹੀਦਾ ਸੀ, ਅੱਜ ਆਪਣੀ ਜ਼ਿੰਦਗੀ ਨੂੰ ਹੀ ਗੁਆ ਰਹੇ ਹਨ। ਨਸ਼ਿਆਂ ਦੀ ਲਤ ਨੇ ਨਾ ਸਿਰਫ਼ ਨੌਜਵਾਨਾਂ ਦੀ ਸਿਹਤ ਅਤੇ ਸਿਆਣਪ ਨੂੰ ਖਤਮ ਕੀਤਾ, ਸਗੋਂ ਪਰਿਵਾਰਾਂ ਨੂੰ ਵੀ ਤੋੜ ਦਿੱਤਾ ਹੈ। ਮਾਪੇ, ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਆਪਣੇ ਬੱਚਿਆਂ ਦੇ ਭਵਿੱਖ ਲਈ ਸਮਰਪਿਤ ਕਰ ਦਿੱਤੀ, ਅੱਜ ਬਿਰਧ ਆਸ਼ਰਮਾਂ ਵਿੱਚ ਰੁਲਦੇ ਹੋਏ ਆਪਣੇ ਖ਼ੂਨ ਨੂੰ ਚਿੱਟਾ ਹੁੰਦਾ ਵੇਖ ਰਹੇ ਹਨ। ਇਹ ਸਥਿਤੀ ਨਾ ਸਿਰਫ਼ ਦੁਖਦਾਈ ਹੈ, ਸਗੋਂ ਪੰਜਾਬ ਦੇ ਸਮਾਜਿਕ ਢਾਂਚੇ ਨੂੰ ਵੀ ਖੋਰਾ ਲਾ ਰਹੀ ਹੈ।

ਪੰਜਾਬ ਦੀ ਇਹ ਤਬਦੀਲੀ ਸਿਰਫ਼ ਸਮਾਜਿਕ ਜਾਂ ਆਰਥਿਕ ਪੱਧਰ ’ਤੇ ਹੀ ਨਹੀਂ, ਸਗੋਂ ਸਭਿਆਚਾਰਕ ਪੱਧਰ ’ਤੇ ਵੀ ਸਪੱਸ਼ਟ ਹੈ। ਪਹਿਲਾਂ ਪੰਜਾਬ ਦੇ ਪਿੰਡਾਂ ਵਿੱਚ ਬੱਚੇ ਮਿੱਟੀ ਵਿੱਚ ਖੇਡਦੇ ਹੋਏ ਵੱਡੇ ਹੁੰਦੇ ਸਨ। ਉਹ ਖੇਡਾਂ, ਜੋ ਸਰੀਰਕ ਅਤੇ ਮਾਨਸਿਕ ਵਿਕਾਸ ਦਾ ਸਾਧਨ ਸਨ, ਅੱਜ ਮੋਬਾਈਲ ਗੇਮਾਂ ਉਹਨਾਂ ਦੀ ਥਾਂ ਲੈ ਚੁੱਕੀਆਂ ਹਨ। ਸਾਂਝੇ ਚੁੱਲ੍ਹੇ, ਜੋ ਪਰਿਵਾਰਾਂ ਅਤੇ ਗੁਆਂਢੀਆਂ ਨੂੰ ਜੋੜਦੇ ਸਨ, ਅੱਜ ਸਿਰਫ਼ ਯਾਦਾਂ ਵਿੱਚ ਹੀ ਬਚੇ ਹਨ। ਇਸ ਤਰ੍ਹਾਂ ਦੀ ਸਭਿਆਚਾਰਕ ਤਬਦੀਲੀ ਨੇ ਪੰਜਾਬ ਦੀ ਆਤਮਾ ਨੂੰ ਝੰਜੋੜਿਆ ਹੈ। ਪੰਜਾਬ ਦੀ ਉਹ ਬੋਲੀ, ਜੋ ਕਦੇ ਮਿੱਠੀਆਂ ਗੱਲਾਂ ਅਤੇ ਲੋਕ ਗੀਤਾਂ ਵਿੱਚ ਗੂੰਜਦੀ ਸੀ, ਅੱਜ ਨਸ਼ਿਆਂ ਦੀ ਮੰਦੀ ਬਾਣੀ ਵਿੱਚ ਬਦਲ ਗਈ ਹੈ। ਇਸ ਸਾਰੀ ਸਥਿਤੀ ਦਾ ਇੱਕ ਵੱਡਾ ਕਾਰਨ ਸਮਾਜ ਵਿੱਚ ਵਧਦੀ ਅਸਮਾਨਤਾ ਅਤੇ ਸਿਆਸੀ ਅਸਥਿਰਤਾ ਵੀ ਹੈ। ਪੰਜਾਬ ਦੀ ਵੰਡ, ਜਿਸ ਨੇ ਇਸ ਧਰਤੀ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ, ਨੇ ਸਿਰਫ਼ ਜ਼ਮੀਨ ਨਹੀਂ, ਸਗੋਂ ਦਿਲਾਂ ਨੂੰ ਵੀ ਵੰਡਿਆ ਹੈ। ਹਾਕਮਾਂ ਦੀਆਂ ਗਲਤ ਨੀਤੀਆਂ ਅਤੇ ਸਵਾਰਥੀ ਸਿਆਸਤ ਨੇ ਪੰਜਾਬ ਦੀ ਜਨਤਾ ਨੂੰ ਉਲਾਂਭੇ ਦਿੱਤੇ। ਕਿਸਾਨ, ਜੋ ਕਦੇ ਪੰਜਾਬ ਦੀ ਰੀੜ੍ਹ ਦੀ ਹੱਡੀ ਸਨ, ਅੱਜ ਆਰਥਿਕ ਤੰਗੀ ਅਤੇ ਸਰਕਾਰੀ ਨੀਤੀਆਂ ਦੀ ਮਾਰ ਹੇਠ ਦੱਬੇ ਜਾ ਰਹੇ ਹਨ। ਸਰਕਾਰੀ ਯੋਜਨਾਵਾਂ ਅਤੇ ਸਹਾਇਤਾ ਪ੍ਰਣਾਲੀਆਂ, ਜੋ ਕਿਸਾਨਾਂ ਦੀ ਮਦਦ ਲਈ ਬਣਾਈਆਂ ਗਈਆਂ ਸਨ, ਅਕਸਰ ਸਵਾਰਥੀ ਹੱਥਾਂ ਵਿੱਚ ਚਲੀਆਂ ਜਾਂਦੀਆਂ ਹਨ। ਇਸ ਦਾ ਨਤੀਜਾ ਇਹ ਹੈ ਕਿ ਪੰਜਾਬ ਦਾ ਕਿਸਾਨ, ਜੋ ਕਦੇ ਅੰਨਦਾਤਾ ਸੀ, ਅੱਜ ਖੁਦ ਅੰਨ ਦੀ ਘਾਟ ਵਿੱਚ ਜੀਅ ਰਿਹਾ ਹੈ।

ਵਾਤਾਵਰਣ ਦੀ ਤਬਾਹੀ ਵੀ ਪੰਜਾਬ ਦੀ ਇੱਕ ਵੱਡੀ ਸਮੱਸਿਆ ਹੈ। ਸੂਰਜ ਦੀ ਵਧਦੀ ਤਪਸ਼ ਅਤੇ ਸੁੱਕ ਰਹੇ ਰੁੱਖ ਪੰਜਾਬ ਦੇ ਵਾਤਾਵਰਣ ਦੀ ਬਦਲਦੀ ਤਸਵੀਰ ਦੇ ਸੰਕੇਤ ਹਨ। ਪਾਣੀ ਦੀ ਘਾਟ, ਜੋ ਕਦੇ ਪੰਜ ਨਦੀਆਂ ਦੀ ਧਰਤੀ ਵਿੱਚ ਸੋਚੀ ਵੀ ਨਹੀਂ ਜਾ ਸਕਦੀ ਸੀ, ਅੱਜ ਹਕੀਕਤ ਬਣ ਗਈ ਹੈ। ਨਦੀਆਂ ਦੇ ਪਾਣੀ ਦੀ ਵੰਡ ਅਤੇ ਭੂਮੀਗਤ ਪਾਣੀ ਦੀ ਅਤਿ ਵਰਤੋਂ ਨੇ ਪੰਜਾਬ ਨੂੰ ਸੁੱਕੇ ਦੀ ਕਗਾਰ ’ਤੇ ਲਿਆ ਖੜ੍ਹਾ ਕੀਤਾ ਹੈ। ਇਸ ਨੇ ਨਾ ਸਿਰਫ਼ ਖੇਤੀਬਾੜੀ ਨੂੰ ਪ੍ਰਭਾਵਿਤ ਕੀਤਾ, ਸਗੋਂ ਪੰਜਾਬ ਦੀ ਜਨਤਾ ਦੀ ਸਿਹਤ ’ਤੇ ਵੀ ਬੁਰਾ ਅਸਰ ਪਾਇਆ। ਪੰਜਾਬ ਦੇ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੀ ਗੁਣਵੱਤਾ ਘਟਦੀ ਜਾ ਰਹੀ ਹੈ  ਅਤੇ ਬਿਮਾਰੀਆਂ ਵਧ ਰਹੀਆਂ ਹਨ।

ਇਸ ਸਭ ਦੇ ਬਾਵਜੂਦ, ਪੰਜਾਬ ਦੀ ਆਤਮਾ ਅਜੇ ਵੀ ਜਿਉਂਦੀ ਹੈ। ਇਸ ਧਰਤੀ ਦੇ ਲੋਕਾਂ ਵਿੱਚ ਅਜੇ ਵੀ ਉਹ ਜਜ਼ਬਾ ਹੈ, ਜੋ ਸਮੱਸਿਆਵਾਂ ਨਾਲ ਲੜਨ ਦੀ ਹਿੰਮਤ ਰੱਖਦਾ ਹੈ। ਪੰਜਾਬ ਦੀ ਜਨਤਾ ਨੇ ਸਦੀਆਂ ਤੋਂ ਮੁਸੀਬਤਾਂ ਦਾ ਸਾਹਮਣਾ ਕੀਤਾ ਹੈ ਅਤੇ ਅੱਜ ਵੀ ਉਹ ਆਪਣੀ ਖੁਸ਼ਹਾਲੀ ਵਾਪਸ ਪ੍ਰਾਪਤ ਕਰਨ ਦੀ ਲੜਾਈ ਲੜ ਰਹੀ ਹੈ। ਸਮਾਜਿਕ ਸੰਗਠਨ, ਨੌਜਵਾਨਾਂ ਦੀ ਜਾਗਰੂਕਤਾ ਅਤੇ ਸਰਕਾਰੀ ਪੱਧਰ ’ਤੇ ਸੁਧਾਰ ਦੀਆਂ ਕੋਸ਼ਿਸ਼ਾਂ ਇਸ ਦੀ ਮਿਸਾਲ ਹਨ।

ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮਾਂ, ਵਾਤਾਵਰਣ ਸੁਰੱਖਿਆ ਲਈ ਰੁੱਖ ਲਗਾਉਣ ਦੀਆਂ ਮੁਹਿੰਮਾਂ ਅਤੇ ਕਿਸਾਨਾਂ ਦੀ ਆਰਥਿਕ ਸਥਿਤੀ ਸੁਧਾਰਨ ਲਈ ਯਤਨ ਪੰਜਾਬ ਦੇ ਭਵਿੱਖ ਨੂੰ ਸੁਨਹਿਰੀ ਬਣਾਉਣ ਦੀ ਦਿਸ਼ਾ ਵਿੱਚ ਕਦਮ ਹਨ। ਪੰਜਾਬ ਨੂੰ ਫਿਰ ਤੋਂ ਖੁਸ਼ਹਾਲ ਬਣਾਉਣ ਲਈ ਸਾਂਝੇ ਯਤਨਾਂ ਦੀ ਲੋੜ ਹੈ। ਸਰਕਾਰ, ਸਮਾਜ ਅਤੇ ਵਿਅਕਤੀਗਤ ਪੱਧਰ ’ਤੇ ਸੁਧਾਰਾਂ ਦੀ ਜ਼ਰੂਰਤ ਹੈ। ਸਿੱਖਿਆ ਅਤੇ ਜਾਗਰੂਕਤਾ ਨੂੰ ਵਧਾਉਣਾ, ਨਸ਼ਿਆਂ ਵਿਰੁੱਧ ਸਖਤ ਕਾਰਵਾਈ, ਵਾਤਾਵਰਣ ਸੁਰੱਖਿਆ ਅਤੇ ਖੇਤੀਬਾੜੀ ਦੀਆਂ ਉਤਮ ਤਕਨੀਕਾਂ ਨੂੰ ਅਪਣਾਉਣਾ ਇਸ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਹੋ ਸਕਦੇ ਹਨ। ਪੰਜਾਬ ਦੀ ਜਨਤਾ ਨੂੰ ਆਪਣੀ ਸੁਨਹਿਰੀ ਵਿਰਾਸਤ ਨੂੰ ਯਾਦ ਕਰਦੇ ਹੋਏ ਆਪਣੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਅੱਗੇ ਵਧਣਾ ਹੋਵੇਗਾ।

ਅੰਤ ਵਿੱਚ, ਪੰਜਾਬ ਦੀ ਇਹ ਕਹਾਣੀ ਸਿਰਫ਼ ਨਿਰਾਸ਼ਾ ਜਾਂ ਤਬਾਹੀ ਦੀ ਨਹੀਂ, ਸਗੋਂ ਸੰਘਰਸ਼ ਅਤੇ ਉਮੀਦ ਦੀ ਵੀ ਹੈ। ਪੰਜਾਬ ਦੀ ਧਰਤੀ, ਜੋ ਸਦੀਆਂ ਤੋਂ ਅਨੇਕਾਂ ਸਭਿਆਚਾਰਾਂ, ਇਤਿਹਾਸ ਅਤੇ ਜਜ਼ਬਿਆਂ ਦੀ ਸੰਗਮ ਸਥਾਨ ਰਹੀ ਹੈ, ਅੱਜ ਵੀ ਆਪਣੀ ਖੁਸ਼ਹਾਲੀ ਵਾਪਸ ਪ੍ਰਾਪਤ ਕਰ ਸਕਦੀ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਇਸ ਧਰਤੀ ਦੀ ਸੁਨਹਿਰੀ ਵਿਰਾਸਤ ਨੂੰ ਸੰਭਾਲਣ ਅਤੇ ਇਸ ਦੇ ਭਵਿੱਖ ਨੂੰ ਰੌਸ਼ਨ ਕਰਨ ਲਈ ਕੰਮ ਕਰਨਾ ਹੋਵੇਗਾ। ਪੰਜਾਬ ਸਿਆਂ, ਤੇਰੀ ਮੇਰੀ ਕਹਾਣੀ ਸਮਿਆਂ ਤੋਂ ਵੱਧ ਪੁਰਾਣੀ ਹੈ  ਅਤੇ ਇਸ ਨੂੰ ਹੋਰ ਸੁਨਹਿਰੀ ਬਣਾਉਣ ਦੀ ਜ਼ਿੰਮੇਵਾਰੀ ਸਾਡੀ ਹੈ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com



ਪੰਜਾਬ ਦੀ ਧਰਤੀ ਨੂੰ ਸਦਾ ਹੀ ਖੁਸ਼ਹਾਲੀ ਦਾ ਪ੍ਰਤੀਕ ਮੰਨਿਆ ਜਾਂਦਾ ਸੀ। ਇਹ ਉਹ ਧਰਤੀ ਸੀ ਜਿੱਥੇ ਹਰੀ ਕ੍ਰਾਂਤੀ ਨੇ ਨਾ ਸਿਰਫ਼ ਪੰਜਾਬ ਨੂੰ, ਸਗੋਂ ਪੂਰੇ ਦੇਸ਼ ਨੂੰ ਅੰਨ ਦਾ ਭੰਡਾਰ ਬਣਾਇਆ। ਖੇਤਾਂ ਵਿੱਚ ਸੋਨੇ ਵਰਗੀਆਂ ਫਸਲਾਂ ਲਹਿਰਾਉਂਦੀਆਂ ਸਨ ਅਤੇ ਪੰਜ ਨਦੀਆਂ ਦੇ ਪਾਣੀ ਨੇ ਇਸ ਮਿੱਟੀ ਨੂੰ ਹਰਿਆ-ਭਰਿਆ ਰੱਖਿਆ। ਪਰ ਅੱਜ ਸਥਿਤੀ ਬਦਲ ਗਈ ਹੈ। ਸੂਰਜ ਦੀ ਅੱਗ ਵਰਗੀ ਤਪਸ਼, ਸੁੱਕ ਰਹੇ ਰੁੱਖ ਅਤੇ ਖਤਮ ਹੁੰਦੇ ਪਾਣੀ ਦੇ ਸੋਮੇ ਪੰਜਾਬ ਦੀ ਉਸ ਪੁਰਾਣੀ ਰੌਣਕ ਨੂੰ ਫਿੱਕਾ ਕਰ ਰਹੇ ਹਨ। ਹਰੀ ਕ੍ਰਾਂਤੀ, ਜਿਸ ਨੇ ਪੰਜਾਬ ਨੂੰ ਅੰਨ ਦੀ ਭਰਮਾਰ ਦਿੱਤੀ, ਨੇ ਨਾਲ ਹੀ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਖੋਰਾ ਲਾਇਆ। ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਅਤਿ ਵਰਤੋਂ ਨੇ ਮਿੱਟੀ ਨੂੰ ਜ਼ਹਿਰੀਲਾ ਕਰ ਦਿੱਤਾ ਅਤੇ ਪਾਣੀ ਦੀ ਘਾਟ ਨੇ ਕਿਸਾਨਾਂ ਦੀਆਂ ਮੁਸੀਬਤਾਂ ਵਿੱਚ ਵਾਧਾ ਕੀਤਾ।

# ਬਲਦੇਵ ਸਿੰਘ ਖੁਰਾਣਾ ਦੀ 'ਸਾਂਝੇ ਮੋਤੀ' : ਇਕ ਨਰੋਆ ਸਾਹਿਤਕ ਉਪਰਾਲਾ

**ਰਵਿੰਦਰ ਸਿੰਘ ਸੋਢੀ**
001-604-369-2371
ਰਿਚਮੰਡ, ਕੈਨੇਡਾ




ਵਿਸ਼ਵ ਪੱਧਰ ਤੇ ਸਾਹਿਤ ਦੇ ਕਈ ਰੂਪ ਹਨ, ਪਰ ਕੁਝ ਕੁ ਵਿਧਾਵਾਂ ਜਿਆਦਾ ਪਧਲਿਤ ਹਨ, ਜਿਵੇਂ: - ਨਾਵਲ, ਕਹਾਣੀ, ਕਵਿਤਾ, ਵਾਰਤਕ, ਆਲੋਚਨਾ, ਨਾਟਕ, ਜੀਵਨੀ, ਸਵੈ-ਜੀਵਨੀ ਆਦਿ। ਸਮੇਂ-ਸਮੇਂ ਇਹਨਾਂ ਸਾਹਿਤਕ ਰੂਪਾਂ ਦੇ ਵੀ ਕਈ ਹੋਰ ਉਪ-ਰੂਪ ਸਾਹਮਣੇ ਆਉਂਦੇ ਰਹਿੰਦੇ ਹਨ। ਜੇ ਪੰਜਾਬੀ ਸਾਹਿਤ ਦੀ ਗੱਲ ਕਰੀਏ ਤਾਂ ਬਹੁਤੇ ਪੰਜਾਬੀ ਲੇਖਕ ਪਧਲਿਤ ਰੂਪਾਂ ਦੇ ਦਾਇਰੇ ਵਿਚ ਹੀ ਘੁੰਮਦੇ ਰਹਿੰਦੇ ਹਨ। ਪੰਜਾਬੀ ਭਾਸ਼ਾ ਵਿਚ ਅਜੇ ਤੱਕ ਤਾਂ ਮੇਰੀ ਨਜ਼ਰ ਵਿਚ ਕੋਈ ਅਜਿਹੀ ਪੁਸਤਕ ਨਹੀਂ ਆਈ ਜਿਸ ਵਿਚ ਵੱਖ-ਵੱਖ ਖੇਤਰਾਂ ਵਿਚ ਪ੍ਰਸਿਧੀ ਪਰਾਪਤ ਕਰ ਚੁੱਕੇ ਵਿਦਵਾਨਾਂ ਦੇ ਵਿਚਾਰ ਜਾਂ ਕਿਸੇ ਲੇਖਕ ਵੱਲੋਂ ਆਪਣੇ ਮੌਲਿਕ ਕਥਨਾ ਦੀ ਕੋਈ ਪੁਸਤਕ ਪ੍ਰਕਾਸ਼ਿਤ ਕਰਵਾਈ ਹੋਈ। ਅੰਗਰੇਜ਼ੀ ਵਿਚ ਅਜਿਹੀਆਂ ਕਈ ਪੁਸਤਕਾਂ ਮਿਲਦੀਆਂ ਹਨ। ਇਹ ਜ਼ਰੂਰ ਹੈ ਕਿ ਅਜਿਹੀਆਂ ਕਿਤਾਬਾਂ ਵਿਚ ਕਥਾ ਰਸ ਵਰਗੀ ਕੋਈ ਚੀਜ਼ ਨਹੀਂ ਹੁੰਦੀ, ਪਰ ਸਾਹਿਤ ਦਾ ਮੁੱਖ ਮੰਤਵ ਜਿਥੇ ਪਾਠਕਾਂ ਦਾ ਮਨੋਰੰਜਨ ਕਰਨਾ ਹੁੰਦਾ ਹੈ, ਉਥੇ ਉਹਨਾਂ ਦੇ ਗਿਆਨ ਵਿਚ ਵਾਧਾ ਕਰਨਾ ਵੀ ਹੁੰਦਾ ਹੈ।

ਮੇਰੇ ਸਾਹਮਣੇ ਬਲਦੇਵ ਸਿੰਘ ਖੁਰਾਣਾ ਦੀ ਨਵੀਂ ਛਪੀ ਕਿਤਾਬ 'ਸਾਂਝੇ ਮੋਤੀ' ਪਈ ਹੈ। ਸਾਹਿਤਕ ਖੇਤਰ ਵਿਚ ਭਾਵੇਂ ਇਹ ਉਹਨਾਂ ਦਾ ਪਲੇਠਾ ਉੱਦਮ ਹੈ, ਪਰ ਰਾਜਪੁਰਾ ਦੇ ਸਾਹਿਤਕ, ਸਮਾਜਿਕ ਅਤੇ ਲੋਕ ਭਲਾਈ ਦੇ ਕਾਰਜਾਂ ਵਿਚ ਉਹ ਇਕ ਚਰਚਿਤ ਸਖਸ਼ੀਅਤ ਹਨ।

ਪੇਸ਼ੇ ਵੱਜੋਂ ਉਹ ਅਧਿਆਪਕ ਦੇ ਤੌਰ ਤੇ ਸੇਵਾ ਮੁਕਤ ਹੋ ਚੁੱਕੇ ਹਨ ਅਤੇ ਉਮਰ ਦੇ ਪੱਖੋਂ ਵੀ 'ਸੀਨੀਅਰ ਸਟੀਜ਼ਨ' ਦੀ ਸ਼੍ਰੇਣੀ ਵਿਚ ਆਉਂਦੇ ਹਨ, ਪਰ ਹਿੰਮਤ ਦੇ ਪੱਖੋਂ ਨੌਜਵਾਨਾਂ ਨੂੰ ਆਪਣੇ ਨੇੜੇ ਨਹੀਂ ਢੁਕਣ ਦਿੰਦੇ। ਆਪਣੇ ਵਿਦਿਆਰਥੀ ਨਾਲ ਦੋਸਤਾਂ-ਮਿੱਤਰਾਂ ਦੀ ਤਰਾਂ ਵਿਚਰਦੇ ਹੋਏ ਨੌਜਵਾਨਾਂ ਵਾਲੀ ਚੁਸਤੀ-ਫੁਰਤੀ ਉਹਨਾਂ ਦੀ ਜੀਵਨ ਸ਼ੈਲੀ ਬਣ ਚੁੱਕੀ ਹੈ।

ਪਿਛਲੇ ਕੁਝ ਸਮੇਂ ਤੋਂ ਉਹਨਾਂ ਨੇ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਨਾਲ ਸੰਬੰਧਤ ਕੁਝ ਮੌਲਿਕ ਵਿਚਾਰਾਂ, ਕੁਝ ਪ( ਸਿੱਧ ਵਿਅਕਤੀਆਂ ਦੇ ਕਥਨ, ਦੋ-ਦੋ ਸਤਰਾਂ ਦੀਆਂ ਕਾਵਿ ਟੁਕੜੀਆਂ, ਮੁਹਾਵਰੇ, ਅਖਾਣਾ ਆਦਿ ਨੂੰ ਇੱਕਠੇ ਕਰਕੇ ਆਪਣੇ ਦੋਸਤਾਂ-ਮਿੱਤਰਾਂ ਨਾਲ ਸਾਂਝੇ ਕਰਨ ਦਾ ਰੁਝਾਨ ਬਣਾਇਆ ਹੋਇਆ ਹੈ। ਹੁਣ ਤੱਕ ਉਹ ਤਕਰਿਬਨ ਚਾਰ ਹਜ਼ਾਰ ਵੱਡਮੁਲੇ ਵਿਚਾਰ ਇੱਕਠੇ ਕਰ ਚੁੱਕੇ ਹਨ, ਜਿੰਨਾਂ ਵਿਚੋ ਬਹੁਤੇ ਉਹਨਾਂ ਦੇ ਆਪਣੇ ਮੌਲਿਕ ਹਨ।

ਇਹਨਾਂ ਵਿਚੋਂ ਪੰਦਰਾਂ ਸੌ ਕਥਨਾ ਨੂੰ ਉਹਨਾਂ ਨੇ ਆਪਣੀ ਪ੍ਰਸਤੁਤ ਪੁਸਤਕ 'ਸਾਂਝੇ ਮੋਤੀ' ਵਿਚ ਦਰਜ ਕੀਤਾ ਹੈ। ਪੁਸਤਕ ਦੇ ਮੁੱਢ ਵਿਚ ਲੇਖਕ ਨੇ ਇਕ ਗੱਲ ਬਹੁਤ ਹੀ ਦਰੁਸਤ ਲਿਖੀ ਹੈ ਕਿ "ਸ਼ਬਦ ਮਰਦੇ ਨਹੀਂ ਬੋਲਦੇ ਹਨ" ਅਤੇ ਉਹਨਾਂ ਦਾ ਵਿਚਾਰ ਹੈ ਕਿ "ਨਿੱਤ ਨਵੇਂ ਗਿਆਨ ਸਰੋਤਾਂ ਨਾਲ ਸੁਚੇਤ ਹੋ ਕੇ ਜੁੜਿਆ ਰਹਿਣਾ ਚਾਹੀਦਾ ਹੈ"। ਅਸਲ ਵਿਚ ਜੋ ਇਨਸਾਨ ਆਪਣੀ ਉਮਰ ਦੇ ਸਾਲਾਂ ਨੂੰ ਭੁੱਲ ਕੇ ਆਪਣੀ ਗਿਆਨ ਪਰਾਪਤੀ ਦੀ ਭੁੱਖ ਨੂੰ ਮਘਾਈ ਰੱਖਦਾ ਹੈ, ਉਹ ਕਦੀ ਦਿਮਾਗੀ ਤੌਰ ਤੇ ਬੁੱਢਾ ਨਹੀਂ ਹੁੰਦਾ ਅਤੇ ਨਾ ਹੀ ਉਸ ਨੂੰ ਨਵੀਂ ਪੀੜੀ ਵੱਲੋਂ 'ਪੁਰਾਣੇ ਖਿਆਲਾਂ ਵਾਲੇ' ਇਨਸਾਨ ਦੇ ਤਾਹਨੇ-ਮਿਹਨੇ ਸੁਣਨੇ ਪੈਂਦੇ ਹਨ।




ਪੰਜਾਬੀ ਸਾਹਿਤ ਦੀ ਇਕ ਅਜ਼ੀਮ ਸਖਸ਼ੀਅਤ ਡਾ. ਅਮਰਜੀਤ ਕੌਂਕੇ ਨੇ ਵੀ ਪੁਸਤਕ ਦੇ ਮੁੱਢ ਵਿਚ 'ਕੁਝ ਸ਼ਬਦ' ਸਿਰਲੇਖ ਹੇਠ ਲਿਖਿਆ ਹੈ, "ਨਿੱਕੇ ਨਿੱਕੇ ਵਾਕਾਂ ਵਿਚ ਜੀਵਨ ਦੇ ਵੱਡੇ ਸੱਚ ਉਜਾਗਰ ਕੀਤੇ ਗਏ ਹਨ"।

ਜਿਵੇਂ ਮੈਂ ਉੱਪਰ ਲਿਖਿਆ ਹੈ ਕਿ ਪ੍ਰਸਤੁਤ ਪੁਸਤਕ ਵਿਚ ਲੇਖਕ ਨੇ ਕਈ ਖੇਤਰਾਂ ਸੰਬੰਧੀ ਵਿਚਾਰ ਇਕੱਤਰ ਕੀਤੇ ਹਨ, ਜਿਵੇਂ: - ਸਮਾਜਕ, ਅਧਿਆਤਮਵਾਦ, ਜੀਵਨ-ਜਾਚ, ਸਿੱਖ ਧਰਮ, ਇਨਸਾਨੀ ਫਿਤਰਤ, ਜ਼ਿੰਦਗੀ ਵਿਚ ਗੁਰੂ ਦਾ ਸਥਾਨ, ਭਰਿਸ਼ਟਾਚਾਰ, ਸਮਾਜ ਸੇਵਾ, ਰਾਜਨੀਤੀ, ਜੰਗ ਦੇ ਨੁਕਸਾਨ, ਬੇਟੀਆਂ ਦੇ ਹੱਕ ਵਿਚ, ਮਾਂ ਬੋਲੀ ਪੰਜਾਬੀ ਦੇ ਹੱਕ ਵਿਚ ਹੋਕਾ, ਬੀਤ ਚੁੱਕੇ ਨੂੰ ਭੁੱਲ ਕੇ ਭਵਿਖ ਬਾਰੇ ਸੋਚੋ, ਵਾਤਾਵਰਣ, ਸਵੈ ਪੜਚੋਲ, ਚੰਗੇ ਲੋਕਾਂ ਦੀ ਸੰਗਤ, ਹਿੰਮਤ, ਕਿਰਤ ਦੀ ਮਹਤੱਤਾ, ਇਸਤਰੀ ਦੀ ਮਹਤੱਤਾ, ਹਲਕੇ-ਫੁਲਕੇ, ਦਿਲ ਨੂੰ ਖੁਸ਼ ਕਰਨ ਵਾਲੇ ਵਿਚਾਰ ਆਦਿ। ਅਸਲ ਵਿਚ ਇਸ ਪੁਸਤਕ ਵਿਚ ਦਰਜ ਪੰਦਰਾਂ ਸੌ ਕਥਨਾ ਨੂੰ ਜੇ ਵੱਖ-ਵੱਖ ਵਿਸ਼ਿਆਂ ਵਿਚ ਵੰਡਣਾ ਹੋਵੇ ਤਾਂ ਸੌ ਤੋਂ ਵਧ ਵਿਸ਼ੇ ਹੋਣਗੇ।

ਪੁਸਤਕ ਵਿਚ ਦਰਜ਼ ਪੰਦਰਾਂ ਸੌ ਕਥਨਾ ਵਿਚੋਂ ਕੁਝ ਇਸ ਪ੍ਰਕਾਰ ਹਨ: - ਆਪਣੇ ਬਜ਼ੁਰਗਾਂ ਦੀ ਕਦਰ ਕਰੋ, ਕਿਉਂ ਕਿ ਤੁਸੀਂ ਵੀ ਹਮੇਸ਼ਾ ਜਵਾਨ ਨਹੀਂ ਰਹਿਣਾ; ਝੂਠ ਦੀ ਉਮਰ ਬਹੁਤ ਛੋਟੀ ਹੁੰਦੀ ਹੈ; ਔਰਤ ਦੀ ਇਜ਼ਤ, ਸੈਨਿਕ ਦੀ ਜਾਨ ਅਤੇ ਕਿਸਾਨ ਦੀ ਮਿਹਨਤ। ਇਹਨਾਂ ਨੂੰ ਛੱਡ ਕੇ ਇਸ ਦੇਸ਼ ਵਿਚ ਸਭ ਕੁਝ ਮਹਿੰਗਾ ਹੈ; ਸਾਹਮਣੇ ਮਿਲਦੇ ਹਨ ਸਲਾਮੀ ਕਰਦੇ ਹਨ, ਪਰ ਪਿੱਠ ਪਿੱਛੇ ਬਦਨਾਮੀ ਕਰਦੇ ਹਨ; ਮੈਂ ਚਨਾਬ ਬੋਲਦਾ ਹਾਂ। ਅੱਧਾ ਏਧਰੋਂ ਤੇ ਅੱਧਾ ਓਧਰੋਂ ਬੋਲਦਾ ਹਾਂ; ਜਬ ਕਰਮ ਹੋ ਕਾਲਾ ਤੋਂ ਕਿਆ ਕਰੇਗੀ ਮਾਲਾ; ਜੇ ਪੂਰਾ ਕਰਨਾ ਖੁਆਬਾਂ ਨੂੰ, ਤਾਂ ਰਖੀਓ ਨਾਲ ਕਿਤਾਬਾਂ ਨੂੰ; ਜੰਗ ਸ਼ਬਦ ਛੋਟਾ ਹੈ, ਪਰ ਇਸ ਦਾ ਨਤੀਜ਼ਾ ਬਹੁਤ ਮਾੜਾ ਹੈ; ਅੱਜ ਕੱਲ ਮੌਸਮ ਘੱਟ ਬਦਲਦੇ ਹਨ, ਇਨਸਾਨ ਜ਼ਿਆਦਾ; ਜ਼ਿੰਦਗੀ ਹੈ ਤਾਂ ਦੁੱਖ ਵੀ ਹੋਣਗੇ; ਵਿਦੇਸ਼ਾਂ ਵਿਚ ਡਾਲਰ ਬਿਨਾ ਮਿਹਨਤ ਦੇ ਨਹੀਂ ਬਣਦੇ; ਧੀਆਂ ਬੋਝ ਨਹੀਂ ਸਿਰ ਦਾ ਤਾਜ਼ ਨੇ, ਪਹਿਲਾਂ ਇਹ ਚਿੜੀਆਂ ਸਨ, ਹੁਣ ਬਾਜ਼ ਵੀ ਨੇ; ਬਹੁਤਾ ਭੋਜਨ, ਬਹੁਤੇ ਰੋਗ; ਜੇ ਪੰਜਾਬ ਵਿਚ ਕੰਮ ਨਾ ਹੁੰਦਾ ਤਾਂ ਪ੍ਰਵਾਸੀ ਇਥੇ ਆ ਕੇ ਕਦੀ ਵੀ ਕਾਮਯਾਬ ਨਾ ਹੁੰਦੇ; ਉਚਾਈ ਤੇ ਜਰੂਰ ਜਾਓ, ਪਰ ਧਰਤੀ ਤੇ ਵੇਖਣਾ ਨਾ ਭੁੱਲੋ; ਮਿਹਨਤ ਕੀਤੇ ਬਿਨਾ ਸਫਲਤਾ ਦਾ ਦਰਵਾਜ਼ਾ ਨਹੀਂ ਖੁੱਲ ਸਕਦਾ; ਖੁਸ਼ ਰਹਿਣ ਵਾਲੇ ਬੰਦੇ ਵਿਚ ਸਭ ਤੋਂ ਵਧੇਰੇ ਉਤਸ਼ਾਹ ਹੁੰਦਾ ਹੈ; ਪੌਦਾ ਲਾਉਂਦਿਆਂ ਹੀ ਦਰਖ਼ਤ ਨਹੀਂ ਬਣਦਾ, ਦਰਖ਼ਤ ਬਣਨ ਲਈ ਸਮਾਂ ਲੱਗਦਾ ਹੈ; ਬੇਲੋੜੀ ਚਿੰਤਾ ਬਿਮਾਰੀ ਦਾ ਘਰ ਹੈ; ਅਸੰਭਵ ਅਕਸਰ ਉਹ ਹੁੰਦਾ ਹੈ ਜਿਸਨੂੰ ਕਰਨ ਦਾ ਯਤਨ ਨਹੀਂ ਕੀਤਾ ਜਾਂਦਾ; ਭਲਾ ਆਦਮੀ ਆਪਣੇ ਬਾਰੇ ਸਭ ਤੋਂ ਅਖੀਰ ਵਿਚ ਸੋਚਦਾ ਹੈ; ਮੁਸੀਬਤ ਮਨੁੱਖ ਦੀ ਅਸਲੀ ਕਸੌਟੀ ਹੈ; ਸੱਚਾ ਇਨਸਾਨ ਗਲਤੀ ਕਰ ਸਕਦਾ ਹੈ, ਪਰ ਕਿਸੇ ਨਾਲ ਗਲਤ ਨਹੀਂ ਕਰ ਸਕਦਾ; ਮਰਿਆਂ ਪਿੱਛੋਂ ਰੋ ਕੇ ਕੀ ਕਰੇਂਗਾ, ਜਿਉਂਦਿਆਂ ਨਾਲ ਹੱਸਿਆ ਕਰ; ਬਿਰਧ ਆਸ਼ਰਮ ਸਮਾਜ ਦੇ ਮੱਥੇ ਤੇ ਧੱਬਾ ਹੈ; ਹੌਂਸਲਾ ਜਿੰਨਾ ਵੱਡਾ ਹੋਵੇਗਾ, ਮੁਸੀਬਤ ਓਨੀ ਹੀ ਛੋਟੀ ਹੋਵੇਗੀ ਆਦਿ। ਇਹਨਾਂ ਵਿਚਾਰਾਂ ਤੋਂ ਇਹ ਨਤੀਜਾ ਸਹਿਜੇਵਹੀ ਕੱਢਿਆ ਜਾ ਸਕਦਾ ਹੈ ਕਿ ਬਲਦੇਵ ਸਿੰਘ ਖੁਰਾਣਾ ਨੂੰ ਚੰਗੀਆਂ ਅਤੇ ਗਿਆਨ ਵਿਚ ਵਾਧਾ ਕਰਨ ਵਾਂਵੀਆਂ ਪੁਸਤਕਾਂ ਦੇ ਅਧਿਐਨ ਦਾ ਸ਼ੌਕ ਹੀ ਨਹੀਂ ਬਲਕਿ ਉਹ ਕਿਤਾਬਾਂ ਵਿਚ ਦਰਜ ਨਵੇਂ ਅਤੇ ਨਰੋਏ ਵਿਚਾਰਾਂ ਨੂੰ ਸਾਂਭਣਾ ਵੀ ਬਾ-ਖੂਬੀ ਜਾਣਦੇ ਹਨ। ਇਹ ਪੁਸਤਕ ਗਿਆਨ ਦਾ ਖ਼ਜ਼ਾਨਾ ਹੈ। ਅਜਿਹੀਆਂ ਪੁਸਤਕਾਂ ਸਕੂਲੀ ਬੱਚਿਆਂ ਨੂੰ ਜ਼ਰੂਰ ਮੁਹਈਆ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਇਸ ਉੱਦਮ ਲਈ ਪੁਸਤਕ ਦਾ ਲੇਖਕ ਵਧਾਈ ਦਾ ਹੱਕਦਾਰ ਹੈ। ਇਸ ਪੁਸਤਕ ਸੰਬੰਧੀ ਮੇਰਾ ਨਿਜੀ ਵਿਚਾਰ ਹੈ ਕਿ ਇਸ ਪੁਸਤਕ ਦੀ ਮੁੜ ਸੰਪਾਦਨਾ ਕਰਕੇ ਇਸ ਵਿਚੋਂ ਮੁਹਾਵਰੇ, ਕੁਝ ਫਿਲਮੀ ਗੀਤਾਂ ਅਤੇ ਦੁਹਰਾਓ ਵਾਲੇ ਕਥਨ ਕੱਢ ਕੇ ਤਕੀਬਨ ਹਜ਼ਾਰ ਕੁ ਕਥਨਾ ਨਾਲ ਪੇਪਰਬੈਕ ਸੰਸਕਰਨ ਦੇ ਰੂਪ ਵਿਚ ਘੱਟ ਕੀਮਤ ਤੇ ਸਕੂਲੀ ਵਿਦਿਆਰਥੀਆਂ ਲਈ ਪ੍ਰਕਾਸ਼ਿਤ ਕੀਤਾ ਜਾਵੇ ਅਤੇ ਸਕੂਲਾਂ ਵਿਚ ਕਰਵਾਏ ਜਾਂਦੇ ਸਾਹਿਤਕ ਅਤੇ ਹੋਰ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਦੇ ਤੌਰ ਤੇ ਦਿੱਤੀ ਜਾਵੇ। ਸਮਾਜ ਸੇਵੀ ਸੰਸਥਾਵਾਂ ਵੱਲੋਂ ਸਕੂਲਾਂ ਵਿਚ ਮੁਫਤ ਵੰਡਣ ਦਾ ਉਪਰਾਲਾ ਵੀ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀਆਂ ਤੱਕ ਇਹ ਅਤੇ ਅਜਿਹੀਆਂ ਹੋਰ ਪੁਸਤਕਾਂ ਪਹੁੰਚ ਸਕਨ।

ਪ੍ਰਤੀਕ ਪਬਲੀਕੇਸ਼ਨ ਵੱਲੋਂ ਪ੍ਰਕਾਸ਼ਿਤ 96 ਪੰਨਿਆ ਦੀ ਇਸ ਪੁਸਤਕ ਦੀ ਕੀਮਤ 200 ਰੁਪਏ ਹੈ।

# ਜੂਏ ਵਿੱਚ ਪਤਨੀ ਹਾਰ ਗਿਆ ਪਤੀ, ਦੋਸਤ ਨਾਲ ਜ਼ਬਰਦਸਤੀ ਹੋਟਲ ਭੇਜੀ

ਨਵੀਂ ਦਿੱਲੀ-ਇੰਦੌਰ ਵਿੱਚ ਇੱਕ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ। ਇੱਕ ਪਤੀ ਜੂਏ ਵਿੱਚ ਆਪਣਾ ਸਭ ਕੁਝ ਹਾਰ ਗਿਆ। ਫਿਰ ਉਸ ਨੇ ਆਪਣੀ ਪਤਨੀ ਨੂੰ ਹੀ ਦਾਅ 'ਤੇ ਲਾ ਦਿੱਤਾ। ਹਾਰ ਜਾਣ ਤੋਂ ਬਾਅਦ ਉਸ ਨੇ ਪਤਨੀ ਨੂੰ ਜ਼ਬਰਦਸਤੀ ਆਪਣੇ ਦੋਸਤ ਨਾਲ ਹੋਟਲ ਭੇਜ ਦਿੱਤਾ ਤੇ ਰਿਸ਼ਤੇ ਬਣਾਉਣ ਲਈ ਮਜ਼ਬੂਰ ਕੀਤਾ। ਇਹ ਪਹਿਲੀ ਵਾਰ ਨਹੀਂ ਹੋਇਆ, ਪਹਿਲਾਂ ਵੀ ਅਜਿਹਾ ਹੋ ਚੁੱਕਾ ਆ। ਹੁਣ ਪੀੜਤ ਪਤਨੀ ਨੇ ਥਾਣੇ ਵਿੱਚ ਕੇਸ ਦਰਜ ਕਰਵਾ ਦਿੱਤਾ ਹੈ। ਦੀਵਾਲੀ ਵਰਗੇ ਤਿਉਹਾਰ ਵਿੱਚ ਜੂਏ ਦੇ ਇਸ ਕਾਲਾ ਪੱਖ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਆ। ਲਾਸ ਵੇਗਸ ਤੋਂ ਗੋਆ ਤੱਕ ਵਿਸ਼ਵ ਦੀ ਸਭ ਤੋਂ ਵੱਡੀ ਜੂਏ ਦੀ ਦੁਨੀਆਂ-ਦੁਨੀਆਂ ਭਰ ਵਿੱਚ ਜੂਏ ਦੀ ਇੰਡਸਟਰੀ ਬਹੁਤ ਵੱਡੀ ਹੈ। ਅਮਰੀਕਾ ਦੇ ਲਾਸ ਵੇਗਸ ਤੋਂ ਲੈ ਕੇ ਭਾਰਤ ਦੇ ਗੋਆ ਤੱਕ ਕੈਸੀਨੋਆਂ ਵਿੱਚ ਲੱਖਾਂ ਲੋਕ ਜੂਆ ਖੇਡਦੇ ਨੇ। ਔਨਲਾਈਨ ਜੂਏ ਵਿੱਚ ਵੀ ਬਹੁਤ ਬਜ਼ਟ ਲੱਗਦਾ ਹੈ। ਔਰਤਾਂ ਦੀ ਵੀ ਸਰਗਰਮੀਆਂ ਜੂਏ ਵਿਚ ਵਧ ਗਈਆਂ ਹਨ। ਪੰਜਾਬ ਟਾਈਮਜ਼ ਅਨੁਸਾਰ ਇਹ ਜੂਆ ਖੁਸ਼ੀਆਂ ਨੂੰ ਖੋਹ ਲੈਂਦਾ ਆ, ਰਿਸ਼ਤੇ ਤੋੜਦਾ ਹੈ ਤੇ ਜ਼ਿੰਦਗੀ ਨਰਕ ਬਣਾ ਦਿੰਦਾ ਹੈ।

ਔਨਲਾਈਨ ਜੂਏ ਵਿੱਚ ਪੁਰਸ਼ਾਂ ਤੋਂ ਥੋੜ੍ਹਾ ਹੀ ਪਿੱਛੇ ਨੇ ਔਰਤਾਂ-ਡਾਟਾ ਵਿਖਾਉਂਦਾ ਆ ਕਿ ਗੈਂਬਲਿੰਗ ਕਮਿਸ਼ਨ 2020 ਅਨੁਸਾਰ, ਦੁਨੀਆਂ ਭਰ ਵਿੱਚ 45 ਫੀਸਦੀ ਪੁਰਸ਼ ਤੇ 40 ਫੀਸਦੀ ਔਰਤਾਂ ਨੇ ਔਨਲਾਈਨ ਜੂਆ ਖੇਡਿਆ ਹੈ। ਬ੍ਰਿਟਿਸ਼ ਗੈਂਬਲਿੰਗ ਕਮਿਸ਼ਨ ਮੁਤਾਬਕ, ਹਾਲ ਦੇ ਸਾਲਾਂ ਵਿੱਚ 42 ਫੀਸਦੀ ਔਰਤਾਂ ਨੇ ਮੰਨਿਆ ਕਿ ਉਹ ਜੂਏ ਵਰਗੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਂਦੀਆਂ ਰਹੀਆਂ ਨੇ। ਔਰਤਾਂ ਪੁਰਸ਼ਾਂ ਵਾਂਗ ਹੀ ਬਹੁਤ ਐਕਟਿਵ ਨੇ, ਬੱਸ ਥੋੜ੍ਹਾ ਘੱਟ। ਪਰ ਇਹ ਅੰਕੜੇ ਦੱਸਦੇ ਨੇ ਕਿ ਜੂਏ ਦਾ ਨਸ਼ਾ ਹਰ ਕਿਸੇ ਨੂੰ ਫੜ ਰਿਹਾ ਆ।

ਅਮਰੀਕਾ-ਚੀਨ ਵਿੱਚ ਜੂਏ ਕਾਰਣ ਪਰਿਵਾਰਕ ਝਗੜਾ, ਰਿਸ਼ਤੇ ਵਿਗੜ ਰਹੇ ਹਨ। ਘਰ ਟੁੱਟ ਰਹੇ ਨੇ। ਕਈ ਅਧਿਐਨਾਂ ਵਿੱਚ ਜੂਏ ਨੂੰ ਸੈਕਸ ਵਰਗੇ ਨਸ਼ੇ ਨਾਲ ਜੋੜਿਆ ਗਿਆ ਹੈ। ਇਹ ਐਡਿਕਸ਼ਨ ਜ਼ਿੰਦਗੀ ਬਰਬਾਦ ਕਰ ਦਿੰਦਾ ਹੈ।

# ਆਤਮਮੁਖੀ ਲੇਖਣੀ ਦਾ ਉਮਦਾ ਸ਼ਾਇਰ - ਦਲਵੀਰ ਦਿਲ ਨਿੱਜਰ



// ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ:) //

ਦਿਲ ਨਿੱਜਰ, ਪਰਵਾਸੀ ਸਾਹਿਤਕਾਰਾਂ ਦੀ ਸ਼ਰੇਣੀ ਵਿਚ ਉਹ ਸਥਾਪਤ ਨਾਮ ਹੈ ਜੋ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ। ਇਹ ਸਾਹਿਤਕਾਰ ਕੁਰੀਬ ਸਾਢੇ ਕੁ ਤਿੰਨ ਦਹਾਕਿਆਂ ਤੋਂ ਅਮਰੀਕਾ ਦੀ ਕੈਲੇਫੋਰਨੀਆਂ ਸਟੇਟ ਵਿਚ ਨਿਵਾਸ ਕਰ ਰਿਹਾ ਹੈ। ਦਿਲ ਨਿੱਜਰ ਦੇ ਹੁਣ ਤੱਕ ਛੇ ਕਾਵਿ ਸੰਗ੍ਰਹਿ- ਦਿਲ ਦਹਲੀਜ, ਪਰਵਾਜ ਏ ਦਿਲ, ਦਿਲ ਦਰਿਆ ਦੇ ਵਹਿਣ, ਦਿਲ ਦੀ ਇਬਾਰਤ, ਰੂਹਾਂ ਦਾ ਸੰਗਰਾਮ ਅਤੇ ਦਿਲ ਦਹਲੀਜ - ਪ੍ਰਕਾਸ਼ਤ ਹੋ ਚੁੱਕੇ ਹਨ ਤੇ ਉਹਨਾਂ ਦਾ ਕਲਮੀ ਸਫਰ ਨਿਰੰਤਰ ਜਾਰੀ ਹੈ।

ਕੁੱਝ ਮਹੀਨੇ ਪਹਿਲਾਂ ਉਹਨਾਂ ਦੀਆਂ ਉਕਤ ਸਮੂਹ ਕਾਵਿ ਪੁਸਤਕਾਂ ਦਾ ਇਕ ਪੂਰਾ ਸੈੱਟ ਮੈਨੂੰ ਡਾਕ ਰਾਹੀਂ ਪਰਾਪਤ ਹੋਇਆ ਸੀ, ਜਿਹਨਾਂ ਦਾ ਅਧਿਐਨ ਕਰਨ ਉਪਰੰਤ ਇਹ ਹਥਲਾ ਵਿਸ਼ਲੇਸ਼ਣ ਪੇਸ਼ ਕਰ ਰਿਹਾ ਹਾਂ।

ਕਵੀ ਦੀਆਂ ਕਾਵਿ ਪੁਸਤਕਾਂ ਦੇ ਸਮੁੱਚੇ ਅਧਿਐਨ ਤੋਂ ਬਾਅਦ ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਉਸ ਨੇ ਹੁਣ ਤੱਕ ਜੋ ਵੀ ਸਾਹਿਤ ਰਚਨਾ ਕੀਤੀ ਹੈ, ਉਹ ਦਿਲੋਂ ਮਨੋਂ ਕੀਤੀ ਹੈ, ਕਵੀ ਨੇ ਸਮਾਜ ਵਿਚ ਜੋ ਵੀ ਚੰਗਾ ਬੁਰਾ ਹੋ ਵਾਪਰ ਰਿਹਾ ਮਹਿਸੂਸ ਕੀਤਾ, ਉਸ ਨੂੰ ਆਹਲਾ ਦਰਜੇ ਦੇ ਸਾਹਿਤਕ ਰੂਪ ਵਿਚ ਪ੍ਰਸਤੁਤ ਕੀਤਾ ਹੈ।

ਆਪਣੀ ਲੇਖਣੀ ਵਿਚ ਵੰਨ ਸੁਵੰਨੇ ਵਿਸ਼ੇ ਚੁਣੇ ਹਨ ਤੇ ਉਹਨਾਂ ਉੱਤੇ ਪੂਰੀ ਤਰਾਂ ਨਿਠਕੇ ਕਲਮ ਚਲਾਈ ਹੈ ਤੇ ਕਲਮ ਚਲਾਈ ਵੀ ਬਹੁਤ ਇਮਾਨਦਾਰੀ ਤੇ ਪਰਿਪੱਕਤਾ ਨਾਲ ਹੈ। ਮੇਰੀ ਜਾਚੇ ਦਿਲ ਨਿੱਜਰ ਇਕ ਬਹੁਤ ਹੀ ਸੰਜੀਦਾ ਸ਼ਾਇਰ ਹੈ, ਸੰਵੇਦਨਸ਼ੀਲਤਾ ਦੇ ਨਾਲ ਪੂਰੀ ਤਰਾਂ ਗੜੁੱਚ ਹੈ, ਚੁਣੇ ਹੋਏ ਵਿਸ਼ੇ ਦੀ ਜੜ੍ਹ ਤੱਕ ਜਾਣਾ ਤੇ ਫਿਰ ਉਸ ਨੂੰ, ਸਿੱਟਿਆਂ ਦੀ ਪਰਵਾਹ ਕੀਤੇ ਬਿਨਾਂ ਪੂਰੀ ਬੇਬਾਕੀ ਤੇ ਨਿਰਪੱਖਤਾ ਨਾਲ ਪੇਸ਼ ਕਰਨ ਦਾ ਜੇਰਾ ਰੱਖਣਾ ਉਸ ਦਾ ਖਾਸਾ ਹੈ।

ਲੰਮੇ ਸਮੇ ਤੋਂ ਪਰਵਾਸ ਹੰਢਾ ਰਿਹਾ ਇਹ ਸ਼ਾਇਰ ਅੱਜ ਵੀ ਆਪਣੀਆਂ ਜੜ੍ਹਾਂ ਨਾਲ ਜੁੜਿਆ ਹੋਇਆ ਹੈ। ਏਹੀ ਕਾਰਨ ਹੈ ਕਿ ਉਹ ਆਪਣੀਆਂ ਰਚਨਾਵਾਂ ਵਿਚ ਕਦੇ ਵਿਰਸੇ ਦਾ ਬਾਤ ਪਾਉਂਦਾ ਹੈ, ਕਦੇ ਵਤਨੋਂ, ਬੇਵਤਨ ਹੋਣ ਦੀ ਪੀੜ ਵਿਅਕਤ ਕਰਦਾ ਹੈ, ਉਸ ਨੂੰ ਆਪਣੀ ਮਾਤ ਭੂਮੀ ਉੱਤੇ ਵਰਤ ਰਹੇ ਮਾੜੇ ਸਿਆਸ਼ੀ, ਸਮਾਜਕ ਤੇ ਧਾਰਮਿਕ ਵਰਤਾਰੇ ਦਾ ਦੁੱਖ ਹੈ। ਉਸ ਦੀ ਸ਼ਾਇਰੀ ਵਿਚ ਆਵਾਸ ਤੇ ਪਰਵਾਸ ਦੇ ਮਸਲੇ ਮਘਦੇ ਕੋਲਿਆਂ ਦੀ ਤਰਾਂ ਭਖਦੇ ਹਨ। ਕਈ ਵਾਰ ਇੰਜ ਮਹਿਸੂਸ ਹੁੰਦਾ ਹੈ ਕਿ ਜਿਵੇਂ ਕਵੀ ਦੇ ਮਨ ਮਸਤਕ ਵਿਚ ਕੋਈ ਵੱਡਾ ਸ਼ੋਰ ਪੈ ਰਿਹਾ ਹੋਵੇ ਤੇ ਉਹ ਸ਼ੋਰ ਬਾਅਦ ਵਿਚ ਕਲਮ ਦੀ ਰਵਾਨੀ ਨਾਲ ਕਾਵਿ ਚਸ਼ਮਾ ਬਣਕੇ ਆਪ ਮੁਹਾਰੇ ਕਾਵਿ ਰਚਨਾ ਦੇ ਰੂਪ ਵਿਚ ਫੁੱਟ ਪੈਂਦਾ ਹੋਵੇ।

ਆਪਣੀ ਸੱਭਿਆਚਾਰਕ ਪਹਿਚਾਣ ਲਈ ਕਵੀ ਵਾਰ ਵਾਰ ਪੰਜਾਬ ਵੱਲ ਮੋੜਾ ਕੱਟਦਾ ਹੈ, ਪਰਵਾਸੀ ਹੋਣ ਤੇ ਪਰਵਾਸ ਹੰਢਾਉਣ ਦਾ ਜ਼ਿਕਰ ਆਪਣੀਆਂ ਰਚਨਾਵਾਂ ਵਿਚ ਬਹੁਤ ਹੀ ਭਾਵੁਕ ਰੂਪ ਵਿਚ

ਪੇਸ਼ ਕਰਦਿਆਂ ਹੋਇਆਂ ਆਪਣੇ ਪਿੰਡ, ਸਾਥੀਆਂ, ਸੱਥਾਂ, ਖੂਹਾਂ, ਮੇਲਿਆਂ ਅਤੇ ਆਪਣੀ ਜਨਮ ਭੂਮੀ ’ਤੇ ਹੰਢਾਏ ਪਲਾਂ ਨੂੰ ਯਾਦ ਕਰਕੇ ਝੁਰੇਵਾਂ ਕਰਦਾ ਹੈ :

ਲੁਕਣ ਮੀਟੀ ਖੇਡਾਂ,
ਪਰ ਹਾਣੀ ਹੈ ਨਹੀਂ।
ਇਕੱਠੇ ਜਿਹੜੇ ਘੁੰਮਦੇ ਸੀ,
ਉਹ ਢਾਣੀ ਹੈ ਨਹੀਂ,
ਯਾਦ ਨਹੀਂ ਜਾਂਦੀ,
ਓਹਦੇ ਨਾਂ ਦੀ ਓਏ।

ਦਿਲ ਨਿੱਜਰ ਦੀਆਂ ਬਹੁਤੀਆਂ ਰਚਨਾਵਾਂ ਆਤਮ ਮੁਖੀ ਸ਼ੈਲੀ ਵਿਚ ਹਨ। ਉਹ ਆਪਣੇ ਆਪ ਨੂੰ ਸੰਬੋਧਿਤ ਹੁੰਦਾ ਹੈ, ਸਵਾਲ ਕਰਦਾ ਹੈ, ਫਿਰ ਜਵਾਬ ਵੀ ਆਪ ਹੀ ਤਲਾਸ਼ਣ ਦੀ ਕੋਸ਼ਿਸ਼ ਕਰਦਾ ਹੈ। ਕਾਵਿ ਰਚਨਾਵਾਂ ਵਿਚ ਇਸ ਤਰਾਂ ਦੀ ਥੀਮ ਉਸਾਰੀ ਕਰਨਾ ਮੈਨੂੰ ਬੜਾ ਨਿਵੇਕਲਾ ਲੱਗਾ, ਮੇਰੀ ਜਾਚੇ ਕਵੀ ਦਾ ਇਹ ਇਕ ਸਫਲ ਤਜਰਬਾ ਮੰਨਿਆ ਜਾ ਸਕਦਾ ਹੈ :

ਕਿਹੜਾ ਸੀ ਗਦਾਰ,
ਜੋ ਪੰਜਾਬ ਨੂੰ ਰੁਆ ਗਿਆ ?
ਬਾਕੀ ਜੋ ਸੀ ਰਹਿੰਦਾ,
ਸਾਡੇ ਲੀਡਰਾਂ ਨੇ ਖਾ ਲਿਆ।

ਦਰਅਸਲ ਦਿਲ ਨਿੱਜਰ ਅੰਦਰ ਸੰਵੇਦਨਸ਼ੀਲਤਾ ਦਾ ਖੌਰੂ ਪੈਂਦਾ, ਉਸ ਦੀਆਂ ਰਚਨਾਵਾਂ ਵਿਚੋਂ ਡੁੱਲ੍ਹ ਡੁੱਲ੍ਹ ਪੈਂਦਾ ਨਜਰ ਆ ਰਿਹਾ ਹੈ। ਸ਼ੋਸ਼ਲ ਮੀਡੀਏ ਰਾਹੀਂ ਸਾਡੇ ਸੱਭਿਆਚਾਰ ਅੰਦਰ ਫੈਲ ਰਹੀ ਗੰਦਗੀ ਤੋਂ ਕਵੀ ਬਹੁਤ ਚਿੰਤਤ ਹੈ। ਏਹੀ ਕਾਰਨ ਹੈ ਕਿ ਉਹ ਆਪਣੀਆਂ ਰਚਨਾਵਾਂ ਵਿਚ ਵਾਰ ਵਾਰ ਵਿਰਸੇ ਨਾਲ ਜੁੜਕੇ ਸਾਡੇ ਗੌਰਵਸ਼ਾਲੀ ਵਿਰਸੇ ਅਤੇ ਸੁੱਚੀਆਂ ਕਦਰਾਂ ਕੀਮਤਾਂ ਦੀ ਗੱਲ ਕਰਦਾ ਹੈ ਤੇ ਪਿੰਡਾ ਦੀ ਰਹਿਣੀ ਬਹਿਣੀ ਦਾ ਰੇਖਾ ਚਿੱਤਰ ਪੇਸ਼ ਕਰਦੇ ਸਮੇਂ ਬਹੁਤ ਹੀ ਜਜਬਾਤੀ ਸ਼ੈਲੀ ਵਿਚ ਪਿੰਡ ਦੀਆਂ ਜੂਹਾਂ, ਵਿਹੜੇ, ਮਿੱਟੀ, ਬਨਸਪਤੀ, ਖੇਡਾਂ ਤੇ ਹਾਣੀਆਂ ਢਾਣੀਆਂ ਦੇ ਸਾਰੇ ਰੰਗ ਆਪਣੀ ਯਾਦ ਸਿਮਰਤੀ ਰਾਹੀਂ ਕਾਵਿ ਰਚਨਾਵਾਂ ਰਾਹੀਂ ਪੇਸ਼ ਕਰਦਾ ਹੈ।

ਆਪਣੀਆਂ ਰਚਨਾਵਾਂ ਵਿਚ ਦਿਲ ਨਿੱਜਰ ਨੇ ਬਹੁਤ ਹੀ ਗਹਿਰ ਗੰਭੀਰ ਮਾਨਵੀ ਸਰੋਕਾਰਾਂ ਦੀ ਗੱਲ ਬਹੁਤ ਵਜਨੀ ਢੰਗ ਨਾਲ ਕੀਤੀ ਹੈ, ਮਾਨਵੀ ਜੀਵਨ ਨੂੰ ਪਰਭਾਵਤ ਕਰਨ ਵਾਲੇ ਵਰਤਾਰਿਆਂ ਨੂੰ ਵੀ ਵਾਹਵਾ ਫਰੋਲਿਆ ਹੈ। ਧਾਰਮਿਕ ਕੱਟੜਤਾ ਉੱਤੇ ਚੋਟ ਕਰਦਿਆਂ ਕਵੀ ਲਿਖਦਾ ਹੈ ਕਿ :

ਆਪੋ ਆਪਣਾ ਸਭ ਹੀ
ਪੈਗ਼ਾਮ ਚੁੱਕੀ ਫਿਰਦੇ ਨੇ
ਈਸਾ, ਅੱਲਾ, ਨਾਨਕ ਤੇ
ਰਾਮ ਚੁੱਕੀ ਫਿਰਦੇ ਨੇ
ਦਇਆ, ਨਿਮਰਤਾ ਤੇ
ਸ਼ਾਂਤੀ ਦਾ ਸੁਨੇਹਾ ਦੇਣ ਵਾਲੇ,
ਨੇਜੇ, ਤ੍ਰਿਸ਼ੂਲਾਂ ਤੇ ਬੰਦੂਕਾਂ



ਸ਼ਰੇਆਮ ਚੁੱਕੀ ਫਿਰਦੇ ਨੇ।

ਕਵੀ ਦੀ ਬਹੁਤੀ ਰਚਨਾ ਆਤਮ ਮੁਖ ਹੈ। ਇਕ ਉਦਾਹਰਨ ਪੇਸ਼ ਹੈ :

ਆਪਾ ਬਦਲ ਨਾ ਹੋਇਆ,
ਚੇਹਰਾ ਬਦਲ ਰਿਹਾ ਹਾਂ।
ਦੁਨੀਆ ਦੇ ਲਈ ਖੁਦ ਨੂੰ,
ਬਥੇਰਾ ਬਦਲ ਰਿਹਾ ਹਾਂ।

ਮਾਨਵਵਾਦ ਅਸਲ ਵਿਚ ਕੋਈ ਵਾਦ ਨਹੀਂ, ਸਗੋਂ ਇਹ ਵਿਚਾਰਧਾਰਾ ਹੈ ਜੋ ਮਨੁੱਖਤਾ ਤੇ ਇਨਸਾਨੀਅਤ ਦੀ ਗੱਲ ਕਰਨ ਦਾ ਇਕ ਢੁੱਕਵਾਂ ਸਲੀਕਾ ਹੈ। ਦਿਲ ਨਿੱਜਰ ਦੀਆਂ ਰਚਨਾਵਾਂ ਵਿਚ ਏਕੇ, ਭਾਈਚਾਰੇ ਤੇ ਮਨੁੱਖੀ ਸਾਂਝਾ ਦੀ ਗੱਲ ਬਹੁਤ ਜੋਰਦਾਰ ਹੋਕਾ ਦੇ ਕੇ ਕੀਤੀ ਗਈ ਹੈ :

ਦੀਵੇ ਜਗਾ ਕੇ ਰੱਖਣਾ,
ਏਕਾ ਬਣਾ ਕੇ ਰੱਖਣਾ।
ਗੁੱਸੇ ਦੀ ਅੱਗ ਤੋਂ ਖਦ ਨੂੰ,
ਖੁਦ ਹੀ ਬਚਾ ਕੇ ਰੱਖਣਾ।
ਹੈ ਸ਼ਰਾਰਤੀ ਹਵਾ,
ਇਹ ਝੱਟ ਹੀ ਬਿਖੇਰ ਦੇਵੇ।
ਚੁੱਲ੍ਹੇ ਦੀ ਅੱਗ ਨੂੰ,
ਇਸ ਤੋਂ ਬਚਾ ਕੇ ਰੱਖਣਾ।

ਮਜ਼੍ਹਬੀ ਕੱਟੜਤਾ ਬਾਰੇ ਕਵੀ ਲਿਖਦਾ ਹੈ :

ਧਰਮਾਂ ਨੇ ਕੁੱਝ ਨਾ ਦਿੱਤਾ,
ਤੇ ਨਾ ਹੀ ਕਦੇ ਹੈ ਦੇਣਾ,
ਧਰਮਾਂ ਦੇ ਰੌਲਿਆਂ ਤੋਂ,
ਆਪਾ ਬਚਾ ਕੇ ਰੱਖਣਾ।
ਧਰਮ ਨਹੀਂ, ਹੁਣ ਧਰਮ ਵਿਖਾਵਾ,
ਸਭ ਪਾਸੇ ਹੈ ਹੁੰਦਾ,
ਅੱਜਕਲ੍ਹ ਸੁਣਿਆ,
ਇਹ ਧੰਦਾ ਵੀ ਚੋਖਾ ਹੋ ਗਿਆ ਹੈ।
ਕਿਹੜੀ ਪੂਜਾ, ਕਿਸਦੀ ਭਗਤੀ,
ਸਭ ਪਾਖੰਡ ਕਰਦੇ ਹੋ।
ਧਰਮ ਦੇ ਨਾਂ ’ਤੇ ਸਭ ਥਾਂ,
ਕੋਹਰਾਮ ਮਚਾਈ ਜਾਂਦੇ ਹੋ।

ਪਰਵਾਸੀ ਹੋਣ ਦੇ ਹੇਰਵੇ ਦਾ ਦੁੱਖ :

ਰੋਜੀ ਰੋਟੀ ਲਈ ਪਿੰਡ ਛੱਡਿਆ ਸੀ,
ਏਨਾ ਹੀ ਮੇਰਾ ਦੋਸ਼ ਹੈ ਸਾਰਾ।
ਪਰਦੇਸਾਂ ਵਿਚ ਰੁਲਦਿਓ ਵੀਰੋ !
ਮਾਪਿਆਂ ਦਾ ਨਾ ਕੋਈ ਸਹਾਰਾ।
ਛਿੰਝਾਂ, ਸੱਥਾਂ ਤੇ ਥੜਿਆ ਉੱਤੇ,
ਚਿੱਟੇ ਦਾ ਹੁਣ ਪਿਆ ਖਿਲਾਰਾ।
ਮਾਂ ਭੂਮੀ ਤੋਂ ਹੋਰ ਧਰਤ ਨੂੰ,
ਉਹ ਪਰਵਾਸ ਕਰ ਗਿਆ।
ਛਿੰਦਾ ਪੁੱਤ ਆਪਣੀ ਮਾਂ ਨੂੰ,
ਦੇਖੋ ਉਦਾਸ ਕਰ ਗਿਆ।

ਭਾਰਤੀ ਸਿਆਸਤ ਬਾਰੇ ਇਕ ਸ਼ੇਅਰ ਕਾਬਲ ਏ ਗੌਰ ਹੈ :

ਭਾਵੇਂ ਬੰਦ ਹੈ ਡੱਬਿਆਂ ਅੰਦਰ,
ਹਾਰ ਜਿੱਤ ਇਹਨਾਂ ਦੀ,
ਕਈਆਂ ਦੀ ਤਾਂ ਹਾਰ ਕੇ ਵੀ ਨਾ,
ਅੱਤ ਜਾਵੇ ਸੰਭਾਲੀ।
ਕਿਸ ਨੇ ਲੁੱਟਿਆ, ਕਿਸ ਨੇ ਖਾਧਾ,
ਇਹ ਸਾਰੇ ਹਨ ਕੱਠੇ।
ਅਲੀ ਬਾਬਾ ਹੈ ਸਭਦਾ ਇਕੋ,
ਨਾਲ ਹੋਰ ਨੇ ਚਾਲੀ।
ਕਹਿੰਦੇ ਸੀ ਕੁੱਝ ਹੋਰ,
ਤੇ ਕੁੱਝ ਹੋਰ ਹੋ ਗਏ
ਦੇਸ਼ ਮੇਰੇ ਦੇ ਬਹੁਤੇ ਲੀਡਰ,
ਚੋਰ ਹੋ ਗਏ।
ਦੇਖੋ ਕਿੱਦਾਂ ਰੋਲ ਦਿੱਤਾ,
ਇਹਨਾਂ ਨੇ ਸਭ ਇਨਸਾਨਾਂ ਨੂੰ।
ਅੰਨ ਦਾਤਾ, ਜੋ ਦੇਸ਼ ਮੇਰੇ ਦੇ,
ਰੱਬ ਵਰਗੇ ਕਿਸਾਨਾਂ ਨੂੰ

ਸਮੁੱਚੇ ਤੌਰ ‘ਤੇ ਕਹਿ ਸਕਦਾ ਹਾਂ ਕਿ ਦਿਲ ਨਿੱਜਰ ਇਕ ਬਹੁਤ ਹੀ ਪਰੋੜ ਤੇ ਉਮਦਾ ਕਵੀ ਹੈ। ਉਹ ਆਪਣੀ ਰਚਨਾ ਵਾਸਤੇ ਜਿਸ ਵੀ ਵਿਸ਼ੇ ਨੂੰ ਚੁਣਦਾ ਹੈ, ਉਸ ਦੀ ਪੇਸ਼ਕਾਰੀ ਰੂਹ ਨਾਲ ਕਰਦਾ ਹੈ। ਉਸ ਦੀਆਂ ਰਚਨਾਵਾਂ ਦੀ ਬੋਲੀ ਤੇ ਸ਼ੈਲੀ ਬਿਲਕੁਲ ਸਾਦਾ ਹੈ, ਜਿਸ ਕਰਕੇ ਸਿੱਧੀ ਹਰ ਆਮ ਪਾਠਕ ਦੇ ਦਿਲ ਨੂੰ ਟੁੰਬਦੀ ਹੈ ਕੇ ਡੂੰਘੀ ਛਾਪ ਛੱਡਦੀ ਹੈ। ਆਤਮ ਮੁਖੀ ਸ਼ੈਲੀ ਚ ਲਿਖਣਾ ਸੰਦੇਸ਼ ਮੁਖੀ ਸ਼ੈਲੀ ਨਾਲੋਂ ਥੋਹੜਾ ਮੁਸ਼ਕਲ ਜਰੂਰ ਹੁੰਦਾ ਹੈ, ਪਰ ਇਹ ਵਿਧੀ ਪਾਠਕ ਦੀ ਰੂਹ ਨੂੰ ਜਾ ਟੁੰਬਦੀ ਹੈ। ਇਹ ਦਿਲ ਨਿੱਜਰ ਦੀ ਲੇਖਣੀ ਖਾਸਾ ਮੰਨਿਆ ਜਾ ਸਕਦਾ ਹੈ।

ਦਲਬੀਰ ਨਿੱਜਰ ਦਾ ਤੁਖੱਲਸ “ਦਿਲ “ ਹੈ, ਪੁਸਤਕਾਂ ਦੇ ਨਾਮ ਵੀ ਇਸ ਤੁਖੱਲਸ ਨਾਲ ਹੀ ਸਬੰਧਿਤ ਹਨ ਤੇ ਆਪਣੀਆਂ ਰਚਨਾਵਾਂ ਵਿਚ ਗੱਲ ਵੀ ਦਿਲ ਦੀਆਂ ਗਹਿਰਾਈਆਂ ਤੋ ਕੀਤੀ ਗਈ ਹੈ, ਜਿਸ ਵਾਸਤੇ ਦਿਲ ਨਿੱਜਰ ਵਧਾਈ ਦਾ ਪਾਤਰ ਹੈ। ਇਕ ਪਰਵਾਸੀ ਸਾਹਿਤਕਾਰ ਵਜੋਂ ਪੰਜਾਬੀ ਬੋਲੀ ਨੂੰ ਉਸ ਵੱਡੀ ਦੇਣ ਹੈ। ਉਸ ਨੇ ਆਹਲਾ ਦਰਜੇ ਦੀ ਸਾਹਿਤਕ ਰਚਨਾ ਕਰਕੇ ਮਾਂ ਬੋਲੀ ਪੰਜਾਬੀ ਦੀ ਝੋਲੀ ਭਰਪੂਰ ਕੀਤੀ ਹੈ ਜਿਸ ਵਾਸਤੇ ਉਹ ਵੱਡੀ ਵਧਾਈ ਦਾ ਪਾਤਰ ਹੈ ਤੇ ਪਾਠਕਾਂ ਨੂੰ ਪੁਰਜੋਰ ਅਪੀਲ ਕਹਦਾ ਹਾਂ ਹੈ ਕਿ ਉਹ ਇਸ ਸ਼ਾਇਰ ਦੀਆਂ ਰਚਨਾਵਾਂ ਨੂੰ ਇਕ ਵਾਰ ਜਰੂਰ ਪੜ੍ਹਨ ਤੇ ਆਨੰਦ ਮਾਨਣ। ਸ਼ਾਲਾ ! ਇਹ ਕਲਮ ਇਸੇ ਰਫਤਾਰ ਤੇ ਪੁਖਤਗੀ ਨਾਲ ਹਮੇਸ਼ਾ ਇਸੇ ਤਰਾਂ ਚਲਦੀ ਰਹੇ।

# ਸ਼ਹਾਦਤ ਦੇ ਕੇ ਚਾਂਦਨੀ ਚੌਂਕ ਦੀ ਚਮਕ ਵਧਾਉਣ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

## ਸ਼ਹਾਦਤ 'ਤੇ ਵਿਸ਼ੇਸ਼

**ਰਮੇਸ਼ ਬੱਗਾ ਚੋਹਲਾ**
ਮੋਬਾਇਲ 9463132719



ਬਲੀਦਾਨ ਦੀ ਭਾਵਨਾ ਬਹੁਤ ਹੀ ਉੱਚੀ ਅਤੇ ਸੁੱਚੀ ਭਾਵਨਾ ਹੁੰਦੀ ਹੈ। ਇਹ ਭਾਵਨਾ ਵਿਰਲਿਆਂ-ਟਾਂਵਿਆਂ ਮਨੁੱਖਾਂ ਵਿੱਚ ਹੀ ਉਪਜਦੀ ਹੈ, ਪਰ ਜਿਨ੍ਹਾਂ ਮਨੁੱਖਾਂ ਵਿੱਚ ਉਪਜ ਪੈਂਦੀ ਹੈ,ਉਹ ਸਦੀਵੀ ਤੌਰ 'ਤੇ ਅਮਰ ਹੋ ਜਾਂਦੇ ਹਨ। ਇਸ ਅਮਰਤਾ ਦੀ ਪਦਵੀ ਤੱਕ ਪਹੁੰਚ ਕਰਨ ਲਈ ਉਨ੍ਹਾਂ ਮਰਜੀਵੜਿਆਂ ਨੂੰ 'ਸੀਸ ਤਲੀ' 'ਤੇ ਧਰ ਕੇ ਸ਼ਹਾਦਤਾਂ ਦੇ ਜਾਮ ਵੀ ਪੀਣੇ ਪੈਂਦੇ ਹਨ। ਵਕਤ ਦੀਆਂ ਹਕੂਮਤਾਂ ਇਨ੍ਹਾਂ ਸਿਰਲੱਥ ਸੂਰਮਿਆਂ ਨੂੰ ਬੇਸ਼ੱਕ ਲਾਲਚ ਜਾਂ ਡਰਾਵੇ ਦੇਈ ਜਾਣ ਪਰ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਹਾਮੀ ਭਰਨ ਵਾਲੇ ਇਹ ਮਹਾਂਪੁਰਖ ਕਿਸੇ ਵੀ ਕਿਸਮ ਦੀ ਕੁਰਬਾਨੀ ਕਰਨ ਲੱਗਿਆਂ ਕੰਨੀਂ ਨਹੀਂ ਕਤਰਾਉਂਦੇ। ਇਸੇ ਤਰ੍ਹਾਂ ਦੀ ਹੀ ਕੁਰਬਾਨੀ ਦੇ ਪਾਤਰ ਹਨ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ।

ਗੁਰਮਤਿ ਦੇ ਜਾਵੀਏ ਤੋਂ ਸੂਰਮੇ ਦੋ ਕਿਸਮ ਦੇ ਹੁੰਦੇ ਹਨ। ਇੱਕ ਸੂਰਮਾ ਉਹ ਹੁੰਦਾ ਹੈ, ਜਿਸ ਨੇ ਵਾਹਿਗੁਰੂ ਦੀ ਕ੍ਰਿਪਾ ਨਾਲ ਆਪਣੀ ਮੈਂ (ਹਉਮੈ) ਨੂੰ ਮਾਰ ਲਿਆ ਹੁੰਦਾ ਹੈ। ਦੂਸਰਾ ਸੂਰਮਾ ਉਹ ਹੁੰਦਾ ਹੈ, ਜੋ ਨਿਮਾਣਿਆਂ ਦਾ ਮਾਣ ਅਤੇ ਨਿਤਾਣਿਆਂ ਦਾ ਤਾਣ ਬਣਨ ਲਈ ਆਪਣੀ ਆਵਾਜ਼ ਨੂੰ ਬੁਲੰਦ ਕਰਦਾ ਹੈ। ਮਜ਼ਲੂਮਾਂ ਦੀ ਖਾਤਰ ਉਸ ਵੱਲੋਂ ਉਠਾਈ ਗਈ ਆਵਾਜ਼ ਜਦੋਂ ਸਮੇਂ ਦੀਆਂ ਸਰਕਾਰਾਂ ਦੇ ਕੰਨਾਂ ਤੱਕ ਪਹੁੰਚਦੀ ਹੈ ਤਾਂ ਉਨ੍ਹਾਂ ਜ਼ਾਲਮ ਸਰਕਾਰਾਂ ਅਤੇ ਉਨ੍ਹਾਂ ਦੇ ਝੋਲੀ ਚੁੱਕਾਂ ਵੱਲੋਂ ਉਸ ਹੱਕ ਸੱਚ ਦੀ ਆਵਾਜ਼ ਨੂੰ ਦਬਾਉਣ ਦੀਆਂ ਕਈ ਕੋਝੀਆਂ ਅਤੇ ਗੈਰ ਮਨੁੱਖੀ ਚਾਲਾਂ ਵੀ ਚੱਲੀਆਂ ਜਾਂਦੀਆਂ ਹਨ। ਸੱਤਾਧਾਰੀ ਧਿਰ ਭਾਵੇਂ ਵਕਤੀ ਤੌਰ 'ਤੇ ਇਨ੍ਹਾਂ ਚਾਲਾਂ ਵਿੱਚ ਕਾਮਯਾਬ ਵੀ ਹੋ ਜਾਵੇ ਪਰ ਜਿੱਤ ਹਮੇਸ਼ਾਂ ਸੱਚ ਅਤੇ ਇਸ 'ਤੇ ਪਹਿਰਾ ਦੇਣ ਵਾਲਿਆਂ ਦੀ ਹੀ ਹੁੰਦੀ ਹੈ। ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੂੰ ਵੀ ਅਸੀਂ ਸਮੇਂ ਦੇ ਸੱਚ ਅਤੇ ਉਸ ਉੱਤੇ ਡੱਟ ਕੇ ਕੀਤੀ ਗਈ ਪਹਿਰੇਦਾਰੀ ਦੇ ਸੰਦਰਭ ਵਿੱਚ ਹੀ ਵੇਖ ਸਕਦੇ ਹਾਂ। ਇਸ ਤਰ੍ਹਾਂ ਦੀ ਪਹਿਰੇਦਾਰੀ ਕਰਨ ਲਈ ਆਪਣੀ ਜਾਨ ਤੱਕ ਵਾਰ ਦੇਣ ਵਾਲੇ ਮਹਾਂਬਲੀਆਂ ਬਾਬਤ ਭਗਤ ਕਬੀਰ ਜੀ ਰਾਗ ਮਾਰੂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 1105 ਰਾਹੀਂ ਇਸ ਤਰ੍ਹਾਂ ਬਿਆਨਦੇ ਹਨ :-

ਸੂਰਾ ਸੋ ਪਹਿਚਾਨੀਐ
ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ
ਮਰੈ-ਕਬਹੂੰ ਨ ਛਾਡੈ ਖੇਤੁ॥

ਧਾਰਮਿਕ ਸੁਤੰਤਰਤਾ ਅਤੇ ਮਨੁੱਖੀ ਬਰਾਬਰੀ ਹਿੱਤ ਆਪਾ ਨਿਛਾਵਰ ਕਰਨ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਪ੍ਰਕਾਸ਼ ਪਹਿਲੀ ਅਪ੍ਰੈਲ 1621 ਈ. ਨੂੰ ਪਿਤਾ ਸ੍ਰੀ ਗੁਰੂ ਹਰਗੋਬਿੰਦ ਜੀ ਅਤੇ ਮਾਤਾ ਨਾਨਕੀ ਜੀ ਦੇ ਗ੍ਰਹਿ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਆਪ ਆਪਣੇ ਪੰਜ ਭੈਣ-ਭਰਾਵਾਂ ਵਿੱਚੋਂ ਸਭ ਤੋਂ ਛੋਟੀ ਥਾਂ 'ਤੇ ਸਨ। ਬਚਪਨ ਤੋਂ ਹੀ ਆਪ ਸਾਧੂ ਸੁਭਾਅ, ਸੋਚਵਾਨ, ਦਲੇਰ, ਤਿਆਗੀ ਅਤੇ ਪਰਉਪਕਾਰੀ ਤਬੀਅਤ ਦੇ ਮਾਲਕ ਸਨ। ਗੁਰਮਤਿ ਦੇ ਗੁਰ ਹਾਸਲ ਕਰਨ ਦੇ ਨਾਲ-ਨਾਲ ਆਪ ਨੇ ਯੁੱਧ ਕਲਾ ਦੇ ਦਾਅ ਵੀ ਸਿੱਖ ਲਏ। ਗੁਰਮਤਿ ਦੇ ਗਿਆਤਾ ਹੋਣ ਦੇ ਨਾਲ ਹੀ ਆਪ ਜੰਗੀ ਪੈਂਤੜਿਆਂ ਤੋਂ ਵੀ ਪੂਰੀ ਤਰ੍ਹਾਂ ਜਾਣਕਾਰ ਹੋ ਗਏ। ਗੁਰੂ ਪਿਤਾ ਵੱਲੋਂ ਬਖਸ਼ਿਆ ਸੰਤ ਤੇ ਸਿਪਾਹੀ ਦਾ ਸੰਕਲਪ (ਗੁਰੂ) ਤੇਗ ਬਹਾਦਰ ਜੀ ਦੀ ਸਖਸ਼ੀਅਤ ਵਿੱਚ ਪੂਰਨ ਰੂਪ ਵਿੱਚ ਉਜਾਗਰ ਹੋਣ ਲੱਗਾ। ਇਸ ਸੰਕਲਪ ਸਦਕਾ ਹੀ ਉਨ੍ਹਾਂ ਨੇ ਕਰਤਾਰਪੁਰ ਸਾਹਿਬ ਦੀ ਜੰਗ ਸਮੇਂ ਸੰਤ (ਤਿਆਗ ਮੱਲ) ਤੋਂ ਸਿਪਾਹੀ (ਤੇਗ ਬਹਾਦਰ) ਤੱਕ ਦਾ ਸਫਰ ਤੈਅ ਕੀਤਾ ਸੀ। ਦੁਸ਼ਮਣਾਂ ਨਾਲ ਦੋ ਹੱਥ ਕਰਨ ਤੋਂ ਬਾਅਦ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਸੰਨ 1635 ਦੇ ਜੇਠ ਮਹੀਨੇ ਵਿੱਚ ਸ੍ਰੀ ਕੀਰਤਪੁਰ ਸਾਹਿਬ ਵਿਖੇ ਆ ਗਏ। ਨੌਵੇਂ ਪਾਤਸ਼ਾਹ ਸ੍ਰੀ (ਗੁਰੂ) ਤੇਗ ਬਹਾਦਰ ਵੀ ਉਨ੍ਹਾਂ ਦੀ ਸੰਗਤ ਵਿੱਚ ਸਨ। ਸ੍ਰੀ ਕੀਰਤਪੁਰ ਸਾਹਿਬ ਵਿੱਚ ਲੱਗਭੱਗ ਇੱਕ ਦਹਾਕੇ ਦਾ ਸਮਾਂ ਗੁਜਾਰਨ ਕਰਕੇ ਨੌਵੇਂ ਪਾਤਸ਼ਾਹ ਉੱਪਰ ਗੁਰ-ਮਰਿਯਾਦਾ ਦਾ ਪੂਰਾ ਪ੍ਰਭਾਵ ਪੈ ਚੁੱਕਾ ਸੀ। ਇਸ ਪ੍ਰਭਾਵ ਸਦਕਾ ਉਨ੍ਹਾਂ ਦਾ ਦਿਲ ਦਰਦਵੰਦਾਂ ਅਤੇ ਲੋੜਵੰਦਾਂ ਲਈ ਧੜਕਣ ਲੱਗ ਪੈਂਦਾ ਸੀ। ਗਰੀਬ-ਗੁਰਬੇ ਦੀ ਮਦਦ ਲਈ ਆਪ ਹਮੇਸ਼ਾਂ ਹੀ ਯਤਨਸ਼ੀਲ ਰਹਿੰਦੇ ਸਨ। ਉਨ੍ਹਾਂ ਦੀ ਇਸ ਯਤਨਸ਼ੀਲਤਾ ਨੂੰ ਦੇਖ ਕੇ ਜਿੱਥੇ ਗੁਰੂ ਪਿਤਾ ਜੀ ਪ੍ਰਸੰਨ-ਚਿੱਤ ਰਹਿੰਦੇ ਸਨ,ਉੱਥੇ ਨਾਲ ਹੀ ਗੁਰੂ ਨਾਨਕ ਦੇ ਘਰ ਦੀ ਵਡੇਰੀ ਜ਼ਿੰਮੇਵਾਰੀ (ਗੁਰਗੱਦੀ) ਨੂੰ ਸੰਭਾਲਣ ਦੇ ਯੋਗ ਵੀ ਸਮਝਦੇ ਸਨ। ਸ੍ਰੀ ਗੁਰੂ ਹਰਗੋਬਿੰਦ ਜੀ ਨੇ 1644 ਈ. ਨੂੰ ਆਪਣੇ ਪਰਿਵਾਰ (ਮਾਤਾ ਨਾਨਕੀ ਜੀ ਅਤੇ ਸਾਹਿਬਜ਼ਾਦਾ ਤੇਗ ਬਹਾਦਰ ਜੀ) ਨੂੰ ਬਕਾਲੇ ਨਗਰ ਦੀ ਧਰਤੀ ਨੂੰ ਭਾਗ ਲਗਾਉਣ ਲਈ ਕਿਹਾ। ਗੁਰੂ ਪਿਤਾ ਦੇ ਹੁਕਮ ਨੂੰ ਪ੍ਰਵਾਨ ਕਰਦਿਆਂ ਸ੍ਰੀ (ਗੁਰੂ) ਤੇਗ ਬਹਾਦਰ ਜੀ ਆਪਣੀ ਮਾਤਾ ਅਤੇ ਪਤਨੀ (ਮਾਤਾ ਗੁਜਰੀ ਜੀ) ਸਮੇਤ ਬਕਾਲੇ ਆ ਗਏ। ਇਹ ਉਨ੍ਹਾਂ ਦਾ ਨਾਨਕਾ ਪਿੰਡ ਸੀ। ਬਕਾਲੇ ਪਹੁੰਚਣ ਸਮੇਂ (ਗੁਰੂ) ਤੇਗ ਬਹਾਦਰ ਸਾਹਿਬ ਜੀ ਦੀ ਉਮਰ 20 ਕੁ ਸਾਲ ਦੇ ਕਰੀਬ ਸੀ। ਜੋਬਨ ਕਾਲ ਹੋਣ ਦੇ ਬਾਵਜੂਦ ਵੀ ਆਪਣੇ ਸੰਸਾਰਿਕਤਾ ਨਾਲੋਂ ਅਧਿਆਤਮਕਤਾ ਵੱਲ ਵਧੇਰੇ ਰੁਚਿਤ ਸਨ। ਸੇਵਾ ਤੇ ਸਿਮਰਨ ਦੇ ਨਾਲ-ਨਾਲ ਉਹ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਵੀ ਪੂਰੀ ਤਨਦੇਹੀ ਨਾਲ ਨਿਭਾਉਂਦੇ ਸਨ। ਇੱਥੇ ਰਹਿੰਦਿਆਂ ਕਈ ਗੁਰਸਿੱਖ ਸੱਜਣ ਉਨ੍ਹਾਂ ਨਾਲ ਮਿਲਾਪ ਲਈ ਵੀ ਆਇਆ ਕਰਦੇ ਸਨ। ਪ੍ਰਸ਼ਾਦੇ-ਪਾਣੀ ਦੀ ਸੇਵਾ ਤੋਂ ਬਾਅਦ ਗੁਰੂ ਕੀਆਂ ਅਕੱਥ ਕਹਾਣੀਆਂ ਛੋਹੀਆਂ ਜਾਂਦੀਆਂ ਸਨ। ਇੱਕ ਵਾਰੀ ਇੱਕ ਗੁਰਸਿੱਖ ਪਿਆਰੇ ਨੇ (ਗੁਰੂ) ਤੇਗ ਬਹਾਦਰ ਜੀ ਤੋਂ ਪੁੱਛਿਆ ਕਿ ਰੱਬ ਦੇ ਪਿਆਰਿਆਂ-ਭਗਤਾਂ ਨੂੰ ਕਸ਼ਟ ਕਿਉਂ ਆਉਂਦੇ ਹਨ? ਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਜਵਾਬ ਸੀ ਕਿ ਦੁਨੀਆਂ ਦੀ ਅਸਲੀਅਤ ਦੁੱਖਾਂ ਵਿੱਚ ਜਲਦੀ ਸਮਝ ਆ ਜਾਂਦੀ ਹੈ। ਸਾਨੂੰ ਦੁੱਖਾਂ



ਨੂੰ ਉਸ ਦੀ ਦਾਤ ਹੀ ਸਮਝਣਾ ਚਾਹੀਦਾ ਹੈ। ਇੱਕ ਸੇਵਕ ਵੱਲੋਂ ਜਦੋਂ ਭਗਤੀ ਦੇ ਪੜਾਵਾਂ ਬਾਬਤ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਪਹਿਲਾ ਪੜਾਅ ਹੈ,ਉਸ ਵੱਲੋਂ ਚਿੱਤ ਹਟਾਉਣਾ,ਜੋ ਅਕਾਲ ਪੁਰਖ ਵੱਲੋਂ ਚਿੱਤ ਹਟਾਏ। ਦੂਜਾ ਪੜਾਅ ਸਭ ਕੁੱਝ ਨੂੰ ਭੁੱਲ ਭੁਲਾ ਕੇ ਉਸ ਪਰਮ ਪਿਤਾ ਨਾਲ ਪ੍ਰੇਮ ਕਰਨਾ ਹੈ। ਤੀਜਾ ਪੜਾਅ ਉੱਠਦਿਆਂ-ਬੈਠਦਿਆਂ ਉਸ ਵਾਹਿਗੁਰੂ ਦੀ ਯਾਦ ਨੂੰ ਆਪਣੇ ਹਿਰਦੇ ਦਾ ਸ਼ਿੰਗਾਰ ਬਣਾ ਕੇ ਰੱਖਣਾ ਹੁੰਦਾ ਹੈ। ਜਦੋਂ (ਗੁਰੂ) ਤੇਗ ਬਹਾਦਰ ਜੀ ਬਕਾਲਾ ਨਗਰ ਤੋਂ ਆਪਣੇ ਸਾਲੇ ਭਾਈ ਕ੍ਰਿਪਾਲ ਚੰਦ ਨੂੰ ਮਿਲਣ ਲਈ ਕੀਰਤਪੁਰ ਸਾਹਿਬ ਜਾਂਦੇ ਤਾਂ ਉਹ ਸੱਤਵੇਂ ਪਾਤਸ਼ਾਹ ਸ੍ਰੀ ਹਰਿ ਰਾਏ ਸਾਹਿਬ ਦੇ ਦਰਬਾਰ ਦੀ ਹਾਜ਼ਰੀ ਵੀ ਭਰਦੇ ਸਨ। ਗੁਰੂ ਘਰ ਪ੍ਰਤੀ ਸਮਰਪਣ ਦੀ ਭਾਵਨਾ ਨੂੰ ਦੇਖ ਕੇ ਸੱਤਵੇਂ ਪਾਤਸ਼ਾਹ ਨੇ (ਗੁਰੂ) ਤੇਗ ਬਹਾਦਰ ਸਾਹਿਬ ਨੂੰ 1656 ਈ. ਵਿੱਚ ਮਾਲਵਾ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਬਿਹਾਰ ਆਦਿ ਪੂਰਬੀ ਪ੍ਰਾਂਤਾਂ ਵਿੱਚ ਗੁਰਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਦੀ ਜ਼ਿੰਮੇਵਾਰੀ ਸੰਭਾਲ ਦਿੱਤੀ। ਇਸ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਉਨ੍ਹਾਂ ਨੇ ਆਪਣੇ ਪਰਿਵਾਰਕ ਮੈਂਬਰਾਂ ਅਤੇ ਗੁਰੂ ਘਰਾਂ ਦੇ ਪ੍ਰੀਤਵਾਨਾਂ ਦਾ ਇੱਕ ਪ੍ਰਚਾਰਕ ਜੱਥਾ ਤਿਆਰ ਕਰ ਲਿਆ। ਇਸ ਜੱਥੇ ਨੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਬਾਬੇਕਿਆਂ ਦੇ ਸਾਂਝੀਵਾਲਤਾ ਦੇ ਸੰਦੇਸ਼ ਨੂੰ ਬਹੁਤ ਹੀ ਲਗਨ ਅਤੇ ਮਿਹਨਤ ਨਾਲ ਪੁੱਜਦਿਆਂ ਕੀਤਾ।

ਅੱਠਵੇਂ ਨਾਨਕ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਆਪਣੇ ਜੋਤੀ-ਜੋਤ (30 ਮਾਰਚ 1664 ਈ.) ਸਮਾਉਣ ਤੋਂ ਇੱਕ ਦਿਨ ਪਹਿਲੇ ਗੁਰਤਾ-ਗੱਦੀ ਦੀ ਸੌਂਪਣਾ ਆਦਿ ਆਪਣੇ ਦਾਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਬਾਬਾ ਬਕਾਲੇ ਦੇ ਸ਼ਬਦਾਂ ਨਾਲ ਕਰ ਗਏ ਸਨ,ਪਰ ਇਸ ਐਲਾਨ ਦਾ ਵੱਡੀ ਪੱਧਰ 'ਤੇ ਪ੍ਰਚਾਰ ਨਾ ਹੋਣ ਕਰਕੇ ਇਸ ਮੌਕੇ ਦਾ ਲਾਭ ਕਈ ਸਵਾਰਥੀ ਅਤੇ ਭੇਖਧਾਰੀ ਲੋਕਾਂ ਨੇ ਵੀ ਲੈਣਾ ਚਾਹਿਆ। ਉਹ ਬਾਬਾ ਬਕਾਲਾ ਸਾਹਿਬ ਵਿਖੇ ਆਪੋ-ਆਪਣੀਆਂ ਗੱਦੀਆਂ ਲਗਾ ਕੇ ਬੈਠ ਗਏ ਅਤੇ ਗੁਰੂ ਨਾਨਕ ਪਾਤਸ਼ਾਹ ਦੇ ਘਰ ਦੇ ਸੱਚੇ ਵਾਰਸ ਹੋਣ ਦਾ ਢਕਵੰਜ ਕਰਨ ਲੱਗ ਗਏ। ਇਨ੍ਹਾਂ ਢਕਵੰਜੀਆਂ ਵਿੱਚ ਧੀਰਮੱਲ ਜੋ ਕਿ ਗੁਰੂ ਹਰਿਕ੍ਰਿਸ਼ਨ ਜੀ ਦਾ ਚਾਚਾ ਲੱਗਦਾ ਸੀ, ਸਭ ਤੋਂ ਅੱਗੇ ਸੀ। ਇਸ ਤਰ੍ਹਾਂ ਇਨ੍ਹਾਂ ਨਕਲਧਾਰੀ ਗੁਰੂਆਂ ਦੀ ਤਾਦਾਦ 22 ਦੇ ਕਰੀਬ ਪਹੁੰਚ ਗਈ। ਸਿੱਖ ਸੰਗਤਾਂ ਲਈ ਇਹ ਸਮਾਂ ਜਿੱਥੇ ਇੱਕ ਇਮਤਿਹਾਨ ਦਾ ਸਮਾਂ ਸੀ,ਉੱਥੇ ਨਾਲ ਹੀ ਸਿਦਕਦਿਲੀ ਅਤੇ ਸਮਝਦਾਰੀ ਤੋਂ ਕੰਮ ਲੈਣ ਦਾ ਵਕਤ ਵੀ ਸੀ। ਇਹ ਸਮਝਦਾਰੀ ਦਾ ਸਬੂਤ ਗੁਰੂ-ਘਰ ਦੇ ਇੱਕ ਧਨੀ ਸਿੱਖ ਭਾਈ ਮੱਖਣ ਸ਼ਾਹ ਲੁਬਾਣਾ ਵੱਲੋਂ ਦਿੱਤਾ ਗਿਆ। 1664 ਈ. ਦੀ ਦੀਵਾਲੀ ਮੌਕੇ ਗੁਰੂ ਨਾਨਕ ਦਰਬਾਰ ਦਾ ਇਹ ਅਨਿਨ ਸ਼ਰਧਾਲੂ ਮਸੰਦ ਆਪਣੀ ਪਤਨੀ ਸੋਲਜਹੀ ਅਤੇ ਆਪਣੇ ਸਪੁੱਤਰਾਂ ਲਾਲ ਚੰਦ ਅਤੇ ਚੰਦੂ ਲਾਲ ਸਮੇਤ ਬਾਬੇ ਬਕਾਲੇ ਆਇਆ। ਵਪਾਰੀ ਮੱਖਣ ਸ਼ਾਹ ਨੇ ਦੇਖਿਆ ਕਿ ਇੱਥੇ ਕੋਈ ਇੱਕ ਨਹੀਂ,ਸਗੋਂ ਬਹੁਗਿਣਤੀ ਆਪਣੇ ਆਪ ਨੂੰ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੀ ਗੱਦੀ-ਨਸ਼ੀਨ ਦੱਸ ਰਹੀ ਸੀ। ਇਸ ਭੰਬਲਭੂਸੇ ਵਿੱਚੋਂ ਬਾਹਰ ਨਿਕਲਣ ਲਈ ਭਾਈ ਮੱਖਣ ਸ਼ਾਹ ਨੇ ਇੱਕ ਵਿਉਂਤਬੰਦੀ ਕੀਤੀ। ਇਸ ਵਿਉਂਤਬੰਦੀ ਤਹਿਤ ਉਸ ਨੇ ਹਰੇਕ ਦਾਅਵੇਦਾਰ ਅੱਗੇ ਦੋ-ਦੋ ਮੋਹਰਾਂ ਰੱਖ ਦਿੱਤੀਆਂ। ਉਨ੍ਹਾਂ ਮੋਹਰਾਂ ਨੂੰ ਦੇਖ ਕੇ ਸਾਰੇ ਗੱਦੀਦਾਰ ਪ੍ਰਸੰਨ ਤਾਂ ਹੋ ਰਹੇ ਸਨ,ਪਰ ਅਸਲ ਦਸਵੰਧ ਦੀ ਮਾਇਆ ਕੋਈ ਨਹੀਂ ਮੰਗ ਰਿਹਾ ਸੀ। ਨਿਰਾਸ਼ ਹੋਏ ਭਾਈ ਮੱਖਣ ਸ਼ਾਹ ਨੂੰ ਕਿਸੇ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਟਿਕਾਣੇ ਦੀ ਦੱਸ ਪਾ ਦਿੱਤੀ। ਜਦੋਂ ਉਹ ਉਸ ਟਿਕਾਣੇ 'ਤੇ ਪਹੁੰਚਿਆ ਤਾਂ ਗੁਰੂ ਜੀ ਨਾਮ ਸਿਮਰਨ ਵਿੱਚ ਜੁੜੇ ਹੋਏ ਸਨ। ਜਦੋਂ ਮੱਖਣ ਸ਼ਾਹ ਨੇ ਇੱਥੇ ਵੀ ਦੋ ਮੋਹਰਾਂ ਰੱਖ ਕੇ ਗੁਰੂ ਸਾਹਿਬ ਨੂੰ ਨਮਸਕਾਰ ਕੀਤੀ ਤਾਂ ਦਿਲਾਂ ਦੀਆਂ ਜਾਣਨ ਵਾਲੇ ਬਾਬੇ ਨੇ ਕਿਹਾ ਕਿ ਗੁਰੂ ਘਰ ਵਿੱਚ ਮਾਇਆ ਦਾ ਕੋਈ ਲਾਲਚ ਨਹੀਂ,ਪਰ ਇਹ ਤਾਂ ਦੱਸੋ ਕਿ ਦਸਵੰਧ ਦੀ ਬਾਕੀ ਮਾਇਆ ਕਿੱਥੇ ਗਈ ਹੈ?ਇਹ ਬਚਨ ਸੁਣ ਕੇ ਮੱਖਣ ਸ਼ਾਹ ਲੁਬਾਣੇ ਦੀ ਖੁਸ਼ੀ ਉਛਾਲਾ ਮਾਰ ਗਈ ਅਤੇ ਉਹ ਇੱਕ ਛੱਤ ਉੱਪਰ ਚੜ੍ਹ ਕੇ ਬੁਲੰਦ ਆਵਾਜ਼ ਵਿੱਚ ਕਹਿਣ ਲੱਗਾ ਗੁਰੂ ਲਾਧੋ ਰੇ! ਗੁਰੂ ਲਾਧੋ ਰੇ!! ਇਸ ਮੌਕੇ ਦੀ ਤਸਵੀਰ ਸੂਰਜ ਪ੍ਰਕਾਸ਼ ਦੇ ਲੇਖਕ ਨੇ ਆਪਣੇ ਕਾਵਿਕ ਕੈਮਰੇ ਨਾਲ ਇੰਜ ਖਿੱਚੀ ਹੈ:-

ਭੁਲੀਏ ਸੰਗਤਿ! ਸੁਨਹੁ ਸੁ ਕਾਨ।
ਸਤਿਗੁਰੁ ਲਧਾ ਮਰਦ ਮਹਾਨ।

ਗੁਰੂ ਕਿਆਂ ਵੱਲੋਂ ਨਵੇਂ ਨਗਰ ਵਸਾਉਣ ਦੀ ਪ੍ਰਥਾ ਤਹਿਤ ਨੌਵੇਂ ਗੁਰਾਂ ਨੇ ਬਾਬਾ ਬੁੱਢਾ ਜੀ ਦੀ ਅੰਸ਼ ਬਾਬਾ ਗੁਰਦਿੱਤਾ ਸਿੰਘ ਜੀ ਤੋਂ ਸੰਨ 1665 ਦੇ ਜੂਨ ਮਹੀਨੇ ਵਿੱਚ ਚੱਕ ਨਾਨਕੀ ਨਗਰ ਦੀ ਮੋੜੀ ਗਡਵਾ ਦਿੱਤੀ। ਇਸ ਸਥਾਨ ਨੂੰ ਪਹਿਲਾਂ ਮਾਖੋਵਾਲ ਆਖਦੇ ਸਨ,ਜਿਹੜਾ ਇੱਕ ਮਾਖੇ ਦੈਂਤ ਕਾਰਨ ਪਿਆ ਸੀ। ਗੁਰੂ ਸਾਹਿਬਾਨ ਦੇ ਚਰਨਾਂ ਦੀ ਛੋਹ ਪਾ ਕੇ ਇਹ ਸਥਾਨ ਧਰਮ-ਕਰਮ ਦੀਆਂ ਗਤੀਵਿਧੀਆਂ ਦਾ ਗੜ੍ਹ ਬਣ ਗਿਆ। ਇੱਥੇ ਹੁਣ ਇਲਾਹੀ ਬਾਣੀ ਦੇ ਦਿਨ-ਰਾਤ ਗਾਇਨ ਹੋਣ ਲੱਗ ਪਏ। ਇਸ ਗਾਇਨ ਸਦਕਾ ਇਹ ਥਾਂ ਆਨੰਦਾਂ ਦੀ ਪੁਰੀ ਬਣ ਗਈ, ਜਿਸ ਨੂੰ ਅੱਜ ਵੀ ਆਨੰਦਪੁਰ ਸਾਹਿਬ ਕਹਿ ਕੇ ਸਤਿਕਾਰ ਦਿੱਤਾ ਜਾਂਦਾ ਹੈ। ਆਪਣੀਆਂ ਪ੍ਰਚਾਰ ਫੇਰੀਆਂ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜਿੱਥੇ ਵੀ ਗਏ,

ਬਾਕੀ ਹਿਸਾ ਸਫ਼ਾ 58 ਤੇ ਪੜ੍ਹੋ

57 ਸਫ਼ੇ ਦੀ ਬਾਕੀ

ਉੱਥੇ ਹੀ ਉਨ੍ਹਾਂ ਨੇ ਕਰਮਕਾਂਡੀ ਜੀਵਨ ਨੂੰ ਤਿਆਗਣ ਅਤੇ ਪ੍ਰਮਾਤਮਾ ਦੇ ਨਾਂਅ ਨੂੰ ਵਿਆਜਣ ਦੀ ਪ੍ਰੇਰਣਾ ਦਿੱਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਲੋਕਾਈ ਨੂੰ ਨਿਰਭੈ ਰਹਿ ਕੇ ਅਣਖ ,ਇੱਜ਼ਤ ਅਤੇ ਆਜ਼ਾਦੀ ਵਾਲਾ ਜੀਵਨ ਜਿਊਣ ਦਾ ਹੋਕਾ ਵੀ ਦਿੱਤਾ। ਉਨ੍ਹਾਂ ਦੀ ਸਮਝ ਵਿੱਚ ਗਿਆਨਵਾਨ ਪੁਰਖ ਉਹ ਹੁੰਦਾ ਹੈ ਜੋ ਨਾ ਤਾਂ ਕਿਸੇ ਤੋਂ ਡਰਦਾ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ:-

ਭੈ ਕਾਹੂ ਕਉ ਦੇਤ ਨਾਹਿ
ਨਾਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ
ਗਿਆਨੀ ਤਾਹਿ ਬਖਾਨਿ ॥

ਗੁਰੂ ਸਾਹਿਬ ਵੱਲੋਂ ਬੁਲੰਦ ਕੀਤਾ ਗਿਆ ਇਹ ਨਾਅਰਾ ਵਕਤ ਦੇ ਹਾਕਮ ਔਰੰਗਜ਼ੇਬ ਤੱਕ ਵੀ ਪਹੁੰਚ ਗਿਆ। ਮਨੁੱਖੀ ਆਜ਼ਾਦੀ ਦੀ ਤਰਜਮਾਨੀ ਕਰਨ ਵਾਲੀ ਇਹ ਆਵਾਜ਼ ਮੁਗਲ ਬਾਦਸ਼ਾਹ ਦੇ ਕੰਨਾਂ ਵਿੱਚ ਰੜਕਣ ਲੱਗ ਪਈ ਅਤੇ ਉਸ ਨੂੰ ਗੁਰੂ ਸਾਹਿਬ ਦੇ ਇਸ ਸਿਧਾਂਤ ਵਿੱਚੋਂ ਬਗਾਵਤ ਦੀ ਬੋਅ ਆਉਣ ਲੱਗ ਪਈ। ਸਿੱਟੇ ਵਜੋਂ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ ਲਈ ਆਲਮ ਖਾਨ ਨੂੰ ਭੇਜ ਦਿੱਤਾ। ਆਪਣੀ ਫੌਜ ਲੈ ਕੇ ਆਲਮ ਖਾਨ 8 ਨਵੰਬਰ ਸੰਨ 1665 ਨੂੰ ਧਮਤਾਣ ਆ ਗਿਆ ਅਤੇ ਕੁੱਝ ਮੁੱਖੀ ਸਿੱਖਾਂ/ਸੇਵਕਾਂ ਸਮੇਤ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰ ਲਿਆ। ਗ੍ਰਿਫਤਾਰੀ ਤੋਂ ਬਾਅਦ ਔਰੰਗਜ਼ੇਬ ਨੇ ਕਈ ਨਰਮ ਢੰਗ ਤਰੀਕਿਆਂ ਨਾਲ ਗੁਰੂ ਜੀ ਨੂੰ ਇਸਲਾਮ ਧਾਰਨ ਕਰਨ ਲਈ ਕਿਹਾ ਪਰ ਗੁਰੂ ਸਾਹਿਬ ਦੇ ਦਲੀਲ ਪੂਰਵਕ ਜਵਾਬ ਅੱਗੇ ਉਸ ਦੀ ਕੋਈ ਪੇਸ਼ ਨਾ ਗਈ। ਰਾਜਾ ਜੈ ਸਿੰਘ ਜਿੱਥੇ ਗੁਰੂ ਦਰਬਾਰ ਪ੍ਰਤੀ ਆਪਣੇ ਪ੍ਰੇਮ ਦਾ ਪ੍ਰਗਟਾਵਾ ਕਰਦਾ ਰਹਿੰਦਾ ਸੀ, ਉੱਥੇ ਉਸ ਦੀ ਧਰਮ ਪਤਨੀ ਰਾਣੀ ਪੁਸ਼ਪਾ ਵੀ ਬਾਬੇ ਨਾਨਕ ਦੀ ਸੋਚ ਦੀ ਧਾਰਨੀ ਸੀ। ਇਸ ਪਰਿਵਾਰ ਦੀ ਦਖਲਅੰਦਾਜ਼ੀ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਇੱਕ ਮਹੀਨੇ ਦੀ ਕੈਦ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ। ਅਬੁਜਫਰ ਮਹੁੱਈਉਦੀਨ ਮੁਹੰਮਦ ਔਰੰਗਜ਼ੇਬ ਇੱਕ ਕੱਟੜ ਸੁੰਨੀ ਮੁਸਲਮਾਨ ਸੀ। ਉਸ ਦੀ ਧਾਰਮਿਕ ਅਤੇ ਰਾਜਨੀਤਕ ਨੀਤੀ ’ਤੇ ਨਕਸ਼ਬੰਦੀ ਸਿਲਸਿਲੇ ਦਾ ਬਹੁਤ ਗਹਿਰਾ ਪ੍ਰਭਾਵ ਸੀ, ਜਿਸ ਕਾਰਨ ਉਹ ਅਤਿ ਦਰਜੇ ਦਾ ਨਿਰਦਈ ਅਤੇ ਜਨੂੰਨੀ ਬਣ ਗਿਆ ਸੀ। ਉਹ ਡੰਡੇ ਦੇ ਡਰ ਨਾਲ ਇਸਲਾਮ ਦਾ ਬੋਲਬਾਲਾ ਕਰਨਾ ਚਾਹੁੰਦਾ ਸੀ। ਇਸ ਚਾਹਤ ਨੂੰ ਪੂਰਿਆਂ ਕਰਨ ਲਈ ਔਰੰਗਜ਼ੇਬ ਨੇ ਸਾਮ,ਦਾਮ ਅਤੇ ਦੰਡ ਦੀ ਵਰਤੋਂ ਤੋਂ ਵੀ ਗੁਰੇਜ ਨਹੀਂ ਕੀਤਾ। ਉਸ ਨੇ ਹਿੰਦੂਆਂ ਉੱਤੇ ਜਜੀਆ ਆਦਿ ਟੈਕਸ ਲਗਾ ਦਿੱਤੇ ਅਤੇ ਉਨ੍ਹਾਂ ਉੱਤੇ ਜ਼ੁਲਮ ਢਾਹ ਕੇ ਉਨ੍ਹਾਂ ਨੂੰ ਮੁਸਲਮਾਨ ਬਣਨ ਲਈ ਮਜ਼ਬੂਰ ਕਰ ਦਿੱਤਾ। ਇੱਥੇ ਹੀ ਬੱਸ ਨਹੀਂ ਬਾਦਸ਼ਾਹ ਨੇ ਹਿੰਦੂ ਭਾਈਚਾਰੇ ਦੇ ਮਥਰਾ ਅਯੁੱਧਿਆ,ਕਾਸ਼ੀ ਅਤੇ ਬਨਾਰਸ ਆਦਿ ਸ਼ਹਿਰਾਂ ਵਿਚਲੇ ਕਈ ਪੂਜਣਯੋਗ ਮੰਦਰ ਵੀ ਢਹਿ-ਢੇਰੀ ਕਰ ਦਿੱਤੇ। ਇਸ ਦੇ ਨਾਲ ਕਈ ਪਾਠਸ਼ਾਲਾਵਾਂ ਵੀ ਖਤਮ ਕਰ ਦਿੱਤੀਆਂ ਗਈਆਂ। ਔਰੰਗਜ਼ੇਬ ਵੱਲੋਂ ਆਪਣੀ ਇਸ ਦਮਨਕਾਰੀ ਨੀਤੀ ਨੂੰ ਜਾਰੀ ਰੱਖਦਿਆਂ ਸਤੰਬਰ 1671 ਈ. ਵਿੱਚ ਇਫਤਿਖਾਰ ਖਾਨ ਨੂੰ ਸੂਬਾ ਕਸ਼ਮੀਰ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ। ਇਸ ਦਾ ਖਿਤਾਬ ਸ਼ੇਰ-ਏ-ਅਫਗਾਨ ਸੀ। ਇਹ ਸੂਬੇਦਾਰ ਵੀ ਤੰਗਦਿਲ, ਕੱਟੜ ਜਨੂੰਨੀ ਅਤੇ ਬੇਰਹਿਮ ਸੁਭਾਅ ਦਾ ਮਾਲਕ ਸੀ। ਕੋਈ ਅਜਿਹਾ ਅੱਤਿਆਚਾਰ ਨਹੀਂ ਬਚਿਆ ਸੀ, ਜੋ ਕਸ਼ਮੀਰ ਦੇ ਸੂਬੇਦਾਰ ਨੇ ਕਸ਼ਮੀਰੀ ਪੰਡਿਤਾਂ ’ਤੇ ਨਾ ਕੀਤਾ ਹੋਵੇ। ਇਸੇ ਸੂਬੇ ਵਿੱਚ ਕੁੱਝ ਵਿਦਵਾਨ ਬ੍ਰਾਹਮਣਾਂ ਦਾ ਵੀ ਵਸੇਬਾ ਸੀ,ਜੋ ਆਪਣੇ ਆਪ ਨੂੰ ਸਾਰੀ (ਹਿੰਦੂ) ਕੌਮ ਦੇ ਆਗੂ ਸਮਝਦੇ ਸਨ। ਇਨ੍ਹਾਂ ਦੀ ਇਸ ਸਮਝ ਦਾ ਲਾਹਾ ਕਸ਼ਮੀਰ ਦਾ ਰਾਜਪਾਲ ਇਹ ਸੋਚ ਕੇ ਲੈਣਾ ਚਾਹੁੰਦਾ ਸੀ ਕਿ ਜੇਕਰ ਇਹ (ਆਗੂ ਧਿਰ) ਮੁਸਲਮਾਨ ਬਣ ਜਾਵੇ ਤਾਂ ਬਾਕੀ ਹਿੰਦੂਆਂ ਨੂੰ ਇਸਲਾਮ ਦੇ ਝੰਡੇ ਹੇਠ ਲਿਆਉਣਾ ਸਹਿਜ ਅਤੇ ਸੁਖਾਲਾ ਹੋ ਸਕਦਾ ਹੈ। ਕਸ਼ਮੀਰ ਦੇ ਹਿੰਦੂ ਵੀਰਾਂ ਨੂੰ ਧਾਰਮਿਕ ਤੌਰ ’ਤੇ ਜ਼ਲੀਲ ਕਰਨ ਲਈ ਉਨ੍ਹਾਂ ਦੇ ਧਾਰਮਿਕ ਚਿੰਨ੍ਹਾਂ ਦੀ ਬੇਅਦਬੀ ਕੀਤੀ ਜਾਣ ਲੱਗੀ। ਜਨੇਊ ਤੋੜ ਕੇ ਟਿੱਕੇ ਸਾਫ ਕਰ ਦਿੱਤੇ ਗਏ। ਇਸ ਤੋਂ ਇਲਾਵਾ ਉਨ੍ਹਾਂ ਨੂੰ ਗਾਂ ਦਾ ਮਾਸ ਵੀ ਜ਼ਬਰਦਸਤੀ ਖਾਣ ਲਈ ਦਿੱਤਾ ਗਿਆ। ਧਰਮ ਦੇ ਨਾਲ-ਨਾਲ ਧੀਆਂ-ਭੈਣਾਂ ਦੀ ਇੱਜ਼ਤ ਵੀ ਦਾਅ ’ਤੇ ਲੱਗ ਗਈ। ਬਹੁਤ ਸਾਰੇ ਹਿੰਦੂ ਪਰਿਵਾਰਾਂ ਨੇ ਇਫਤਿਖਾਰ ਖਾਨ ਅੱਗੇ ਹਾਰ ਮੰਨ ਲਈ ਅਤੇ ਇਸਲਾਮ ਨੂੰ ਕਬੂਲ ਕਰ ਲਿਆ। ਸਿਰਫ ਕੁੱਝ ਕੁ ਪਰਿਵਾਰ ਬਚੇ ਸਨ,ਜੋ ਕਿਸੇ ਚਮਤਕਾਰ ਦੀ ਆਸ ਲਗਾਈ ਬੈਠੇ ਸਨ। ਜਦੋਂ ਚਮਤਕਾਰੀ ਸ਼ਕਤੀਆਂ ਵੀ ਨਾ ਬਹੁੜੀਆਂ ਤਾਂ ਉਨ੍ਹਾਂ ਪਰਿਵਾਰਾਂ ਦੀ ਫਿਕਰਮੰਦੀ ਵੀ ਵੱਧਣ ਲੱਗੀ। ਇਸ ਫਿਕਰਮੰਦੀ ਨੂੰ ਘਟਾਉਣ ਲਈ ਭਾਵ ਆਪਣੇ ਡੁੱਬਦੇ ਧਰਮ ਨੂੰ ਬਚਾਉਣ ਲਈ ਇਨ੍ਹਾਂ ਪਰਿਵਾਰਾਂ ਦੇ ਮੋਹਤਬਰ ਬੰਦਿਆਂ ਨੇ ਕੁੱਝ ਸੋਚਣਾ ਆਰੰਭ ਕੀਤਾ। ਸੋਚਾਂ ਦੇ ਸਮੁੰਦਰਾਂ ਵਿੱਚ ਗੋਤੇ ਖਾਂਦਿਆਂ ਨੂੰ ਸ੍ਰੀ ਆਨੰਦਪੁਰ ਸਾਹਿਬ ਦਾ ਰਾਹ ਦਿਖਾਈ ਦੇਣ ਲੱਗ ਪਿਆ। ਕਸ਼ਮੀਰ ਦੇ ਪੰਡਿਤ ਇਹ ਗੱਲ ਭਲੀਭਾਂਤ ਸਮਝ ਚੁੱਕੇ ਸਨ ਕਿ ਇਨ੍ਹਾਂ ਅਤਿ ਸੰਕਟਮਈ ਹਾਲਾਤਾਂ ਵਿੱਚ ਸਾਡੀ ਬਾਂਹ ਕੇਵਲ ਸ੍ਰੀ ਆਨੰਦਪੁਰ ਸਾਹਿਬ ਦੇ ਵਾਸੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਹੀ ਫੜ੍ਹ ਸਕਦੇ ਹਨ, ਕਿਉਂਕਿ ਗੁਰੂ ਸਾਹਿਬ ਨੇ ਆਪਣੇ ਪ੍ਰਚਾਰ ਦੌਰਿਆਂ ਦੌਰਾਨ ਸੰਗਤਾਂ ਨੂੰ ਨਾ ਕਿਸੇ ਤੋਂ ਡਰਨ ਅਤੇ ਨਾ ਹੀ ਡਰਾਉਣ ਦੀ ਗੱਲ ਕਹੀ ਸੀ ਅਤੇ ਨਿਰਾਸ਼ਾਜਨਕ ਸਥਿਤੀਆਂ ਨੂੰ ਚੜ੍ਹਦੀ ਕਲਾਂ ਵਿੱਚ ਬਦਲਣ ਦੇ ਭਰਪੂਰ ਯਤਨ ਕੀਤੇ ਸਨ। ਇਨ੍ਹਾਂ ਯਤਨਾਂ ਦੀ ਬਦੌਲਤ ਕਈ ਹਿੰਦੂ ਪਰਿਵਾਰ ਵੀ ਗੁਰੂ ਘਰ ਨਾਲ ਜੁੜ ਗਏ ਸਨ। ਕਸ਼ਮੀਰੀ ਪੰਡਿਤ ਬ੍ਰਹਮਦਾਸ ਦੇ ਖਾਨਦਾਨ ਵਿੱਚ ਇੱਕ ਪੰਡਤ ਕ੍ਰਿਪਾ ਰਾਮ ਪੈਦਾ ਹੋਇਆ,ਜੋ ਬਚਪਨ ਕਾਲ ਤੋਂ ਹੀ ਗੁਰੂ ਘਰ ਆਉਂਦਾ ਰਹਿੰਦਾ ਸੀ। 25 ਮਈ 1675 ਈ. ਨੂੰ ਉਹ 16 ਮੁੱਖੀ ਪੰਡਿਤਾਂ ਨੂੰ ਨਾਲ ਲੈ ਕੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਆ ਗਿਆ। ਡਾਢੇ ਦੁੱਖੀ ਮਨ ਨਾਲ ਕਸ਼ਮੀਰੀ ਪੰਡਿਤਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਆਪਣੇ ਨਾਲ ਹੁੰਦੀਆਂ ਵਧੀਕੀਆਂ ਦੀ ਦਰਦ ਕਹਾਣੀ ਸੁਣਾਈ ਅਤੇ ਸਰਕਾਰੀ ਅੱਤਿਆਚਾਰ ਤੋਂ ਬਚਾਉਣ ਦੀ ਬੇਨਤੀ ਕੀਤੀ। ਕਸ਼ਮੀਰੀ ਪੰਡਿਤਾਂ ਦੀ ਦਰਦਨਾਕ ਵਿਥਿਆ ਸੁਣ ਕੇ ਦਰਬਾਰ ਵਿੱਚ ਜੁੜ ਬੈਠੀਆਂ ਸੰਗਤਾਂ ਦੇ ਵੀ ਦਿਲ ਪਸੀਜ ਗਏ। ਬਾਲ ਗੋਬਿੰਦ ਰਾਏ ਜੀ ਜਿਨ੍ਹਾਂ ਦੀ ਉਮਰ ਉਸ ਸਮੇਂ 9 ਕੁ ਸਾਲ ਦੀ ਸੀ ਗੁਰੂ ਪਿਤਾ ਜੀ ਕੋਲ ਆਏ ਅਤੇ ਉਦਾਸੀ ਭਰੇ ਮਾਹੌਲ ਦਾ ਕਾਰਨ ਪੁੱਛਣ ਲੱਗੇ। ਗੁਰੂ ਜੀ ਨੇ ਆਪਣੇ ਲਾਲ ਨੂੰ ਜਿੱਥੇ ਕਸ਼ਮੀਰੀ ਪੰਡਿਤਾਂ ਦੀ ਦਰਦਨਾਕ ਦਾਸਤਾਨ ਸੁਣਾਈ, ਉੱਥੇ ਨਾਲ ਹੀ ਕਹਿ ਦਿੱਤਾ ਕਿ ਇਸ ਦਰਦ ਨੂੰ ਦੂਰ ਕਰਨ ਲਈ ਪਵਿੱਤਰ ਆਤਮਾ ਦੀ ਕੁਰਬਾਨੀ ਦੀ ਲੋੜ ਹੈ,ਜੋ ਜ਼ਾਲਮਾਂ ਦਾ ਮਨ ਬਦਲ ਦੇਵੇ। ਬਾਲ ਗੋਬਿੰਦ ਰਾਏ ਜੀ ਦੇ ਮੁਖਾਰਬਿੰਦ ਵਿੱਚੋਂ ਸੁਭਾਵਿਕ ਹੀ ਨਿਕਲਿਆ ਕਿ ਉਹ ਪਵਿੱਤਰ ਅਤੇ ਪੂਰਨ ਆਤਮਾ ਆਪ ਜੀ ਤੋਂ ਬਗੈਰ ਹੋਰ ਕੌਣ ਹੋ ਸਕਦੀ ਹੈ। ਸਾਹਿਬਜ਼ਾਦੇ ਦਾ ਜਵਾਬ ਸੁਣ ਕੇ ਸਾਰੀ ਸੰਗਤ ਵਿੱਚ ਹੈਰਾਨੀ ਛਾ ਗਈ, ਪਰ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੇ ਫਰਜੰਦ ਦੀ ਰਾਏ ਨਾਲ ਪ੍ਰਸੰਨ ਹੋ ਗਏ। ਉਨ੍ਹਾਂ ਨੇ ਗੋਬਿੰਦ ਰਾਏ ਜੀ ਨੂੰ ਘੁੱਟ ਕੇ ਛਾਤੀ ਨਾਲ ਲਗਾਇਆ ਅਤੇ ਬੋਲੇ ਕਿ ਲਾਲ ਜੀ ਤੁਸਾਂ ਦੀ ਗੱਲ ਸੁਣ ਕੇ ਮੇਰੀ ਚਿੰਤਾ ਦੂਰ ਹੋ ਗਈ ਹੈ। ਮੇਰੀ ਸ਼ਹਾਦਤ ਤੋਂ ਬਾਅਦ ਤੁਸੀਂ ਕੌਮ ਨੂੰ ਸਹੀ ਅਤੇ ਸੁਚੱਜੀ ਅਗਵਾਈ ਦੇਣ ਦੇ ਸਮਰੱਥ ਹੋ। ਗੁਰੂ ਨਾਨਕ ਪਾਤਸ਼ਾਹ ਤੁਸਾਂ ’ਤੇ ਆਪਣਾ ਮਿਹਰ ਭਰਿਆ ਹੱਥ ਬਣਾਈ ਰੱਖਣਗੇ। ਬਾਲ ਗੋਬਿੰਦ ਰਾਏ ਦੇ ਸੰਤੋਖਜਨਕ ਜਵਾਬ ਅਤੇ ਦੂਰਦਰਸ਼ਕ ਦ੍ਰਿਸ਼ਟੀਕੋਣ ਸਦਕਾ ਨੌਵੇਂ ਗੁਰਾਂ ਨੇ ਪੰਡਿਤ ਕ੍ਰਿਪਾ ਰਾਮ ਨੂੰ ਆਖ ਦਿੱਤਾ ਕਿ ਔਰੰਗਜ਼ੇਬ ਤੱਕ ਮੇਰਾ ਇਹ ਸੰਦੇਸ਼ ਪਹੁੰਚਾ ਦਿਓ ਕਿ ਜੇਕਰ ਉਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਮੁਸਲਮਾਨ ਬਣਾ ਲਵੇ ਤਾਂ ਦੇਸ਼ ਦੇ ਸਾਰੇ ਹਿੰਦੂ ਆਪਣੇ-ਆਪ ਹੀ ਇਸਲਾਮ ਨੂੰ ਕਬੂਲ ਕਰ ਲੈਣਗੇ। ਗੁਰੂ ਸਾਹਿਬ ਦੇ ਇਸ ਦਲੇਰਾਨਾ ਐਲਾਨ ਸਦਕਾ ਕਸ਼ਮੀਰੀ ਪੰਡਿਤਾਂ ਦੀ ਜਾਨ ਵਿੱਚ ਜਾਨ ਆ ਗਈ। ਉਨ੍ਹਾਂ ਨੂੰ ਪੱਕਾ ਯਕੀਨ ਹੋ ਗਿਆ ਕਿ ਉਨ੍ਹਾਂ ਦਾ ਧਰਮ ਹੁਣ ਡੁੱਬਣ ਤੋਂ ਬੱਚ ਜਾਵੇਗਾ। ਹੌਂਸਲੇ ਵਿੱਚ ਆਏ ਕਸ਼ਮੀਰੀ ਪੰਡਿਤ ਸ੍ਰੀ ਆਨੰਦਪੁਰ ਸਾਹਿਬ ਤੋਂ ਚਾਲੇ ਪਾ ਗਏ। 8 ਜੁਲਾਈ 1675 ਈ. ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲ ਦਿੱਤੀ ਅਤੇ ਨਾਲ ਹੀ ਆਉਣ ਵਾਲੇ ਸਮੇਂ ਦੀ ਗੰਭੀਰਤਾ ਤੋਂ ਗਿਆਤ ਕਰਵਾ ਦਿੱਤਾ। ਸੰਗਤਾਂ ਨੂੰ ਅਣਖ, ਇੱਜ਼ਤ ਅਤੇ ਸਵੈਮਾਣ ਦਾ ਜੀਵਨ ਜਿਊਣ ਦਾ ਉਪਦੇਸ਼ ਦੇ ਕੇ ਗੁਰੂ ਸਾਹਿਬ ਆਪਣੇ ਸਾਥੀਆਂ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਸਮੇਤ ਦਿੱਲੀ ਵੱਲ ਨੂੰ ਰਵਾਨਾ ਹੋ ਗਏ। ਇਧਰ ਗੁਰੂ ਸਾਹਿਬ ਦੀ ਵੰਗਾਰ ਦਿੱਲੀ ਦੇ ਹਾਕਮ ਔਰੰਗਜੇਬ ਤੱਕ ਵੀ ਪਹੁੰਚ ਗਈ। ਬਾਦਸ਼ਾਹ ਕੱਟੜ ਧਾਰਮਿਕ ਇਰਾਦੇ ਦਾ ਮਾਲਕ ਸੀ। ਉਸ ਨੇ ਗੁਰੂ ਸਾਹਿਬ ਵੱਲੋਂ ਕਸ਼ਮੀਰੀ ਪੰਡਿਤਾਂ ਪ੍ਰਤੀ ਦਿਖਾਈ ਹਮਦਰਦੀ ਨੂੰ ਆਪਣੇ ਮਨੋਰਥ ਦੀ ਸਿੱਧੀ ਵਿੱਚ ਰੁਕਾਵਟ ਸਮਝ ਲਿਆ ਅਤੇ ਹਸਨ-ਅਬਦਾਲ ਤੋਂ ਗੁਰੂ ਸਾਹਿਬ ਦੀ ਗ੍ਰਿਫਤਾਰੀ ਦਾ ਹੁਕਮ ਜਾਰੀ ਕਰ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਤਿੰਨ ਸਿੱਖਾਂ ਨੂੰ ਗ੍ਰਿਫਤਾਰ ਕਰਕੇ ਰੋਪੜ ਦੇ ਕੋਤਵਾਲ ਮਿਰਜ਼ਾ ਨੂਰ ਮੁਹੰਮਦ ਖਾਨ ਨੇ ਪੁਲਿਸ ਦਸਤੇ ਦੀ ਨਿਗਰਾਨੀ ਹੇਠ ਸਰਹਿੰਦ ਦੇ ਸੂਬੇਦਾਰ ਦੇ ਹਵਾਲੇ ਕਰ ਦਿੱਤਾ। ਕੁੱਝ ਦਿਨਾਂ ਬਾਅਦ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਬੱਸੀ ਪਠਾਣਾਂ ਦੀ ਕੇਂਦਰੀ ਜੇਲ੍ਹ ਵਿੱਚ ਕੈਦ ਕਰ ਦਿੱਤਾ ਗਿਆ। ਇਸ ਜੇਲ੍ਹ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਸਾਥੀ ਤਿੰਨ ਮਹੀਨਿਆਂ ਤੋਂ ਵਧੀਕ ਸਮੇਂ ਤੱਕ ਰਹੇ। ਗੁਰੂ ਜੀ ਦੀ ਕੈਦ ਦੀ ਕਨਸੋਅ ਹਸਨ-ਅਬਦਾਲ ਵਿੱਚ ਔਰੰਗਜ਼ੇਬ ਤੱਕ ਵੀ ਪਹੁੰਚ ਗਈ।

ਨਵੰਬਰ 1675 ਈ. ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸੂਬੇਦਾਰ ਸਾਫੀਖਾਨ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਸ ਨੇ ਗੁਰੂ ਸਾਹਿਬ ਪ੍ਰਤੀ ਨਰਮ ਰਵੱਈਆ ਧਾਰਨ ਕਰਦਿਆਂ ਗੁਰੂ ਜੀ ਨੂੰ ਕੋਈ ਮੁਅੱਜ਼ਜਾ (ਕਰਾਮਾਤ) ਕਰਨ ਲਈ ਕਿਹਾ,ਪਰ ਗੁਰੂ ਜੀ ਨੇ ਕਿਹਾ ਕਿ ਕਰਾਮਾਤ ਦਾ ਪ੍ਰਮੇਸ਼ਰ ਦੀ ਭਗਤੀ ਨਾਲ ਕੋਈ ਸਬੰਧ ਨਹੀਂ,ਇਹ ਤਾਂ ਕੇਵਲ ਮਨੁੱਖੀ ਹਉਮੈ ਦਾ ਹੀ ਪ੍ਰਗਟਾਵਾ ਹੈ। 5 ਨਵੰਬਰ ਨੂੰ ਗੁਰੂ ਸਾਹਿਬ ਨੂੰ ਫਿਰ ਕਰਾਮਾਤ ਵਿਖਾਉਣ ਜਾਂ ਇਸਲਾਮੀ ਮਤ ਨੂੰ ਗ੍ਰਹਿਣ ਕਰਨ ਲਈ ਕਿਹਾ ਗਿਆ ਪਰ ਗੁਰੂ ਤੇਗ ਬਹਾਦਰ ਸਾਹਿਬ ਨੇ ਮੁੜ ਇਸ ਤਜਵੀਜ਼ ਨੂੰ ਠੁਕਰਾ ਦਿੱਤਾ। 6 ਨਵੰਬਰ ਵਾਲੇ ਦਿਨ ਕਾਜ਼ੀ ਕੋਤਵਾਲੀ ਆ ਧਮਕਿਆ। ਉਸ ਨੇ ਦਰੋਗੇ ਨੂੰ ਗੁਰੂ ਸਾਹਿਬ ਨੂੰ ਖੌਫਨਾਕ ਤਸੀਹੇ ਦੇਣ ਦੀ ਸਲਾਹ ਦਿੱਤੀ ਤਾਂ ਜੋ ਉਹ ਆਪਣੀ ਹਾਰ ਮੰਨ ਕੇ ਇਸਲਾਮੀ ਕਦਰਾਂ-ਕੀਮਤਾਂ ਨੂੰ ਅਪਣਾ ਲੈਣ। ਕਾਜ਼ੀ ਦੇ ਹੁਕਮ ਦੀ ਸਖਤੀ ਨਾਲ ਪਾਲਣਾ ਕਰਦਿਆਂ ਦਰੋਗੇ ਨੇ ਲਗਾਤਾਰ ਤਿੰਨ ਦਿਨ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦੇ ਕੇ ਗੁਰੂ ਸਾਹਿਬ ਨੂੰ ਈਨ ਮਨਾਉਣ ਦੀ ਨਾਕਾਮ ਕੋਸ਼ਿਸ਼ ਕੀਤੀ। ਨਵੰਬਰ ਮਹੀਨੇ ਦੇ ਦੱਸਵੇਂ ਦਿਨ ਤਾਂ ਮੁਗਲੀਆ ਹਕੂਮਤ ਦੇ ਤਸ਼ੱਦਦ ਵਾਲੀ ਹੱਦ ਹੀ ਹੋ ਗਈ। ਇਸ ਦਿਨ ਗੁਰੂ ਸਾਹਿਬ ਨੂੰ ਤੱਤੇ ਥੰਮ ਨਾਲ ਲਗਾਇਆ ਗਿਆ। ਅਡੋਲ ਚਿੱਤ ਸਤਿਗੁਰਾਂ ਨੇ ਹਕੂਮਤੀ ਜ਼ਬਰ ਨੂੰ ਅਕਾਲ-ਪੁਰਖ ਦੇ ਭਾਣੇ ਵੱਜੋਂ ਖਿੜੇ ਮੱਥੇ ਪ੍ਰਵਾਨ ਕਰ ਲਿਆ ਜਿਸ ਕਾਰਨ ਭਿਆਨਕ ਤੋਂ ਭਿਆਨਕ ਤਸੀਹੇ ਦੇ ਕੇ ਵੀ ਕਾਜ਼ੀ ਦੀ ਕੋਈ ਪੇਸ਼ ਨਹੀਂ ਚੱਲ ਸਕੀ। ਥੱਕ-ਹਾਰ ਕੇ ਉਸ ਨੇ ਇੱਕ ਹੋਰ ਘਟੀਆ ਪੈਂਤੜਾ ਵਰਤੋਂ ਵਿੱਚ ਲਿਆਂਦਾ ਜਿਸ ਤਹਿਤ ਉਸ ਨੇ ਗੁਰੂ ਘਰ ਦੇ ਤਿੰਨ ਸਿਦਕੀ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਘੋਰ ਤਸੀਹੇ ਦੇ ਕੇ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਅੱਖਾਂ ਸਾਹਮਣੇ ਸ਼ਹੀਦ ਕਰ ਦਿੱਤਾ।

11 ਨਵੰਬਰ 1675 ਈ. ਨੂੰ ਵੀਰਵਾਰ ਵਾਲੇ ਦਿਨ ਗੁਰੂ ਸਾਹਿਬ ਨੂੰ ਕੋਤਵਾਲੀ ਵਿੱਚੋਂ ਬਾਹਰ ਕੱਢਿਆ ਗਿਆ। ਜੇਕਰ ਗੁਰੂ ਸਾਹਿਬ ਦੇ ਸਿੱਖ ਇਨ੍ਹਾਂ ਖੌਫਨਾਕ ਤਸੀਹਿਆਂ ਅੱਗੇ ਨਹੀਂ ਝੁਕ ਸਕੇ ਤਾਂ ਗੁਰੂ ਸਾਹਿਬ ਦੇ ਝੁਕਣ ਦੀ ਕੋਈ ਉਮੀਦ ਕਰਨੀ ਕਾਜ਼ੀ ਅਬਦੁਲ ਵਹਾਬ ਲਈ ਇੱਕ ਮੂਰਖਤਾ ਦੀ ਨਿਆਂਈ ਹੀ ਕਹੀ ਜਾ ਸਕਦੀ ਸੀ। ਝੁੰਝਲਾਹਟ ਵਿੱਚ ਆ ਕੇ ਇਸ ਕਾਜ਼ੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਧੜ ਤੋਂ ਤਲਵਾਰ ਨਾਲ ਜੁਦਾ ਕਰ ਦੇਣ ਦਾ ਫ਼ਤਵਾ ਜਾਰੀ ਕਰ ਦਿੱਤਾ। ਕਾਜੀ ਅਬਦੁਲ ਵਹਾਬ ਵੁਹਰਾ ਦੇ ਫ਼ਤਵੇ ਮੁਤਾਬਕ ਚਾਂਦਨੀ ਚੌਂਕ ਦੇ ਕੋਤਵਾਲੀ ਵਾਲੇ ਬੋਹੜ ਹੇਠਾਂ ਬੈਠੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਦਾ ਅਮਲ ਆਰੰਭ ਕਰ ਦਿੱਤਾ ਗਿਆ। ਸਮਾਣਾ ਦੇ ਰਹਿਣ ਵਾਲੇ ਜੱਲਾਦ ਜਲਾਲੁੱਦੀਨ ਨੇ ਕਾਜ਼ੀ ਦਾ ਸੰਕੇਤ ਪਾ ਕੇ ਤਲਵਾਰ ਦੇ ਜ਼ੋਰਦਾਰ ਵਾਰ ਨਾਲ ਗੁਰੂ ਸਾਹਿਬ ਦਾ ਸੀਸ ਧੜ ਤੋਂ ਵੱਖ ਕਰ ਦਿੱਤਾ। ਉਸ ਵਕਤ ਗੁਰੂ ਸਾਹਿਬ ਜਪੁਜੀ ਸਾਹਿਬ ਜੀ ਦਾ ਪਾਠ ਕਰ ਰਹੇ ਸਨ। ਮਨੁੱਖਤਾ ਦੇ ਇਤਿਹਾਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਇੱਕ ਅਦੁੱਤੀ ਸ਼ਹੀਦੀ ਵੱਜੋਂ ਪ੍ਰਵਾਨ ਕੀਤਾ ਜਾਂਦਾ ਹੈ। ਕਿਉਂਕਿ ਇਹ ਸ਼ਹਾਦਤ ਕੱਟੜਵਾਦੀ ਕਦਰਾਂ-ਕੀਮਤਾਂ ਨੂੰ ਨਜ਼ਰਅੰਦਾਜ ਕਰਕੇ ਧਾਰਮਿਕ ਸੁਤੰਤਰਤਾ ਅਤੇ ਮਨੁੱਖੀ ਹੱਕਾਂ ਦੀ ਬਰਾਬਰੀ ਹਿੱਤ ਦਿੱਤੀ ਗਈ ਹੈ। ਜਿਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਨਾ ਦੇ ਬਰਾਬਰ ਹੀ ਮਿਲਦੀ ਹੈ।

* * * * * * * *

# ਸਮਾਜ

ਐਡਵੋਕੇਟ ਗਗਨਦੀਪ ਸਿੰਘ ਗੁਰਾਇਆ
9781500050
advguraya@gmail.com




ਹਰ ਤਸਵੀਰ ਦੇ ਦੋ ਪਾਸੇ ਹੁੰਦੇ ਨੇ ਤੇ ਹਰ ਕਹਾਣੀ ਦੇ ਦੋ ਪਹਿਲੂ। ਨਿਰਭਰ ਸਾਡੇ 'ਤੇ ਕਰਦੈ ਕਿ ਅਸੀਂ ਵੇਖਣਾ ਕਿੰਝ ਹੈ ਤੇ ਹੱਲ ਕਿੱਦਾਂ ਕਰਨੈ। ਕੁੱਝ ਮੁੱਦੇ ਦਬਾ ਕੇ, ਜੇ ਕਿਸੇ ਦਾ ਭਲਾ ਹੁੰਦਾ ਹੋਵੇ ਤਾਂ ਵਿਚਾਰ ਕਰ ਲੈਣਾ ਚਾਹੀਦੈ। ਕੁਝ ਕਾਰਜ ਸਮਾਜ ਜਾਂ ਕਾਨੂੰਨ ਦੀਆਂ ਨਜ਼ਰਾਂ 'ਚ ਗੈਰ ਕਾਨੂੰਨੀ ਅਤੇ ਮਾੜੇ ਹੁੰਦੇ ਨੇ ਪਰ ਪਰਿਵਾਰ ਦੀ ਭਲਾਈ ਜਾਂ ਸਮਾਜ ਨੂੰ ਬੰਨ ਕੇ ਰੱਖਣ ਲਈ ਉਹਨਾਂ ਦੇ ਹੱਕ ਵਿੱਚ ਵੀ ਖਲੋਣਾ ਪੈਂਦੈ। ਜਿਵੇਂ ਝੂਠ ਬੋਲਣਾ ਮਾੜਾ ਜਾਂ ਪਾਪ ਸਮਝਿਆ ਜਾਂਦੈ ਪਰ ਕਈ ਵਾਰ ਕਿਸੇ ਦੀ ਭਲਾਈ ਜਾਂ ਚੰਗੇਰੇ ਕਾਰਜ ਲਈ ਬੋਲਿਆ ਝੂਠ ਸੱਚ ਨਾਲੋਂ ਵੀ ਜਿਆਦਾ ਕਾਰਗਰ ਹੋ ਨਿਬੜਦੈ।

ਹੋਇਆ ਇੰਝ ਕਿ ਇੱਕ ਦਿਨ ਦਫਤਰ ਵਿੱਚ ਬੈਠੇ ਸਾਂ। ਇੱਕ ਆਂਗਨਵਾੜੀ ਵਰਕਰ ਨੇ ਆ ਕੇ ਸ਼ਿਕਾਇਤ ਦਿੱਤੀ ਕਿ ਫਲਾਂ ਪਿੰਡ ਦੇ ਇੱਕ ਪਰਿਵਾਰ ਵਿੱਚ ਕੋਈ ਮੰਦ ਬੁੱਧੀ ਔਰਤ ਰਹਿ ਰਹੀ ਹੈ ਤੇ ਉਸਦੇ ਅੱਠ ਬੱਚੇ ਹਨ। ਪਰ ਬੱਚਿਆਂ ਦੀ ਹਾਲਤ ਬੜੀ ਤਰਸਯੋਗ ਹੈ। ਉਨਾਂ ਦੀ ਸੰਭਾਲ ਕੀਤੀ ਜਾਵੇ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਅਸੀਂ ਪਹਿਲਾਂ ਪੜਤਾਲ ਕਰਾਉਣੀ ਜਰੂਰੀ ਸਮਝੀ। ਟੀਮ ਨੂੰ ਘੱਲ ਕੇ ਸਬੰਧਤ ਪਿੰਡ ਵਿੱਚ ਉਸਦੇ ਘਰ ਅਤੇ ਆਲੇ ਦੁਆਲੇ ਦੀ ਪੜਤਾਲ ਕੀਤੀ ਗਈ। ਵਾਕਏ ਹੀ ਘਰ ਦੀ ਹਾਲਤ ਬੜੀ ਤਰਸਯੋਗ ਸੀ। ਘਰ ਦੀ ਗੁਰਬਤ ਆਪਣੀ ਕਹਾਣੀ ਆਪ ਬਿਆਨ ਕਰ ਰਹੀ ਸੀ। ਪੱਖ ਸੁਣਨ ਅਤੇ ਮਸਲੇ ਦੀ ਤਹਿ ਤੱਕ ਜਾਣ ਲਈ ਘਰ ਦੇ ਜੀਆਂ ਨੂੰ ਬਾਲਾਂ ਸਮੇਤ ਦਫਤਰ ਬੁਲਾਇਆ ਗਿਆ।

ਬੱਚਿਆਂ ਦੀ ਮਾਂ ਅਧੇੜ ਉਮਰ ਦੀ ਮੰਦ ਬੁੱਧੀ ਤ੍ਰੀਮਤ ਸੀ। ਉਸਦੇ ਅੱਠ ਬੱਚੇ ਸਨ ਅਤੇ ਉਹ ਫਿਰ ਤੋਂ ਗਰਭਵਤੀ ਸੀ। ਉਸ ਦੇ ਨਾਲ ਦੋ ਮਰਦ ਆਏ ਸਨ- ਇੱਕ ਉਸਦਾ ਘਰ ਵਾਲਾ ਅਤੇ ਦੂਜਾ ਜੇਠ ਲੱਗਦਾ ਸੀ। ਘਰ ਵਾਲਾ ਸ਼ਰਾਬੀ ਅਤੇ ਕੰਮਕਾਰ ਵੀ ਘੱਟ ਵੱਧ ਹੀ ਕਰਦਾ ਸੀ। ਜੋ ਕਮਾ ਲਿਆ, ਸੋ ਖਾ ਲਿਆ। ਘਰ ਅਤੇ ਬੱਚਿਆਂ ਦਾ ਕੋਈ ਫਿਕਰ ਫਾਕਾ ਨਹੀਂ ਸੀ। ਔਰਤ ਨੇ ਪੁੱਛਗਿਛ ਦੌਰਾਨ ਦੱਸਿਆ ਕਿ ਉਸਦੇ ਜੇਠ ਨਾਲ ਹੀ ਸੰਬੰਧ ਹਨ। ਘਰ ਵਾਲਾ ਤਾਂ ਕਈ ਕਈ ਦਿਨ ਘਰ ਹੀ ਨਹੀਂ ਵੜਦਾ। ਇਹ ਬੱਚੇ ਵੀ ਇਸ ਦੇ ਹੀ ਨੇ। ਦਿਮਾਗ ਅਤੇ ਸੁਰਤ ਪੱਖੋਂ ਅਸਾਧਾਰਨ ਹੋਣ ਕਰਕੇ ਉਹ ਇੱਕ ਤਰ੍ਹਾਂ ਨਾਲ ਜੇਠ ਤੇ ਇਲਜ਼ਾਮ ਹੀ ਲਗਾ ਰਹੀ ਸੀ।

ਸਾਡੇ ਬਾਕੀ ਮੈਂਬਰ ਉਸ ਔਰਤ ਦੇ ਜੇਠ 'ਤੇ ਸਰੀਰਕ ਸ਼ੋਸ਼ਣ ਦਾ ਪਰਚਾ ਦਰਜ ਕਰਾਉਣ ਲਈ ਕਹਿ ਰਹੇ ਸਨ। ਪਰ ਮੈਂ ਉਥੋਂ ਦੇ ਹਾਲਾਤ ਨੂੰ ਬੜੀ ਗਹੁ ਨਾਲ ਵਾਚ ਰਿਹਾ ਸਾਂ ਅਤੇ ਕਿਸੇ ਨਤੀਜੇ 'ਤੇ ਪੁੱਜਣ ਤੋਂ ਪਹਿਲਾਂ ਹੋਰ ਸਮਝਣਾ ਚਾਹੁੰਦਾ ਸਾਂ। ਉਸ ਦਾ ਪਤੀ ਅਤੇ ਜੇਠ ਦੋਵੇਂ ਨੀਵੀਂ ਪਾਈ ਬੈਠੇ ਸਨ। ਜਿਵੇਂ ਉਹਨਾਂ ਉੱਤੇ ਕਿਸੇ ਗੱਲ ਦਾ ਅਸਰ ਹੀ ਨਾ



ਹੋਇਆ ਹੋਵੇ। ਮੈਨੂੰ ਉਮੀਦ ਸੀ ਕਿ ਇਸ ਧੱਕੇ ਨੂੰ ਸੁਣ ਕੇ ਉਸ ਦਾ ਪਤੀ ਵਿਰੋਧ ਕਰੇਗਾ, ਪਰ ਉਸ ਦੀ ਚੁੱਪ ਉਸਦੀ ਸਹਿਮਤੀ ਨੂੰ ਦਰਸਾ ਰਹੀ ਸੀ ਤੇ ਕਈ ਕੁਝ ਸਪਸ਼ਟ ਹੁੰਦਾ ਨਜ਼ਰ ਆ ਰਿਹਾ ਸੀ।

ਅਸੀਂ ਸਭ ਤੋਂ ਪਹਿਲਾਂ ਤਾਂ ਉਸਦੇ ਬੱਚਿਆਂ ਨੂੰ ਅਗਲੇਰੇ ਚੰਗੇ ਭਵਿੱਖ ਲਈ ਬਾਲ ਘਰ ਵਿੱਚ ਛੱਡਣ ਦਾ ਪ੍ਰਬੰਧ ਕੀਤਾ। ਹਸਪਤਾਲ ਵਿੱਚ ਉਸ ਔਰਤ ਦਾ ਜਣੇਪਾ ਹੋ ਜਾਣ ਤੋਂ ਬਾਅਦ ਨਸਬੰਦੀ ਕਰਾਉਣ ਅਤੇ ਉਸਦਾ ਇਲਾਜ ਕਰਾਉਣ ਬਾਰੇ ਵੀ ਲਿਖਿਆ। ਇਸ ਸਾਰੇ ਮਸਲੇ ਦੀ ਤੰਦ ਖੋਲ੍ਹਦਿਆਂ ਉਸ ਆਂਗਨਵਾੜੀ ਵਰਕਰ ਨੇ ਦੱਸਿਆ ਕਿ ਇਸ ਔਰਤ ਦੇ ਜੇਠ ਦਾ ਆਚਰਣ ਪਿੰਡ ਅਤੇ ਚੌਗਰਦੇ ਵਿੱਚ ਬਹੁਤ ਹੀ ਚੰਗਾ ਹੈ। ਕਦੇ ਵੀ ਇਸਦੀ ਕੋਈ ਸ਼ਿਕਾਇਤ ਨਹੀਂ ਸੁਣੀ। ਇਸ ਨੇ ਆਪਣੇ ਭਰਾ ਦੇ ਪਰਿਵਾਰ ਦੀ ਹਾਲਤ ਦੇਖਦੇ ਹੋਏ ਆਪਣਾ ਵਿਆਹ ਵੀ ਨਹੀਂ ਕਰਵਾਇਆ। ਮਿਹਨਤ ਨਾਲ ਜੋ ਵੀ ਕਮਾਉਂਦਾ ਹੈ, ਇਹਨਾਂ ਬੱਚਿਆਂ 'ਤੇ ਹੀ ਖਰਚ ਕਰਦਾ। ਬੱਚੇ ਵੀ ਇਸਨੂੰ ਤਾਏ ਦੀ ਬਜਾਏ ਭਾਪਾ ਆਖ ਕੇ ਹੀ ਬੁਲਾਉਂਦੇ ਨੇ। ਅਸੀਂ ਵੇਖਿਆ ਕਿ ਬੱਚੇ ਵੀ ਆਪਣੇ ਪਿਓ ਨੂੰ ਛੱਡ ਕੇ ਤਾਏ ਨਾਲ ਹੀ ਲਾਡ ਲਡਾ ਰਹੇ ਸਨ। ਮੈਨੂੰ ਉਸ ਦੀ ਗੱਲ ਸੁਣਦਿਆਂ ਪੁਰਾਤਨ ਪਰਿਵਾਰਾਂ ਦਾ ਢਾਂਚਾ ਚੇਤੇ ਆ ਰਿਹਾ ਸੀ, ਜਿੱਥੇ ਪੰਜ ਸੱਤ ਭਰਾ ਹੁੰਦੇ ਸਨ ਤੇ ਜਾਇਦਾਦ ਦੀ ਵੰਡ ਤੋਂ ਡਰਦੇ ਇੱਕ ਹੀ ਵਿਆਹਿਆ ਜਾਂਦਾ ਸੀ ਤੇ ਬਾਕੀ ਸਾਰੇ ਛੜੇ ਰਹਿੰਦੇ ਸੀ।

ਨਿਆਣੇ ਵੀ ਸਭ ਨੂੰ ਚਾਚਾ ਹੀ ਆਂਹਦੇ ਸਨ, ਭਾਪਾ ਕਿਸੇ ਨੂੰ ਵੀ ਨਹੀਂ। ਕਦੇ ਮੈਂ ਮਹਾਂਭਾਰਤ ਵਿੱਚ ਪਾਂਡਵਾਂ ਅਤੇ ਦਰੋਪਦੀ ਦੇ ਰਿਸ਼ਤੇ ਬਾਰੇ ਸੋਚਣ ਲੱਗ ਪਿਆ ਸੀ। ਮੈਂ ਮਹਿਸੂਸ ਕਰ ਰਿਹਾ ਸੀ ਕਿ ਸਮਾਜ ਸਿਰਜਣ ਵਿੱਚ ਹਾਲਾਤਾਂ ਦਾ ਬੜਾ ਵੱਡਾ ਯੋਗਦਾਨ ਹੁੰਦੈ। ਉਹ ਬੀਬੀ ਆਖ ਰਹੀ ਸੀ ਕਿ ਇਹ ਵਿਆਹੀ ਸਿਰਫ ਇਸ ਮਰਦ ਨਾਲ ਹੈ, ਪਰ ਪਤੀ ਵਾਲੇ ਸਾਰੇ ਫਰਜ਼ ਇਸਦਾ ਜੇਠ ਹੀ ਨਿਭਾ ਰਿਹੈ। ਪੂਰੇ ਪਿੰਡ ਨੂੰ ਇਸ 'ਤੇ ਕੋਈ ਇਤਰਾਜ਼ ਨਾ ਹੈ।

ਗੁਰਬਤ ਨਾਲ ਲੜਦਿਆਂ ਵੀ ਇਸ ਜੇਠ ਕਰਕੇ ਹੀ ਇਹਨਾਂ ਨਿਆਣਿਆਂ ਨੂੰ ਸਿਰ 'ਤੇ ਛੱਤ, ਤਨ 'ਤੇ ਕੱਪੜੇ, ਅਤੇ ਦੋ ਵੇਲੇ ਦੀ ਰੋਟੀ ਤਾਂ ਮਿਲੀ ਹੀ ਜਾਂਦੀ ਹੈ। ਜੇਕਰ ਇਸ ਦੇ ਖਿਲਾਫ ਕੋਈ ਵੀ ਕਾਰਵਾਈ ਹੁੰਦੀ ਹੈ ਤਾਂ ਟੱਬਰ ਬਿਲਕੁਲ ਹੀ ਬਰਬਾਦ ਹੋ ਜਾਵੇਗਾ। ਸਾਰੇ ਪੱਖ ਗਹੁ ਨਾਲ ਵਾਚਣ ਤੋਂ ਬਾਅਦ ਉਸ ਔਰਤ ਅਤੇ ਪਰਿਵਾਰ ਦੀ ਭਲਾਈ ਵਾਸਤੇ ਉਸਦੇ ਜੇਠ ਨੂੰ ਕੁੱਝ ਹਦਾਇਤਾਂ ਦੇ ਕੇ ਮਾਮਲੇ ਦਾ ਨਿਪਟਾਰਾ ਕੀਤਾ ਗਿਆ।

# ਕਤਕਿ ਕੂੰਜਾਂ ਚੇਤਿ ਡਉ....

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445



ਪ੍ਰਕਿਰਤੀ ਨੂੰ ਪਿਆਰ ਕਰਨ ਵਾਲਿਆਂ ਨੇ ਸਮਾਜ, ਸੱਭਿਆਚਾਰ ਅਤੇ ਸੱਭਿਅਤਾ ਜ਼ਰੀਏ ਰੁੱਤਾਂ,ਤਿੱਥਾਂ ਅਤੇ ਵਾਰਾਂ ਨੂੰ ਸਾਂਭ ਕੇ ਰੱਖਿਆ ਹੋਇਆ ਹੈ ਕ਼ੁਦਰਤ ਨੇ ਆਦਿ ਕਾਲ ਤੋਂ ਅਜੋਕੇ ਵਿਗਿਆਨਿਕ ਯੁੱਗ ਤੱਕ ਦੇਸੀ ਮਹੀਨਿਆਂ ਤੇ ਵੰਨ ਸੁਵੰਨਾ ਪ੍ਰਭਾਵ ਪਾਉਣਾ ਜਾਰੀ ਰੱਖਿਆ ਹੋਇਆ ਹੈ। ਦੇਸੀ ਮਹੀਨੇ ਪੰਜਾਬੀ ਸਮਾਜ ਦੇ ਸਿੱਕੇ ਦਾ ਦੂਜਾ ਪਾਸਾ ਹੁੰਦੇ ਹਨ। ਹਰ ਕਵੀ ਨੇ ਦੇਸੀ ਮਹੀਨਿਆਂ ਨੂੰ ਛੂੰਹਣ ਦੀ ਕੋਸ਼ਿਸ਼ ਕੀਤੀ। ਦੇਸੀ ਮਹੀਨਿਆਂ ਨੂੰ ਹਰ ਪੱਖੋਂ ਨਿਖਾਰ ਕੇ ਪੇਸ਼ ਕੀਤਾ। ਪੰਜਾਬੀ ਸਾਹਿਤ ਵਿੱਚ 12 ਮਹੀਨਿਆਂ ਦਾ ਪਾਤਰ ਚਿਤਰਨ ਗੂੰਜਦਾ ਰਹਿੰਦਾ ਹੈ। ਦੇਸੀ ਮਹੀਨੇ ਪੰਜਾਬ ਦੀ ਰੂਹ-ਏ-ਰਵਾਂ ਹਨ। ਇਹਨਾਂ ਦੇਸੀ ਮਹੀਨਿਆਂ ਵੱਲ ਸੁਚੇਤ ਅਤੇ ਅਚੇਤ ਤੌਰ ਤੇ ਸੰਸਕ੍ਰਿਤੀ ਧਾਰਨ ਵਾਲਿਆਂ ਵਲੋਂ ਝਾਤੀ ਮਾਰੀ ਹੀ ਜਾਂਦੀ ਹੈ। ਇਸੇ ਪ੍ਰਸੰਗ ਵਿੱਚ ਦੇਸੀ ਮਹੀਨਾ ਕੱਤਕ ਨਾਨਕਸ਼ਾਹੀ ਕੈਲੰਡਰ ਦਾ ਅੱਠਵਾਂ ਮਹੀਨਾ ਆਉਂਦਾ ਹੈ। ਇਸ ਪਿੱਛੇ ਅੱਸੂ ਅਤੇ ਅੱਗੇ ਮੱਘਰ ਮਹੀਨਾ ਹੁੰਦਾ ਹੈ। ਇਹ ਕੱਤਕ ਮਹੀਨਾ "ਅੱਸੂ ਮਾਹ ਨਿਰਾਲਾ, ਦਿਨੇ ਧੁੱਪ ਤੇ ਰਾਤੀਂ ਪਾਲਾ" ਦੀ ਵਿਰਾਸਤ ਨੂੰ ਅੱਗੇ ਤੋਰਦਾ ਹੈ। ਅਕਤੂਬਰ ਨਵੰਬਰ ਵਿਚਕਾਰ ਇਹ ਮਹੀਨਾ 30 ਦਿਨਾਂ ਦਾ ਹੁੰਦਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾ ਗੱਦੀ ਦਿਵਸ ਛੇ ਕੱਤਕ ਨੂੰ ਹੁੰਦਾ ਹੈ।



ਗਰਮੀ ਦੇ ਝੰਬਿਆਂ ਨੂੰ ਇਸ ਮਹੀਨੇ ਸ਼ੁਰੂ ਹੋਈ ਠੰਡ ਇਸ ਤਰ੍ਹਾਂ ਲੱਗਦੀ ਹੈ, ਜਿਸ ਤਰ੍ਹਾਂ ਜੀਵਨ ਦੀ ਜਾਂਚ ਹੀ ਬਦਲ ਗਈ ਹੋਵੇ। ਰਾਤ ਨੂੰ ਤਰੇਲ ਔਸ ਪੈਂਦੀ ਹੈ। ਪਿਛਲੇ ਜ਼ਮਾਨੇ ਵਿੱਚ ਜਦੋਂ ਲੋਕ ਥੱਕ ਹਾਰ ਕੇ ਘਰ ਆਉਂਦੇ ਸਨ ਤਾਂ ਰਾਤ ਨੂੰ ਬਾਹਰ ਮੰਜਿਆਂ ਉੱਤੇ ਸੌਂਦੇ ਸਨ। ਇਸ ਮਹੀਨੇ ਦੇ ਸ਼ੁਰੂ ਹੁੰਦੇ ਹੀ ਮੱਠੀ-ਮੱਠੀ ਸਰਦੀ ਨਾਲ ਲੋਕ ਕੋਠਿਆਂ ਅੰਦਰ ਹੀ ਸੋਣਾ-ਪੈਣਾ ਸ਼ੁਰੂ ਕਰ ਦਿੰਦੇ ਹਨ। ਦਿਨ ਨੂੰ ਨਿੱਘੀ ਧੁੱਪ ਦਾ ਲੁਤਫ਼ ਵੀ ਲਿਆ ਜਾਂਦਾ ਹੈ। ਇਸ ਮਹੀਨੇ ਕਾਦਰ ਨੇ ਕੁਦਰਤ ਦੀ ਖੂਬਸੂਰਤੀ ਦੀ ਪੇਸ਼ਕਾਰੀ ਵੀ ਕੀਤੀ ਹੈ। ਪ੍ਰਕਿਰਤੀ ਅਤੇ ਧਰਤੀ ਵੱਖਰੇ-ਵੱਖਰੇ ਸੁਨੇਹੇ ਦਿੰਦੀਆਂ ਹਨ।

"ਕਤਕਿ ਕੂੰਜਾਂ ਚੇਤ ਡਉ,
ਸਾਵਣਿ ਬਿਜੁਲੀਆ,
ਸੀਆਲੇ ਸੋਹੰਦੀਆ
ਪਿਰ ਗਲਿ ਬਾਹੜੀਆ"

ਸਾਈਬੇਰੀਆ ਅਤੇ ਚੀਨ ਵਰਗੇ ਦੇਸ਼ਾਂ ਦੀ ਦਿਸ਼ਾ ਤੋਂ ਕੱਤਕ ਮਹੀਨੇ ਕੂੰਜਾਂ ਲੰਬਾ ਪੈਂਡਾ ਤੈਅ ਕਰਕੇ ਪੰਜਾਬ ਨੂੰ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਜਦੋਂ ਕੱਤਕ ਮਹੀਨੇ ਆਕਾਸ਼ ਵਿੱਚ ਕੂੰਜਾਂ ਦਿਖਣੀਆਂ ਸ਼ੁਰੂ ਹੁੰਦੀਆਂ ਹਨ, ਉਹ ਨਜ਼ਾਰਾ ਵੀ ਦੇਖਣ ਵਾਲਾ ਹੁੰਦਾ ਹੈ। ਇੱਕ ਕੂੰਜ ਦੇ ਪਿੱਛੇ ਬਾਕੀ ਕੂੰਜਾਂ ਲੱਗੀਆਂ ਹੁੰਦੀਆਂ ਹਨ। ਕਪਾਹ, ਮੂੰਗੀ, ਤਿਲ ਬਾਜਰਾ, ਗੁਆਰਾ ਗੰਨਾ ਆਦਿ ਦੀ ਆਮਦ ਸ਼ੁਰੂ ਹੋ ਜਾਂਦੀ ਹੈ। ਗੰਨਿਆਂ ਦੇ ਰਸ ਤੋਂ ਗੁੜ ਦੀ ਸ਼ੁਰੂਆਤ ਹੋ ਜਾਂਦੀ ਹੈ ਇੱਕ ਸਮਾਂ ਸੀ ਜਦੋਂ ਛੱਪੜਾਂ ਟੋਭਿਆਂ ਵਿੱਚ ਇਸ ਮਹੀਨੇ ਸਣ ਦੱਬ ਕੇ ਰੱਖਿਆ ਜਾਂਦਾ ਸੀ। ਕਣਕ ਦੀ ਬਿਜਾਈ ਤੋਂ ਵਿਹਲੇ ਹੋ ਕੇ ਸਣ ਨੂੰ ਕੱਢ ਕੇ ਧੋ ਸੰਵਾਰ ਕੇ ਰੱਸੀਆਂ ਰੱਸੇ ਵੱਟੇ ਜਾਂਦੇ ਸਨ,ਜੋ ਖੇਤੀ ਦੇ ਕੰਮ ਆਉਂਦੇ ਸਨ। ਇਸ ਨਜ਼ਰੀਏ ਨੂੰ ਇਉਂ ਕਲਮਬੰਦ ਕੀਤਾ ਹੈ:-

"ਕੱਤਕ ਮਹੀਨੇ ਖਿੜੀ ਕਪਾਹ,
ਜਿਉਂ ਰਾਤੀਂ ਅੰਬਰੀਂ ਤਾਰੇ,
ਘਰ ਆਏ ਤਿਲ ਬਾਜਰਾ,
ਮੋਠ ਮੂੰਗੀ ਸਣ ਗੁਆਰੇ"

ਅਧਿਆਤਮਿਕ ਤੌਰ ਤੇ ਕੱਤਕ ਮਹੀਨੇ ਦਾ ਵਰਨਣ ਮਿਲਦਾ ਹੈ। ਬਹੁਤ ਸਮਾਂ ਪਹਿਲਾਂ ਇੱਕ ਗਾਣਾ ਮਸ਼ਹੂਰ ਸੀ, "ਕੱਤਕ ਦੀ ਸੋਹਣੀ ਪੁੰਨਿਆ ਨੂੰ ਗੁਰੂ ਨਾਨਕ ਨੇ ਅਵਤਾਰ ਲਿਆ।" ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੱਤਕ ਮਹੀਨੇ ਨੂੰ ਇਉਂ ਸਾਰੇ ਅੰਕਿਤ ਕੀਤਾ ਗਿਆ ਹੈ:-


"ਕਤਿਕਿ ਕਰਮ ਕਮਾਵਣੇ,
ਦੋਸ ਨ ਕਾਹੂ ਜੋਗੁ,
ਪਰਮੇਸ਼ਰ ਦੇ ਭੁਲਿਆ
ਵਿਆਪਨਿ ਸਭੇ ਰੋਗ"

ਕੱਤਕ ਮਹੀਨਾ ਵਿਸ਼ਨੂ ਜੀ ਨਾਲ ਸੰਬੰਧਿਤ ਹੈ। ਇਸ ਮਹੀਨੇ ਹੀ ਵਿਸ਼ਨੂ ਜੀ ਨੇ ਮਤਸਯ ਅਵਤਾਰ ਦੇ ਰੂਪ ਵਿੱਚ ਜਲ ਵਿੱਚ ਵਿਰਾਮ ਕੀਤਾ ਸੀ। ਇਸੇ ਕਰਕੇ ਕੱਤਕ ਮਹੀਨੇ ਦਾ ਇਸ਼ਨਾਨ ਵਿਸ਼ੇਸ਼ ਮਹੱਤਵ ਰੱਖਦਾ ਹੈ। ਕੱਤਕ ਮਹੀਨਾ ਮਾਤਾ ਲਕਸ਼ਮੀ ਦੀ ਪੂਜਾ ਲਈ ਵੀ ਮੰਨਿਆ ਜਾਂਦਾ ਹੈ। ਵੈਦਿਕ ਕੈਲੰਡਰ ਅਨੁਸਾਰ ਤੁਲਸੀ ਵਿਆਹ ਹਰ ਸਾਲ ਕੱਤਕ ਮਹੀਨੇ ਹੁੰਦਾ ਹੈ। ਤੁਲਸੀ ਦਾ ਆਸ਼ੀਰਵਾਦ ਵੀ ਇਸੇ ਮਹੀਨੇ ਪ੍ਰਾਪਤ ਕੀਤਾ ਜਾਂਦਾ ਹੈ।

ਇਹ ਮਹੀਨਾ ਪ੍ਰਕਿਰਤੀ ਲਈ ਮੌਸਮ ਦੇ ਲਿਹਾਜ਼ ਤੋਂ ਉੱਤਮ ਹੁੰਦਾ ਹੈ। ਨਾ ਬਹੁਤੀ ਗਰਮੀ, ਨਾ ਪਾਲਾ ਹੁੰਦਾ ਹੈ। ਅਗਲੀ ਰੁੱਤ ਵਿੱਚ ਯਕੀਨ ਰੱਖਣ ਲਈ ਵੀ ਸਹਾਈ ਹੁੰਦਾ ਹੈ। ਕਿਸਾਨੀ ਪੱਖ ਲਈ ਵੀ ਇਹ ਮਹੀਨਾ ਖਾਸ ਮਹੱਤਵ ਰੱਖਦਾ ਹੈ। ਮੁੱਕਦੀ ਗੱਲ ਇਹ ਹੈ ਕਿ ਕੱਤਕ ਮਹੀਨਾ ਬਾਰਾਂ ਮਹੀਨਿਆਂ ਦੀ ਮਾਲਾ ਦਾ ਅਜਿਹਾ ਮੋਤੀ ਹੈ ਜੋ ਪ੍ਰਕਿਰਤੀ, ਸੱਭਿਅਤਾ ਅਤੇ ਸੱਭਿਆਚਾਰ ਦੇ ਪੱਖ ਤੋਂ ਕਿਸਾਨੀ ਲਈ ਉੱਤਮ ਸੁਨੇਹੇ ਦਿੰਦਾ ਹੈ।

# ਪੰਜਾਬ ਵਿੱਚ ਐਂਬੂਲੈਂਸ ਸੇਵਾਵਾਂ - ਜ਼ਿੰਦਗੀ ਤੇ ਮੌਤ ਵਿਚਕਾਰ ਦੌੜ

ਗੁਰਭਿੰਦਰ ਗੁਰੀ
+447951 590424



- ਹਰ ਜ਼ਿਲ੍ਹੇ ਵਿੱਚ ਘੱਟੋ-ਘੱਟ 100 ਨਵੀਆਂ ਐਂਬੂਲੈਂਸਾਂ ਦੀ ਲੋੜ ਹੈ।
- ਐਂਬੂਲੈਂਸ ਸਿਰਫ਼ ਇੱਕ ਵਾਹਨ ਨਹੀਂ - ਇਹ ਜ਼ਿੰਦਗੀ ਤੇ ਮੌਤ ਵਿਚਕਾਰ ਪੁਲ ਹੈ। ਜਦੋਂ ਇਹ ਪੁਲ ਟੁੱਟਦਾ ਹੈ, ਤਦ ਮਰੀਜ਼ ਨਹੀਂ, ਪੂਰਾ ਸਮਾਜ ਹਾਰਦਾ ਹੈ।
- ਸਰਕਾਰੀ ਸਹੂਲਤ ਕਮਜ਼ੋਰ ਨਿੱਜੀ ਖਿਡਾਰੀ ਤੇਜ਼ੀ ਨਾਲ ਪੈਰ ਪਸਾਰ ਰਹੇ ਹਨ ਐਂਬੂਲੈਂਸਾਂ ਕਿਸੇ ਦੀ ਦਿਲਾਸਾ ਨਹੀਂ, ਬਲਕਿ ਵਪਾਰਕ ਮੌਕਾ ਬਣ ਗਈਆਂ ਹਨ
- ਪੰਜਾਬ ਵਿੱਚ ਹਰ 18,000 ਲੋਕਾਂ 'ਤੇ ਕੇਵਲ ਇੱਕ ਐਂਬੂਲੈਂਸ।
- ਪੰਜਾਬ ਵਿੱਚ ਐਂਬੂਲੈਂਸ ਦਾ ਔਸਤ ਰਿਸਪੌਂਸ ਟਾਈਮ 30-45 ਮਿੰਟਾਂ ਤੱਕ ਹੈ

ਭਾਰਤ ਦੀ ਤਰ੍ਹਾਂ ਪੰਜਾਬ ਵਿੱਚ ਵੀ ਐਂਬੂਲੈਂਸ ਸੇਵਾਵਾਂ ਦੀ ਹਾਲਤ ਚਿੰਤਾਜਨਕ ਹੈ। ਜਿੱਥੇ ਪੰਜਾਬ ਨੂੰ ਖੇਤੀਬਾੜੀ, ਸਿੱਖਿਆ ਅਤੇ ਦਿਲਦਾਰੀ ਲਈ ਜਾਣਿਆ ਜਾਂਦਾ ਹੈ, ਉੱਥੇ ਹੀ ਸਿਹਤ ਸਹੂਲਤਾਂ, ਖ਼ਾਸ ਕਰਕੇ ਐਮਰਜੈਂਸੀ ਟਰਾਂਸਪੋਰਟ, ਬਹੁਤ ਹੀ ਮਾੜੀ ਹਾਲਤ ਵਿੱਚ ਹਨ।

ਐਂਬੂਲੈਂਸ - ਜੋ ਮਰੀਜ਼ ਲਈ ਸਭ ਤੋਂ ਪਹਿਲੀ ਉਮੀਦ ਹੁੰਦੀ ਹੈ - ਅਕਸਰ ਸਮੇਂ ਸਿਰ ਨਹੀਂ ਪਹੁੰਚਦੀ। ਕਈ ਵਾਰ ਮਰੀਜ਼ ਦੀ ਹਾਲਤ ਹਸਪਤਾਲ ਪਹੁੰਚਣ ਤੱਕ ਬਿਗੜ ਜਾਂਦੀ ਹੈ ਜਾਂ ਉਡੀਕਦਿਆਂ ਹੀ ਮੌਤ ਹੋ ਜਾਂਦੀ ਹੈ। ਇਹ ਦ੍ਰਿਸ਼ ਅਜੇ ਵੀ ਪੰਜਾਬ ਦੇ ਪਿੰਡਾਂ ਤੇ ਛੋਟੇ ਕਸਬਿਆਂ ਵਿੱਚ ਆਮ ਹੈ।

ਪੰਜਾਬ ਵਿੱਚ ਐਂਬੂਲੈਂਸ ਸਹੂਲਤਾਂ ਦੀ ਅਸਲੀ ਤਸਵੀਰ ਪੰਜਾਬ ਵਿੱਚ ਇਸ ਸਮੇਂ ਲਗਭਗ 1,400 ਤੋਂ 1,600 ਸਰਕਾਰੀ ਐਂਬੂਲੈਂਸਾਂ ਹਨ। ਇਹਨਾਂ ਵਿੱਚੋਂ ਬਹੁਤੀਆਂ "108 ਐਮਰਜੈਂਸੀ ਸਰਵਿਸ" ਤਹਿਤ ਚੱਲਦੀਆਂ ਹਨ। ਪਰ ਪੰਜਾਬ ਦੀ ਅਬਾਦੀ ਲਗਭਗ 3 ਕਰੋੜ ਹੈ। ਇਸਦਾ ਮਤਲਬ ਹੋਇਆ - ਹਰ 18,000 ਲੋਕਾਂ 'ਤੇ ਕੇਵਲ ਇੱਕ ਐਂਬੂਲੈਂਸ।

ਇਹ ਅੰਕੜਾ ਤਾਂ ਠੀਕ ਲੱਗ ਸਕਦਾ ਹੈ, ਪਰ ਹਕੀਕਤ ਕੁਝ ਹੋਰ ਹੈ - ਕਈ ਐਂਬੂਲੈਂਸਾਂ ਖ਼ਰਾਬ ਪਈਆਂ ਹਨ, ਕਈਆਂ ਦੇ ਟਾਇਰਾਂ ਤੋਂ ਲੈ ਕੇ ਆਕਸੀਜਨ ਸਿਲੰਡਰ ਤੱਕ ਬੇਕਾਰ ਹਨ।

ਕੁਝ ਜ਼ਿਲ੍ਹਿਆਂ ਵਿੱਚ ਤਾਂ ਡਰਾਈਵਰ ਹੀ ਨਹੀਂ ਮਿਲਦੇ। ਜਿੱਥੇ ਸੇਵਾ ਚੱਲਦੀ ਵੀ ਹੈ, ਉੱਥੇ ਸਮੇਂ ਸਿਰ ਪਹੁੰਚਣਾ ਇਕ ਸੁਪਨਾ ਹੀ ਹੈ। ਰਿਪੋਰਟਾਂ ਅਨੁਸਾਰ, ਪੰਜਾਬ ਵਿੱਚ ਐਂਬੂਲੈਂਸ ਦਾ ਔਸਤ ਰਿਸਪੌਂਸ ਟਾਈਮ 30-45 ਮਿੰਟਾਂ ਤੱਕ ਹੈ। ਜਦੋਂਕਿ ਐਮਰਜੈਂਸੀ ਹਾਲਤਾਂ ਵਿੱਚ ਗੋਲਡਨ ਆਵਰ (ਪਹਿਲਾ 1 ਘੰਟਾ) ਸਭ ਤੋਂ ਮਹੱਤਵਪੂਰਨ ਹੁੰਦਾ ਹੈ। ਕਈ ਵਾਰ ਇਹ ਦੇਰੀ ਜ਼ਿੰਦਗੀ ਤੇ ਮੌਤ ਵਿਚਕਾਰ ਲਕੀਰ ਬਣ ਜਾਂਦੀ ਹੈ।

ਨਿੱਜੀ ਐਂਬੂਲੈਂਸਾਂ ਦਾ ਵਾਧਾ - ਲੋਕਾਂ ਦੀ ਲੋੜ 'ਤੇ ਵਪਾਰ ਜਿੱਥੇ ਸਰਕਾਰੀ ਸਹੂਲਤ ਕਮਜ਼ੋਰ ਹੈ, ਉੱਥੇ ਨਿੱਜੀ ਖਿਡਾਰੀ ਤੇਜ਼ੀ ਨਾਲ ਪੈਰ ਪਸਾਰ ਰਹੇ ਹਨ। ਪੰਜਾਬ ਵਿੱਚ ਹੁਣ ਨਿੱਜੀ ਐਂਬੂਲੈਂਸਾਂ ਦੀ ਗਿਣਤੀ ਸਰਕਾਰੀ ਤੋਂ ਵੀ ਵੱਧ ਹੋ ਚੁੱਕੀ ਹੈ, ਖ਼ਾਸਕਰ ਵੱਡੇ ਸ਼ਹਿਰਾਂ - ਲੁਧਿਆਣਾ, ਅੰਮ੍ਰਿਤਸਰ, ਜਲੰਧਰ, ਤੇ ਬਠਿੰਡਾ - ਵਿੱਚ।




ਪਰ ਇਹ ਐਂਬੂਲੈਂਸਾਂ ਕਿਸੇ ਦੀ ਦਿਲਾਸਾ ਨਹੀਂ, ਬਲਕਿ ਵਪਾਰਕ ਮੌਕਾ ਬਣ ਗਈਆਂ ਹਨ। ਇਕ ਸ਼ਹਿਰ ਤੋਂ ਦੂਜੇ ਸ਼ਹਿਰ ਲਿਜਾਣ ਦਾ ਕਿਰਾਇਆ 5,000 ਤੋਂ 25,000 ਰੁਪਏ ਤੱਕ ਲਿਆ ਜਾਂਦਾ ਹੈ। ਪੇਂਡੂ ਲੋਕਾਂ ਲਈ ਇਹ ਰਕਮ ਬਹੁਤ ਵੱਡੀ ਹੁੰਦੀ ਹੈ।

ਕਈ ਵਾਰ ਤਾਂ ਸਾਧਾਰਣ ਮਰੀਜ਼ਾਂ ਨੂੰ ਵੀ "ਵੈਂਟੀਲੇਟਰ ਐਂਬੂਲੈਂਸ" ਵਿੱਚ ਚੜ੍ਹਾ ਕੇ ਹਜ਼ਾਰਾਂ ਰੁਪਏ ਵਸੂਲ ਕੀਤੇ ਜਾਂਦੇ ਹਨ - ਚਾਹੇ ਉਨ੍ਹਾਂ ਨੂੰ ਉਸ ਸਹੂਲਤ ਦੀ ਲੋੜ ਹੋਵੇ ਜਾਂ ਨਾ।

### ਹਸਪਤਾਲਾਂ ਤੇ ਸਰਕਾਰ ਦੀ ਅਣਗਹਿਲੀ

ਸਰਕਾਰੀ ਹਸਪਤਾਲਾਂ ਵਿੱਚ ਅਕਸਰ ਐਂਬੂਲੈਂਸਾਂ ਦੇ ਡੀਜ਼ਲ ਲਈ ਵੀ ਪੈਸੇ ਨਹੀਂ ਹੁੰਦੇ। ਕਈ ਥਾਵਾਂ 'ਤੇ ਡਰਾਈਵਰਾਂ ਨੂੰ ਮਹੀਨਿਆਂ ਤੱਕ ਤਨਖਾਹ ਨਹੀਂ ਮਿਲਦੀ। ਬਹੁਤ ਸਾਰੀਆਂ ਐਂਬੂਲੈਂਸਾਂ ਵਿੱਚ ਨਾ ਤਾਂ ਆਕਸੀਜਨ ਸਿਲੰਡਰ, ਨਾ ਸਟ੍ਰੈਚਰ, ਨਾ ਹੀ

ਸਿਹਤ ਸਹਾਇਕ ਕਰਮਚਾਰੀ ਮੌਜੂਦ ਹੁੰਦੇ ਹਨ। ਅਕਸਰ ਡਰਾਈਵਰਾਂ ਨੂੰ ਹੀ ਮਰੀਜ਼ ਦੀ ਦੇਖਭਾਲ ਕਰਨੀ ਪੈਂਦੀ ਹੈ ਅਤੇ ਜਿਹੜੀਆਂ ਐਂਬੂਲੈਂਸਾਂ ਆਧੁਨਿਕ ਸਹੂਲਤਾਂ ਨਾਲ ਲੈਸ ਹਨ - ਉਹ ਜ਼ਿਆਦਾਤਰ ਵੀ.ਆਈ.ਪੀ. ਇਲਾਕਿਆਂ ਜਾਂ ਸ਼ਹਿਰੀ ਕੇਂਦਰਾਂ ਤੱਕ ਹੀ ਸੀਮਿਤ ਹਨ। ਪਿੰਡਾਂ ਵਿਚ ਹਾਲਤ ਬੇਹੱਦ ਮਾੜੀ ਹੈ।

ਜ਼ਿੰਦਗੀ ਦੀ ਕੀਮਤ ਤੇ ਪ੍ਰਸ਼ਾਸਨ ਦੀ ਚੁੱਪੀ ਕਈ ਵਾਰ ਐਂਬੂਲੈਂਸ ਦੀ ਉਡੀਕ ਵਿੱਚ ਹੀ ਮਰੀਜ਼ ਦੀ ਸਾਹ ਟੁੱਟ ਜਾਂਦੀ ਹੈ। ਪੰਜਾਬ ਦੇ ਕਈ ਅਖ਼ਬਾਰਾਂ ਵਿੱਚ ਅਜਿਹੀਆਂ ਖ਼ਬਰਾਂ ਰੋਜ਼ਾਨਾ ਆਉਂਦੀਆਂ ਹਨ - ਜਿੱਥੇ ਕਿਸੇ ਪਿੰਡ ਦੀ ਔਰਤ ਨੇ ਬੱਚੇ ਨੂੰ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਸੜਕ 'ਤੇ ਜਨਮ ਦਿੱਤਾ, ਜਾਂ ਕਿਸੇ ਹਾਦਸਾਗ੍ਰਸਤ ਵਿਅਕਤੀ ਨੇ ਐਂਬੂਲੈਂਸ ਨਾ ਮਿਲਣ ਕਾਰਨ ਦਮ ਤੋੜ ਦਿੱਤਾ। ਇਹ ਸਿਰਫ਼ ਸੇਵਾ ਦੀ ਕਮੀ ਨਹੀਂ, ਇਹ ਮਨੁੱਖਤਾ ਦੀ ਹਾਰ ਹੈ। ਸਰਕਾਰਾਂ ਦਾ ਇਹ ਕਹਿ ਕੇ ਖ਼ਾਮੋਸ਼ ਰਹਿਣਾ ਕਿ "ਸਿਸਟਮ ਤੇ ਕੰਮ ਚੱਲ ਰਿਹਾ ਹੈ" - ਮਰੀਜ਼ ਲਈ ਤਸੱਲੀ ਨਹੀਂ, ਤਾੜਨਾ ਹੈ।

### ਕੀ ਕੀਤਾ ਜਾ ਸਕਦਾ ਹੈ ?

ਹਰ ਜ਼ਿਲ੍ਹੇ ਵਿੱਚ ਘੱਟੋ-ਘੱਟ 100 ਨਵੀਆਂ ਐਂਬੂਲੈਂਸਾਂ ਦੀ ਲੋੜ ਹੈ। ਹਰ ਐਂਬੂਲੈਂਸ ਵਿੱਚ ਟ੍ਰੇਨਡ ਪੈਰਾ ਮੈਡੀਕਲ ਸਟਾਫ਼ ਹੋਣਾ ਲਾਜ਼ਮੀ ਬਣਾਇਆ ਜਾਵੇ।

ਐਂਬੂਲੈਂਸਾਂ ਦੀ ਜੀਪੀਐਸ ਟ੍ਰੈਕਿੰਗ ਤੇ ਕੇਂਦਰੀ ਮਾਨੀਟਰਿੰਗ ਸਿਸਟਮ ਲਾਗੂ ਕੀਤਾ ਜਾਵੇ ਪੇਂਡੂ ਇਲਾਕਿਆਂ ਵਿੱਚ ਐਮਰਜੈਂਸੀ ਨੰਬਰ (108) ਦੀ ਜਾਣਕਾਰੀ ਪੰਚਾਇਤਾਂ, ਸਕੂਲਾਂ ਅਤੇ ਡਿਸਪੈਂਸਰੀਆਂ ਰਾਹੀਂ ਪਹੁੰਚਾਈ ਜਾਵੇ। ਨਿੱਜੀ ਐਂਬੂਲੈਂਸਾਂ ਦੇ ਕਿਰਾਏ 'ਤੇ ਸਰਕਾਰੀ ਨਿਯੰਤਰਣ ਹੋਵੇ, ਤਾਂ ਜੋ ਗਰੀਬ ਲੋਕਾਂ ਨਾਲ ਧੋਖਾ ਨਾ ਹੋਵੇ।

ਡਰਾਈਵਰਾਂ ਤੇ ਸਿਹਤ ਕਰਮਚਾਰੀਆਂ ਦੀ ਤਨਖਾਹ ਸਮੇਂ ਸਿਰ ਦਿੱਤੀ ਜਾਵੇ। ਐਂਬੂਲੈਂਸ ਸਿਰਫ਼ ਇੱਕ ਵਾਹਨ ਨਹੀਂ - ਇਹ ਜ਼ਿੰਦਗੀ ਤੇ ਮੌਤ ਵਿਚਕਾਰ ਪੁਲ ਹੈ। ਜਦੋਂ ਇਹ ਪੁਲ ਟੁੱਟਦਾ ਹੈ, ਤਦ ਮਰੀਜ਼ ਨਹੀਂ, ਪੂਰਾ ਸਮਾਜ ਹਾਰਦਾ ਹੈ।

ਪੰਜਾਬ ਵਰਗੇ ਸੂਬੇ ਨੂੰ, ਜਿੱਥੇ ਹਰ ਗਲੀ 'ਚ ਗੁਰਬਾਣੀ "ਨਾਨਕ ਨਾਮ ਚੜ੍ਹਦੀ ਕਲਾ" ਦੀ ਧੁਨ ਹੈ, ਉੱਥੇ ਕਿਸੇ ਦੀ ਜ਼ਿੰਦਗੀ ਦੀ ਅਣਦੇਖੀ ਇਕ ਵੱਡਾ ਪਾਪ ਹੈ। ਸਮਾਂ ਆ ਗਿਆ ਹੈ ਕਿ ਅਸੀਂ ਐਂਬੂਲੈਂਸ ਸੇਵਾਵਾਂ ਨੂੰ ਸਿਰਫ਼ ਗੱਡੀਆਂ ਨਹੀਂ, ਜੀਵਨ ਰੱਖਿਆ ਦਾ ਹੱਕ ਮੰਨ ਕੇ ਉਸੇ ਤਰ੍ਹਾਂ ਮਜ਼ਬੂਤ ਬਣਾਈਏ।


## ਪੰਜਾਬੀ ਸਾਹਿਤ ਸਭਾ ਗਲਾਸਗੋ ਵੱਲੋਂ ਸਾਲਾਨਾ ਕਵੀ ਦਰਬਾਰ ਕਰਵਾਇਆ ਗਿਆ

ਗਲਾਸਗੋ–(ਹਰਜੀਤ ਦੁਸਾਂਝ ਪੁਆਦੜਾ) – ਸਕਾਟਲੈਂਡ ਦੀ ਨਾਮਵਰ ਸਾਹਿਤਕ ਸੰਸਥਾ ਪੰਜਾਬੀ ਸਾਹਿਤ ਸਭਾ ਗਲਾਸਗੋ ਵਲੋਂ ਆਪਣਾ ਸਾਲਾਨਾ ਕਵੀ ਦਰਬਾਰ ਸ਼ੇਰਬਰੁਕ ਹਾਲ ਗਲਾਸਗੋ ਵਿਖੇ ਕਰਵਾਇਆ ਗਿਆ। ਸੱਭ ਤੋਂ ਪਹਿਲਾਂ ਪੰਜਾਬੀ ਸਾਹਿਤ ਸਭਾ ਗਲਾਸਗੋ ਦੇ ਪ੍ਰਧਾਨ ਦਲਜੀਤ ਸਿੰਘ ਦਿਲਬਰ ਨੇ ਉਦਘਾਟਨੀ ਸੰਬੋਧਨ ਵਿੱਚ ਆਏ ਹੋਏ ਸਰੋਤਿਆਂ, ਕਵੀਆਂ, ਕਵਿੱਤਰੀਆਂ ਨੂੰ ਜੀ ਆਇਆਂ ਕਿਹਾ। ਉਪਰੰਤ ਪੰਜਾਬੀ ਸਾਹਿਤ ਸਭਾ ਗਲਾਸਗੋ ਵੱਲੋਂ ਮਰਹੂਮ ਸੰਗੀਤਕਾਰ ਚਰਨਜੀਤ ਆਹੂਜਾ ਅਤੇ ਗਾਇਕ ਰਾਜਵੀਰ ਜਵੰਦਾ ਦੀ ਯਾਦ ਵਿੱਚ ਇੱਕ ਮਿੰਟ ਦਾ ਮੌਨ ਰੱਖ ਕੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਪੰਜਾਬੀ ਸਾਹਿਤ ਸਭਾ ਵੱਲੋਂ ਗਲਾਸਗੋ ਦੀ ਉਭਰਦੀ ਕਵਿੱਤਰੀ ਜਗਰੂਪ ਕੌਰ ਦੀ ਪਲੇਠੀ ਪੁਸਤਕ 'ਕੁੱਝ ਸੋਚ ਵਿਚਾਰ' ਲੋਕ ਅਰਪਣ ਕੀਤੀ ਗਈ ਅਤੇ ਜਗਰੂਪ ਕੌਰ ਨੇ ਆਪਣੀ ਕਿਤਾਬ ਵਿੱਚੋਂ ਕੁਝ ਕਵਿਤਾਵਾਂ ਨਾਲ ਸਾਂਝ ਪਾਈ। ਇਸ ਬਾਅਦ ਪਿਸ਼ੌਰਾ ਸਿੰਘ ਬੱਲ, ਅਮਰ ਮੀਨੀਆਂ, ਰਜ਼ਾ ਸਲੀਮ, ਸੁੱਖੀ ਦੁਸਾਂਝ, ਕਰਮਜੀਤ ਮੀਨੀਆਂ, ਇੰਦਰਜੀਤ ਲੀਡਰ, ਸੰਤੋਖ ਸੋਹਲ, ਤਰਲੋਚਨ ਮੁਠੱਡਾ, ਜਸਪ੍ਰੀਤ, ਸੰਜੀਵ ਭਨੋਟ (ਬਰਮਿੰਘਮ), ਦੁਪਿੰਦਰ ਕੌਰ, ਜਤਿੰਦਰ ਕੌਰ ਸੰਧੂ, ਦਿਲਜੀਤ ਸਿੰਘ ਦਿਲਬਰ ਨੇ ਆਪਣੀਆਂ ਰਚਨਾਵਾਂ, ਗੀਤਾਂ, ਕਵਿਤਾਵਾਂ ਨਾਲ ਪਰੋਗਰਾਮ ਵਿੱਚ ਰੰਗ ਭਰ ਦਿੱਤਾ। ਇੰਗਲੈਂਡ ਤੋਂ ਸਭਾ ਦੇ ਵਿਸ਼ੇਸ਼ ਸੱਦੇ 'ਤੇ ਪਹੁੰਚੇ ਪ੍ਰਸਿੱਧ ਸ਼ਾਇਰ ਰਾਜਿੰਦਰਜੀਤ ਨੇ ਆਪਣੀਆਂ ਕਿਤਾਬਾਂ 'ਸਾਵੇਂ ਅਕਸ' ਅਤੇ 'ਸੂਲਾਂ ਸੇਤੀ ਰਾਤ' ਵਿੱਚੋਂ ਆਪਣੀਆਂ ਗ਼ਜ਼ਲਾਂ ਤਰੰਨੁਮ ਵਿੱਚ ਪੇਸ਼ ਕੀਤੀਆਂ ਤਾਂ ਸਰੋਤਿਆਂ ਨੇ ਇਕਾਗਰਤਾ ਨਾਲ ਮੰਤਰ ਮੁਗਧ ਹੋ ਕੇ ਉਹਨਾਂ ਦੀ ਸ਼ਾਇਰੀ ਦਾ ਆਨੰਦ ਮਾਣਿਆ। ਇਸ ਤੋਂ ਬਾਅਦ ਇੰਗਲੈਂਡ ਦੀ ਪ੍ਰਸਿੱਧ ਰੇਡੀਓ ਟੈਲੀਵੀਜ਼ਨ ਪੇਸ਼ਕਾਰ ਅਤੇ ਕਵਿੱਤਰੀ ਰੂਪ ਦਵਿੰਦਰ ਕੌਰ ਨੇ ਆਪਣੀ ਕਿਤਾਬ 'ਮੌਨ ਦਾ ਅਨੁਵਾਦ' ਵਿੱਚੋ ਕਵਿਤਾਵਾਂ ਸੁਣਾ ਕੇ ਅਤੇ ਆਪਣੀਆਂ ਅਣ ਛਪੀਆਂ ਗ਼ਜ਼ਲਾਂ ਨਾਲ ਅਜਿਹਾ ਮਾਹੌਲ ਸਿਰਜ ਦਿੱਤਾ ਗਿਆ ਕਿ ਹਾਲ ਵਿੱਚ ਬੈਠਾ ਸ਼ਾਇਰੀ ਦੇ ਵਹਿਣ ਵਿੱਚ ਵਹਿ ਰਿਹਾ ਸੀ। ਪਰੋਗਰਾਮ ਦੇ ਆਖਰ ਵਿੱਚ ਪਰਧਾਨ ਦਲਜੀਤ ਸਿੰਘ ਦਿਲਬਰ ਵਲੋਂ ਆਏ ਸਰੋਤਿਆਂ ਦਾ ਅਤੇ ਕਵੀਆਂ ਦਾ ਧੰਨਵਾਦ ਕੀਤਾ ਗਿਆ। ਸਟੇਜ ਸਕੱਤਰ ਦੇ ਫਰਜ਼ ਅਮਨਦੀਪ ਸਿੰਘ ਅਮਨ ਵੱਲੋਂ ਵਾਖੂਬੀ ਨਾਲ ਨਿਭਾਏ ਗਏ । ਇਸ ਤੋਂ ਇਲਾਵਾ ਸਭਾ ਦੇ ਮੀਤ ਪ੍ਰਧਾਨ ਕਮਲਜੀਤ ਕੌਰ ਮਿਨਹਾਸ, ਡਾਕਟਰ ਇੰਦਰਜੀਤ ਸਿੰਘ, ਦਿਲਬਾਗ ਸਿੰਘ ਸੰਧੂ, ਮਾਸਟਰ ਗੁਰਦੇਵ ਸਿੰਘ, ਸੁਖਦੇਵ ਰਾਹੀ, ਜਗਦੀਸ਼ ਸਿੰਘ ਮੌਜੂਦ ਸਨ । ਪਰੋਗਰਾਮ ਦੌਰਾਨ ਸਾਹਿਤ ਸਭਾ ਵਲੋਂ ਪੰਜਾਬੀ ਕਿਤਾਬਾਂ ਦਾ ਸਟਾਲ ਵੀ ਲਾਇਆ ਗਿਆ।



# 2025 ਨੋਬਲ ਸ਼ਾਂਤੀ ਪੁਰਸਕਾਰ ਜੇਤੂ ਚੈਂਪੀਅਨ ਮਾਰੀਆ ਕੋਰੀਨਾ ਮਚਾਡੋ

**ANIL DHEER**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)



"2025 ਦਾ ਨੋਬਲ ਸ਼ਾਂਤੀ ਪੁਰਸਕਾਰ ਸ਼ਾਂਤੀ ਦੀ ਇੱਕ ਬਹਾਦਰ ਅਤੇ ਵਚਨਬੱਧ ਚੈਂਪੀਅਨ ਨੂੰ ਜਾਂਦਾ ਹੈ- ਇੱਕ ਔਰਤ ਨੂੰ ਜਿਸਨੇ ਵੱਧਦੇ ਹਨੇਰੇ ਵਿਚ ਲੋਕਤੰਤਰ ਦੀ ਲਾਟ ਨੂੰ ਬੱਲਦੀ ਰੱਖਿਆ ਹੈ" -

ਵਰਲਡ ਵਾਈਡ ਪਰਸਨੈਲੀਟੀ ਬਿਊਰੋ ਕੈਨੇਡਾ : ਨਾਰਵੇਈ ਨੋਬਲ ਕਮੇਟੀ ਨੇ 2025 ਦਾ ਨੋਬਲ ਸ਼ਾਂਤੀ ਪੁਰਸਕਾਰ ਮਾਰੀਆ ਕੋਰੀਨਾ ਮਚਾਡੋ ਨੂੰ ਦੇਣ ਦਾ ਫੈਸਲਾ ਕੀਤਾ ਹੈ। ਇਹ ਅਵਾਰਡ ਉਸਨੂੰ ਵੈਨੇਜ਼ੁਏਲਾ ਦੇ ਲੋਕਾਂ ਲਈ ਜਮਹੂਰੀ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਅਤੇ ਤਾਨਾਸ਼ਾਹੀ ਤੇ ਲੋਕਤੰਤਰ ਵਿਚ ਨਿਆਪੂਰਨ ਅਤੇ ਸ਼ਾਂਤੀਪੂਰਨ ਤਬਦੀਲੀ ਪ੍ਰਾਪਤ ਕਰਨ ਲਈ ਉਸਦੇ ਸੰਘਰਸ਼ ਲਈ ਨੋਬਲ ਸ਼ਾਂਤੀ ਪੁਰਸਕਾਰ ਮਿਲ ਰਿਹਾ ਹੈ।

ਮਾਰੀਆ ਕੋਰੀਨਾ ਮਚਾਡੋ ਸ਼ਾਂਤੀ ਪੁਰਸਕਾਰ ਜੇਤੂ ਦੀ ਚੋਣ ਲਈ ਐਲਫ੍ਰੇਡ ਨੋਬਲ ਦੀ ਵਸੀਅਤ ਵਿਚ ਦੱਸੇ ਗਏ ਤਿੰਨੋਂ ਮਾਪਦੰਡਾਂ ਨੂੰ ਪੂਰਾ ਕਰਦੀ ਹੈ। ਉਸਨੇ ਆਪਣੇ ਦੇਸ਼ ਦੇ ਵਿਰੋਧ ਨੂੰ ਇੱਕਠਾ ਕੀਤਾ ਹੈ। ਉਹ ਵੈਨੇਜ਼ੁਏਲਾ ਸਮਾਜ ਦੇ ਫੌਜੀਕਰਨ ਦਾ ਵਿਰੋਧ ਕਰਨ ਵਿਚ ਕਦੇ ਵੀ ਨਹੀਂ ਡਗਮਗਾਏ। ਉਹ ਲੋਕਤੰਤਰ ਵਿਚ ਸ਼ਾਂਤੀਪੂਰਨ ਤਬਦੀਲੀ ਲਈ ਆਪਣੇ ਸਮਰਥਨ ਵਿਚ ਮਜਬੂਤ ਰਹੀ ਹੈ।

ਵੈਨੇਜ਼ੁਏਲਾ ਵਿਚ ਲੋਕਤੰਤਰ ਅੰਦੋਲਨ ਦੀ ਲੀਡਰ ਦੇ ਤੌਰ 'ਤੇ, ਮਾਰੀਆ ਕੋਰੀਨਾ ਮਚਾਡੋ ਹਾਲ ਹੀ ਦੇ ਸਮੇਂ ਵਿਚ ਲਾਤੀਨੀ ਅਮਰੀਕਾ ਵਿਚ ਨਾਗਰਿਕ ਹਿੰਮਤ ਦੀਆਂ ਸੱਭ ਤੋਂ ਅਸਾਧਾਰਨ ਉਦਾਹਰਨਾਂ ਵਿੱਚੋ ਇੱਕ ਹੈ। ਸ਼੍ਰੀਮਤੀ ਮਚਾਡੋ ਇੱਕ ਰਾਜਨੀਤਿਕ ਵਿਰੋਧੀ ਧਿਰ ਵਿਚ ਇੱਕ ਮੁੱਖ, ਏਕਤਾ ਕਰਨ ਵਾਲੀ ਸ਼ਖਸੀਅਤ ਰਹੀ ਹੈ ਜੋ ਕਦੇ ਡੂੰਘਾਈ ਨਾਲ ਵੰਡਿਆ ਹੋਇਆ ਸੀ। ਇੱਕ ਵਿਰੋਧੀ ਧਿਰ ਜਿਸਨੇ ਆਜਾਦ ਚੌਣਾਂ ਅਤੇ ਪ੍ਰਤੀਨਿਧੀ ਸਰਕਾਰ ਦੀ ਮੰਗ ਵਿਚ ਸਾਂਝਾ ਆਧਾਰ ਪਾਇਆ। ਇਹ ਬਿਲਕੁਲ ਉਹੀ ਹੈ ਜੋ ਲੋਕਤੰਤਰ ਦੇ ਦਿਲ ਵਿਚ ਹੈ: ਪ੍ਰਸਿੱਧ ਸ਼ਾਸਨ ਦੇ ਸਿਧਾਂਤਾਂ ਦੀ ਰੱਖਿਆ ਕਰਨ ਦੀ ਸਾਂਝੀ ਇੱਛਾ, ਭਾਂਵੇ ਅਸੀਂ ਅਸਹਿਮਤ ਹਾਂ। ਇੱਕ ਸਮੇਂ ਜਦੋਂ ਲੋਕਤੰਤਰ ਖਤਰੇ ਵਿਚ ਹੈ, ਇੱਕ ਸਾਂਝੇ ਅਦਾਰ ਦਾ ਬਚਾਅ ਕਰਨਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਹੈ।

ਵੈਨੇਜ਼ੁਏਲਾ ਇੱਕ ਮੁਕਾਬਲਤਨ ਲੋਕਤੰਤਰੀ ਅਤੇ ਖੁਸ਼ਹਾਲ ਦੇਸ਼ ਤੋਂ ਇੱਕ ਬੇਰਹਿਮ, ਤਾਨਾਸ਼ਾਹੀ ਰਾਜ ਵਿਚ ਵਿਕਸਤ ਹੋਇਆ ਹੈ ਜੋ ਹੁਣ ਇੱਕ ਮਾਨਵਤਾਵਾਦੀ ਅਤੇ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਜ਼ਿਆਦਾਤਰ ਵੈਨੇਜ਼ੁਏਲਾ ਡੂੰਘੀ ਗਰੀਬੀ ਵਿਚ ਰਹਿੰਦੇ ਹਨ, ਭਾਵੇਂ ਕਿ ਸਿਖਰ 'ਤੇ ਕੁਝ ਲੋਕ ਆਪਣੇ ਆਪ ਨੂੰ ਅਮੀਰ ਬਣਾਉਂਦੇ ਹਨ। ਰਾਜ ਦੀ ਹਿੰਸਕ ਮਸ਼ੀਨਰੀ ਦੇਸ਼ ਦੇ ਆਪਣੇ ਨਾਗਰਿਕਾਂ ਦੇ ਵਿਰੁੱਧ ਹੈ। ਲਗਭਗ ਲੱਖਾਂ ਲੋਕ ਦੇਸ਼ ਛੱਡ ਚੁੱਕੇ ਹਨ। ਚੌਣ ਧਾਂਦਲੀ, ਕਾਨੂੰਨੀ ਮੁਕੱਦਮੇਵਾਜੀ ਅਤੇ ਕੈਦ ਦੇ ਜ਼ਰੀਏ ਵਿਰੋਧੀ ਧਿਰ ਨੂੰ ਯੋਜਨਾਵੱਧ ਢੰਗ ਨਾਲ ਦਬਾਇਆ ਗਿਆ ਹੈ।





Trump Sahib in Stress

ਲੋਕਤੰਤਰੀ ਵਿਕਾਸ ਲਈ ਸਮਰਪਿਤ ਇੱਕ ਸੰਗਠਨ, ਸੁਮੇਟ ਦੀ ਸੰਸਥਾਪਕ ਹੋਣ ਦੇ ਨਾਤੇ, ਸ਼੍ਰੀਮਤੀ ਮਚਾਡੋ 20 ਸਾਲ ਤੋਂ ਵੱਧ ਸਮਾਂ ਪਹਿਲਾਂ ਆਜਾਦ 'ਤੇ ਨਿਰਪੱਖ ਚੌਣਾਂ ਲਈ ਖੜੀ ਹੋਈ ਸੀ। ਸ਼੍ਰੀਮਤੀ ਮਚਾਡੋ ਨੇ ਨਿਆਂਇਕ ਆਜਾਦੀ, ਮਨੁੱਖੀ ਅਧਿਕਾਰਾਂ ਅਤੇ ਪ੍ਰਸਿੱਧ ਪ੍ਰਤੀਨਿਧਤਾ ਲਈ ਆਵਾਜ਼ ਉਠਾਈ ਹੈ। ਉਸਨੇ ਵੈਨੇਜ਼ੁਏਲਾ ਦੇ ਲੋਕਾਂ ਦੀ ਆਜਾਦੀ ਲਈ ਕਈ ਸਾਲਾਂ ਤੋਂ ਲੱਗੀ ਹੋਈ ਹੈ।

ਆਪਣੇ ਲੰਬੇ ਇਤਿਹਾਸ ਵਿਚ, ਨਾਰਵੇਈ ਨੋਬਲ ਕਮੇਟੀ ਨੇ ਉਨਾਂ ਬਹਾਦਰ ਔਰਤਾਂ ਅਤੇ ਮਰਦਾਂ ਨੂੰ ਸਨਮਾਨਿਤ ਕੀਤਾ ਹੈ ਜਿਨਾਂ ਨੇ ਦਮਨ ਦਾ ਸਾਹਮਣਾ ਕੀਤਾ ਹੈ, ਜਿਨਾਂ ਨੇ ਜੇਲ ਦੀਆਂ ਕੋਠੜੀਆਂ ਵਿਚ, ਸੜਕਾਂ 'ਤੇ ਅਤੇ ਜਨਤੱਕ ਚੌਕਾਂ ਵਿਚ ਆਜਾਦੀ ਦੀ ਉਮੀਦ ਨੂੰ ਅੱਗੇ ਵੱਧਾਇਆ ਹੈ। ਜਿਨਾਂ ਨੇ ਆਪਣੇ ਕੰਮਾਂ ਦੁਆਰਾ ਦਿਖਾਇਆ ਹੈ ਕਿ ਸ਼ਾਂਤੀਪੂਰਨ ਵਿਰੋਧ ਵਿਸ਼ਵ ਨੂੰ ਬਦਲ ਸੱਕਦਾ ਹੈ। ਪਿਛਲੇ ਸਾਲ, ਸ਼੍ਰੀਮਤੀ ਮਚਾਡੋ ਨੂੰ ਲੁਕਣ ਲਈ ਮਜਬੂਰ ਕੀਤਾ ਗਿਆ ਹੈ। ਆਪਣੀ ਜਾਨ ਦੇ ਵਿਰੁੱਧ ਗੰਭੀਰ ਖਤਰਿਆਂ ਦੇ ਬਾਵਜੂਦ ਉਹ ਦੇਸ਼ ਵਿਚ ਹੀ ਰਹੀ ਹੈ, ਇੱਕ ਅਜਿਹੀ ਚੌਣ ਜਿਸਨੇ ਲੱਖਾਂ ਲੋਕਾਂ ਨੂੰ ਪ੍ਰੇਰਿਤ ਕੀਤਾ ਹੈ।

ਐਲਫ੍ਰੇਡ ਨੋਬਲ: ਐਲਫ੍ਰੇਡ ਨੋਬਲ ਇੱਕ ਖੋਜੀ, ਉੱਦਮੀ, ਵਿਗਿਆਨੀ ਅਤੇ ਕਾਰੋਬਾਰੀ ਸੀ ਜਿਸਨੇ ਕਵਿਤਾ ਅਤੇ ਨਾਟਕ ਵੀ ਲਿਖਿਆ। ਉਸਦੀਆਂ ਵੱਖ-ਵੱਖ ਰੁਚੀਆਂ ਉਸ ਇਨਾਮ ਵਿਚ ਝਲਕਦੀਆਂ ਹਨਜੋ ਉਸਨੇ ਸਥਾਪਿਤ ਕੀਤਾ ਸੀ ਅਤੇ ਜਿਸਦੀ ਨੀਂਹ ਉਸਨੇ 1895 ਵਿਚ ਰੱਖੀ ਸੀ ਜਦੋਂ ਉਸਨੇ ਆਪਣੀ ਆਖਰੀ ਵਸੀਅਤ ਲਿਖੀ ਸੀ, ਆਪਣੀ ਬਹੁਤ ਸਾਰੀ ਦੌਲਤ ਇਨਾਮ ਦੀ ਸਥਾਪਨਾ ਲਈ ਛੱਡ ਦਿੱਤੀ ਸੀ।

1901 ਤੋਂ, ਨੋਬਲ ਪੁਰਸਕਾਰ ਵਿਸ਼ਵ ਭਰ ਵਿਚ ਮਰਦਾਂ 'ਤੇ ਔਰਤਾਂ ਨੂੰ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਸਰੀਰ ਵਿਗਿਆਨ-ਮੇਡੀਸਨ, ਸਾਹਿਤ ਅਤੇ ਸ਼ਾਂਤੀ ਦੇ ਖੇਤਰ ਵਿਚ ਕੰਮ ਕਰਨ ਲਈ ਸ਼ਾਨਦਾਰ ਪ੍ਰਾਪਤੀਆਂ ਲਈ ਸਨਮਾਨਿਤ ਕਰ ਰਿਹਾ ਹੈ। ਨੋਬਲ ਪਰਸਕਾਰ ਵਿਜੇਤਾ ਨੂੰ 24 ਕੈਰੇਟ ਸੋਨੇ ਨਾਲ ਢੱਕਿਆ ਇੱਕ ਹਰਾ ਸੋਨੇ ਦਾ ਤਗਮਾ, ਇੱਕ ਡਿਪਲੋਮਾ 'ਤੇ ਇੱਕ ਨਕਦ ਇਨਾਮ ਮਿਲਦਾ ਹੈ।

ਡੋਨਾਲਡ ਟਰੰਪ ਸਾਹਿਬ ਨੇ ਹਰ ਮੁਮਕਿਨ ਕੋਸ਼ਿਸ਼ ਕੀਤੀ, ਪੂਰਾ ਜੋਰ ਲਗਾਇਆ। ਇੱਥੇ ਤੱਕ ਵੀ ਟਰੰਪ ਨੇ ਕਿਹਾ ਕਿ ਜੇ ਮੈਨੂੰ ਇਹ ਨੋਬਲ ਸ਼ਾਂਤੀ ਪੁਰਸਕਾਰ ਨਾ ਮਿਲਿਆ ਤਾਂ ਇਸ ਵਿਚ ਅਮਰੀਕਾ ਦੀ ਇਨਸਲਟ ਹੈ। ਪਰ ਗੱਲ ਨਹੀਂ ਬਣ ਸਕੀ। "ਇਹ ਠੀਕ ਕਿਹਾ ਗਿਆ ਹੈ ਕਿ ਇਹ ਪੁਰਸਕਾਰ ਮੰਗਨ ਨਾਲ ਨਹੀਂ ਮਿਲਦਾ, ਬਲਕਿ ਵਿਸ਼ਵ ਦੀ ਸ਼ਾਂਤੀ ਲਈ ਤਨ, ਮਨ 'ਤੇ ਧਨ ਨਾਲ ਸੇਵਾ ਕਰਨ ਨਾਲ ਮਿਲਦਾ ਹੈ"

ਮਾਰੀਆ ਕੋਰੀਨਾ ਮਚਾਡੋ ਨੇ ਇਹ ਇਨਾਮ "ਵੈਨੇਜ਼ੁਏਲਾ ਦੇ ਪੀੜਤ ਲੋਕਾਂ ਅਤੇ ਸਾਡੇ ਉਦੇਸ਼ ਦੇ ਨਿਰਣਾਇਕ ਸਮਰਥਨ ਲਈ ਰਾਸ਼ਟਰਪਤੀ ਟਰੰਪ ਨੂੰ ਸਮਰਪਿਤ ਕੀਤਾ। ਮਚਾਡੋ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਹਰ ਬਿਰਾਦਰੀ ਵੱਲੋਂ ਬਹੁਤ ਮੁਬਾਰਕਾਂ।"

## THE CONTESTING GROUPS THEMSELVES HAVE FIXED 2047 FOR COMPLETE DEVELOPMENT

We got freedom and then we adopted the path of democracy toachieve comlete development. The final date of complete developmentwas not fxed earlier, but when now both the contesting groups aretalking of development, the question arose when final developmentshall coe, the groups themselves declared that on completion of onecentury i.e. by 2047 we too shall be a developed country.

Still the groups are silent what they had been doing during theirtenures and what they shall do during the period of four and halftenure. What shall be position of man here, they just say that theman here shall be having all facilities like a man in any of thedeveloped count4ry.

Here the politicians had been deciding the fate of the people andsince they had been only well wishers, no scientific programmes couldbe taken in hand. Had we established a Commission of experts forgiving to the Nation specific program es, things would have beenbetter because in democracy, there is house of the people and thatHouse can solve any6 of the problem of the people. We are still inbasic stage because the contesting groups are alive in the House andthey are still busy in maintaining fights and oppose each other andeven on welfare schemes they continue differing and opposing eachother in the House rartely a Bill, Scheme, Project and Policy could bepassed .

The absolute majority rule too is an hurdle and oftengoverning group too hesitates to come forward with a Bill, Scheme,Project and Policy. If the Bills, Projects, Schemes and Policies come from thePermanent Planning Commission, contesting groups can consider thematter on merits because it is not from a contesting groups, resultcould be better.

We have still more than four tenures with us and even still wehave time with us to establish a Permanent Planning Commission thecommission may come forward with Bi8lls, Projects, Schemes andPolicies and the House must become common as representatives of thepeople and each item should be considered on merits and merits alone,it is expected that we shall be able to go ahead and fulfill our hopesto achieve complete development by the prescribed date. Let usestablish a Permanent Planning Commission without any further wastageof time.

Advocate Dalip Singh Wasan,

# ਸਿਆਸਤਦਾਨਾਂ ਨੇ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹਾਦਤ ਨੂੰ ਮਿਟੀ ਵਿੱਚ ਰੋਲ ਦਿੱਤਾ

## ਸ਼ਹੀਦੀ ਦਿਵਸ 'ਤੇ ਵਿਸ਼ੇਸ਼

ਡਾ. ਚਰਨਜੀਤ ਸਿੰਘ ਗੁਮਟਾਲਾ
0019375739812 (ਅਮਰੀਕਾ),
ਵਟਸਐਪ 919417533060



ਪਿਛਲੀ ਸਦੀ ਦੇ ਵਿਲੱਖਣ ਸਿੱਖ ਸ਼ਹੀਦ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦਾ ਸ਼ਹੀਦੀ ਦਿਹਾੜਾ 27 ਅਕਤੂਬਰ ਨੂੰ ਹੁੰਦਾ ਹੈ, ਪਰ ਆਮਤੌਰ ਤੇ ਪ੍ਰਤੱਖ ਹੈ ਕਿ ਉਨ੍ਹਾਂ ਦੇ ਜਿਗਰੀ ਦੋਸਤ ਜਥੇਦਾਰ ਸੋਹਣ ਸਿੰਘ ਜਲਾਲ ਉਸਮਾ ਵੱਲੋਂ ਸਥਾਪਿਤ ਕੀਤੇ ਗਏ "ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਟਰੱਸਟ, ਰਈਆ" ਜਾਂ ਇੱਕ ਦੋ ਹੋਰ ਸਥਾਨਿਕ ਗੁਰਦੁਆਰਾ ਸਾਹਿਬ ਤੋਂ ਇਲਾਵਾ ਪੰਜਾਬ ਦੀ ਕਿਸੇ ਹੋਰ ਸਿਆਸੀ ਪਾਰਟੀ ਵੱਲੋਂ ਨਹੀਂ ਮਨਾਇਆ ਜਾਂਦਾ, ਭਾਵੇਂ ਕਿ ਸਰਦਾਰ ਸਾਹਿਬ ਜੀ ਨੇ "ਸਿੱਖ ਅਰਦਾਸ" ਦੀ ਮਹੱਤਤਾ ਮਹਾਨਤਾ ਨੂੰ ਸਿਰੜ ਨਾਲ ਉਜਾਗਰ ਕਰਨ ਲਈ ਅਤੇ ਪੰਜਾਬ ਦੀਆਂ ਅਤਿ ਅਹਿਮ ਅਤੇ ਹੱਕੀ ਮੰਗਾਂ ਦੀ ਪੂਰਤੀ ਲਈ 74 ਦਿਨ ਭੁੱਖੇ ਰਹਿ ਕੇ ਕੱਟ ਕੱਟ ਕੇ ਪ੍ਰਾਨ ਤਿਆਗ ਦਿੱਤੇ

ਆਪ ਦਾ ਜਨਮ ਪਿੰਡ ਫੇਰੂਮਾਨ ਜ਼ਿਲ੍ਹਾ ਅੰਮ੍ਰਿਤਸਰ ਵਿਚ ਇਕ ਅਗਸਤ 1885 ਈ. ਵਿਚ ਹੋਇਆ। ਆਪ ਦੇ ਪਿਤਾ ਦਾ ਨਾਂ ਸ. ਚੰਦਾ ਸਿੰਘ ਤੇ ਮਾਤਾ ਦਾ ਸਰਦਾਰਨੀ ਰਾਜ ਕੌਰ ਸੀ।ਆਪ ਦਸਵੀਂ ਜਮਾਤ ਪਾਸ ਕਰਕੇ 1912 ਵਿਚ ਭਾਰਤੀ ਫ਼ੌਜ ਵਿਚ ਬਤੌਰ ਸਿਪਾਈ ਭਰਤੀ ਹੋਏ।ਦੋ ਸਾਲ ਬਾਦ ਆਪ ਫ਼ੌਜ ਵਿਚੋਂ ਅਸਤੀਫ਼ਾ ਦੇ ਕੇ ਹਿਸਾਰ ਵਿਚ ਠੇਕੇਦਾਰੀ ਕਰਨ ਲੱਗੇ।ਉਨ੍ਹਾਂ ਦੇ ਮਾਤਾ ਜੀ ਧਾਰਮਿਕ ਬਿਰਤੀ ਦੇ ਸਨ, ਉਨ੍ਹਾਂ ਨੇ ਉਨ੍ਹਾਂ ਨੂੰ ਗੁਰਦੁਆਰਾ ਸੁਧਾਰ ਲਹਿਰ ਵਿਚ ਹਿੱਸਾ ਲੈਣ ਲਈ ਕਿਹਾ।

ਆਪ ਨੇ ਨਵੰਬਰ 1921 ਵਿਚ ਚਾਬੀਆਂ ਦੇ ਮੋਰਚੇ ਵਿਚ ਹਿਸਾ ਲਿਆ।ਆਪ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਇਕ ਸਾਲ ਦੀ ਸਜ਼ਾ ਹੋਈ। ਸੰਨ 1923 ਵਿਚ ਸੁਲਤਾਨਵਿਡ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਵਿਚ ਕਾਂਗਰਸ ਵੱਲੋਂ ਇਕ ਰਾਜਸੀ ਜਲਸਾ ਹੋਇਆ।ਆਪ ਤੇ ਬਾਬਾ ਇੰਦਰ ਸਿੰਘ ਵੇਰਕਾ ਉਸ ਦੇ ਪ੍ਰਬੰਧਕ ਸਨ। ਸਰਕਾਰ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਸਵਾ-ਸਵਾ ਸਾਲ ਦੀ ਕੈਦ ਕਰ ਕੇ ਮੁਲਤਾਨ ਸੈਂਟਰਲ ਜੇਲ੍ਹ ਭੇਜ ਦਿੱਤਾ। ਫਰਵਰੀ 1924 ਵਿਚ ਗੰਗਸਰ ਜੈਤੋ ਦਾ ਮੋਰਚਾ ਲੱਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਪੰਜ ਸੌ ਦੇ ਜੱਥੇ ਜਾਂਦੇ ਸਨ ਆਪ ਨੇ 14ਵੇਂ ਸ਼ਹੀਦੀ ਜੱਥੇ ਦੇ ਜੱਥੇਦਾਰ ਬਣ ਕੇ ਨਾਭੇ ਗ੍ਰਿਫਤਾਰੀ ਦਿੱਤੀ। ਦਸ ਮਹੀਨੇ ਜੇਲ੍ਹ 'ਚ ਰਹੇ। ਜੁਲਾਈ 1925 ਵਿਚ ਗੁਰਦੁਆਰਾ ਐਕਟ ਬਣ ਗਿਆ। ਸਰਕਾਰ ਨੇ ਸਾਰੇ ਅਕਾਲੀ ਕੈਦੀ ਛੱਡ ਦਿੱਤੇ ਅਤੇ ਆਪ ਵੀ ਰਿਹਾਅ ਹੋ ਗਏ। 1926 ਵਿਚ ਆਪ ਆਪਣੇ ਪਿਤਾ ਕੋਲ ਮਲਾਇਆ ਚਲੇ ਗਏ। ਮਲਾਇਆ 'ਚ ਬੁੱਧ ਸਿੰਘ ਸਠਿਆਲਾ ਨਾਲ ਮਿਲ ਕੇ ਦੇਸ਼ ਦੀ ਆਜ਼ਾਦੀ ਲਈ ਭਾਰਤੀਆਂ ਨਾਲ ਪ੍ਰਚਾਰ ਕਰਨ ਲੱਗ ਪਏ। ਉੱਥੇ ਅੰਗਰੇਜ਼ੀ ਸਰਕਾਰ ਨੇ ਆਪ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਬੰਦ ਕਰ ਦਿੱਤਾ। ਜੇਲ ਵਿਚ ਆਪ ਨੂੰ ਕਛਹਿਰਾ ਪਾਉਣ ਦੀ ਆਗਿਆ ਨਹੀਂ ਦਿੱਤੀ ਗਈ ਤਾਂ ਆਪ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ, 21 ਦਿਨਾਂ ਬਾਦ ਉਨ੍ਹਾਂ ਮੰਗ ਗਈ। ਤਿੰਨ ਸਾਲ ਪਿੱਛੋਂ 1929 'ਚ ਉਹ ਵਾਪਸ ਆ ਗਏ।


ਦੂਸਰੇ ਵਿਸ਼ਵ-ਯੁਧ ਵਿਚ ਮਹਾਤਮਾ ਗਾਂਧੀ ਵਲੋਂ ਭਾਰਤੀ ਰਾਸ਼ਟਰੀ ਕਾਂਗਰਸ ਦੇ ਪੂਰਨ ਸਮਰਥਨ ਨਾਲ ਸ਼ੁਰੂ ਕੀਤੀ ਗਈ ਨਾ-ਮਿਲਵਰਤਨ ਲਹਿਰ ਵਿਚ ਆਪ ਨੇ ਭਾਗ ਲਿਆ ਤੇ 14 ਮਹੀਨੇ ਜੇਲ ਵਿਚ ਗੁਜਾਰੇ।

ਸੰਨ 1934-35 ਆਪ ਨੇ ਸ. ਊਧਮ ਸਿੰਘ ਨਾਗੋਕੇ ਅਤੇ ਸ.ਪ੍ਰਤਾਪ ਸਿੰਘ ਕੈਰੋਂ ਨਾਲ ਮਿਲ ਕੇ ਕਿਸਾਨੀ ਲਹਿਰ ਸ਼ੁਰੂ ਕੀਤੀ। ਸੰਨ 1939 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਈਆਂ। ਉਨ੍ਹਾਂ ਵਿਚ ਆਪ ਦੋ ਵਾਰ ਦਰਬਾਰ ਸਾਹਿਬ ਕਮੇਟੀ ਦੇ ਮੈਂਬਰ ਚੁਣੇ ਗਏ।

ਆਜ਼ਾਦੀ ਤੋਂ ਬਾਅਦ 1952 ਤੋਂ 1964 ਕਾਂਗਰਸ ਦੀ ਟਿਕਟ 'ਤੇ ਆਪ ਰਾਜ ਸਭਾ ਦੇ ਮੈਂਬਰ ਰਹੇ। ਪਰ ਕਾਂਗਰਸ ਨਾਲ ਮਤਭੇਦ ਪੈਦਾ ਹੋ ਜਾਣ ਕਾਰਨ ਕਾਂਗਰਸ ਛੱਡ ਕੇ ਸੁਤੰਤਰ ਪਾਰਟੀ ਵਿਚ ਸ਼ਾਮਲ ਹੋ ਗਏ। ਤਰਨ ਤਾਰਨ ਲੋਕ ਸਭਾ ਹਲਕੇ ਤੋਂ ਪਾਰਲੀਮੈਂਟ ਦੀ ਚੋਣ ਲੜੀ, ਪਰ ਹਾਰ ਗਏ।ਪਰ ਜੇ ਅਸੀਂ ਉਨ੍ਹਾਂ ਦੀ ਜਿੰਦਗੀ 'ਤੇ ਝਾਤ ਪਾਈਏ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਸਾਰੀ ਜਿੰਦਗੀ ਆਜ਼ਾਦੀ 'ਤੇ ਲਾ ਦਿੱਤੀ ਤੇ ਆਖਰ ਵਿਚ ਆਪ ਨੇ ਸਿੱਖ ਧਰਮ ਵਿਚ ਅਰਦਾਸ ਦੀ ਕੀ ਮਹੱਤਤਾ ਹੈ? ਵਿਚ ਆਪਾ ਕੁਰਬਾਨ ਕਰ ਦਿੱਤਾ। ਇਸ ਲਈ ਚਾਹੀਦਾ ਹੈ ਕਿ ਪਾਰਟੀਬਾਜੀ ਤੋਂ ਉਪਰ ਉੱਠ ਕੇ ਇਸ ਦਿਨ ਵੱਡੀ ਕਾਨਫਰੰਸ ਕੀਤੀ ਜਾਵੇ ਤੇ ਕੇਂਦਰ ਨਾਲ ਸਬੰਧਿਤ ਮੰਗਾਂ ਨੂੰ ਲੈ ਕੇ ਜਨਤਕ ਲਾਮਬੰਦੀ ਕੀਤੀ ਜਾਵੇ।

ਮਰਨ ਵਰਤ ਕਿਉਂ ਰਖਿਆ ?:ਸ਼੍ਰੋਮਣੀ ਅਕਾਲੀ ਦਲ ਦੇ ਆਗੂ ਮਾਸਟਰ ਤਾਰਾ ਸਿੰਘ ਨੇ ਸੰਨ 1961 ਵਿਚ ਪੰਜਾਬੀ ਭਾਸ਼ੀ ਸੂਬਾ ਬਣਾਉਣ ਦੀ ਮੰਗ ਨੂੰ ਲੈ ਕੇ ਭੁੱਖ ਹੜਤਾਲ ਸ਼ੁਰੂ ਕੀਤੀ । ਉਨ੍ਹਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣਾ ਮਰਨ ਵਰਤ ਸ਼ੁਰੂ ਕੀਤਾ ਗਿਆ ਸੀ। ਉਨ੍ਹਾਂ ਮਰਨ ਵਰਤ ਸ਼ੁਰੂ ਕਰਨ ਤੋਂ ਪਹਿਲਾਂ ਐਲਾਨ ਕੀਤਾ ਸੀ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਦੋਂ ਤੱਕ ਉਹ ਮਰਨ ਵਰਤ ਜਾਰੀ ਰਖਣਗੇ। ਇਸ ਐਲਾਨ ਨੇ ਕੇਂਦਰ ਨੂੰ ਭਾਜੜਾਂ ਪਾ ਦਿੱਤੀਆਂ, ਜਿਸ ਤੋਂ ਬਾਅਦ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਮਾਸਟਰ ਤਾਰਾ ਸਿੰਘ ਨੂੰ ਇਕ ਚਿੱਠੀ ਲਿਖ ਕੇ ਉਨ੍ਹਾਂ ਵੱਲੋਂ ਉਠਾਏ ਜਾਂਦੇ ਮਾਮਲੇ ਨੂੰ ਘੋਖਣ ਦਾ ਭਰੋਸਾ ਦਿੱਤਾ ਮਾਸਟਰ ਤਾਰਾ ਸਿੰਘ ਨੇ ਅਕਾਲੀ ਆਗੂ ਸੰਤ ਫਤਿਹ ਸਿੰਘ ਦੇ ਹੱਥੋਂ ਜੂਸ ਦਾ ਗਿਲਾਸ ਪੀ ਕੇ 48 ਦਿਨਾਂ ਮਗਰੋਂ ਆਪਣਾ ਮਰਨ ਵਰਤ ਖ਼ਤਮ ਕਰ ਦਿੱਤਾ ਸੀ,ਪਰ ਅਕਾਲੀ ਦਲ ਨਾਲ ਜੁੜੇ ਜ਼ਿਆਦਾਤਰ ਲੋਕ ਇਸ ਫ਼ੈਸਲੇ ਤੋਂ ਨਾਰਾਜ਼ ਹੋ ਗਏ ਸੀ।

ਭਾਰਤ ਅਤੇ ਪਾਕਿਸਤਾਨ ਵਿੱਚ 1965 ਦੀ ਜੰਗ ਸ਼ੁਰੂ ਹੋਣ ਵਾਲੀ ਸੀ ਕਿ ਸੰਤ ਫ਼ਤਿਹ ਸਿੰਘ ਨੇ ਵੀ ਮਰਨ ਵਰਤ ਸ਼ੁਰੂ ਕਰ ਦਿੱਤਾ ਪਰ



ਜੰਗ ਸ਼ੁਰੂ ਹੋ ਜਾਣ ਪਿਛੋਂ ਉਸ ਵੇਲ਼ੇ ਦੇ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦੁਰ ਸ਼ਾਸਤਰੀ ਦੀ ਅਪੀਲ ਉਪਰੰਤ ਉਨ੍ਹਾਂ ਮਰਨ ਵਰਤ ਛੱਡ ਦਿੱਤਾ ।

ਸ੍ਰੀ ਮਤੀ ਇੰਦਰਾ ਗਾਂਧੀ ਨੇ ਪ੍ਰਧਾਨ ਮੰਤਰੀ ਬਣਦਿਆਂ ਹੀ ਅਕਤੂਬਰ 1966 ਵਿੱਚ ਪੰਜਾਬੀ ਸੂਬਾ ਬਨਾਉਣ ਦਾ ਐਲਾਨ ਕਰ ਦਿੱਤਾ ਪਰ ਕੇਂਦਰੀ ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੇ ਪੰਜਾਬੀ ਸੂਬਾ ਐਕਟ ਬਣਾਉਣ ਸਮੇਂ ਉਸ ਵੇਲੇ ਦੇ ਪੰਜਾਬ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਦਿੱਤਾ। ਕਈ ਪੰਜਾਬੀ ਬੋਲਦੇ ਇਲਾਕੇ ਨਵੇਂ ਹੋਂਦ ਵਿੱਚ ਆਏ ਹਿਮਾਚਲ ਹਰਿਆਣੇ ਅਤੇ (ਜ਼ਿਲ੍ਹਾ ਗੰਗਾਨਗਰ) ਰਾਜਸਥਾਨ ਵਿੱਚ ਸ਼ਾਮਲ ਕਰ ਦਿੱਤੇ। ਚੰਡੀਗੜ੍ਹ ਅਤੇ ਭਾਖ਼ੜਾ ਡੈਮ ਦਾ ਪ੍ਰਬੰਧ ਕੇਂਦਰੀ ਸਰਕਾਰ ਨੇ ਆਪਣੇ ਕੋਲ਼ ਰੱਖ ਲਿਆ ਅਤੇ ਦਰਿਆਈ ਪਾਣੀਆਂ ਦੀ ਵੀ ਕਾਣੀ ਵੰਡ ਕਰ ਦਿੱਤੀ, ਜਿਸ ਕਾਰਨ ਅਕਾਲੀਆਂ ਨੂੰ ਮੋਰਚਿਆਂ ਦੇ ਰਾਹ ਫਿਰ ਪੈਣਾ ਪਿਆ।

ਲੰਗੜਾ ਪੰਜਾਬੀ ਸੂਬਾ ਹੋਂਦ ਵਿੱਚ ਆਉਣ ਪਿਛੋਂ ਜਦੋਂ ਹਰ ਪਾਸਿਓਂ ਫਿਟਕਾਰਾਂ ਪੈਣ ਲੱਗੀਆਂ ਤਾਂ ਸੰਤ ਫ਼ਤਹਿ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ਼ ਲੱਗਦੇ ਕਮਰੇ ਉਪਰ ਅਗਨ-ਕੁੰਡ ਬਣਾ ਲਏ ਅਤੇ 17 ਦਸੰਬਰ 1966 ਨੂੰ ਮਰਨ ਵਰਤ ਸ਼ੁਰੂ ਕਰ ਦਿਤਾ ਤੇ ਸਰਕਾਰ ਨੂੰ ਇਹ ਅਲਟੀਮੇਟਮ ਦਿੱਤਾ ਕਿ ਜੇ ਦਸ ਦਿਨਾਂ ਦੇ ਅੰਦਰ-ਅੰਦਰ ਪੰਜਾਬੀ ਸੂਬੇ ਨੂੰ ਮੁਕੰਮਲ ਕਰਨ ਦੀ ਮੰਗ ਨਾ ਮੰਨੀ ਗਈ ਤਾਂ ਉਹ ਅਗਨ ਕੁੰਡ ਵਿਚ ਬੈਠ ਕੇ ਸੜ ਮਰਨਗੇ। ਉਨ੍ਹਾਂ ਦੇ ਇਸ ਐਲਾਨ ਪਿਛੋਂ ਸੰਤ ਚੰਨਣ ਸਿੰਘ, ਜੱਥੇਦਾਰ ਭਾਗ ਸਿੰਘ ਜੈਦ, ਜੱਥੇਦਾਰ ਪ੍ਰੀਤਮ ਸਿੰਘ ਸ਼ਰੀਂਹ, ਸ. ਜਗੀਰ ਸਿੰਘ ਫੱਗੂਵਾਲ ਅਤੇ ਜੱਥੇਦਾਰ ਜਗੀਰ ਸਿੰਘ ਪੂਲੇ ਨੇ ਵੀ ਐਲਾਨ ਕਰ ਦਿੱਤਾ ਕਿ ਉਹ ਸੰਤ ਫ਼ਤਹਿ ਸਿੰਘ ਤੋਂ ਅਗਲੇ ਦਿਨ ਸੜ ਮਰਨਗੇ, ਜਦੋਂ ਕਿ ਲੋਕ ਜਾਣਦੇ ਸਨ ਕਿ ਇਹ ਦੁੱਧ ਪੀਣੇ ਮਜਨੂੰ ਮਰ ਨਹੀਂ ਸਕਦੇ। ਹਲਕਾ ਪੱਟੀ ਤੋਂ ਸ. ਪ੍ਰਤਾਪ ਸਿੰਘ ਕੈਰੋਂ ਦੇ ਵਿਰੋਧ ਦੇ ਬਾਵਜੂਦ ਪੰਜਾਬ ਵਿਧਾਨ ਸਭਾ ਲਈ ਆਜ਼ਾਦ ਜਿੱਤਿਆ ਸ. ਹਜ਼ਾਰਾ ਸਿੰਘ ਗਿੱਲ ਆਪਣੇ ਸਾਥੀਆਂ ਨੂੰ ਲੈ ਕੇ ਮੀਰੀ ਪੀਰੀ ਦੇ ਨਿਸ਼ਾਨ ਸਾਹਿਬਾਨ ਨੇੜੇ ਮਰਨ ਵਰਤ 'ਤੇ ਬੈਠ ਗਿਆ ਅਤੇ ਐਲਾਨ ਕਰ ਦਿੱਤਾ ਕਿ ਜਾਬੀ ਸੂਬੇ ਨੂੰ ਮੁਕੰਮਲ ਕਰਵਾਏ ਬਿਨਾਂ ਸੰਤ ਫ਼ਤਿਹ ਸਿੰਘ ਤੇ ਉਸ ਦੇ ਸਾਥੀਆਂ ਨੂੰ ਮਰਨ ਵਰਤ ਛੱਡ ਕੇ ਭੱਜਣ ਨਹੀਂ ਦੇਣਾ। ਆਖ਼ਰਕਾਰ ਸੜ ਮਰਨ ਦਾ ਦਿਨ ਆ ਗਿਆ। ਨੀਯਤ ਸਮਾਂ ਲੰਘ ਗਿਆ। ਅਕਾਲੀ ਆਗੂ ਅਕਾਸ਼ ਵੱਲ ਵੇਖੀ ਜਾਣ, ਦੁਪਹਿਰ ਦੇ ਢਾਈ ਵੱਜ ਚੁੱਕੇ ਸਨ ਕਿ ਇਕ ਹਵਾਈ ਜਹਾਜ਼ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਉਪਰੋਂ ਦੀ ਲੰਘਿਆ। ਅਕਾਲੀਆਂ ਦੇ ਮੁਰਝਾਏ ਚਿਹਰੇ ਖਿੜ ਗਏ। ਹਰ ਪਾਸਿਓਂ 'ਸ. ਹੁਕਮ ਸਿੰਘ ਆ ਗਿਆ, ਸ. ਹੁਕਮ ਸਿੰਘ ਆ ਗਿਆ' ਦੀਆਂ ਆਵਾਜ਼ਾਂ ਆਉਣ ਲੱਗ ਪਈਆਂ। ਕੋਈ ਅੱਧੇ ਘੰਟੇ ਪਿਛੋਂ ਸ. ਹੁਕਮ ਸਿੰਘ ਆਏ ਜੋ ਉਸ ਵੇਲੇ ਲੋਕ ਸਭਾ ਦੇ ਸਪੀਕਰ ਸਨ। ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਦੂਜੀ ਮੰਜ਼ਲ 'ਤੇ ਚੜ੍ਹ ਗਏ ਅਤੇ ਸੰਤ ਫ਼ਤਹਿ ਸਿੰਘ ਨਾਲ਼ ਮਿਲਣ ਉਪਰੰਤ ਅਕਾਲ ਤਖ਼ਤ ਸਾਹਿਬ 'ਤੇ ਖਲੋ ਕੇ ਕਿਹਾ ਕਿ ਭਾਰਤ ਸਰਕਾਰ ਨੇ ਅਕਾਲੀ ਦਲ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਹਨ, ਜਿਨ੍ਹਾਂ ਦਾ ਵਿਸਤਾਰ ਮਗਰੋਂ ਦੱਸਿਆ ਜਾਵੇਗਾ। ਉਹ ਭਾਰਤ ਸਰਕਾਰ ਵੱਲੋਂ ਇਹ ਭਰੋਸਾ ਦੁਆ ਰਹੇ ਹਨ। ਇਸ ਐਲਾਨ ਦੀ ਢਿੱਲ ਸੀ ਕਿ ਸੰਤ ਫ਼ਤਹਿ ਸਿੰਘ ਨੇ ਜੂਸ ਦਾ ਗਿਲਾਸ ਗੱਟ-ਗੱਟ ਕਰਕੇ ਪੀ ਲਿਆ। ਜਿੱਤ ਦੇ ਜੈਕਾਰੇ ਗੂੰਜਣ ਲੱਗੇ। ਸ. ਹਜ਼ਾਰਾ ਸਿੰਘ ਗਿੱਲ ਤੇ ਉਸ ਦੇ ਸਾਥੀਆਂ ਨੇ ਬਹੁਤ ਰੌਲਾ ਪਾਇਆ ਕਿ ਕੌਮ ਨਾਲ਼ ਠੱਗੀ ਹੋਣ ਲੱਗੀ ਹੈ ਪਰ ਅਕਾਲੀਆਂ ਦੀ ਬੁਰਛਾਗਰਦੀ ਅੱਗੇ ਬਹੁਤੀ ਦੇਰ ਟਿਕ ਨਾ ਸਕੇ। ਮਗਰੋਂ ਇਹ ਭੇਦ ਖੁੱਲ੍ਹਿਆ ਕਿ ਸ. ਲਛਮਣ ਸਿੰਘ ਗਿੱਲ ਹਵਾਈ ਜਹਾਜ਼ ਕਿਰਾਏ 'ਤੇ ਲੈ ਕੇ ਹੁਕਮ ਸਿੰਘ ਨੂੰ ਆਪ ਲਿਆਇ ਸਨ। ਇਸ ਮੌਕੇ ਇਹ ਲੇਖਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੇ ਦਫ਼ਤਰ ਦੇ ਬਾਹਰ ਸਾਰਾ ਦ੍ਰਿਸ਼ ਵੇਖ ਰਿਹਾ ਸੀ। ਮੇਰੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਮੈਂਬਰ ਜਥੇਦਾਰ ਅਮਰ ਸਿੰਘ ਘਣੂਪੁਰ ਖੜ੍ਹੇ ਸਨ, ਜਿਉਂ ਹੀ ਐਲਾਨ ਹੋਇਆ ਕਿ ਸੰਤ ਫਤਹਿ ਸਿੰਘ ਨੇ ਮਰਨਵਰਤ ਛਡ ਦਿੱਤਾ ਹੈ ਸਾਡੇ ਨਜਦੀਕ ਸੰਤ ਫਤਹਿ ਸਿੰਘ ਦੀ ਵੱਡੀ ਸਾਰੀ ਰੰਗਦਾਰ ਤਸਵੀਰ ਲੱਗੀ ਹੋਈ ਸੀ ਘਣੂਪੁਰ ਸਾਹਿਬ ਨੇ ਜੁਤੀ ਦਾ ਛਿੱਤਰ ਲਾ ਕੇ ਜੋਰ ਦੀ ਮਾਰਿਆ ਤੇ ਨਾਲ ਹੀ ਕਿਹਾ ਲਾਹਨਤ ਹੈ ਐਸੇ ਸਾਧ ਨੂੰ। ਫੋਟੋ ਫੱਟ ਗਈ ।

ਸੰਤ ਫ਼ਤਹਿ ਸਿੰਘ ਤੇ ਉਸ ਦੇ ਸਾਥੀਆਂ ਵੱਲੋਂ ਅਰਦਾਸ ਤੋਂ ਭਗੌੜੇ ਹੋ ਜਾਣ ਪਿੱਛੋਂ ਡਾਕਟਰ ਜਗਜੀਤ ਸਿੰਘ ਚੌਹਾਨ ਜਲੰਧਰ ਤੋਂ ਹਰਬੰਸ ਸਿੰਘ ਬਾਗਲਾ ਨਾਂ ਦਾ ਇਕ ਨੌਜਵਾਨ ਫੜ ਲਿਆਇਆ ਅਤੇ ਉਸ ਤੋਂ ਭੁੱਖ ਹੜਤਾਲ ਸ਼ੁਰੂ ਕਰਵਾ ਦਿੱਤੀ। ਕੁਝ ਦਿਨਾਂ ਪਿਛੋਂ ਹੀ ਉਹ ਭੱਜ ਗਿਆ। ਫਿਰ ਖ਼ਡੂਰ ਸਾਹਿਬ ਤੋਂ ਜਗਦੀਸ਼ ਸਿੰਘ ਚੂਹੇ ਨੂੰ ਲੈ ਆਇ ਪਰ ਉਹ ਵੀ ਭੁੱਖ ਨਾ ਸਹਾਰ ਸਕਿਆ ਅਤੇ ਦੌੜ ਗਿਆ। ਇਸ ਤੋਂ ਉਪਰੰਤ ਫ਼ਰੀਦਕੋਟ ਤੋਂ ਮਹੰਤ ਸੇਵਾਦਾਰ ਨਾਂ ਦੇ ਇਕ ਸਾਧ ਨੂੰ ਲਿਆ ਕੇ, ਮਰਨ ਵਰਤ 'ਤੇ ਬਿਠਾ ਦਿੱਤਾ। ਉਹ ਮਹੰਤ ਵੀ ਭੱਜ ਗਿਆ।

ਬਾਕੀ ਹਿਸਾ ਸਫ਼ਾ 63 ਤੇ ਪੜ੍ਹੋ

62 ਸਫ਼ੇ ਦੀ ਬਾਕੀ

ਫੇਰੂਮਾਨ ਜੀ ਵੱਲੋਂ ਪਹਿਲੀ ਅਗਸਤ 1969 ਨੂੰ ਰਈਆ ਵਿਖੇ ਇਕ ਕਾਨਫਰੰਸ ਰੱਖੀ ਗਈ ਸੀ। ਇਸ ਮੌਕੇ 'ਤੇ ਆਪ ਨੇ ਐਲਾਨ ਕਰ ਦਿੱਤਾ ਕਿ ਉਹ 15 ਅਗਸਤ ਨੂੰ ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਅਰਦਾਸ ਕਰਨਗੇ, ਜਿਹੜੀ ਸੰਤ ਫਤਹਿ ਸਿੰਘ ਤੇ ਉਸ ਦੇ ਸਾਥੀਆਂ ਨੇ ਕਈ ਵਾਰ ਕਾਇਰਾਂ ਵਾਂਗ ਤੋੜੀ ਹੈ; ਇਸ ਉਪਰੰਤ ਉਹ ਮਰਨ ਵਰਤ ਸ਼ੁਰੂ ਕਰਨਗੇ, ਜਾਂ ਤਾਂ ਅਰਦਾਸ ਪੂਰੀ ਹੋਵੇਗੀ ਜਾਂ ਆਪ ਆਪਣੀ ਜਾਨ ਉੱਤੇ ਖੇਡ ਜਾਣਗੇ। ਜਦੋਂ ਉਹ ਮਰਨ ਵਰਤ ਸ਼ੁਰੂ ਕਰੇ ਤਾਂ ਕੋਈ ਵੀ ਨਾ ਤਾਂ ਅਮਨ ਭੰਗ ਕਰੇ ਅਤੇ ਨਾ ਹੀ ਕਿਸੇ ਸਰਕਾਰੀ ਸੰਪੱਤੀ ਦਾ ਨੁਕਸਾਨ ਕਰੇ।

ਪਰ 9 ਅਗਸਤ 1969 ਨੂੰ ਇੱਕ ਸਧਾਰਨ ਜਿਹੇ ਬੰਦੇ ਗੁਰਦਿੱਤ ਸਿੰਘ ਨੇ ਬਿਆਸ ਥਾਣੇ ਵਿੱਚ ਇੱਕ ਰਪਟ ਲਿਖਵਾਈ ਕਿ ਦਰਸ਼ਨ ਸਿੰਘ ਫੇਰੂਮਾਨ ਖੁੱਲ੍ਹਮ-ਖੁੱਲ੍ਹਾ ਸੰਤ ਫਤਹਿ ਸਿੰਘ ਨੂੰ ਪਖੰਡੀ ਅਤੇ ਧੋਖੇਬਾਜ਼ ਸਾਧ ਕਹਿ ਰਿਹਾ ਹੈ। ਇਸ ਤੋਂ ਇਲਾਵਾ ਫੇਰੂਮਾਨ ਪੰਜਾਬ ਦੀ ਵਰਤਮਾਨ ਸਰਕਾਰ ਨੂੰ, ਪੰਥ ਦਾ ਭਲਾ ਚਾਹੁਣ ਵਾਲੀ ਸਰਕਾਰ ਨਹੀਂ ਮੰਨਦਾ ਅਤੇ ਖੰਡਾ ਖੜਕਾਉਣ ਦੀਆਂ ਗੱਲਾਂ ਕਰਦਾ ਹੈ। ਪੁਲੀਸ ਨੇ ਆਪ ਵਿਰੁੱਧ ਦਫ਼ਾ 9 ਅਧੀਨ ਕੇਸ ਦਰਜ ਕਰ ਲਿਆ। 12 ਅਗਸਤ ਨੂੰ ਬਿਨਾਂ ਕੋਈ ਕਾਨੂੰਨੀ ਕਾਰਵਾਈ ਕੀਤੇ 12 ਅਤੇ 13 ਅਗਸਤ ਦੀ ਰਾਤ ਨੂੰ ਪੁਲੀਸ ਨੇ ਉਨ੍ਹਾਂ ਦੇ ਘਰ ਨੂੰ ਘੇਰਾ ਪਾ ਲਿਆ ਜੋ ਕਿ ਪਿੰਡ ਫੇਰੂਮਾਨ ਦੇ ਬਾਹਰਵਾਰ ਹੈ। ਓਥੋਂ ਆਪ ਨੂੰ ਪੰਜਾਬ ਸਿਕਿਓਰਿਟੀ ਐਕਟ ਦੀ ਦਫ਼ਾ 9 ਅਧੀਨ ਗ੍ਰਿਫ਼ਤਾਰ ਕਰਕੇ ਅੰਮ੍ਰਿਤਸਰ ਜੇਲ੍ਹ ਵਿੱਚ ਬੰਦ ਕਰ ਦਿੱਤਾ।

ਆਪ ਨੇ 15 ਅਗਸਤ ਨੂੰ ਜੇਲ੍ਹ ਵਿੱਚ ਹੀ ਅਰਦਾਸ ਕਰਕੇ ਮਰਨ ਵਰਤ ਸ਼ੁਰੂ ਕਰ ਦਿੱਤਾ। ਦਿਨੋ ਦਿਨ ਵਿਗੜ ਰਹੀ ਹਾਲਤ ਕਾਰਨ ਉਸ ਨੂੰ ਗੁਰੂ ਤੇਗ਼ ਬਹਾਦਰ ਹਸਪਤਾਲ ਦੇ ਫੈਮਿਲੀ ਵਾਰਡ ਦੇ ਕਮਰਾ 13 ਵਿੱਚ ਲਿਆਂਦਾ ਗਿਆ। ਭਾਵੇਂ ਸਰਕਾਰ ਨੇ ਸ. ਫੇਰੂਮਾਨ ਦੀ ਰਿਹਾਈ ਦਾ ਹੁਕਮ ਦੇ ਦਿੱਤਾ ਸੀ ਪਰ ਆਪ ਪੁਲੀਸ ਦੀ ਨਿਗਰਾਨੀ ਹੇਠ ਹੀ ਰਹਿ। ਕਿਸੇ ਵੀ ਆਮ ਆਦਮੀ ਨੂੰ ਆਪ ਨੂੰ ਮਿਲਣ ਦੀ ਆਗਿਆ ਨਹੀਂ ਸੀ ਦਿੱਤੀ ਜਾਂਦੀ। 27 ਅਕਤੂਬਰ 1969 ਦੀ ਸ਼ਾਮ ਦੇ ਸਾਢੇ ਤਿੰਨ ਵਜੇ 74 ਦਿਨਾਂ ਦੇ ਮਰਨ ਵਰਤ ਉਪਰੰਤ ਆਪ ਨੇ ਅੰਤਿਮ ਸਵਾਸ ਲਿਆ ਅਤੇ ਉਨ੍ਹਾਂ ਦੀ ਆਤਮਾ ਗੁਰੂ ਚਰਨਾਂ ਵਿੱਚ ਜਾ ਬਿਰਾਜੀ। ਇਸ ਤਰ੍ਹਾਂ ਉਨ੍ਹਾਂ ਨੇ ਸਿੱਖਾਂ ਵਾਲੀ ਮਹਾਨ ਸ਼ਹੀਦਾਂ ਦੀ ਪਦਵੀ ਪ੍ਰਾਪਤ ਕੀਤੀ।

ਬੜੇ ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਦੀਆਂ ਸਾਰੀਆਂ ਮੰਗਾਂ ਉੱਥੇ ਹੀ ਖੜ੍ਹੀਆਂ ਹਨ।ਉਹ ਭਾਵੇਂ ਅੱਜ ਸਾਡੇ ਵਿਚ ਨਹੀਂ ਪਰ ਆਪ ਦੀ ਕੁਰਬਾਨੀ ਸਿੱਖ ਇਤਿਹਾਸ ਵਿਚ ਆਪ ਦੇ ਨਾਂ ਨੂੰ ਹਮੇਸ਼ਾਂ ਕਾਇਮ ਰਖੇਗੀ। ਉਨ੍ਹਾਂ ਦੀ ਯਾਦ ਨੂੰ ਕਾਇਮ ਰਖਣ ਲਈ ਉਨ੍ਹਾਂ ਦੇ ਪ੍ਰਵਾਰ ਤੇ ਇਲਾਕਾ ਨਿਵਾਸੀਆਂ ਨੇ ਇਕ ਟਰੱਸਟ ਬਣਾਇਆ ਹੈ।ਉਨ੍ਹਾਂ ਦੇ ਨਾਂ ਤੇ ਰਈਆ ਵਿਚ ਲੜਕੀਆਂ ਦਾ ਕਾਲਜ, ਪਬਲਿਕ ਸਕੂਲ ਤੇ ਬੁਤਾਲਾ ਵਿਚ ਪਬਲਿਕ ਸਕੂਲ ਕਾਇਮ ਕੀਤੇ ਗਏ ਹਨ।

ਦੇਸ਼ ਅਜ਼ਾਦ-ਪੰਥ ਗ਼ੁਲਾਮ :- ਸ. ਦਰਸ਼ਨ ਸਿੰਘ ਫੇਰੂਮਾਨ ਨੇ ਪਹਿਲੀ ਅਗਸਤ 1969 ਨੂੰ ਇੱਕ ਵਸੀਹਤ ਕੀਤੀ ਸੀ ਜਿਸਦੀ ਲਿਖਤ ਅਜੇ ਮੌਜੂਦ ਹੈ ਅਤੇ ਉਹਨਾਂ ਦੀ ਆਵਾਜ਼ ਵਿੱਚ ਰੀਕਾਰਡ ਵੀ ਕੀਤੀ ਹੋਈ ਹੈ, ਜੋ ਇਸ ਪ੍ਰਕਾਰ ਹੈ :-

"ਮੈਂ ਪੰਥ ਦੀ ਚੜ੍ਹਦੀ ਕਲਾ ਅਤੇ ਦੇਸ਼ ਦੀ ਆਜ਼ਾਦੀ ਲਈ ਘੋਲ ਕਰਦਾ ਰਿਹਾ ਹਾਂ, ਮੇਰਾ ਇਹ ਜੀਵਨ ਲੋਕਾਂ ਦੇ ਸਾਹਮਣੇ ਹੈ। ਹੁਣ ਦੇਸ਼ ਆਜ਼ਾਦ ਹੋ ਗਿਆ ਹੈ, ਪਰ ਪੰਥ ਅਜੇ ਵੀ ਗ਼ੁਲਾਮ ਹੈ। ਪੰਥ ਦੀ ਰਾਜਨੀਤੀ ਅਤੇ ਗੁਰਧਾਮਾਂ ਉਤੇ ਦੰਭੀ ਸੰਤਾਂ ਤੇ ਪੰਥ ਦੋਖੀਆਂ ਦਾ ਕਬਜ਼ਾ ਹੈ। ਧਰਮ ਦੀ ਥਾਂ ਭ੍ਰਿਸ਼ਟਾਚਾਰ ਤੇ ਗਿਰਾਵਟ ਵੱਧ ਗਈ ਹੈ। ਸਿੱਖ ਧਰਮ ਦੇ ਸਿਧਾਂਤ, ਖ਼ਾਲਸੇ ਦੀਆਂ ਰਵਾਇਤਾਂ ਅਤੇ ਸਿੰਘਾਂ ਦਾ ਇਤਿਹਾਸਕ ਗੌਰਵ ਪੈਰਾਂ ਹੇਠ ਲਿਤਾੜ ਦਿੱਤਾ ਗਿਆ ਹੈ। ਸ੍ਰੀ ਅਕਾਲ ਤਖ਼ਤ ਦੇ ਸਨਮੁਖ ਮਰਨ ਵਰਤ ਰੱਖ ਕੇ ਅਤੇ ਜਿਊਂਦੇ ਸੜ ਮਰਨ ਦੇ ਅਰਦਾਸੇ ਕਰਨ ਵਾਲੇ ਕਾਇਰਤਾ ਦਾ ਰਾਹ ਫੜ ਕੇ ਪੰਥ ਤੇ ਸਿੱਖ ਧਰਮ ਅਤੇ ਪੰਜਾਬ ਸਰਕਾਰ ਉੱਤੇ ਪੱਕਾ ਜੱਫਾ ਪਾਈ ਰੱਖਣ ਦੀ ਸਾਜ਼ਿਸ਼ ਵਿੱਚ ਕਾਮਯਾਬ ਹੋ ਰਹੇ ਹਨ। ਇਸ ਦੰਭ ਅਤੇ ਅਧਰਮ ਨੂੰ ਹੀ ਸਿੱਖਾਂ ਦਾ ਧਰਮ ਦਰਸਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸ਼ਰੀਕ ਕੁੰਡ ਖੜ੍ਹੇ ਕਰ (ਪੰਨਾ 48) ਦਿੱਤੇ ਹਨ, ਜਿਨ੍ਹਾਂ ਨੂੰ ਧੱਕੇ ਤੇ ਸਰਕਾਰੀ ਸ਼ਹਿ ਨਾਲ ਕਾਇਮ ਰੱਖਿਆ ਜਾ ਰਿਹਾ ਹੈ। ਪੰਥ ਦੀ ਅਧੋਗਤੀ ਅਤੇ ਅਪਮਾਨ ਜੋ ਅੱਜ ਹੋ ਰਿਹਾ ਹੈ, ਅੱਗੇ ਕਦੇ ਨਹੀਂ ਹੋਇਆ, ਧਰਮ ਦੀ ਦੁਰਦਸ਼ਾ ਜੋ ਅੱਜ ਕੀਤੀ ਜਾ ਰਹੀ ਹੈ, ਪਹਿਲਾਂ ਕਦੇ ਨਹੀਂ ਹੋਈ। ਸਿੱਖ ਰਾਜਨੀਤੀ ਵਿੱਚੋਂ ਸਾਧਾਂ, ਮਹੰਤਾਂ ਅਤੇ ਕੌਮ ਦੇ ਗ਼ੱਦਾਰਾਂ ਨੇ ਸਿੱਖੀ ਨੂੰ ਖਾਰਿਜ ਕਰਨ ਅਤੇ ਸਿੱਖਾਂ ਨੂੰ ਗ਼ੈਰਾਂ ਦੇ ਗ਼ੁਲਾਮ ਬਣਾਉਣ ਦੀ ਸਾਜ਼ਿਸ਼ ਪੱਕੇ ਤੌਰ 'ਤੇ ਰਚ ਲਈ ਹੈ। ਇਹ ਕੂੜ ਦੀ ਮੱਸਿਆ, ਅਤੇ ਦੰਭ ਦਾ ਜਾਲ ਬਿਨਾਂ ਸਿਰ ਦਿੱਤਿਆਂ ਹੁਣ ਦੂਰ ਨਹੀਂ ਹੋਣਾ। ਇਹ ਅਰਦਾਸੇ ਭੰਗ ਕਰਨ ਦਾ ਪਾਪ, ਪੰਥ ਦੇ ਮੁੜ ਉੱਠ ਖੜ੍ਹੇ ਹੋਣ ਦੇ ਰਾਹ ਵਿੱਚ ਵੱਡੀ ਰੁਕਾਵਟ ਹੈ ਅਤੇ ਇਹ ਪਾਪ ਬਿਨਾਂ ਸੀਸ ਦਿੱਤਿਆਂ ਧੋਤਾ ਨਹੀਂ ਜਾਣਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੰਤ ਫਤਹਿ ਸਿੰਘ ਅਤੇ ਉਸ ਦੇ ਦੰਭੀ ਸਾਥੀਆਂ ਦੇ ਨਾਮ ਹੇਠਾਂ ਬਣਾਏ ਹੋਏ ਅਗਨੀ-ਕੁੰਡ ਪੁਕਾਰ ਪੁਕਾਰ ਕੇ ਸਿੰਘਾਂ ਕੋਲੋਂ ਆਹੂਤੀਆਂ ਮੰਗ ਰਹੇ ਹਨ। ਗੁਰੂ ਤੇ ਅਕਾਲ ਪੁਰਖ ਤੋਂ ਭਗੌੜਾ ਹੋ ਕੇ ਪੰਥ ਬਚ ਨਹੀਂ ਸਕਦਾ। ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਕੋਈ ਗੁਰੂ ਕਾ ਸਿੰਘ ਆਪਣਾ ਸੀਸ ਦੇ ਕੇ ਪੰਥ ਦੇ ਅਖ਼ੌਤੀ ਲੀਡਰਾਂ ਅਤੇ ਸਿੱਖੀ ਦੇ ਗ਼ੱਦਾਰਾਂ ਦੇ ਕੀਤੇ ਹੋਏ ਪਾਪਾਂ ਦਾ ਪ੍ਰਾਸ਼ਚਿਤ ਕਰੇ ਤਾਂ ਜੋ ਪੰਥ ਆਜ਼ਾਦ ਹਿੰਦੁਸਤਾਨ ਵਿੱਚ ਆਜ਼ਾਦ ਪੰਥ ਅਥਵਾ ਸਿੱਖ ਹੋਮਲੈਂਡ ਦੀ ਸਥਾਪਤੀ ਵੱਲ ਅਗਲਾ ਕਦਮ ਚੁੱਕ ਸਕੇ। ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਮੈਂ ਆਪਣਾ ਬਲੀਦਾਨ ਦੇਣ ਲੱਗਾ ਹਾਂ। ਸੰਗਤਾਂ ਨੂੰ ਮੇਰੀ ਬੇਨਤੀ ਹੈ ਕਿ ਮੇਰੇ ਪਿੱਛੋਂ ਉਹ ਆਪਣਾ ਫ਼ਰਜ਼ ਪਛਾਣਨ। ਮੇਰੇ ਮਰਨ ਤੋਂ ਪਿੱਛੋਂ ਮੇਰੇ ਸਰੀਰ ਨੂੰ ਸੰਤ ਫ਼ਤਹਿ ਸਿੰਘ ਦੇ ਨਾਮ ਹੇਠਾਂ ਬਣਾਏ ਹੋਏ ਅੱਗਨੀ ਕੁੰਡ ਵਿੱਚ ਰੱਖ ਕੇ ਫੂਕ ਦਿੱਤਾ ਜਾਵੇ ਅਤੇ ਮੇਰੀਆਂ ਅਸਥੀਆਂ ਕੀਰਤਪੁਰ ਸਾਹਿਬ ਪੁਚਾ ਦਿੱਤੀਆਂ ਜਾਣ। ਪੰਥ ਦੇ ਮਸੰਦਾਂ ਅਤੇ ਧਰਮ ਦੇ ਦੋਖੀਆਂ ਨਾਲ ਯਥਾਯੋਗ ਸਲੂਕ ਕੀਤਾ ਜਾਵੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਬਣੇ ਹੋਏ ਦੰਭ ਅਤੇ ਪਾਖੰਡ ਦੀਆਂ ਨਿਸ਼ਾਨੀਆਂ ਅਗਨੀਕੁੰਡ ਢਾਹ ਦਿੱਤੇ ਜਾਣ। ਸੰਗਤਾਂ ਅਰਦਾਸ ਕਰਨ ਕਿ ਸਾਹਿਬ ਦਸਮ ਪਾਤਸ਼ਾਹ ਮੇਰੀ ਤੁੱਛ ਕੁਰਬਾਨੀ ਕਬੂਲ ਕਰਨ ਅਤੇ ਆਪਣੇ ਪੰਥ ਦੀ ਬਾਹੁੜੀ ਕਰਨ, ਸੰਪੂਰਨ ਪੰਜਾਬ ਜ਼ਿੰਦਾਬਾਦ, ਸਿੱਖ ਹੋਮਲੈਂਡ ਅਮਰ ਰਹੇ।

ਵਾਹਿਗੁਰੂ ਜੀ ਦਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥
ਗੁਰੂ ਪੰਥ ਦਾ ਦਾਸ
ਦਰਸ਼ਨ ਸਿੰਘ ਫੇਰੂਮਾਨ

## ਸ. ਕਪੂਰ ਸਿੰਘ ਦਾ ਪ੍ਰਤੀਕਰਮ

ਸਿੱਖ ਪੰਥ ਦੇ ਸ਼੍ਰੋਮਣੀ ਵਿਦਵਾਨ ਸ. ਕਪੂਰ ਸਿੰਘ ਅਨੁਸਾਰ "ਸ. ਦਰਸ਼ਨ ਸਿੰਘ ਫੇਰੂਮਾਨ ਨੇ ਇਸ ਲਈ ਸ਼ਹਾਦਤ ਦਿੱਤੀ ਸੀ ਕਿ ਉਹ ਕਾਲਖ ਜਿਹੜੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਜਿਊਂਦੇ ਸੜ ਮਰਨ ਦੇ ਅਰਦਾਸੇ ਭੰਗ ਕਰਕੇ ਕਾਇਰ, ਦੰਭੀ, ਗੁਰੂ ਤੋਂ ਬੇਮੁੱਖ ਤੇ ਪੰਥ ਦੇ ਅਖੌਤੀ ਭਗੌੜੇ ਲੀਡਰਾਂ ਨੇ, ਪੰਥ ਦੇ ਉੱਜਲ ਮੁੱਖ ਉੱਤੇ ਮਲੀ ਹੈ, ਉਹ ਧੋਤੀ ਜਾਵੇ। ਉਹਨਾਂ ਨੇ ਆਪਣਾ ਬਲੀਦਾਨ ਕੀਤਾ ਤਾਂ ਜੋ ਜਿਹੜੇ ਝੂਠੇ ਦਾਅਵੇ, ਅਖੌਤੀ ਸਿੱਖ ਲੀਡਰਾਂ ਨੇ ਚੰਡੀਗੜ੍ਹ ਅਤੇ ਭਾਖੜਾ ਨੂੰ ਪੰਜਾਬ ਵਿੱਚ ਸ਼ਾਮਲ ਕਰਾਉਣ ਲਈ ਕੀਤੇ ਸਨ, ਉਹਨਾਂ ਬਚਨਾਂ ਉੱਤੇ ਮੁੜ ਪਹਿਰਾ ਦੇ ਕੇ, ਉਹ ਪੂਰੇ ਕੀਤੇ ਜਾਣ। ਸ. ਦਰਸ਼ਨ ਸਿੰਘ ਫੇਰੂਮਾਨ ਨੇ ਮਹਾਨ ਕੁਰਬਾਨੀ ਇਸ ਲਈ ਕੀਤੀ ਸੀ ਤਾਂ ਜੋ ਉਹਨਾਂ ਕਾਇਰ, ਦੰਭੀ ਅਤੇ ਪੰਥ ਦੇ ਗ਼ੱਦਾਰ, ਜਿਨ੍ਹਾਂ ਨੇ ਜਿਊਂਦੇ ਸੜ ਮਰਨ ਦਾ ਅਰਦਾਸਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛੱਤ ਉੱਤੇ ਅਗਨੀ ਕੁੰਡ ਬਣਾਏ ਹਨ ਅਤੇ ਮੌਤ ਤੋਂ ਡਰਦੇ ਗਿੱਦੜਾਂ ਵਾਂਗ ਭੱਜ ਗਏ ਹਨ ਅਤੇ ਇਉਂ ਪੰਥ ਦੇ ਅਦ੍ਰਿਸ਼ਟ, ਦਿੱਬ ਗੁਰੂ ਨਾਲ ਪੀਡੇ ਰਿਸ਼ਤੇ ਨੂੰ ਕਮਜ਼ੋਰ ਕੀਤਾ ਹੈ, ਉਹ ਰਿਸ਼ਤਾ ਮੁੜ ਸੁਰਜੀਤ ਕੀਤਾ ਜਾਵੇ। ਇਹ ਸ਼ਹਾਦਤ ਸਿੱਖ ਹੋਮਲੈਂਡ ਦੀ ਸਥਾਪਤੀ ਅਤੇ ਆਜ਼ਾਦ ਪੰਥ ਆਜ਼ਾਦ ਹਿੰਦੁਸਤਾਨ ਵਿੱਚ ਪ੍ਰਾਪਤ ਕਰਨ ਲਈ ਕੀਤੀ ਗਈ ਹੈ''।

ਸ. ਫੇਰੂਮਾਨ ਦੀ ਸ਼ਹਾਦਤ ਤੋਂ ਪਿੱਛੋਂ ਗੁਰੂ ਦੀ ਮਾਰ ਅਤੇ ਪਾਪਾਂ ਦਾ ਬੋਝ ਨਾ ਸਹਾਰਦੇ ਹੋਏ ਸੰਤ ਫਤਹਿ ਸਿੰਘ ਅਤੇ ਸੰਤ ਚੰਨਣ ਸਿੰਘ 1972 ਵਿੱਚ ਇਸ ਦੁਨੀਆਂ ਤੋਂ ਸਦਾ ਲਈ ਚਲੇ ਗਏ। ਉਹਨਾਂ ਦੇ ਪਿੱਛੋਂ ਜਥੇਦਾਰ ਮੋਹਨ ਸਿੰਘ ਤੁੜ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ। ਪਰ 1973 ਵਿੱਚ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਕਾਂਗਰਸ ਬਹੁਮਤ ਲੈ ਗਈ ਅਤੇ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਬਣ ਗਏ। ਪੰਜਾਬ ਦੀਆਂ ਮੰਗਾਂ ਜਿਉਂ ਦੀਆਂ ਤਿਉਂ ਵਿਚਾਲੇ ਹੀ ਲਟਕ ਰਹੀਆਂ ਸਨ ਕਿ ਜੱਥੇਦਾਰ ਤੁੜ ਨੇ ਅਕਾਲੀ ਦਲ ਦਾ ਨਵਾਂ ਪਾਲਸੀ ਪ੍ਰੋਗਰਾਮ ਤਿਆਰ ਕਰਨ ਲਈ ਸ. ਕਪੂਰ ਸਿੰਘ ਆਈ ਸੀ ਐਸ ਦੀ ਸਰਪ੍ਰਸਤੀ ਹੇਠ ਇੱਕ ਸੱਤ ਮੈਂਬਰੀ ਸਬ ਕਮੇਟੀ ਬਣਾ ਦਿੱਤੀ। ਇਸ ਦੀਆਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਲਗਾਤਾਰ ਮੀਟਿੰਗਾਂ ਚੱਲਦੀਆਂ ਰਹੀਆਂ ਅਤੇ ਪਾਲਸੀ ਪ੍ਰੋਗਰਾਮ ਦਾ ਖਰੜਾ ਤਿਆਰ ਕਰਕੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਸੌਂਪ ਦਿੱਤਾ ਗਿਆ, ਜਿਸ ਨੇ ਇਸ ਉੱਪਰ ਵਿਚਾਰ ਕਰਨ ਲਈ ਜਨਰਲ ਹਾਊਸ ਦੀ ਮੀਟਿੰਗ ਸੱਦ ਲਈ। ਇਸ ਮੀਟਿੰਗ ਵਿੱਚ ਇਹ ਖਰੜਾ ਪ੍ਰਵਾਨ ਕਰ ਲਿਆ ਗਿਆ। ਜੋ ਅਨੰਦਪੁਰ ਸਾਹਿਬ ਦੇ ਮਤੇ ਦੇ ਨਾਂ ਨਾਲ ਪ੍ਰਸਿੱਧ ਹੋਇਆ।

ਵਧੇਰੇ ਜਾਣਕਾਰੀ ਲਈ ਵੇਖੋ: ਮਹਿੰਦਰ ਸਿੰਘ ਪੱਤਰਕਾਰ, ਨੀਂਹ ਰੱਖੀ ਗਈ,ਪੰਥ ਖ਼ਾਲਸਾ ਪ੍ਰਕਾਸ਼ਨ, ਅੰਮ੍ਰਿਤਸਰ,2009, ਪੰਨਾ44-49.

# UNIQUE INTERNATIONAL HONOUR FOR A SIKH JUDGE



It is a matter for pride not only for the Sikhs but all Indians that Justice Pratibha M. Singh of Delhi High Court has been chosen as Chairperson of the World Intellectual Property Organization. There are 10 distinguished Judges across the World on the Board for a term of two years and she is the only Asian to get this prestigious honour. Justice Pratibha M. Singh became permanent Judge of the Delhi High Court in 2017. She is currently serving also as the co-chair person of the Working Group of Regulatory Consideration on AI in Health formed by the World Health Organization. She authored India's first comprehensive commentary on patent law titled "Pratibha M. Singh on Patent Law". Her husband is a leading Advocate and was additional Solicitor General of India.

Tarlochan Singh
Ex-M.P
Former Chairman
National Commission Minorities.

# • ਪੰਜਾਬੀ ਫ਼ਿਲਮ ਦਰਪਣ •

## ਸਿਮਰਨ ਢਿੱਲੋਂ ਨੇ ਸੁਮਨ ਭੱਟੀ ਨਾਲ ਮਿਲ ਕਿ ਪਾ ਦਿੱਤਾ ਸੁਰਾਂ ਦਾ ਖਿਲਾਰਾ




ਬਾਪ ਪੁਲਿਸ ਅਫ਼ਸ ਪਰ ਸ਼ੌਕ ਗਾਇਕੀ ਦਾ ਮੁੰਡੇ ਨੂੰ ਚੜ੍ਹਿਆ ਇਸ਼ਕ ਬਰਾਂਡੀ ਦੀ ਤਰਾਂ ਕੀਤੀ ਵੀ ਐਮ ਏ ਭੈਣਾਂ ਵਿਦੇਸ਼ ਸੈਟ ਪਰ ਸ਼ੌਂਕ ਗਾਇਕੀ ਦਾ, ਨਾਤੇ ਰਿਸ਼ਤੇ ਅਮਰੀਕਾ ਪਰ ਸ਼ੌਕ ਗਾਇਕੀ । ਗਾਇਕ ਸਿਮਰਨ ਢਿੱਲੋਂ ਹੁਣ ਦੋਗਾਣਾ ਐਲਬਮ "ਖਿਲਾਰਾ" ਦਾ ਖਿਲਾਰਾ ਪਾ ਰਿਹਾ ਹੈ। ਸਿਮਰਨ ਢਿੱਲੋਂ ਨਾਲ ਗੱਲਬਾਤ ਹੋਈ ਤਾਂ ਓਸ ਦੱਸਿਆ ਕਿ ਹੁਣ ਸੁਮਨ ਭੱਟੀ ਸੁਰ ਸ਼ਹਿਜ਼ਾਦੀ ਨਾਲ ਐਲਬਮ ਆ ਰਹੀ ਹੈ "ਖਿਲਾਰਾ" ਜਾਹਿਰ ਹੈ ਇਹ ਬੈਸਟ ਬੀਟ ਦੋਗਾਣਾ ਹੋਊ। ਆਪਣੇ ਉਸਤਾਦ ਤੇ ਉਸਦਾ ਲਿਖਿਆ "ਗੋਰੀ ਗੋਰੀ" ਗਾ ਕਿ ਨਾਮਵਰ ਹੋਣ ਵਾਲਾ ਸਿਮਰਨ ਪ੍ਰੀਤ ਪੰਜਾਬੀ ਦਾ ਲਿਖਤ ਗੀਤ ਗਾ ਕਿ ਖਿਲਾਰਾ ਪੈਣ ਲੱਗਾ ਹੈ ਦਰਸਾਏਗਾ। ਇਸ ਦਾ ਸੰਗੀਤ ਵੀ ਪ੍ਰੀਤ ਪੰਜਾਬੀ ਨੇ ਦਿੱਤਾ ਹੈ। ਪ੍ਰੀਤ ਪੰਜਾਬੀ ਨੇ ਹੀ ਸਿਮਰਨ ਨੂੰ ਲਾਂਚ ਕੀਤਾ ਸੂ ਤੇ ਓਹ ਹੀ ਓਸ ਦੇ ਨਾਮ ਦਾ "ਖਿਲਾਰਾ" ਵਰਲਡ ਵਾਈਡ ਪਾਉਣ ਜਾ ਰਹੇ ਹਨ। ਮੁੱਕਦੀ ਗੱਲ ਤੇ ਢੁੱਕਦੀ ਗੱਲ ਇਹ ਕਿ ਸਿਮਰਨ ਢਿੱਲੋਂ ਐਤਕੀ ਮੈਰਿਟ ਸੂਚੀ ਵਿੱਚ ਸ਼ਾਮਿਲ ਕਲਾਕਾਰ ਬਣ ਦੱਸ ਦੂ ਕਿ ਫ਼ਿਕਰ ਨਾ ਕਰੋ ਖਿਲਾਰਾ ਕਲਾਕਾਰੋ ਓਸ ਨੂੰ ਵੀ ਪਾਉਣਾ ਆਉਂਦਾ ਸੂ।

## ਲਲਿਤ ਮਹਿਤਾ ਅੰਬਰਸਰ ਤੋਂ ਮੁੰਬਈ ਤੇ ਮੁੰਬਈ ਤੋਂ ਆਸਟ੍ਰੇਲੀਆ ਕਰਵਾਏ ਸ਼ੋ



ਮਿਹਨਤ ਦਾ ਕਿੰਨਾ ਵੱਡਾ ਫਲ ਮਿਲਦਾ ਲਲਿਤ ਮਹਿਤਾ ਵੱਲ ਦੇਖ ਲਓ ਜਿਸ ਡਿਜ਼ਾਇਨ ਕਲਾਕਾਰੀ ਦੇ ਮਾਝੇ ਵਿੱਚ ਕਰਨ ਤੋਂ ਚਲ ਮਿਊਜ਼ਿਕ ਰਲੀਜ਼ ਤੇ ਫਿਰ ਪੰਜਾਬੀ ਓ ਟੀ ਪਲੇਟਫਾਰਮ ਲਈ ਫ਼ਿਲਮਜ਼ ਦਾ ਨਿਰਮਾਣ ਕਰ ਆਉਣ ਵਾਲੇ ਵਕਤ ਲਈ ਆਪਣਾ ਨਾਮ ਪਾਲੀਵੁੱਡ ਬਣਾ ਲਿਆ। ਲਲਿਤ ਮਹਿਤਾ ਦੇ ਇੰਡੀਆ ਵਿੱਚ ਫ਼ਿਲਮ ਸ਼ੋ ਅਤਿਅੰਤ ਖੂਬਸੂਰਤ ਅੰਦਾਜ਼ ਨਾਲ ਹੁੰਦੇ ਨੇ ਤੇ ਹੁਣ ਵਿਦੇਸ਼ ਵਿੱਚ ਵੀ ਆਰਵ ਪ੍ਰੋਡਕਸ਼ਨ ਵਾਲਾ ਲਲਿਤ ਮਹਿਤਾ ਹਾਈ ਪਿੱਚ ਸਟੂਡੀਓ ਵਾਲਾ ਲਲਿਤ ਮਹਿਤਾ ਈਵੈਂਟ ਨਿਰਮਾਤਾ ਬਣ ਆਸਟ੍ਰੇਲੀਆ ਸ਼ੋ ਕਰਵਾ ਰਿਹਾ ਹੈ। ਮਨਪ੍ਰੀਤ ਸਿੰਘ ਨਾਲ ਓਸ ਦੇ ਕਮੇਡੀ ਸ਼ੋ ਸ਼ਾਵਾ ਸ਼ਾਵਾ ਬੱਲੇ ਬੱਲੇ ਕਰਵਾ ਰਹੇ ਨੇ ਤੇ ਮੈਲਬੌਰਨ ਦੇ ਇਲਾਵਾ ਹੋਰ ਸਥਾਨਕ ਸ਼ਹਿਰਾਂ ਵਿੱਚ ਵੀ ਓਹ ਸ਼ੋ ਪ੍ਰਬੰਧਕ ਹੈ।ਲਲਿਤ ਮਹਿਤਾ ਦਿੱਖ ਐਕਟਰ ਦੀ ਪਰ ਓਹ ਬਣਾ ਦੂਜਿਆਂ ਨੂੰ ਰਹੇ ਹਨ।ਲਲਿਤ ਮਹਿਤਾ ਨਵੇਂ ਸਾਲ ਸ਼ੋਰਟ ਦੇ ਨਾਲ ਬਾਲੀਵੁੱਡ ਲਈ ਵੈੱਬ ਸੀਰੀਜ਼ ਤੇ ਪੰਜਾਬੀ ਦੀ ਵੱਡੀ ਫ਼ਿਲਮ ਪਲਾਨ ਕਰ ਰਹੇ ਹਨ।ਨਾਲ ਹੀ ਲਲਿਤ ਮਹਿਤਾ ਸ਼ੋ ਜ਼ਾਰੀ ਰੱਖਣਗੇ ਤੇ ਮੁੰਬਈ ਇਸ਼ਿਤਾ ਤੇ ਸੁਦੇਸ਼ ਭੋਸਲੇ ਦੇ ਕਰਵਾਏ ਸ਼ੋ ਦੀ ਅੱਜ ਵੀ ਚਰਚਾ ਮੁੰਬਈ ਬਾਲੀਵੁੱਡ ਦੀ ਗਲੀ ਗਲੀ ਹੈ।

## ਰੇਸ਼ਮ ਛੀਨਾ ਨੇ ਬਣਾਇਆ ਸੁਰਜੀਤ ਸਿੰਘ ਦੀ ਕਮਾਂਡ ਵਿੱਚ ਬੂਟਾ ਚੋਰ




ਨਿਰਾ ਸ਼ਾਹਿਦ ਕਪੂਰ ਲੱਗਦਾ ਤੇ ਸਦਾਬਹਾਰ ਹੀਰੋ ਰਿਸ਼ੀ ਕਪੂਰ ਜਿਹਾ ਰੇਸ਼ਮ ਛੀਨਾ ਗਾਇਕੀ ਵਿੱਚ ਤੇ ਰਹੇਗਾ ਹੀ ਨਾਲ ਹੀ ਓਹ ਫ਼ੇਮਸ ਫ਼ਿਲਮ ਮੇਕਰ ਤੇ ਅੱਗੇ ਜਾ ਡਾਇਰੈਕਟਰ ਬਣਨ ਲਈ ਚਲ ਰਹੇ ਨੇ ਫ਼ਿਲਮ ਲੋਕ ਵਿੱਚ ਤੇ ਕਾਮਯਾਬੀ ਦੇ ਫੁੱਲ ਵੀ ਓਹਨਾਂ ਦੀ ਸ਼ਾਈਨ ਮੋਸ਼ਨ ਪਿਕਚਰਜ਼ ਦੇ ਪਰਚਮ ਨੂੰ ਮਿਲ ਰਹੇ ਹਨ।ਰੇਸ਼ਮ ਛੀਨਾ ਦੀ ਸੁਰਜੀਤ ਸਿੰਘ ਨਾਲ ਚੰਗੀ ਫਿਲਮੀਂ ਸਾਂਝ ਹੈ ਤੇ ਸੁਰਜੀਤ ਸਿੰਘ ਨੇ ਰੇਸ਼ਮ ਸਿੰਘ ਲਈ ਸ਼ੋਰਟ ਫ਼ਿਲਮ, "ਬੂਟਾ ਚੋਰ" ਨਿਰਦੇਸ਼ਤ ਕੀਤੀ ਹੈ।ਰੇਸ਼ਮ ਵਰਗਾ ਇਹ ਮੁੰਡਾ ਰੇਸ਼ਮ ਛੀਨਾ ਦੱਸਦਾ ਸੂ ਕੇ ਗੈਰੀ ਲੋਹਾਰਕਾ ਤੇ ਕ੍ਰਾਂਤੀ ਜੀ ਨੇ ਐਕਟਿੰਗ ਵਾਲੀ ਕ੍ਰਾਂਤੀ ਲਿਆ ਕਿ "ਬੂਟਾ ਚੋਰ" ਹਿੱਟ ਕਰ ਦਿੱਤਾ ਹੈ ਤੇ ਓਹਨਾਂ ਨੇ ਸ਼ਰਨਜੀਤ ਸਿੰਘ ਰਟੌਲ ਦੀ ਵੀ ਤਰੀਫ ਕੀਤੀ ਜਿਹੜੇ ਐਕਟਿੰਗ ਦੇ ਮਸੀਹੇ ਬਣ ਇਸ ਫ਼ਿਲਮ ਵਿੱਚ ਵੀ ਛਾ ਗਏ ਹਨ।ਰੇਸ਼ਮ ਛੀਨਾ ਨੇ ਇਹ ਵੀ ਗੱਲ "ਬੂਟਾ ਚੋਰ" ਬਾਬਤ ਸਾਂਝੀ ਕੀਤੀ ਕਿ ਮਣੀ ਬਚਨ ਬੈਕ ਗਰਾਊਂਡ ਮਿਊਜ਼ਿਕ ਸਕੋਰ ਕਰ ਕਿ ਪਾਲੀਵੁੱਡ ਨੂੰ ਪ੍ਰਭਾਵਿਤ ਕਰਦੇ ਨੇ ਤੇ ਓਹ ਸਾਡੀ ਫ਼ਿਲਮ, "ਬੂਟਾ ਚੋਰ" ਨੂੰ ਫਾਸਟ ਬਣਾਉਂਦੇ ਨਜ਼ਰ ਆਏ ਹਨ। ਰੇਸ਼ਮ ਛੀਨਾ ਦਾ "ਬੂਟਾ ਚੋਰ" ਦਰਸ਼ਕਾਂ ਦੇ ਦਿਲ ਚੋਰ ਕਰਨ ਵਿੱਚ ਕਾਮਯਾਬ ਹੈ ਦਿਲ ਚੋਰ ਬਣ ਛੀਨਾ ਦਾ, "ਬੂਟਾ ਚੋਰ" : ਆਖਦਾ ਹੈ ਕਿ ਯੋਜਨਾ ਅੱਛੀ ਤਰਾਂ ਸਿਰੇ ਚਾੜਨ ਵਾਲੇ ਹੋਣ ਤਾਂ ਸ਼ੋਰਟ ਫ਼ਿਲਮ ਦੀ ਕਮਾਈ ਤੇ ਚੜਾਈ ਦਿਲ ਖੁਸ਼ ਕਰ ਦਿੰਦੀ ਹੈ ਸਾਈਂ।

## ਪ੍ਰੀਤ ਕੌਰ ਆਖੇ ਸਤਨਾਮ ਸਿੰਘ ਉਮਰਪੁਰਾ ਕਹਿੰਦੇ ਹਿੱਟ ਹੈ ਫਿੱਟ ਹੈ ਪ੍ਰੀਤ



ਸਤਨਾਮ ਸਿੰਘ ਉਮਰਪੁਰਾ ਨੇਤਾ ਤੇ ਅਭਿਨੇਤਾ ਦੇ ਨਾਲ ਫ਼ਿਲਮ ਮੇਕਰ ਤੇ ਫ਼ਿਲਮ ਸ਼ੋ ਈਵੈਂਟ ਦੇ ਡਾਇਰੈਕਟਰ ਵੀ ਹਨ ਤੇ ਪ੍ਰੀਤ ਕੌਰ ਹਮੇਸ਼ਾ ਓਹਨਾਂ ਦੇ ਵੀਡੀਓ ਗੀਤਾਂ ਦੀ ਰਾਣੀ ਹੁੰਦੀਂ ਏ ਅਰਥਾਤ ਹੀਰੋਇਨ ਹੁੰਦੀ ਹੈ ਤੇ ਓਹਨਾਂ ਦੀਆਂ ਫ਼ਿਲਮਜ਼ ਦੀ ਵੀ ਨਾਇਕਾ ਤੇ ਨਿਰਦੇਸ਼ਕ ਸਾਹਿਲ ਯਾਨੀ ਜਗਰੂਪ ਹਾਂਸ ਜਿਹੜੇ ਸਤਨਾਮ ਸਿੰਘ ਦੇ ਪੱਕੇ ਡਾਇਰੈਕਟਰ ਨੇ ਦੇ ਹਰ ਪ੍ਰੋਜੈਕਟ ਦੀ ਨਾਇਕਾ ਬਣ ਆਉਂਦੀ ਹੈ ਪ੍ਰੀਤ ਕੌਰ। ਅਗਲੀ ਮਿਸ ਕਰਤਾਰਪੁਰ ਅਖਵਾਉਂਦੀ ਹੈ ਤੇ ਗਾਇਕਾਂ ਦੇ ਵੀਡੀਓ ਕਰਦੀ ਕਰਦੀ ਕੁਲਵਿੰਦਰ ਬਿੱਲਾ ਵਾਲੀ ਫ਼ਿਲਮ "ਨਿਸ਼ਾਨਾ" ਵੀ ਕਰ ਗਈ।ਪ੍ਰੀਤ ਕੌਰ ਦੀਆਂ ਅੱਖਾਂ ਸ਼੍ਰੀਨਗਰ ਦੀ ਡਲ ਝੀਲ ਦੀ ਗਹਿਰਾਈ ਜਿਹੀਆਂ ਨੇ ਤੇ ਚਿਹਰਾ ਜਿਵੇਂ ਦੁੱਧ ਨੂੰ ਨਹਾਇਆ ਜਾਏ ਤਾਂ ਹੋਰ ਚਿੱਟਾ। ਗੱਲ ਕੀ ਸਤਨਾਮ ਸਿੰਘ ਉਮਰਪੁਰਾ ਨੇ ਇਥੋਂ ਤੱਕ ਆਖਿਆ ਹੈ ਕਿ ਹੀਰੋ ਓਹਨਾਂ ਦੀ ਫ਼ਿਲਮ ਦਾ ਗਿੱਪੀ ਹੋਏ ਜਾਂ ਜਿੰਮੀ ਹੀਰੋਇਨ ਪ੍ਰੀਤ ਕੌਰ ਹੀ ਹੋਏਗੀ ਤੇ ਪ੍ਰੀਤ ਜਿਸ ਨੇ "ਰੰਗਲਾ ਪੰਜਾਬ" "ਪ੍ਰਾਓਡ ਆਫ ਪੰਜਾਬ ਪੁਲਿਸ" ਤੇ "ਮਾਂ" ਫ਼ਿਲਮਜ਼ ਵਿੱਚ ਸ਼ਾਨਦਾਰ ਸੇਵਾਵਾਂ ਅਭਿਨੇਤਰੀ ਬਣ ਦਿੱਤੀਆਂ ਹਨ।ਗੱਲ ਮੁੱਕਦੀ ਇਹ ਤੇ ਢੁੱਕਦੀ ਇਹ ਕਿ ਸਤਨਾਮ ਸਿੰਘ ਉਮਰਪੁਰਾ ਦਾ ਦ੍ਰਿੜ੍ਹ ਸੰਕਲਪ ਕਿ ਓਹ ਟੈਲੇਂਟ ਵਾਲੀ ਹੀਰ ਦੀ ਸਹੇਲੀ ਜਿਹੀ ਪ੍ਰੀਤ ਕੌਰ ਨੂੰ ਸਟਾਰ ਬਣਾ ਦਮ ਲੈਣਗੇ।

## ਬੰਨੀ ਸ਼ਰਮਾ ਲੱਗਦੇ ਹੀ ਹੀਰੋ ਕਹਿ ਗਈ ਅਕਸਾ ਮੁੰਬਈ ਵਾਲੀ



ਜਵਾਨੀ ਦੀਵਾਨੀ ਜਾਨੇ ਮਨ ਤੇ ਪਰਸਨੈਲਿਟੀ ਦੇਖ ਲਓ ਬੰਨੀ ਸ਼ਰਮਾ ਪੂਰੇ ਵਿਨੋਦ ਖੰਨਾ ਨਜ਼ਰ ਆ ਰਹੇ ਹਨ। ਪੰਜਾਬੀ ਮਿਊਜ਼ਿਕ ਪ੍ਰਮੋਟਰ ਤੇ ਦੂਰਦਰਸ਼ਨ ਦੇ ਸਟਾਰ ਨਿੱਜੀ ਨਿਰਮਾਤਾ ਬੰਨੀ ਸ਼ਰਮਾ ਅੱਜ ਕਲ ਕਨੇਡਾ ਵਿੱਚ ਗਾਇਕੀ ਸਰਗਰਮੀਆਂ ਦੇ ਨਾਲ ਸ਼ੋ "ਪੰਜਾਬੀ ਜ਼ਿੰਦਾਬਾਦ" ਦੀਆਂ ਤਿਆਰੀਆਂ ਵਿੱਚ ਹਨ। ਸਵਰਗੀ ਗੁਲਸ਼ਨ ਕੁਮਾਰ ਦੀ ਬਣਾਈ ਕੰਪਨੀ ਟੀ ਸੀਰੀਜ਼ ਤੇ ਗੁਲਸ਼ਨ ਕੁਮਾਰ ਜੀ ਦੀ ਸ਼ਾਬਾਸ਼ ਅਸ਼ੀਰਵਾਦ ਕਿ ਬੰਨੀ ਸ਼ਰਮਾ ਅੱਜ ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਧਰੂ ਤਾਰੇ ਹਨ। ਅੱਜ ਕਲ ਕਨੇਡਾ ਬੰਨੀ ਸ਼ਰਮਾ ਟੀ ਸੀਰੀਜ਼ ਦੇ ਸਵਰਗੀ ਗੁਲਸ਼ਨ ਕੁਮਾਰ ਦੀਆਂ ਨਜ਼ਰਾਂ ਵਿੱਚ ਪਿਆਰੇ ਇਨਸਾਨ ਅਖਵਾਂਉਦੇ ਸਨ। ਕਨੇਡਾ ਰਹਿ ਕਿ ਪੰਜਾਬੀ ਮਿਊਜ਼ਿਕ ਇੰਡਸਟਰੀ ਨਾਲ ਜੁੜੇ ਹੋਏ ਰਹਿਣਾ, ਰਣਜੀਤ ਬਾਵਾ ਦੇ ਸ਼ੋ, ਨੁਸਰਤ ਫ਼ਤਹਿ ਅਲੀ ਖ਼ਾਨ ਯਾਦਗਾਰੀ ਸ਼ੋ ਵਿੱਚ ਬੰਨੀ ਸ਼ਰਮਾ ਖਾਸ ਮਹਿਮਾਨ ਬਣਦੇ ਹਨ। ਬੰਨੀ ਸ਼ਰਮਾ ਨੇ ਕਿਹਾ ਕਿ ਜਰਨੈਲ ਘੁਮਾਣ ਸਾਬ ਨਾਲ ਓਹਨਾਂ ਦਾ ਰਿਆਲਿਟੀ ਸ਼ੋ "ਪੰਜਾਬੀ ਜ਼ਿੰਦਾਬਾਦ" ਕੁੱਝ ਹਿੱਸੇ ਓਹ ਕਨੇਡਾ ਤਿਆਰ ਕਰਨ ਦੀ ਪਲਾਨ ਵਿੱਚ ਹਨ। ਖੁਦ ਹੀਰੋ ਲੱਗਦੇ ਬੰਨੀ ਸ਼ਰਮਾ ਪਰਦੇ ਪਿੱਛੇ ਹੀਰੋ ਹੀ ਹਨ ਕਿ ਰਾਮ ਭੋਗ ਪੁਰੀਆ ਦੀ ਆਡੀਓ ਵੀਡੀਓ ਕੰਪਨੀ ਦੇ ਪ੍ਰੋਜੈਕਟ ਡਾਇਰੈਕਟਰ ਤੇ ਦਿਲਿਸ਼ਾ ਤੋਂ ਜਯੋਤੀ ਸ਼ਰਮਾ, ਨਿੱਕੂ ਤੋਂ ਗੁਰਦਾਸ ਮਾਨ ਸਾਬ ਤੱਕ, ਸੁੱਖੀ ਨਿੱਜਰ ਤੋਂ ਮਲਕੀਤ ਸਿੰਘ ਤੇ ਜਰਨੈਲ ਘੁਮਾਣ ਤੋਂ ਦੀਪਕ ਬਾਲੀ ਤੱਕ ਸਾਰੇ ਆਖਦੇ ਨੇ ਸਹੀ ਕਿਹਾ ਅੰਮ੍ਰਿਤ ਵੀਰੇ ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਹੀਰੋ ਹੀ ਨੇ ਬੰਨੀ ਸ਼ਰਮਾ ਤੇ ਯੁੱਗ ਯੁੱਗ ਜੀ ਸੋਹਣਿਆ ਤਾਂ ਕਹਿਣਾ ਬਣਦਾ ਹੀ ਹੈ।

## ਭੱਟੀ ਭੜੀਵਾਲਾ ਕਹੇ ਰੇਖਾ ਨਹੀਂ ਤੁਮਸਾ ਕੋਈ ਦੇਖਾ ਸਰਦਾਰਨੀ ਭੱਟੀ ਕੁਮੈਂਟ



ਦੋ ਬ੍ਰਾਂਡ ਨੇ ਪੰਜਾਬੀ ਮਿਊਜ਼ਿਕ ਇੰਡਸਟਰੀ ਵਿੱਚ ਮਜੂਦਾ ਵੇਲੇ ਇੱਕ ਬੰਨੀ ਸ਼ਰਮਾ ਤੇ ਦੂਜੇ ਗੀਤਕਾਰ ਭੱਟੀ ਭੜੀਵਾਲਾ। ਬ੍ਰਾਂਡ ਇਸ ਲਈ ਕਿ ਬੰਨੀ ਸ਼ਰਮਾ ਗੁਲਸ਼ਨ ਕੁਮਾਰ ਜੀ ਸਵਰਗੀ ਦੇ ਅਸ਼ੀਰਵਾਦ ਨਾਲ ਅੱਜ ਕਦੇ ਕਨੇਡਾ ਕਦੇ ਪੰਜਾਬ ਕਦੇ ਦੁਬਈ ਤੇ ਕੰਮ ਪੰਜਾਬੀ ਮਿਊਜਕ ਇੰਡਸਟਰੀ ਦੇ ਤੇ ਭੱਟੀ ਭੜੀਵਾਲਾ ਬ੍ਰਾਂਡ ਇਸ ਲਈ ਕਿ ਤਿੰਨ ਕੰਪਨੀਆਂ ਦੇ ਸੀਈਓ ਮਿਊਜ਼ਿਕ, ਫ਼ਿਲਮਜ਼ ਦੇ ਗੀਤ ਲਿਖਣ ਚ ਮੁਹਾਰਿਤ ਤੇ ਜਾਵੇਦ ਅਖ਼ਤਰ ਜਿਹੇ ਸ਼ਾਇਰ ਕਰਨ ਭੱਟੀ ਸਾਬ ਦੀ ਲੇਖਣੀ ਦੀ ਸਿਫਤ। ਗੱਲ ਮੁੱਦੇ ਤੇ ਕਿ ਭੱਟੀ ਭੜੀਵਾਲਾ ਸਦਾਬਹਾਰ ਐਕਟ੍ਰੈਸ ਰੇਖਾ ਦੇ ਵੱਡੇ ਦੀਵਾਨੇ ਅਰਥਾਤ ਰੇਖਾ ਲਈ ਅਪਾਰ ਸ਼ਰਧਾ ਓਹਨਾਂ ਦੇ ਮਨ ਵਿੱਚ। ਰੇਖਾ ਤੁਮ ਸਾ ਨਹੀਂ ਦੇਖਿਆ ਓਹਨਾਂ ਦੀ ਦਿਲੀ ਸੋਚ ਹੈ। ਰੇਖਾ ਨੂੰ ਜਨਮ ਦਿਨ ਤੇ ਵਧਾਈ ਪੰਜਾਬ ਦੇ ਇੱਕ ਮਨੋਰੰਜਨ ਸੰਸਾਰ ਦੇ ਸ਼ੇਰ ਨੇ ਦਿੱਤੀ ਤੇ ਓਹ ਨੇ ਭੱਟੀ ਭੜੀਵਾਲਾ। ਰੇਖਾ ਅੱਜ ਵੀ ਸੋਲਵੇ ਸਾਲ ਵਾਲੀਆਂ ਨੂੰ ਮਾਤ ਪਾਏ, ਅੱਖਾਂ ਰੇਖਾ ਦੀਆਂ ਭੱਟੀ ਦੇ ਗੀਤਾਂ ਦੇ ਮੁਖੜੇ ਜਿਹੀਆਂ ਤੇ ਜਿਸਮ ਰੇਖਾ ਦਾ ਜਿਵੇਂ ਅੱਲੜ੍ਹ ਪਵਿੱਤਰ ਕੁਆਰੀ ਕਿਸੇ ਗੋਲ ਮਟੋਲ ਜਿਹੀ ਨਾਰ ਦਾ ਹੋਏ ਭੱਟੀ ਸਾਬ ਸਾਨੂੰ ਪਤਾ ਇਹ ਖ਼ਬਰ ਸਰਦਾਰਨੀ ਭੱਟੀ ਤੋਂ ਡਰਦਿਆਂ ਅਣਗੌਲੀ ਕਰਨਗੇ ਵਰਨਾ ਓਹ ਟੌਹਰ ਨਾਲ ਸਾਂਝੀ ਕਰਨ। ਗੀਤਕਾਰਾਂ ਦਾ ਮਸੀਹਾ ਬਣ ਚਲ ਰਹੇ ਭੱਟੀ ਭੜੀਵਾਲਾ ਦੇ ਜਜ਼ਬਾਤ ਆਪਾਂ ਰੇਖਾ ਤੱਕ ਪਹੁੰਚਦੇ ਕਰ ਦੇਣੇ ਹਨ ਇਹ ਹੋਈ ਨਾ ਲੱਖ ਦੀ ਗੱਲ ਕਰੋੜ ਦੀ ਗੱਲ।

-ਅੰਮ੍ਰਿਤ ਪਵਾਰ